੧ੴ ਵਾਹਿਗੁਰੂ ਜੀ ਕੀ ਫ਼ਤਹ॥

੧ੴ ੧ੴ

# ਗੁਰਮਤਿ ਸੰਗੀਤ ਦਰਪਣ

ਭਾਗ ਤੀਜਾ

# GURMAT SANGEET DARPAN

Part-III




ਪ੍ਰੋ. ਕਰਤਾਰ ਸਿੰਘ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ੴ ਵਾਹਿਗੁਰੂ ਜੀ ਕੀ ਫਤਹਿ॥

# ਗੁਰਮਤਿ ਸੰਗੀਤ ਦਰਪਣ

## ਭਾਗ-ਤੀਜਾ

# Gurmat Sangeet Darpan

## Part-III

ਪ੍ਰੋ. ਕਰਤਾਰ ਸਿੰਘ

ਧਰਮ ਪ੍ਰਚਾਰ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਅੰਮ੍ਰਿਤਸਰ।

*ਪ੍ਰਕਾਸ਼ਕ :*
ਸਕੱਤਰ,
ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ।

*ਜੂਨ ੨੦੧੦*    ੩੦੦੦

*ਛਾਪਣ ਵਾਲੇ :*
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਗੁਰਦੁਆਰਾ ਰਾਮਸਰ ਸਾਹਿਬ,
ਸ੍ਰੀ ਅੰਮ੍ਰਿਤਸਰ।

# ਸਭ ਸਿੱਖਨ ਕੋ ਹੁਕਮ ਹੈ
# ਗੁਰੂ ਮਾਨਿਓ ਗ੍ਰੰਥ

---

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ

ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਵਿਖੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ

ਗੁਰਤਾ ਗੱਦੀ ਸਥਾਪਨਾ ਦੇ

ਤਿੰਨ ਸੌ ਸਾਲਾ ਦਿਵਸ

(ਅਕਤੂਬਰ 2008)

ਨੂੰ

ਸਮਰਪਿਤ

# ਸੰਦੇਸ਼

ਗੁਰਮਤਿ ਸੰਗੀਤ ਦੇ ਅਚਾਰੀਆ ਅਤੇ ਇਸਦੀ ਪ੍ਰੰਪਰਾਗਤ ਸ਼ੈਲੀ ਨੂੰ ਸੁਰਜੀਤ ਕਰਨ ਵਾਲੇ ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਿਛਲੇ ਤਕਰੀਬਨ ੧੪ ਸਾਲਾਂ ਤੋਂ ਤੰਤੀ ਸਾਜ਼ਾਂ ਦੁਆਰਾ ਰਾਗ ਅਧਾਰਿਤ ਕੀਰਤਨ ਦੀਆਂ ਹਾਜ਼ਰੀਆਂ ਭਰਦੇ ਆ ਰਹੇ ਹਨ। ਉਹ ਅੱਜ ਵੀ ਕੀਰਤਨ ਦੀ ਪੁਰਾਤਨ ਸ਼ੈਲੀ ਨੂੰ ਜੀਵਤ ਰੱਖਣ ਲਈ ਪਹਿਰਾ ਦੇ ਰਹੇ ਹਨ ਅਤੇ ਉਹਨਾਂ ਨੇ ਕੀਰਤਨ ਨੂੰ ਫਿਲਮੀ ਤਰਜ਼ਾਂ, ਲੋਕ ਗੀਤਾਂ, ਲੋਕ ਗਾਇਕਾਂ ਦੀਆਂ ਨੀਵੇਂ ਸਤਰ ਦੀਆਂ ਧੁਨਾਂ ਅਤੇ ਬਾਜ਼ਾਰੀ ਕੈਸਟਾਂ ਤੋਂ ਕੀਰਤਨ ਦੇ ਅਸਲ ਰੂਪ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਇਆ ਹੋਇਆ ਹੈ।

ਪ੍ਰੋ. ਕਰਤਾਰ ਸਿੰਘ ਦੁਆਰਾ ਰਚਿਤ ਪੁਸਤਕਾਂ ਗੁਰਬਾਣੀ ਸੰਗੀਤ ਦਰਪਣ, ਸ੍ਰੀ ਗੁਰੂ ਅੰਗਦ ਦੇਵ ਸੰਗੀਤ ਦਰਪਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਮੁੱਖ ਰਾਗਾਂ ਦੀਆਂ ੭੯੨ ਬੰਦਸ਼ਾਂ ਦਾ ਸੰਗ੍ਰਹਿ ਗੁਰਮਤਿ ਸੰਗੀਤ ਦਰਪਣ ਭਾਗ-੧ ਅਤੇ ਭਾਗ-੨ ਦੇ ਰੂਪ ਵਿੱਚ ਬਹੁਤ ਹੀ ਮਹਾਨ ਅਤੇ ਨਿੱਗਰ ਸੇਵਾ ਗੁਰੂ ਨੇ ਇਨ੍ਹਾਂ ਪਾਸੋਂ ਲਈ ਹੈ। ਇਨ੍ਹਾਂ ਸਾਰੀਆਂ ਪੁਸਤਕਾਂ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕਰਵਾ ਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਬਹੁਤ ਭਾਰੀ ਯੋਗਦਾਨ ਪਾਇਆ ਹੈ।

ਗੁਰੂ ਦੀ ਮਿਹਰ ਅਤੇ ਦਇਆ ਦ੍ਰਿਸ਼ਟੀ ਸਦਕਾ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਿਤ ਮਿਸ਼ਰਤ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਸਰੂਪਾਂ ਦਾ ਵਿਸਥਾਰ ਸਹਿਤ ਪਰੀਚੇ ਅਤੇ ਤਾਨਾਂ ਤਿਹਾਈਆਂ ਸਹਿਤ ਸੁਖੈਨ ਅਤੇ ਕਠਿਨ ਤਾਲਾਂ ਵਿੱਚ ੧੯੩ ਸ਼ਬਦ ਬੰਦਸ਼ਾਂ ਦਾ ਸੰਗ੍ਰਹਿ ਗੁਰਮਤਿ ਸੰਗੀਤ ਦਰਪਣ ਭਾਗ-੩ ਦੇ ਰੂਪ ਵਿੱਚ ਤਿਆਰ ਕਰਨ ਦੀ ਗੁਰੂ ਨੇ ਇਨ੍ਹਾਂ ਪਾਸੋਂ ਸੇਵਾ ਲਈ ਹੈ।

ਅਕਾਲ ਪੁਰਖ ਕਿਰਪਾ ਕਰਨ ਇਹ ਇਸੇ ਤਰ੍ਹਾਂ ਤਨੋ ਮਨੋ ਪੰਥ ਦੀ ਸੇਵਾ ਕਰਦੇ ਰਹਿਣ। ਮੈਂ ਇਨ੍ਹਾਂ ਦੀ ਦੇਹ ਅਰੋਗਤਾ, ਲੰਬੀ ਆਯੂ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੋਇਆ ਇਸ ਮਹਾਨ ਕਾਰਜ ਲਈ ਵਧਾਈ ਦਿੰਦਾ ਹਾਂ।

ਗਿਆਨੀ ਗੁਰਬਚਨ ਸਿੰਘ
ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ

# ਵਿਰਸੇ ਦੀ ਸੰਭਾਲ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਬਾਣੀ ਸੰਗੀਤ ਦਾ ਜੋ ਨਾਦ ਭਾਈ ਮਰਦਾਨੇ ਦੇ ਰਬਾਬ ਦੀਆਂ ਤਾਰਾਂ ਛੇੜਨ ਨਾਲ ਆਰੰਭ ਹੋਇਆ ਉਹ ਰੱਬ ਤੋਂ ਟੁੱਟੀਆਂ ਰੂਹਾਂ ਨੂੰ ਜੋੜਨ ਵਾਲਾ ਸੀ। ਫਿਰ ਇਸ ਰੱਬੀ ਨਾਦ ਦੀ ਕੀਰਤਨ ਰੀਤ ਦੀ ਲੜੀ ਨੂੰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਸਮੇਂ-ਸਮੇਂ ਦੇ ਗੁਰੂ ਘਰ ਦੇ ਰਬਾਬੀਆਂ ਭਾਈ ਸ਼ਹਿਜ਼ਾਦਾ, ਭਾਈ ਰਜ਼ਾਦਾ, ਭਾਈ ਸਾਦੂ, ਭਾਈ ਮਾਦੂ, ਭਾਈ ਪਾਂਧਾ, ਭਾਈ ਬੂਲਾ ਤੇ ਭਾਈ ਬਲਵੰਡਿ ਤੇ ਭਾਈ ਸੱਤੇ ਦੁਆਰਾ ਅੱਗੇ ਤੋਰਿਆ। ਫਿਰ ਰਹਿਮਤ ਹੋਈ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਰੰਦੇ ਨਾਲ ਕੀਰਤਨ ਕਰਨ ਦੀ ਮਹਾਨ ਦਾਤ ਆਪਣੇ ਸਿੱਖਾਂ ਨੂੰ ਬਖਸ਼ਿਸ਼ ਕੀਤੀ।

ਪ੍ਰੋਫੈਸਰ ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਗੁਰੂਆਂ ਦੇ ਦੱਸੇ ਸਿਧਾਂਤ ਤੇ ਚਲਦਿਆਂ ਹੋਇਆਂ ਤੰਤੀ ਸਾਜਾਂ ਦੁਆਰਾ ਰਾਗ ਅਧਾਰਿਤ ਕੀਰਤਨ ਪ੍ਰਪੰਰਾ ਦੀ ਜੋ ਦਾਤ ਬਖਸ਼ਿਸ਼ ਹੋਈ ਉਸ ਨੂੰ ਪ੍ਰਚਾਰਨ ਵਿੱਚ ਸਦੈਵ ਯਤਨਸ਼ੀਲ ਹਨ। ਜਿਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਮੇਂ-ਸਮੇਂ ਕੀਰਤਨ ਹਾਜ਼ਰੀਆਂ ਭਰਦੇ ਰਹਿੰਦੇ ਹਨ ਉਥੇ ਨਾਲ-ਨਾਲ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਕੇ ਵਿਰਸੇ ਦੀ ਸੰਭਾਲ ਕਰ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਮੁੱਖ ਰਾਗਾਂ ਦੀਆਂ ਸ਼ਬਦ ਨੋਟੇਸ਼ਨਾਂ ਦਾ ਕਾਰਜ ਗੁਰਮਤਿ ਸੰਗੀਤ ਦਰਪਣ ਭਾਗ-ਪਹਿਲਾ ਤੇ ਭਾਗ-ਦੂਜਾ ਦੇ ਰੂਪ ਵਿੱਚ ਇਕ ਬਹੁਤ ਹੀ ਮਹਾਨ ਉਪਰਾਲਾ ਹੋਇਆ ਹੈ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਵਿੱਚ ਗੁਰਮਤਿ ਸੰਗੀਤ ਦਰਪਣ ਭਾਗ-ਤੀਜਾ ਦੇ ਰੂਪ ਵਿੱਚ ਜੋ ਪੁਸਤਕ ਇਹਨਾਂ ਤਿਆਰ ਕੀਤੀ ਹੈ, ਗੁਰੂ ਪਾਤਸ਼ਾਹ ਨੇ ਇਹਨਾਂ ਕੋਲੋਂ ਮਹਾਨ ਸੇਵਾ ਲਈ ਹੈ। ਇਹ ਬਹੁਤ ਹੀ ਸ਼ਲਾਘਾ ਯੋਗ ਕਾਰਜ ਹੋਇਆ ਹੈ।

ਸਤਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਇਹਨਾਂ ਨੂੰ ਸਿਹਤਯਾਬੀ ਬਖਸ਼ਣ ਅਤੇ ਇਹ ਇਸੇ ਤਰ੍ਹਾਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾ ਕੇ ਗੁਰੂ ਪੰਥ ਦੀ ਸੇਵਾ ਕਰਦੇ ਰਹਿਣ।

ਗਿਆਨੀ ਜਸਵਿੰਦਰ ਸਿੰਘ
ਹੈਡ ਗ੍ਰੰਥੀ
ਸਚਖੰਡ ਸ੍ਰੀ ਹਰਿਮੰਦਰ ਸਾਹਿਬ
ਸ੍ਰੀ ਅੰਮ੍ਰਿਤਸਰ

# ਮੈਨੋ ਜੋਗੁ ਕੀਤੋਈ

ਗੁਰੂ ਦੀ ਮਿਹਰਾਮਤਿ ਹੋਈ ਕਿ ੧੯੯੫ ਤੋਂ ਲੈ ਕੇ ਸਮੇਂ ਸਮੇਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗ ਅਧਾਰਿਤ ਤੰਤੀ ਸਾਜਾਂ ਨਾਲ 'ਕੀਰਤਨ ਨਿਰਮੋਲਕ ਹੀਰਾ' ਦੇ ਗਾਇਨ ਦੁਆਰਾ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਤੇ ਸੰਗਤਾਂ ਤੋਂ ਅਸੀਸਾਂ ਲੈਣ ਦਾ, ਸੰਗੀਤ ਤੇ ਗੁਰਮਤਿ ਸੰਗੀਤ ਦੀ ਈਸ਼ਵਰੀ ਦਾਤ ਦੀ ਵਿਲੱਖਣ ਵਸਤੂ ਦੇ ਭੰਡਾਰਿਆਂ ਵਿਚੋਂ ਜੋ ਕਿਣਕਾ ਮਾਤਰ ਮੈਨੂੰ ਨਦਰਿ ਕਰਮ ਹੋਇਆ, ਉਸ ਨੂੰ ਸੰਗੀਤ ਵਿਦਿਆਰਥੀਆਂ ਵਿੱਚ ਵੰਡਨ ਦੀ ਕਾਰ ਕਰਨ ਦਾ ਤੇ ਰਾਗ-ਬੱਧ ਸ਼ਬਦ ਰਚਨਾਵਾਂ ਨੂੰ ਲਿੱਪੀ-ਬੱਧ ਕਰਕੇ 'ਗੁਰਬਾਣੀ ਸੰਗੀਤ ਦਰਪਣ', 'ਗੁਰੂ ਅੰਗਦ ਦੇਵ ਸੰਗੀਤ ਦਰਪਣ', 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਤੇ ਭਾਗ-ਦੂਜਾ ਦੇ ਕਿਤਾਬੀ ਰੂਪ ਸੰਗੀਤ ਸਾਧਕਾਂ, ਕੀਰਤਨਕਾਰਾਂ ਤੇ ਸੰਗਤਾਂ ਨੂੰ ਭੇਂਟ ਕਰਨ ਦੇ ਮੈਨੂੰ ਯੋਗ ਕੀਤਾ।

'ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ'। ਹੁਣ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਵਿੱਚ ਰਚਿਤ ਬਾਣੀ ਦੇ ਨਿਰਧਾਰਿਤ ਸਰੂਪਾਂ ਵਿੱਚ ੧੯੩ ਸ਼ਬਦ ਬੰਦਸ਼ਾਂ ਦੀਆਂ ਨੋਟੇਸ਼ਨਾਂ ਦਾ ਕਾਰਜ 'ਗੁਰਮਤਿ ਸੰਗੀਤ ਦਰਪਣ' ਭਾਗ-ਤੀਜਾ ਦੇ ਰੂਪ ਵਿੱਚ ਸੰਪੂਰਨ ਹੋਇਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੦੦ ਸਾਲਾ ਗੁਰਤਾ ਗੱਦੀ ਸਥਾਪਨਾ (ਅਕਤੂਬਰ ੨੦੦੮) ਲਈ ਭੇਟ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਹੇ ਨਿਜਪਤਿ ਦਾਤੇ! ਹੇ ਮੇਰੇ ਜਜਮਾਨ! ਭੀਖਕ ਭਿਖਾਰੀ ਇਕ ਦਖਿਣਾ ਮੰਗਦਾ ਹਾਂ, ਕਿ ਇਹਨਾਂ ਸੇਵਾਵਾਂ ਲਈ ਸੇਵਕ ਦੀ ਪ੍ਰੀਤ ਨੂੰ ਓੜਕਿ ਤਕ ਨਿਬਾਹੁਣ ਦਾ ਦਾਨ ਬਖਸ਼ੋ, ਦਾਨ ਬਖਸ਼ੋ।

ਮੈਨੂੰ ਇਸ ਯੋਗ ਕੀਤਾ ਕਿ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀਸਿੰਘ ਪਾਟਿਲ ਦੁਆਰਾ ਸੰਗੀਤ ਨਾਟਕ ਅਕੈਡਮੀ ਅਵਾਰਡ (ਗੁਰਬਾਣੀ ਸੰਗੀਤ ੨੦੦੮) ਨਾਲ ਵਿਗਿਆਨ ਭਵਨ ਨਵੀਂ ਦਿੱਲੀ ਵਿਖੇ ੧੪ ਜੁਲਾਈ ੨੦੦੯ ਨੂੰ ਸਨਮਾਨਿਤ ਕੀਤਾ ਗਿਆ ਤੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੁਆਰਾ ਖ਼ਾਲਸਾ ਪੰਥ ਵਲੋਂ ਸ਼੍ਰੋਮਣੀ ਰਾਗੀ ਅਵਾਰਡ ਨਾਲ ੯ ਅਕਤੂਬਰ ੨੦੦੯, ਗੁ. ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਨਮਾਨਿਤ ਕੀਤਾ ਗਿਆ।

'ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ।।
ਤਉ ਜੇਵਡੁ ਦਾਤਾਰੁ ਨ ਕੋਈ ਜਾਚਕੁ ਸਦਾ ਜਾਚੋਵੈ।।੧।।' (ਮ.੫, ੯੬੪)

ਦਾਸਰਾ

ਕਰਤਾਰ ਸਿੰਘ

# ਪੁਸਤਕ ਬਾਰੇ

ਗੁਰੂ ਨੇ ਆਪਣੀ ਕਲਾ ਆਪ ਹੀ ਵਰਤਾਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ੧੫ ਮੁੱਖ ਰਾਗਾਂ ਦੇ ਨਿਰਧਾਰਿਤ ਸਰੂਪਾਂ ਵਿੱਚ ੩੭੨ ਸ਼ਬਦਾਂ ਦੀਆਂ ਨੋਟੇਸ਼ਨਾਂ ਦਾ ਕਾਰਜ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਦੇ ਰੂਪ ਵਿੱਚ ਸਿਰੇ ਚੜ੍ਹਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾ ਪਹਿਲਾ ਪ੍ਰਕਾਸ਼ ਦਿਵਸ ਸਮੇਂ ਸਤੰਬਰ ੨੦੦੪ ਨੂੰ ਮਾਨਯੋਗ ਸ. ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਮੌਜੂਦਾ ਮੁੱਖ ਮੰਤਰੀ ਪੰਜਾਬ) ਨੇ ਅੰਮ੍ਰਿਤਸਰ ਵਿਖੇ ਰੀਲੀਜ਼ ਕੀਤਾ। ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਚਾਰ ਸੌ ਸਾਲਾ ਸਥਾਪਨਾ ਸਮਾਗਮਾਂ ਸਮੇਂ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਪਿਛਲੇ ੧੬ ਮੁੱਖ ਰਾਗਾਂ ਦੇ ਸਰੂਪਾਂ ਦੀਆਂ ੪੨੦ ਸ਼ਬਦ ਨੋਟੇਸ਼ਨਾਂ ਦੇ ਕਿਤਾਬੀ ਰੂਪ ਗੁਰਮਤਿ ਸੰਗੀਤ ਦਰਪਣ ਭਾਗ-ਦੂਜਾ ਨੂੰ ੩੦-੬-੨੦੦੬ ਨੂੰ ਗੁਰਦੁਆਰਾ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਰੀਲੀਜ਼ ਕੀਤਾ। ਇਹਨਾਂ ੩੧ ਮੁੱਖ ਰਾਗਾਂ ਦੀਆਂ ਬੰਦਸ਼ਾਂ ਨੂੰ ਲਿੱਪੀ-ਬੱਧ ਕਰਨ ਦਾ ਕਠਿਨ ਕਾਰਜ ਗੁਰੂ ਨੇ ਆਪਣੀ ਕਿਰਪਾ ਦੁਆਰਾ ਸਿਰੇ ਚੜ੍ਹਾਇਆ।

ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਚਿਤ ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਦੀਆਂ ਨੋਟੇਸ਼ਨਾਂ ਦੇ ਕਾਰਜ ਨੂੰ ਮੁਕੰਮਲ ਕਰਨ ਦੀ ਭਾਵਨਾਂ ਤੀਬਰਤਾ ਦਾ ਰੂਪ ਧਾਰ ਲਿਆ। ਗੁਰੂ ਮਾਨਿਓ ਗ੍ਰੰਥ ਦੇ ਤਿੰਨ ਸੌ ਸਾਲਾ ਗੁਰਤਾ ਗੱਦੀ ਸਮਾਗਮਾਂ ਸਮੇਂ ਅਕਤੂਬਰ ੨੦੦੮ ਨੂੰ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਦੇ ਪਾਵਨ ਅਸਥਾਨਾਂ ਦੇ ਦਰਸ਼ਨ ਕਰਕੇ, ਕੀਰਤਨ ਹਾਜ਼ਰੀਆਂ ਭਰ ਕੇ ਤੇ ਗੁਰੂ ਪਿਆਰ ਵਿੱਚ ਭਿੱਜੀਆਂ ਤਨ ਮਨ ਧਨ ਦੁਆਰਾ ਸੇਵਾ ਵਿੱਚ ਜੁੜੀਆਂ ਲੱਖਾਂ ਹੀ ਸੰਗਤਾਂ ਦੀਆਂ ਭਾਵਨਾਵਾਂ ਤੋਂ ਭਾਰੀ ਹਲੂਣਾ ਮਿਲਿਆ ਤੇ ਐਡੀ ਵੱਡੀ ਬਖਸ਼ਿਸ਼ ਹੋਈ ਕਿ ਗੁਰਮਤਿ ਸੰਗੀਤ ਦਰਪਣ ਭਾਗ-ਤੀਜਾ ਦਾ ਇਹ ਕਿਤਾਬੀ ਰੂਪ ਬਣ ਜਾਣ ਨਾਲ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਸਾਰੇ ਹੀ ਰਾਗਾਂ ਵਿੱਚ ਸ਼ਬਦ ਬੰਦਸ਼ਾਂ ਦੀਆਂ ਨੋਟੇਸ਼ਨਾਂ ਦਾ ਕਾਰਜ ਮੁਕੰਮਲ ਹੋ ਗਿਆ ਹੈ।

**ਰਾਗ ਤਰਤੀਬ** - ਮਿਸ਼ਰਤ ਰਾਗ, ਰਾਗ ਪ੍ਰਕਾਰ, ਦਖਣੀ ਰਾਗ, ਸੁਤੰਤਰ ਰਾਗ।

| | ਮੁਖ ਰਾਗ | ਮਿਸ਼ਰਤ ਰਾਗ |
|---|---|---|
| 1. | ਰਾਗੁ ਗਉੜੀ - | ਰਾਗੁ ਗਉੜੀ ਦੀਪਕੀ, ਰਾਗੁ ਗਉੜੀ ਪੂਰਬੀ ਦੀਪਕੀ, ਰਾਗੁ ਗਉੜੀ ਪੂਰਬੀ, ਰਾਗੁ ਗਉੜੀ ਮਾਝ, ਰਾਗੁ ਗਉੜੀ ਸੋਰਠਿ |

| | | |
|---|---|---|
| 2. | ਰਾਗੁ ਆਸਾ | ਰਾਗੁ ਆਸਾ ਕਾਫੀ, ਰਾਗੁ ਆਸਾ ਆਸਾਵਰੀ |
| 3. | ਰਾਗੁ ਤਿਲੰਗ | ਰਾਗੁ ਤਿਲੰਗ ਕਾਫੀ |
| 4. | ਰਾਗੁ ਸੂਹੀ | ਰਾਗੁ ਸੂਹੀ ਕਾਫੀ, ਰਾਗੁ ਸੂਹੀ ਲਲਿਤ |
| 5. | ਰਾਗ ਗੋਂਡ | ਰਾਗੁ ਬਿਲਾਵਲੁ ਗੋਂਡ |
| 6. | ਰਾਗੁ ਮਾਰੂ | ਰਾਗੁ ਮਾਰੂ ਕਾਫੀ |
| 7. | ਰਾਗੁ ਬਸੰਤੁ | ਰਾਗੁ ਬਸੰਤੁ ਹਿੰਡੋਲ |
| 8. | ਰਾਗੁ ਕਲਿਆਨ | ਰਾਗੁ ਕਲਿਆਨ ਭੋਪਾਲੀ |
| 9. | ਰਾਗੁ ਪ੍ਰਭਾਤੀ | ਰਾਗੁ ਪ੍ਰਭਾਤੀ ਬਿਭਾਸ, ਰਾਗੁ ਬਿਭਾਸ ਪ੍ਰਭਾਤੀ |

## ਰਾਗ ਪ੍ਰਕਾਰ

| | ਮੁਖ ਰਾਗ | ਰਾਗ ਪ੍ਰਕਾਰ |
|---|---|---|
| 1. | ਰਾਗੁ ਗਉੜੀ | ਰਾਗੁ ਗਉੜੀ ਗੁਆਰੇਰੀ, ਰਾਗੁ ਗਉੜੀ ਚੇਤੀ, ਰਾਗੁ ਗਉੜੀ ਬੈਰਾਗਣਿ, ਰਾਗੁ ਗੌੜੀ ਮਾਲਵਾ, ਰਾਗੁ ਗਉੜੀ ਮਾਲਾ |
| 2. | ਰਾਗੁ ਬਿਲਾਵਲੁ | ਰਾਗੁ ਬਿਲਾਵਲੁ ਮੰਗਲ |

## ਦਖਣੀ ਰਾਗ

| | ਮੁਖ ਰਾਗ | ਦਖਣੀ ਰਾਗ |
|---|---|---|
| 1. | ਰਾਗੁ ਗਉੜੀ | ਰਾਗੁ ਗਉੜੀ ਦਖਣੀ |
| 2. | ਰਾਗੁ ਵਡਹੰਸੁ | ਰਾਗੁ ਵਡਹੰਸੁ ਦਖਣੀ |
| 3. | ਰਾਗੁ ਬਿਲਾਵਲੁ | ਰਾਗੁ ਬਿਲਾਵਲੁ ਦਖਣੀ |
| 4. | ਰਾਗੁ ਰਾਮਕਲੀ | ਰਾਗੁ ਰਾਮਕਲੀ ਦਖਣੀ |
| 5. | ਰਾਗੁ ਮਾਰੂ | ਰਾਗੁ ਮਾਰੂ ਦਖਣੀ |
| 6. | ਰਾਗੁ ਪ੍ਰਭਾਤੀ | ਰਾਗੁ ਪ੍ਰਭਾਤੀ ਦਖਣੀ |

## ਸੁਤੰਤਰ ਰਾਗ

| | ਮੁਖ ਰਾਗ | ਸੁਤੰਤਰ ਰਾਗ |
|---|---|---|
| 1. | ਰਾਗੁ ਆਸਾ | ਰਾਗ ਆਸਾਵਰੀ ਸੁਧੰਗ (ਕੋਮਲ ਰਿਸ਼ਭ ਆਸਾਵਰੀ), ਰਾਗੁ ਆਸਾਵਰੀ |
| 2. | ਰਾਗੁ ਦੇਵਗੰਧਾਰੀ | ਰਾਗੁ ਦੇਵ ਗੰਧਾਰ |
| 3. | ਰਾਗੁ ਨਟ ਨਾਰਾਇਨ | ਰਾਗੁ ਨਟ |

ਤਾਨਾਂ ਦਾ ਪ੍ਰਯੋਗ:-

ਗੁਰਮਤਿ ਸੰਗੀਤ ਦਰਪਣ ਭਾਗ ਪਹਿਲਾ ਤੇ ਭਾਗ ਦੂਜਾ ਵਾਂਗ ਹੀ ਇਥੇ ਭਾਗ ਤੀਜਾ ਵਿਚ ਮੱਧ ਲੈਅ ਦੀਆਂ ਬੰਦਸ਼ਾਂ ਵਿੱਚ ਦੁਗੁਨ ਦੀਆਂ ਤਾਨਾਂ ਤੇ ਵਿਲੰਭਿਤ ਲੈਅ ਦੀਆਂ ਬੰਦਸ਼ਾਂ ਵਿੱਚ ਚੌਗੁਨ ਜਾਂ ਅਠਗੁਨ ਦੀਆਂ ਤਾਨਾਂ ਹਨ।

ਤਾਨਾਂ ਦਾ ਰਿਆਜ਼ ਤਾਂ ਸਰਗਮਾਂ ਵਿੱਚ ਜਿਵੇਂ ਸਾਰੇਗਾਮਾ ਰੇਗਾਮਾਪਾ ਹੀ ਕਰਨਾ ਹੁੰਦਾ ਹੈ, ਪਰ ਕੀਰਤਨ ਸਮੇਂ ਇਨ੍ਹਾਂ ਸਰਗਮਾਂ ਨੂੰ ਅਕਾਰ ਰੂਪ ਵਿੱਚ ਜਿਵੇਂ ਮਪਧਪ ਤੇ ਮਪਧਪ ਬੋਲ ਤਾਨ ਦੇ ਰੂਪ ਵਿੱਚ ਗਾਇਨ ਕਰਨਾ ਹੈ।

ਆSSS ਸਾSਜਨ

ਤਾਲਾਂ:-

ਗੁਰਮਤਿ ਸੰਗੀਤ ਦਰਪਣ ਭਾਗ-ਪਹਿਲਾ ਵਿੱਚ ਵਰਨਣ ਤਾਲਾਂ ਦਾ ਹੀ ਇਸ ਭਾਗ ਵਿੱਚ ਪ੍ਰਯੋਗ ਹੈ। ਚਾਰ ਨਵੇਂ ਤਾਲਾਂ ਵਿੱਚ ਬੰਦਸ਼ਾਂ ਹਨ, ਉਨ੍ਹਾਂ ਦਾ ਪਰੀਚੇ ਇਥੇ ਦਿੱਤਾ ਜਾ ਰਿਹਾ ਹੈ।

ਮੰਗਲ ਤਾਲ- ਮਾਤਰਾਂ-6½, ਵਿਲੰਬਿਤ ਲੈਅ, ਤਾਲੀ-ਪਹਿਲੀ, ਤੀਜੀ, ਛੇਵੀਂ ਮਾਤਰ ਤੇ।

| ਮਾਤਰਾਂ | 1 | 2 | 3 | 4 | 5 | 6 | 6½ |
|---|---|---|---|---|---|---|---|
| ਬੋਲ | ਧਿੰ | ਤਿਟਕਟ | ਧਿੰ | ਧਿੰ | ਨਾ | ਧਾਤਿ | ਟ |
| ਤਾਲਚਿੰਨ | x | | 2 | | | 3 | |

ਵਿਸ਼ਵਾ ਤਾਲ - ਮਾਤਰਾਂ-7¼, ਵਿਲੰਬਿਤ ਲੈਅ, ਤਾਲੀ-ਪਹਿਲੀ, ਤੀਜੀ ਤੇ ਛੇਵੀਂ ਮਾਤਰ ਤੇ

| ਮਾਤਰਾਂ | 1 | 2 | 3 | 4 | 5 | 6 | 7 | 7¼ |
|---|---|---|---|---|---|---|---|---|
| ਬੋਲ | ਧਿੰ | ਤਿਟਕਟ | ਧਿੰ | ਧਿੰ | ਨਾ | ਧਾਤਿਟਧਾ | ਤਿਟਧਾਤਿ | ਟ |
| ਤਾਲਚਿੰਨ | x | | 2 | | | 3 | | |

ਸਾਗਰ ਤਾਲ - ਮਾਤਰਾਂ-17, ਵਿਲੰਬਿਤ ਲੈਅ, ਤਾਲੀ-ਪਹਿਲੀ, 6ਵੀਂ ਤੇ 14ਵੀਂ ਮਾਤਰ ਤੇ ਖਾਲੀ 10ਵੀਂ ਮਾਤਰ ਤੇ

| ਮਾਤਰਾਂ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 |
|---|---|---|---|---|---|---|---|---|---|---|---|---|---|---|---|---|---|
| ਬੋਲ | ਧਿੰ | ਤਿਟਕਟ | ਧਿੰ | ਧਿੰ | ਨਾ | ਤੂ | ਨਾ | ਕ | ਤਾ | ਤਿਟਕਟ | ਧਿ | ਧਿੰ | ਨਾ | ਧਾ | ਧਾਗੇ | ਨਧਾ | ਤਿਟਕਟ |
| ਤਾਲਚਿੰਨ | x | | | | | 2 | | | | 0 | | | | 3 | | | |

ਸਿਖਰ ਤਾਲ - ਮਾਤਰਾਂ-17, ਮੱਧ ਲੈਅ, ਤਾਲੀ-ਪਹਿਲੀ, 9ਵੀਂ, 12ਵੀਂ, 15ਵੀਂ ਮਾਤਰ ਤੇ ਖਾਲੀ 5ਵੀਂ ਮਾਤਰ ਤੇ

| ਮਾਤਰਾਂ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 |
|---|---|---|---|---|---|---|---|---|---|---|---|---|---|---|---|---|---|
| ਬੋਲ-1 | ਧਿੰ | ਤਿਟਕਟ | ਧਿੰ | ਨਾ | ਤੂ | ਨਾ | ਕ | ਤਾ | ਧਾ | ਤਿਟ | ਕਿਟ | ਧਾ | ਤਿਟ | ਕਿਟ | ਧਾ | ਤਿਟ | ਕਿਟ |
| ਬੋਲ-2 | ਧਿੰ | ਤਿਟਕਟ | ਧਿੰ | ਨਾ | ਤੂ | ਨਾ | ਕ | ਤਾ | ਤਿਟਕਿਟ | ਧਿੰ | ਨਾ | ਧਿੰ | ਧਿੰ | ਨਾ | ਧਿੰ | ਧਿੰ | ਨਾ |
| ਤਾਲ ਚਿੰਨ | x | | | | 0 | | | | 2 | | | 3 | | | 4 | | |

---

ਦਖਣੀ ਰਾਗਾਂ ਦੇ ਸਰੂਪਾਂ ਲਈ ਸਹਾਇਕ ਪੁਸਤਕਾਂ

ਕਰਨਾਟਕ ਸੰਗੀਤ ਅੰਕ (ਜਨਵਰੀ 1963), ਰਾਗ ਕੋਸ਼, ਸੰਗੀਤ ਪੱਧਤੀਯੋਂ ਕਾ ਤੁਲਨਾਤਮਕ ਅਧਿਐਨ, (ਸੰਗੀਤ ਕਾਰਯਾਲਯਾ ਹਾਥਰਸ), ਰਾਗ ਵਿਯਾਕਰਨ (ਸ੍ਰੀ ਬਿਮਲਾਕਾਂਤ ਰਾਏ ਚੌਧਰੀ)

# ਧੰਨਵਾਦ

ਸਿੱਖ ਪੰਥ ਦੀ ਸਰਬੋਤਮ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਦੇ ਮਤਾ ਨੰਬਰ ੩੦੨ ਮਿਤੀ ੮ ਫਗਣ ਸੰਮਤ ਨਾਨਕਸ਼ਾਹੀ ੫੪੧ (ਮੁਤਾਬਿਕ ੧੯-੨-੨੦੧੦) ਰਾਹੀਂ ਗੁਰਮਤਿ ਸੰਗੀਤ ਦਰਪਣ ਭਾਗ-ਤੀਜਾ ਨੂੰ ਛਾਪਣ ਦੀ ਪ੍ਰਵਾਨਗੀ ਦਿਤੀ ਗਈ ਹੈ, ਬਹੁਤ ਬਹੁਤ ਧੰਨਵਾਦ।

ਇਸ ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਚਿਤ ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਵਿੱਚ ਤਾਲ-ਬੱਧ ਸ਼ਬਦ ਬੰਦਸ਼ਾਂ ਨੂੰ ਲਿੱਪੀ-ਬੱਧ ਕਰਨ ਦਾ ਕਾਰਜ ਗੁਰੂ ਮੇਹਰ ਦੁਆਰਾ ਮੁਕੰਮਲ ਹੋਇਆ ਹੈ। ਇਸ ਪੁਸਤਕ ਦੇ ਛਪਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਚਿਤ ਸਾਰੇ ਹੀ ਰਾਗ-ਮੁੱਖ ਰਾਗ, ਮਿਸ਼ਰਤ ਰਾਗ ਤੇ ਰਾਗ ਪ੍ਰਕਾਰਾਂ ਵਿੱਚ ਸ਼ਬਦ ਬੰਦਸ਼ਾਂ ਦੀਆਂ ਨੋਟੇਸ਼ਨਾਂ ਦਾ ਕਾਰਜ ਗੁਰੂ ਨੇ ਆਪਣੀ ਮਿਹਰ ਦਾ ਪਾਤਰ ਬਣਾ 'ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ' ਸੰਪੂਰਨ ਕਰਵਾਇਆ ਹੈ।

ਮੇਰੀ ਇਸ ਸੇਵਾ ਨੂੰ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਪ੍ਰਵਾਣਿਆ ਹੈ ਤੇ ਇਹਨਾਂ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾ ਕੇ ਗੁਰਮਤਿ ਸੰਗੀਤ ਦੇ ਨਿਰਧਾਰਤ ਸਰੂਪਾਂ ਵਿੱਚ ਗੁਰਬਾਣੀ ਗਾਇਨ ਨੂੰ ਪ੍ਰਚਾਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ।

ਕਰਤਾਰ ਸਿੰਘ (ਪ੍ਰੋ)
(ਨੈਸ਼ਨਲ ਅਵਾਰਡੀ ਗੁਰਬਾਣੀ ਸੰਗੀਤ ੨੦੦੮)
ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ
ਸ੍ਰੀ ਅਨੰਦਪੁਰ ਸਾਹਿਬ

# ਤਤਕਰਾ


## ੧. ਰਾਗੁ ਗਉੜੀ ਗੁਆਰੇਰੀ

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 1 |
| ਗੋਵਿੰਦ ਗੁਣ ਗਾਵਹੁ | ਤੀਨ ਤਾਲ | ਮੱਧ ਲੈਅ | 4 |
| ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ | ਤੀਨ ਤਾਲ | ” | 6 |
| ਏਕਾ ਟੇਕ ਮੇਰੈ ਮਨਿ ਚੀਤ | ਏਕ ਤਾਲ | ” | 7 |
| ਮਾਧਉ ਜਲ ਕੀ ਪਿਆਸ | ਆਡਾ ਚਾਰ ਤਾਲ | ” | 8 |
| ਸੋ ਕਿਛੁ ਕਰਿ ਜਿਤੁ ਮੈਲੁ | ਝਪ ਤਾਲ | ਵਿਲੰਭਿਤ ਲੈਅ | 9 |
| ਰਾਮ ਗੁਸਈਆ ਜੀਅ ਕੇ ਜੀਵਨਾ | ਧਮਾਰ ਤਾਲ | ” | 11 |
| ਤੇ ਹਰਿ ਜਨ ਹਰਿ ਮੇਲਹੁ | ਰੂਪਕ ਤਾਲ | ਮੱਧ ਲੈਅ | 12 |
| ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ | ਦਾਦਰਾ ਤਾਲ | ” | 13 |

## ੨. ਰਾਗੁ ਗਉੜੀ ਦਖਣੀ

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 14 |
| ਵਾਹੁ ਵਾਹੁ ਸਾਚੇ ਮੈ ਤੇਰੀ ਟੇਕ | ਤੀਨ ਤਾਲ | ਮੱਧ ਲੈਅ | 17 |
| ਰੇ ਮਨ ਮੇਰੇ ਭਰਮੁ ਨ ਕੀਜੈ | ਏਕ ਤਾਲ | ” | 19 |
| ਨਾਮੁ ਮਿਲੈ ਚਲੈ ਮੈ ਨਾਲਿ | ਝਪ ਤਾਲ | ਵਿਲੰਭਿਤ ਲੈਅ | 20 |
| ਨਾ ਜਾਣਾ ਕਰਮ ਕੇਵਡ ਤੇਰੀ ਦਾਤਿ | ਰੂਪਕ ਤਾਲ | ਮੱਧ ਲੈਅ | 22 |

## ੩. ਰਾਗੁ ਗਉੜੀ ਚੇਤੀ

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 23 |
| ਜੀਅਰੇ ਓਲ੍ਹਾ ਨਾਮ ਕਾ | ਤੀਨ ਤਾਲ | ਮੱਧ ਲੈਅ | 26 |
| ਮੇਰੇ ਸਾਹਿਬਾ ਕਉਣੁ ਜਾਣੈ | ਤੀਨ ਤਾਲ | ” | 28 |
| ਮੋਹਿ ਦਾਸਰੋ ਠਾਕੁਰ ਕੋ | ਏਕ ਤਾਲ | ” | 29 |
| ਭੁਜ ਬਲ ਬੀਰ ਬ੍ਰਹਮ ਸੁਖ ਸਾਗਰ | ਝਪ ਤਾਲ | ਵਿਲੰਭਿਤ ਲੈਅ | 30 |
| ਮਨ ਰਾਮ ਨਾਮ ਗੁਨ ਗਾਈਐ | ਜਗਪਾਲ ਤਾਲ | ” | 31 |
| ਸੁਖੁ ਨਾਹੀ ਰੇ ਹਰਿ ਭਗਤਿ ਬਿਨਾ | ਦੀਪਚੰਦੀ ਤਾਲ | ਮੱਧ ਲੈਅ | 33 |
| ਹੈ ਕੋਈ ਐਸਾ ਹਉਮੈ ਤੋਰੈ | ਰੂਪਕ ਤਾਲ | ” | 34 |

## ੪. ਰਾਗੁ ਗਉੜੀ ਬੈਰਾਗਣਿ

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 35 |
| ਨਾਮੁ ਨ ਜਾਨਿਆ ਰਾਮ ਕਾ | ਤੀਨ ਤਾਲ | ਮੱਧ ਲੈਅ | 38 |
| ਮੇਰੇ ਮਨ ਗੁਰ ਚਰਣੀ ਚਿਤੁ ਲਾਇ | ਤੀਨ ਤਾਲ | ” | 40 |
| ਹੈ ਕੋਈ ਰਾਮ ਪਿਆਰੋ ਗਾਵੈ | ਏਕ ਤਾਲ | ” | 41 |

| | | |
|---|---|---|
| ਐਸਾ ਨਾਇਕੁ ਰਾਮੁ ਹਮਾਰਾ | ਫਰੋਦਸਤ ਤਾਲ ” | 42 |
| ਕੋ ਬਨਜਾਰੋ ਰਾਮ ਕੋ | ਮੱਤ ਤਾਲ ਵਿਲੰਬਿਤ ਲੈਅ | 44 |
| ਹਮ ਵਣਜਾਰੇ ਰਾਮ ਕੇ | ਝਪ ਤਾਲ ” | 45 |
| ਕਰਉ ਬੰਦਨਾ ਅਨਿਕ ਵਾਰ | ਏਕ ਤਾਲ ” | 46 |
| ਨਾਨਕ ਆਏ ਸੇ ਪਰਵਾਣੁ ਹੈ | ਚਾਰ ਤਾਲ ” | 47 |
| ਮੈ ਬਨਜਾਰਨਿ ਰਾਮ ਕੀ | ਪੜਤਾਲ ” | 49 |
| ਮੇਰੇ ਰਾਮ ਹਮ ਪਾਪੀ | ਰੂਪਕ ਤਾਲ ਮੱਧ ਲੈਅ | 51 |
| **੫. ਰਾਗੁ ਗਉੜੀ ਦੀਪਕੀ** | | |
| ਪਰੀਚੇ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 53 |
| ਤੁਮ ਗਾਵਹੁ ਮੇਰੇ ਨਿਰਭਉ | ਤੀਨ ਤਾਲ ਮੱਧ ਲੈਅ | 58 |
| ਤੁਮ ਗਾਵਹੁ ਮੇਰੇ ਨਿਰਭਉ | ਆਡਾ ਚਾਰ ਤਾਲ ” | 59 |
| ਅਪੁਨੇ ਜਨ ਕਾ ਪਰਦਾ ਢਾਕੈ | ਮਹੇਸ਼ ਤਾਲ ਵਿਲੰਬਿਤ ਲੈਅ | 60 |
| ਸਾਧੋ ਰਾਮ ਸਰਨਿ ਬਿਸਰਾਮਾ | ਰੂਪਕ ਤਾਲ ਮੱਧ ਲੈਅ | 62 |
| **੬. ਰਾਗੁ ਗਉੜੀ ਪੂਰਬੀ ਦੀਪਕੀ** | | |
| ਪਰੀਚੇ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 63 |
| ਤੁਮ ਗਾਵਹੁ ਮੇਰੇ ਨਿਰਭਉ | ਤੀਨ ਤਾਲ ਮੱਧ ਲੈਅ | 65 |
| ਤੁਮ ਗਾਵਹੁ ਮੇਰੇ ਨਿਰਭਉ | ਏਕ ਤਾਲ ” | 66 |
| ਬੋਲਹੁ ਜਸੁ ਜਿਹਬਾ ਦਿਨੁ ਰਾਤਿ | ਝਪ ਤਾਲ ਵਿਲੰਬਿਤ ਲੈਅ | 67 |
| **੭. ਰਾਗੁ ਗਉੜੀ ਪੂਰਬੀ** | | |
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 69 |
| ਤੁਝ ਬਿਨੁ ਕਵਨੁ ਹਮਾਰਾ | ਤੀਨ ਤਾਲ ਮੱਧ ਲੈਅ | 73 |
| ਅਪੁਨੇ ਹਰਿ ਪ੍ਰਭ ਕੀ ਹਉ | ਤੀਨ ਤਾਲ ” | 75 |
| ਰਮਈਆ ਗੁਨ ਗਾਈਐ | ਸੂਲ ਤਾਲ ” | 76 |
| ਬੰਦੇ ਬੰਦਗੀ ਇਕਤੀਆਰ | ਏਕ ਤਾਲ ਮੱਧ ਲੈਅ | 77 |
| ਸਗਲ ਭਵਨ ਕੇ ਨਾਇਕਾ | ਆਡਾ ਚਾਰਤਾਲ ” | 79 |
| ਮੇਰੇ ਮਨ ਗੁਰੁ ਗੁਰੁ ਗੁਰੁ ਸਦ | ਝਪ ਤਾਲ ਵਿਲੰਬਿਤ ਲੈਅ | 80 |
| ਕਰਣ ਕਾਰਣ ਪ੍ਰਭੁ ਏਕੁ ਹੈ | ਚਾਰ ਤਾਲ ” | 82 |
| ਪ੍ਰਭ ਮਿਲਬੇ ਕਉ ਪ੍ਰੀਤਿ | ਪੰਚਮ ਸਵਾਰੀ ” | 83 |
| ਮਿਲੁ ਮੇਰੇ ਪ੍ਰੀਤਮਾ ਜੀਉ | ਦੀਪਚੰਦੀ ਤਾਲ ਮੱਧ ਲੈਅ | 84 |
| ਕਰਉ ਬੰਦਨਾ ਅਨਿਕ ਵਾਰ | ਦਾਦਰਾ ਤਾਲ ” | 85 |
| **੮. ਰਾਗੁ ਗਉੜੀ ਮਾਝ** | | |
| ਪਰੀਚੇ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 86 |
| ਮੀਠੇ ਹਰਿ ਗੁਣ ਗਾਉ ਜਿੰਦੂ ਤੂੰ | ਤੀਨ ਤਾਲ ਮੱਧ ਲੈਅ | 88 |

| | | |
|---|---|---|
| ਦੁਖ ਭੰਜਨੁ ਤੇਰਾ ਨਾਮੁ ਜੀ | ਏਕ ਤਾਲ ਮੱਧ ਲੈਅ | 90 |
| ਹਰਿ ਰਾਮ ਰਾਮ ਰਾਮ ਰਾਮਾ | ਫਰੋਦਸਤ ਤਾਲ ” | 91 |
| ਆਉ ਹਮਾਰੈ ਰਾਮ ਪਿਆਰੇ | ਰੂਪਕ ਤਾਲ ” | 93 |

**੯. ਰਾਗੁ ਗਉੜੀ ਮਾਲਵਾ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 94 |
| ਹਰਿ ਨਾਮੁ ਲੇਹੁ ਮੀਤਾ ਲੇਹੁ | ਤੀਨ ਤਾਲ ਮੱਧ ਲੈਅ | 98 |
| ਟੂਟੀ ਗਾਢਨਹਾਰ ਗੁੋਪਾਲ | ਏਕ ਤਾਲ ” | 99 |
| ਹਰਿ ਨਾਮ ਲੇਹੁ ਮੀਤਾ ਲੇਹੁ | ਝਪ ਤਾਲ ਵਿਲੰਭਿਤ ਲੈਅ | 101 |
| ਕਰਣ ਕਾਰਣ ਪ੍ਰਭੁ ਏਕੁ ਹੈ | ਚਾਰ ਤਾਲ ” | 102 |
| ਰਮਈਆ ਕੇ ਗੁਨ ਚੇਤਿ ਪਰਾਨੀ | ਰੂਪਕ ਤਾਲ ਮੱਧ ਲੈਅ | 103 |

**੧੦. ਰਾਗੁ ਗਉੜੀ ਮਾਲਾ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 104 |
| ਭਾਵਨੁ ਤਿਆਗਿਓ ਰੀ ਤਿਆਗਿਓ | ਤੀਨ ਤਾਲ ਮੱਧ ਲੈਅ | 106 |
| ਮਾਧਉ ਹਰਿ ਹਰਿ ਹਰਿ ਮੁਖ ਕਹੀਐ | ਤੀਨ ਤਾਲ ” | 108 |
| ਉਬਰਤ ਰਾਜਾ ਰਾਮ ਕੀ ਸਰਣੀ | ਏਕ ਤਾਲ ” | 110 |
| ਹਰਿ ਬਿਨੁ ਅਵਰ ਕ੍ਰਿਆ ਬਿਰਥੇ | ਆੜਾ ਚਾਰ ਤਾਲ ” | 111 |
| ਮੋ ਕਉ ਇਹ ਬਿਧਿ ਕੋ ਸਮਝਾਵੈ | ਝਪ ਤਾਲ ਵਿਲੰਭਿਤ ਲੈਅ | 113 |
| ਪਾਇਆ ਲਾਲੁ ਰਤਨੁ ਮਨਿ | ਜੈ ਤਾਲ ” | 114 |
| ਪਾਇਓ ਬਾਲ ਬੁਧਿ ਸੁਖੁ ਰੇ | ਰੂਪਕ ਤਾਲ ਮੱਧ ਲੈਅ | 116 |

**੧੧. ਰਾਗੁ ਗਉੜੀ ਸੋਰਠਿ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 118 |
| ਰੇ ਜੀਅ ਨਿਲਜ ਲਾਜ | ਤੀਨ ਤਾਲ ਮੱਧ ਲੈਅ | 120 |
| ਅਬ ਮੋ ਕਉ ਭਏ ਰਾਜਾ ਰਾਮ | ਏਕ ਤਾਲ ਮੱਧ ਲੈਅ | 122 |
| ਝਗਰਾ ਏਕੁ ਨਿਬੇਰਹੁ ਰਾਮ | ਆੜਾ ਚਾਰ ਤਾਲ ” | 123 |
| ਕਹੁ ਰੇ ਪੰਡੀਆ ਕਉਨ ਪਵੀਤਾ | ਝਪ ਤਾਲ ਵਿਲੰਭਿਤ ਲੈਅ | 125 |
| ਹਰਿ ਕੇ ਬਿਓਗ ਕੈਸੇ ਜੀਅਉ | ਰੂਪਕ ਤਾਲ ਮੱਧ ਲੈਅ | 126 |

**੧੨. ਰਾਗੁ ਆਸਾ ਕਾਫੀ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 127 |
| ਮੈ ਗਰੀਬ ਸਚੁ ਟੇਕ ਤੂੰ | ਤੀਨ ਤਾਲ ਮੱਧ ਲੈਅ | 131 |
| ਹਮ ਚਾਕਰ ਗੋਬਿੰਦ ਕੇ | ਤੀਨ ਤਾਲ ” | 133 |
| ਆਠ ਪਹਰ ਸਾਲਾਹਿ | ਏਕ ਤਾਲ ” | 134 |
| ਜਿਉ ਭਾਵੈ ਤਿਉ ਰਾਖੁ | ਮੱਤ ਤਾਲ ਵਿਲੰਭਿਤ ਲੈਅ | 135 |
| ਬਲਿਹਾਰੀ ਗੁਰ ਆਪਣੇ ਸਦ ਸਦ | ਝਪ ਤਾਲ ” | 136 |

| | | |
|---|---|---|
| ਹਉ ਵੰਞਾ ਕੁਰਬਾਣੁ ਸਾਈ | ਦੀਪਚੰਦੀ ਤਾਲ ” | 138 |
| ਮੈ ਸਹੁ ਦਾਤਾ ਏਕੁ ਹੈ | ਰੂਪਕ ਤਾਲ ਮੱਧ ਲੈਅ | 139 |
| **੧੩. ਰਾਗੁ ਆਸਾਵਰੀ ਸੁਧੰਗ** | | |
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 140 |
| ਮਾਈ ਮੋਰੋ ਪ੍ਰੀਤਮੁ ਰਾਮੁ | ਤੀਨ ਤਾਲ ਮੱਧ ਲੈਅ | 144 |
| ਚਿਤਿ ਚਿਤਵਉ ਅਰਦਾਸਿ | ਤੀਨ ਤਾਲ ” | 145 |
| ਹਉ ਅਨਦਿਨੁ ਹਰਿ ਨਾਮੁ ਕੀਰਤਨੁ | ਏਕ ਤਾਲ ” | 147 |
| ਮਾਈ ਮੋਰੋ ਪ੍ਰੀਤਮੁ ਰਾਮੁ | ਝਪ ਤਾਲ ਵਿਲੰਭਿਤ ਲੈਅ | 149 |
| ਜਿਨ ਕਉ ਪ੍ਰੇਮ ਪਿਆਰੁ | ਏਕ ਤਾਲ ” | 150 |
| ਮਾਈ ਮੋਰੋ ਪ੍ਰੀਤਮੁ ਰਾਮੁ | ਪੜਤਾਲ ” | 151 |
| ਪੂਰਬੀ ਨ ਪਾਰ ਪਾਵੈਂ | ਰੂਪਕ ਤਾਲ ਮੱਧ ਲੈਅ | 153 |
| **੧੪. ਰਾਗੁ ਆਸਾ ਆਸਾਵਰੀ** | | |
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 154 |
| ਐਸੇ ਲਾਲਨੁ ਪਾਇਓ ਰੀ ਸਖੀ | ਤੀਨ ਤਾਲ ਮੱਧ ਲੈਅ | 155 |
| ਸੁਖਹਿ ਸਮਾਈਐ ਮੇਰੇ ਮਨਾ | ਏਕ ਤਾਲ ਮੱਧ ਲੈਅ | 157 |
| ਓਇ ਪਰਦੇਸੀਆ ਹਾਂ | ਪੜਤਾਲ ਵਿਲੰਭਿਤ ਲੈਅ | 158 |
| ਤਉ ਮਿਲੀਐ ਗੁਰ ਕ੍ਰਿਪਾਨਿ | ਰੂਪਕ ਤਾਲ ਮੱਧ ਲੈਅ | 160 |
| **੧੫. ਰਾਗੁ ਆਸਾਵਰੀ** | | |
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 161 |
| ਮੇਰੇ ਮਨ ਹਰਿ ਸਿਉ ਲਾਗੀ | ਤੀਨ ਤਾਲ ਮੱਧ ਲੈਅ | 166 |
| ਪ੍ਰਭ ਕੈ ਦਰਿ ਪਏ ਮੇਰੇ ਮਨਾ | ਤੀਨ ਤਾਲ ” | 168 |
| ਅਗਮੁ ਅਨੰਤੁ ਅਨਾਦਿ ਆਦਿ | ਤੀਨ ਤਾਲ ” | 170 |
| ਆਪਿ ਨਰਾਇਣੁ ਕਲਾ ਧਾਰਿ | ਏਕ ਤਾਲ ” | 171 |
| ਅਨਦਿਨੁ ਜਾਗਿਆ ਹਾਂ | ਮਹੇਸ਼ ਤਾਲ ਵਿਲੰਭਿਤ ਲੈਅ | 172 |
| ਮੇਰੁ ਕਰੋ ਤ੍ਰਿਣ ਤੇ ਮੋਹਿ ਜਾਹਿ | ਝਪ ਤਾਲ ” | 174 |
| ਜਿਨਾ ਪਿਰੀ ਪਿਆਰੁ | ਏਕ ਤਾਲ ” | 175 |
| ਕਬੀਰ ਅਲਹ ਕੀ ਕਰਿ ਬੰਦਗੀ | ਚਾਰ ਤਾਲ ” | 176 |
| ਮੇਰੇ ਮਨ ਹਰਿ ਸਿਉ ਲਾਗੀ | ਜੈ ਤਾਲ ” | 177 |
| ਓਇ ਪਰਦੇਸੀਆ ਹਾਂ | ਧਮਾਰ ਤਾਲ (ਪੰਜਾਬ ਬਾਜ) ” | 178 |
| ਸਜਣੁ ਮੈਡਾ ਚਾਈਆ | ” ” ” | 180 |
| ਸਜਣੁ ਮੈਡਾ ਚਾਈਆ | ” ” ” | 181 |
| ਐਸੇ ਲਾਲਨੁ ਪਾਇਓ ਰੀ ਸਖੀ | ਪੜਤਾਲ ਵਿਲੰਭਿਤ ਲੈਅ | 181 |
| ਏਕਾ ਓਟ ਗਹੁ ਹਾਂ | (ਪੰਜਾਬੀ ਠੇਕਾ) ਛੋਟਾ ਤੀਨਤਾਲ ਮੱਧ ਲੈਅ | 184 |

| | | | |
|---|---|---|---|
| ਹਰਿ ਹਰਿ ਹਰਿ ਗੁਨੀ ਹਾਂ | ਰੂਪਕ ਤਾਲ | ” | 185 |

**੧੬. ਰਾਗੁ ਦੇਵਗੰਧਾਰ**

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 186 |
| ਅਪੁਨੇ ਹਰਿ ਪਹਿ ਬਿਨਤੀ | ਤੀਨ ਤਾਲ | ਮੱਧ ਲੈਅ | 189 |
| ਪਾਂਇ ਗਹੇ ਜਬ ਤੇ ਤੁਮਰੇ | ਏਕ ਤਾਲ | ” | 190 |
| ਅਪੁਨੇ ਹਰਿ ਪਹਿ ਬਿਨਤੀ | ਝਪ ਤਾਲ | ਵਿਲੰਭਿਤ ਲੈਅ | 192 |
| ਮੰਦਾ ਕਿਸ ਨੋ ਆਖੀਐ | ਏਕ ਤਾਲ | ” | 193 |
| ਅਪੁਨੇ ਹਰਿ ਪਹਿ ਬਿਨਤੀ | ਪੰਚਮ ਸਵਾਰੀ ਤਾਲ | ” | 194 |
| ਉਲਟੀ ਰੇ ਮਨ ਉਲਟੀ ਰੇ | ਰੂਪਕ ਤਾਲ | ਮੱਧ ਲੈਅ | 195 |

**੧੭. ਰਾਗੁ ਵਡਹੰਸੁ ਦਖਣੀ**

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 196 |
| ਜਿਨਿ ਜਗੁ ਸਿਰਜਿ ਸਮਾਇਆ | ਤੀਨ ਤਾਲ | ਮੱਧ ਲੈਅ | 198 |
| ਸਚੜਾ ਸਾਹਿਬੁ ਸਚੁ ਤੂ | ਤੀਨ ਤਾਲ | ” | 200 |
| ਤਿਸੁ ਗੁਰ ਕਉ ਹਉ ਵਾਰਿਆ | ਏਕ ਤਾਲ | ਮੱਧ ਲੈਅ | 203 |
| ਇਕੋ ਸਤਿਗੁਰੁ ਜਾਗਤਾ | ਝਪ ਤਾਲ | ਵਿਲੰਭਿਤ ਲੈਅ | 204 |
| ਬਾਬਾ ਆਇਆ ਹੈ ਉਠਿ ਚਲਣਾ | ਰੂਪਕ ਤਾਲ | ਮੱਧ ਲੈਅ | 205 |

**੧੮. ਰਾਗੁ ਤਿਲੰਗ ਕਾਫੀ**

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 207 |
| ਚੇਤਨਾ ਹੈ ਤਉ ਚੇਤ ਲੈ | ਤੀਨ ਤਾਲ | ਮੱਧ ਲੈਅ | 209 |
| ਹਰਿ ਜਸੁ ਰੇ ਮਨਾ ਗਾਇ ਲੈ | ਏਕ ਤਾਲ | ” | 210 |
| ਜਾਗ ਲੇਹੁ ਰੇ ਮਨਾ ਜਾਗ ਲੇਹੁ | ਫਰੋਦਸਤ ਤਾਲ | ” | 212 |
| ਜਾਗ ਲੇਹੁ ਰੇ ਮਨਾ ਜਾਗ ਲੇਹੁ | ਝਪ ਤਾਲ | ਵਿਲੰਭਿਤ ਲੈਅ | 213 |
| ਦੇਹੁਰਾ ਮਸੀਤ ਸੋਈ | ਰੂਪਕ ਤਾਲ | ਮੱਧ ਲੈਅ | 214 |

**੧੯. ਰਾਗੁ ਸੂਹੀ ਕਾਫੀ**

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 215 |
| ਮੈ ਅੰਧੁਲੇ ਹਰਿ ਨਾਮੁ | ਤੀਨ ਤਾਲ | ਮੱਧ ਲੈਅ | 216 |
| ਬਿਨੁ ਬੂਝੇ ਸਭੁ ਦੁਖੁ | ਏਕ ਤਾਲ | ” | 218 |
| ਚਲੈ ਜਨਮੁ ਸਵਾਰਿ | ਝਪ ਤਾਲ | ਵਿਲੰਭਿਤ ਲੈਅ | 220 |
| ਹਉ ਨਾ ਛੋਡਉ ਕੰਤ ਪਾਸਰਾ | ਦੀਪਚੰਦੀ ਤਾਲ | ਮੱਧ ਲੈਅ | 221 |
| ਨਾਮੁ ਨਿਧਾਨੁ ਅਪਾਰੁ ਭਗਤਾ | ਰੂਪਕ ਤਾਲ | ” | 223 |

**੨੦. ਰਾਗੁ ਸੂਹੀ ਲਲਿਤ**

| | | | |
|---|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 224 |
| ਬਾਵਰੇ ਤੈ ਗਿਆਨ ਬੀਚਾਰੁ | ਤੀਨ ਤਾਲ | ਮੱਧ ਲੈਅ | 229 |

| | | |
|---|---|---|
| ਮਾਧਵੇ ਭਜੁ ਦਿਨ ਨਿਤ ਰੈਣੀ | ਏਕ ਤਾਲ ” | 230 |
| ਹਰਿ ਕੇ ਲੋਗਾ ਮੋ ਕਉ ਨੀਤਿ | ਫਰੋਦਸਤ ਤਾਲ ” | 232 |
| ਹਥੁ ਨ ਲਾਇ ਕਸੁੰਭੜੈ | ਜੈ ਤਾਲ ਵਿਲੰਭਿਤ ਲੈਅ | 233 |
| ਸਦਾ ਸਦਾ ਜਪੀਐ ਹਰਿ ਨਾਮ | ਰੂਪਕ ਤਾਲ ਮੱਧ ਲੈਅ | 235 |

**੨੧. ਰਾਗੁ ਬਿਲਾਵਲੁ ਦਖਣੀ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 236 |
| ਮੈ ਮਨਿ ਚਾਉ ਘਣਾ | ਤੀਨ ਤਾਲ ਮੱਧ ਲੈਅ | 238 |
| ਜਾਗੁ ਸਲੋਨੜੀਏ ਬੋਲੈ ਗੁਰਬਾਣੀ | ਸੂਲ ਤਾਲ ” | 239 |
| ਭਿੰਨੜੀ ਰੈਣਿ ਭਲੀ ਦਿਨਸ | ਫਰੋਦਸਤ ਤਾਲ ” | 241 |
| ਮੁੰਧ ਨਵੇਲੜੀਆ ਗੋਇਲਿ | ਮਹੇਸ਼ ਤਾਲ ਵਿਲੰਭਿਤ ਲੈਅ | 242 |
| ਮਹਲਿ ਬੁਲਾਇੜੀਏ ਭਗਤਿ | ਰੂਪਕ ਤਾਲ ਮੱਧ ਲੈਅ | 243 |

**੨੨. ਰਾਗੁ ਬਿਲਾਵਲੁ ਮੰਗਲ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 244 |
| ਕਿਆ ਗੁਣ ਤੇਰੇ ਕਹਿ ਸਕਉ | ਤੀਨ ਤਾਲ ਮੱਧ ਲੈਅ | 246 |
| ਹਰਿ ਖੋਜਹੁ ਵਡਭਾਗੀਹੋ | ਤੀਨ ਤਾਲ ” | 248 |
| ਮੇਰਾ ਹਰਿ ਪ੍ਰਭੁ ਸੇਜੈ ਆਇਆ | ਏਕ ਤਾਲ ” | 249 |
| ਨਿੰਮਾਣਿਆ ਹਰਿ ਮਾਣੁ ਹੈ | ਆਡਾ ਚਾਰ ਤਾਲ ” | 250 |
| ਹਰਿ ਪ੍ਰਭੁ ਸਜਣੁ ਲੋੜਿ ਲਹੁ | ਝਪ ਤਾਲ ਵਿਲੰਭਿਤ ਲੈਅ | 251 |
| ਹਮ ਮੂਰਖ ਮੁਗਧ ਮਿਲਾਇਆ | ਰੂਪਕ ਤਾਲ ਮੱਧ ਲੈਅ | 252 |

**੨੩. ਰਾਗੁ ਬਿਲਾਵਲੁ ਗੋਂਡ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 253 |
| ਆਜੁ ਨਾਮੇ ਬੀਠਲੁ ਦੇਖਿਆ | ਤੀਨ ਤਾਲ ਮੱਧ ਲੈਅ | 254 |
| ਐਸੇ ਰਾਮਾ ਐਸੇ ਹੇਰਉ | ਏਕ ਤਾਲ ” | 256 |
| ਆਜੁ ਨਾਮੇ ਬੀਠਲੁ ਦੇਖਿਆ | ਜਗਪਾਲ ਤਾਲ ਵਿਲੰਭਿਤ ਲੈਅ | 257 |
| ਅਪਨੇ ਕਰਮ ਕੀ ਗਤਿ | ਰੂਪਕ ਤਾਲ ” | 258 |

**੨੪. ਰਾਗੁ ਰਾਮਕਲੀ ਦਖਣੀ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 260 |
| ਮੇਰਾ ਗੁਰੁ ਦਇਆਲੁ ਸਦਾ | ਤੀਨ ਤਾਲ ਮੱਧ ਲੈਅ | 262 |
| ਕਹੁ ਰੇ ਗਿਆਨੀ ਬ੍ਰਹਮ ਬੀਚਾਰੁ | ਤੀਨ ਤਾਲ ” | 264 |
| ਮੇਰੈ ਅੰਤਰਿ ਲੋਚਾ ਮਿਲਣ ਕੀ | ਏਕ ਤਾਲ ਮੱਧ ਲੈਅ | 265 |
| ਮੇਰਾ ਗੁਰੁ ਦਇਆਲੁ ਸਦਾ | ਮੱਤ ਤਾਲ ਵਿਲੰਭਿਤ ਲੈਅ | 266 |
| ਸੁਣਿ ਸਜਣ ਪ੍ਰੀਤਮ ਮੇਰਿਆ | ਰੂਪਕ ਤਾਲ ਮੱਧ ਲੈਅ | 268 |
| ਹੋਹੁ ਕ੍ਰਿਪਾਲ ਸੁਆਮੀ ਮੇਰੇ | ਤੀਨ ਤਾਲ ਮੱਧ ਲੈਅ | 268 |

| | | |
|---|---|---|
| ਮਿਤ੍ਰ ਪਿਆਰਾ ਨਾਨਕ ਜੀ | ਏਕ ਤਾਲ " | 270 |

**੨੫. ਰਾਗੁ ਨਟ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 271 |
| ਮੇਰੇ ਮਨ ਭਜੁ ਠਾਕੁਰ ਅਗਮ | ਤੀਨ ਤਾਲ ਮੱਧ ਲੈਅ | 274 |
| ਰਾਮ ਗੁਰ ਸਰਨਿ ਪ੍ਰਭੂ ਰਖਵਾਰੇ | ਏਕ ਤਾਲ " | 276 |
| ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ | ਝਪ ਤਾਲ ਵਿਲੰਭਿਤ ਲੈਅ | 278 |
| ਕੋਊ ਹੈ ਮੇਰੋ ਸਾਜਨੁ ਮੀਤੁ | ਪੜਤਾਲ " | 280 |
| ਰਾਮ ਕਰਿ ਕਿਰਪਾ ਲੇਹੁ ਉਬਾਰੇ | ਦੀਪਚੰਦੀ ਤਾਲ ਮੱਧ ਲੈਅ | 282 |

**੨੬. ਰਾਗੁ ਮਾਰੂ ਕਾਫੀ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 284 |
| ਬਲਿਹਾਰੀਆ ਗੁਰ ਆਪਣੇ | ਤੀਨ ਤਾਲ ਮੱਧ ਲੈਅ | 286 |
| ਮੈਡਾ ਮਨੁ ਰਤਾ ਆਪਨੜੇ ਪਿਰ | ਤੀਨ ਤਾਲ ਮੱਧ ਲੈਅ | 288 |
| ਬਾਬਾ ਮੂਰਖੁ ਹਾ ਨਾਵੈ ਬਲਿ ਜਾਉ | ਜਗਪਾਲ ਤਾਲ ਵਿਲੰਭਿਤ ਲੈਅ | 289 |
| ਅਬ ਮੈ ਕਹਾ ਕਰਉ ਰੀ ਮਾਈ | ਰੂਪਕ ਤਾਲ ਮੱਧ ਲੈਅ | 291 |

**੨੭. ਰਾਗੁ ਮਾਰੂ ਦਖਣੀ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 292 |
| ਕਾਇਆ ਨਗਰੁ ਨਗਰ ਗੜ | ਤੀਨ ਤਾਲ ਮੱਧ ਲੈਅ | 294 |
| ਦਰਸਨੁ ਪਾਵਾ ਜੇ ਤੁਧੁ ਭਾਵਾ | ਏਕ ਤਾਲ " | 296 |
| ਆਪੇ ਆਪੁ ਉਪਾਇ ਨਿਰਾਲਾ | ਝਪ ਤਾਲ ਵਿਲੰਭਿਤ ਲੈਅ | 299 |
| ਜੇ ਤੂੰ ਮਿਤ੍ਰੁ ਅਸਾਡੜਾ | ਰੂਪਕ ਤਾਲ ਮੱਧ ਲੈਅ | 301 |

**੨੮. ਰਾਗੁ ਬਸੰਤੁ ਹਿੰਡੋਲ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 302 |
| ਮਾਈ ਮੈ ਧਨੁ ਪਾਇਓ ਹਰਿ ਨਾਮੁ | ਤੀਨ ਤਾਲ ਮੱਧ ਲੈਅ | 307 |
| ਪਿਤਾ ਪਾਰਬ੍ਰਹਮ ਪ੍ਰਭ ਧਨੀ | ਤੀਨ ਤਾਲ ਮੱਧ ਲੈਅ | 308 |
| ਕਾਹੇ ਕਲਰਾ ਸਿੰਚਹੁ ਜਨਮੁ | ਸੂਲ ਫਾਕ ਤਾਲ " | 309 |
| ਤੇਰਿਆ ਭਗਤਾ ਕਉ ਬਲਿਹਾਰਾ | ਏਕ ਤਾਲ " | 311 |
| ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ | ਫਰੋਦਸਤ ਤਾਲ ਮੱਧ ਲੈਅ | 313 |
| ਕਹੁ ਪੰਡਿਤ ਸੂਚਾ ਕਵਨੁ ਠਾਉ | ਝਪਤਾਲ ਵਿਲੰਭਿਤ ਲੈਅ | 314 |
| ਪਿਤਾ ਪਾਰਬ੍ਰਹਮ ਪ੍ਰਭ ਧਨੀ | ਦੀਪਚੰਦੀ ਤਾਲ ਚਲੰਤ ਲੈਅ | 316 |
| ਇਨ੍ ਬਿਧਿ ਪਾਸਾ ਢਾਲਹੁ ਬੀਰ | ਰੂਪਕ ਤਾਲ ਮੱਧ ਲੈਅ | 317 |

**੨੯. ਰਾਗੁ ਕਲਿਆਨੁ ਭੋਪਾਲੀ**

| | | |
|---|---|---|
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | 318 |
| ਪਾਰਬ੍ਰਹਮੁ ਪਰਮੇਸੁਰੁ ਸੁਆਮੀ | ਤੀਨ ਤਾਲ ਮੱਧ ਲੈਅ | 321 |

| | | | |
|---|---|---|---|
| ਵਾਹਗੁਰੂ ਤੇਰਾ ਸਭੁ ਸਦਕਾ | ਤੀਨ ਤਾਲ | ” | 322 |
| ਰਾਖਿ ਲੇਹੁ ਨਾਨਕ ਕੇ ਸੁਆਮੀ | ਏਕ ਤਾਲ | ” | 324 |
| ਤਜਿ ਮਨ ਕਾ ਅਭਿਮਾਨੁ | ਆੜਾ ਚਾਰ ਤਾਲ | ” | 325 |
| ਆਪਿ ਨਰਾਇਣੁ ਕਲਾ ਧਾਰਿ | ਝਪ ਤਾਲ | ਵਿਲੰਭਿਤ ਲੈਅ | 326 |
| ਪਾਰਬ੍ਰਹਮੁ ਪਰਮੇਸੁਰੁ ਸੁਆਮੀ | ਜੈ ਤਾਲ | ਵਿਲੰਭਿਤ ਲੈਅ | 328 |
| ਕੀਆ ਖੇਲੁ ਬਡ ਮੇਲੁ ਤਮਾਸਾ | ਰੂਪਕ ਤਾਲ | ਮੱਧ ਲੈਅ | 329 |
| **੩੦. ਰਾਗੁ ਪਰਭਾਤੀ ਬਿਭਾਸ** | | | |
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 330 |
| ਬੋਲਹੁ ਸਚੁ ਨਾਮ ਕਰਤਾਰ | ਤੀਨ ਤਾਲ | ਮੱਧ ਲੈਅ | 334 |
| ਕਰਤਾ ਤੂ ਮੇਰਾ ਜਜਮਾਨੁ | ਏਕ ਤਾਲ | ਮੱਧ ਲੈਅ | 335 |
| ਕੁਰਬਾਣੁ ਜਾਈ ਗੁਰ ਪੂਰੇ | ਰੂਪ ਤਾਲ | ਵਿਲੰਭਿਤ ਲੈਅ | 337 |
| ਜਪਿ ਮਨ ਹਰਿ ਹਰਿ ਨਾਮੁ | ਪੜਤਾਲ | ” | 338 |
| ਰਮ ਰਾਮ ਰਾਮ ਰਾਮ ਜਾਪ | ” | ” | 340 |
| ਚਰਨ ਕਮਲ ਸਰਨਿ ਟੇਕ | ” | ” | 341 |
| ਸਤਿਗੁਰਿ ਪੂਰੈ ਨਾਮੁ ਦੀਆ | ਦੀਪਚੰਦੀ ਤਾਲ | ਮੱਧ ਲੈਅ | 343 |
| ਤੂਹੈ ਹੈ ਵਾਹੁ ਤੇਰੀ ਰਜਾਇ | ਰੂਪਕ ਤਾਲ | ” | 344 |
| **੩੧. ਰਾਗੁ ਪ੍ਰਭਾਤੀ ਦਖਣੀ** | | | |
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 346 |
| ਕੋਈ ਜਾਣਿ ਨ ਭੂਲੈ ਭਾਈ | ਤੀਨ ਤਾਲ | ਮੱਧ ਲੈਅ | 348 |
| ਝੂਠੀ ਦੁਰਮਤਿ ਕੀ ਚਤੁਰਾਈ | ਏਕਤਾਲ | ਮੱਧ ਲੈਅ | 350 |
| ਏਕੋ ਰਵਿ ਰਹਿਆ ਸਭ ਠਾਈ | ਝਪ ਤਾਲ | ਵਿਲੰਭਿਤ ਲੈਅ | 352 |
| ਸੁਣਿ ਮਨ ਅੰਧੇ ਮੂਰਖ ਗਵਾਰ | ਦੀਪਚੰਦੀ ਤਾਲ | ਮੱਧ ਲੈਅ | 353 |
| **੩੨. ਰਾਗੁ ਬਿਭਾਸ ਪ੍ਰਭਾਤੀ** | | | |
| ਪਰੀਚੈ, ਸ਼ਬਦ ਤਰਤੀਬ ਤੇ ਸਵਰ ਵਿਸਥਾਰ | | | 355 |
| ਲੋਗਾ ਭਰਮਿ ਨ ਭੂਲਹੁ ਭਾਈ | ਤੀਨ ਤਾਲ | ਮੱਧ ਲੈਅ | 357 |
| ਮੁਲਾਂ ਕਹਹੁ ਨਿਆਉ ਖੁਦਾਈ | ਏਕ ਤਾਲ | ” | 358 |
| ਅਲਹ ਰਾਮ ਜੀਵਉ ਤੇਰੇ ਨਾਈ | ਝਪ ਤਾਲ | ਵਿਲੰਭਿਤ ਲੈਅ | 360 |
| ਲੇਹੁ ਆਰਤੀ ਹੋ ਪੁਰਖ ਨਿਰੰਜਨ | ਦੀਪਚੰਦੀ ਤਾਲ | ਮੱਧ ਲੈਅ | 361 |
| ਰਾਮ ਰਮਤ ਹਰਿ ਹਰਿ ਸੁਖੁ ਪਾਇਆ | ਰੂਪਕ ਤਾਲ | ” | 362 |
| ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਦੇ ਸਰੂਪਾਂ ਬਾਰੇ | | | 364-369 |

# ੧-ਰਾਗੁ ਗਉੜੀ ਗੁਆਰੇਰੀ

ਭਾਰਤੀ ਸੰਗੀਤ ਦੇ ਗ੍ਰੰਥਾਂ ਵਿੱਚ ਰਾਗੁ ਗਉੜੀ ਗੁਆਰੇਰੀ ਦਾ ਉਲੇਖ ਨਹੀਂ ਮਿਲਦਾ। ਮੱਧ ਕਾਲ ਦੇ ਸੰਗੀਤ ਸ਼ਾਸਤਰਕਾਰਾਂ ਜਿਵੇਂ ਦਮੋਦਰ ਪੰਡਿਤ, ਹਿਰਦੈ ਨਾਰਾਯਣ, ਰਾਮਾ ਮਾਤਯ, ਪੁੰਡਰੀਕ ਵਿਠੁਲ, ਵਿਅੰਕਟਮੁਖੀ ਇਨ੍ਹਾਂ ਵੀ ਗਉੜੀ ਗੁਆਰੇਰੀ ਦਾ ਜ਼ਿਕਰ ਨਹੀਂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਗਉੜੀ ਮੁਖ ਰਾਗ ਦੇ ਅੰਤਰਗਤ ਰਾਗੁ ਗਉੜੀ ਗੁਆਰੇਰੀ ਵਿਚ ਪਹਿਲੇ, ਤੀਜੇ, ਚੌਥੇ ਤੇ ਪੰਜਵੇਂ ਗੁਰੂ ਸਾਹਿਬਾਨ ਤੇ ਭਗਤਾਂ ਵਿਚੋਂ ਭਗਤ ਕਬੀਰ ਜੀ ਤੇ ਭਗਤ ਰਵਿਦਾਸ ਜੀ ਦੀ ਬਾਣੀ ਰਚਿਤ ਹੈ। ਵੈਸੇ ਇਹ ਰਾਗ ਅਪ੍ਰਚਲਿਤ ਤੇ ਕਠਨ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰਿ. ਦਿਆਲ ਸਿੰਘ ਨੇ 'ਗੁਰਮਤਿ ਸੰਗੀਤ ਸਾਗਰ' ਭਾਗ-ਤੀਜਾ ਵਿਚ ਰਾਗੁ ਗਉੜੀ ਗੁਆਰੇਰੀ ਦੀ ਉਤਪਤੀ ਪੂਰਵੀ ਥਾਟ ਤੋਂ ਮੰਨੀ ਹੈ। ਇਸ ਵਿੱਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਤੇ ਹੋਰ ਸਵਰ ਸ਼ੁਧ ਹਨ। ਆਰੋਹ ਵਿੱਚ ਗੰਧਾਰ ਤੇ ਪੰਚਮ ਤੇ ਅਵਰੋਹ ਵਿੱਚ ਪੰਚਮ ਵਰਜਿਤ ਹੋਣ ਕਾਰਨ ਜਾਤੀ ਔੜਵ-ਸ਼ਾੜਵ ਹੈ। ਵਾਦੀ ਰਿਸ਼ਭ ਸੰਵਾਦੀ ਧੈਵਤ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ ਰੁ ਮ̍ ਧੁ ਨ ਸੰ ਅਵਰੋਹ- ਸੰ ਨ ਧੁ, ਮ̍ ਗ ਰੁ ਸ। ਪਕੜ - ਸ, ਨ਼ ਰੁ ਗ ਰੁ, ਮ̍ ਗ ਰੁ, ਧੁ - ਮ̍ ਗ ਰੁ, ਨ਼ ਧੁ਼ ਨ਼, ਰੁ ਸ। ਸੰਤ ਸਰਵਣ ਸਿੰਘ ਗੰਧਰਵ ਨੇ ਵੀ 'ਸੁਰ ਸਿਮਰਣ ਸੰਗੀਤ' ਭਾਗ-ਚੌਥਾ ਵਿੱਚ ਗਉੜੀ ਗੁਆਰੇਰੀ ਨੂੰ ਪੂਰਵੀ ਥਾਟ ਦਾ ਹੀ ਰਾਗ ਮੰਨਿਆ ਹੈ। ਇਸ ਵਿੱਚ ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ ਤੇ ਹੋਰ ਸਵਰ ਸ਼ੁਧ ਹਨ। ਪੰਚਮ ਵਰਜਿਤ ਹੋਣ ਕਾਰਨ ਜਾਤੀ ਸ਼ਾੜਵ-ਸ਼ਾੜਵ ਹੈ। ਵਾਦੀ ਧੈਵਤ ਸੰਵਾਦੀ ਰਿਸ਼ਭ ਹੈ। ਇਸਦਾ ਵਿਸਥਾਰ ਮੰਦਰ ਤੇ ਮੱਧ ਸਪਤਕਾਂ ਵਿੱਚ ਰਹਿੰਦਾ ਹੈ ਤੇ ਸਮਾਂ ਸ਼ਾਮ ਦਾ ਹੈ। ਆਰੋਹ- ਨ਼ ਰੁ ਗ, ਮ̍ ਧੁ ਨ ਸੰ। ਅਵਰੋਹ - ਸੰ ਨ ਧੁ ਮ̍ ਗ ਰੁ ਸ। ਪਕੜ -- ਰੁ ਗ ਰੁ, ਧੁ ਮ̍ ਗ ਨ਼, ਸ ਰੁ ਨ਼ ਸ। ਪ੍ਰੋਫ਼ੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਗਉੜੀ ਗੁਆਰੇਰੀ ਨੂੰ ਮਾਰਵਾ ਥਾਟ ਦਾ ਰਾਗ ਮੰਨਿਆ ਹੈ। ਇਸ ਵਿੱਚ ਰਿਸ਼ਭ ਕੋਮਲ ਦੋਵੇਂ ਮਧਿਅਮ, ਪੰਚਮ ਵਰਜਿਤ ਤੇ ਹੋਰ ਸਵਰ ਸ਼ੁਧ ਹਨ। ਜਾਤੀ ਔੜਵ-ਸ਼ਾੜਵ ਹੈ। ਵਾਦੀ ਗੰਧਾਰ ਸੰਵਾਦੀ ਧੈਵਤ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਸੰਗੀਤਕਾਰਾਂ ਨੇ ਇਸ ਨੂੰ ਸ਼ਾਮ ਦਾ ਸੰਧੀ ਪ੍ਰਕਾਸ਼ ਰਾਗ ਮੰਨਿਆ ਹੈ। ਆਰੋਹ - ਸਗ, ਮ̍ ਧ ਨ ਸੰ। ਅਵਰੋਹ - ਸੰ ਨ ਧ, ਮ̍,

## ਰਾਗੁ ਗਉੜੀ ਗੁਆਰੇਰੀ

ਧ ਗ ਮ̍ਗ, ਮ̍ਗ, ਰੁ ਸ। ਮੁਖ ਅੰਗ – ਨ਼ ਧ, ਮ̍ ਧ, ਗ ਮ̍ ਗ, ਮ̍ ਗ, ਰੁ ਸ। ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨੇ 'ਪ੍ਰਾਚੀਨ ਰੀਤ ਰਤਨਾਵਲੀ' ਭਾਗ–ਪਹਿਲਾ ਵਿੱਚ ਰਾਗੁ ਗਉੜੀ ਗੁਆਰੇਰੀ ਨੂੰ ਮਾਰਵਾ ਅੰਗ ਦਾ ਰਾਗ ਮੰਨਿਆ ਹੈ। ਇਸ ਵਿੱਚ ਰਿਸ਼ਭ ਕੋਮਲ, ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਆਰੋਹ ਵਿੱਚ ਰਿਸ਼ਭ ਤੇ ਪੰਚਮ ਅਤੇ ਅਵਰੋਹ ਵਿਚ ਪੰਚਮ ਵਰਜਿਤ ਹਨ ਅਤੇ ਜਾਤੀ ਔੜਵ–ਸ਼ਾੜਵ ਹੈ। ਵਾਦੀ ਗੰਧਾਰ ਸੰਵਾਦੀ ਸ਼ੜਜ ਤੇ ਸਮਾਂ ਸ਼ਾਮ ਦਾ ਹੈ। ਆਰੋਹ – ਸ ਗ ਮ̍ ਧ ਨ ਸੰ। ਅਵਰੋਹ – ਸੰ ਨ ਧ ਮ̍ ਗ ਰੁ ਸ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ–ਕੋਸ਼' ਵਿੱਚ ਗਉੜੀ ਗੁਆਰੇਰੀ ਦਾ ਇੱਕ ਸਰੂਪ ਸ਼੍ਰੀ ਅੰਗ, ਪੂਰਵੀ ਥਾਟ, ਜਾਤੀ ਔੜਵ–ਸ਼ਾੜਵ, ਵਾਦੀ ਰਿਸ਼ਭ ਤੇ ਸੰਵਾਦੀ ਪੰਚਮ ਮੰਨਿਆ ਹੈ। ਆਰੋਹ – ਸ ਰੁ ਮ̍ ਪ ਨ ਸੰ। ਅਵਰੋਹ – ਸੰ ਨ ਧੁ ਪ ਮ̍ ਗ ਰੁ ਸ। ਮੁਖ ਅੰਗ– ਰੁ ਨ਼, ਸ, ਪ, ਮ̍ ਰੁ ਸ। ਦੂਜਾ ਸਰੂਪ ਮਾਰਵਾ ਥਾਟ, ਜਾਤੀ ਔੜਵ–ਸ਼ਾੜਵ, ਵਾਦੀ ਗੰਧਾਰ, ਸੰਵਾਦੀ ਧੈਵਤ, ਤੇ ਪੰਚਮ ਵਰਜਿਤ ਤੇ ਨਿਆਸ ਸੁਰ ਨਿਸ਼ਾਦ ਮੰਨਿਆ ਹੈ। ਆਰੋਹ – ਸ ਗ ਮ̍ ਧ ਨ ਸੰ। ਅਵਰੋਹ – ਸੰ ਨ ਧ, ਮ̍ ਗ,ਮ̍ ਗ, ਰੁ ਸ। ਮੁਖ ਅੰਗ – ਨ਼ ਸ ਗ, ਮ̍ ਧ ਮ̍ ਗ, ਮ̍ ਗ ਰੁ ਸ।

ਮਾਰਵਾ ਥਾਟ ਦਾ ਇਹ ਰਾਗ ਆਪਣੇ ਆਪ ਵਿੱਚ ਇੱਕ ਸੁਤੰਤਰ ਰਾਗ ਬਣ ਜਾਂਦਾ ਹੈ। ਭਾਵੇਂ ਇਸ ਵਿੱਚ ਮਾਰਵਾ, ਪੂਰੀਆ ਤੇ ਸੋਹਣੀ ਰਾਗਾਂ ਦੀ ਝਲਕ ਨਜ਼ਰ ਆਉਂਦੀ ਹੈ, ਪਰ ਗਉੜੀ ਅੰਗ ਰੁ ਗ ਰੁ ਸ ਨ਼ ਦੇ ਜੋੜਨ ਨਾਲ ਇਸ ਦਾ ਇੱਕ ਆਪਣਾ ਵੱਖਰਾ ਚਲਣ ਬਣ ਜਾਂਦਾ ਹੈ ਤੇ ਇਹ ਰਾਗ ਦੂਜਿਆਂ ਰਾਗਾਂ ਤੋਂ ਵੱਖ ਹੋ ਜਾਂਦਾ ਹੈ। ਮਾਰਵਾ ਵਿੱਚ ਸ, ਨ਼ ਰੁ, ਨ਼ ਧ਼, ਨ਼ ਰੁ, ਗ ਰੁ, ਗ ਮ̍ ਧ ਮ̍ ਗ ਰੁ, ਨ਼ ਰੁ ਸ ਸਵਰਾਂ ਦੇ ਪ੍ਰਯੋਗ ਨਾਲ ਰਾਗ ਦਾ ਚਲਣ ਬਣਦਾ ਹੈ। ਰਿਸ਼ਭ ਤੇ ਧੈਵਤ  ਤੇ ਨਿਆਸ ਹੈ। ਰਿਸ਼ਭ ਧੈਵਤ ਦਾ ਸੰਵਾਦ ਹੈ। ਰਾਗ ਪੂਰੀਆ ਵਿੱਚ ਗੰਧਾਰ–ਨਿਸ਼ਾਦ ਦਾ ਸੰਵਾਦ ਹੈ। ਮੰਦਰ ਤੇ ਮੱਧ ਸਪਤਕ ਵਿੱਚ ਰਾਗ ਦਾ ਚਲਣ ਜ਼ਿਆਦਾ ਬਣਿਆ ਰਹਿੰਦਾ ਹੈ। ਇਸ ਵਿੱਚ ਨ਼ ਧ਼ ਨ਼, ਨ਼ ਰੁ ਗ, ਗ ਮ̍ ਗ, ਰੁ ਸ, ਨ਼ ਸ ਨ਼ ਧ਼ ਨ਼, ਮ਼̍ ਧ਼ ਨ਼ ਸਵਰਾਂ ਦਾ ਪ੍ਰਯੋਗ ਬਾਰ–ਬਾਰ ਕੀਤਾ ਜਾਂਦਾ ਹੈ। ਰਾਗ ਸੋਹਣੀ ਦਾ ਵਿਸਥਾਰ ਮੱਧ ਤੇ ਤਾਰ ਸਪਤਕ ਵਿੱਚ ਹੀ ਜ਼ਿਆਦਾ ਰਹਿੰਦਾ ਹੈ। ਧੈਵਤ–ਗੰਧਾਰ ਦਾ ਸੰਵਾਦ ਹੈ। ਗ ਮ̍ ਧ ਨ ਸੰ, ਰੁੰ ਸੰ, ਸੰ ਨ ਧ ਨ ਧ ਮ̍ ਗ ਸਵਰ ਸੰਗਤੀਆਂ ਦਾ ਪ੍ਰਯੋਗ ਜ਼ਿਆਦਾ ਕੀਤਾ ਜਾਂਦਾ ਹੈ। ਪਰ ਗਉੜੀ ਗੁਆਰੇਰੀ ਦਾ ਚਲਣ ਜ਼ਿਆਦਾ ਕਰਕੇ ਮੱਧ ਸਪਤਕ ਵਿੱਚ ਹੀ ਰਹਿੰਦਾ ਹੈ। ਗ ਮ̍ ਗ, ਸੰ ਨ ਧ, ਮ̍ ਧ ਮ̍ ਗ, ਰੁ ਸ, ਰੁ ਗ ਰੁ ਸ ਨ਼ ਸਵਰਾਂ ਦੇ ਪ੍ਰਯੋਗ ਨਾਲ ਇਹ ਰਾਗ ਦੂਜੇ ਸਮਪ੍ਰਕ੍ਰਿਤਕ ਰਾਗਾਂ ਤੋਂ ਵੱਖ ਹੋ ਜਾਂਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਮਾਰਵਾ ਥਾਟ ਦੇ ਰਿਸ਼ਭ ਕੋਮਲ, ਮਧਿਅਮ ਤੀਵਰ, ਪੰਚਮ ਵਰਜਿਤ ਦੇ ਔੜਵ–ਸ਼ਾੜਵ ਜਾਤੀ ਦੇ ਰਾਗੁ ਗਉੜੀ ਗੁਆਰੇਰੀ ਨੂੰ ਹੀ ਪ੍ਰਵਾਣਿਤ ਕੀਤਾ ਹੈ ਤੇ 'ਗੁਰਮਤਿ ਸੰਗੀਤ ਵਿਸ਼ੇਸ਼ ਅੰਕ' ਵਿੱਚ ਵੀ ਇਹੀ ਸਰੂਪ ਦਿੱਤਾ ਗਿਆ ਹੈ। ਇਹੀ ਸਰੂਪ ਇੱਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਖ ਰਾਗਾਂ ਵਿੱਚ ਰਾਗੁ ਗਉੜੀ ਨੂੰ ਤੀਜਾ ਅਸਥਾਨ ਪ੍ਰਾਪਤ ਹੈ। ਗਉੜੀ ਦੇ ਪ੍ਰਕਾਰਾਂ ਵਿੱਚੋਂ ਸਭ ਤੋਂ ਪਹਿਲਾਂ ਰਾਗੁ ਗਉੜੀ ਗੁਆਰੇਰੀ ਵਿੱਚ ਬਾਣੀ ਦੀ ਰਚਨਾ ਹੈ ਤੇ ਇਹ ਸ਼ਬਦ ਰਚਨਾ ਗਉੜੀ ਦੇ ਹੋਰ ਪ੍ਰਕਾਰਾਂ ਤੋਂ ਜ਼ਿਆਦਾ ਹੈ। ਸ਼ਬਦ ਤਰਤੀਬ ਇਸ ਪ੍ਰਕਾਰ ਹੈ। ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ ਪੰਨਾ ੧੫੧ ਤੋਂ ੧੫੨ ਸ਼ਬਦ ਅੰਕ ॥੩॥੧॥ ਤੋਂ ॥੪॥੪॥ ਤੱਕ ੪ ਸ਼ਬਦ, ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ ਪੰਨਾ ੨੨੦ ਤੋਂ ੨੨੮ ਸ਼ਬਦ ਅੰਕ ॥੮॥੧॥ ਤੋਂ ॥੮॥੧੬॥ ੧੬ ਅਸਟਪਦੀਆਂ ਕੁਲ ੨੦ ਸ਼ਬਦ ਹਨ। ਰਾਗੁ ਗਉੜੀ ਗੁਆਰੇਰੀ। ਮਹਲਾ ੩ ਚਉਪਦੇ॥ ਪੰਨਾ ੧੫੭ ਤੋਂ ੧੬੨ ਸ਼ਬਦ ਅੰਕ ॥੪॥੧॥੨੧॥ ਤੋਂ ॥੪॥੧੪॥੩੪॥ ੧੪ ਸ਼ਬਦ ਤੇ ਪੰਨਾ ੨੨੯ ਤੋਂ ੨੩੩ ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ ਸ਼ਬਦ ਅੰਕ ॥੮॥੧॥ ਤੋਂ ॥੮॥੮॥ ੮ ਸ਼ਬਦ ਕੁਲ ੨੨ ਸ਼ਬਦ ਹਨ। ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ ਪੰਨਾ ੧੬੩ ਤੋਂ ੧੬੫ ਸ਼ਬਦ ਅੰਕ ॥੪॥੧॥੩੯ ਤੋਂ ॥੪॥੬॥੪੪ ੬ ਸ਼ਬਦ ਫਿਰ ਪੰਨਾ ੧੬੬ ਅੰਕ ॥੪॥੩॥੯॥੪੭॥ ਇਕ ਸ਼ਬਦ, ਇਹ ੭ ਸ਼ਬਦ ਹਨ। ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ ਪੰਨਾ ੧੭੫ ਤੋਂ ੧੮੫ ਸ਼ਬਦ ਅੰਕ ॥੪॥੨॥੭੧॥ ਤੋਂ ॥੪॥੨੮॥੯੭॥ ਫਿਰ ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ ਪੰਨਾ ੧੮੫ ਤੋਂ ੨੦੨ ਸ਼ਬਦ ਅੰਕ ॥੪॥੨੯॥੯੮॥ ਤੋਂ ॥੪॥੧੧੩॥ ੧੧੩ ਸ਼ਬਦ ਹਨ। ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ ਪੰਨਾ ੨੩੫ ਤੋਂ ੨੪੦ ਸ਼ਬਦ ਅੰਕ ॥੮॥੧॥ ਤੋਂ ॥੮॥੧੧॥ ੧੧ ਸ਼ਬਦ, ਕੁਲ ੧੨੪ ਸ਼ਬਦ ਹਨ। ਰਾਗੁ ਗਉੜੀ ਭਗਤਾਂ ਕੀ ਬਾਣੀ ਵਿੱਚ ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪ ਪੰਨਾ ੩੨੩ ਤੋਂ ੩੩੦ ਸ਼ਬਦ ਅੰਕ ॥੪॥੧॥ ਤੋਂ ॥੨॥੩੫॥ (ਗਉੜੀ ਗੁਆਰੇਰੀ ਕੇ ਪਦੇ ਪੈਤੀਸ)। ਫਿਰ ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ ਪੰਨਾ ੩੩੦ ਸ਼ਬਦ ਅੰਕ ॥੯॥੧॥੩੬॥ ਤੋਂ ॥੨॥੩੭॥ ਦੋ ਸ਼ਬਦ ਹਨ। ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ ਪੰਨਾ ੩੪੫ ਸ਼ਬਦ ਅੰਕ ॥੩॥੧॥ ਤੋਂ ॥੩॥੨॥ ਦੋ ਸ਼ਬਦ ਹਨ।

**ਪਰੀਚੈ:-**

ਰਾਗੁ- ਗਉੜੀ ਗੁਆਰੇਰੀ ਥਾਟ-ਮਾਰਵਾ

ਸਵਰ- ਰਿਸ਼ਭ ਕੋਮਲ, ਮਧਿਅਮ ਤੀਵਰ, ਹੋਰ ਸਭ ਸ਼ੁਧ

ਵਰਜਿਤ ਸਵਰ-ਆਰੋਹ ਵਿੱਚ ਰਿਸ਼ਭ ਤੇ ਪੰਚਮ ਤੇ ਅਵਰੋਹ ਵਿਚ ਪੰਚਮ

ਜਾਤੀ - ਔੜਵ-ਸ਼ਾੜਵ ਵਾਦੀ-ਗੰਧਾਰ ਸੰਵਾਦੀ-ਧੈਵਤ

ਸਮਾਂ - ਦਿਨ ਦਾ ਚੌਥਾ ਪਹਿਰ (ਸ਼ਾਮ ਦਾ ਸੰਧੀ ਪ੍ਰਕਾਸ਼)

## ਰਾਗੁ ਗਉੜੀ ਗੁਆਰੇਰੀ

**ਆਰੋਹ- ਸ ਗ, ਮ̍ ਧ, ਨ ਸੰ ਅਵਰੋਹ-ਸੰ ਨ ਧ, ਮ̍ ਗ ਰੁ ਸ, ਰੁ ਗ ਰੁ ਸ ਨ਼**

**ਮੁਖ ਅੰਗ (ਪਕੜ) - ਸੰ ਨ ਧ, ਮ̍ ਧ ਮ̍ ਗ ਰੁ ਸ, ਰੁ ਗ ਰੁ ਸ ਨ਼**

**ਸਵਰ ਵਿਸਥਾਰ:-**

1. ਸ, ਨ਼ ਸ, ਸ ਨ਼ ਧ਼, ਨ਼ ਸ, ਸ ਗ, ਸ ਗ ਮ̍ ਗ, ਧ ਮ̍ ਗ, ਰੁ ਸ, ਰੁ ਗ ਰੁ ਸ ਨ਼, ਸ।
2. ਸ ਗ, ਗ ਮ̍ ਗ, ਰੁ ਸ, ਸ ਗ ਮ̍ ਧ ਮ̍ ਗ, ਮ̍ ਧ ਮ̍ ਗ, ਗ ਮ̍ ਧ ਮ̍ ਗ, ਗ ਮ̍ ਧ ਨ ਧ, ਸੰ ਨ ਧ, ਮ̍ ਧ ਨ ਸੰ, ਸੰ ਰੁੰ ਸੰ, ਸੰ ਨ ਧ, ਮ̍ ਧ ਮ̍ ਗ, ਗ ਮ̍ ਧ ਮ̍ ਗ, ਮ̍ ਗ ਰੁ ਸ, ਰੁ ਗ ਰੁ ਸ, ਨ਼ ਸ।
3. ਗ ਮ̍ ਧ ਨ ਧ, ਮ̍ ਧ ਨ ਧ, ਮ̍ ਧ ਨ, ਮ̍ ਧ ਨ ਸੰ, ਨ ਸੰ ਰੁੰ ਸੰ, ਨ ਸੰ ਨ, ਰੁੰ ਗੰ ਰੁੰ ਸੰ ਨ, ਸੰ ਨ ਧ, ਮ̍ ਧ ਮ̍ ਨ ਧ, ਮ̍ ਧ ਮ̍ ਗ, ਗ ਮ̍ ਧ ਮ̍ ਗ, ਗ ਮ̍ ਗ, ਮ̍ ਗ ਰੁ ਸ ਨ਼, ਰੁ ਗ ਰੁ ਸ, ਨ਼ ਸ।

## ਗਉੜੀ ਮਹਲਾ ੫॥ (੧੯੩)

**ਹਿਰਦੈ ਚਰਨ ਕਮਲ ਪ੍ਰਭ ਧਾਰੇ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥ ਗੋਵਿੰਦ ਗੁਣ ਗਾਵਹੁ ਮੇਰੇ ਭਾਈ॥ ਮਿਲਿ ਸਾਧੂ ਹਰਿ ਨਾਮੁ ਧਿਆਈ॥੧॥ਰਹਾਉ॥ ਦੁਲਭ ਦੇਹ ਹੋਈ ਪਰਵਾਨੁ॥ ਸਤਿਗੁਰ ਤੇ ਪਾਇਆ ਨਾਮ ਨੀਸਾਨੁ॥੨॥ ਹਰਿ ਸਿਮਰਤ ਪੂਰਨ ਪਦੁ ਪਾਇਆ॥ ਸਾਧਸੰਗਿ ਭੈ ਭਰਮ ਮਿਟਾਇਆ॥੩॥ ਜਤ ਕਤ ਦੇਖਉ ਤਤ ਰਹਿਆ ਸਮਾਇ॥ ਨਾਨਕ ਦਾਸ ਹਰਿ ਕੀ ਸਰਣਾਇ॥੪॥੬੯॥੧੩੮॥**

ਪਦ ਅਰਥ:- ਨਿਸਤਾਰੇ- ਪਾਰ ਲੰਘ ਜਾਂਦੇ ਹਨ। ਦੁਲਭ-ਮੁਸ਼ਕਲ ਨਾਲ ਪ੍ਰਾਪਤ ਹੋਇਆ। ਨੀਸਾਨੁ-ਪਰਵਾਨਾ, ਰਾਹਦਾਰੀ। ਪੂਰਨ ਪਦੁ-ਆਤਮਕ ਅਵਸਥਾ। ਭੈ-ਡਰ। ਤਤ-ਉਧਰ ਹੀ।

### ਰਾਗੁ ਗਉੜੀ ਗੁਆਰੇਰੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | - | ਮ̍ | ਧ | ਮ̍ | ਗ | ਰੁ | ਸ |
| | | | | | | | | ਗੋ | S | ਵਿੰ | ਦ | ਗੁ | S | ਣ | S |
| ਸ | ਸਸ | ਗ | ਮ̍ | ਗ | ਰੁ | ਸ | - | ਗ | ਮ̍ | ਧ | ਨ | ਸੰ | ਨ | ਧ | ਧ |
| ਗਾ | ਵਹੁ | ਮੇ | ਰੇ | ਭਾ | S | ਈ | S | ਮਿ | ਲਿ | ਸਾ | S | ਧੂ | S | ਹ | ਰਿ |
| ਮ̍ | - | ਗ | ਗ | ਰੁਗ | ਰੁਸ | ਨ਼ਸ | ਨ਼ | | | | | | | | |
| ਨਾ | S | ਮੁ | ਧਿ | ਆS | SS | ਈS | S | | | | | | | | |
| x | | | | 2 | | | | 0 | | | | 3 | | | |

**ਅੰਤਰਾ**

| | | | |
|---|---|---|---|
| | | ਗ ਮ ਗ - | ਮ ਧ ਨ - |
| | | ਹਿ ਰ ਦੈ ऽ | ਚ ਰ ਨ ऽ |
| ਸੰ ਸੰਸੰ ਧਧ ਨ | ਸੰ - ਰੁੰ ਸੰ | ਸੰ - ਧ ਨ | ਸੰ ਨੀ ਧ ਧ |
| ਕ ਮਲ ਪ੍ਰ ਭ | ਧਾ ऽ ਰੇ ऽ | ਪੂ ऽ ਰੇ ऽ | ਸ ਤਿ ਗੁ ਰ |
| ਮ ਧ ਮ ਗ | ਰੁਗ ਮਗ ਰੁਸ ਨ਼ | | |
| ਮਿ ਲਿ ਨਿ ਸ | ਤਾऽ ऽऽ ਰੇऽ ऽ | | |
| x | 2 | 0 | 3 |

**ਤਾਨਾਂ:-**

1. ਰੁਗ ਰੁਸ ਨ਼ਸ ਗਮ ਧਮ ਗਮ ਗਰੁ ਸ-
2. ਗਮ ਧਨ ਸੰਨ ਧਧ ਮਧ ਮਗ ਰੁਗ ਰੁਸ
3. ਗਮ ਧਨ ਸੰ- ਧਨ ਸੰਨ ਧਮ ਗਰੁ ਸ-
4. ਗਮ ਧਮ ਧਨੀ ਧਮ ਸੰਨ ਧਮ ਗਰੁ ਸ-
5. ਰੁਗ ਰੁਸ ਗਮ ਗਰੁ ਮਧ ਮਗ ਧਨ ਧਮ ਨਸੰ ਨਧ ਧਨ ਧਮ
   ਮਧ ਮਗ ਰੁਗ ਰੁਸ
6. ਸਗ ਮਗ ਰੁਗ ਰੁਸ ਗਮ ਧਮ ਗਮ ਗਰੁ ਮਧ ਨਸੰ ਧਨ ਧਮ
   ਗਮ ਧਮ ਗਰੁ ਸ-
7. ਗਮ ਧਗ ਮਧ ਗਮ ਧਮ ਗਮ ਗਰੁ ਸ- ਧਨ ਸੰਧ ਨਸੰ ਧਨ
   ਸੰਨ ਧਮ ਗਰੁ ਸ-
8. ਸਗ ਮਗ ਗਮ ਧਮ ਮਧ ਨਧ ਧਨ ਸੰਨ ਸੰਰੁੰ ਸੰਨ ਧਨ ਧਮ
   ਮਧ ਮਗ ਰੁਸ ਨ਼ਸ

**ਤਿਹਾਈਆਂ:-**

1. 9ਵੀਂ ਤੋਂ 12ਵੀਂ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ ਪਹਿਲੀ ਤੋਂ ਚੌਥੀ ਮਾਤਰ ਤਕ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਜੋੜ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 8ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3. 9ਵੀਂ ਤੋਂ ਦੂਜੀ ਮਾਤਰ ਤਕ 10 ਮਾਤਰਾਂ ਦੇ ਟੁਕੜੇ ਨੂੰ ਦੁਗੁਨ ਵਿੱਚ 5 ਮਾਤਰਾਂ

ਵਿੱਚ ਪਹਿਲੀ ਮਾਤਰ ਤੋਂ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ 9ਵੀਂ ਤੋਂ 16ਵੀਂ ਮਾਤਰ ਤਕ ਦੁਗੁਨ ਵਿਚ ਲੈ ਕੇ ਸੱਮ ਤੇ ਆਉਣਾ ਹੈ।

4. 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਗੁਆਰੇਰੀ ਮਹਲਾ ੫ ॥ (੧੮੧)

ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥ ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ॥੧॥ ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ॥੧॥ ਰਹਾਉ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ॥ ਜਹ ਪੇਖਉ ਤਹਾ ਤੁਮ ਬਸਨਾ॥ ਨਿਰਭਉ ਨਾਮੁ ਜਪਉ ਤੇਰਾ ਰਸਨਾ॥੨॥ ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ॥ ਰੰਗ ਰਸਾ ਤੂੰ ਮਨਹਿ ਅਧਾਰੁ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ॥੩॥ ਮਨ ਤਨ ਅੰਤਰਿ ਤੁਹੀ ਧਿਆਇਆ॥ ਮਰਮੁ ਤੁਮਾਰਾ ਗੁਰ ਤੇ ਪਾਇਆ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ॥੪॥੧੮॥੮੭॥

ਪਦ ਅਰਥः- ਸਖਾ-ਸਾਥੀ। ਹੀਤੁ-ਹਿਤੁ, ਪਿਆਰ। ਪਤਿ-ਇੱਜ਼ਤ। ਲਾਲਨ-ਸੋਹਣਾ ਲਾਲ। ਖਾਨ-ਸਰਦਾਰ। ਪੇਖਉ-ਵੇਖਦਾ ਹਾਂ। ਬਸਨਾ-ਵੱਸਦਾ। ਨਵ ਨਿਧਿ-ਧਰਤੀ ਦੇ ਨੌ ਖਜ਼ਾਨੇ। ਭੰਡਾਰੁ-ਖ਼ਜ਼ਾਨਾ। ਅਧਾਰੁ-ਆਸਰਾ। ਰਚੀਆ-ਸੁਰਤਿ ਜੋੜੀ ਹੋਈ ਹੈ। ਤਕੀਆ-ਸਹਾਰਾ। ਮਰਮੁ-ਭੇਦ। ਟੇਕੈ-ਸਹਾਰਾ, ਆਸਰਾ।

## ਰਾਗੁ ਗਉੜੀ ਗੁਆਰੇਰੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | ਮ̍ | ਧ | ਮ̍ | ਗ | ਰੁ | ਸ | ਸ |
| | | | | | | | | ਤੂੰ | S | ਮੇ | ਰੇ | S | ਲਾ | ਲ | ਨ |
| ਗ | - | ਰੁ | ਗ | ਰੁਰੁ | ਸ | ਨ਼ | - | ਗ | ਮ̍ | ਧ | ਮ̍ | ਮ̍ਧ | ਨ | ਸੰਨ | ਧ |
| ਤੂੰ | S | ਮੇ | ਰੇ | ਪ੍ਰਾ | S | ਨ | S | ਤੂੰ | S | ਮੇ | ਰੇ | ਸਾS | S | ਹਿS | ਬ |
| ਮ̍ | ਧ | ਮ̍ | ਗ | ਰੁਗ | ਰੁਸ | ਨ਼ਸ | ਨ਼ | | | | | | | | |
| ਤੂੰ | S | ਮੇ | ਰੇ | ਖਾS | SS | ਨS | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| 9 | 10 | 11 | 12 | 13 | 14 | 15 | 16 |
|---|---|---|---|---|---|---|---|
| ਮ̍ | ਧ | ਮ̍ | ਗ | ਮ̍ | ਧ | - | ਨ |
| ਤੂੰ | S | ਮੇ | ਰਾ | ਸ | ਖਾ | S | S |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸਂ | ਸਂ | ਸਂ | ਸਂ | ਸਂ | ਰੁਂ | ਸਂ | - | ਨ | ਸਂ | ਰੁਂ | ਸਂ | ਨਨ | ਸਂ | ਨ | ਧ |
| ਤੂੰ | ਹੀ | ਮੇ | ਰਾ | ਮੀ | S | ਤੁ | S | ਤੂੰ | S | ਮੇ | ਰਾ | ਪ੍ਰੀ | S | ਤ | ਮੁ |
| ਮ̍ | ਧ | ਮ̍ | ਗ | ਮ̍ਧ | ਮ̍ਗ | ਰੁਗ | ਰੁਸ | | | | | | | | |
| ਤੁ | ਮ | ਸਂ | ਗਿ | ਹੀS | SS | ਤੁS | SS | | | | | | | | |
| x | | | | 2 | | | | 0 | | | | 3 | | | |

## ਗਉੜੀ ਮਹਲਾ ੫ ॥ (੧੮੭-੮੮)

**ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ॥੧॥ ਏਕਾ ਟੇਕ ਮੇਰੈ ਮਨਿ ਚੀਤ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥੧॥ ਰਹਾਉ ॥ ਮੀਤੁ ਹਮਾਰਾ ਵੇਪਰਵਾਹਾ॥ ਗੁਰ ਕਿਰਪਾ ਤੇ ਮੋਹਿ ਅਸਨਾਹਾ॥੨॥ ਮੀਤੁ ਹਮਾਰਾ ਅੰਤਰਜਾਮੀ ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ॥੩॥ ਹਮ ਦਾਸੇ ਤੁਮ ਠਾਕੁਰ ਮੇਰੇ ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥**

ਪਦ ਅਰਥः- ਹਮ-ਮੈਂ। ਮਾਨਾ-ਮੰਨਦਾ ਹਾਂ। ਕੁਸਲ-ਸੁੱਖ। ਕੁਸਲ ਸਮਾਨਾ-ਸੁਖ-ਰੂਪ। ਮਨਿ ਚੀਤ-ਮਨ-ਚਿੱਤ ਵਿੱਚ। ਕਿਛੁ ਕਰਣਾ-ਇਹ ਸਾਰੀ ਰਚਨਾ। ਵੇਪਰਵਾਹਾ-ਬੇ-ਮੁਥਾਜ। ਅਸਨਾਹਾ-ਪਿਆਰ। ਅੰਤਰਜਾਮੀ-ਦਿਲ ਦੀ ਜਾਨਣ ਵਾਲਾ। ਸਮਰਥ-ਸਭ ਤਾਕਤਾਂ ਦਾ ਮਾਲਕ। ਦਾਸੇ-ਸੇਵਕ। ਠਾਕੁਰ-ਮਾਲਕ। ਮਹਤੁ-ਮਹੱਤਤਾ, ਵਡਿਆਈ।

### ਰਾਗੁ ਗਉੜੀ ਗੁਆਰੇਰੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਗਮ̍ | ਧ | ਮ̍ | ਗ | ਰੁ | ਸ | ਸਂਨ | ਧਨ | ਧਮ̍ | ਗ | ਮ̍ | ਗ |
| ਏS | S | ਕਾ | ਟੇ | S | ਕ | ਮੇS | ਰੈS | ਮਨਿ | ਚੀ | S | ਤ |
| ਸਂਸਂ | ਨ | ਧ | ਮ̍ | ਗ | ਗ | ਗਮ̍ | ਧ | ਮ̍ | ਗ | ਰੁ | ਸ |
| ਜਿਸੁ | ਕਿ | ਛੁ | ਕ | ਰ | ਣਾ | ਸੁS | ਹ | ਮ | ਰਾ | ਮੀ | ਤ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਗ | ਮ̍ | ਗ | ਮ̍ | ਧ | ਨ | ਸਂ | ਸਂ | ਸਂਸਂ | ਧ | ਨ | ਸਂ |
| ਮੀ | ਤੁ | S | ਕ | ਰੈ | S | ਸੋ | ਈ | ਹਮ | ਮਾ | S | ਨਾ |
| ਧਨ | ਸਂਰੁਂ | ਸਂ | ਨਨ | ਸਂਨ | ਧ | ਧਨ | ਧਮ̍ | ਗ | ਗਮ̍ | ਗਰੁ | ਸ |
| ਮੀS | ਤS | ਕੇ | ਕਰ | ਤS | ਬ | ਕੁS | ਸS | ਲ | ਸS | ਮਾS | ਨਾ |
| x | | 0 | | 2 | | 0 | | 3 | | 4 | |

## ਰਾਗੁ ਗਉੜੀ ਗੁਆਰੇਰੀ

**ਤਾਨਾਂ:-**

1. ਗਮ॑ ਗਰੁ ਸ- ਗਮ॑ ਧਨ ਸੰਨ ਧਮ॑ ਮ॑ਧ ਮ॑ਗ ਗਮ॑ ਗਗ ਰੁਸ
2. ਰੁਗ ਰੁਸ ਗਮ॑ ਗਰੁ ਮ॑ਧ ਮ॑ਗ ਧਨ ਧਮ॑ ਸੰਨ ਧਮ॑ ਗਰੁ ਸ-
3. ਗਮ॑ ਧਨ ਸੰ- ਧਨ ਸੰਨ ਧਮ॑ ਧਨ ਧਮ॑ ਮ॑ਧ ਮ॑ਗ ਰੁਗ ਰੁਸ

**ਤਿਹਾਈਆਂ:-**

1. ਪਹਿਲੀ ਤੋਂ ਛੇਵੀਂ ਮਾਤਰ ਬੰਦਸ਼ ਅਨੁਸਾਰ ਗਾ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਨੂੰ ਦੋ ਵਾਰ ਹੋਰ ਗਾ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 6ਵੀਂ ਮਾਤਰ ਬੰਦਸ਼ ਅਨੁਸਾਰ ਗਾ ਕੇ ਫਿਰ 7ਵੀਂ-8ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. ਬੰਦਸ਼ ਅਨੁਸਾਰ ਅਸਥਾਈ ਦਾ ਪਹਿਲਾ ਚੱਕਰ ਲੈ ਕੇ 2 ਮਾਤਰਾਂ ਦਾ ਦਮ ਫਿਰ 9ਵੀਂ ਤੋਂ 12ਵੀਂ ਮਾਤਰ ਦਾ ਟੁਕੜਾ ਫਿਰ ਦਮ ਤੇ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### ਗਉੜੀ ਕਬੀਰ ਜੀ॥ (੩੨੩-੨੪)

**ਮਾਧਉ ਜਲ ਕੀ ਪਿਆਸ ਨ ਜਾਇ॥ ਜਲ ਮਹਿ ਅਗਨਿ ਉਠੀ ਅਧਿਕਾਇ॥੧॥ ਰਹਾਉ॥ ਤੂੰ ਜਲਨਿਧਿ ਹਉ ਜਲ ਕਾ ਮੀਨੁ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ॥੧॥ ਤੂੰ ਪਿੰਜਰੁ ਹਉ ਸੂਅਟਾ ਤੋਰ॥ ਜਮੁ ਮੰਜਾਰੁ ਕਹਾ ਕਰੈ ਮੋਰ॥੨॥ ਤੂੰ ਤਰਵਰੁ ਹਉ ਪੰਖੀ ਆਹਿ॥ ਮੰਦਭਾਗੀ ਤੇਰੋ ਦਰਸਨੁ ਨਾਹਿ॥੩॥ ਤੂੰ ਸਤਿਗੁਰੁ ਹਉ ਨਉਤਨੁ ਚੇਲਾ ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ॥੪॥੨॥**

ਪਦ ਅਰਥ:- ਮਾਧਉ-ਹੇ ਮਾਇਆ ਦੇ ਪਤੀ ਪ੍ਰਭੂ! ਜਲ ਮਹਿ-ਨਾਮ-ਰੂਪ ਪਾਣੀ ਪੀਂਦਿਆਂ ਪੀਂਦਿਆਂ। ਅਗਨਿ-ਤਾਂਘ ਰੂਪੀ ਅੱਗ। ਅਧਿਕਾਇ-ਵਧੀਕ। ਜਲਨਿਧਿ-ਸਮੁੰਦਰ। ਮੀਨੁ-ਮੱਛੀ। ਖੀਨੁ-ਕਮਜ਼ੋਰ, ਮੁਰਦਾ। ਪਿੰਜਰੁ-ਪਿੰਜਰਾ। ਸੂਅਟਾ-ਤੋਤਾ। ਮੰਜਾਰੁ-ਬਿੱਲਾ। ਤਰਵਰੁ-ਸੋਹਣਾਂ ਰੁੱਖ। ਨਉਤਨੁ-ਨਵਾਂ।

### ਰਾਗੁ ਗਉੜੀ ਗੁਆਰੇਰੀ ਆਡਾ ਚਾਰ ਤਾਲ ਮਾਤਰਾਂ-14 ਮੱਧ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | | | | | | ਮ॑ | ਧਧ |
| | | | | | | | | | | | | ਮਾ | ਧਉ |
| ਸੰ | ਸੰ | ਨ | ਧ | ਮ॑ | ਧ | ਮ॑ | ਗ | ਰੁ | - | ਸ | - | ਸ | ਸ |
| ਜ | ਲ | ਕੀ | ਪਿ | ਆ | ਸ | ਨ | S | ਜਾ | S | ਇ | S | ਜ | ਲ |

| | | | | | | | | | | | | | |
|---|---|---|---|---|---|---|---|---|---|---|---|---|---|
| ਗ | ਗ | ਮ॑ | ਧ | ਨ | ਧ | ਸੰ | ਨ | ਧ | ਮ॑ | ਗ | ਗ | | |
| ਮ | ਹਿ | ਅ | ਗ | ਨਿ | S | ਉ | ਠੀ | ਅ | ਧਿ | ਕਾ | ਇ | | |
| x | | 2 | | 0 | | 3 | | 0 | | 4 | | 0 | |

**ਅੰਤਰਾ**

| | | | | | | | | | | | | | |
|---|---|---|---|---|---|---|---|---|---|---|---|---|---|
| | | | | | | | | | | | | ਮ॑ | ਧ |
| | | | | | | | | | | | | ਤੂੰ | S |
| ਸੰ | ਸੰ | ਧ | ਨ | ਸੰਸੰ | - | ਧ | ਨ | ਸੰ | ਨ | ਧ | ਧ | ਧ | ਨ |
| ਜ | ਲ | ਨਿ | ਧਿ | ਹਉ | S | ਜ | ਲ | ਕਾ | S | ਮੀ | ਨੁ | ਜ | ਲ |
| ਸੰ | ਨ | ਧ | ਮ॑ਮ॑ | ਗ | ਮ॑ਮ॑ | ਧ | ਮ॑ | ਗ | - | ਰੁ | ਸ | | |
| ਮ | ਹਿ | ਰ | ਹਉ | ਜ | ਲਹਿ | ਬਿ | ਨੁ | ਖੀ | S | ਨੁ | S | | |
| x | | 2 | | 0 | | 3 | | 0 | | 4 | | 0 | |

ਤਾਨਾਂ:- ਪਹਿਲੀ ਤੋਂ 12ਵੀਂ ਮਾਤਰ ਤੱਕ

1. ਸਗ ਮ॑ਗ ਰੁਸ ਸਗ ਮ॑ਧ ਮ॑ਗ ਰੁਸ ਧਨ ਸੰਨ ਧਮ॑ ਗਗ ਰੁਸ
2. ਗਮ॑ ਧਮ॑ ਗਗ ਰੁਸ ਗਮ॑ ਧਨ ਸੰਨ ਧਮ॑ ਗਮ॑ ਧਮ॑ ਗਗ ਰੁਸ
3. ਗਮ॑ ਧਨ ਧਮ॑ ਗਮ॑ ਧਨ ਸੰਨ ਧਮ॑ ਗਮ॑ ਧਮ॑ ਗਮ॑ ਗਗ ਰੁਸ

**ਤਿਹਾਈਆਂ:-**

1. ਬੰਦਸ਼ ਅਨੁਸਾਰ ਪਹਿਲੀ ਤੋਂ ਚੌਥੀ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਫਿਰ 2 ਮਾਤਰਾਂ ਦਾ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ। ਚੌਥੀ ਮਾਤਰ ਤੇ 'S' ਦਾ ਲਗਾਉ ਹੈ।
2. ਚੌਥੀ ਮਾਤਰ ਤੇ 'S' ਦੇ ਕੇ 13ਵੀਂ ਮਾਤਰ ਤੋਂ ਚੌਥੀ ਮਾਤਰ ਤੱਕ ਦਾ ਟੁਕੜਾ ਸੱਮ ਤੋਂ ਬਰਾਬਰ ਲੈ ਕੇ ਫਿਰ ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ 2 ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ-ਦੂਜੀ ਮਾਤਰ ਤੇ ਲੈ ਕੇ ਫਿਰ 5ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਫਿਰ ਮੁਖੜਾ ਲੈ ਕੇ ਸੱਮ ਤੇ ਸਮਾਪਤ ਕਰਨਾ ਹੈ। ਚੌਥੀ ਮਾਤਰ ਤੇ 'S' ਤੇ 5ਵੀਂ ਮਾਤਰ ਤੇ 'ਪਿਆ' ਦਾ ਲਗਾਉ ਦੇਣਾ ਹੈ।

## ਗਉੜੀ ਮਹਲਾ ੫ ॥ (੧੯੯)

**ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥੧॥ਰਹਾਉ॥ ਏਕੋ ਸਿਮਰਿ ਨ ਦੂਜਾ ਭਾਉ॥ ਸੰਤਸੰਗਿ ਜਪਿ ਕੇਵਲ ਨਾਉ॥੧॥ ਕਰਮ ਧਰਮ ਨੇਮ ਬ੍ਰਤ ਪੂਜਾ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥੨॥ ਤਾ ਕੀ ਪੂਰਨ ਹੋਈ ਘਾਲ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ॥੩॥ ਸੋ ਬੈਸਨੋ ਹੈ ਅਪਰ ਅਪਾਰੁ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥**

## ਰਾਗੁ ਗਉੜੀ ਗੁਆਰੇਰੀ

ਪਦ ਅਰਥ:- ਜਾਗੈ-ਵਿਕਾਰਾਂ ਤੋਂ ਸੁਚੇਤ ਰਹੇ। ਭਾਉ-ਪਿਆਰ। ਘਾਲ-ਮਿਹਨਤ। ਬੈਸਨੋ-ਵਿਸ਼ਨੂ ਦਾ ਭਗਤ। ਅਪਰ ਅਪਾਰੁ-ਬਹੁਤ ਸ੍ਰੇਸ਼ਟ।

### ਰਾਗੁ ਗਉੜੀ ਗੁਆਰੇਰੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਗ | ਮੰਮੰ | ਧ | ਮੰ | ਗਗ | ਸੰਨ | ਧ | ਮੰਧ | ਮੰਗ | ਰੁਸ |
| ਸੋ | ਕਿਛੁ | ਕ | ਰਿ | ਜਿਤੁ | ਮੈS | ਲੁ | ਨS | ਲਾS | ਗੈS |
| ਸ | ਨੁਸ | ਗਗ | ਰੁਰੁ | ਸਸ | ਗ | ਮੰਧ | ਮੰਗ | ਰੁਗ | ਰੁਸ |
| ਹ | ਰਿS | ਕੀਰ | ਤਨ | ਮਹਿ | ਏ | ਹੁS | ਮਨੁ | ਜਾS | ਗੈS |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਗਮੰ | ਗ | ਮੰ | ਧ | ਨ | ਸੰ | ਸੰਸੰ | ਸੰ | ਰੁੰ | ਸੰ |
| ਏS | ਕੋ | ਸਿ | ਮ | ਰਿ | ਨ | ਦੂਜਾ | ਭਾ | S | ਉ |
| ਸੰ | ਗੰਰੁੰ | ਸੰ | ਸੰਨ | ਧਧ | ਮੰਧ | ਮੰਗ | ਰੁਗ | ਰੁਸ | ਨੁਸ |
| ਸੰ | ਤS | ਸੰ | ਗਿS | ਜਪਿ | ਕੇS | ਵਲ | ਨਾS | SS | ਉS |
| x | | 2 | | | 0 | | 3 | | |

**ਤਾਨਾਂ:-**

1. ਸਗਮੰਗ ਧਮੰਗਮੰ ਮੰਧਮੰਧ ਨਧਮੰਧ ਧਨਧਨ ਸੰਨਧਨ ਮੰਧਮੰਧ ਨਧਮੰਧ ਗਮੰਗਮੰ ਗਗਰੁਸ
2. ਸਗਮੰਗ ਧਮੰਗਮੰ ਗਮੰਧਮੰ ਨਧਮੰਧ ਮੰਧਨਧ ਸੰਨਧਨ ਧਨਸੰਨ ਸੰਨਧਮੰ ਮੰਧਮੰਗ ਮੰਗਰੁਸ

**ਤਿਹਾਈਆਂ:-**

1. ਪਹਿਲੀ ਮਾਤਰ ਤੇ 'ਸੋ ਕਿਛੁ' ਦਾ ਉਚਾਰਨ ਫਿਰ ਤੀਜੀ ਤੋਂ 5ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ ਚੌਥੀ ਮਾਤਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਤੀਜੀ-ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ (੩੪੫)

**ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥ ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥ ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥੧॥ ਰਾਮ ਗੁਸਈਆ ਜੀਅ ਕੇ ਜੀਵਨਾ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥੧॥ਰਹਾਉ॥ ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥ ਚਰਣ ਨ ਛਾਡਉ ਸਰੀਰ ਕਲ ਜਾਈ ॥੨॥ ਕਹੁ ਰਵਿਦਾਸ ਪਰਉ ਤੇਰੀ ਸਾਭਾ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥੩॥੧॥**

ਪਦ ਅਰਥ:- ਪੋਚ-ਨੀਚ। ਸੋਚ-ਚਿੰਤਾ। ਕੁਟਿਲਤਾ-ਖੋਟ। ਕੁਭਾਂਤੀ-ਨੀਵੀਂ ਜਾਤਿ ਵਿਚੋਂ। ਗੁਸਈਆ-ਹੇ ਧਰਤੀ ਦੇ ਸਾਂਈ! ਜੀਅ ਕੇ ਜੀਵਨਾ-ਹੇ ਮੇਰੀ ਜਿੰਦ ਦੇ ਆਸਰੇ! ਹਰਹੁ-ਦੂਰ ਕਰੋ। ਬਿਪਤਿ-ਮੁਸੀਬਤ। ਸੁਭਾਈ-ਚੰਗੀ ਭਾਵਨਾ ਵਾਲਾ। ਕਲ-ਸਤਿਆ। ਜਾਈ-ਚਲੀ ਜਾਏ। ਸਾਭਾ-ਸਰਨ। ਬੇਗਿ-ਛੇਤੀ। ਬਿਲਾਂਬਾ-ਦੇਰ।

## ਰਾਗੁ ਗਉੜੀ ਗੁਆਰੇਰੀ ਧਮਾਰ ਤਾਲ ਮਾਤਰਾਂ-14 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | ਗ | ਮ' | ਗ | ਗ | ਮ'ਗ | ਰੁ | ਸ |
| | | | | | | | ਰਾ | ਮ | S | ਗੁ | ਸਈ | ਆ | S |
| ਗਗ | ਮ' | ਗ | ਮ'ਧ | ਮ'ਗ | ਰੁ | ਸ | ਗ | ਮ' | ਗ | ਸੰ | ਨ | ਧਧ | - |
| ਜੀਅ | S | ਕੇ | ਜੀS | ਵS | ਨਾ | S | ਮੋ | ਹਿ | ਨ | ਬਿ | ਸਾ | ਰਹੁ | S |
| ਮ' | ਧ | ਮ' | ਗ | - | ਰੁਗ | ਰੁਸ | | | | | | | |
| ਮੈ | ਜ | ਨੁ | ਤੇ | S | ਰਾS | SS | | | | | | | |
| x | | | | | 2 | | 0 | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | ਗ | ਮ' | ਗ | ਮ' | ਧਧ | ਧ | ਨ |
| | | | | | | | ਮੇ | ਰੀ | S | ਸੰ | ਗਤਿ | ਪੋ | ਚ |
| ਸੰ | ਸੰ | ਸੰ | ਧ | ਨ | ਸੰ | - | ਸੰ | ਗੰ | ਰੁੰ | ਸੰਸੰ | ਸੰਸੰ | ਨਨ | ਧ |
| ਸੋ | ਚ | ਦਿ | ਨੁ | ਰਾ | ਤੀ | S | ਮੇ | ਰਾ | S | ਕਰ | ਮੁਕੁ | ਟਿਲ | ਤਾ |
| ਮ' | ਧ | ਮ' | ਮ'ਧ | ਮ'ਗ | ਰੁਗ | ਰੁਸ | | | | | | | |
| ਜ | ਨ | ਮੁ | ਕੁS | ਭਾਂS | ਤੀS | SS | | | | | | | |
| x | | | | | 2 | | 0 | | | 3 | | | |

## ਰਾਗੁ ਗਉੜੀ ਗੁਆਰੇਰੀ

**ਤਾਨਾਂ:-**

1. ਗਮਗਮ ਧਮਗਮ ਗਗਰੁਸ ਮਧਮਧ ਨਧਮਧ ਗਮਗਮ ਧਮਗਮ ਗਗਰੁਸ
   ਧਨਧਨ ਸੰਨਧਮ ਮਧਮਗ ਗਮਗਮ ਧਮਗਮ ਗਗਰੁਸ
2. ਗਮਧਮ ਗਮਗਗ ਰੁਰੁਸਸ ਗਮਧਮ ਧਨਧਮ ਗਮਧਮ ਗਮਗਗ ਰੁਰੁਸਸ
   ਗਮਧਮ ਧਨਸੰਨ ਧਨਧਮ ਗਮਧਮ ਗਮਗਗ ਰੁਰੁਸਸ

**ਤਿਹਾਈਆਂ:-**

1. ਪਹਿਲੀ ਮਾਤਰ ਤੇ ਬਿਸਰਾਮ ਦੇ ਕੇ 8ਵੀਂ ਤੋਂ 10ਵੀਂ ਮਾਤਰ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 11ਵੀਂ ਤੋਂ 14ਵੀਂ ਮਾਤਰ ਨੂੰ ਜੋੜ ਕੇ ਸੱਮ ਤੇ ਆਉਣਾ ਹੈ।
2. ਮਧ ਮਗ ਰੁਸ ਇਸ ਟੁਕੜੇ ਤੇ ਜੀS ਵS ਨਾS ਦਾ ਉਚਾਰਨ ਚੌਥੀ ਤੋਂ 6ਵੀਂ ਮਾਤਰ ਤੇ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 8ਵੀਂ ਤੋਂ 14ਵੀਂ ਮਾਤਰ ਦੇ ਟੁਕੜੇ ਨੂੰ 8ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### ਗਉੜੀ ਗੁਆਰੇਰੀ ਮਹਲਾ ੪॥ (੧੬੪)

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥ ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥੧॥ ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥ ਜਿਨ ਮਿਲਿਆ ਦੁਖ ਜਾਹਿ ਹਮਾਰੇ॥੧॥ ਰਹਾਉ॥ ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥ ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥ ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥੨॥ ਸਾਰਿੰਗ ਪ੍ਰੀਤਿ ਬਸੈ ਜਲ ਧਾਰਾ॥ ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ॥ ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ॥੩॥ ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥ ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥ ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥੪॥੩॥੪੧॥

ਪਦ ਅਰਥ:- ਪ੍ਰੀਤਿ-ਖੁਸ਼ੀ। ਪ੍ਰੀਤਿ ਕਰੇ-ਖੁਸ਼ੀ ਮਨਾਂਦੀ ਹੈ। ਮੀਨੇ-ਮੱਛੀ ਨੂੰ। ਜਲਿ-ਪਾਣੀ ਵਿਚ। ਨਾਇ-ਨਹਾ ਕੇ। ਮੁਖਿ-ਮੂੰਹ ਵਿਚ। ਹਰਿ-ਹੇ ਹਰੀ! ਹਮ-ਮੈਨੂੰ। ਬਛਰੇ-ਵੱਛੇ ਨੂੰ। ਕਾਮਨਿ-ਇਸਤਰੀ। ਪਿਰੁ-ਪਤੀ। ਸਾਰਿੰਗ-ਪਪੀਹੇ ਨੂੰ। ਜਲ ਧਾਰਾ-ਪਾਣੀ ਦੀ ਧਾਰ, ਵਰਖਾ। ਨਰਪਤਿ-ਰਾਜਾ। ਦੇਖਿ-ਵੇਖ ਕੇ। ਨਰ ਪ੍ਰਾਣੀ-ਹਰੇਕ ਮਨੁੱਖ ਨੂੰ। ਗੁਰਸਿਖ-ਗੁਰੂ ਦੇ ਸਿੱਖ ਨੂੰ। ਗਲਾਟੈ-ਗਲ ਲਾ ਕੇ। ਪਗ-ਪੈਰ। ਚਾਟੇ-ਚੁੰਮਣ ਨਾਲ।

## ਰਾਗੁ ਗਉੜੀ ਗੁਆਰੇਰੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

ਅਸਥਾਈ — ਅੰਤਰਾ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| ਗ | ਮ̍ | ਗ | ਮ̍ | ਧ | ਮ̍ | ਗ | ਸੰ | ਧ | ਨ | ਸੰਸੰ | ਰੁੰ | ਸੰ | ਸੰ |
| ਤੇ | ਹੁ | ਰਿ | ਜ | ਨ | ਹ | ਰਿ | ਮਾ | ਤਾ | S | ਪ੍ਰੀ | ਤਿ | ਕ | ਰੇ |
| ਗ | ਮ̍ | ਗ | ਰੁ | ਰੁ | ਸਸ | ਸ | ਧ | ਨ | ਸੰ | ਧ | ਨ | ਧ | - |
| ਮੇ | ਲ | ਹੁ | ਹ | ਮ | ਪਿਆ | ਰੇ | ਪੁ | S | ਤੁ | ਖਾ | S | ਇ | S |
| ਸੰ | ਨ | ਧ | ਨ | ਧ | ਮ̍ | ਗ | ਅਗਲੀ ਪੰਗਤੀ 'ਮੀਨੇ ਪ੍ਰੀਤਿ ਭਈ' ਉਪਰੋਕਤ ਅਨੁਸਾਰ | | | | | | |
| ਜਿ | ਨੁ | S | ਮਿ | ਲਿ | ਆ | S | ਸੰਸੰ | ਨ | ਧ | ਨਨ | ਧ | ਮ̍ | ਗ |
| ਗਗ | ਮ̍ | ਧ | ਮ̍ | ਗ | ਰੁ | ਸ | ਸਤਿ | ਗੁ | ਰ | ਪ੍ਰੀ | S | ਤਿ | S |
| ਦੁਖ | ਜਾ | ਹਿ | ਹ | ਮਾ | ਰੇ | S | ਗਮ̍ | ਗ | ਮ̍ | ਗ | ਰੁ | ਸ | ਸ |
| | | | | | | | ਗੁਰ | ਸਿ | ਖ | ਮੁ | ਖਿ | ਪਾ | ਇ |
| x | | | 2 | | 3 | | x | | | 2 | | 3 | |

### ਗਉੜੀ ਮਃ ੫॥ (੨੦੨)

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ॥ ਚਰਨ ਕਮਲ ਗੁਰ ਰਿਦੈ ਬਸਾਇਆ॥੧॥ ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ॥ ਰਹਾਉ॥ ਅਨਦਿਨੁ ਜਪਉ ਗੁਰੂ ਗੁਰ ਨਾਮ॥ ਤਾ ਤੇ ਸਿਧਿ ਭਏ ਸਗਲ ਕਾਂਮ॥੨॥ ਦਰਸਨ ਦੇਖਿ ਸੀਤਲ ਮਨ ਭਏ॥ ਜਨਮ ਜਨਮ ਕੇ ਕਿਲਬਿਖ ਗਏ॥੩॥ ਕਹੁ ਨਾਨਕ ਕਹਾ ਭੈ ਭਾਈ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ॥੪॥੧੧੨॥

ਪਦ ਅਰਥ:- ਚਰਨ ਕਮਲ-ਕੌਲ ਫੁਲਾਂ ਵਰਗੇ ਸੋਹਣੇ ਚਰਨ। ਧੀਰਾ-ਧੀਰਜ ਵਾਲਾ। ਅਨਦਿਨੁ-ਹਰ ਰੋਜ਼। ਕਿਲਬਿਖ-ਪਾਪ। ਭੈ-ਡਰ, ਖ਼ਤਰੇ। ਪੈਜ-ਇੱਜ਼ਤ।

## ਰਾਗੁ ਗਉੜੀ ਗੁਆਰੇਰੀ ਦਾਦਰਾ ਤਾਲ ਮਾਤਰਾਂ-6 ਮੱਧ ਲੈਅ

ਅਸਥਾਈ — ਅੰਤਰਾ

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| ਸੰ | ਨ | ਧ | ਮ̍ | ਗ | ਗ | ਮ̍ | ਧ | ਮ̍ | ਧ | ਧ | ਨ |
| ਗੁ | ਰ | S | ਗੋ | ਬਿੰ | ਦੁ | ਸਿ | ਮ | ਰਿ | ਸਿ | ਮ | ਰਿ |
| ਰੁਰੁ | ਗਗ | ਰੁ | ਸ | - | ਨ਼ | ਸੰ | ਸੰਸੰ | ਸੰਸੰ | ਧ | ਨ | ਸੰ |
| ਪਾਰ | ਬ੍ਰਹ | ਮੁ | ਪੂ | S | ਰਾ | ਸਿ | ਮਰਿ | ਸੁਖੁ | ਪਾ | ਇ | ਆ |
| ਸ | ਗ | ਮ̍ | ਧ | ਮ̍ | ਗ | ਨ | ਸੰ | ਨ | ਧ | ਮ̍ | ਗ |
| ਤਿ | ਸ | ਹਿ | ਅ | ਰਾ | ਧਿ | ਚ | ਰ | ਨ | ਕ | ਮ | ਲ |
| ਮ̍ | ਧ | ਮ̍ਮ̍ | ਗ | ਰੁ | ਸ | ਰੁਰੁ | ਗ | ਰੁ | ਸ | ਨ਼ਨ਼ | ਸ |
| ਮੇ | ਰਾ | ਮਨੁ | ਧੀ | S | ਰਾ | ਗੁਰ | ਰਿ | ਦੈ | ਬ | ਸਾਇ | ਆ |
| x | | | 0 | | | x | | | 0 | | |

# ੨-ਰਾਗੁ ਗਉੜੀ ਦਖਣੀ

ਭਾਰਤ ਵਿੱਚ ਅੱਜ ਦੋ ਸੰਗੀਤ ਪੱਧਤੀਆਂ ਉੱਤਰੀ ਸੰਗੀਤ ਪੱਧਤੀ ਤੇ ਦੱਖਣੀ ਸੰਗੀਤ ਪੱਧਤੀ ਪ੍ਰਚਲਿਤ ਹਨ, ਪਰ ਬਾਰਵੀਂ ਸ਼ਤਾਬਦੀ ਤੱਕ ਇੱਥੇ ਇੱਕੋ ਹੀ ਸੰਗੀਤ ਪੱਧਤੀ ਸੀ। ਦੱਖਣੀ ਸੰਗੀਤ ਪੱਧਤੀ ਦੇ ਵਿਦਵਾਨਾਂ ਦਾ ਮੱਤ ਹੈ ਕਿ ਦੱਖਣੀ ਪੱਧਤੀ ਭਾਵੇਂ ਕਰਨਾਟਕ, ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਪ੍ਰਾਂਤਾਂ ਵਿੱਚ ਹੀ ਸੀਮਤ ਹੈ, ਪਰ ਇਹ ਭਾਰਤੀ ਸੰਗੀਤ ਦਾ ਪ੍ਰਾਚੀਨ ਤੇ ਅਸਲ ਰੂਪ ਹੈ, ਜੋ ਵਿਦੇਸ਼ੀ ਸੰਗੀਤ ਤੋਂ ਅਪ੍ਰਭਾਵਿਤ ਰਿਹਾ ਹੈ। ਉੱਤਰੀ ਸੰਗੀਤ ਪੱਧਤੀ ਦੇ ਵਿਦਵਾਨਾਂ ਦਾ ਮੱਤ ਹੈ ਕਿ ਸੰਗੀਤ ਸਦੇਵ ਪਰਿਵਰਤਨਸ਼ੀਲ ਹੈ। ਜਿਵੇਂ ਅਸੀਂ ਰਹਿਣ ਸਹਿਣ ਵਿੱਚ ਬਾਹਰੀ ਪ੍ਰਭਾਵ ਕਬੂਲਦੇ ਹਾਂ, ਸੰਗੀਤ ਨੇ ਵੀ ਵਿਦੇਸ਼ੀ ਪ੍ਰਭਾਵ ਨੂੰ ਕਬੂਲਿਆ ਹੈ। ਅੱਜ ਉੱਤਰੀ ਸੰਗੀਤ ਦਾ ਘੇਰਾ ਏਨਾ ਵਿਸ਼ਾਲ ਹੋ ਗਿਆ ਹੈ ਕਿ ਨਾ ਕੇਵਲ ਭਾਰਤ ਸਗੋਂ ਸੰਸਾਰ ਦੇ ਕੋਨੇ ਕੋਨੇ ਵਿਚ ਉੱਤਰੀ ਸੰਗੀਤ ਮਕਬੂਲ ਹੈ ਤੇ ਹੋ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਉੱਤਰੀ ਸੰਗੀਤ ਦੇ ੧੯ ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ ਹੈ, ਉਥੇ ਦੱਖਣੀ ਸੰਗੀਤ ਪੱਧਤੀ ਦੇ ਛੇ ਰਾਗਾਂ, ਗਉੜੀ ਦਖਣੀ, ਵਡਹੰਸੁ ਦਖਣੀ, ਬਿਲਾਵਲੁ ਦਖਣੀ, ਰਾਮਕਲੀ ਦਖਣੀ, ਮਾਰੂ ਦਖਣੀ ਤੇ ਪ੍ਰਭਾਤੀ ਦਖਣੀ ਵਿੱਚ ਵੀ ਬਾਣੀ ਦੀ ਰਚਨਾ ਕੀਤੀ ਹੈ। ਗੁਰੂ ਸਾਹਿਬ ਦਾ ਦਖਣੀ ਸੰਗੀਤ ਪੱਧਤੀ ਦੇ ਰਾਗਾਂ ਵਿੱਚ ਬਾਣੀ ਦੀ ਰਚਨਾ ਕਰਕੇ ਦੋਹਾਂ ਪੱਧਤੀਆਂ ਦੇ ਪਾੜੇ ਨੂੰ ਜੋੜਨ ਲਈ ਇਕ ਬਹੁਤ ਹੀ ਵੱਡਾ ਯੋਗਦਾਨ ਹੈ।

ਸੰਗੀਤ ਕਾਰਯਾਲਯ ਹਾਥਰਸ ਵਲੋਂ ਪ੍ਰਕਾਸ਼ਿਤ 'ਰਾਗ-ਕੋਸ਼' ਵਿਚ ਦਖਣੀ ਰਾਗਾਂ ਬਾਰੇ ਪੰਨਾ ੪੮ ਤੇ ਦਿੱਤੇ ਸਰੂਪਾਂ ਦੀ ਲੜੀ ਨੰਬਰ ੧੭੫ ਅਨੁਸਾਰ ਰਾਗ ਗੌਰੀ ਨੂੰ ਮਾਯਾਮਾਲਵਗੌੜ ਮੇਲ ਜਨਯ ਰਾਗ ਮੰਨਿਆ ਹੈ। ਆਰੋਹ - ਸ ਰ ਮ ਪ ਨ ਸਂ। ਅਵਰੋਹ - ਸਂ ਨ ਧ ਪ ਮ ਗ ਰ ਸ। ਕਰਨਾਟਕ ਸੰਗੀਤ ਅੰਕ ਜਨਵਰੀ ੧੯੬੩ ਪੰਨਾ ੧੬੪ ਲੜੀ ਨੰਬਰ ੨੦੮ ਅਨੁਸਾਰ ਰਾਗ-ਗੌਰੀ, ਮੇਲ-ਮਾਯਾਮਾਲਵਗੌਲਮ ਤੇ ਸਵਰ ਇਸ ਪ੍ਰਕਾਰ ਹਨ। ਆਰੋਹ- ਸ ਰ ਮ ਪ ਨ ਸਂ। ਅਵਰੋਹ- ਸਂ ਨ ਧ ਪ ਮ ਗ ਰ ਸ। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਦੇ 'ਰਾਗ ਵਿਯਾਕਰਣ' ਅਨੁਸਾਰ ਪੰਨਾ ੩੬ ਤੇ ਦਖਣੀ ਰਾਗਾਂ ਦੇ ਸਰੂਪਾਂ ਵਿੱਚ ਲੜੀ ਨੰਬਰ ੨੦੨ ਅਨੁਸਾਰ ਰਾਗ-ਗੌਰੀ, ਮੇਲ-ਮਾਯਾਮਾਲਵਗੌੜ ਤੇ ਸਵਰ ਇਸ ਪ੍ਰਕਾਰ ਹਨ। ਆਰੋਹ - ਸ ਰੁ ਮ ਪ ਨ ਸਂ। ਅਵਰੋਹ- ਸਂ ਨ ਧੁ ਪ ਮ ਗ ਰੁ ਸ। ਇਹਨਾਂ ਨੇ ਇਸੇ ਪੁਸਤਕ ਦੇ ਪੰਨਾ ੨੩ ਲੜੀ ਨੰਬਰ ੧੫ ਤੇ ਮਾਯਾਮਾਲਵਗੌੜ ਮੇਲ ਦੇ ਉੱਤਰੀ ਸੰਗੀਤ

ਪੱਧਤੀ ਅਨੁਸਾਰ ਇਸ ਪ੍ਰਕਾਰ ਸਵਰ ਦਿੱਤੇ ਹਨ। ਸ ਰੁ ਗ ਮ ਪ ਧੁ ਨ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-੪ ਵਿੱਚ ਰਾਗੁ ਗਉੜੀ ਦਖਣੀ ਨੂੰ ਭੈਰਵ ਥਾਟ ਦਾ ਰਾਗ ਮੰਨਿਆ ਹੈ। ਇਸ ਰਾਗ ਵਿਚ ਦੋਨੋਂ ਰਿਸ਼ਭ, ਧੈਵਤ ਕੋਮਲ ਤੇ ਹੋਰ ਸਵਰ ਸ਼ੁਧ ਹਨ। ਗੰਧਾਰ ਵਰਜਿਤ ਹੋਣ ਕਾਰਨ ਜਾਤੀ ਸ਼ਾੜਵ-ਸ਼ਾੜਵ ਹੈ। ਵਾਦੀ ਸ਼ੜਜ, ਸੰਵਾਦੀ ਪੰਚਮ ਤੇ ਸਮਾਂ ਸੰਧਿਆ ਕਾਲ ਹੈ। ਆਰੋਹ - ਸ ਰ ਮ ਪ, ਧੁ ਨ ਸਂ। ਅਵਰੋਹ - ਸਂ ਨ ਧੁ ਪ, ਧੁ ਮ, ਰੁ ਨ਼ ਸ। ਪਕੜ- ਸ ਮਰ ਮ ਪ ਧੁ ਨ ਧੁਪ, ਮਰੁ, ਰੁ, ਰੁ, ਮਰੁ, ਨ਼ ਸ। ਪ੍ਰੋਫ਼ੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਗਉੜੀ ਦਖਣੀ ਨੂੰ ਦਖਣੀ ਪੱਧਤੀ ਦੇ ਮਾਯਾਮਾਲਵਗੌੜ ਮੇਲ ਦਾ ਰਾਗ ਮੰਨਿਆ ਹੈ ਜਿਹੜਾ ਹਿੰਦੁਸਤਾਨੀ ਸੰਗੀਤ ਪੱਧਤੀ ਅਨੁਸਾਰ ਭੈਰਵ ਥਾਟ ਦੇ ਸਮਾਨ ਹੈ। ਇਸ ਵਿਚ ਰਿਸ਼ਭ, ਧੈਵਤ ਕੋਮਲ ਹੋਰ ਸਭ ਸਵਰ ਸ਼ੁਧ ਹਨ। ਅਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ ਹੋਣ ਕਾਰਨ ਜਾਤੀ ਔੜਵ-ਸੰਪੂਰਨ, ਵਾਦੀ ਰਿਸ਼ਭ, ਸੰਵਾਦੀ ਪੰਚਮ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਰਾਗ ਦਾ ਆਰੰਭ ਸ ਰੁ ਪ ਦੁਆਰਾ ਹੁੰਦਾ ਹੈ। ਆਰੋਹ - ਸ ਰੁ ਪ, ਮ ਪ, ਨ ਸਂ। ਅਵਰੋਹ - ਸਂ ਨ ਧੁ ਪ, ਮ ਪ, ਗ ਰੁ, ਮ ਗ ਰੁ ਸ। ਮੁਖ ਅੰਗ - ਸ ਰੁ ਪ, ਨ ਧੁ ਪ, ਮ ਪ, ਗ ਰੁ, ਮ ਗ ਰੁ ਸ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਗਉੜੀ ਦਖਣੀ ਦਾ ਇਹੀ ਸਰੂਪ ਦਿੱਤਾ ਹੈ।

ਉਤਰੀ ਸੰਗੀਤ ਪੱਧਤੀ ਦੇ ਵਿਦਵਾਨਾਂ ਵਿੱਚੋਂ ਪੰਡਿਤ ਭਾਤਖੰਡੇ, ਵੀ.ਐਨ. ਪਟਵਰਧਨ ਤੇ ਹੋਰ ਗੁਣੀ ਪੁਰਸ਼ਾਂ ਨੇ ਵੀ ਰਾਗ ਗਉੜੀ ਪੂਰਵੀ ਅੰਗ ਤੋਂ ਗਉੜੀ ਭੈਰਵ ਅੰਗ ਨੂੰ ਜ਼ਿਆਦਾ ਪ੍ਰਚਾਰ ਵਿੱਚ ਮੰਨਿਆ ਹੈ। ਗੁਰਮਤਿ ਸੰਗੀਤ ਦੇ ਕਈ ਵਿਦਵਾਨਾਂ ਨੇ ਵੀ ਗਉੜੀ ਭੈਰਵ ਅੰਗ ਨੂੰ ਹੀ ਸਵੀਕਾਰਿਆ ਹੈ। ਅਸੀਂ ਇਥੇ ਗਉੜੀ ਦਖਣੀ ਦਾ ਸਰੂਪ ਦਖਣੀ ਪੱਧਤੀ ਦੇ ਮਾਯਾਮਾਲਵਗੌੜ ਮੇਲ ਦੇ ਗੌਰੀ ਰਾਗ ਦਾ ਹੀ ਮੰਨਿਆ ਹੈ ਜੋ ਸਾਡੇ ਭੈਰਵ ਰਾਗ ਦੇ ਸਮਾਨ ਹੈ। ਹੁਣ ਜਦੋਂ ਗਉੜੀ ਤੇ ਗਉੜੀ ਦਖਣੀ ਦੋਵੇਂ ਰਾਗ ਹੀ ਭੈਰਵ ਥਾਟ ਦੇ ਹਨ ਤੇ ਸਵਰ ਤੇ ਜਾਤੀ ਵੀ ਦੋਹਾਂ ਰਾਗਾਂ ਦੀ ਮਿਲਦੀ ਜੁਲਦੀ ਹੈ ਤਾਂ ਇਹ ਦੋਵੇਂ ਰਾਗ ਚਲਨ ਦੁਆਰਾ ਹੀ ਇਕ ਦੂਜੇ ਤੋਂ ਵੱਖ ਹੁੰਦੇ ਹਨ। ਰਾਗੁ ਗਉੜੀ ਵਿੱਚ ਸਪਤਕ ਦੇ ਪੂਰਵਾਂਗ ਵਿੱਚ ਸ, ਰੁ ਗ ਰੁ, ਮ ਗ ਰੁ, ਮ ਪ ਮ, ਮ ਧੁ ਪ, ਧੁ ਪ ਮ ਪ, ਮ ਪ ਧੁ ਮ ਪ ਮ ਗ, ਰੁ ਗ ਰੁ, ਸ ਨ਼ ਧ਼ੁ ਨ਼ ਸ। ਇਨ੍ਹਾਂ ਸਵਰਾਂ ਦੇ ਪ੍ਰਯੋਗ ਨਾਲ ਗਉੜੀ ਦਾ ਸਰੂਪ ਬਣਦਾ ਹੈ। ਰਾਗ ਗਉੜੀ ਦਖਣੀ ਦੇ ਪੂਰਵਾਂਗ ਵਿੱਚ ਸ ਰੁ ਸ, ਨ਼ ਰੁ ਸ, ਸ ਰੁ, ਰੁ ਮ ਪ, ਧੁ ਪ ਮ ਪ, ਪ ਧੁ ਮ ਪ, ਮ ਗ ਰੁ, ਸ ਨ਼ ਰੁ ਸ। ਐਸੇ ਸਵਰ-ਸਮੂਹ ਦੇ ਪ੍ਰਯੋਗ ਨਾਲ ਗਉੜੀ ਦਖਣੀ ਗਉੜੀ ਤੋਂ ਵੱਖ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਉਤਰਾਂਗ ਵਿੱਚ ਗਉੜੀ ਵਿੱਚ ਮ ਪ ਧੁ ਪ, ਮ ਪ ਨ,

ਰਾਗੁ ਗਉੜੀ ਦਖਣੀ

ਮ ਪ ਨ ਸੰ ਨ, ਮ ਪ ਨ ਸੰ, ਰੁੰ ਗੰ ਰੁੰ ਸੰ ਨ, ਨ ਧੁ ਨ, ਧੁ ਪ, ਮ ਪ ਨ ਧੁ ਪ, ਮ ਪ ਮ, ਗ ਰੁ ਗ, ਰੁ ਗ ਰੁ ਸ ਨ਼ ਸਵਰ ਲਏ ਜਾਂਦੇ ਹਨ। ਗਉੜੀ ਦਖਣੀ ਵਿੱਚ ਪ, ਧੁ ਮ ਪ, ਧੁ ਪ, ਮ ਪ ਨ ਸੰ, ਸੰ ਰੁੰ ਸੰ, ਨ ਰੁੰ ਸੰ, ਸੰ ਨ ਧੁ ਪ, ਧੁ ਮ ਪ, ਪ ਮ ਪ ਮ, ਗ ਰੁ ਸ, ਨ਼ ਰੁ ਸ। ਐਸੇ ਸਵਰ-ਸਮੂਹ ਉਤਰਾਂਗ ਵਿੱਚ ਲਏ ਜਾਂਦੇ ਹਨ। ਦੋਹਾਂ ਰਾਗਾਂ ਵਿੱਚ ਥਾਟ, ਜਾਤੀ, ਵਾਦੀ, ਸੰਵਾਦੀ ਤੇ ਸਵਰ ਸਮਾਨ ਹੋਣ ਕਾਰਨ ਬਹੁਤ ਧਿਆਨ ਦੁਆਰਾ ਹੀ ਦੋਹਾਂ ਰਾਗਾਂ ਦਾ ਵੱਖ-ਵੱਖ ਸਰੂਪ ਕਾਇਮ ਰਖਿਆ ਜਾ ਸਕਦਾ ਹੈ। ਵੈਸੇ ਗਉੜੀ ਵਿੱਚ ਭੈਰਵ ਅੰਗ ਤੇ ਗਉੜੀ ਦਖਣੀ ਵਿੱਚ ਕਾਲਿੰਗੜਾ ਅੰਗ ਦਾ ਕੁਝ ਕੁ ਝੁਕਾਅ ਬਣਿਆ ਰਹਿੰਦਾ ਹੈ। ਗਉੜੀ ਭੈਰਵ ਅੰਗ ਤੇ ਗਉੜੀ ਦੱਖਣੀ ਦੇ ਵੱਖ-ਵੱਖ ਸਰੂਪਾਂ ਨੂੰ ਗਾਇਣ ਸਮੇਂ ਕਾਇਮ ਰੱਖਣਾ ਬਹੁਤ ਹੀ ਕਠਿਨ ਹੈ। ਗਉੜੀ ਦੇ ਚਲਨ ਵਿੱਚ ਰੁ ਗ ਰੁ ਸ ਨ਼, ਨ਼ ਧੁ਼ ਨ਼ ਪੂਰਵਾਂਗ ਵਿੱਚ ਬਾਰ ਬਾਰ ਲੈਣਾ ਹੈ, ਪਰ ਗਉੜੀ ਦਖਣੀ ਵਿੱਚ ਸ, ਨ਼ ਰੁ ਸ, ਮ ਪ ਮ ਗ ਰੁ, ਮ ਗ ਰੁ, ਨ਼ ਰੁ ਸ ਦੇ ਪ੍ਰਯੋਗ ਨਾਲ ਇਹ ਰਾਗ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਨ।

ਦਖਣੀ ਪੱਧਤੀ ਵਿੱਚ ਜੋ ਗਉੜੀ ਰਾਗ ਹੈ, ਉਹ ਉੱਤਰੀ ਸੰਗੀਤ ਪੱਧਤੀ ਅਨੁਸਾਰ ਭੈਰਵ ਥਾਟ ਦਾ ਹੈ। ਰਾਗ ਨਿਰਣਾਇਕ ਕਮੇਟੀ ਦੁਆਰਾ ਗਉੜੀ ਦਖਣੀ ਦਾ ਇਹੀ ਪ੍ਰਵਾਣਿਤ ਸਰੂਪ 'ਗੁਰਮਤਿ ਸੰਗੀਤ ਵਿਸ਼ੇਸ਼ ਅੰਕ' ਵਿੱਚ ਦਿੱਤਾ ਗਿਆ ਹੈ, ਇਥੇ ਵੀ ਉਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਗਉੜੀ ਨੂੰ ਤੀਜਾ ਅਸਥਾਨ ਪ੍ਰਾਪਤ ਹੈ। ਇਸ ਮੁਖ ਰਾਗ ਦੇ ਅੰਤਰਗਤ ਗਉੜੀ ਦੇ ਪ੍ਰਕਾਰਾਂ ਵਿੱਚ ਗਉੜੀ ਗੁਆਰੇਰੀ ਤੋਂ ਬਾਅਦ ਦੂਜਾ ਰਾਗ ਗਉੜੀ ਦਖਣੀ ਹੈ। ਸ਼ਬਦ ਤਰਤੀਬ ਵਿਚ ਗਉੜੀ ਮਹਲਾ ੧ ਦਖਣੀ ਦੇ ਸਿਰਲੇਖ ਹੇਠ ਪੰਨਾ ੧੫੨ ਤੋਂ ੧੫੩ ਸ਼ਬਦ ਅੰਕ॥੪॥੫॥ ਤੋਂ ॥੪॥੧੨॥ ਅਠ ਸ਼ਬਦ ਰਚਿਤ ਹਨ। ਇਸ ਤੋਂ ਅੱਗੇ ਰਾਗੁ ਗਉੜੀ ਚੇਤੀ ਦੀ ਬਾਣੀ ਆਰੰਭ ਹੋ ਜਾਂਦੀ ਹੈ।

**ਪਰੀਚੈ:-**

ਰਾਗੁ - ਗਉੜੀ ਦਖਣੀ ਮੇਲ-ਮਾਯਾਮਾਲਵਗੌੜ (ਭੈਰਵ ਥਾਟ-ਕਾਲਿੰਗੜਾ ਅੰਗ)

ਸਵਰ - ਰਿਸ਼ਭ ਧੈਵਤ ਕੋਮਲ, ਹੋਰ ਸਭ ਸ਼ੁਧ

ਵਰਜਿਤ ਸਵਰ - ਆਰੋਹ ਵਿੱਚ ਗੰਧਾਰ ਤੇ ਧੈਵਤ

ਜਾਤੀ - ਔੜਵ-ਸੰਪੂਰਨ ਵਾਦੀ - ਰਿਸ਼ਭ, ਸੰਵਾਦੀ-ਪੰਚਮ

ਸਮਾਂ - ਸਵੇਰ ਦਾ ਪਹਿਲਾ ਪਹਿਰ ਆਰੋਹ - ਸ ਰੁ, ਮ ਪ, ਨ ਸੰ

ਅਵਰੋਹ - ਸੰ ਨ ਧੁ ਪ, ਮ ਗ ਰੁ ਸ

ਮੁਖ ਅੰਗ - ਸ ਰੁ, ਮ ਪ,ਧੁ ਮ ਪ, ਮ ਗ ਰੁ ਸ, ਨ਼ ਰੁ ਸ।

## ਸਵਰ ਵਿਸਥਾਰ:-

1. ਸ, ਸ ਰੁ, ਨ਼ ਸ, ਸ ਨ਼ ਧੁ਼ ਪ਼, ਧੁ਼ ਮ਼ ਪ਼, ਨ਼ ਸ ਰੁ ਸ, ਨ਼ ਰੁ ਸ, ਸ ਰੁ ਮ ਪ ਮ ਗ ਰੁ, ਮ ਪ ਧੁ ਮ ਪ, ਮ ਗ ਰੁ, ਸ ਨ਼ ਰੁ ਸ।
2. ਸ, ਰੁ ਮ ਪ ਮ ਗ ਰੁ, ਮ ਪ ਧੁ ਮ ਪ, ਪ ਧੁ ਮ ਪ, ਮ ਪ ਨ, ਮ ਪ ਨ ਨ ਸੰ, ਸੰ ਰੁੰ ਨ ਸੰ, ਸੰ ਨ ਧੁ ਪ, ਮ ਪ ਨ ਧੁ ਪ, ਧੁ ਮ ਪ, ਮ ਗ ਰੁ, ਸ ਨ਼ ਰੁ ਸ।
3. ਸ ਰੁ ਮ ਪ, ਧੁ ਮ ਪ, ਨ ਸੰ, ਸੰ ਰੁੰ ਸੰ, ਰੁੰ ਮੰ ਪੰ ਮੰ ਗੰ ਰੁੰ, ਮੰ ਪੰ ਧੁੰ ਮੰ ਪੰ, ਮੰ ਗੰ ਰੁੰ ਸੰ, ਸੰ ਰੁੰ ਨ ਸੰ, ਸੰ ਨ ਸੰ ਨ ਧੁ ਪ, ਧੁ ਮ ਪ, ਮ ਗ ਰੁ, ਸ ਨ਼ ਰੁ ਸ।

## ਗਉੜੀ ਮਹਲਾ ੧॥ (੧੫੩)

**ਕਾਮੁ ਕ੍ਰੋਧੁ ਮਾਇਆ ਮਹਿ ਚੀਤੁ॥ ਝੂਠ ਵਿਕਾਰਿ ਜਾਗੈ ਹਿਤ ਚੀਤੁ॥ ਪੂੰਜੀ ਪਾਪ ਲੋਭ ਕੀ ਕੀਤੁ॥ ਤਰੁ ਤਾਰੀ ਮਨਿ ਨਾਮੁ ਸੁਚੀਤੁ॥੧॥ ਵਾਹੁ ਵਾਹੁ ਸਾਚੇ ਮੈ ਤੇਰੀ ਟੇਕ॥ ਹਉ ਪਾਪੀ ਤੂੰ ਨਿਰਮਲੁ ਏਕ॥੧॥ਰਹਾਉ॥ ਅਗਨਿ ਪਾਣੀ ਬੋਲੈ ਭੜਵਾਉ॥ ਜਿਹਵਾ ਇੰਦ੍ਰੀ ਏਕੁ ਸੁਆਉ॥ ਦਿਸਟਿ ਵਿਕਾਰੀ ਨਾਹੀ ਭਉ ਭਾਉ॥ ਆਪੁ ਮਾਰੇ ਤਾ ਪਾਏ ਨਾਉ॥੨॥ ਸਬਦਿ ਮਰੈ ਫਿਰਿ ਮਰਣੁ ਨ ਹੋਇ॥ ਬਿਨੁ ਮੂਏ ਕਿਉ ਪੂਰਾ ਹੋਇ॥ ਪਰਪੰਚਿ ਵਿਆਪਿ ਰਹਿਆ ਮਨੁ ਦੋਇ॥ ਥਿਰੁ ਨਾਰਾਇਣੁ ਕਰੇ ਸੁ ਹੋਇ॥੩॥ ਬੋਹਿਥਿ ਚੜਉ ਜਾ ਆਵੈ ਵਾਰੁ॥ ਠਾਕੇ ਬੋਹਿਥ ਦਰਗਹ ਮਾਰ॥ ਸਚੁ ਸਾਲਾਹੀ ਧੰਨੁ ਗੁਰਦੁਆਰੁ॥ ਨਾਨਕ ਦਰਿ ਘਰਿ ਏਕੰਕਾਰੁ ॥੪॥੭॥**

ਪਦ ਅਰਥ:- ਝੂਠ ਵਿਕਾਰਿ-ਝੂਠ ਬੋਲਣ ਦੇ ਭੈੜ ਵਿਚ। ਜਾਗੈ-ਤਤਪਰ ਹੋ ਜਾਂਦਾ ਹੈ। ਹਿਤ-ਮੋਹ, ਖਿੱਚ। ਜਾਗੈ ਹਿਤ-ਪ੍ਰੇਰਨਾ ਹੁੰਦੀ ਹੈ। ਤਰੁ-ਤੁਲਹਾ। ਤਾਰੀ-ਬੇੜੀ। ਸੁਚੀਤੁ-ਚਿੱਤ ਨੂੰ ਪਵਿੱਤ੍ਰ ਕਰਨ ਵਾਲਾ। ਵਾਹੁ-ਅਸਚਰਜ। ਭੜਵਾਉ-ਭੈੜਾ ਵਾਕ। ਏਕੁ ਸੁਆਉ-ਇਕ ਇਕ ਚਸਕਾ। ਦਿਸਟਿ-ਨਜ਼ਰ, ਧਿਆਨ, ਰੁਚੀ। ਵਿਕਾਰੀ-ਵਿਕਾਰਾਂ ਵੱਲ। ਆਪੁ-ਆਪਾ-ਭਾਵ। ਮਰਣੁ-ਆਤਮਕ ਮੌਤ। ਪਰਪੰਚਿ-ਪਰਪੰਚ ਵਿਚ, ਜਗਤ-ਖੇਡ ਵਿਚ। ਦੋਇ-ਦ੍ਵੈਤ ਵਿਚ। ਥਿਰੁ-ਅਡੋਲ-ਚਿੱਤ। ਬੋਹਿਥਿ-ਜ਼ਹਾਜ ਵਿਚ, ਨਾਮ-ਜਹਾਜ਼ ਵਿਚ। ਠਾਕੇ-ਰੋਕੇ ਹੋਏ। ਸਾਲਾਹੀ-ਮੈਂ ਸਿਫ਼ਤਿ-ਸਾਲਾਹ ਕਰ ਸਕਦਾ ਹਾਂ। ਘਰਿ-ਹਿਰਦੇ ਵਿਚ।

## ਰਾਗੁ ਗਉੜੀ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਧੁ | ਮ | ਪ | - | ਮ | ਗ |
| | | | | | | | | ਵਾ | ਹੁ | ਵਾ | ਹੁ | ਸਾ | S | ਚੇ | S |
| ਰੁ | - | ਮ | ਗ | ਰੁ | - | ਸ | - | ਮਮ | ਪ | ਧੁ | ਮ | ਪ | - | ਨ | ਸੰ |
| ਮੈ | S | ਤੇ | ਰੀ | ਟੇ | S | ਕ | S | ਹਉ | S | S | S | ਪਾ | S | ਪੀ | S |
| ਨ | ਧੁ | ਪਪ | ਪਪ | ਮਪ | ਮਗ | ਰੁ | ਸ | | | | | | | | |
| ਤੂੰ | S | ਨਿਰ | ਮਲੁ | ਏS | SS | ਕ | S | | | | | | | | |
| X | | | | 2 | | | | 0 | | | | 3 | | | |

## ਰਾਗੁ ਗਉੜੀ ਦਖਣੀ

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਪ | ਧੁ | ਮ | ਪਪ | - | ਨ | - |
| | | | | | | | | ਕਾ | S | ਮੁ | S | ਕੋ੍ | S | ਧੁ | S |
| ਸਂ | ਸਂਸਂ | ਸਂ | ਰੁਂ | ਨ | ਰੁਂ | ਸਂ | - | ਸਂ | ਰੁਂ | ਨ | - | ਸਂ | ਨ | ਧੁ | ਪ |
| ਮਾ | ਇਆਮ | | ਹਿ | ਚੀ | S | ਤੁ | S | ਝੂ | S | ਠ | S | ਵਿ | ਕਾ | ਰਿ | S |
| ਪ | ਧੁ | ਮ | ਪ | ਮਪ | ਮਪ | ਮਗ | ਰੁਸ | | | | | | | | |
| ਜਾ | ਗੈ | ਹਿ | ਤ | ਚੀS | SS | ਤੁS | SS | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1. ਸਰੁ ਨ਼ਸ ਰੁਰੁ ਮਪ ਧੁਮ ਪਪ ਮਗ ਰੁਸ
2. ਸਰੁ ਮਪ ਧੁਮ ਪਪ ਨਨ ਧੁਪ ਮਗ ਰੁਸ
3. ਮਪ ਧੁਪ ਧੁਮ ਪਪ ਮਗ ਰੁਸ ਨ਼ਰੁ ਸ-
4. ਪਧੁ ਮਪ ਨਸਂ ਨਨ ਧੁਪ ਮਗ ਰੁਸ ਨ਼ਸ
5. ਸਰੁ ਮਪ ਮਗ ਰੁਸ ਰੁਮ ਪਧੁ ਮਪ ਨਨ ਸਂਰੁਂ ਨਸਂ ਨਨ ਧੁਪ
   ਮਗ ਰੁਸ ਨ਼ਰੁ ਸ-
6. ਪਧੁ ਮਪ ਮਗ ਰੁਸ ਪਨ ਸਂਰੁਂ ਸਂਨ ਧੁਪ ਨਨ ਧੁਪ ਮਪ ਧੁਪ
   ਮਗ ਰੁਸ ਨ਼ਰੁ ਸ-

**ਤਿਹਾਈਆਂ:-**

1. 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਜੋੜ ਕੇ ਸੱਮ ਤੇ ਆਉਣਾ ਹੈ।
2. 9ਵੀਂ ਤੋਂ ਚੌਥੀ ਮਾਤਰ ਦੇ 12 ਮਾਤਰਾਂ ਦੇ ਟੁਕੜੇ ਨੂੰ ਦੁਗੁਨ ਵਿਚ 6 ਮਾਤਰਾਂ ਵਿੱਚ ਸੱਮ ਤੋਂ 2 ਵਾਰ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।
3. 9ਵੀਂ ਮਾਤਰ ਤੋਂ ਪੂਰੀ ਅਸਥਾਈ ਦੀ ਦੁਗੁਨ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਦੀ ਤਿੰਨ ਵਾਰ ਦੁਗੁਨ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।
4. 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਮਹਲਾ ੧॥ (੧੫੩)

**ਉਲਟਿਓ ਕਮਲੁ ਬ੍ਰਹਮੁ ਬੀਚਾਰਿ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ॥੧॥ ਰੇ ਮਨ ਮੇਰੇ ਭਰਮੁ ਨ ਕੀਜੈ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ॥੧॥ਰਹਾਉ॥ ਜਨਮੁ ਜੀਤਿ ਮਰਣਿ ਮਨੁ ਮਾਨਿਆ॥ ਆਪਿ ਮੂਆ ਮਨੁ ਮਨ ਤੇ ਜਾਨਿਆ॥ ਨਜਰਿ ਭਈ ਘਰੁ ਘਰ ਤੇ ਜਾਨਿਆ॥੨॥ ਜਤੁ ਸਤੁ ਤੀਰਥੁ ਮਜਨੁ ਨਾਮਿ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ॥ ਨਰ ਨਾਰਾਇਣ ਅੰਤਰਜਾਮਿ॥੩॥ ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ॥ ਨਾਨਕ ਗੁਰਮਤਿ ਸਹਜਿ ਸਮਾਉ॥੪॥੮॥**

ਪਦ ਅਰਥ:- ਉਲਟਿਓ-ਪਰਤਿਆ ਹੈ, ਮਾਇਆ ਦੇ ਮੋਹ ਵਲੋਂ ਹਟਿਆ ਹੈ। ਕਮਲੁ-ਹਿਰਦਾ ਕਮਲ। ਬ੍ਰਹਮੁ ਬੀਚਾਰਿ-ਬ੍ਰਹਮ ਨੂੰ ਵਿਚਾਰ ਕੇ, ਪਰਮਾਤਮਾ ਦੀ ਸਿਫ਼ਤਿ ਸਾਲਾਹ ਵਿੱਚ ਚਿੱਤ ਜੋੜਿਆਂ। ਅੰਮ੍ਰਿਤ ਧਾਰ-ਅੰਮ੍ਰਿਤ ਦੀ ਧਾਰ, ਨਾਮ ਅੰਮ੍ਰਿਤ ਦੀ ਵਰਖਾ। ਗਗਨਿ-ਗਗਨ ਵਿਚ, ਅਕਾਸ਼ ਵਿਚ, ਚਿੱਤ-ਰੂਪ ਆਕਾਸ਼ ਵਿੱਚ। ਦਸ ਦੁਆਰਿ-ਦਸਵੇਂ ਦੁਆਰ ਵਿਚ, ਦਿਮਾਗ਼ ਵਿਚ। ਤ੍ਰਿਭਵਣੁ-ਤਿੰਨ ਭਵਨ, ਸਾਰਾ ਸੰਸਾਰ। ਬੇਧਿਆ-ਵਿੰਨ ਲਿਆ, ਵਿਆਪਕ। ਮਨਿ ਮਾਨਿਐ-ਜੇ ਮਨ ਮੰਨ ਜਾਏ। ਜਤੁ-ਇੰਦ੍ਰਿਆਂ ਨੂੰ ਰੋਕਣਾ। ਸਤੁ-ਪਵਿਤ੍ਰ ਆਚਰਨ। ਮਜਨੁ-ਮਜਨੁ, ਚੁੱਭੀ, ਇਸ਼ਨਾਨ। ਅਧਿਕ-ਬਹੁਤਾ। ਬਿਥਾਰੁ-ਖਿਲਾਰਾ। ਨਰ ਨਾਰਾਇਣ-ਪਰਮਾਤਮਾ। ਅੰਤਰਜਾਮਿ-ਦਿਲਾਂ ਦੀ ਜਾਨਣ ਵਾਲਾ। ਮਨਉ-ਜੇ ਮੈਂ ਮੰਨਾ। ਜਾਚਉ-ਮੈਂ ਮੰਗਾਂ। ਸਹਜਿ-ਅਡੋਲਤਾ ਵਿੱਚ।

### ਰਾਗੁ ਗਉੜੀ ਦੱਖਣੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪਧੁ | ਪਧੁ | ਮ | ਪ | ਮ | ਮ | ਗ | ਰੁ | ਨ਼ | ਰੁ | ਸ | ਸ |
| ਰੇS | SS | ਮ | ਨ | ਮੇ | ਰੇ | ਭ | ਰ | ਮੁ | ਨ | ਕੀ | ਜੈ |
| ਸ | ਰੁ | ਗ | ਰੁ | ਮ | ਪ | ਨ | ਧੁਧੁ | ਪ | ਧੁ | ਮ | ਪ |
| ਮ | ਨਿ | ਮਾ | ਨਿ | ਐ | S | ਅੰ | ਮ੍ਰਿਤ | ਰ | ਸੁ | ਪੀ | ਜੈ |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਪ | ਧੁ | ਮ | ਪ | ਪਪ | ਨਨ | ਨ | ਸਂ | ਰੁਂ | ਨ | ਸਂ |
| ਉ | ਲ | ਟਿ | ਓ | ਕ | ਮਲੁ | ਬ੍ਰਹ | ਮੁ | ਬੀ | S | ਚਾ | ਰਿ |
| ਸਂ | ਨ | ਧੁਧੁ | ਪ | ਮ | ਪ | ਮ | ਗਗ | ਰੁ | ਸ | ਨ਼ਰੁ | ਸ |
| ਅੰ | S | ਮ੍ਰਿ | ਤ | ਧਾ | ਰ | ਗ | ਗਨਿ | ਦ | ਸ | ਦੁਆ | ਰਿ |
| ਤ੍ਰਿ | ਭ | ਵ | ਣੁ | ਬੇ | ਧਿਆ | ਆ | ਪਿ | ਮੁ | S | ਰਾS | ਰਿ |
| X | | 0 | | 2 | | 0 | | 3 | | 4 | |

## ਰਾਗੁ ਗਉੜੀ ਦਖਣੀ

### ਤਾਨਾਂ:-

1. ਸਰੁ ਮਪ ਮਗ ਰੁਸ ਸਰੁ ਮਪ ਧੁਮ ਪਪ ਮਗ ਰੁਸ ਨ਼ਰੁ ਸ–
2. ਪਧੁ ਮਪ ਮਗ ਰੁਸ ਨਨ ਧੁਪ ਸੰਨ ਧੁਪ ਮਗ ਰੁਸ ਨ਼ਰੁ ਸਸ
3. ਪਧੁ ਪਮ ਮਪ ਮਗ ਰੁਸ ਨ਼ਸ ਨਨ ਧੁਪ ਮਪ ਮਗ ਰੁਸ ਨ਼ਸ

### ਤਿਹਾਈਆਂ:-

1. ਪਹਿਲੀ ਤੋਂ 6ਵੀਂ ਮਾਤਰ ਸੱਮ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਸੱਮ ਤੋਂ ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

### ਗਉੜੀ ਮਹਲਾ ੧ ਦਖਣੀ॥ (੧੫੨)

**ਸੁਣਿ ਸੁਣਿ ਬੂਝੈ ਮਾਨੈ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥ ਆਪਿ ਭੁਲਾਏ ਠਉਰ ਨ ਠਾਉ॥ ਤੂੰ ਸਮਝਾਵਹਿ ਮੇਲਿ ਮਿਲਾਉ॥੧॥ ਨਾਮੁ ਮਿਲੈ ਚਲੈ ਮੈ ਨਾਲਿ॥ ਬਿਨੁ ਨਾਵੈ ਬਾਧੀ ਸਭ ਕਾਲਿ॥੧॥ਰਹਾਉ॥ ਖੇਤੀ ਵਣਜੁ ਨਾਵੈ ਕੀ ਓਟ॥ ਪਾਪੁ ਪੁੰਨੁ ਬੀਜ ਕੀ ਪੋਟ॥ ਕਾਮੁ ਕ੍ਰੋਧੁ ਜੀਅ ਮਹਿ ਚੋਟ॥ ਨਾਮੁ ਵਿਸਾਰਿ ਚਲੇ ਮਨਿ ਖੋਟ॥੨॥ ਸਾਚੇ ਗੁਰ ਕੀ ਸਾਚੀ ਸੀਖ॥ ਤਨੁ ਮਨੁ ਸੀਤਲੁ ਸਾਚੁ ਪਰੀਖ॥ ਜਲ ਪੁਰਾਇਨਿ ਰਸ ਕਮਲ ਪਰੀਖ॥ ਸਬਦਿ ਰਤੇ ਮੀਠੇ ਰਸ ਈਖ॥੩॥ ਹੁਕਮਿ ਸੰਜੋਗੀ ਗੜਿ ਦਸ ਦੁਆਰ॥ ਪੰਚ ਵਸਹਿ ਮਿਲਿ ਜੋਤਿ ਅਪਾਰ॥ ਆਪਿ ਤੁਲੈ ਆਪੇ ਵਣਜਾਰ॥ ਨਾਨਕ ਨਾਮਿ ਸਵਾਰਣਹਾਰ॥੪॥੫॥**

ਪਦ ਅਰਥ:- ਬੂਝੈ-ਸਮਝਦਾ ਹੈ। ਮਾਨੈ-ਯਕੀਨ ਕਰ ਲੈਂਦਾ ਹੈ। ਭੁਲਾਏ-ਖੁੰਝਾ ਦੇਂਦਾ ਹੈ। ਠਉਰ ਨ ਠਾਉ-ਹੋਰ ਸਹਾਰਾ ਨਹੀਂ ਮਿਲ ਸਕਦਾ। ਬਾਧੀ-ਜਕੜੀ ਹੋਈ। ਕਾਲਿ-ਕਾਲ ਵਿੱਚ, ਮੌਤ ਦੇ ਡਰ ਵਿਚ। ਬੀਜ ਕੀ ਪੋਟ-ਬੀਜ ਦੀ ਪੋਟਲੀ। ਮਨਿ ਖੋਟ-ਮਨ ਵਿੱਚ ਖੋਟ ਵਿਕਾਰ। ਸੀਖ-ਸਿੱਖਿਆ। ਪਰੀਖ-ਪਰਖ, ਪਛਾਣ। ਪੁਰਾਇਨਿ- ਚੌਪਤੀ, ਪਾਣੀ ਉਤੇ ਫੈਲਣ ਵਾਲੀ ਇਕ ਸਬਜ਼ੀ। ਰਸ ਕਮਲ-ਜਲ ਦਾ ਕੌਲ ਫੁੱਲ। ਰਸ ਈਖ-ਗੰਨੇ ਦਾ ਰਸ। ਸੰਜੋਗੀ-ਪੂਰਬਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ। ਗੜਿ-ਸਰੀਰ-ਕਿਲੇ ਵਿਚ। ਦਸ ਦੁਆਰ-ਦਸਾਂ ਦਰਾਂ ਵਾਲਾ। ਤੁਲੈ-ਤੁਲਦਾ ਹੈ। ਵਣਜਾਰ-ਵਣਜ ਕਰਨ ਵਾਲਾ।

## ਰਾਗੁ ਗਉੜੀ ਦੱਖਣੀ ਝਪ ਤਾਲ ਮਾਤਰਾਂ-10 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪ | ਧੁ | ਮ | ਪ | - | ਮਪ | ਮ | ਗ | ਰੁ | ਸ |
| ਨਾ | ਮੁ | ਮਿ | ਲੈ | S | ਚਲੈ | ਮੈ | ਨਾ | S | ਲਿ |
| ਨ਼ | ਸ | ਨ਼ | ਰੁ | ਸ | ਪਧੁ | ਮਪ | ਮਗ | ਰੁ | ਸ |
| ਬਿ | ਨੁ | ਨਾ | S | ਵੈ | ਬਾS | ਧੀS | ਸਭ | ਕਾ | ਲਿ |
| x | | 2 | | | 0 | | 3 | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਮ | ਪ | ਨਨ | ਧੁ | ਪ | ਨ | ਸੰ | ਸੰ | ਰੁੰ | ਸੰ |
| ਸੁ | ਣਿ | ਸੁਣਿ | ਬੂ | ਝੈ | ਮਾ | ਨੈ | ਨਾ | S | ਉ |
| ਸੰ | ਨਸੰ | ਨ | ਧੁ | ਪ | ਪਧੁ | ਮਮ | ਪ | ਮਗ | ਰੁਸ |
| ਤਾ | ਕੈS | ਸ | ਦ | S | ਬਲਿ | ਹਾਰੈ | ਜਾ | SS | ਉS |
| x | | 2 | | | 0 | | 3 | | |

**ਤਾਨਾਂ:-**

1. ਸਰੁਗਰੁ ਮਗਰੁਸ ਪਧੁਮਪ ਨਨਧੁਪ ਪਨਸੰਰੁੰ ਨਸੰਨਨ ਸੰਨਧੁਪ ਮਪਧੁਪ ਮਗਰੁਸ ਨ਼ਰੁਸਸ
2. ਮਪਨਸੰ ਰੁੰਸੰਨਸੰ ਸੰਰੁੰਮੰਗੰ ਰੁੰਰੁੰਸੰਸੰ ਸੰਰੁੰਨਸੰ ਨਨਸੰਨ ਧੁਪਮਪ ਮਪਧੁਪ ਮਗਰੁਸ ਨ਼ਰੁਸਸ

**ਤਿਹਾਈਆਂ:-**

1. ਪਹਿਲੀ ਤੋਂ ਚੋਥੀਂ ਮਾਤਰ ਦਾ ਟੁਕੜਾ ਸੱਮ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਤੀਜੀ-ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਅਸਥਾਈ ਦਾ ਪਹਿਲਾ ਚੱਕਰ ਬਰਾਬਰ ਲੈ ਕੇ 2 ਮਾਤਰਾਂ ਬਿਸਰਾਮ ਫਿਰ 8ਵੀਂ ਤੋਂ 10ਵੀਂ ਮਾਤਰ ਦਾ ਟੁਕੜਾ ਤੇ ਇਹੀ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 10ਵੀਂ ਮਾਤਰ ਦਾ ਟੁਕੜਾ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਰਾਗੁ ਗਉੜੀ ਦਖਣੀ

### ਗਉੜੀ ਮਹਲਾ ੧॥ (੧੫੪)

**ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ॥ ਜੋ ਤਿਸੁ ਭਾਣਾ ਸੋਈ ਹੂਆ॥ ਅਵਰੁ ਨ ਕਰਣੈ ਵਾਲਾ ਦੂਆ॥੧॥ ਨਾ ਜਾਣਾ ਕਰਮ ਕੇਵਡ ਤੇਰੀ ਦਾਤਿ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ॥੧॥ਰਹਾਉ॥ ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ॥ ਕੀਆ ਗਰਬੁ ਨ ਆਵੈ ਰਾਸਿ॥ ਜੀਉ ਪਿੰਡੁ ਸਭੁ ਤੇਰੈ ਪਾਸਿ॥੨॥ ਤੂ ਮਾਰਿ ਜੀਵਾਲਹਿ ਬਖਸਿ ਮਿਲਾਇ॥ ਜਿਉ ਭਾਵੀ ਤਿਉ ਨਾਮੁ ਜਪਾਇ॥ ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ॥ ਗੁਰਮਤਿ ਦੇਇ ਭਰੋਸੈ ਤੇਰੈ॥੩॥ ਤਨ ਮਹਿ ਮੈਲੁ ਨਾਹੀ ਮਨੁ ਰਾਤਾ॥ ਗੁਰ ਬਚਨੀ ਸਚੁ ਸਬਦਿ ਪਛਾਤਾ॥ ਤੇਰਾ ਤਾਣੁ ਨਾਮ ਕੀ ਵਡਿਆਈ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥**

ਪਦ ਅਰਥ:- ਕਿਰਤੁ-ਕੀਤਾ ਹੋਇਆ ਕੰਮ। ਭੰਡਾਰ-ਖਜ਼ਾਨੇ। ਗਰਬੁ-ਅਹੰਕਾਰ। ਪਿੰਡੁ-ਸਰੀਰ। ਤੇਰੈ ਪਾਸਿ-ਤੇਰੇ ਆਸਰੇ। ਮਾਰਿ-ਆਪਾ-ਭਾਵ ਮਾਰ ਕੇ। ਦਾਨਾ-(ਮੇਰੇ ਦਿਲ ਦੀ) ਜਾਨਣ ਵਾਲਾ)। ਬੀਨਾ-ਵੇਖਣ ਵਾਲਾ। ਰਾਤਾ-ਰੰਗਿਆ ਹੋਇਆ। ਤਾਣੁ-ਤਾਕਤ, ਆਸਰਾ।

### ਰਾਗੁ ਗਉੜੀ ਦਖਣੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਪ | ਧੁ | ਪ | ਮ | ਪ | ਮ | - | ਪ | ਧੁ | ਪ | ਮ | ਪ | ਨ | - |
| ਨਾ | ਜਾ | ਣਾ | ਕ | ਰ | ਮ | ऽ | ਕਿ | ਰ | ਤੁ | ਪ | ਇ | ਆ | ऽ |
| ਮ | ਗ | ਰੁ | ਨ਼ | ਰੁ | ਸ | ਸ | ਸੰਸੰ | ਰੁੰ | ਰੁੰ | ਨ | ਰੁੰ | ਸੰ | - |
| ਕੇ | ਵ | ਡ | ਤੇ | ਰੀ | ਦਾ | ਤਿ | ਨਹ | ਮੇ | ਟੈ | ਕੋ | ऽ | ਇ | ऽ |
| ਪ | ਨ | ਨ | ਸੰ | ਨਨ | ਧੁ | ਪ | ਸੰ | ਨ | - | ਧੁ | ਪ | ਮ | ਪ |
| ਕ | ਰ | ਮੁ | ਧ | ਰਮੁ | ਤੇ | ਰੇ | ਕਿ | ਆ | ऽ | ਜਾ | ऽ | ਣਾ | ऽ |
| ਮ | ਪ | ਮ | ਗ | ਰੁ | ਨ਼ | ਸ | ਮ | ਪ | ਮ | ਗ | ਰੁ | ਨ਼ | ਸ |
| ਨਾ | ਮ | ਕੀ | ਜਾ | ऽ | ਤਿ | ऽ | ਕਿ | ਆ | ऽ | ਆ | ਗੈ | ਹੋ | ਇ |
| x | | | 2 | | 3 | | x | | | 2 | | 3 | |

# ੩-ਰਾਗੁ ਗਉੜੀ ਚੇਤੀ

ਰਾਗੁ ਗਉੜੀ ਚੇਤੀ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਅਪ੍ਰਚਲਿਤ ਤੇ ਕਠਿਨ ਰਾਗਾਂ ਦੀ ਗਣਨਾ ਵਿੱਚ ਆਉਂਦਾ ਹੈ। ਇਹੀ ਕਾਰਨ ਹੈ ਕਿ ਬਹੁਤ ਹੀ ਘੱਟ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਵਰਨਣ ਮਿਲਦਾ ਹੈ। ਮੱਧ ਕਾਲ ਦੇ ਗ੍ਰੰਥਕਾਰਾਂ ਵਿੱਚੋਂ ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿੱਚ ਗੌਰੀ ਠਾਠ ਤੋਂ ਚੈਤੀ ਗੌਰੀ ਨੂੰ ਜਨਯ ਰਾਗ ਮੰਨਿਆ ਹੈ। 'ਰਾਗ ਵਿਬੋਧ' ਦੇ ਕਰਤਾ ਪੰਡਿਤ ਸੋਮਨਾਥ (੧੬੧੦ ਈ:) ਨੇ ਮਾਲਵਗੌਡ ਮੇਲ ਤੋਂ ਚੈਤੀਗੌਡੀ ਨੂੰ ਜਨਯ ਰਾਗ ਮੰਨਿਆ ਹੈ।

ਆਧੁਨਿਕ ਕਾਲ ਦੇ ਗ੍ਰੰਥਕਾਰਾਂ ਵਿਚੋਂ 'ਰਾਗ ਵਿਗਿਯਾਨ' ਭਾਗ-4 ਦੇ ਕਰਤਾ ਪੰਡਿਤ ਵੀ. ਐਨ. ਪਟਵਰਧਨ ਦੇ ਕਥਨ ਅਨੁਸਾਰ ਇਸ ਰਾਗ ਨੂੰ ਚੇਤਰ ਦੇ ਮਹੀਨੇ ਵਿੱਚ ਗਾਉਣ ਦਾ ਜ਼ਿਆਦਾ ਪ੍ਰਚਾਰ ਹੋਣ ਕਾਰਨ ਇਸ ਰਾਗ ਦਾ ਨਾਮ ਚੈਤੀ ਗੌਰੀ ਪ੍ਰਚਲਿਤ ਹੋਇਆ ਹੋਵੇ ਗਾ। ਉਹ ਸ੍ਰੀ-ਗਉੜੀ ਤੇ ਪੂਰਵੀ-ਗਉੜੀ ਦੇ ਮਿਸ਼ਰਨ ਤੋਂ ਦੋ ਪ੍ਰਕਾਰ ਦੀ ਇਸ ਰਾਗ ਦੀ ਰਚਨਾ ਹੋਈ ਮੰਨਦੇ ਹਨ। ਇਸ ਰਾਗ ਵਿੱਚ ਰਿਸ਼ਭ ਧੈਵਤ ਕੋਮਲ ਦੋਨੋਂ ਮਧਿਅਮ ਤੇ ਹੋਰ ਸਭ ਸਵਰ ਸ਼ੁਧ ਹਨ। ਆਰੋਹ ਵਿੱਚ ਗੰਧਾਰ ਵਰਜਿਤ ਹੋਣ ਕਾਰਨ ਜਾਤੀ ਸ਼ਾੜਵ-ਸੰਪੂਰਨ ਹੈ। ਪੰਚਮ-ਸ਼ੜਜ ਦਾ ਸੰਵਾਦ ਤੇ ਸਮਾਂ ਸ਼ਾਮ ਦਾ ਹੈ। ਆਰੋਹ - ਸ ਰੁ ਮ ਪ ਮ ਧੁ ਨ ਸਂ। ਅਵਰੋਹ - ਸਂ ਨ ਧੁ ਪ ਧੁ ਮ, ਪ ਮ ਧੁ ਮ ਗ ਰੁ ਗ ਰੁ ਸ। ਪਕੜ - ਨ ਧੁ ਪ ਧੁ ਮ, ਮ ਧੁ ਮ ਗ, ਰੁ ਗ ਰੁ ਸ। ਗੁਰਮਤਿ ਸੰਗੀਤ ਦੇ ਖੋਜੀਆਂ ਵਿੱਚੋਂ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਗਉੜੀ ਚੇਤੀ ਨੂੰ ਔੜਵ ਜਾਤੀ ਦੀ ਰਾਗਨੀ ਮੰਨਿਆ ਹੈ। ਇਸ ਵਿੱਚ ਸ਼ੜਜ, ਪੰਚਮ, ਨਿਸ਼ਾਦ ਸ਼ੁਧ, ਰਿਸ਼ਭ ਕੋਮਲ ਤੇ ਮਧਿਅਮ ਤੀਵਰ ਲਗਦਾ ਹੈ। ਗੰਧਾਰ ਵਾਦੀ ਤੇ ਧੈਵਤ ਸੰਵਾਦੀ ਹੈ। ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਸ. ਗਿਆਨ ਸਿੰਘ ਐਬਟਾਬਾਦ ਨੇ 'ਗੁਰਬਾਣੀ ਸੰਗੀਤ' ਭਾਗ-ਪਹਿਲਾ ਵਿਚ ਗਉੜੀ ਚੇਤੀ ਨੂੰ ਮਾਰਵਾ ਥਾਟ ਦਾ ਖਾੜਵ-ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਸ਼ੜਜ-ਪੰਚਮ ਦਾ ਸੰਵਾਦ ਤੇ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਆਰੋਹ - ਸ ਰੁ ਗ ਰੁ ਮ ਪ, ਮ ਧ ਨ ਸਂ। ਅਵਰੋਹ- ਸਂ ਨ ਧ ਪ ਮ ਗ ਰੁ ਸ। ਪਕੜ - ਸ ਰੁ ਪ, ਮ ਗ ਰੁ ਸ, ਨ਼ ਧ਼ ਨ਼, ਸ। 'ਗੁਰਮਤਿ ਸੰਗੀਤ ਸਾਗਰ' ਭਾਗ-ਤੀਜਾ ਦੇ ਕਰਤਾ ਪ੍ਰਿੰਸੀਪਲ ਦਿਆਲ ਸਿੰਘ ਨੇ ਵੀ ਗਉੜੀ ਚੇਤੀ ਦਾ ਇਕ ਸਰੂਪ ਮਾਰਵਾ ਥਾਟ ਦਾ ਦਿੱਤਾ ਹੈ। ਇਸ ਦੀ ਜਾਤੀ ਖਾੜਵ-ਸੰਪੂਰਨ ਹੈ। ਆਰੋਹ - ਸਰੁ ਗਰੁ,

ਰਾਗੁ ਗਉੜੀ ਚੇਤੀ

ਮ̍ਪ, ਮ̍ ਧ ਨ ਸੰ। ਅਵਰੋਹ – ਸੰ ਨ ਰੁੰ ਨ ਧ ਮ̍ ਗ ਪ, ਮ̍ ਗ ਰੁ ਸ। ਇਹ ਸਰੂਪ ਗੁਰਬਾਣੀ ਸੰਗੀਤ ਦੇ ਦਿੱਤੇ ਸਰੂਪ ਨਾਲ ਕਾਫੀ ਮਿਲਦਾ ਹੈ। ਦੂਜਾ ਸਰੂਪ ਪੂਰਵੀ ਥਾਟ ਦਾ ਖਾੜਵ-ਸੰਪੂਰਨ ਜਾਤੀ ਦਾ ਰਾਗ ਹੈ ਤੇ ਉਸ ਵਿੱਚ ਦੋਨੋਂ ਮਧਿਅਮ ਦਾ ਪ੍ਰਯੋਗ ਹੁੰਦਾ ਹੈ। ਆਰੋਹ- ਸ ਰੁ ਮ̍ ਪ, ਮ̍ ਧੁ ਨ ਸੰ। ਅਵਰੋਹ- ਸੰ ਨ ਧੁ ਪ, ਧੁ ਮ, ਪ ਮ̍ ਧੁ ਮ̍ ਗ ਰੁ ਗ ਰੁ ਸ। ਗਉੜੀ ਚੇਤੀ ਦਾ ਤੀਜਾ ਪ੍ਰਕਾਰ ਜਿਸ ਵਿੱਚ ਉਹਨਾਂ ਨੇ ਸ਼ਬਦ ਬੰਦਸ਼ਾਂ ਦਿੱਤੀਆਂ ਹਨ ਇਹ ਵੀ ਪੂਰਵੀ ਥਾਟ ਦਾ ਔੜਵ-ਔੜਵ ਜਾਤੀ ਦਾ ਰਾਗ ਹੈ, ਗੰਧਾਰ ਤੇ ਧੈਵਤ ਵਰਜਿਤ ਹਨ। ਪੰਚਮ-ਸ਼ੜਜ ਦਾ ਸੰਵਾਦ ਹੈ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ, ਰੁ ਮ̍ ਪ, ਨ ਸੰ। ਅਵਰੋਹ- ਸੰ ਨ ਪ, ਮ̍ ਰੁ ਸ। ਪਕੜ – ਸ ਨ਼ ਪ਼, ਨ਼ ਸ ਰੁ ਸ, ਸ ਰੁ ਪ, ਮ̍ ਪ ਰੁ, ਰੁਨ਼, ਸ। ਗਉੜੀ ਚੇਤੀ ਦੇ ਇਸ ਸਰੂਪ ਨੂੰ ਸ਼ੁਧ ਮੰਨਦਿਆਂ ਹੋਇਆ ਉਹਨਾਂ ਨੇ ਪੰਡਿਤ ਸੋਮਨਾਥ ਦੇ ਦਿੱਤੇ ਸਰੂਪ 'ਗਉੜੀ ਚੇਤੀ ਚਾਪਗਾ ਗੰਧਾਰ ਧੈਵਤ ਰਹਿਤ' ਦਾ ਹਵਾਲਾ ਦਿੱਤਾ ਹੈ। ਪ੍ਰਾਚੀਨ ਰੀਤ ਰਤਨਾਵਲੀ ਦੇ ਕਰਤਾ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨੇ ਗਉੜੀ ਚੇਤੀ ਨੂੰ ਮਾਰਵਾ ਥਾਟ ਦਾ ਰਾਗ ਮੰਨਿਆ ਹੈ ਤੇ ਇਹ ਸਰੂਪ ਵੀ ਸਰਦਾਰ ਗਿਆਨ ਸਿੰਘ ਐਬਟਾਬਾਦ ਦੇ 'ਗੁਰਬਾਣੀ ਸੰਗੀਤ' ਵਿੱਚ ਦਿੱਤੇ ਸਰੂਪ ਨਾਲ ਕਾਫੀ ਮਿਲਦਾ ਜੁਲਦਾ ਹੈ। ਇਨ੍ਹਾਂ ਨੇ ਸ-ਪ ਦੀ ਬਜਾਇ ਪ – ਸ ਦਾ ਸੰਵਾਦ ਮੰਨਿਆ ਹੈ। ਆਰੋਹ-ਸਰੁ ਗਰੁ ਮ̍ਪ ਮ̍ਧ ਨਸੰ, ਅਵਰੋਹ –ਸੰ ਨ ਧ, ਮ̍ ਗ ਪ, ਮ̍ ਗ ਰੁ ਸ।

ਪ੍ਰੋ. ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿਚ ਰਾਗੁ ਗਉੜੀ ਚੇਤੀ ਦੇ ਤਿੰਨ ਪ੍ਰਕਾਰਾਂ ਦਾ ਜ਼ਿਕਰ ਕੀਤਾ ਹੈ। ਇੱਕ ਸਰੂਪ ਮਾਰਵਾ ਥਾਟ ਦਾ ਹੈ। ਦੂਜੇ ਸਰੂਪ ਵਿੱਚ ਗਉੜੀ ਅੰਗ ਦੀ ਪ੍ਰਧਾਨਤਾ ਤੇ ਦੋਨੋ ਮਧਿਅਮ ਪ੍ਰਯੋਗ ਹੁੰਦੇ ਹਨ ਪਰ ਤੀਜਾ ਸਰੂਪ ਜਿਸ ਦਾ ਉਹਨਾਂ ਪਰੀਚੇ ਦਿੱਤਾ ਹੈ, ਸ੍ਰੀ ਰਾਗ ਤੇ ਗਉੜੀ ਦਾ ਮਿਸ਼ਰਨ ਹੈ। ਇਹ ਪੂਰਵੀ ਥਾਟ ਦਾ ਰਾਗ ਹੈ। ਇਸ ਵਿੱਚ ਰਿਸ਼ਭ ਧੈਵਤ ਕੋਮਲ ਤੇ ਦੋਨੋਂ ਮਧਿਅਮ ਦਾ ਪ੍ਰਯੋਗ ਹੈ। ਆਰੋਹ ਵਿੱਚ ਗੰਧਾਰ ਵਰਜਿਤ, ਜਾਤੀ ਸ਼ਾੜਵ-ਸੰਪੂਰਨ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਵਾਦੀ-ਪੰਚਮ ਤੇ ਸੰਵਾਦੀ ਸ਼ੜਜ ਹੈ। ਆਰੋਹ- ਸ, ਰੁ ਰੁ, ਮ̍ ਪ, ਮ̍ ਪ, ਨ ਸੰ। ਅਵਰੋਹ- ਸੰ ਨ ਧੁ ਪ, ਧੁ ਮ, ਮ ਪ, ਮ̍ ਧੁ ਮ̍, ਗਰੁ ਗਰੁ ਸ। ਮੁਖ ਅੰਗ- ਨ ਧੁ ਪ, ਧੁ ਮ, ਪ ਮ̍ ਧੁ ਮ̍, ਗਰੁ ਗਰੁ ਸ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਗਉੜੀ ਚੇਤੀ ਦੇ ਦੋ ਸਰੂਪ ਦਿੱਤੇ ਹਨ। ਪਹਿਲਾ ਸਰੂਪ ਥਾਟ-ਪੂਰਵੀ, ਜਾਤੀ-ਔੜਵ ਸੰਪੂਰਨ, ਵਾਦੀ-ਪੰਚਮ ਤੇ ਸੰਵਾਦੀ-ਸ਼ੜਜ ਤੇ ਸਮਾਂ ਦਿਨ ਦਾ ਚੌਥਾ ਪਹਿਰ। ਆਰੋਹ- ਸ ਰੁ ਰੁ, ਮ̍ ਪ, ਮ̍ ਪ ਨ ਸੰ। ਅਵਰੋਹ- ਸੰ ਨ ਧੁ ਪ, ਧੁ ਮ, ਪ ਮ̍ ਧੁ ਮ̍, ਗ ਰੁ ਗ ਰੁ ਸ। ਮੁਖ ਅੰਗ- ਨ ਧੁ ਪ, ਧੁ ਮ, ਪ ਮ̍ ਧੁ ਮ̍, ਗ ਰੁ ਗ ਰੁ ਸ। ਦੂਜਾ ਸਰੂਪ- ਥਾਟ ਮਾਰਵਾ, ਜਾਤੀ-ਸ਼ਾੜਵ-ਸੰਪੂਰਨ,

ਵਾਦੀ-ਸ਼ੜਜ, ਸੰਵਾਦੀ ਪੰਚਮ, ਸਮਾਂ ਸ਼ਾਮ। ਆਰੋਹ- ਸ ਰੁ ਗ ਰੁ, ਮੇ ਪ, ਮੇ ਧ ਨ ਸੰ। ਅਵਰੋਹ- ਸੰ ਨ ਧ ਪ, ਮੇ ਗ ਰੁ ਸ। ਮੁਖ ਅੰਗ - ਸ ਰੁ ਰੁ, ਪ ਮੇ ਗ, ਰੁ ਸ। ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-੪ ਵਿੱਚ ਗਉੜੀ ਚੇਤੀ, ਪੂਰਵੀ ਥਾਟ, ਰਿਸ਼ਭ ਧੈਵਤ ਕੋਮਲ, ਦੋਨੋਂ ਮਧਿਅਮ ਵਾਲਾ ਸਰੂਪ ਹੀ ਮੰਨਿਆ ਹੈ।

ਰਾਗੁ ਗਉੜੀ ਚੇਤੀ ਸ੍ਰੀ ਤੇ ਗਉੜੀ ਦਾ ਇਕ ਸੁੰਦਰ ਮਿਸ਼ਰਨ ਹੈ। ਅਵਰੋਹ ਵਿੱਚ ਪੰਚਮ ਤੇ ਨਿਆਸ ਕਰਨ ਤੇ ਫਿਰ ਧੈਵਤ ਕੋਮਲ ਤੋਂ ਸ਼ੁਧ ਮਧਿਅਮ ਤੇ ਪੰਚਮ ਦਾ ਲਗਾਉ, ਫਿਰ ਮਧਿਅਮ ਤੀਵਰ ਤੋਂ ਧੈਵਤ ਕੋਮਲ ਮਧਿਅਮ ਤੀਵਰ ਤੋਂ ਗੰਧਾਰ ਲੈਣ ਨਾਲ ਰਾਗ ਦਾ ਇੱਕ ਵੱਖਰਾ ਸਰੂਪ ਬਣ ਜਾਂਦਾ ਹੈ। ਸੰ ਨ ਧੁ ਪ, ਧੁ ਮ, ਪ, ਮੇ ਧੁ ਮੇ ਗ, ਰੁ ਗ ਰੁ ਸ। ਐਸੇ ਸਵਰ-ਸਮੂਹ ਦੇ ਪ੍ਰਯੋਗ ਨਾਲ ਕਰੁਣਾ ਰਸ ਭਰਪੂਰ ਵਾਤਾਵਰਣ ਛਾਇਆ ਰਹਿੰਦਾ ਹੈ। ਇਸ ਰਾਗ ਵਿੱਚ ਭਗਤੀ ਭਾਵ ਦੀਆਂ ਰਚਨਾਵਾਂ ਜ਼ਿਆਦਾ ਚੰਗੀਆਂ ਲਗਦੀਆਂ ਹਨ। ਸੰਗੀਤ ਵਿਦਵਾਨਾਂ ਨੇ ਵੀ ਜ਼ਿਆਦਾ ਕਰਕੇ ਇਹੀ ਸਰੂਪ ਸਵੀਕਾਰਿਆ ਹੈ।

ਰਾਗ ਨਿਰਣਾਇਕ ਕਮੇਟੀ ਵੱਲੋਂ ਗਉੜੀ ਚੇਤੀ ਦਾ ਪੂਰਵੀ ਥਾਟ ਦਾ ਦੋਨੋਂ ਮਧਿਅਮ ਪ੍ਰਯੋਗ ਹੋਣ ਵਾਲਾ ਸਰੂਪ ਪ੍ਰਵਾਣਿਤ ਕੀਤਾ ਗਿਆ ਹੈ। 'ਗੁਰਮਤਿ ਸੰਗੀਤ ਵਿਸ਼ੇਸ਼ ਅੰਕ' ਵਿਚ ਇਹੀ ਸਰੂਪ ਦਿੱਤਾ ਗਿਆ ਹੈ। ਗਉੜੀ ਚੇਤੀ ਦਾ ਇਹੀ ਸਰੂਪ ਇੱਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਗਉੜੀ ਨੂੰ ਤੀਜਾ ਸਥਾਨ ਪ੍ਰਾਪਤ ਹੈ। ਗਉੜੀ ਦੇ ਪ੍ਰਕਾਰਾਂ ਵਿੱਚ ਗਉੜੀ ਗੁਆਰੇਰੀ, ਗਉੜੀ ਦਖਣੀ ਤੋਂ ਬਾਅਦ ਰਾਗੁ ਗਉੜੀ ਚੇਤੀ ਵਿੱਚ ਬਾਣੀ ਦੀ ਰਚਨਾ ਹੈ, ਸ਼ਬਦ ਤਰਤੀਬ ਇਸ ਪ੍ਰਕਾਰ ਹੈ। ਗਉੜੀ ਚੇਤੀ ਮਹਲਾ ੧ ਪੰਨਾ ੧੫੪ ਤੋਂ ੧੫੬ ਸ਼ਬਦ ਅੰਕ ੬॥੧॥੧੩॥ ਤੋਂ ੬॥੫॥੧੭॥ ੫ ਸ਼ਬਦ ਹਨ। ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ ਪੰਨਾ ੨੦੨ ਤੋਂ ੨੦੩ ਸ਼ਬਦ ਅੰਕ ॥੨॥੧੧੪॥ ਤੋਂ ੨॥੨॥੧੧੫ ੨ ਸ਼ਬਦ ਤੇ ਪੰਨਾ ੨੧੦ ਤੋਂ ੨੧੨ ਰਾਗੁ ਗਉੜੀ ਚੇਤੀ ਮਹਲਾ ੫ ਸ਼ਬਦ ਅੰਕ ੪॥੧॥੧੩੯ ਤੋਂ ॥੩॥੧੩॥੧੫੧॥ ੧੩ ਸ਼ਬਦ, ਕੁਲ ੧੫ ਸ਼ਬਦ ਹਨ। ਭਗਤ ਬਾਣੀ ਵਿੱਚ ਪੰਨਾ ੩੩੧ ਤੋਂ ੩੩੨ ਰਾਗੁ ਗਉੜੀ ਚੇਤੀ ਸ਼ਬਦ ਅੰਕ ॥੨॥੪੩॥ ਤੇ ਗਉੜੀ ਚੇਤੀ ਸ਼ਬਦ ਅੰਕ ॥੬॥੧॥੪੪॥ ੨ ਸ਼ਬਦ ਭਗਤ ਕਬੀਰ ਜੀ ਦੇ ਹਨ। ਪੰਨਾ ੩੪੫ ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ ਸ਼ਬਦ ਅੰਕ॥੨॥੧॥ ਇੱਕ ਸ਼ਬਦ ਹੈ।

**ਪਰੀਚੈ:-**

ਰਾਗ - ਗਉੜੀ ਚੇਤੀ ਥਾਟ - ਪੂਰਵੀ

ਸਵਰ - ਰਿਸ਼ਭ, ਧੈਵਤ ਕੋਮਲ, ਦੋਨੋ ਮਧਿਅਮ ਹੋਰ ਸਭ ਸ਼ੁਧ

## ਰਾਗੁ ਗਉੜੀ ਚੇਤੀ

ਵਰਜਿਤ ਸਵਰ - ਆਰੋਹ ਵਿਚ ਗੰਧਾਰ ਜਾਤੀ - ਸ਼ਾੜਵ-ਸੰਪੂਰਨ

ਵਾਦੀ - ਪੰਚਮ ਸੰਵਾਦੀ - ਸ਼ੜਜ

ਸਮਾਂ - ਦਿਨ ਦਾ ਚੌਥਾ ਪਹਿਰ ਆਰੋਹ - ਸ ਰੁ ਮ̍ ਪ, ਮ̍ ਧੁ ਨ ਸੰ

ਅਵਰੋਹ - ਸੰ ਨ ਧੁ ਪ, ਧੁ ਮ, ਪ ਮ̍ ਧੁ ਮ̍ ਗ, ਰੁ ਗ ਰੁ ਸ

ਮੁਖ ਅੰਗ - ਨ ਧੁ ਪ ਧੁ ਮ, ਪ ਮ̍ ਧੁ ਮ̍ ਗ, ਰੁ ਗ ਰੁ ਸ

**ਸਵਰ ਵਿਸਥਾਰ:-**

1. ਸ, ਰੁ ਸ, ਰੁ ਨ਼ ਸ, ਨ਼ ਧ਼ੁ ਪ਼, ਪ਼ ਧ਼ੁ ਮ਼ ਪ਼, ਧ਼ੁ ਮ਼ ਪ਼, ਮ਼̍ ਧ਼ੁ, ਮ਼̍ ਧ਼ੁ ਨ਼ ਸ, ਰੁ ਨ਼ ਸ, ਰੁ ਗ ਰੁ, ਰੁ ਮ̍ ਪ, ਮ̍ ਧੁ ਪ, ਪ ਧੁ ਮ, ਪ ਮ̍ ਧੁ ਮ̍ ਗ, ਰੁ ਗ ਰੁ ਸ।
2. ਸ, ਰੁ ਗ ਰੁ, ਮ̍ ਪ, ਰੁ ਮ̍ ਪ, ਮ̍ ਧੁ ਪ, ਮ̍ ਧੁ ਨ, ਮ̍ ਧੁ ਨ ਸੰ, ਨ ਰੁੰ ਸੰ, ਨ ਧੁ ਪ, ਪ ਧੁ ਮ, ਪ ਗ, ਮ̍ ਧੁ ਮ̍ ਗ, ਰੁ ਗ ਰੁ ਸ।
3. ਪ, ਮ̍ ਪ, ਮ̍ ਧੁ ਪ, ਮ̍ ਧੁ ਨ, ਮ̍ ਧੁ ਨ ਸੰ, ਨ ਰੁੰ ਸੰ, ਨ ਰੁ, ਰੁੰ ਗਂ ਰੁੰ, ਮੰ̍ ਮੰ̍ ਗਂ ਰੁੰ, ਸੰ ਨ ਸੰ ਨ, ਧੁ ਪ, ਸੰ ਨ ਧੁ ਪ, ਪ ਧੁ ਮ, ਮ ਪ ਗ, ਮ̍ ਧੁ ਮ̍ ਗ, ਰੁ ਗ ਰੁ ਸ।

### ਗਉੜੀ ਮਹਲਾ ੫॥ (੨੧੧)

**ਜੀਅਰੇ ਓਲ੍ਹਾ ਨਾਮ ਕਾ॥ ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ॥੧॥ ਰਹਾਉ॥ ਅਵਰ ਜਤਨਿ ਨਹੀ ਪਾਈਐ॥ ਵਡੈ ਭਾਗਿ ਹਰਿ ਧਿਆਈਐ॥੧॥ ਲਾਖ ਹਿਕਮਤੀ ਜਾਨੀਐ॥ ਆਗੈ ਤਿਲੁ ਨਹੀ ਮਾਨੀਐ॥੨॥ ਅਹੰਬੁਧਿ ਕਰਮ ਕਮਾਵਨੇ॥ ਗ੍ਰਿਹ ਬਾਲੂ ਨੀਰਿ ਬਹਾਵਨੇ॥੩॥ ਪ੍ਰਭੁ ਕ੍ਰਿਪਾਲੁ ਕਿਰਪਾ ਕਰੈ॥ ਨਾਮੁ ਨਾਨਕ ਸਾਧੂ ਸੰਗਿ ਮਿਲੈ॥੪॥੪॥੧੪੨॥**

ਪਦ ਅਰਥ:- ਜੀਅਰੇ-ਹੇ ਜੀਵ!ਓਲ੍ਹਾ-ਆਸਰਾ। ਕਰਨ ਕਰਾਵਨੋ-ਦੌੜ-ਭੱਜ, ਕੰਮ-ਕਾਜ। ਭਉ ਹੈ ਜਾਮ ਕਾ -ਜਮ ਦਾ ਡਰ। ਜਤਨਿ-ਜਤਨ ਨਾਲ। ਹਿਕਮਤੀ-ਹਿਕਮਤਾਂ (ਚਤਰਾਈਆਂ) ਦੇ ਕਾਰਨ। ਆਗੈ-ਪਰਲੋਕ ਵਿੱਚ। ਮਾਨੀਐ-ਆਦਰ ਮਿਲਦਾ। ਅਹੰਬੁਧਿ-ਅਹੰਕਾਰ ਪੈਦਾ ਕਰਨ ਵਾਲੀ ਅਕਲ। ਬਾਲੂ-ਰੇਤ। ਨੀਰਿ-ਨੀਰ ਨੇ, ਪਾਣੀ ਨੇ। ਬਹਾਵਨੇ -ਰੋੜ੍ਹ ਦਿੱਤੇ। ਸਾਧੂ ਸੰਗਿ-ਗੁਰੂ ਦੀ ਸੰਗਤਿ ਵਿਚ।

### ਰਾਗੁ ਗਉੜੀ ਚੇਤੀ ਤੀਨ ਤਾਲ ਮਾਤਰਾਂ-16 ਮੱਧ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰੁ | ਗ | ਰੁ | ਸ | ਰੁ | - | ਮ̍ | ਪ |
| | | | | | | | | ਜੀ | ਅ | ਰੇ | S | ਓ | S | ਲ੍ਹਾ | S |
| ਪ | ਧੁ | ਮ | ਪ | ਮ̍ਧੁ | ਮ̍ਗ | ਰੁ | ਸ | ਰੁ | ਗ | ਰੁ | ਰੁ | ਮ̍ | ਮ̍ | ਪ | - |
| ਨਾ | S | ਮ | S | ਕਾS | SS | S | S | ਅ | ਵ | ਰੁ | ਜਿ | ਕ | ਰ | ਨ | S |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮੰ | ਧੁ | ਨ | ਸੰ | ਨ | ਧੁ | ਪ | - | ਨ | ਸੰ | ਨ | ਧੁ | ਪਪ | ਧੁ | ਮ | ਪ |
| ਕ | ਰਾ | ऽ | ਵ | ਨੋ | ऽ | ऽ | ऽ | ਤਿ | ਨ | ਮ | ਹਿ | ਭਉ | ऽ | ਹੈ | ऽ |
| ਮੰ | ਧੁ | ਮੰ | ਗ | ਰੁ | ਗ | ਰੁ | ਸ | | | | | | | | |
| ਜਾ | ऽ | ਮ | ऽ | ਕਾ | ऽ | ऽ | ऽ | | | | | | | | |
| x | | | | 2 | | | | 0 | | | | 3 | | | |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਸੰ | ਨ | ਧੁ | ਪ | ਮੰ | ਧੁ | ਨ | ਨ |
| | | | | | | | | ਅ | ਵ | ਰ | ਜ | ਤ | ਨਿ | ਨ | ਹੀ |
| ਸੰ | - | - | ਸੰ | ਨ | ਰੁੰ | ਸੰ | - | ਰੁੰ | ਗੰ | ਰੁੰ | ਸੰ | ਨ | ਧੁ | ਪ | - |
| ਪਾ | ऽ | ऽ | ਈ | ਐ | ऽ | ऽ | ऽ | ਵ | ऽ | ਡੈ | ऽ | ਭਾ | ऽ | ਗਿ | ऽ |
| ਧੁ | ਮ | ਪ | ਗ | ਮੰਧੁ | ਮੰਗ | ਰੁ | ਸ | | | | | | | | |
| ਹ | ऽ | ਰਿ | ऽ | ਧਿऽ | ਆऽਈ | ਐ | | | | | | | | | |
| x | | | | 2 | | | | 0 | | | | 3 | | | |

ਤਾਨਾਂ:-

1. ਸਰੁ ਗਰੁ ਮੰਪ ਧੁਪ ਧੁਮ ਪਗ ਮੰਗ ਰੁਸ
2. ਰੁਗ ਰੁਸ ਮੰਪ ਧੁਮ ਪਗ ਮੰਧੁ ਮੰਗ ਰੁਸ
3. ਮੰਧੁ ਨਸੰ ਨਧੁ ਪਧੁ ਮਮ ਪਗ ਮੰਗ ਰੁਸ
4. ਨਸੰ ਨਧੁ ਪਧੁ ਮਮ ਪਪ ਮੰਧੁ ਮੰਗ ਰੁਸ
5. ਨਨ ਧੁਪ ਧੁਮ ਪਪ ਮੰਧੁ ਮੰਗ ਰੁਸ ਨੁਸ
6. ਮੰਧੁ ਨਨ ਸੰਨ ਧੁਪ ਧੁਮ ਪਗ ਮੰਗ ਰੁਸ
7. ਧੁਪ ਮੰਗ ਰੁਸ ਮੰਪ ਮੰਧੁ ਨਸੰ ਨਧੁ ਪਪ ਪਧੁ ਮਮ ਪਪ ਗਗ
   ਮੰਧੁ ਮੰਗ ਰੁਰੁ ਸਸ
8. ਗਗ ਰੁਸ ਮੰਗ ਰੁਸ ਮੰਧੁ ਪਪ ਮੰਗ ਰੁਸ ਨਸੰ ਨਧੁ ਪਧੁ ਮਪ
   ਮੰਧੁ ਮੰਗ ਰੁਰੁ ਸਸ

ਤਿਹਾਈਆਂ:-

1. 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 8ਵੀਂ ਮਾਤਰ ਦੀ ਸੱਮ ਤੋਂ ਦੁਗੁਨ ਲੈ ਕੇ ਫਿਰ ਮੁਖੜੇ ਦੀ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।

## ਰਾਗੁ ਗਉੜੀ ਚੇਤੀ

3. 9ਵੀਂ ਤੋਂ 8ਵੀਂ ਮਾਤਰ ਤਕ ਇਕ ਆਵਰਤ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
4. 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਮ ਕਰਨਾ ਹੈ।

### ਗਉੜੀ ਚੇਤੀ ਮਹਲਾ ੧॥ (੧੫੬)

**ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥੧॥ ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥ ਕਹੇ ਨ ਜਾਨੀ ਅਉਗਣ ਮੇਰੇ॥੧॥ਰਹਾਉ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ॥੪॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥੬॥੫॥੧੭॥**

ਪਦ ਅਰਥ:- ਕਤ ਕੀ-ਕਦੋਂ ਦੀ। ਕਤ ਕੇਰਾ-ਕਦੋਂ ਦਾ। ਅਗਨਿ ਬਿੰਬ-ਮਾਂ ਦੇ ਪੇਟ ਦੀ ਅੱਗ। ਜਲ-ਪਿਤਾ ਦਾ ਬੀਰਜ। ਨਿਪਜੇ-ਨਿੰਮੇ, ਮਾਂ ਦੇ ਪੇਟ ਵਿੱਚ ਟਿਕਾਏ ਗਏ। ਉਪਾਏ-ਪੇਦਾ ਕੀਤੇ। ਚੀਨੇ-ਵੇਖੇ। ਨਾਗ ਕੁਲੀ-ਸੱਪਾਂ ਦੀਆਂ ਕੁਲਾਂ। ਪਟਣ-ਸ਼ਹਰ। ਬਿਜ-ਪੱਕੇ। ਮੰਦਰ-ਘਰ। ਭੰਨੈ-ਸੰਨ੍ਹ ਲਾਂਦਾ ਹੈ। ਨਵ ਖੰਡ-ਨੌ ਖੰਡਾਂ ਵਾਲੀ ਸਾਰੀ ਧਰਤੀ। ਸਾਗਰੁ-ਸਮੁੰਦਰ। ਨੀਰਿ-ਪਾਣੀ। ਵਗੈ-ਚਲ ਰਹੀ ਹੈ। ਕਾਤੀ- (ਤ੍ਰਿਸਨਾ ਦੀ) ਛੁਰੀ।

### ਰਾਗੁ ਗਉੜੀ ਚੇਤੀ ਤੀਨ ਤਾਲ ਮਾਤਰਾਂ-16 ਮੱਧ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ̍ਧੁ | ਨ | ਧੁ | ਪ | ਧੁ | ਮ | ਪ | - |
| | | | | | | | | ਮੇS | S | ਰੇ | S | ਸਾ | ਹਿ | ਬਾ | S |
| ਮ̍ਮ̍ | ਧੁ | ਮ̍ | ਗ | ਰੁਗ | ਮ̍ਗ | ਰੁ | ਸ | ਰੁ | ਗ | ਰੁ | ਮ̍ | ਪ | ਮ̍ | ਧੁ | ਪ |
| ਕਉ | ਣੁ | ਜਾ | ਣੈ | ਗੁS | ਣS | ਤੇ | ਰੇ | ਕ | ਹੇ | ਨ | S | ਜਾ | S | ਨੀ | S |
| ਨਨ | - | ਸੰ | ਨ | ਧੁ | - | ਪ | - | | | | | | | | |
| ਅਉ | S | ਗੁ | ਣ | ਮੇ | S | ਰੇ | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਪ | ਮ | ਧੁ | ਨ | - | ਸੰ | - |
| | | | | | | | | ਕ | ਤ | ਕੀ | S | ਮਾ | S | ਈ | S |
| ਨ | ਰੁੰ | ਸੰ | ਸੰ | ਰੁੰ | ਗੰ | ਰੁੰ | ਸੰ | ਨ | ਸੰ | ਨ | ਧੁ | ਪ | - | ਧੁ | ਮ |
| ਬਾ | ਪੁ | ਕ | ਤ | ਕੇ | S | ਰਾ | S | ਕਿ | ਦੂ | S | S | ਥਾ | S | ਵ | ਹੁ |
| ਪ | ਪ | ਮ | ਧੁ | ਮ | ਗ | ਰੁਗ | ਰੁਸ | | | | | | | | |
| ਹ | ਮ | ਆ | S | ਏ | S | SS | SS | | | | | | | | |
| x | | | | 2 | | | | 0 | | | | 3 | | | |

## ਗਉੜੀ ਮਹਲਾ ੫॥ (੨੧੨)

**ਮੋਹਿ ਦਾਸਰੋ ਠਾਕੁਰ ਕੋ॥ ਧਾਨੁ ਪ੍ਰਭ ਕਾ ਖਾਨਾ॥੧॥ਰਹਾਉ॥ ਐਸੋ ਹੈ ਰੇ ਖਸਮੁ ਹਮਾਰਾ॥ ਖਿਨ ਮਹਿ ਸਾਜਿ ਸਵਾਰਣਹਾਰਾ॥੧॥ ਕਾਮੁ ਕਰੀ ਜੇ ਠਾਕੁਰ ਭਾਵਾ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ॥੨॥ ਸਰਣਿ ਪਰਿਓ ਠਾਕੁਰ ਵਜੀਰਾ॥ ਤਿਨਾ ਦੇਖਿ ਮੇਰਾ ਮਨੁ ਧੀਰਾ॥੩॥ ਏਕ ਟੇਕ ਏਕੋ ਆਧਾਰਾ॥ ਜਨ ਨਾਨਕ ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥**

ਪਦ ਅਰਥ:- ਦਾਸਰੋ-ਨਿਮਾਣਾ ਸੇਵਕ। ਧਾਨੁ-ਦਾਨ ਵਜੋਂ ਦਿੱਤਾ ਅੰਨ। ਖਾਨਾ-ਖਾਂਦਾ ਹਾਂ। ਸਾਜਿ-ਸਾਜ ਕੇ, ਰਚਨਾ ਕਰਕੇ। ਸਵਾਰਣਹਾਰਾ-ਸੁੰਦਰ ਬਣਾ ਦੇਣ ਦੀ ਸਮਰਥਾ ਵਾਲਾ। ਕਾਮੁ-ਕੰਮ। ਚਰਿਤ-ਸਿਫ਼ਤਿ ਸਾਲਾਹ ਦੀਆਂ ਗੱਲਾਂ। ਠਾਕੁਰ ਵਜੀਰਾ-ਠਾਕੁਰ ਪ੍ਰਭੂ ਦੇ ਵਜ਼ੀਰ (ਸੰਤ ਜਨ)। ਧੀਰਾ-ਧੀਰਜ ਵਾਲਾ। ਆਧਾਰਾ-ਆਸਰਾ। ਕਾਰਾ-ਕਾਰ ਵਿਚ, ਕੰਮ ਵਿਚ।

## ਰਾਗੁ ਗਉੜੀ ਚੇਤੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਧੁ | ਮ | ਮ | ਪ | - | ਮ | ਧੁ | ਮ | ਗ | ਰੁ | ਸ |
| ਮੋ | ਹਿ | ਦਾ | ਸ | ਰੋ | S | ਠਾ | S | ਕੁ | ਰ | ਕੋ | S |
| ਰੁ | ਗ | ਰੁ | ਮਮ | ਪ | - | ਮਧੁ | ਨ | ਸੰ. | ਨ | ਧੁ | ਪ |
| ਧਾ | S | ਨੁ | ਪ੍ਰ | ਭ | S | ਕਾS | S | ਖਾ | S | ਨਾ | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਪ | ਮ | ਧੁ | ਨ | ਨ | ਸੰ | ਸੰ | ਨ | ਰੁੰ | ਸੰ | ਸੰ |
| ਐ | S | ਸੋ | ਹੈ | S | ਰੇ | ਖ | ਸ | ਮੁ | ਹ | ਮਾ | ਰਾ |
| ਨ | ਰੁੰ | ਗੰ | ਰੁੰ | ਸੰ | ਸੰ | ਨ | ਸੰ | ਨ | ਧੁ | ਪ | ਪ |
| ਖਿ | ਨ | ਮਾ | ਹਿ | ਸਾ | ਜਿ | ਸ | ਵਾ | ਰ | ਣ | ਹਾ | ਰਾ |

ਰਾਗੁ ਗਉੜੀ ਚੇਤੀ

| | | | | | | | | | | | |
|---|---|---|---|---|---|---|---|---|---|---|---|
| ਨ | ਸੰ | ਨ | ਧੁ | ਪ | ਪ | ਧੁ | ਮ | ਪਗ | ਮ̍ਧੁ | ਮ̍ਗ | ਰੁਸ |
| ਖਿ | ਨ | ਮ | ਹਿ | ਸਾ | ਜਿ | ਸ | ਵਾ | ਰS | ਣS | ਹਾS | ਰਾS |
| x | | 0 | | 2 | | 0 | | 3 | | 4 | |

**ਤਾਨਾਂ:-**

1. ਸਰੁ ਮ̍ਪ ਧੁਪ ਮ̍ਪ ਨਨ ਸੰਨ ਧੁਪ ਮ̍ਪ ਧੁਮ ਪਗ ਮ̍ਗ ਰੁਸ
2. ਮ̍ਧੁ ਨਸੰ ਨਰੁੰ ਸੰਨ ਧੁਪ ਪਧੁ ਮਮ ਪਪ ਮ̍ਧੁ ਮ̍ਗ ਰੁਗ ਰੁਸ
3. ਪਪ ਮ̍ਪ ਮ̍ਧੁ ਨਸੰ ਨਨ ਧੁਪ ਪਧੁ ਮਮ ਪਪ ਗਗ ਮ̍ਗ ਰੁਸ

**ਤਿਹਾਈਆਂ:-**

1. ਪਹਿਲੀ ਤੋਂ 5ਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਬਰਾਬਰ ਲੈ ਕੇ ਫਿਰ ਤੀਜੀ ਤੋਂ 5ਵੀਂ ਮਾਤਰ ਦੇ ਟੁਕੜੇ ਨੂੰ 2 ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
2. ਚੌਥੀ ਮਾਤਰ ਤੇ 'ਸਰੋ' ਦਾ ਉਚਾਰਨ ਕਰਨਾ ਹੈ। ਪਹਿਲੀ ਤੋਂ ਚੌਥੀ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਮਹਲਾ ੫॥ (੨੦੩)

**ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ॥੧॥ਰਹਾਉ॥ ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ॥੧॥ ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ॥ ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ॥੨॥੨॥੧੧੫॥**

ਪਦ ਅਰਥ:- ਭੁਜ-ਬਾਂਹ। ਭੁਜ ਬਲ-ਜਿਸ ਦੀਆਂ ਬਾਹਾਂ ਵਿਚ ਤਾਕਤ ਹੈ। ਸੁਖ ਸਾਗਰ-ਹੇ ਸੁਖਾਂ ਦੇ ਸਮੁੰਦਰ! ਗਰਤ-ਟੋਆ। ਪਰਤ-ਡਿਗਦਾ। ਗਹਿ ਲੇਹੁ-ਫੜ ਲੈ। ਅੰਗੁਰੀਆ-ਉਂਗਲੀ। ਸ੍ਰਵਨਿ-ਕੰਨ ਵਿਚ। ਸੁਰਤਿ-ਸੁਣਨ ਦੀ ਸਮਰੱਥਾ। ਆਰਤ-ਦੁਖੀਆ। ਰਟਤ-ਪੁਕਾਰਦਾ। ਪਿੰਗੁਰੀਆ-ਪਿੰਗਲਾ, ਪੈਰਹੀਣ। ਦੀਨਾ ਨਾਥ-ਹੇ ਗਰੀਬਾਂ ਦੇ ਖ਼ਸਮ! ਅਨਾਥ-ਯਤੀਮ। ਕਰੁਣਾ ਮੈ-ਤਰਸ ਰੂਪ। ਮਹਤਰੀਆ-ਮਾਂ। ਚਰਨ ਕਵਲ-ਕੌਲ ਫੁੱਲਾਂ ਵਰਗੇ ਚਰਨ। ਗਹਿ-ਫੜ ਕੇ।

## ਰਾਗੁ ਗਉੜੀ ਚੇਤੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਨ | ਸੰ | ਨਸੰ | ਨਧੁ | ਪ | ਧੁਧੁ | ਮ | ਪਗ | ਮ̍ਗ | ਰੁਸ |
| ਭੁ | ਜ | ਬਲ | ਬੀS | ਰ | ਬ੍ਰਹ | ਮ | ਸੁਖ | ਸਾS | ਗਰ |

| | | | | | | | | | | |
|---|---|---|---|---|---|---|---|---|---|---|
| ਰੁਰੁ | ਮੰ | ਪ | ਮੰਧੁ | ਪ | ਨਨ | ਸੰਸੰ | ਨਨ | ਧੁ | ਪ |
| ਗਰ | ਤ | ਪ | ਰS | ਤ | ਗਹਿ | ਲੇਹੁ | ਅੰਗੁ | ਰੀ | ਆ |
| x | | 2 | | | 0 | | 3 | | |

**ਅੰਤਰਾ**

| | | | | | | | | | |
|---|---|---|---|---|---|---|---|---|---|
| ਮੰਪ | ਮੰ | ਧੁ | ਧੁਧੁ | ਨ | ਸੰ | ਸੰ | ਨ | ਰੁੰਰੁੰ | ਸੰਸੰ |
| ਸ੍ਰਵ | ਨਿ | ਨ | ਸੁਰ | ਤਿ | ਨੈ | ਨ | ਸੁੰ | ਦਰ | ਨਹੀ |
| ਨਰੁੰ | ਗੰਰੁੰ | ਸੰਸੰ | ਨਧੁ | ਪ | ਧੁਮ | ਪਗ | ਮੰਧੁ | ਮੰਗ | ਰੁਸ |
| ਆS | ਰਤ | ਦੁਆ | SS | ਰਿ | ਰਟ | ਤS | ਪਿੰਗੁ | ਰੀS | ਆS |
| x | | 2 | | | 0 | | 3 | | |

**ਤਾਨਾਂ:-**

1. ਰੁਗਮੰਗ ਰੁਗਰੁਸ ਮੰਪਧੁਪ ਨਨਧੁਪ ਮੰਧੁਨਸੰ ਨਰੁੰਗੰਰੁੰ ਸੰਨਧੁਪ ਪਧੁਮਪ ਮੰਧੁਮੰਗ ਰੁਗਰੁਸ
2. ਰੁਗਰੁਗ ਮੰਗਰੁਸ ਮੰਪਮੰਪ ਧੁਪਮੰਪ ਮੰਧੁਮੰਧੁ ਨਸੰਰੁੰਸੰ ਰੁੰਗੰਰੁੰਸੰ ਨਨਧੁਪ ਧੁਮਪਗ ਮੰਗਰੁਸ

**ਤਿਹਾਈਆਂ:-**

1. ਪਹਿਲੀ-ਦੂਜੀ ਮਾਤਰ ਨੂੰ ਦੁਗੁਨ ਵਿੱਚ ਪਹਿਲੀ ਮਾਤਰ ਤੇ ਲੈ ਕੇ ਤੀਜੀ ਤੋਂ 5ਵੀਂ ਮਾਤਰ ਦੇ ਤਿੰਨ ਮਾਤਰਾਂ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 5ਵੀਂ ਮਾਤਰ ਦਾ ਟੁਕੜਾ ਦੂਜੀ ਮਾਤਰ ਤੋਂ ਲੈ ਕੇ ਫਿਰ ਚੌਥੀ-ਪੰਜਵੀ ਮਾਤਰ ਦਾ ਟੁਕੜਾ ਦੋ ਵਾਰ ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਮਹਲਾ ੫॥ (੨੧੧)

ਮਨ ਰਾਮ ਨਾਮ ਗੁਨ ਗਾਈਐ॥ ਨੀਤ ਨੀਤ ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ॥੧॥ਰਹਾਉ॥ ਸੰਤਸੰਗਿ ਹਰਿ ਮਨਿ ਵਸੈ॥ ਦੁਖੁ ਦਰਦੁ ਅਨੇਰਾ ਭ੍ਰਮੁ ਨਸੈ॥੧॥ ਸੰਤ ਪ੍ਰਸਾਦਿ ਹਰਿ ਜਾਪੀਐ॥ ਸੋ ਜਨੁ ਦੂਖਿ ਨ ਵਿਆਪੀਐ॥੨॥ ਜਾ ਕਉ ਗੁਰੁ ਹਰਿ ਮੰਤ੍ਰੁ ਦੇ॥ ਸੋ

## ਰਾਗੁ ਗਉੜੀ ਚੇਤੀ

**ਉਬਰਿਆ ਮਾਇਆ ਅਗਨਿ ਤੇ॥੩॥ ਨਾਨਕ ਕਉ ਪ੍ਰਭ ਮਇਆ ਕਰਿ॥ ਮੇਰੈ ਮਨਿ ਤਨਿ ਵਾਸੈ ਨਾਮੁ ਹਰਿ॥੪॥੭॥੧੪੫॥**

ਪਦ ਅਰਥ:- ਭ੍ਰਮੁ-ਭਟਕਣਾ। ਪ੍ਰਸਾਦਿ-ਕਿਰਪਾ ਨਾਲ। ਵਿਆਪੀਐ-ਦਬ ਜਾਂਦਾ ਹੈ। ਮਇਆ-ਦਇਆ।

## ਰਾਗੁ ਗਉੜੀ ਚੇਤੀ ਜਗਪਾਲ ਤਾਲ ਮਾਤਰਾਂ-11 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| ਮ | ਧੁ | ਨਸਂ | ਨਧੁ | ਪ | ਪਧੁ | ਮ | ਪ | ਮਧੁ | ਮਗ | ਰੁਸ |
| ਮ | ਨ | ਰਾਮ | ਨਾS | ਮ | ਗੁS | ਨ | ਗਾ | ਈS | ਐS | SS |
| ਰੁ | ਰੁ | ਰੁਗ | ਰੁ | ਸ | ਰੁ | ਮ | ਪ | ਪਮ | ਧੁ | ਪ |
| ਨੀ | ਤ | ਨੀS | S | ਤ | ਹ | ਰਿ | ਸੇ | ਵੀS | ਐ | S |
| ਨ | ਸਂ | ਨਸਂ | ਨਧੁ | ਪ | ਧੁ | ਮ | ਪ | ਮਧੁ | ਮਗ | ਰੁਸ |
| ਸਾ | ਸਿ | ਸਾS | SS | ਸਿ | ਹ | ਰਿ | ਧਿ | ਆਈ | ਐS | SS |
| x | | | | | 2 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| ਮ | ਪ | ਮ | ਧੁ | ਨ | ਸਂ | ਸਂ | ਸਂ | ਨ | ਰੁਂ | ਸਂ |
| ਸਂ | ਤ | ਸਂ | S | ਗਿ | ਹ | ਰਿ | ਮ | ਨਿ | ਵ | ਸੈ |
| ਨ | ਰੁਂ | ਗਂ | ਰੁਂ | ਸਂ | ਨ | ਸਂ | ਸਂ | ਨਨ | ਧੁ | ਪ |
| ਦੁ | ਖੁ | ਦ | ਰ | ਦੁ | ਅ | ਨੇ | ਰਾ | ਭ੍ਰਮੁ | ਨ | ਸੈ |
| ਪ | ਧੁ | ਮ | ਪ | ਪ | ਮ | ਮਧੁ | ਮਗ | ਮਗ | ਰੁ | ਸ |
| ਦੁ | ਖੁ | ਦ | ਰ | ਦੁ | ਅ | ਨੇS | ਰਾS | ਭ੍ਰਮੁ | ਨ | ਸੈ |
| x | | | | | 2 | | 3 | | 4 | |

**ਤਾਨਾਂ :-**

1. ਸਰੁਰੁਸ ਰੁਗਗਰੁ ਮਪਪਮ ਮਧੁਧੁਮ ਧੁਨਨਧੁ ਨਸਂਸਂਨ ਨਰੁਂਰੁਂਸਂ ਧੁਨਨਧੁ ਪਧੁਧੁਮ ਮਪਪਗ ਮਗਰੁਸ
2. ਗਗਰੁਗ ਰੁਸਮਮ ਗਗਰੁਸ ਪਪਮਧੁ ਪਪਮਧੁ ਨਨਧੁਪ ਨਸਂਨਨ ਧੁਪਪਧੁ ਮਮਪਪ ਮਧੁਮਗ ਰੁਰੁਸਸ
3. ਰੁਗਰੁਰੁ ਮਗਰੁਸ ਰੁਰੁਮਪ ਮਧੁਪਪ ਮਗਰੁਸ ਮਧੁਨਸਂ ਨਰੁਂਸਂਸਂ ਨਨਧੁਪ ਪਧੁਮਮ ਪਪਮਧੁ ਮਗਰੁਸ

**ਤਿਹਾਈਆਂ:-**

1. ਪਹਿਲੀ ਤੋਂ 5ਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇੱਕ ਮਾਤਰ ਬਿਸਰਾਮ ਫਿਰ ਚੌਥੀ-ਪੰਜਵੀਂ ਮਾਤਰ ਦਾ ਟੁਕੜਾ ਫਿਰ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀਆਂ 2 ਮਾਤਰਾਂ ਬੰਦਸ਼ ਅਨੁਸਾਰ ਲੈ ਕੇ ਫਿਰ ਤੀਜੀ ਤੋਂ 5ਵੀਂ ਮਾਤਰ ਦੇ ਤਿੰਨ ਮਾਤਰਾਂ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. ਚੌਥੀ ਮਾਤਰ ਤੇ 'ਨਾਮ' ਦਾ ਉਚਾਰਨ ਕਰਨਾ ਹੈ। ਸੱਮ ਤੋਂ ਪਹਿਲੀ ਤੋਂ ਚੌਥੀ ਮਾਤਰ ਬਰਾਬਰ ਲੈ ਕੇ ਫਿਰ 6ਵੀਂ ਤੋਂ 11ਵੀਂ ਮਾਤਰ ਤੇ 6 ਮਾਤਰਾਂ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਰਾਗੁ ਗਉੜੀ ਚੇਤੀ ਮਹਲਾ ੫॥ ੧ੴ ਸਤਿਗੁਰ ਪ੍ਰਸਾਦਿ॥ (੨੧੦)

**ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥ ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ॥੧॥ਰਹਾਉ॥ ਸੁਤ ਸੰਪਤਿ ਬਨਿਤਾ ਬਿਨੋਦ॥ ਛੋਡਿ ਗਏ ਬਹੁ ਲੋਗ ਭੋਗ॥੧॥ ਹੈਵਰ ਗੈਵਰ ਰਾਜ ਰੰਗ॥ ਤਿਆਗਿ ਚਲਿਓ ਹੈ ਮੂੜ ਨੰਗ॥੨॥ ਚੋਆ ਚੰਦਨ ਦੇਹ ਫੂਲਿਆ॥ ਸੋ ਤਨੁ ਧਰ ਸੰਗਿ ਰੂਲਿਆ॥੩॥ ਮੋਹਿ ਮੋਹਿਆ ਜਾਨੈ ਦੂਰਿ ਹੈ॥ ਕਹੁ ਨਾਨਕ ਸਦਾ ਹਦੂਰਿ ਹੈ॥੪॥੧॥੧੩੯॥**

ਪਦ ਅਰਥ:- ਅਮੋਲਕੁ-ਜਿਸਦਾ ਮੁਲ ਨ ਪਾਇਆ ਜਾ ਸਕੇ। ਸੁਤ-ਪੁੱਤਰ। ਸੰਪਤਿ-ਧਨ-ਪਦਾਰਥ। ਬਨਿਤਾ-ਇਸਤ੍ਰੀ। ਬਿਨੋਦ-ਲਾਡ ਪਿਆਰ। ਹੈਵਰ-ਵਧੀਆ ਘੋੜੇ। ਗੈਵਰ-ਵਧੀਆ ਹਾਥੀ। ਮੂੜ -ਮੂਰਖ। ਚੋਆ-ਅਤਰ। ਦੇਹ-ਸਰੀਰ। ਫੂਲਿਆ-ਹੰਕਾਰੀ ਹੋਇਆ। ਮੋਹਿ-ਮੋਹ ਵਿਚ। ਮੋਹਿਆ-ਫਸਿਆ ਹੋਇਆ।

## ਰਾਗੁ ਗਉੜੀ ਚੇਤੀ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਸਂ | ਨ | ਧੁ | ਪ | ਧੁ | ਮ | ਪ | ਮ̍ਮ̍ | ਧੁਧੁ | ਧੁ | ਮ̍ | ਗ | ਰੁ | ਸ |
| ਸੁ | ਖੁ | ऽ | ਨਾ | ਹੀ | ਰੇ | ऽ | ਹਰਿ | ਭਗ | ਤਿ | ਬਿ | ऽ | ਨਾ | ऽ |
| ਸ | ਰੁ | ਰੁ | ਮ̍ਮ̍ | ਮ̍ | ਪ | ਪ | ਮ̍ | ਧੁ | ਨ | ਧੁ | ਧੁ | ਪ | ਪ |
| ਜੀ | ऽ | ਤਿ | ਜਨ | ਮੁ | ਇ | ਹੁ | ਰ | ਤ | ਨੁ | ਅ | ਮੋ | ਲ | ਕੁ |
| ਸਂ | ਨ | ਧੁ | ਪ | ਧੁਧੁ | ਮ | ਪ | ਮ̍ | ਧੁ | ਮ̍ | ਗ | ਰੁ | ਸ | - |
| ਸਾ | ऽ | ਧ | ਸੰ | ਗਤਿ | ਜ | ਪਿ | ਇ | ਕ | ऽ | ਖਿ | ऽ | ਨਾ | ऽ |
| x | | | 2 | | | | 0 | | | 3 | | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਸਂ | ਰੁਂ | - | ਰੁਂ | ਗਂ | ਰੁਂ | ਸਂ | ਨ | ਸਂ | ਨ | ਧੁ | ਧੁ | ਪ | - |
| ਸੁ | ਤ | S | ਸੰ | S | ਪ | ਤਿ | ਬ | ਨਿ | ਤਾ | ਬਿ | ਨੋ | ਦ | S |
| ਪ | ਧੁ | ਮ | ਪ | - | ਗ | - | ਮ॑ਮ॑ | ਧੁ | ਮ॑ | ਗ | ਰੁ | ਸ | - |
| ਛੋ | ਡਿ | S | ਗ | S | ਏ | S | ਬਹੁ | ਲੋ | ਗ | ਭੋ | S | ਗ | S |
| x | | | 2 | | | | 0 | | | 3 | | | |

## ਗਉੜੀ ਮਹਲਾ ੫॥ (੨੧੨)

**ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ॥੧॥ਰਹਾਉ॥ ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ॥ ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ॥੧॥ ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ॥ ਕਹੁ ਨਾਨਕ ਕਿਰਪਾ ਭਈ ਸਾਧਸੰਗਤਿ ਨਿਧਿ ਮੋਰੈ॥੨॥੧੨॥੧੫੦॥**

ਪਦ ਅਰਥ:- ਤੋਰੈ-ਤੋੜ ਦੇਵੇ। ਮੀਠੀ-ਮਿੱਠੀ ਲੱਗਣ ਵਾਲੀ ਮਾਇਆ ਦੇ ਮੋਹ। ਹੋਰੈ-ਰੋਕ ਦੇਵੇ। ਅਗਿਆਨੀ-ਬੇਸਮਝ। ਲੋਰੈ-ਢੂੰਢਦਾ ਹੈ। ਰੈਣਿ-ਰਾਤ। ਅੰਧਾਰੀ-ਹਨੇਰੀ। ਕਾਰੀਆ-ਕਾਲੀ। ਜੁਗਤਿ-ਤਰੀਕਾ। ਭੋਰੈ-ਦਿਨ ਚੜ੍ਹ ਪਏ। ਭ੍ਰਮਤੋ ਭ੍ਰਮਤੋ-ਭਟਕਦਾ ਭਟਕਦਾ। ਹਾਰਿਆ-ਥੱਕ ਗਿਆ। ਟੋਰੈ-ਟੋਲ, ਭਾਲ। ਨਿਧਿ-ਖ਼ਜ਼ਾਨਾ। ਮੋਰੈ-ਮੇਰੇ ਵਾਸਤੇ।

## ਰਾਗੁ ਗਉੜੀ ਚੇਤੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

### ਅਸਥਾਈ — ਅੰਤਰਾ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| ਨ | - | - | ਧੁ | ਧੁ | ਮ | ਪ | ਮ॑ਮ॑ | ਧੁ | ਨ | ਸਂ | ਸਂਸਂ | ਰੁਂਰੁਂ | ਸਂ |
| ਹੈ | S | S | ਕੋ | ਈ | ਐ | ਸਾ | ਅਗਿ | ਆ | ਨੀ | ਮਾ | ਨੁਖੁ | ਭਇ | ਆ |
| ਮ॑ਮ॑ | ਧੁ | - | ਮ॑ | ਗ | ਰੁ | ਸ | ਰੁਂ | ਗਂ | ਰੁਂ | ਸਂ | ਨ | ਧੁ | ਪ |
| ਹਉ | ਮੈ | S | ਤੋ | S | ਰੈ | S | ਜੋ | ਨਾ | ਹੀ | ਸੋ | S | ਲੋ | ਰੈ |
| ਰੁ | ਗ | ਰੁ | ਮ॑ | ਮ॑ | ਪ | - | ਧੁ | ਮ | ਪ | ਮ॑ਧੁ | ਮ॑ਗੁ | ਰੁ | ਸ |
| ਇ | ਸੁ | S | ਮੀ | ਠੀ | ਤੇ | S | ਜੋ | ਨਾ | ਹੀ | ਸੋS | SS | ਲੋ | ਰੈ |
| ਮ॑ਮ॑ | ਧੁ | ਧੁ | ਨ | ਸਂ | ਰੁਂ | ਸਂ | ਅਗਲੀ ਪੰਗਤੀ 'ਰੈਣਿ ਅੰਧਾਰੀ ਕਾਰੀਆ' | | | | | | |
| ਇਹੁ | ਮ | ਨੁ | ਹੋ | S | ਰੈ | S | ਉਪਰੋਕਤ ਅਨੁਸਾਰ | | | | | | |
| x | | | 2 | | 3 | | x | | | 2 | | 3 | |

# ੪-ਰਾਗੁ ਗਉੜੀ ਬੈਰਾਗਣਿ

ਰਾਗ ਗਉੜੀ ਬੈਰਾਗਣਿ ਦਾ ਵਰਨਣ ਮੱਧ ਕਾਲ ਦੇ ਗ੍ਰੰਥਾਂ ਜਿਵੇਂ ਰਾਗਤਰੰਗਣੀ, ਰਾਗਤਤਵਿਬੋਧ, ਰਾਗ ਮੰਜਰੀ, ਰਸਕੌਮੁਦੀ, ਰਾਗਵਿਬੋਧ, ਚਤੁਰਦੰਡਪ੍ਰਕਾਸ਼ਿਕਾ ਆਦਿ ਵਿੱਚ ਨਹੀਂ ਮਿਲਦਾ। ਸੰਗੀਤ ਮਹਿਫਲਾਂ ਵਿੱਚ ਵੀ ਇਸ ਰਾਗ ਦਾ ਗਾਇਣ ਵਾਦਨ ਤੇ ਸੰਗੀਤ ਗੋਸਟੀਆਂ ਵਿੱਚ ਵੀ ਇਸ ਰਾਗ ਬਾਰੇ ਜ਼ਿਕਰ ਨਹੀਂ ਆਉਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਗਉੜੀ ਮੁਖ ਰਾਗ ਦੇ ਅੰਤਰਗਤ ਰਾਗੁ ਗਉੜੀ ਬੈਰਾਗਣਿ ਵਿਚ ਬਾਣੀ ਦੀ ਰਚਨਾ ਹੈ। ਗੁਰਮਤਿ ਸੰਗੀਤ ਦੇ ਖੋਜੀਆਂ ਵਿੱਚੋਂ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼ ਅਨੁਸਾਰ' ਗਉੜੀ ਬੈਰਾਗਣਿ ਸੰਪੂਰਨ ਜਾਤੀ ਦੀ ਰਾਗਨੀ ਹੈ। ਇਸ ਵਿੱਚ ਸ਼ੜਜ ਗੰਧਾਰ ਪੰਚਮ ਨਿਸ਼ਾਦ ਸ਼ੁਧ, ਰਿਸ਼ਭ ਗੰਧਾਰ ਕੋਮਲ ਤੇ ਮਧਮ ਤੀਵਰ ਲਗਦੇ ਹਨ। ਮਧਮ ਵਾਦੀ ਰਿਸ਼ਭ ਸੰਵਾਦੀ ਤੇ ਗ੍ਰਹ ਸੁਰ ਸ਼ੜਜ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-੪ ਵਿੱਚ ਗਉੜੀ ਬੈਰਾਗਣਿ ਨੂੰ ਭੈਰਵ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ ਕੋਮਲ ਹੋਰ ਸਵਰ ਸ਼ੁਧ ਹਨ। ਕਦੇ ਕਦੇ ਤੀਵਰ ਮਧਿਅਮ ਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਅਲੱਪਤਵ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਗੰਧਾਰ ਤੇ ਧੈਵਤ ਵਰਜਿਤ ਹੋਣ ਕਾਰਨ ਜਾਤੀ ਔੜਵ-ਔੜਵ ਹੈ। ਵਾਦੀ ਰਿਸ਼ਭ ਸੰਵਾਦੀ ਪੰਚਮ ਤੇ ਸਮਾਂ ਸ਼ਾਮ ਦਾ ਹੈ। ਆਰੋਹ-ਸ, ਨ਼ ਰੁ ਮ ਪ ਨ ਸਂ। ਅਵਰੋਹ- ਸਂ ਨ ਪ ਮ ਰੁ, ਪ ਮ ਰੁ, ਨ਼ ਸ। ਪਕੜ- ਸ ਰੁ ਨ਼, ਪ਼ ਮ਼ ਪ਼ ਨ਼, ਪ ਰੁ ਸ ਰੁ ਨ਼ ਸ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਗਉੜੀ ਬੈਰਾਗਣਿ ਦੇ ਦੋ ਸਰੂਪ ਦਿੱਤੇ ਹਨ। ਪਹਿਲਾ ਸਰੂਪ ਥਾਟ-ਭੈਰਵ, ਜਾਤੀ-ਔੜਵ-ਸ਼ਾੜਵ, ਵਾਦੀ-ਧੈਵਤ, ਸੰਵਾਦੀ-ਰਿਸ਼ਭ ਤੇ ਸਮਾਂ-ਸਵੇਰ ਦਾ ਹੈ। ਆਰੋਹ-ਸ ਰੁ, ਮ ਧੁ ਨ ਸਂ। ਅਵਰੋਹ- ਸਂ ਨ ਧੁ ਮ, ਰੁ, ਸ ਨ਼ ਧ਼ੁ, ਸ ਨ਼ ਰੁ ਸ। ਮੁੱਖ ਅੰਗ- ਸ ਰੁ ਮ, ਰੁ ਸ ਨ਼ ਧ਼ੁ, ਸ ਨ਼, ਰੁ ਸ। ਦੂਜਾ ਸਰੂਪ ਥਾਟ-ਪੂਰਵੀ, ਜਾਤੀ-ਸ਼ਾੜਵ-ਸੰਪੂਰਨ, ਵਾਦੀ-ਗੰਧਾਰ, ਸੰਵਾਦੀ-ਨਿਸ਼ਾਦ, ਸਮਾਂ-ਦਿਨ ਦਾ ਚੌਥਾ ਪਹਿਰ। ਆਰੋਹ- ਨ਼ ਧ਼ੁ ਸ ਨ਼, ਰੁ ਗ ਮ̍ ਪ, ਮ̍ ਧੁ ਨ ਸਂ। ਅਵਰੋਹ- ਸਂ ਰੁਂ ਨ ਸਂ ਨ ਧੁ ਨ, ਧੁ ਪ, ਮ̍ ਗ, ਮ̍ ਗ ਰੁ ਸ। ਮੁੱਖ ਅੰਗ - ਮ̍ ਗ ਰੁ, ਸ ਰੁ ਨ਼ ਸ, ਨ਼ ਧ਼ੁ ਸ ਨ਼।

ਪ੍ਰਿ. ਦਿਆਲ ਸਿੰਘ ਨੇ 'ਗੁਰਮਤਿ ਸੰਗੀਤ ਸਾਗਰ' ਭਾਗ-ਤੀਜਾ ਵਿਚ ਗਉੜੀ

## ਰਾਗੁ ਗਉੜੀ ਬੈਰਾਗਣਿ

ਬੈਰਾਗਣਿ ਦੇ ਤਿੰਨ ਵੱਖ-ਵੱਖ ਸਰੂਪਾਂ ਦਾ ਵਰਨਣ ਕੀਤਾ ਹੈ। ਇਕ ਪੂਰਵੀ ਥਾਟ ਦਾ ਜਿਸ ਵਿੱਚ ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਇਸ ਵਿੱਚ ਗੰਧਾਰ-ਨਿਸ਼ਾਦ ਦਾ ਸੰਵਾਦ ਹੈ। ਆਰੋਹ ਵਿੱਚ ਧੈਵਤ ਵਰਜਿਤ ਹੋਣ ਕਾਰਨ ਜਾਤੀ ਸ਼ਾੜਵ-ਸੰਪੂਰਨ ਹੈ। ਆਰੋਹ- ਸ, ਨ਼ ਰੁ ਗ, ਮ̍ ਪ ਨ, ਸਂ। ਅਵਰੋਹ- ਸਂ ਰੁਂ ਨ ਸਂ ਨ ਧੁ ਨ, ਧੁ ਪ, ਮ̍ ਗ, ਮ̍ਗਰੁਸ। ਰਾਗ ਗਉੜੀ ਬੈਰਾਗਣਿ ਦਾ ਦੂਜਾ ਸਰੂਪ ਭੈਰਵ ਠਾਟ ਦਾ ਹੈ। ਇਸ ਵਿੱਚ ਰਿਸ਼ਭ ਧੈਵਤ ਕੋਮਲ, ਦੋਵੇਂ ਨਿਖਾਦ ਆਰੋਹ ਵਿੱਚ ਸ਼ੁਧ ਤੇ ਅਵਰੋਹ ਵਿੱਚ ਕੋਮਲ ਹੋਰ ਸਵਰ ਸ਼ੁਧ ਹਨ। ਗੰਧਾਰ ਪੰਚਮ ਵਰਜਿਤ ਹੋਣ ਕਾਰਨ ਜਾਤੀ ਔੜਵ-ਔੜਵ ਹੈ। ਵਾਦੀ ਧੈਵਤ ਸੰਵਾਦੀ ਰਿਸ਼ਭ ਤੇ ਸਮਾਂ ਅੰਮ੍ਰਿਤ ਵੇਲਾ ਹੈ। ਆਰੋਹ - ਸ ਰੁ ਮ ਧੁ, ਨ ਸਂ ਅਵਰੋਹ- ਸਂ ਨੁ ਧੁ, ਮ ਰੁ ਸ। ਇਸ ਰਾਗ ਦਾ ਤੀਜਾ ਸਰੂਪ ਵੀ ਭੈਰਵ ਥਾਟ ਦਾ ਹੈ। ਇਸ ਵਿੱਚ ਰਿਸ਼ਭ ਕੋਮਲ ਦੋਵੇਂ ਧੈਵਤ, ਦੋਨੋਂ ਨਿਸ਼ਾਦ ਬਾਕੀ ਸਾਰੇ ਸਵਰ ਸ਼ੁਧ ਹਨ। ਵਾਦੀ ਮਧਿਅਮ ਸੰਵਾਦੀ ਖੜਜ ਤੇ ਸਮਾਂ ਰਾਤ ਦਾ ਚੌਥਾ ਪਹਿਰ (ਅੰਮ੍ਰਿਤ ਵੇਲਾ) ਹੈ। ਆਰੋਹ ਵਿਚ ਪੰਚਮ ਅਲਪ ਰਹੇਗਾ। ਜਾਤੀ ਵਕਰ ਸੰਪੂਰਨ ਹੈ। ਆਰੋਹ-ਸ, ਰੁ ਗ ਮ, ਪਧੁ ਪਮ, ਧੁ ਨ ਸਂ। ਅਵਰੋਹ- ਸਂ ਨੁ ਧ ਪ, ਧੁ ਮ ਪ ਗਮ, ਗ ਰੁ ਗ, ਰੁ ਸ ਨ਼ ਧੁ਼ ਨ਼, ਰੁ ਸ। ਉਨ੍ਹਾਂ ਨੇ ਰਾਗ ਦੇ ਇਸ ਸਰੂਪ ਵਿੱਚ ਹੀ ਸ਼ਬਦ ਬੰਦਸ਼ਾਂ ਦਿੱਤੀਆਂ ਹਨ।

ਪ੍ਰੋਫੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਗਉੜੀ ਬੈਰਾਗਣਿ ਭੈਰਵ ਅੰਗ, ਜਾਤੀ ਔੜਵ, ਰਿਸ਼ਭ ਧੈਵਤ ਕੋਮਲ, ਗੰਧਾਰ ਪੰਚਮ ਵਰਜਿਤ ਤੇ ਦੋਨੋਂ ਨਿਸ਼ਾਦ ਵਾਲਾ ਹੀ ਸਰੂਪ ਦਿੱਤਾ ਹੈ। ਪ੍ਰਾਚੀਨ ਰੀਤ ਰਤਨਾਵਲੀ ਦੇ ਕਰਤਾ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨੇ ਵੀ ਗਉੜੀ ਬੈਰਾਗਣਿ ਦਾ ਇਹੀ ਭੈਰਵ ਅੰਗ ਦਾ ਔੜਵ-ਔੜਵ ਜਾਤੀ ਦਾ ਸਰੂਪ ਦਿੱਤਾ ਹੈ। ਆਰੋਹ- ਸ ਰੁ ਮ ਧੁ ਨ ਸਂ। ਅਵਰੋਹ- ਸਂ ਨ ਸਂ ਨੁ ਧੁ ਮ ਰੁ ਸ, ਨ਼ ਸ ਰੁ ਸ। ਉਹਨਾਂ ਵੈਸੇ ਪੂਰਵੀ ਅੰਗ ਵਿਚ ਵੀ ਇਸ ਰਾਗ ਦੀਆਂ ਦੋ ਬੰਦਸ਼ਾਂ ਦਿੱਤੀਆਂ ਹਨ। ਇਸ ਮੱਤ ਅਨੁਸਾਰ ਗਉੜੀ ਬੈਰਾਗਣਿ ਪੂਰਵੀ ਅੰਗ ਮੰਦਰ ਸਪਤਕ ਦੇ ਪ ਤੋਂ ਮਧ ਸਪਤਕ ਤੱਕ ਹੀ ਰਹਿੰਦਾ ਹੈ। ਵਾਦੀ ਗ ਸੰਵਾਦੀ ਪ ਸਮਾਂ ਸ਼ਾਮ। ਅਲਾਪ- ਸ ਨ਼ ਰੁਸ, ਨ਼ ਧੁ਼ ਪ਼ ਰੁ ਸ, ਗ ਗ ਰੁ ਸ, ਪ, ਮ̍ਪ ਧੁਪ, ਮ̍ ਗ ਰੁ ਸ ਨ਼ ਸ।

ਗੁਰਮਤਿ ਸੰਗੀਤ ਦੇ ਇਹਨਾਂ ਵਿਦਵਾਨਾਂ ਨੇ ਰਾਗੁ ਗਉੜੀ ਬੈਰਾਗਣਿ ਭੈਰਵ ਅੰਗ ਔੜਵ ਜਾਤੀ ਦੇ ਸਰੂਪ ਨੂੰ ਹੀ ਜ਼ਿਆਦਾ ਕਰਕੇ ਸਵੀਕਾਰਿਆ ਹੈ। ਗਉੜੀ ਬੈਰਾਗਣਿ ਦਾ ਭੈਰਵ ਅੰਗ ਦਾ ਇਹ ਸਰੂਪ ਰਾਗ ਗੁਨਕਲੀ, ਮਾਲਕੌਂਸ ਤੇ ਚੰਦ੍ਰਕੌਂਸ ਦਾ ਇੱਕ ਬਹੁਤ ਹੀ ਸੁੰਦਰ ਮਿਸ਼ਰਨ ਹੈ। ਗੰਧਾਰ ਵਰਜਿਤ ਹੋਣ ਕਾਰਨ ਰਿਸ਼ਭ ਕੋਮਲ ਤੋਂ ਮਧਿਅਮ ਸਵਰ ਲੈਣ ਨਾਲ ਸ ਰੁ, ਮ ਰੁ ਇਹ ਗੁਨਕਲੀ ਰਾਗ ਦਾ ਸਰੂਪ ਨਜ਼ਰ

ਆਉਂਦਾ ਹੈ ਪਰ ਇਸ ਵਿੱਚ ਸ ਰੁ ਨ਼ ਸ ਸਵਰਾਂ ਦੇ ਪ੍ਰਯੋਗ ਨਾਲ ਗੁਨਕਲੀ ਦਾ ਸਰੂਪ ਅਲੋਪ ਹੋ ਜਾਂਦਾ ਹੈ। ਇਸ ਵਿੱਚ ਪੰਚਮ ਵਰਜਿਤ ਹੈ ਤੇ ਮ ਧੁ ਨੁ ਧੁ ਦੇ ਪ੍ਰਯੋਗ ਨਾਲ ਮਾਲਕੌਂਸ ਦਾ ਸਰੂਪ ਜਾਗਦਾ ਹੈ ਪਰ ਮ ਧੁ ਨੁ ਧੁ ਮ ਰੁ ਜੋੜਨ ਨਾਲ ਮਾਲਕੌਂਸ ਅਲੋਪ ਹੋ ਜਾਂਦਾ ਹੈ। ਆਰੋਹ ਵਿੱਚ ਨਿਸ਼ਾਦ ਸ਼ੁਧ ਦੇ ਪ੍ਰਯੋਗ ਨਾਲ ਮ ਧੁ ਨ ਸੰ ਜਾਂਦੇ ਹਾਂ ਤਾਂ ਚੰਦਰਕੌਂਸ ਦਾ ਸਰੂਪ ਬਣ ਜਾਂਦਾ ਹੈ ਪਰ ਸੰ ਰੁੰ - ਸੰ, ਨ ਸੰ ਨ ਦੇ ਪ੍ਰਯੋਗ ਨਾਲ ਚੰਦਰਕੌਂਸ ਅਲੋਪ ਹੋ ਜਾਂਦਾ ਹੈ ਤੇ ਗਉੜੀ ਜਾਗਦਾ ਹੈ। ਗਉੜੀ ਬੈਰਾਗਣਿ ਦਾ ਸਰੂਪ ਕਾਇਮ ਰੱਖਣ ਲਈ ਰਾਗ ਦੀ ਬੜ੍ਹਤ ਬਹੁਤ ਹੀ ਧਿਆਨ ਨਾਲ ਕਰਨ ਦੀ ਲੋੜ ਹੈ। ਪੂਰਵਾਂਗ ਵਿੱਚ ਰੁ ਮ ਰੁ ਸ ਫਿਰ ਨ਼ ਸ ਨ਼, ਧ਼ ਨ਼ ਸ ਨ਼ ਸ ਸਵਰਾਂ ਦੇ ਪ੍ਰਯੋਗ ਨਾਲ ਇਸ ਰਾਗ ਦਾ ਆਪਣਾ ਸਰੂਪ ਬਣਿਆ ਰਹਿੰਦਾ ਹੈ। ਬੇਸ਼ਕ ਇਹ ਰਾਗ ਗਾਇਣ ਵਿੱਚ ਅਤਿ ਕਠਿਨ ਹੈ, ਪਰ ਇਸ ਦਾ ਆਪਣਾ ਹੀ ਇੱਕ ਵੱਖਰਾ ਸੁੰਦਰ ਤੇ ਮਧੁਰ ਸਰੂਪ ਹੈ। ਮ ਧੁ ਮ ਰੁ ਜਾਂ ਧੁ ਨੁ ਧੁ ਮ ਰੁ ਜਾਂ ਧੁ ਨ ਸੰ ਰੁੰ ਨ ਸੰ, ਮੰ ਰੁੰ ਸੰ, ਨ ਸੰ ਨ, ਧੁ ਨ, ਸੰ ਨੁ ਧੁ ਮ ਐਸੇ ਸਵਰ-ਸਮੂਹ ਦੇ ਪ੍ਰਯੋਗ ਨਾਲ ਰਾਗ ਦੀ ਇੱਕ ਆਪਣੀ ਹੀ ਛਬੀ ਦਿਸ ਆਉਂਦੀ ਹੈ ਤੇ ਸ਼ਾਂਤ ਤੇ ਕਰੁਣਾ ਰਸ ਵਾਤਾਵਰਨ ਛਾਇਆ ਰਹਿੰਦਾ ਹੈ।

ਰਾਗ ਨਿਰਣਾਇਕ ਕਮੇਟੀ ਨੇ ਰਾਗੁ ਗਉੜੀ ਬੈਰਾਗਣਿ ਦੇ ਭੈਰਵ ਅੰਗ ਦੇ ਔੜਵ ਜਾਤੀ ਵਾਲੇ ਇਸ ਸਰੂਪ ਨੂੰ ਪ੍ਰਵਾਣਿਤ ਕੀਤਾ ਤੇ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਵੀ ਇਹੀ ਸਰੂਪ ਦਿੱਤਾ ਗਿਆ ਹੈ। ਗਉੜੀ ਬੈਰਾਗਣਿ ਦਾ ਇਹੀ ਸਰੂਪ ਇੱਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿੱਚ ਰਾਗੁ ਗਉੜੀ ਦਾ ਤੀਜਾ ਸਥਾਨ ਹੈ। ਰਾਗ ਗਉੜੀ ਦੇ ਪ੍ਰਕਾਰਾਂ ਵਿੱਚ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ ਤੋਂ ਬਾਅਦ ਗਉੜੀ ਬੈਰਾਗਣਿ ਵਿਚ ਬਾਣੀ ਦੀ ਰਚਨਾ ਹੈ। ਸ਼ਬਦ ਰਚਨਾ ਇਸ ਪ੍ਰਕਾਰ ਹੈ। ਗਉੜੀ ਬੈਰਾਗਣਿ ਮਹਲਾ ੧ ਪੰਨਾ ੧੫੬ ਤੋਂ ੧੫੭ ਸ਼ਬਦ ਅੰਕ ॥੪॥੧॥੧੮। ਤੋਂ ॥੪॥੨॥੧੯ ਦੋ ਸ਼ਬਦ, ਗਉੜੀ ਬੈਰਾਗਣਿ ਮਹਲਾ ੧ ਪੰਨਾ ੨੨੮ ਤੋਂ ੨੨੯ ਸ਼ਬਦ ਅੰਕ ॥੮॥੧॥੧੭॥ ਤੋਂ ॥੯॥੨॥੧੮॥ ਦੋ ਸ਼ਬਦ, ਕੁਲ ਚਾਰ ਸ਼ਬਦ ਹਨ। ਮਹਲਾ ੩ ਗਉੜੀ ਬੈਰਾਗਣਿ ਪੰਨਾ ੧੬੨ ਤੋਂ ੧੬੩ ਸ਼ਬਦ ਅੰਕ ॥੪॥੧॥੧੫॥੩੫॥ ਤੋਂ ॥੪॥੪॥੧੮॥੩੮॥ ਚਾਰ ਸ਼ਬਦ, ਰਾਗੁ ਗਉੜੀ ਬੈਰਾਗਣਿ ਮਹਲਾ ੩॥ ਪੰਨਾ ੨੩੩ ਤੋਂ ੨੩੪ ਸ਼ਬਦ ਅੰਕ ॥੮॥੧॥੯॥ ਇਕ ਸ਼ਬਦ, ਕੁਲ ਪੰਜ ਸ਼ਬਦ ਹਨ। ਗਉੜੀ ਬੈਰਾਗਣਿ ਮਹਲਾ ੪ ਪੰਨਾ ੧੬੫ ਤੋਂ ੧੬੬ ਸ਼ਬਦ ਅੰਕ ॥੪॥੧॥੭॥੪੫॥ ਤੋਂ ੪॥੨॥੮॥੪੬॥ ਦੋ ਸ਼ਬਦ, ਗਉੜੀ ਬੈਰਾਗਣਿ ਮਹਲਾ ੪ ਪੰਨਾ ੧੬੬ ਤੋਂ ੧੬੮ ਤਕ ਸ਼ਬਦ ਅੰਕ ॥੪॥੪॥੧੦॥੪੮॥ ਤੋਂ ॥੪॥੮॥੧੪॥੫੨॥ ਪੰਜ ਸ਼ਬਦ, ਕੁਲ ਸੱਤ

## ਰਾਗੁ ਗਉੜੀ ਬੈਰਾਗਣਿ

ਸ਼ਬਦ ਹਨ। ਰਾਗੁ ਗਉੜੀ ਬੈਰਾਗਣਿ ਮਹਲਾ ੫ ਪੰਨਾ ੨੦੩ ਸ਼ਬਦ ਅੰਕ ॥੫॥੧॥੧੧੬॥ ਇਕ ਸ਼ਬਦ, ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮ: ੫ ਸ਼ਬਦ ਅੰਕ ੪॥੧॥ ੧੧੭॥ ਇਕ ਸ਼ਬਦ, ਕੁਲ ਦੋ ਸ਼ਬਦ ਹਨ। ਭਗਤ ਬਾਣੀ ਵਿੱਚ ਰਾਗੁ ਗਉੜੀ ਬੈਰਾਗਣਿ ਕਬੀਰ ਜੀ ਪੰਨਾ ੩੩੨ ਤੋਂ ੩੩੪ ਸ਼ਬਦ ਅੰਕ ॥੪॥੧॥੪੫॥ ਤੋਂ ॥੪॥੭॥੫੧॥ ਸੱਤ ਸ਼ਬਦ ਹਨ। ਗਉੜੀ ਬੈਰਾਗਣਿ ਰਵਿਦਾਸ ਜੀਉ ਪੰਨਾ ੩੪੫ ਤੋਂ ੩੪੬ ਸ਼ਬਦ ਅੰਕ ॥੪॥੧॥ ਇਕ ਸ਼ਬਦ ਤੇ ਗਉੜੀ ਬੈਰਾਗਣਿ ਸ਼ਬਦ ਅੰਕ ॥੮॥੧॥ ਇਕ ਸ਼ਬਦ, ਕੁਲ ਦੋ ਸ਼ਬਦ ਹਨ।

**ਪਰੀਚੈ:-**

ਰਾਗੁ - ਗਉੜੀ ਬੈਰਾਗਣਿ     ਥਾਟ - ਭੈਰਵ

ਸਵਰ - ਰਿਸ਼ਭ ਧੈਵਤ ਕੋਮਲ ਦੋਨੋਂ ਨਿਸ਼ਾਦ ਆਰੋਹ ਵਿਚ ਸ਼ੁੱਧ ਤੇ ਅਵਰੋਹ ਵਿਚ ਕੋਮਲ

ਵਰਜਿਤ ਸਵਰ - ਗੰਧਾਰ ਤੇ ਪੰਚਮ     ਜਾਤੀ - ਔੜਵ-ਔੜਵ

ਵਾਦੀ - ਧੈਵਤ     ਸੰਵਾਦੀ - ਰਿਸ਼ਭ

ਸਮਾਂ - ਸਵੇਰ ਦਾ ਪਹਿਲਾ ਪਹਿਰ     ਆਰੋਹ - ਸ ਰੁ, ਮ ਧੁ, ਨ ਸਂ

ਅਵਰੋਹ - ਸਂ ਨ ਸਂ, ਨੁ ਧੁ, ਮ ਰੁ ਸ, ਨ̣ ਸ ਨ̣, ਸ ਰੁ ਸ।

ਮੁਖ ਅੰਗ - ਸਂ ਰੁਂ ਨ ਸਂ ਨੁ ਧੁ, ਮ ਧੁ ਮ ਰੁ, ਰੁ ਸ ਨ̣ ਧੁ̣ ਨ̣ ਸ

**ਸਵਰ ਵਿਸਥਾਰ:-**

1. ਸ, ਸ ਰੁ ਨ̣ ਸ, ਨ̣ ਧੁ̣ ਨ̣, ਸ ਨੁ̣ ਧੁ̣, ਮ̣ ਧੁ̣, ਨੁ̣ ਧੁ̣, ਨ̣ ਸ, ਰੁ ਸ, ਸ ਰੁ, ਮ ਰੁ, ਮ ਧੁ ਮ ਰੁ, ਧੁ ਮ ਰੁ, ਸ ਨ̣ ਸ, ਨ̣ ਧੁ̣ ਨ̣, ਸ ਰੁ ਸ।
2. ਸ ਰੁ ਮ ਰੁ, ਰੁ ਮ ਧੁ ਮ, ਮ ਧੁ ਨੁ ਧੁ, ਸਂ ਨੁ ਧੁ, ਮ ਧੁ ਨ, ਧੁ ਨ ਸਂ, ਸਂ ਰੁਂ - ਨ ਸਂ, ਧੁ ਨ ਸਂ, ਨ ਧੁ ਨ, ਸਂ ਨੁ ਧੁ ਨੁ ਧੁ ਮ, ਮ ਧੁ ਮ ਰੁ, ਰੁ ਮ ਰੁ, ਸ ਨ̣ ਸ ਰੁ ਸ।
3. ਮ ਧੁ ਮ, ਮ ਧੁ ਨੁ ਧੁ, ਧੁ ਨੁ ਧੁ ਮ, ਧੁ ਨ ਸਂ, ਧੁ ਨ ਸਂ ਰੁਂ - ਸਂ, ਸਂ ਰੁਂ ਰੁਂ ਸਂ, ਸਂ ਰੁਂ ਰੁਂ ਮਂ ਰੁਂ, ਸਂ ਰੁਂ ਨ ਸਂ, ਨ ਧੁ ਨ, ਧੁ ਨ ਸਂ, ਸਂ ਰੁਂ ਨ ਸਂ, ਧੁ ਨ ਸਂ ਨੁ ਧੁ, ਸਂ ਨੁ ਧੁ ਨੁ ਧੁ, ਮ ਧੁ ਮ ਰੁ, ਧੁ ਨੁ ਧੁ ਮ ਰੁ, ਮ ਰੁ ਰੁ ਸ, ਨ̣ ਸ ਰੁ - ਸ।

### ਗਉੜੀ ਬੈਰਾਗਣਿ ਮਹਲਾ ੧॥ (੧੫੬-੫੭)

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥੧॥ ਨਾਮੁ ਨ ਜਾਨਿਆ ਰਾਮ ਕਾ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ॥੧॥ਰਹਾਉ॥ ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ॥ ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ॥੨॥ ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥੩॥ ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥੪॥੧॥੧੮॥

ਪਦ ਅਰਥ:- ਰੈਣਿ-ਰਾਤ। ਦਿਵਸੁ-ਦਿਨ। ਮੂੜੇ-ਹੇ ਮੂਰਖ! ਅਨਤਾ-ਬੇਅੰਤ। ਧਰਣੀ ਧਰੇ-ਇੱਕਠਾ ਕਰਦਾ ਹੈ। ਅਨਤ-ਅਨੰਤ ਪ੍ਰਭੂ। ਅਨਤ ਕਉ-ਬੇਅੰਤ ਧਨ ਨੂੰ। ਅਨਤ ਗਵਾਇ-ਪ੍ਰਮਾਤਮਾ ਦੀ ਯਾਦ ਗਵਾ ਕੇ। ਆਪਣ ਲੀਆ-ਨਿਰੀ ਇਛਾ ਕੀਤਿਆਂ। ਭਾਗਠੁ-ਧਨਾਢ, ਨਾਮ ਖਜ਼ਾਨੇ ਦੇ ਮਾਲਕ। ਕਰਮਾ-ਅਮਲਾਂ। ਲੋਚੈ-ਤਾਂਘ ਕਰੇ। ਕਰਣਾ- ਜਗਤ। ਸਾਰ-ਸੰਭਾਲ। ਨ ਜਾਪੀ-ਸਮਝ ਵਿਚ ਨਹੀਂ ਆ ਸਕਦਾ।

## ਰਾਗੁ ਗਉੜੀ ਬੈਰਾਗਣਿ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਮ | - | ਧੁ | - | ਨੁ |
| | | | | | | | | | | | ਨਾ | S | ਮੂ | S | ਨ |
| ਧੁ | ਧੁ | ਮ | - | ਧੁ | ਮ | ਰੁ | ਰੁ | ਸ | ਨ਼ | ਸ | ਮ | ਧੁ | ਨ | ਸੰ | ਨ |
| ਜਾ | ਨਿ | ਆ | S | ਰਾ | S | S | ਮ | ਕਾ | S | S | ਮੂ | ਝੇ | ਫਿ | S | ਰਿ |
| ਸੰ | - | ਨੁ | ਧੁ | ਧੁ | ਨੁ | ਧੁ | ਮ | ਰੁ | - | ਸ | | | | | |
| ਪਾ | S | ਛੈ | S | ਪ | ਛੁ | ਤਾ | ਹਿ | ਰੇ | S | S | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਮ | ਧੁ | ਨ | ਧੁ | ਨ |
| | | | | | | | | | | | ਰੈ | S | ਣਿ | S | S |
| ਸੰ | ਸੰ | ਸੰ | - | ਧੁ | ਨ | ਸੰ | - | ਰੁੰ | - | ਸੰ | ਸੰ | ਰੁੰ | ਨ | ਸੰ | ਨ |
| ਗ | ਵਾ | ਈ | S | ਸੋ | S | ਇ | S | ਕੈ | S | S | ਦਿ | ਵ | ਸੁ | S | S |
| ਸੰ | ਨੁ | ਧੁ | ਮ | ਮ | ਧੁ | ਮ | - | ਰੁ | - | ਸ | | | | | |
| ਗ | ਵਾ | ਇ | ਆ | ਖਾ | S | S | S | ਇ | S | S | | | | | |
| x | | | | 2 | | | | 0 | | | | 3 | | | |

ਤਾਨਾਂ:-

1. ਸਰੁ ਮਰੁ ਮਧੁ ਨੁਧੁ ਮਧੁ ਮਮ ਰੁਸ ਨ਼ਸ ਚੌਥੀ ਮਾਤਰ ਤੋਂ ਤਾਨ ਫਿਰ ਮੁਖੜਾ ਲੈਣਾ ਹੈ।
2. ਸਰੁ ਮਰੁ ਮਧੁ ਨੁਧੁ ਨਸੰ ਨੁਧੁ ਮਮ ਰੁਸ " " "
3. ਸਰੁ ਮਧੁ ਨਨ ਧੁਨ ਸੰਸੰ ਨੁਧੁ ਮਰੁ ਸ- " " "
4. ਮਧੁ ਨਸੰ ਨਨ ਧੁਨ ਨਸੰ ਨੁਧੁ ਮਰੁ ਸ- " " "
5. ਸਰੁ ਮਰੁ ਸਰੁ ਮਧੁ ਮਰੁ ਸਰੁ ਮਧੁ ਨੁਧੁ ਮਰੁ ਸਰੁ ਮਧੁ ਨਨ ਧੁਨ ਸੰਨੁ ਧੁਮ ਰੁਸ
6. ਧੁਨੁ ਧੁਮ ਮਧੁ ਮਮ ਰੁਰੁ ਸਸ ਨਨ ਧੁਨ ਸੰਨੁ ਧੁਮ ਧੁਨੁ ਧੁਮ ਮਧੁ ਮਮ ਰੁਰੁ ਸਸ

## ਰਾਗੁ ਗਉੜੀ ਬੈਰਾਗਣਿ

**ਤਿਹਾਈਆਂ:-**

1) 12ਵੀਂ ਤੋਂ 16ਵੀਂ ਮਾਤਰ ਦੇ ਪੰਜ ਮਾਤਰਾਂ ਦੇ ਮੁਖੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਬੰਦਸ਼ ਅਨੁਸਾਰ ਮੁਖੜਾ ਲੈ ਕੇ ਪਹਿਲੀ ਤੋਂ ਤੀਜੀ ਮਾਤਰ ਦਾ ਟੁਕੜਾ ਤੇ ਇੱਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ।
3) 12ਵੀਂ ਤੋਂ ਤੀਜੀ ਮਾਤਰ ਨੂੰ 12ਵੀਂ ਮਾਤਰ ਤੋਂ ਦੋ ਵਾਰ ਬਰਾਬਰ ਲੈ ਕੇ ਫਿਰ 12ਵੀਂ ਤੋਂ 16ਵੀਂ ਮਾਤਰ ਲੈ ਕੇ ਸੱਮ ਤੇ ਆਉਣਾ ਹੈ।

### ਗਉੜੀ ਬੈਰਾਗਣਿ ਮਹਲਾ ੩॥ (੧੬੨)

**ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ॥ ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ॥੧॥ ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ॥੧॥ਰਹਾਉ॥ ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ॥ ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ॥੨॥ ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ॥ ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ॥੩॥ ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ॥ ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ॥੪॥੨॥੧੬॥੩੬॥**

ਪਦ ਅਰਥ:- ਕਾਲੈ ਵਸਿ-ਆਤਮਕ ਮੌਤ ਦੇ ਵੱਸ ਵਿਚ। ਬਾਧਾ-ਬੱਝਾ ਹੋਇਆ। ਦੂਜੈ ਭਾਇ-ਮਾਇਆ ਦੇ ਮੋਹ ਵਿਚ। ਨਿਧਾਨੁ-ਖ਼ਜ਼ਾਨਾ। ਚੀਨਿਓ-ਪਛਾਣਿਆ। ਪਰਤੀਤ-ਸ਼ਰਧਾ। ਕਰਮੀ-ਮਿਹਰ ਨਾਲ ਹੀ।

### ਰਾਗੁ ਗਉੜੀ ਬੈਰਾਗਣਿ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰੁ | ਮ | ਰੁ | ਧੁ | ਮ | ਰੁ | ਸ |
| | | | | | | | | ਮੇ | ਰੇ | ਮ | ਨ | ਗੁ | ऽ | ਰ | ऽ |
| ਰੁ | ਰੁ | ਸ | - | ਨ਼ | ਧ਼ | ਨ਼ | ਸ | ਧੁ | ਨ | ਸੰ | ਨੁ | ਧੁ | - | ਮ | - |
| ਚ | ਰ | ਣੀ | ऽ | ਚਿ | ਤੁ | ਲਾ | ਇ | ਗੁ | ਰ | ਮੁ | ਖਿ | ਨਾ | ऽ | ਮੁ | ऽ |
| ਮ | ਮ | ਧੁ | ਮ | ਧੁ | ਨੁ | ਧੁ | ਮ | ਧੁ | ਨ | ਸੰ | ਨ | ਸੰ | - | ਨੁ | ਧੁ |
| ਨਿ | ਧਾ | ऽ | ਨੁ | ਲੈ | ऽ | ऽ | ऽ | ਦ | ਰ | ਗ | ਹ | ਲ | ऽ | ਏ | ऽ |
| ਮ | ਧੁ | ਮ | - | ਰੁ | - | ਸ | - | | | | | | | | |
| ਛ | ऽ | ਡਾ | ऽ | ਇ | ऽ | ऽ | ऽ | | | | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਧੁ | ਨੁ | ਧੁ | ਮ | - | ਧੁ | ਨ |
| | | | | | | | | ਸ | ਭੁ | ਜ | ਗੁ | ਕਾ | S | ਲੈ | S |
| ਸਂ | - | ਨ | ਧੁ | ਨ | - | ਸਂ | - | ਸਂ | ਰੁਂ | ਮਂ | ਰੁਂ | ਸਂ | ਨੁ | ਧੁ | - |
| ਵ | S | ਸਿ | S | ਹੈ | S | S | S | ਥਾ | S | ਧਾ | S | ਦੂ | S | ਜੈ | S |
| ਧੁ | ਨੁ | ਧੁ | ਮ | ਰੁ | ਸ | ਨ਼ | ਸ | | | | | | | | |
| ਭਾ | S | S | S | ਇ | S | S | S | | | | | | | | |
| X | | | | 2 | | | | 0 | | | | 3 | | | |

## ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫ ੧ੴ ਸਤਿਗੁਰ ਪ੍ਰਸਾਦਿ॥

(੨੦੩)

**ਹੈ ਕੋਈ ਰਾਮ ਪਿਆਰੋ ਗਾਵੈ॥ ਸਰਬ ਕਲਿਆਣ ਸੂਖ ਸਚੁ ਪਾਵੈ॥ਰਹਾਉ॥ ਬਨੁ ਬਨੁ ਖੋਜਤ ਫਿਰਤ ਬੈਰਾਗੀ॥ ਬਿਰਲੇ ਕਾਹੂ ਏਕ ਲਿਵ ਲਾਗੀ॥ ਜਿਨਿ ਹਰਿ ਪਾਇਆ ਸੇ ਵਡਭਾਗੀ॥੧॥ ਬ੍ਰਹਮਾਦਿਕ ਸਨਕਾਦਿਕ ਚਾਹੈ॥ ਜੋਗੀ ਜਤੀ ਸਿਧ ਹਰਿ ਆਹੈ॥ ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ॥੨॥ ਤਾ ਕੀ ਸਰਣਿ ਜਿਨ ਬਿਸਰਤ ਨਾਹੀ॥ ਵਡਭਾਗੀ ਹਰਿ ਸੰਤ ਮਿਲਾਹੀ॥ ਜਨਮ ਮਰਣ ਤਿਹ ਮੂਲੇ ਨਾਹੀ॥੩॥ ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ॥ ਬਿਨਉ ਸੁਨਹੁ ਪ੍ਰਭ ਊਚ ਅਪਾਰੇ॥ ਨਾਨਕੁ ਮਾਂਗਤੁ ਨਾਮੁ ਅਧਾਰੇ ॥੪॥੧॥੧੧੭॥**

ਪਦ ਅਰਥ:- ਸਰਬ-ਸਾਰੇ। ਕਲਿਆਣ-ਸੁਖ। ਸਚੁ-ਸਦਾ-ਥਿਰ ਪ੍ਰਮਾਤਮਾ। ਬਨੁ ਬਨੁ-ਹਰੇਕ ਜੰਗਲ। ਬੈਰਾਗੀ-ਵਿਰੱਕਤ। ਏਕ ਲਿਵ-ਇਕ ਪ੍ਰਭੂ ਦੀ ਲਗਨ। ਬ੍ਰਹਮਾਦਿਕ-ਬ੍ਰਹਮਾਂ ਅਤੇ ਹੋਰ ਦੇਵਤੇ। ਸਨਕਾਦਿਕ-ਸਨਕ ਅਤੇ ਉਸ ਦੇ ਭਰਾ ਸਨੰਦਨ ਸਨਾਤਨ ਤੇ ਸਨਤ ਕੁਮਾਰ। ਆਹੈ-ਤਾਂਘ ਕਰਦਾ ਹੈ। ਗਾਹੈ-ਗਾਂਦਾ ਹੈ। ਮੂਲੇ-ਬਿਲਕੁਲ। ਅਧਾਰੇ -ਆਸਰਾ।

## ਰਾਗੁ ਗਉੜੀ ਬੈਰਾਗਣਿ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | ਧੁਨੁ | ਧੁ | ਮ | ਧੁ | ਮ | ਰੁ | ਰੁ | ਸ | ਨ਼ | ਸ | ਸ |
| ਹੈ | ਕੋS | ਈ | ਰਾ | S | ਮ | ਪਿ | ਆ | ਰੋ | ਗਾ | S | ਵੈ |
| ਮ | ਧੁ | ਨ | ਧੁਧੁ | ਨ | ਸਂ | ਨੁ | ਧੁ | ਮ | ਧੁਮ | ਰੁ | ਸ |
| ਸ | ਰ | ਬ | ਕਲਿ | ਆ | ਣ | ਸੂ | ਖ | ਸ | ਚੁS | ਪਾ | ਵੈ |
| X | | 0 | | 2 | | 0 | | 3 | | 4 | |

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮਮ | ਧੁ | ਮ | ਧੁ | ਨ | ਨ | ਸਂ | ਸਂ | ਨ | ਧੁ | ਨ | ਸਂ |
| ਬਨੁ | ਬ | ਨੁ | ਖੋ | ਜ | ਤ | ਫਿ | ਰ | ਤ | ਬੈ | ਰਾ | ਗੀ |
| ਧੁ | ਧੁ | ਨ | ਸਂ | ਨ | ਸਂ | ਰੁਂ | - | ਰੁਂ | ਨਨ | ਸਂ | ਸਂ |
| ਬਿ | ਰ | ਲੇ | ਕਾ | S | ਹੂ | ਏ | S | ਕ | ਲਿਵ | ਲਾ | ਗੀ |
| ਨਨ | ਧੁ | ਨ | ਸਂ | ਸਂ | ਨੁ | ਧੁ | ਮ | ਰੁ | ਸ | ਨ਼ | ਸ |
| ਜਿਨਿ | ਹ | ਰਿ | ਪਾ | ਇ | ਆ | ਸੇ | ਵ | ਡ | ਭਾ | S | ਗੀ |
| x | | 0 | | 2 | | 0 | | 3 | | 4 | |

**ਤਾਨਾਂ:-**

1. ਸਰੁ ਮਧੁ ਮਰੁ ਮਧੁ ਨਸਂ ਨਨ ਧੁਨ ਸਂਰੁਂ ਨਸਂ ਧੁਨੁ ਧੁਮ ਰੁਸ
2. ਧੁਨ ਸਂਰੁਂ ਨਸਂ ਨੁਧੁ ਮਧੁ ਨਸਂ ਧੁਨੁ ਧੁਮ ਮਧੁ ਮਮ ਰੁਰੁ ਸਸ
3. ਮਧੁ ਨੁਧੁ ਮਮ ਰੁਸ ਨਨ ਧੁਨ ਸਂਨੁ ਧੁਮ ਮਧੁ ਨੁਧੁ ਮਮ ਰੁਸ

**ਤਿਹਾਈਆਂ:-**

1. ਪਹਿਲੀ ਤੋਂ ਛੇਵੀਂ ਮਾਤਰ ਬੰਦਸ਼ ਅਨੁਸਾਰ ਲੈ ਕੇ ਫਿਰ ਚੌਥੀ ਤੋਂ 6ਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ ਤੀਜੀ ਮਾਤਰ ਨੂੰ ਦੂਜੀ ਮਾਤਰ ਤੋਂ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

## ਗਉੜੀ॥ (੩੩੩)

**ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ॥ ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ॥੧॥ ਐਸਾ ਨਾਇਕੁ ਰਾਮੁ ਹਮਾਰਾ ॥ ਸਗਲ ਸੰਸਾਰੁ ਕੀਓ ਬਨਜਾਰਾ॥੧॥ਰਹਾਉ॥ ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ॥ ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ॥੨॥ ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ॥ ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ॥੩॥੫॥੪੯॥**

ਪਦ ਅਰਥ:- ਬੈਲ-ਬਲਦ। ਬਿਸਾਹੇ-ਖਰੀਦੇ ਹਨ। ਪਵਨੁ-ਸੁਆਸ। ਪੂਜੀ-ਰਾਸ। ਪਰਗਾਸਿਓ-ਪਰਗਟ ਹੋਇਆ ਹੈ, ਜੰਮਿਆ ਹੈ। ਗੂਣਿ-ਛੱਟ, ਜਿਸ ਵਿਚ ਸੌਦਾ ਪਾਇਆ ਹੁੰਦਾ ਹੈ। ਘਟ ਭੀਤਰ-ਹਿਰਦੇ ਵਿਚ। ਇਨ ਬਿਧਿ- ਇਸ ਤਰੀਕੇ ਨਾਲ। ਟਾਂਡ-ਮਾਲ, ਸੌਦਾ। ਬਿਸਾਹਿਓ-ਖ੍ਰੀਦਿਆ ਹੈ। ਜਗਾਤੀ-ਮਸੂਲੀਏ। ਬਟਵਾਰਾ-ਲੁਟੇਰੇ। ਨਿਬੇਰਹਿ-ਮੁਕਾਉਂਦੇ ਹਨ। ਬੈਲੁ ਇਕੁ- ਪਾਪ-ਰੂਪ ਬੈਲ। ਚਲੋ-ਤੁਰ ਪਿਆ। ਗੋਨਿ-(ਤ੍ਰਿਸ਼ਨਾ ਦੀ) ਛੱਟ। ਛਿਟਕਾਈ-ਸੁੱਟ ਕੇ।

## ਰਾਗੁ ਗਉੜੀ ਬੈਰਾਗਣਿ ਫਰੋਦਸਤ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਮ | ਧੁ | ਨ | ਸਂ | ਸਂ | ਨੁ | ਧੁ | ਮ | ਮ | ਧੁ | ਮ | ਰੁ | ਰੁ | ਸ |
| ਐ | S | ਸਾ | S | ਨਾ | S | ਇ | ਕੁ | ਰਾ | S | ਮੁ | ਹ | ਮਾ | ਰਾ |
| ਨ਼ | ਧੁ਼ | ਨ਼ | ਸ | ਰੁ | ਰੁ | ਮ | - | ਧੁ | - | ਮ | ਰੁਰੁ | ਰੁ | ਸ |
| ਸ | ਗ | ਲ | S | ਸੰ | ਸਾ | ਰੁ | S | ਕੀ | S | ਓ | ਬਨ | ਜਾ | ਰਾ |
| x | | 0 | | 2 | | 3 | | 4 | | | 5 | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਸਂ | - | ਨੁ | ਧੁ | ਨ | ਨ | ਧੁ | ਨ | ਸਂ | ਨ | ਸਂ | ਰੁਂ | ਰੁਂ | ਸਂ |
| ਪਾ | S | ਪੁ | S | ਪੁੰ | ਨੁ | ਦੁ | ਇ | ਬੈ | S | ਲ | ਬਿ | ਸਾ | ਹੇ |
| ਸਂ | ਰੁਂ | ਮਂ | ਰੁਂ | ਸਂ | ਨੁ | ਧੁ | ਮ | ਧੁਧੁ | ਮ | ਮ | ਰੁ | - | ਸ |
| ਪ | ਵ | ਨੁ | S | ਪੂ | S | ਜੀ | S | ਪਰ | ਗਾ | ਸਿ | ਓ | S | S |
| x | | 0 | | 2 | | 3 | | 4 | | | 5 | | |

**ਤਾਨਾਂ:-**

1. ਸਰੁ ਮਰੁ ਮਧੁ ਮਮ ਧੁਨੁ ਧੁਮ ਧੁਨ ਸਂਰੁਂ ਸਂਸਂ ਨੁਧੁ ਮਧੁ ਮਮ ਰੁਰੁ ਸਸ
2. ਸਰੁ ਮਮ ਰੁਸ ਮਧੁ ਨੁਧੁ ਮਮ ਧੁਨ ਸਂਰੁਂ ਸਂਸਂ ਨਨ ਸਂਨੁ ਧੁਮ ਰੁਰੁ ਸਸ
3. ਧੁਨ ਸਂਰੁਂ ਸਂਸਂ ਨਸਂ ਨਨ ਧੁਨ ਸਂਨੁ ਧੁਮ ਧੁਨੁ ਧੁਮ ਮਧੁ ਮਮ ਰੁਰੁ ਸਸ

**ਤਿਹਾਈਆਂ:-**

1. ਸੱਮ ਤੋਂ ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ 2 ਮਾਤਰਾਂ ਵਿੱਚ ਲੈ ਕੇ ਫਿਰ 5ਵੀਂ ਤੋਂ 8ਵੀਂ ਮਾਤਰ ਨੂੰ ਤੀਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. ਪਹਿਲੀ ਤੋਂ 8ਵੀਂ ਮਾਤਰ ਦਾ ਟੁਕੜਾ ਬੰਦਸ਼ ਅਨੁਸਾਰ ਲੈ ਕੇ 2 ਮਾਤਰਾਂ ਬਿਸਰਾਮ ਫਿਰ 9ਵੀਂ ਤੋਂ 14ਵੀਂ ਮਾਤਰ ਦੇ 6 ਮਾਤਰਾਂ ਤੇ ਟੁਕੜੇ ਨੂੰ 11ਵੀਂ ਮਾਤਰ ਤੋਂ ਆਰੰਭ ਕਰਕੇ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਰਾਗੁ ਗਉੜੀ ਬੈਰਾਗਣਿ

**ੴ ਸਤਿਗੁਰ ਪ੍ਰਸਾਦਿ॥ ਗਉੜੀ ਬੈਰਾਗਣਿ ਰਵਿਦਾਸ ਜੀਉ॥(੩੪੫-੪੬)
ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥ ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥੧॥ ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ॥੧॥ਰਹਾਉ॥ ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ਼ਾਪਾਰੁ॥ ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥੨॥ ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥ ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ॥੩॥ ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥ ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥੪॥੧॥**

ਪਦ ਅਰਥ:- ਘਟ ਅਵਘਟ-ਔਖੇ ਰਸਤੇ। ਡੂਗਰ-ਪਹਾੜੀ, ਪਹਾੜ ਦਾ। ਘਣਾ-ਬਹੁਤਾ। ਨਿਰਗੁਣੁ-ਗੁਣਹੀਨ, ਮਾੜਾ ਜਿਹਾ। ਹਮਾਰ-ਅਸਾਡਾ, ਮੇਰਾ। ਰਮਈਏ-ਸੋਹਣਾ ਰਾਮ। ਮੁਰਾਰਿ-ਹੇ ਪ੍ਰਭੂ ! ਕੋ-ਕੋਈ। ਬਨਜਾਰੋ-ਵਣਜ ਕਰਨ ਵਾਲਾ, ਵਪਾਰੀ। ਟਾਂਡਾ-ਬੱਲਦਾਂ ਜਾਂ ਰੇੜ੍ਹਿਆਂ ਦਾ ਸਮੂਹ ਜਿਨ੍ਹਾਂ ਉੱਤੇ ਵਪਾਰ- ਸੌਦਾਗਰੀ ਦਾ ਮਾਲ ਲੱਦਿਆ ਹੋਇਆ ਹੋਵੇ, ਕਾਫ਼ਲਾ। ਸਹਜ ਬ੍ਯ਼ਾਪਾਰੁ-ਸਹਜ ਦਾ ਵਪਾਰ। ਬਿਖੁ-ਜ਼ਹਿਰ। ਸੰਸਾਰਿ-ਸੰਸਾਰ ਨੇ। ਦਾਨੀਆ-ਜਾਨਣ ਵਾਲਿਓ। ਆਲ ਪਤਾਲੁ-ਮਨ ਮਰਜ਼ੀ ਦੀਆਂ ਗੱਲਾਂ।ਡੰਡੁ-ਡੰਨ। ਤਜੀਲੇ-ਛੱਡ ਦਿੱਤੇ ਹਨ। ਰਮਈਏ ਰੰਗੁ-ਸੋਹਣੇ ਰਾਮ ਦਾ ਰੰਗ। ਮਜੀਠ ਕਾ-ਮਜੀਠ ਦਾ ਰੰਗ, ਪੱਕਾ ਰੰਗ।

### ਰਾਗੁ ਗਉੜੀ ਬੈਰਾਗਣਿ ਮੱਤ ਤਾਲ ਮਾਤਰਾਂ-9 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਮ | ਧੁ | ਧੁਨ | ਧੁ | ਮ | ਧੁਮ | ਰੁ | ਸ | ਨੁਸ |
| ਕੋ | S | ਬਨ | ਜਾ | ਰੋ | ਰਾS | ਮ | ਕੋ | SS |
| ਧੁਨ | ਸੰ | ਨਨ | ਧੁਨ | ਸੰ | ਨੁਧੁ | ਮ | ਰੁਸ | ਨੁਸ |
| ਮੇS | ਰਾ | ਟਾਂਡਾ | ਲਾਦਿ | ਆ | ਜਾ | ਇ | ਰੇS | SS |
| x | | 2 | | | 3 | | | |

### ਅੰਤਰਾ

| | | | | | | | | |
|---|---|---|---|---|---|---|---|---|
| ਮ | ਮਧੁ | ਮਮ | ਧੁ | ਨ | ਸੰ | ਸੰਸੰ | ਰੁੰ | ਸੰ |
| ਘ | ਟS | ਅਵ | ਘ | ਟ | ਡੂ | ਗਰ | ਘ | ਣਾ |
| ਸੰਰੁੰ | ਮੰ | ਰੁੰਰੁੰ | ਸੰ | ਨੁਧੁ | ਮਧੁ | ਮ | ਰੁਸ | ਨੁਸ |
| ਇS | ਕੁ | ਨਿਰ | ਗੁ | ਣੁS | ਬੈS | ਲੁ | ਹਮਾ | ਰS |
| x | | 2 | | | 3 | | | |

ਤਾਨਾਂ :-

1. ਸਰੁਮਮ ਰੁਮਧੁਧੁ ਮਧੁਮਮ ਰੁਸਨੁਸ ਮਧੁਨੁਧੁ ਨਨਸੰਸੰ ਸੰਰੁੰਸੰਸੰ ਨੁਨੁਧੁਮ ਰੁਸਨੁਸ

2. ਮਧੁਨੁਧੁ ਮਧੁਮਮ ਰੁਸਨੁਸ ਧੁਨਸੰਰੁੰ ਸੰਸੰਨਸੰ ਨਸੰਨੁਧੁ ਨੁਨੁਧੁਮ ਧੁਧੁਮਰੁ ਮਮਰੁਸ

3. ਸਰੁਸਰੁ ਨੁਸਰੁਮ ਰੁਮਰੁਸ ਮਧੁਮਧੁ ਮਮਧੁਨ ਸੰਸੰਰੁੰਸੰ ਨਸੰਨਸੰ ਨੁਧੁਮਧੁ ਮਮਰੁਸ

**ਤਿਹਾਈਆਂ:-**

1. ਪਹਿਲੀ ਮਾਤਰ ਤੋਂ ਮ ਧੁਧੁ ਮਮ ਇਨ੍ਹਾਂ ਸਵਰਾਂ ਤੇ 'ਕੋ ਬਨ ਜਾਰੋ' ਤਿੰਨ ਮਾਤਰਾਂ ਵਿਚ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਮਾਤਰ ਤੇ 'ਕੋ' ਫਿਰ ਧੁਨੁ ਧੁਮ ਤੇ 'ਬਨ ਜਾਰੋ' 2 ਮਾਤਰਾਂ ਵਿਚ ਫਿਰ ਇਕ ਮਾਤਰ ਬਿਸਰਾਮ ਫਿਰ ਇਹੀ 'ਬਨ ਜਾਰੋ' ਫਿਰ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 9ਵੀਂ ਮਾਤਰ ਦੇ ਚਾਰ ਮਾਤਰਾਂ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਬੈਰਾਗਣਿ ਮਹਲਾ ੪॥ (੧੬੫)

**ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ॥ ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ॥੧॥ ਹਮ ਵਣਜਾਰੇ ਰਾਮ ਕੇ॥ ਹਰਿ ਵਣਜੁ ਕਰਾਵੈ ਦੇ ਰਾਸਿ ਰੇ॥੧॥ਰਹਾਉ॥ ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ॥ ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ॥੨॥ ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥ ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ॥੩॥ ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ॥ ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ॥੪॥੧॥੭॥੪੫॥**

ਪਦ ਅਰਥ:- ਧਣੀ-ਮਾਲਕ। ਰਾਸਿ-ਸਰਮਾਇਆ। ਵਣੰਜਹ-ਵਣਜ ਕਰਦੇ ਹਾਂ। ਰੰਗ ਸਿਉ-ਪ੍ਰੇਮ ਨਾਲ। ਵਣਜਾਰੇ-ਵਪਾਰੀ। ਲਾਹਾ-ਲਾਭ, ਨਫ਼ਾ। ਭਾਇਆ-ਪਿਆਰਾ ਲਗਾ। ਜਮੁ ਜਾਗਾਤੀ-ਜਮ-ਮਸੂਲੀਆ। ਅਨੰਤ ਤਰੰਗੀ-ਅਨੇਕਾਂ ਲਹਿਰਾਂ ਵਿਚ ਫਸ ਕੇ। ਦੇਈ-ਦੇਂਦਾ ਹੈ।

## ਰਾਗੁ ਗਉੜੀ ਬੈਰਾਗਣਿ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਧੁਨ | ਸੰ | ਨੁਨੁ | ਧੁ | ਮ | ਮਧੁ | ਮ | ਰੁ | - | ਸ |
| ਹS | ਮ | ਵਣ | ਜਾ | ਰੇ | ਰਾS | ਮ | ਕੇ | S | S |
| ਸ | ਨੁ | ਧੁਨੁ | ਸਸ | ਰੁਰੁ | ਮ | ਧੁ | ਮ | ਰੁ | ਸ |
| ਹ | ਰਿ | ਵਣ | ਜੁਕ | ਰਾਵੈ | ਦੇ | S | ਰਾ | ਸਿ | ਰੇ |
| X | | 2 | | | 0 | | 3 | | |

## ਰਾਗੁ ਗਉੜੀ ਬੈਰਾਗਣਿ

### ਅੰਤਰਾ

| | | | | | | | | | |
|---|---|---|---|---|---|---|---|---|---|
| ਮ | ਮਧੁ | ਮ | ਧੁਨੁ | ਧੁ | ਨ | ਧੁਨ | ਸੰ | ਨ | ਸੰ |
| ਸਾ | ਹੁS | ਹ | ਮਾS | ਰਾ | ਤੂੰ | S | ਧ | ਣੀ | S |
| ਧੁ | ਨ | ਸੰ | ਰੁੰਰੁੰ | ਸੰਸੰ | ਰੁੰਮੰ | ਰੁੰ | ਸੰਸੰ | ਧੁਨੁ | ਧੁ |
| ਜੈ | ਸੀ | ਤੂੰ | ਰਾਸਿ | ਦੇਹਿ | ਤੈS | ਸੀ | ਹਮ | ਲੇS | ਹਿ |
| ਮਮ | ਧੁ | ਮ | ਧੁਨੁ | ਧੁਧੁ | ਨ | ਧੁਨ | ਸੰ | ਨ | ਸੰ |
| ਹਰਿ | ਨਾ | ਮੁ | ਵਣੰ | ਜਹ | ਰੰ | ਗS | ਸਿ | ਉ | S |
| ਸੰਰੁੰ | ਨਸੰ | ਸੰਨੁ | ਧੁ | ਮ | ਮਧੁ | ਮ | ਰੁ | ਰੁਸ | ਨੁਸ |
| ਜੇS | ਆਪਿ | ਦਇ | ਆ | ਲੁ | ਹੋS | ਇ | ਦੇ | ਹਿS | SS |
| x | | 2 | | | 0 | | 3 | | |

**ਤਾਨਾਂ:-**

1. ਸਰੁਸਸ ਮਧੁਮਮ ਧੁਨੁਧੁਮ ਰੁਰੁਸਸ ਮਧੁਮਮ ਧੁਨੁਧੁਮ ਧੁਨਸੰਸੰ ਨਸੰਨੁਧੁ ਮਧੁਮਮ ਰੁਰੁਸਸ
2. ਧੁਨਸੰਧੁ ਨਸੰਧੁਨ ਸੰਰੁੰਸੰਸੰ ਨੁਧੁਮਧੁ ਨੁਮਧੁਨੁ ਮਧੁਨੁਨੁ ਧੁਨੁਧੁਮ ਸੰਨੁਧੁਨੁ ਧੁਮਰੁਰੁ ਸਰੁਨੁਸ
3. ਸਰੁਮਧੁ ਮਮਰੁਸ ਮਧੁਨੁਨੁ ਧੁਨੁਧੁਮ ਨਨਧੁਨ ਸੰਸੰਨੁਧੁ ਧੁਨਸੰਨੁ ਧੁਨੁਧੁਮ ਮਧੁਮਮ ਰੁਸਨੁਸ

**ਤਿਹਾਈਆਂ:-**

1. ਪਹਿਲੀਆਂ ਦੋ ਮਾਤਰਾਂ ਨੂੰ ਦੁਗੁਨ ਵਿਚ ਇਕ ਮਾਤਰ ਵਿਚ ਲੈ ਕੇ ਦੂਜੀ ਮਾਤਰ ਤੋਂ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਬੰਦਸ਼ ਅਨੁਸਾਰ ਪਹਿਲੀ ਤੋਂ ਪੰਜਵੀਂ ਮਾਤਰ ਬਰਾਬਰ ਗਾ ਕੇ ਫਿਰ 6ਵੀਂ-7ਵੀਂ ਮਾਤਰ ਨੂੰ ਦੁਗੁਨ ਵਿਚ ਇਕ ਮਾਤਰ ਵਿਚ ਲੈ ਕੇ 'ਰਾਮ' ਦਾ ਉਚਾਰਨ ਤੇ ਇਕ ਮਾਤਰ ਬਿਸਰਾਮ ਫਿਰ 'ਰਾਮ' ਲੈ ਕੇ ਬਿਸਰਾਮ ਫਿਰ 'ਰਾਮ' ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 10ਵੀਂ ਮਾਤਰ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

### (ਥਿਤੀ ਗਉੜੀ ਮਹਲਾ ੫॥) (੨੯੬)

ਸਲੋਕ॥ ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ॥ ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ॥੨॥

## ਰਾਗੁ ਗਉੜੀ ਬੈਰਾਗਣਿ ਏਕ ਤਾਲ ਮਾਤਰਾਂ-12 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਸਰੁਮਰੁ | ਧੁਮਰੁਸ |
| | | | | | | | | | | ਕsਰਉ | ਬੰsਦਨਾ |
| ਰੁ- | ਸਸ | ਸਨ੍ਧੁਨ੍ | ਸ- | ਰੁ-ਸਰੁ | ਮਧੁਮ- | ਧੁ-ਨਸਂ | ਨੁਧੁਮ- | ਧੁਮਰੁ- | ਸsਨ੍ਸ | | |
| ਅs | ਨਿਕ | ਵਾsss | ਰs | ਸsਰs | ਨਿsss | ਪsss | ਰਉss | ਹsਰਿs | ਰਾsਇs | | |
| x | | 0 | | 2 | | 0 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਮਧੁਮ- | ਧੁਧੁਨ- |
| | | | | | | | | | | ਭ੍ਰਮੁs | ਕਟੀਐs |
| ਸਂ- | ਨਧੁਨਸਂ | ਸਂਰੁਂ | ਰੁਂਮਂਰੁਂਸਂ | ਸਂਨਧੁ- | ਨਸਂ | ਧੁਨਧੁਮ | ਮਧੁਮ- | ਰੁਰੁ | ਸ-ਨ੍ਸ | | |
| ਨਾs | ਨsਕs | ਸਾਧ | ਸੰsਗਿs | ਦੁsਤੀs | ਆs | ਭਾsss | ਉsss | ਮਿਟਾ | ਇsss | | |
| x | | 0 | | 2 | | 0 | | 3 | | 4 | |

**ਅਲਾਪ:-**

1. ਸ-ਰੁਸ ਨ੍ਧੁਨ੍- ਸ-ਨ੍ਸ ਸਰੁਮ- ਧੁਮ ਧੁਨਧੁ- ਮ- ਰੁਸ
2. ਸਰੁਮ- ਧੁਮ ਧੁਨਧੁ- ਨਸਂ ਸਂਰੁਂਸਂ- ਧੁਨਧੁ- ਮਰੁ ਸ-ਨ੍ਸ

**ਤਾਨਾਂ:-**

1. ਸਰੁਸਰੁਮਧੁਮਮ ਰੁਰੁਸਸਮਧੁਮਧੁ ਧੁਨਧੁਮਮਧੁਮਮ ਧੁਨਧੁਨਸਂਰੁਂਨਸਂ
   ਧੁਨਧੁਮਮਧੁਮਧੁ ਧੁਨਧੁਮਰੁਰੁਸਸ
2. ਮਧੁਮਧੁਮਧੁਮਮ ਰੁਰੁਸਸਧੁਨਧੁਨ ਧੁਨਧੁਮਨਸਂਨਸਂ ਨਸਂਰੁਂਸਂਧੁਨਧੁਨ
   ਧੁਨਧੁਮਮਧੁਮਧੁ ਮਧੁਮਮਰੁਰੁਸਸ

**ਤਿਹਾਈਆਂ:-**

1. 11ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 12ਵੀਂ ਮਾਤਰ ਨੂੰ ਲੈ ਕੇ ਸੱਮ ਤੇ ਆਉਣਾ ਹੈ।
2. 11ਵੀਂ-12ਵੀਂ ਮਾਤਰ ਦੇ ਟੁਕੜੇ ਨੂੰ 10ਵੀਂ ਮਾਤਰ ਤੋਂ ਦੁਗੁਨ ਵਿਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।

### ਸਲੋਕ ਮ: ੫॥ (ਗਉੜੀ ਕੀ ਵਾਰ ਮਹਲਾ ੫॥(੩੨੦)

**ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ॥ ਗਾਲ੍ਹੀ ਆਲ ਪਲਾਲੀਆ ਕੰਮਿ ਨ ਆਵਹਿ ਮਿਤ॥੧॥**

ਪਦ ਅਰਥ:-ਵੁਠਾ-ਵਸਿਆ ਹੈ। ਗਾਲ੍ਹੀ ਆਲ ਪਲਾਲੀਆ-ਫੋਕੀਆਂ ਗੱਲਾਂ।

ਰਾਗੁ ਗਉੜੀ ਬੈਰਾਗਣਿ

## ਰਾਗੁ ਗਉੜੀ ਬੈਰਾਗਣਿ ਚਾਰ ਤਾਲ ਮਾਤਰਾਂ-12 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਨ | ਸਂ | ਸਂ | ਨ̱ | ਧ̱ | ਮ | ਧ̱ਧ̱ | ਨ̱ | ਧ̱ | ਮ | ਰ̱ | ਸ |
| ਨਾ | ਨ | ਕ | ਆ | ਏ | ਸੇ | ਪਰ | ਵਾ | ਣੂ | ਹੈ | S | S |
| ਧ਼ | ਨ਼ | ਸ | ਰ̱ | ਮ | ਰ̱ | ਧ̱ | ਮ | - | ਰ̱ | - | ਸ |
| ਜਿ | S | ਨ | ਹ | S | ਰਿ | ਵੂ | ਠਾ | S | ਚਿ | S | ਤਿ |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਧ̱ | ਮ | ਧ̱ | - | ਨ | ਸਂ | ਨ̱ਸਂ | ਨ | ਧ̱ | ਨ | ਸਂ |
| ਗਾ | S | ਲ੍ਹੀ | ਆ | S | ਲ | ਪ | ਲਾS | ਲੀ | ਆ | S | S |
| ਸਂ | ਰ̱ਂ | ਮਂ | ਰ̱ਂ | - | ਸਂ | ਨ̱ | ਧ̱ | ਮ | ਰ̱ | ਨ਼ | ਸ |
| ਕੰ | S | ਮਿ | ਨ | S | S | ਆ | ਵ | ਹਿ | ਮਿ | S | ਤ |
| X | | 0 | | 2 | | 0 | | 3 | | 4 | |

**ਲੈਅਕਾਰੀਆਂ:-**

ਇਕਗੁਨ-ਦੁਗੁਨ-ਅਸਥਾਈ ਦੇ ਦੋਨੋਂ ਚੱਕਰ ਬਰਾਬਰ ਲੈ ਕੇ ਫਿਰ ਪਹਿਲੇ ਚੱਕਰ ਦੀ ਦੁਗੁਨ 6 ਮਾਤਰਾਂ ਵਿੱਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਦੋ ਵਾਰ ਦੁਗੁਨ ਵਿਚ 6 ਮਾਤਰਾਂ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

ਦੁਗੁਨ-ਚੌਗੁਨ- ਪਹਿਲੇ ਚੱਕਰ ਦੀ ਦੁਗੁਨ 6 ਮਾਤਰਾਂ ਵਿਚ ਫਿਰ ਇਸ ਚੱਕਰ ਦੀ ਚੌਗੁਨ ਤਿੰਨ ਮਾਤਰਾਂ ਵਿਚ ਲੈ ਕੇ ਫਿਰ 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਚੌਗੁਨ ਤਿੰਨ ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

ਤਿਗੁਨ- ਅਸਥਾਈ ਦੇ ਪਹਿਲੇ ਚੱਕਰ ਦੀ ਦੋ ਵਾਰ ਤਿਗੁਨ ਅਠ ਮਾਤਰਾਂ ਵਿੱਚ ਲੈ ਕੇ ਫਿਰ 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਤਿਗੁਨ ਵਿੱਚ 4 ਮਾਤਰਾਂ ਵਿੱਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

ਤਿਗੁਨ-ਛੇਗੁਨ-ਪੂਰੀ ਅਸਥਾਈ ਨੂੰ ਤਿਗੁਨ 8 ਮਾਤਰਾਂ ਵਿੱਚ ਲੈ ਕੇ ਫਿਰ ਪਹਿਲੀ ਲਾਈਨ ਨੂੰ ਛੇਗੁਨ 2 ਮਾਤਰਾਂ ਵਿਚ ਤੇ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਦੋ ਵਾਰ ਛੇਗੁਨ ਵਿਚ 2 ਮਾਤਰਾਂ ਵਿਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

## ਗਉੜੀ ਬੈਰਾਗਣਿ ਮਹਲਾ ੧॥ (੧੫੭)

**ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥੧॥ ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥੧॥ ਰਹਾਉ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥੨॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥੩॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥੪॥੨॥੧੯॥**

ਪਦ ਅਰਥ:- ਬਨਿ-ਜੰਗਲ। ਬਸਾ-ਮੈਂ ਵਸਾਂ। ਕੰਦ ਮੂਲ-ਘਾਹ-ਬੂਟ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਬਨਜਾਰਨਿ-ਵਣਜ ਕਰਨ ਵਾਲੀ। ਵਖਰੁ-ਸੌਦਾ। ਕੋਕਿਲ-ਕੋਇਲ। ਸਹਜਿ-ਅਡੋਲ, ਮਸਤ ਹੋ ਕੇ। ਦਰਸਨਿ ਰੂਪਿ-ਸੋਹਣੇ ਰੂਪ ਵਾਲਾ। ਸਾਰਿ-ਸੰਭਾਲਦਾ ਹੈ। ਪਸਾਰਿ-ਖਿਲਾਰ ਕੇ। ਨਾਗਨਿ-ਸਪਣੀ। ਧਰ-ਧਰਤੀ ਵਿਚ। ਜੋਤੀ-ਜੋਤਿ-ਸਰੂਪ ਪ੍ਰਭੂ ਵਿਚ।

### ਰਾਗੁ ਗਉੜੀ ਬੈਰਾਗਣਿ ਪੜਤਾਲ

**ਹਰ ਅੰਤਰੇ ਤੋਂ ਬਾਅਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਵਾਪਸ ਆਉਣਾ ਹੈ।**

**ਅਸਥਾਈ ਰਮਣੀਕ ਤਾਲ ਮਾਤਰਾਂ-10½ ਵਿਲੰਬਿਤ ਲੈਅ**

| 1 | 2 | 3 | 4 | 5 | 6 | 7 | 8 | 9 | 10 | 10½ |
|---|---|---|---|---|---|---|---|---|---|---|
| ਰੁ | - | ਮਮ | ਮਧੁ | ਨੁਧੁ | -ਮ | ਧੁ- | ਮਰੁ | -- | ਸ- | - |
| ਮੈ | S | ਬਨ | ਜਾS | Sਰ | Sਨਿ | ਰਾS | ਮਕੀ | SS | SS | S |
| ਮਧੁ | ਨ | ਸੰ | ਸੰ | ਨੁ | ਧੁਮ | ਧੁਮ | ਮਮ | ਰੁਰੁ | ਸ- | ਸ |
| ਤੇS | ਰਾ | S | ਨਾ | S | ਮੁS | ਵਖ | ਰੁਵਾ | ਪਾਰੁ | ਜੀS | S |
| X | | 2 | | 3 | | 4 | | | | |

### ਅੰਤਰਾ

| | | | | | | | | | | |
|---|---|---|---|---|---|---|---|---|---|---|
| ਮ | ਧੁ | ਮ | ਧੁ- | ਨੁਧੁ | - | ਨਧੁ | ਨਸੰ | -- | ਧੁਨ | ਸੰ |
| ਹ | ਰ | ਣੀ | ਹੋS | Sਵਾ | S | ਬS | ਨਿਬ | SS | ਸਾS | S |
| ਧੁ | - | ਨ | ਸੰ | - | ਸੰ | ਰੂੰ- | ਰੂੰਸੰ | -- | ਧੁਨ | ਸੰ |
| ਕੰ | S | ਦ | ਮੂ | S | ਲ | ਚੁS | ਣਿਖਾ | SS | ਉS | S |
| ਮ | ਧੁ | ਮਮ | ਧੁ | ਨੁਧੁ | -ਧੁ | ਨ- | ਨਸੰ | -- | ਧੁਨ | ਸੰ |
| ਗੁ | ਰ | ਪਰ | ਸਾ | ਦੀਮੇ | Sਰਾ | ਸS | ਹੁਮਿ | SS | ਲੈS | S |
| ਸੰ- | ਨਸੰ | ਨੁਧੁ | ਧੁ- | ਧੁਨੁ | ਧੁਮ | ਧੁਧੁ | ਮਰੁ | -ਰੁ | ਸ- | ਸ |
| ਵਾS | SS | ਰਿS | ਵਾS | SS | ਰਿS | ਹਉ | Sਜਾ | Sਉ | ਜੀS | ਉ |
| X | | 2 | | 3 | | 4 | | | | |

ਰਾਗੁ ਗਉੜੀ ਬੈਰਾਗਣਿ

## ਦੂਜਾ ਅੰਤਰਾ ਏਕ ਤਾਲ ਮਾਤਰਾਂ-12 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | ਮ | ਮ | ਧੁ | ਨ | - | ਸਂ | ਸਂ | ਨਧੁ | ਨ | ਸਂ | - |
| ਕੋ | ਕਿ | ਲ | ਹੋ | ਵਾ | s | ਅਂ | ਬਿ | ss | ਬ | ਸਾ | s |
| ਧੁਧੁ | ਧੁ | ਨ | ਸਂ | ਸਂ | - | ਰੁਂ | ਰੁਂ | - | ਸਂ | - | - |
| ਸਹ | ਜਿ | ਸ | ਬ | ਦ | s | ਬੀ | ਚਾ | s | ਰੁ | s | s |
| ਮਮ | ਮ | ਮ | ਧੁਧੁ | ਨ | ਨ | ਸਂ | ਸਂ | ਨਧੁ | ਨ | ਸਂ | - |
| ਸਹ | ਜਿ | ਸੁ | ਭਾਇ | ਮੇ | ਰਾ | ਸ | ਹੁ | ss | ਮਿ | ਲੈ | s |
| ਸਂਸਂ | ਨੁ | ਧੁ | ਨੁ | ਧੁ | ਮ | ਰੁ | ਰੁ | - | ਸ | - | - |
| ਦਰ | ਸ | ਨਿ | ਰੂ | s | ਪਿ | ਅ | ਪਾ | s | ਰੁ | s | s |
| x | | 0 | | 2 | | 0 | | 3 | | 4 | |

## ਤੀਜਾ ਅੰਤਰਾ ਫਰੋਦਸਤ ਤਾਲ ਮਾਤਰਾਂ-14 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਸਂ | ਸਂ | ਸਂ | - | ਨ | ਸਂ | ਨੁ | ਧੁ | ਨੁ | - | ਧੁ | ਨੁ | ਧੁ | ਮ |
| ਮ | ਛੁ | ਲੀ | s | ਹੋ | s | ਵਾ | s | ਜ | s | ਲਿ | ਬ | ਸਾ | s |
| ਮਮ | - | - | - | ਧੁ | - | ਨ | - | ਸਂ | - | ਨ | ਧੁ | ਨ | ਸਂ |
| ਜੀਅ | s | s | s | ਜਂ | s | ਤ | s | ਸ | s | ਭਿ | ਸਾ | s | ਰਿ |
| ਸਂ | ਸਂ | ਸਂ | ਸਂ | ਨ | ਸਂ | ਨੁ | ਧੁ | ਨੁ | ਨੁ | ਨੁ | ਧੁ | ਧੁਨੁ | ਧੁਮ |
| ਉ | ਰ | ਵਾ | ਰਿ | ਪਾ | ਰਿ | ਮੇ | ਰਾ | ਸ | ਹੁ | ਵ | ਸੈ | ss | ss |
| ਨੁਨੁ | - | - | ਨੁ | ਧੁਧੁ | ਨੁ | ਧੁ | ਮ | ਮ | ਰੁ | ਰੁ | ਸ | ਨੁਧੁ | ਨੁਸ |
| ਹਉ | s | s | ਮਿ | ਲਉ | s | ਗੀ | s | ਬਾ | ਹ | ਪ | ਸਾ | ss | ਰਿs |
| x | | 0 | | 2 | | 3 | | 4 | | | 5 | | |

## ਚੌਥਾ ਅੰਤਰਾ ਤੀਨ ਤਾਲ ਮਾਤਰਾਂ-16 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਮ | - | ਮ | ਮ | ਧੁ | - | ਨ | - | - | ਸਂ | ਸਂ | ਸਂ | ਨ | ਧੁ | ਨ | ਸਂ |
| ਨਾ | s | ਗ | ਨਿ | ਹੋ | s | ਵਾ | s | s | ਧ | ਰ | ਵ | ਸਾ | s | s | s |
| ਧੁ | ਧੁ | ਨ | ਨ | ਸਂ | - | - | - | ਸਂਸਂ | ਰੁਂ | - | - | ਸਂ | - | ਸਂ | - |
| ਸ | ਬ | ਦੁ | ਵ | ਸੈ | s | s | s | ਭਉ | ਜਾ | s | s | s | s | ਇ | s |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | - | ਮ | ਮ | ਧੁ | ਧੁ | ਨ | - | - | ਸਂ | ਸਂ | ਸਂ | ਨ | - | ਸਂ | - |
| ਨਾ | S | ਨ | ਕ | ਸ | ਦਾ | S | S | S | ਸੋ | ਹਾ | ਗ | ਣੀ | S | S | S |
| ਸਂ | - | ਨੁ | ਧੁ | ਮਧੁ | ਨੁ | ਧੁ | ਮ | ਧੁ | - | ਮ | - | ਰੁ | ਰੁ | ਸ | - |
| ਜਿ | S | S | ਨ | ਜੋS | S | ਤੀ | S | ਜੋ | S | ਤਿ | S | ਸ | ਮਾ | ਇ | S |
| x | | | | 2 | | | | 0 | | | | 3 | | | |

**ਤਾਨਾਂ:-**

1. ਮਮਰੁਰੁ ਸਸਧੁਧੁ ਮਧੁਮਮ ਨੁਨੁਧੁਨੁ ਧੁਮਸਂਸਂ ਨਸਂਨਨ ਸਂਨੁਧੁਨੁ ਧੁਮਧੁਧੁ ਮਧੁਮਰੁ ਮਮਰੁਰੁ ਸਸ
2. ਧੁਨਸਂਧੁ ਨਸਂਧੁਨ ਸਂਸਂਨਸਂ ਨੁਧੁਮਧੁ ਨੁਮਧੁਨੁ ਮਧੁਨੁਨੁ ਧੁਨੁਧੁਮ ਸਰੁਮਸ ਰੁਮਸਰੁ ਮਮਰੁਰੁ ਸਸ
3. ਧੁਧੁਮਧੁ ਮਮਰੁਰੁ ਸਸਨੁਨੁ ਧੁਨੁਧੁਮ ਮਧੁਮਮ ਰੁਰੁਸਸ ਨਨਧੁਨ ਸਂਨੁਧੁਨੁ ਧੁਮਮਧੁ ਮਮਰੁਰੁ ਸਸ
4. ਸਰੁਸਸ ਰੁਮਰੁਰੁ ਮਧੁਮਮ ਧੁਨੁਧੁਧੁ ਨਸਂਨਨ ਸਂਰੁਂਸਂਸਂ ਨਸਂਨੁਨੁ ਧੁਨੁਧੁਧੁ ਮਧੁਮਮ ਰੁਮਰੁਰੁ ਸਸ

**ਤਿਹਾਈਆਂ:-**

1. | ਧੁਧੁ ਮ / ਰਾਮ ਕੀ | ਇਸ 1½ ਮਾਤਰਾਂ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. | ਧੁ ਮ ਰੁ- ਸ / ਰਾ ਮ ਕੀS S | 3½ ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. ਪਹਿਲੀ ਮਾਤਰ ਤੋਂ ਮ ਰੁਰੁ ਸਸ ਇਨ੍ਹਾਂ ਤਿੰਨਾਂ ਮਾਤਰਾਂ ਤੇ 'ਮੈ ਬਣਜਾ ਰਨਿ' ਲੈ ਕੇ | ਧੁਮ ਰੁ- ਸ / ਰਾਮ ਕੀS S | ਫਿਰ ਇਹ 2½ ਮਾਤਰਾਂ ਦੇ ਟੁਕੜੇ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।

## ਗਉੜੀ ਬੈਰਾਗਣਿ ਮਹਲਾ ੪॥ (੧੬੭)

ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ॥ ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ॥ ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ॥੧॥ ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ॥ ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ॥੧॥ ਰਹਾਉ॥ ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ॥ ਤੂੰ ਗੁਣਵੰਤਾ ਹਰਿ ਹਰਿ

## ਰਾਗੁ ਗਉੜੀ ਬੈਰਾਗਣਿ

**ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ॥ ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿ ਨਾਮੁ ਛਡਾਵੈ॥੨॥ ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ॥ ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ॥ ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥੩॥ ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥ ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥੪॥੫॥੧੧॥੪੯॥**

ਪਦ ਅਰਥ:- ਮਨਿ-ਮਨ ਵਿਚ। ਚਿਤਿ-ਚਿਤ ਵਿਚ। ਦੁਆਰਿ-ਦਰ ਤੇ। ਗਣਤ ਨ ਆਵੈ- ਗਿਣਤੀ ਨਹੀਂ ਕੀਤੀ ਜਾ ਸਕਦੀ। ਗੁਣਵੰਤਾ-ਗੁਣਾਂ ਦਾ ਮਾਲਕ। ਗੁਰੁ ਬੋਲਹ-ਅਸੀਂ 'ਗੁਰੂ ਗੁਰੂ' ਬੋਲਦੇ ਹਾਂ। ਬਿਸਮੁ-ਅਸਚਰਜ ਆਤਮਕ ਹਾਲਤ। ਬੰਧਪੁ-ਰਿਸ਼ਤੇਦਾਰ। ਬਿਧਿ-ਹਾਲਤ। ਕੀਰੇ-ਕੀੜੇ। ਥਾਪੇ-ਥਾਪਨਾ ਦਿੱਤੀ, ਵਡਿਆਈ ਦਿੱਤੀ। ਕੇਰਾ-ਦਾ।

### ਰਾਗੁ ਗਉੜੀ ਬੈਰਾਗਣਿ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਧੁ | ਮ | ਮ | ਰੁ | – | ਸ | – | ਮ | ਧੁ | ਮ | ਧੁ | ਨੁ | ਧੁ | ਮ |
| ਮੇ | S | ਰੇ | ਰਾ | S | ਮ | S | ਮ | ਤੁ | S | ਨਿ | ਰ | ਗੁ | ਣ |
| ਨ਼ਧੁ | ਨ਼ | ਸ | ਰੁ | ਰੁ | ਮ | – | ਧੁ | ਨ | ਨ | ਸੰ | ਨ | ਸੰਸੰ | ਨਸੰ |
| ਹਮ | ਪਾ | ਪੀ | ਸ | ਰ | ਣਿ | S | ਹ | S | ਮ | ਮੇ | ਲੈ | ਕਬ | ਹੂੰS |
| ਧੁਨੁ | ਧੁ | ਮ | ਰੁ | ਰੁ | ਸਨ਼ | ਸ | ਰੰ | ਮੰ | ਰੰ | ਸੰ | ਸੰ | ਨੁ | ਧੁ |
| ਪS | ਰੇ | S | ਹ | ਰਿ | ਦੁਆ | ਰਿ | ਅ | ਪੁ | ਨੀ | ਕਿ | ਰ | ਪਾ | S |
| | | | | | | | ਮ | ਧੁ | ਮ | ਰੁ | – | ਸ | – |
| | | | | | | | ਧਾ | S | S | ਰਿ | S | S | S |
| x | | | 2 | | 3 | | x | | | 2 | | 3 | |

# ੫-ਰਾਗੁ ਗਉੜੀ ਦੀਪਕੀ

ਭਾਰਤੀ ਸੰਗੀਤ ਵਿੱਚ ਰਾਗ ਗਉੜੀ ਤੇ ਰਾਗ ਦੀਪਕ ਇਨ੍ਹਾਂ ਦੋ ਰਾਗਾਂ ਦਾ ਵੱਖ-ਵੱਖ ਵਰਨਣ ਮਿਲਦਾ ਹੈ ਪਰ ਇਹਨਾਂ ਦੋਹਾਂ ਰਾਗਾਂ ਦੇ ਮਿਸ਼ਰਨ ਦਾ ਕੋਈ ਵੱਖਰਾ ਸਰੂਪ ਉਪਲਬਧ ਨਹੀਂ ਹੈ। ਐਸੇ ਰਾਗ ਜੋ ਪ੍ਰਚਾਰ ਵਿਚ ਨਹੀਂ ਹਨ ਉਨ੍ਹਾਂ ਦੇ ਸਰੂਪਾਂ ਵਿੱਚ ਵਿਦਵਾਨ ਆਮ ਤੌਰ ਤੇ ਇੱਕ-ਮਤ ਨਹੀਂ ਹੁੰਦੇ ਹਨ। ਰਾਗੁ ਗਉੜੀ ਦੀਪਕੀ ਇਕ ਅਤਿ ਅਪ੍ਰਚਲਿਤ ਰਾਗ ਹੈ ਤੇ ਛਾਯਾਲਗ ਰਾਗਾਂ ਦੇ ਵਰਗ ਵਿੱਚ ਆਉਂਦਾ ਹੈ। ਗਉੜੀ ਰਾਗ ਪ੍ਰਚਾਰ ਵਿੱਚ ਹੈ ਤੇ ਇਸ ਬਾਰੇ ਗੁਰਮਤਿ ਸੰਗੀਤ ਦਰਪਣ ਭਾਗ-ਪਹਿਲਾ ਵਿੱਚ ਵਰਨਣ ਦਿੱਤਾ ਜਾ ਚੁੱਕਾ ਹੈ।

ਦੂਜਾ ਰਾਗ ਦੀਪਕੀ/ਦੀਪਕ ਦਾ ਗਾਇਨ ਸੰਗੀਤ ਗੋਸ਼ਟੀਆਂ ਤੇ ਸੰਗੀਤ ਮਹਿਫਲਾਂ ਵਿੱਚ ਸੁਣਨ ਗੋਚਰ ਬਹੁਤ ਹੀ ਘਟ ਹੈ। ਮੱਧ ਕਾਲ ਵਿੱਚ ਪ੍ਰਚਲਿਤ ਰਾਗ-ਰਾਗਨੀ ਵਰਗੀਕਰਣ ਦੇ ਚਾਰ ਮੁੱਖ ਮੱਤਾਂ ਸ਼ਿਵਮਤ, ਕਾਲੀਨਾਥਮਤ, ਭਰਤਮਤ ਤੇ ਹਨੂਮਾਨਮਤ ਇਨ੍ਹਾਂ ਵਿਚੋਂ ਭਰਤ ਤੇ ਹਨੂਮਾਨਮਤ ਨੇ ਰਾਗ ਦੀਪਕ ਨੂੰ ਪੁਰਸ਼ ਰਾਗ ਮੰਨਿਆ ਹੈ। ਮੱਧ ਕਾਲ ਦੇ ਸੰਗੀਤ ਗ੍ਰੰਥਕਾਰਾਂ ਵਿੱਚੋਂ ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿਚ ੧੨ ਠਾਠ ਮੰਨੇ ਹਨ ਤੇ ਦੀਪਕ ਨੂੰ 12ਵਾਂ ਠਾਠ ਮੰਨਿਆ ਹੈ। ਭਾਵਭਟ ਨੇ 'ਅਨੂਪ ਬਿਲਾਸ' ਵਿੱਚ ੬੭ ਰਾਗਾਂ ਦਾ ਵਰਨਣ ਕੀਤਾ ਹੈ ਤੇ ਉਹਨਾਂ ਵਿੱਚੋਂ ਇੱਕ ਦੀਪਕ ਰਾਗ ਵੀ ਹੈ। ਰਾਮਾਮਾਤਯ ਨੇ 'ਸਵਰਮੇਲ ਕਲਾਨਿਧੀ' ਵਿੱਚ ੨੦ ਮੇਲਾਂ ਤੋਂ ੬੩ ਜਨਯ ਰਾਗ ਮੰਨੇ ਹਨ ਤੇ ਸ਼ੁਧ ਰਾਮਕਰੀ ਮੇਲ ਤੋਂ ਦੀਪਕ ਨੂੰ ਜਨਯ ਰਾਗ ਮੰਨਿਆ ਹੈ। ਸੰਗੀਤ ਸਾਰਾਮ੍ਰਿਤ ਦੇ ਕਰਤਾ ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ ਸ਼ੁਧ ਰਾਮਕਰੀ ਜਨਕ ਮੇਲ ਤੋਂ ਦੀਪਕ ਨੂੰ ਜਨਯ ਰਾਗ ਮੰਨਿਆ ਹੈ।

ਦੀਪਕ ਰਾਗ ਦੇ ਸਰੂਪ ਬਾਰੇ ਵੱਖ-ਵੱਖ ਮਤ ਹਨ। ਪੰਡਿਤ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਿਕਾ' ਪੰਜਵਾਂ ਭਾਗ ਵਿੱਚ ਦੀਪਕ ਰਾਗ ਨੂੰ ਪੂਰਵੀ, ਕਲਿਯਾਣ ਤੇ ਬਿਲਾਵਲ ਥਾਟਾਂ ਤੋਂ ਉਤਪਨ ਤਿੰਨ ਵੱਖ-ਵੱਖ ਸਰੂਪ ਮੰਨੇ ਹਨ। ਉਨ੍ਹਾਂ ਪੂਰਵੀ ਥਾਟ ਦੇ ਦੀਪਕ ਰਾਗ ਦੇ ਆਰੋਹ ਵਿੱਚ ਰਿਸ਼ਭ ਤੇ ਅਵਰੋਹ ਵਿੱਚ ਨਿਸ਼ਾਦ ਵਰਜਿਤ ਮੰਨਿਆ ਹੈ ਤੇ ਸ਼ੜਜ-ਪੰਚਮ ਦਾ ਸੰਵਾਦ ਹੈ। ਕੋਈ ਪੰਚਮ- ਸ਼ੜਜ ਦਾ ਸੰਵਾਦ ਵੀ ਮੰਨਦੇ ਹਨ। ਸਮਾਂ ਸ਼ਾਮ ਦਾ ਹੈ। ਕਈ ਇਸ ਦੀ ਜਾਤੀ ਸੰਪੂਰਨ ਵੀ ਮੰਨਦੇ ਹਨ। ਚਲਨ - ਸ, ਪ ਗਪਗਰੁਸ, ਸਗਪ, ਮੰਧੁਪ, ਗਮੰਧੁਪਸੰ, ਨਸੰਰੁੰਸੰ, ਪ, ਗਪਗਰੁਸ। ਇਸ ਪ੍ਰਕਾਰ ਦਿੱਤਾ ਹੈ। ਕਲਿਯਾਣ ਥਾਟ ਤੋਂ

ਰਾਗੁ ਗਉੜੀ ਦੀਪਕੀ

ਉਤਪਨ ਹੋਣ ਵਾਲੇ ਦੀਪਕ ਰਾਗ ਵਿੱਚ ਨਿਸ਼ਾਦ ਵਰਜਿਤ ਹੈ। ਦੀਪਕ ਦਾ ਤੀਜਾ ਸਰੂਪ ਬਿਲਾਵਲ ਮੇਲ ਜਨਯ ਪ੍ਰਕਾਰ ਹੈ ਤੇ ਇਹ ਬਿਹਾਗ ਤੇ ਝੰਝੋਟੀ ਰਾਗਾਂ ਦੇ ਮਿਸ਼ਰਨ ਨਾਲ ਗਾਇਆ ਜਾਂਦਾ ਹੈ। ਆਰੋਹ ਵਿੱਚ ਰਿਸ਼ਭ ਵਰਜਿਤ ਹੈ ਤੇ ਧੈਵਤ ਦਾ ਵਕਰ ਪ੍ਰਯੋਗ ਹੈ ਤੇ ਵਾਦੀ ਗੰਧਾਰ ਹੈ। ਕੋਈ ਕੋਈ ਸ਼ੜਜ ਨੂੰ ਵੀ ਵਾਦੀ ਮੰਨਦੇ ਹਨ। ਇਸ ਦਾ ਵਿਸਥਾਰ ਮੰਦਰ ਤੇ ਮਧ ਸਪਤਕ ਵਿੱਚ ਰਹਿੰਦਾ ਹੈ। ਕੋਈ ਕੋਈ ਇਸ ਨੂੰ ਖਮਾਜ ਮੇਲ ਦਾ ਰਾਗ ਵੀ ਮੰਨਦੇ ਹਨ। ਚਲਨ ਇਸ ਪ੍ਰਕਾਰ ਹੈ। ਪ਼ ਮ਼ਪ਼ਧ਼, ਪ਼ਨ਼, ਨ਼ਸ, ਸਗ, ਗਰਸ, ਗਮਪ, ਧਪ, ਨੁਧਪ, (ਮ) ਗਸ, ਪਮਗ, ਰਸ, ਨ਼, ਧ਼, ਪ਼ਧ਼ਸ, ਸ ਨ਼, ਧ਼ਪ਼।

ਸ਼੍ਰੀ ਵਿਮਲਾਕਾਂਤ ਰਾਏ ਚੌਧਰੀ ਨੇ ਆਪਣੇ ਗ੍ਰੰਥ 'ਰਾਗ ਵਿਯਾਕਰਣ' ਵਿੱਚ ਰਾਗ ਦੀਪਕ ਦਾ ਇੱਕ ਸਰੂਪ ਪੂਰਵੀ ਥਾਟ ਤੋਂ ਮੰਨਿਆ ਹੈ। ਇਸ ਵਿੱਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਜਾਤੀ ਵਕਰ-ਸ਼ਾੜਵ ਹੈ। ਪੰਚਮ-ਸ਼ੜਜ ਦਾ ਸੰਵਾਦ ਹੈ। ਸਮਾਂ ਸ਼ਾਮ ੫.੩੦ ਤੋਂ ੭.੦੦ ਵਜੇ ਹੈ। ਆਰੋਹ- ਸ ਗ ਮੰ ਗ ਪ ਧੁ ਪ ਨ ਸੰ। ਅਵਰੋਹ - ਸੰ ਪ ਮੰ ਧੁ ਪ ਗ ਰੁ ਸ। ਦੂਜਾ ਸਰੂਪ ਬਿਲਾਵਲ ਥਾਟ ਦਾ ਹੈ। ਆਰੋਹ ਵਿੱਚ ਰਿਸ਼ਭ ਤੇ ਅਵਰੋਹ ਵਿੱਚ ਨਿਸ਼ਾਦ ਵਰਜਿਤ ਹੋਣ ਕਾਰਨ ਜਾਤੀ ਵਕਰ ਸ਼ਾੜਵ-ਸੰਪੂਰਨ ਹੈ। ਗੰਧਾਰ - ਧੈਵਤ ਦਾ ਸੰਵਾਦ ਤੇ ਸਮਾਂ ਰਾਤ ਦਾ ਦੂਜਾ ਪਹਿਰ ੧੦.੦੦ ਤੋਂ ੧੧.੩੦ ਵਜੇ ਹੈ। ਆਰੋਹ - ਸ ਗ ਮ ਪ ਧ ਪ ਨ ਸੰ। ਅਵਰੋਹ - ਸੰ ਪ ਧ ਮ ਪ ਮ ਗ ਰ ਸ ਹੈ। ਇਨ੍ਹਾਂ ਨੇ ਰਾਗ ਦੀਪਕਾ ਦਾ ਇੱਕ ਵੱਖਰਾ ਸਰੂਪ ਵੀ ਦਿੱਤਾ ਹੈ ਜੋ ਕਲਿਯਾਣ ਥਾਟ ਦਾ ਰਾਗ ਹੈ ਤੇ ਯਮਨ ਤੇ ਹਿੰਡੋਲ ਦਾ ਮਿਸ਼ਰਨ ਹੈ। ਰਿਸ਼ਭ ਵਰਜਿਤ ਹੋਣ ਕਾਰਨ ਇਸ ਦੀ ਜਾਤੀ ਸ਼ਾੜਵ ਹੈ। ਪੰਚਮ - ਸ਼ੜਜ ਦਾ ਸੰਵਾਦ ਹੈ ਤੇ ਸਮਾਂ ਸ਼ਾਮ ੭ ਤੋਂ ੯ ਵਜੇ ਹੈ। ਆਰੋਹ- ਸ ਗ ਮੰ ਪ ਧ ਨ ਸੰ। ਅਵਰੋਹ- ਸੰ ਨ ਧ ਪ ਮੰ ਗ ਸ। ਪਦਮ ਵਿਭੂਸ਼ਨ ਉਸਤਾਦ ਅਲਾਉਦੀਨ ਖਾਨ ਇਸ ਦੀਪਕਾ ਰਾਗ ਦੇ ਰਚਨਾਕਾਰ ਹਨ। ਉਹ ਇਸ ਰਾਗ ਨੂੰ ਰਾਗ ਹੇਮੰਤ ਦੀ ਰਾਗਨੀ ਮੰਨਦੇ ਹਨ।

ਆਚਾਰੀਯ ਸ੍ਰੀ ਕ੍ਰਿਸ਼ਨ ਨਾਰਾਯਨ ਰਤੰਜਨਕਰ ਨੇ 'ਅਭਿਨਵ ਗੀਤ ਮੰਜਰੀ' ਭਾਗ-੧ ਦੇ ੧੧੯-੧੨੦ ਪੰਨੇ ਤੇ ੨ ਬੰਦਸ਼ਾਂ ਦੀਪਕ ਰਾਗ ਦੀਆਂ ਦਿੱਤੀਆਂ ਹਨ। ਆਰੋਹ ਵਿੱਚ ਸ਼ੁਧ ਤੇ ਅਵਰੋਹ ਵਿੱਚ ਕੋਮਲ ਨਿਸ਼ਾਦ ਤੇ ਹੋਰ ਸਵਰ ਸ਼ੁਧ ਹਨ। ਰਾਗ ਦਾ ਚਲਨ ਮੰਦਰ ਸਪਤਕ ਵਿੱਚ ਜ਼ਿਆਦਾ ਰਹਿੰਦਾ ਹੈ। ਸੰਗੀਤ ਕਾਰਯਾਲਯਾ ਹਾਥਰਸ ਦੇ 'ਅਪ੍ਰਕਾਸ਼ਿਤ ਰਾਗ' ਭਾਗ-੧ ਅਨੁਸਾਰ 'ਚੜਤ ਜਹਾਂ ਸੁਰ ਰਿਖਬ ਨਹਿ ਉਤਰਤ ਨਹੀਂ ਨਿਖਾਦ।। ਭਯੋ ਪੂਰਵੀ ਠਾਠ ਮੇਂ ਦੀਪਕ ਸ-ਪ ਸੰਵਾਦ'।। (ਰਾਗ ਚੰਦ੍ਰਿਕਾ ਸਾਰ।।੬੬।।) ਰਾਗ ਦੀਪਕ, ਪੂਰਬੀ ਥਾਟ, ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ ਤੇ ਆਰੋਹ ਵਿੱਚ ਰਿਸ਼ਭ ਵਰਜਿਤ ਹੈ ਤੇ ਅਵਰੋਹ ਵਿਚ ਨਿਸ਼ਾਦ ਵਰਜਿਤ ਹੈ।। ਆਰੋਹ-

ਨ਼ਰੁਸ, ਨ਼ਸਗਪ, ਮੰਧੁਪ, ਗSਮੰਧੁਪਸੰS। ਅਵਰੋਹ- ਸੰSSਪ, ਮੰਧੁਮੰਗ, ਗਪਗSਰੁਸ। ਮੁਖ ਅੰਗ- ਸੰSS, ਪ, ਗ, ਪਗ, ਰੁਸ। ਪੰਡਿਤ ਰਾਮਾਸ਼੍ਰੇ ਝਾ ਨੇ 'ਅਭਿਨਵ ਗੀਤਾਂਜਲੀ' ਭਾਗ-੫ ਦੇ ਪੰਨੇ ੨੯੧ ਤੇ ਰਾਗ ਦੀਪਕ ਵਿੱਚ ਝਪ ਤਾਲ ਦੀ ਇੱਕ ਬੰਦਸ਼ ਦਿੱਤੀ ਹੈ। ਇਸ ਵਿੱਚ ਰਿਸ਼ਭ ਧੈਵਤ ਕੋਮਲ ਤੇ ਮਧਿਅਮ ਤੀਵਰ ਦਾ ਪ੍ਰਯੋਗ ਹੈ। ਰਾਗ ਦੀਪਕ ਦੇ ਇਹ ਸਰੂਪ ਤਾਂ ਮਿਲਦੇ ਹਨ ਪਰ ਗਉੜੀ ਦੀਪਕੀ ਦਾ ਮਿਸ਼ਰਤ ਸਰੂਪ ਉਪਲਬਧ ਨਹੀਂ ਹੈ।

ਰਾਗ ਦੀਪਕ ਤੇ ਰਾਗ ਮੇਘ ਦੀ ਪ੍ਰਭਾਵ ਬਾਰੇ ਸ਼੍ਰੀ ਗੋਸੁਆਮੀ ਨੇ ਆਪਣੀ ਪੁਸਤਕ 'The story of Indian Music', Chapter No. 23, "Western Versus Indian Music" page No. 245 ਤੇ ਇਸ ਪ੍ਰਕਾਰ ਵਰਨਣ ਦਿੱਤਾ ਹੈ।

It is said that Dipak Raga which was once sung by Tansen in Akbar's Court scalded the singer badly. The last time Megha was sung by Ostad Zakir-ud-din Khan of Udaipur at the first music conference in Baroda in 1916, 'much to our amazement' (writes Atiya Begum who was present) 'a sudden storm brewed, the rains poured in torrents and the disturbance lasted for a couple of hours. The late Ustad Mohammad Ali Khan, the last decendant of Tansen, when challenged in 1928 to play Dipak Raga performed it on a rabab in the temple of Hanuman at Gaya, and the flames evoked by the Dipak Raga burnt a part of the musical instrument, which has been preserved in the temple and is still worshipped.

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਪ੍ਰੋ. ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਰਾਗੁ ਗਉੜੀ ਦੀਪਕੀ ਦਾ ਸਰੂਪ ਗਉੜੀ ਤੇ ਦੀਪਕ ਦੇ ਮਿਸ਼ਰਨ ਦੁਆਰਾ ਕੀਤਾ ਹੈ। ਉਨ੍ਹਾਂ ਨੇ ਇਸ ਰਾਗ ਨੂੰ ਪੂਰਬੀ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਤੇ ਹੋਰ ਸਵਰ ਸ਼ੁਧ ਹਨ। ਜਾਤੀ ਵਕਰ ਸੰਪੂਰਨ ਤੇ ਗੰਧਾਰ-ਨਿਸ਼ਾਦ ਦਾ ਸੰਵਾਦ ਹੈ। ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਹ ਸ਼ਾਮ ਦਾ ਸੰਧੀ ਪ੍ਰਕਾਸ਼ ਰਾਗ ਹੈ। ਆਰੋਹ - ਸ, ਨ਼ ਰੁ ਗ ਰੁ, ਗ ਮੰ ਪ, ਮੰ ਧੁ ਪ, ਮੰ ਧੁ ਨ ਸੰ। ਅਵਰੋਹ- ਸੰ, ਨ ਸੰ ਧੁ ਪ, ਪ ਧੁ ਪ ਮੰ ਪ ਮੰ ਗ ਮੰ, ਪ ਗ, ਰੁ ਸ। ਮੁੱਖ ਅੰਗ - ਪ ਧੁ ਪ ਮੰ ਪ ਮੰ ਪ, ਗ ਮੰ ਪ ਗ, ਰੁ ਸ, ਨ਼ ਧ਼ੁ ਸ ਨ਼, ਰੁ ਸ। ਇਸ ਰਾਗ ਦੇ ਇਸ ਸਰੂਪ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੇ ਜਿਸ ਦੀਪਕ ਰਾਗ ਦਾ ਗਉੜੀ ਨਾਲ ਮਿਸ਼ਰਨ ਮੰਨਿਆ ਹੈ ਉਹ ਦੀਪਕ ਰਾਗ ਪੂਰਬੀ ਥਾਟ ਦਾ ਹੀ ਹੈ।

## ਰਾਗੁ ਗਉੜੀ ਦੀਪਕੀ

ਸੰਤ ਸਰਵਣ ਸਿੰਘ ਗੰਧਰਵ ਨੇ ਆਪਣੇ ਗ੍ਰੰਥ 'ਸੁਰ ਸਿਮਰਣ ਸੰਗੀਤ' ਭਾਗ ਚੌਥਾ ਵਿੱਚ ਗਉੜੀ ਦੀਪਕੀ ਨੂੰ ਇੱਕ ਸੰਕੀਰਨ ਥਾਟ ਦਾ ਰਾਗ ਮੰਨਿਆ ਹੈ। ਜਿਸ ਵਿਚ ੧੨ ਸਵਰ ਹੀ ਪ੍ਰਯੋਗ ਹੁੰਦੇ ਹਨ। ਵਾਦੀ ਮਧਿਅਮ ਸੰਵਾਦੀ ਸ਼ੜਜ ਤੇ ਸਮਾਂ ਸੰਧਿਆ ਕਾਲ ਹੈ। ਆਰੋਹ ਵਿੱਚ ਧੈਵਤ ਵਰਜਿਤ ਹੈ ਤੇ ਜਾਤੀ ਵਕਰ ਛਾੜਵ-ਸੰਪੂਰਨ ਹੈ। ਆਰੋਹ - ਵਕਰ ਸ਼ਾੜਵ- ਸ, ਰੁ ਨ਼ ਸ, ਮ, ਗ ਮ ਗੁ ਰ ਗੁ ਮ̍ ਪ, ਮ ਨੁ, ਪ ਸੰ। ਅਵਰੋਹ- 'ਵਕਰ ਸੰਪੂਰਨ' ਸੰ ਰੰ ਨੁ ਸੰ, ਰੁੰ ਨ ਸੰ, ਨੁਧ ਪਮ̍ ਪ, ਧੁ ਪ, ਮਗੁ, ਰ ਗੁ ਸ, ਰੁ ਨ਼ ਸ, ਨ਼ੁ ਧ਼, ਪ਼ ਰੁ ਸ। ਪਕੜ - ਰੁ ਨ਼ ਸ, ਮ, ਗ ਮ, ਗੁ ਰ ਗੁ, ਮ̍ ਪ, ਧੁ ਪ ਗੁਸ, ਨ਼ੁ ਧ਼ ਪ਼ ਰੁ, ਸ, ਮ ਸ। ਡਾ. ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਗਉੜੀ ਦੀਪਕੀ ਦੀ ਰਚਨਾ ਗਉੜੀ ਤੇ ਦੀਪਕੀ ਦੇ ਸੁਮੇਲ ਤੋਂ ਮੰਨੀ ਹੈ। ਥਾਟ-ਪੂਰਵੀ, ਜਾਤੀ-ਵਕਰ ਸੰਪੂਰਨ, ਵਾਦੀ ਗੰਧਾਰ, ਸੰਵਾਦੀ ਨਿਸ਼ਾਦ ਤੇ ਸਮਾਂ ਦਿਨ ਦਾ ਚੌਥਾ ਪਹਿਰ। ਆਰੋਹ- ਸ, ਨ਼ ਰੁ ਗ ਰੁ, ਗ ਮ̍ ਪ, ਮ̍ ਧ ਪ, ਮ̍ ਧ ਨ ਸੰ। ਅਵਰੋਹ- ਸੰ, ਨ ਸੰ ਧੁ ਪ, ਪ ਧੁ, ਪ ਮ̍ ਪ, ਗ ਮ̍ ਪ ਗ, ਰੁ ਸ। ਮੁੱਖ ਅੰਗ- ਪ ਧੁ ਪ ਮ̍ ਗ, ਮ̍ ਪ ਗ, ਰੁ ਸ, ਨ਼ ਧ਼ੁ ਸ ਨ਼ ਰੁ ਸ।

ਪ੍ਰਾਚੀਨ ਰੀਤ ਰਤਨਾਵਲੀ ਭਾਗ-ਪਹਿਲਾ ਗਉੜੀ ਦੇ ਪ੍ਰਕਾਰਾਂ ਦੇ ਅੰਤ ਵਿੱਚ ਪੰਨਾ ੬੪ ਤੇ ਇਕ ਸ਼ਬਦ ਬੰਦਸ਼ 'ਅਬ ਮੋਹਿ ਜਲਤ ਰਾਮ ਜਲੁ ਪਾਇਆ' ਹੈ। ਇਸ ਗ੍ਰੰਥ ਦੇ ਕਰਤਾ ਭਾਈ ਅਵਤਾਰ ਸਿੰਘ ਜੀ ਦੇ ਕਹਿਣ ਅਨੁਸਾਰ ਸੀਨਾ-ਬਾ-ਸੀਨਾ ਚਲੀ ਆ ਰਹੀ ਇਹ ਪੁਰਾਤਨ ਸ਼ਬਦ ਬੰਦਸ਼ ਗਉੜੀ ਦੀਪਕੀ ਦੀ ਹੈ। ਇਸ ਬੰਦਸ਼ ਦੇ ਆਰੋਹ ਵਿੱਚ ਗਉੜੀ ਪੂਰਬੀ ਥਾਟ ਤੇ ਅਵਰੋਹ ਵਿੱਚ ਦੀਪਕ ਕਲਿਆਣ ਥਾਟ ਜਿਸ ਵਿਚ ਧੈਵਤ ਸ਼ੁਧ ਦਾ ਪ੍ਰਯੋਗ ਹੈ, ਦਾ ਚਲਨ ਬਣਦਾ ਹੈ। ਪੰਡਿਤ ਭਾਤਖੰਡੇ ਨੇ ਰਾਗ ਦੀਪਕ ਦੇ ਦੋ ਸਰੂਪ ਇਕ ਕਲਿਆਣ ਤੇ ਦੂਜਾ ਬਿਲਾਵਲ ਮੇਲ ਦਾ ਦਿੱਤਾ ਹੈ ਤੇ ਇਨ੍ਹਾਂ ਵਿੱਚ ਸ਼ੁਧ ਧੈਵਤ ਦਾ ਹੀ ਪ੍ਰਯੋਗ ਹੈ। 'ਰਾਗ ਵਿਆਕਰਣ' ਦੇ ਕਰਤਾ ਨੇ ਵੀ ਦੀਪਕ ਰਾਗ ਦੇ ਇੱਕ ਸਰੂਪ ਨੂੰ ਬਿਲਾਵਲ ਥਾਟ ਦਾ ਮੰਨਿਆ ਹੈ। ਉਨ੍ਹਾਂ ਇੱਕ ਰਾਗ ਦੀਪਕਾ ਦਾ ਸਰੂਪ ਵੀ ਕਲਿਆਣ ਥਾਟ ਦਾ ਦਿੱਤਾ ਹੈ। ਅਚਾਰੀਯ ਰਤੰਜਨਕਰ ਦੇ 'ਅਭਿਨਵ ਗੀਤ ਮੰਜਰੀ' ਵਿੱਚ ਵੀ ਦੀਪਕ ਵਿੱਚ ਸ਼ੁਧ ਸਵਰਾਂ ਦਾ ਪ੍ਰਯੋਗ ਹੈ ਤੇ ਨਿਸ਼ਾਦ ਕੋਮਲ ਹੈ। ਸੋ ਗਉੜੀ ਨੂੰ ਪੂਰਵੀ ਅੰਗ ਆਰੋਹ ਵਿੱਚ ਲੈਣ ਨਾਲ ਅਵਰੋਹ ਵਿੱਚ ਇਹ ਸ਼ੁਧ ਧੈਵਤ ਪ੍ਰਯੋਗ ਹੋਣ ਨਾਲ ਦੀਪਕ ਰਾਗ ਜੋੜਨ ਨਾਲ ਜੋ ਸਰੂਪ ਬਣਦਾ ਹੈ, ਉਹ ਇਸ ਪੁਰਾਤਨ ਸ਼ਬਦ ਬੰਦਸ਼ ਦੇ ਸਰੂਪ ਨਾਲ ਮਿਲਦਾ ਜੁਲਦਾ ਹੈ। ਇਸ ਤਰ੍ਹਾਂ ਰਾਗ ਗਉੜੀ ਦੀਪਕੀ ਦੇ ਇਸ ਸਰੂਪ ਦਾ ਅਧਾਰ ਪੁਰਾਤਨ ਸਰੂਪ ਤੋਂ ਹੀ ਬਣ ਜਾਂਦਾ ਹੈ। ਇਥੇ ਆਰੋਹ ਵਿੱਚ ਰਾਗ ਗਉੜੀ (ਪੂਰਵੀ ਅੰਗ) ਤੇ ਅਵਰੋਹ ਵਿੱਚ ਰਾਗ ਦੀਪਕ/ਦੀਪਕਾ ਹੈ। ਇਹ ਰਾਗ

ਗਉੜੀ ਤੇ ਦੀਪਕ ਦਾ ਇੱਕ ਸੁੰਦਰ ਮਿਸ਼ਰਨ ਹੈ। ਰਾਗ ਨਿਰਣਾਇਕ ਕਮੇਟੀ ਨੇ ਰਾਗੁ ਗਉੜੀ ਦੀਪਕੀ ਦੇ ਐਸੇ ਸਰੂਪ ਨੂੰ ਹੀ ਪ੍ਰਵਾਣਿਆ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਵੀ ਇਸ ਸਰੂਪ ਦਾ ਹੀ ਵਰਨਣ ਹੈ। ਸੋ ਰਾਗੁ ਗਉੜੀ ਦੀਪਕੀ ਦਾ ਇਹੀ ਸਰੂਪ ਪ੍ਰਵਾਣਿਤ ਮੰਨ ਕੇ ਇੱਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗੁ ਗਉੜੀ ਨੂੰ ਤੀਜਾ ਅਸਥਾਨ ਪ੍ਰਾਪਤ ਹੈ। ਰਾਗੁ ਗਉੜੀ ਦੇ ਪ੍ਰਕਾਰਾਂ ਵਿੱਚ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ ਤੇ ਗਉੜੀ ਬੈਰਾਗਣਿ ਵਿਚ ਬਾਣੀ ਦੀ ਰਚਨਾ ਹੈ। ਗਉੜੀ ਦੇ ਮਿਸ਼ਰਤ ਰਾਗਾਂ ਵਿੱਚ ਰਾਗੁ ਗਉੜੀ ਦੀਪਕੀ ਵਿੱਚ ਇਕ ਹੀ ਸ਼ਬਦ ਸੋਹਿਲਾ ਬਾਣੀ ਦੇ ਸ਼ਬਦਾਂ ਵਿੱਚ ਪਹਿਲਾ ਸ਼ਬਦ 'ਰਾਗੁ ਗਉੜੀ ਦੀਪਕੀ ਮਹਲਾ ੧' ਪੰਨਾ ੧੨ ਤੇ ਅੰਕਿਤ ਹੈ। ਇਹੀ ਸ਼ਬਦ ਪੰਨਾ ੧੫੭ ਤੇ ਗਉੜੀ ਪੂਰਬੀ ਦੀਪਕੀ ਮਹਲਾ ੧ ਦੇ ਸਿਰਲੇਖ ਹੇਠ ਅੰਕਿਤ ਹੈ। ਉਥੇ ਇਸ ਸ਼ਬਦ ਵਿੱਚ ਰਹਾਉ ਦੀ ਪੰਗਤੀ 'ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ' ਹੈ, ਪਰ ਇੱਥੇ ਸ਼ਬਦ ਵਿੱਚ 'ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ' ਹੈ।

**ਪਰੀਚੇ:-**

ਰਾਗੁ - ਗਉੜੀ ਦੀਪਕੀ ਥਾਟ ਉਪਥਾਟ- ਪੂਰਵੀ ਕਲਿਆਣ

ਸਵਰ - ਰਿਸ਼ਭ ਕੋਮਲ, ਮਧਿਅਮ ਤੀਵਰ ਹੋਰ ਸਭ ਸ਼ੁਧ

ਵਰਜਿਤ ਸਵਰ - ਆਰੋਹ ਵਿਚ ਗੰਧਾਰ ਤੇ ਧੈਵਤ ਜਾਤੀ - ਔੜਵ-ਸੰਪੂਰਨ

ਵਾਦੀ - ਸ਼ੜਜ ਸੰਵਾਦੀ - ਪੰਚਮ ਸਮਾਂ- ਰਾਤ ਦਾ ਪਹਿਲਾ ਪਹਿਰ

ਆਰੋਹ - ਸ ਰੁ ਗ ਰੁ, ਮ॑ ਪ, ਨ ਸੰ, ਰੁੰ ਸੰ

ਅਵਰੋਹ - ਸੰ ਨ ਧ ਪ, ਧ ਪ ਮ॑ ਗ ਸ, ਰੁ ਗ ਰੁ ਸ ਨ਼ ਸ।

ਮੁਖ ਅੰਗ - ਧ ਪ ਮ॑ ਗ ਸ, ਰੁ ਗ ਰੁ ਸ ਨ਼ ਸ।

**ਸਵਰ ਵਿਸਥਾਰ:-**

1. ਸ, ਸ ਰੁ ਸ, ਰੁ ਗ ਰੁ, ਸ, ਨ਼ ਸ ਨ਼, ਨ਼ ਧ਼ ਪ਼ ਮ਼॑ ਪ਼ ਨ਼ ਧ਼ ਪ਼, ਮ਼॑ ਪ਼, ਨ਼ ਸ, ਸ ਰੁ ਸ, ਰੁ ਗ ਰੁ ਮ॑ ਪ, ਧ ਪ ਮ॑ ਗ, ਮ॑ ਗ ਸ, ਰੁ ਗ ਰੁ ਸ ਨ਼ ਸ।
2. ਸ ਰੁ ਗ ਰੁ, ਮ॑ ਪ, ਪ ਧ ਪ ਮ॑ ਗ, ਰੁ ਮ॑ ਪ, ਨ ਧ ਪ, ਪ ਨ ਸੰ, ਸੰ ਨ ਧ ਪ, ਧ ਪ ਮ॑ ਗ, ਪ ਧ ਪ ਮ॑ ਗ, ਰੁ ਗ ਰੁ, ਮ॑ ਪ, ਪ ਮ॑ ਗ, ਧ ਪ ਮ॑ ਗ ਸ, ਰੁ ਗ ਰੁ ਸ ਨ਼ ਸ।
3. ਪ ਮ॑ ਗ, ਮ॑ ਪ ਨ ਸੰ, ਨ ਧ ਪ, ਨ ਸੰ, ਨ ਸੰ ਰੁੰ ਸੰ ਨ, ਪ ਨ ਸੰ, ਰੁੰ ਗੰ ਰੁੰ, ਰੁੰ ਮ॑ੰ ਪੰ, ਮ॑ੰ ਗੰ ਰੁੰ ਸੰ, ਨ ਸੰ ਨ, ਪ ਨ ਸੰ, ਸੰ ਨ ਧ ਪ, ਨ ਧ ਪ, ਧ ਪ ਮ॑ ਗ, ਪ ਧ ਪ ਮ॑ ਗ ਸ, ਰੁ ਗ ਰੁ ਸ ਨ਼ ਸ।

## ਰਾਗੁ ਗਉੜੀ ਦੀਪਕੀ

**ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥(੧੨)**

**ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ਰਹਾਉ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥**

ਪਦ ਅਰਥ:- ਜੈ ਘਰਿ-ਜਿਸ ਸਤਸੰਗਿ ਘਰ ਵਿਚ। ਕੀਰਤਿ-ਸਿਫਤਿ-ਸਾਲਾਹ। ਸੋਹਿਲਾ-ਸੁਹਾਗ ਦਾ ਗੀਤ। ਸਮਾਲੀਅਨਿ-ਸੰਭਾਲ ਹੋ ਰਹੀ ਹੈ। ਦਾਨੈ ਕੀਮਤਿ-ਉਸ ਦੀਆਂ ਬਖ਼ਸ਼ਿਸ਼ਾਂ ਦਾ ਮੁਲ। ਸੁਮਾਰੁ-ਅੰਦਾਜ਼ਾ, ਅੰਤ। ਸੰਬਤਿ-ਸਾਲ, ਵਰ੍ਹਾ। ਸਾਹਾ-ਵਿਆਹੇ ਜਾਣ ਦਾ ਦਿਨ। ਲਿਖਿਆ-ਮਿਥਿਆ ਹੋਇਆ। ਪਾਵਹੁ ਤੇਲ-ਕੁੜੀ ਦੇ ਮਾਂਈਏਂ ਸਮੇਂ ਉਸ ਦੇ ਸਿਰ ਤੇ ਤੇਲ ਪਾਉਣਾ। ਪਾਹੁਚਾ-ਸੱਦਾ। ਪਵੰਨਿ-ਪੈਂਦੇ ਹਨ। ਦਿਹ-ਦਿਨ। ਆਵੰਨਿ-ਆਉਂਦੇ ਹਨ।

### ਰਾਗੁ ਗਉੜੀ ਦੀਪਕੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰੁ | ਮ̍ | ਪ | ਪਪ | ਧ | ਪ | ਮ̍ | ਗ |
| | | | | | | | | ਤੁ | ਮ | ਗਾ | ਵਹੁ | ਮੇ | S | ਰੇ | S |
| ਗ | ਮ̍ | ਗਗ | ਸ | ਰੁ | ਗ | ਰੁ | ਸ | ਮ̍ਮ̍ | ਪ | ਨ | ਸਂ | ਨ | ਧ | ਪਪ | ਪ |
| ਨਿ | ਰ | ਭਉ | ਕਾ | ਸੋ | ਹਿ | ਲਾ | S | ਹਉ | S | ਵਾ | ਰੀ | ਜਿ | ਤੁ | ਸੋਹਿ | ਲੈ |
| ਧ | ਪ | ਮ̍ | ਗ | ਮ̍ਗ | ਸ | ਰੁਗ | ਰੁਸ | | | | | | | | |
| ਸ | ਦਾ | ਸੁ | ਖੁ | ਹੋS | S | ਇS | SS | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | - | ਮ̍ | ਪ | ਮ̍ | ਪ | ਨ | ਨ |
| | | | | | | | | ਜੈ | S | ਘ | ਰਿ | ਕੀ | S | ਰ | ਤਿ |
| ਸਂ | - | ਨ | ਸਂ | ਰੁਂ | ਸਂ | ਨ | - | ਸਂ | ਸਂ | ਗਂ | ਮ̍ਂ | ਗਂ | - | ਸਂ | - |
| ਆ | S | ਖੀ | S | ਐ | S | S | S | ਕ | ਰ | ਤੇ | S | ਕਾ | S | S | S |
| ਸਂ | ਨ | ਧ | ਪ | ਧ | ਪ | ਮ̍ | ਗ | ਮ̍ | ਪ | ਨ | ਸਂ | ਨ | ਧ | ਪ | - |
| ਹੋ | S | ਇ | S | ਬੀ | ਚਾ | ਰੋ | S | ਕ | ਰ | ਤੇ | S | ਕਾ | S | S | S |
| ਧ | ਪ | ਮ̍ | ਗ | ਸ | ਰੁਗ | ਰੁਸ | ਨ਼ਸ | | | | | | | | |
| ਹੋ | S | ਇ | S | ਬੀ | ਚਾS | ਰੋS | SS | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1. ਸਰੁ ਸਸ ਮ॑ਪ ਧਪ ਮ॑ਗ ਸਸ ਰੁਗ ਰੁਸ
2. ਗਗ ਸਸ ਮ॑ਗ ਪਮ॑ ਧਪ ਨਧ ਪਮ॑ ਗਸ
3. ਗਮ॑ ਗਸ ਪਮ॑ ਧਪ ਨਸਂ ਨਧ ਪਮ॑ ਗਸ
4. ਮ॑ਪ ਨਸਂ ਨਧ ਪਮ॑ ਗਮ॑ ਗਸ ਰੁਗ ਰੁਸ
5. ਪਧ ਪਮ॑ ਗਗ ਸਸ ਪਨ ਸਂਨ ਧਪ ਮ॑ਪ ਨਨ ਧਪ ਮ॑ਗ ਪਮ॑ ਗਮ॑ ਗਸ ਰੁਗ ਰੁਸ
6. ਮ॑ਪ ਮ॑ਗ ਪਧ ਪਮ॑ ਗਮ॑ ਗਸ ਰੁਗ ਰੁਸ ਪਨ ਸਂਨ ਧਪ ਮ॑ਗ ਗਮ॑ ਗਸ ਰੁਗ ਰੁਸ

**ਤਿਹਾਈਆਂ:-**

1. 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. 9ਵੀਂ ਤੋਂ 8ਵੀਂ ਮਾਤਰ ਦੇ ਇਕ ਪੂਰੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3. 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਸ਼ਬਦ - ਪਹਿਲੀ ਸ਼ਬਦ ਬੰਦਸ਼ ਵਾਲਾ ਹੈ।

## ਰਾਗੁ ਗਉੜੀ ਦੀਪਕੀ ਆੜਾ ਚਾਰ ਤਾਲ ਮਾਤਰਾਂ -14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਰੁ | ਮ॑ | ਮ॑ | ਪਪ | ਮ॑ | ਪ | ਧਧ | ਪਪ | ਮ॑ਗ | ਸ | ਰੁ | ਗ | ਰੁ | ਸ |
| ਤੁ | ਮ | ਗਾ | ਵਹੁ | ਮੇ | ਰੇ | ਨਿਰ | ਭਉ | ਕਾS | S | ਸੋ | ਹਿ | ਲਾ | S |
| ਸਸ | ਰੁ | ਗ | ਰੁ | ਮ॑ | ਪ | ਮ॑ਮ॑ | ਪ | ਧ | ਪ | ਮ॑ | ਗ | ਸ | ਸ |
| ਹਉ | S | ਵਾ | ਰੀ | ਜਿ | ਤੁ | ਸੋਹਿ | ਲੇ | ਸ | ਦਾ | ਸੁ | ਖੁ | ਹੋ | ਇ |
| x | | 2 | | 0 | | 3 | | 0 | | 4 | | 0 | |

## ਰਾਗੁ ਗਉੜੀ ਦੀਪਕੀ

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਪ | ਮ | ਮ | ਪ | ਪ | ਨ | - | ਸੰ | - | ਸੰ | ਰੁੰ | ਸੰ | - |
| ਜੈ | ਘ | ਰਿ | ਕੀ | ਰ | ਤਿ | ਆ | ऽ | ਖੀ | ऽ | ਐ | ऽ | ऽ | ऽ |
| ਸੰ | ਸੰ | ਗੰ | ਗੰ | - | ਸੰ | ਨ | ਧ | ਪ | ਮ | ਗ | ਸ | ਰੁਗ | ਰੁਸ |
| ਕ | ਰ | ਤੇ | ਕਾ | ऽ | ऽ | ਹੋ | ऽ | ਇ | ऽ | ਬੀ | ਚਾ | ਰੋऽ | ऽऽ |
| x | | 2 | | 0 | | 3 | | 0 | | 4 | | 0 | |

**ਤਾਨਾਂ:-**

1. ਪਧ ਪਮ ਮਪ ਮਗ ਗਮ ਗਸ ਮਪ ਨਸੰ ਨਧ ਪਧ ਪਮ ਗਮ ਗਮ ਗਸ
2. ਰੁਗ ਰੁਸ ਮਪ ਧਪ ਗਮ ਗਸ ਮਪ ਨਸੰ ਨਧ ਪਮ ਗਮ ਗਸ ਰੁਗ ਰੁਸ
3. ਸਰੁ ਗਰੁ ਮਪ ਧਪ ਮਪ ਨਸੰ ਨਨ ਧਪ ਪਧ ਪਪ ਮਗ ਸਸ ਰੁਗ ਰੁਸ

**ਤਿਹਾਈਆਂ:-**

1. ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 6ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ ਤੀਜੀ ਤੋਂ 6ਵੀਂ ਮਾਤਰ ਦਾ ਟੁਕੜਾ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. 9ਵੀਂ ਤੋਂ 14ਵੀਂ ਮਾਤਰ ਦੇ ਟੁਕੜੇ ਨੂੰ 11ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**(ਗਉੜੀ ਸੁਖਮਨੀ ਮ: ੫) (੨੮੫)**

**ਅਪੁਨੇ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥ ਅਪਨੇ ਦਾਸ ਕਉ ਦੇਇ ਵਡਾਈ॥ ਅਪਨੇ ਸੇਵਕ ਕਉ ਨਾਮੁ ਜਪਾਈ॥ ਅਪਨੇ ਸੇਵਕ ਕੀ ਆਪਿ ਪਤਿ ਰਾਖੈ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ॥ ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ॥ ਪ੍ਰਭ ਕੇ ਸੇਵਕ ਊਚ ਤੇ ਊਚੇ॥ ਜੋ ਪ੍ਰਭਿ ਅਪਨੀ ਸੇਵਾ ਲਾਇਆ ॥ ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ॥੪॥**

ਪਦ ਅਰਥ:- ਪਰਦਾ ਢਾਕੈ-ਲਾਜ ਰੱਖਦਾ ਹੈ। ਸਰਪਰ-ਜ਼ਰੂਰ। ਗਤਿ-ਹਾਲਤ, ਅਵਸਥਾ। ਮਿਤਿ-ਮਿਣਤੀ। ਨ ਲਾਖੈ-ਨਹੀਂ ਸਮਝ ਸਕਦਾ। ਦਹ-ਦਸ। ਦਿਸਿ-ਪਾਸੇ।

## ਰਾਗੁ ਗਉੜੀ ਦੀਪਕੀ ਮਹੇਸ਼ ਤਾਲ ਮਾਤਰਾਂ-9 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਰੁਗ | ਰੁ | ਮਮ | ਪ | ਧਪ | ਮਗ | ਸ | ਰੁਗ | ਰੁਸ |
| ਅਪੁ | ਨੇ | ਜਨ | ਕਾ | ਪਰ | ਦਾS | ਢਾ | ਕੈS | SS |
| ਸਸ | ਨ਼ਨ਼ | ਸਸ | ਰੁਮ | ਪਪ | ਪਧ | ਪ | ਮਗ | ਸ |
| ਅਪ | ਨੇਸੇ | ਵਕ | ਕੀS | ਸਰ | ਪਰ | ਰਾ | ਖੈS | S |
| x | | | | 2 | | 3 | | |

### ਅੰਤਰਾ

| | | | | | | | | |
|---|---|---|---|---|---|---|---|---|
| ਪਪ | ਮਪ | ਪਪ | ਨਨ | ਸੰਸੰ | - | ਸੰ | ਰੁੰ | ਸੰ |
| ਅਪ | ਨੇS | ਦਾਸ | ਕਉ | ਦੇਇ | S | ਵ | ਡਾ | ਈ |
| ਸੰਸੰ | ਨਸੰ | ਗੰਗੰ | ਸੰਸੰ | ਨਸੰ | ਨ | ਧਪ | ਮਗ | ਸ |
| ਅਪ | ਨੇਸੇ | ਵਕ | ਕਉ | ਨਾS | ਮੁ | ਜS | ਪਾS | ਈ |
| x | | | | 2 | | 3 | | |

**ਤਾਨਾਂ:-**

1) ਰੁਗਰੁਸ ਰੁਰੁਮਪ ਧਪਮਗ ਮਗਸਸ ਮਪਨਨ ਸੰਨਧਪ ਪਧਪਪ ਮਪਮਗ ਰੁਗਰੁਸ

2) ਰੁਗਰੁਸ ਮਪਮਗ ਰੁਗਰੁਸ ਮਪਧਪ ਮਪਨਨ ਸੰਸੰਨਸੰ ਰੁੰਗੰਰੁੰਸੰ ਨਨਧਪ ਮਗਸਸ

3) ਸਰੁਗਰੁ ਮਪਧਪ ਮਪਨਨ ਧਪਮਪ ਮਪਨਸੰ ਰੁੰਗੰਰੁੰਸੰ ਨਨਧਪ ਮਪਮਗ ਰੁਗਰੁਸ

**ਤਿਹਾਈਆਂ:-**

1. ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਬਰਾਬਰ ਲੈ ਕੇ ਫਿਰ ਤੀਜੀ-ਚੌਥੀ ਮਾਤਰ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀਆਂ ਦੋ ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ-ਚੌਥੀ ਮਾਤਰ ਨੂੰ ਦੂਜੀ-ਤੀਜੀ ਮਾਤਰ ਤੇ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. ਤੀਜੀ ਮਾਤਰ ਤੇ 'ਜਨ ਕਾ' ਦਾ ਉਚਾਰਨ ਕਰਨਾ ਹੈ, ਫਿਰ 5ਵੀਂ ਤੋਂ 9ਵੀਂ ਮਾਤਰ ਨੂੰ ਚੌਥੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਰਾਗੁ ਗਉੜੀ ਦੀਪਕੀ

## ਗਉੜੀ ਮਹਲਾ ੯ ॥ (੨੨੦)

**ਸਾਧੋ ਰਾਮ ਸਰਨਿ ਬਿਸਰਾਮਾ॥ ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ॥੧॥ਰਹਾਉ॥ ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥ ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ॥੧॥ ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ॥ ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ॥੨॥ ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥੩॥੭॥**

ਪਦ ਅਰਥ:- ਬਿਸਰਾਮਾ-ਸ਼ਾਤੀ, ਸੁਖ। ਗੁਨ-ਲਾਭ। ਬਿਖਿਅਨ ਕੀ ਸੇਵਾ-ਵਿਸ਼ਿਆਂ ਦਾ ਸੇਵਨ। ਹਰਖ-ਖੁਸ਼ੀ। ਸੋਗ-ਗ਼ਮੀ। ਪਰਸੈ-ਛੋਹ। ਨਾਹਨਿ-ਨਹੀਂ। ਦੇਵਾ-ਭਗਵਾਨ। ਬਿਖੁ-ਜ਼ਹਰ। ਸਮ-ਇਕੋ ਜਿਹਾ। ਬਾਧੇ-ਬੰਨਦੇ।

### ਰਾਗੁ ਗਉੜੀ ਦੀਪਕੀ ਰੂਪਕ ਤਾਲ ਮਾਤਰਾਂ–7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਸ | ਰੁ | – | ਮ̍ | ਪ | ਧ | ਪ | ਮ̍ | ਪ | ਪ | ਨ | – | ਸਂ | – |
| ਸਾ | ਧੋ | ऽ | ਰਾ | ऽ | ਮ | ऽ | ਲੋ | ऽ | ਭ | ਮੋ | ऽ | ਹ | ऽ |
| ਮ̍ | ਗ | ਗ | ਸ | ਰੁਗ | ਰੁ | ਸ | ਨ | ਸਂ | ਸਂ | ਰੁਂਰੁਂ | ਗਂ | ਰੁਂ | ਸਂ |
| ਸ | ਰ | ਨਿ | ਬਿ | ਸऽ | ਰਾ | ਮਾ | ਮਾ | ਇ | ਆ | ਮਮ | ਤਾ | ਫੁ | ਨਿ |
| ਰੁ | ਮ̍ | ਪ | ਨ | ਨ | ਧ | ਪ | ਪਪ | ਨ | ਸਂ | ਨ | ਧ | ਪ | – |
| ਬੇ | ऽ | ਦ | ਪੁ | ਰਾ | ਨ | ऽ | ਅਉ | ਬਿ | ਖਿ | ਅ | ਨ | ਕੀ | ऽ |
| ਮ̍ | ਗ | ਸ | ਰੁ | ਗ | ਰੁ | ਸ | ਮ̍ | ਗ | ਸ | ਰੁ | ਗ | ਰੁ | ਸ |
| ਪ | ੜੇ | ਕੋ | ਇ | ਹ | ਗੁ | ਨ | ਸੇ | ऽ | ऽ | ਵਾ | ऽ | ऽ | ऽ |
| 'ਸਿਮਰੇ ਹਰਿ ਕੋ ਨਾਮਾ' | | | | | | | | | | | | | |
| ਪਿਛਲੇ ਦੋਨੋਂ ਆਵਰਤ ਤੇ ਲੈਣਾ ਹੈ। | | | | | | | | | | | | | |
| x | | | 2 | | 3 | | x | | | 2 | | 3 | |

# ੬-ਰਾਗੁ ਗਉੜੀ ਪੂਰਬੀ ਦੀਪਕੀ

ਭਾਰਤੀ ਸੰਗੀਤ ਵਿੱਚ ਰਾਗ ਗਉੜੀ, ਪੂਰਬੀ ਅਤੇ ਦੀਪਕ ਇਨ੍ਹਾਂ ਤਿੰਨਾਂ ਰਾਗਾਂ ਬਾਰੇ ਵੱਖ ਵੱਖ ਵਰਨਣ ਮਿਲਦਾ ਹੈ। ਇਨ੍ਹਾਂ ਵਿਚੋਂ ਪਹਿਲਾ ਰਾਗੁ ਗਉੜੀ ਅਪ੍ਰਚਲਿਤ ਤੇ ਕਠਿਨ ਰਾਗ ਹੈ ਤੇ ਇਸ ਰਾਗ ਦਾ ਵਿਸਥਾਰ ਨਾਲ ਵਰਨਣ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਵਿਚ ਦਿੱਤਾ ਜਾ ਚੁੱਕਾ ਹੈ। ਦੂਜਾ ਪੂਰਵੀ ਪ੍ਰਚਲਿਤ ਪਰ ਕੁਝ ਕਠਿਨ ਰਾਗ ਹੈ। ਰਾਗ ਪੂਰਵੀ ਥਾਟ ਪੂਰਵੀ ਦਾ ਆਸ਼੍ਰਿਯ ਰਾਗ ਹੈ ਤੇ ਇਸ ਦੇ ਸਰੂਪ ਬਾਰੇ ਸਭ ਸੰਗੀਤ ਵਿਦਵਾਨ ਇੱਕ-ਮਤ ਹਨ। ਇਸ ਦਾ ਵਰਨਣ ਇਥੇ ਰਾਗੁ ਗਉੜੀ ਪੂਰਬੀ ਦੇ ਪਰੀਚੈ ਵਿਚ ਦਿੱਤਾ ਜਾ ਰਿਹਾ ਹੈ। ਦੀਪਕ ਇੱਕ ਕਠਿਨ ਰਾਗ ਹੈ ਤੇ ਪ੍ਰਚਾਰ ਵਿੱਚ ਵੀ ਨਹੀਂ ਹੈ। ਇਸ ਬਾਰੇ ਵਰਨਣ ਗਉੜੀ ਦੀਪਕੀ ਰਾਗ ਵਿਚ ਇਥੇ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗੁ ਗਉੜੀ ਪੂਰਬੀ ਦੀਪਕੀ ਤਿੰਨਾਂ ਰਾਗਾਂ ਦੇ ਮਿਸ਼ਰਨ ਵਿੱਚ ਬਾਣੀ ਰਚਿਤ ਹੈ। ਇਸ ਰਾਗ ਦਾ ਕੋਈ ਵੱਖਰਾ ਸਰੂਪ ਪ੍ਰਚਾਰ ਵਿੱਚ ਨਹੀਂ ਹੈ। ਵੈਸੇ ਇਸ ਰਾਗ ਨੂੰ ਅਤਿ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿੱਚ ਹੀ ਰਖਿਆ ਜਾ ਸਕਦਾ ਹੈ। ਮੱਧ ਕਾਲ ਦੇ ਸ਼ੁਧ ਛਾਯਾਲਗ ਸੰਕੀਰਨ ਰਾਗ-ਵਰਗੀਕਰਣ ਪ੍ਰਣਾਲੀ ਅਨੁਸਾਰ ਇਹ ਰਾਗ ਸੰਕੀਰਨ ਰਾਗਾਂ ਦੇ ਵਰਗ ਵਿੱਚ ਆਉਂਦਾ ਹੈ।

ਗੁਰਮਤਿ ਸੰਗੀਤ ਦੇ ਗ੍ਰੰਥਕਾਰਾਂ ਵਿਚੋਂ ਪ੍ਰੋ. ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਰਾਗੁ ਗਉੜੀ ਪੂਰਬੀ ਦੀਪਕੀ ਨੂੰ ਪੂਰਵੀ ਥਾਟ ਦਾ ਰਾਗ ਮੰਨਿਆ ਹੈ। ਇਸ ਵਿਚ ਰਿਸ਼ਭ, ਧੈਵਤ ਕੋਮਲ ਦੋਨੋਂ ਮਧਿਅਮ ਤੇ ਹੋਰ ਸਵਰ ਸ਼ੁਧ ਹਨ। ਗੰਧਾਰ-ਨਿਸ਼ਾਦ ਦਾ ਸੰਵਾਦ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ, ਨ਼ ਰੁ ਗ ਰੁ, ਗ ਮ ਪ, ਮ ਧੁ ਪ, ਮ ਧੁ ਨ ਸਂ। ਅਵਰੋਹ- ਸਂ, ਨ ਸਂ ਧੁ ਪ, ਪ ਧੁ ਪ ਮ ਪ ਮ ਗ ਮ ਰੁ ਮ ਗ, ਪ ਗ, ਰੁ ਸ। ਮੁੱਖ ਅੰਗ- ਪ ਧੁ ਪ ਮ ਪ ਮ ਗ ਮ ਪ ਗ, ਰੁ ਸ, ਨ਼ ਧ਼ੁ ਸ ਨ਼, ਰੁ ਸ। ਡਾਕਟਰ ਗੁਰਨਾਮ ਸਿੰਘ ਨੇ ਆਦਿ ਗ੍ਰੰਥ ਰਾਗੁ -ਕੋਸ਼ ਵਿੱਚ ਰਾਗੁ ਗਉੜੀ ਪੂਰਬੀ ਦੀਪਕੀ ਨੂੰ ਪੂਰਵੀ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਵਾਦੀ ਗੰਧਾਰ ਸੰਵਾਦੀ ਨਿਸ਼ਾਦ ਜਾਤੀ ਸ਼ਾੜਵ-ਵਕਰ ਸੰਪੂਰਨ ਹੈ। ਰਾਗ ਦਾ ਹੋਰ ਸਰੂਪ ਪ੍ਰੋ. ਤਾਰਾ ਸਿੰਘ ਦੇ ਦਿੱਤੇ ਸਰੂਪ ਅਨੁਸਾਰ ਹੀ ਹੈ।

ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-ਚੌਥਾ ਵਿੱਚ ਗਉੜੀ ਪੂਰਬੀ ਦੀਪਕੀ ਨੂੰ ਭੈਰਵ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ ਧੈਵਤ ਕੋਮਲ ਦੋਨੋਂ

ਰਾਗੁ ਗਉੜੀ ਪੂਰਬੀ ਦੀਪਕੀ

ਮਧਿਅਮ ਤੇ ਹੋਰ ਸਵਰ ਸ਼ੁਧ ਹਨ। ਇਸ ਵਿਚ ਸ਼ੁਧ ਧੈਵਤ ਬਿਲਕੁਲ ਨਹੀਂ ਲਗਣਾ ਚਾਹੀਦਾ। ਵਾਦੀ ਮਧਿਅਮ, ਸੰਵਾਦੀ ਸ਼ੜਜ ਤੇ ਸਮਾਂ ਸੰਧਿਆ ਕਾਲ ਹੈ। ਪੂਰਵਾਂਗ ਵਿੱਚ ਲਲਿਤ ਤੇ ਉਤਰਾਂਗ ਵਿੱਚ ਗਉੜੀ ਦਾ ਸਰੂਪ ਬਣਦਾ ਹੈ। ਆਰੋਹ- ਸ ਰੁ ਗ ਮ, ਮੰ ਮ ਗ ਮ ਪ ਧੁ ਪ, ਪ ਧੁ ਨ ਸੰ। ਅਵਰੋਹ- ਸੰ ਨ ਧੁ ਪ, ਧੁ ਮੰ ਮੰ ਧੁ, ਮੰ ਮ ਗ ਮੰ ਰੁ ਸ। ਪਕੜ - ਸ ਰੁ ਨ਼, ਸ, ਰੁ ਗ ਮ, ਮੰ ਮ ਗ ਰੁ, ਸ ਰੁ ਨ਼ ਸ।

ਇਥੇ ਰਾਗੁ ਗਉੜੀ ਪੂਰਬੀ ਦੀਪਕੀ ਦੇ ਆਰੋਹ ਵਿੱਚ ਗਉੜੀ ਤੇ ਪੂਰਬੀ ਹੈ। ਰੁ ਗ ਰੁ ਮੰ ਪ ਧੁ ਪ (ਗਉੜੀ) ਮੰ ਧੁ ਨੀ ਸੰ (ਪੂਰਬੀ) ਤੇ ਅਵਰੋਹ ਵਿੱਚ ਦੀਪਕੀ ਪੂਰਬੀ ਤੇ ਦੀਪਕੀ ਗਉੜੀ ਦਾ ਮਿਸ਼ਰਨ ਹੈ। ਸੰ ਨ ਧ ਪ (ਦੀਪਕੀ) ਮੰ ਗ ਮ ਗ ਮੰ ਗ। (ਪੂਰਬੀ) ਮੰ ਗ ਸ (ਦੀਪਕੀ) ਰੁ ਗ ਰੁ ਸ (ਗਉੜੀ)। ਸੋ ਇਸ ਰਾਗ ਵਿੱਚ ਗਉੜੀ ਪੂਰਬੀ ਤੇ ਦੀਪਕੀ ਤਿੰਨ ਰਾਗਾਂ ਦਾ ਮਿਸ਼ਰਨ ਹੈ। ਇਹਨਾਂ ਤਿੰਨਾਂ ਰਾਗਾਂ ਦੇ ਸਰੂਪ ਬਾਰ-ਬਾਰ ਜੋੜਨ ਨਾਲ ਇਸ ਰਾਗ ਦਾ ਸਰੂਪ ਬਣਦਾ ਜਾਂਦਾ ਹੈ।

ਰਾਗ ਨਿਰਣਾਇਕ ਕਮੇਟੀ ਵੱਲੋਂ ਰਾਗੁ ਗਉੜੀ ਪੂਰਬੀ ਦੀਪਕੀ ਦਾ ਇਹੀ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ ਇੱਥੇ ਵੀ ਉਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗੁ ਗਉੜੀ ਮੁਖ ਰਾਗ ਦੇ ਅੰਤਰਗਤ ਗਉੜੀ ਦੇ ਪ੍ਰਕਾਰਾਂ ਵਿੱਚੋਂ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ ਤੇ ਗਉੜੀ ਬੈਰਾਗਣਿ ਵਿਚ ਬਾਣੀ ਦੀ ਰਚਨਾ ਹੈ। ਮਿਸ਼ਰਤ ਰਾਗਾਂ ਦੀ ਲੜੀ ਵਿਚ ਗਉੜੀ ਦੀਪਕੀ ਦਾ ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ ਪੰਨਾ ੧੨ ਤੇ ਇਕ ਸ਼ਬਦ ਅੰਕਿਤ ਹੈ। ਰਾਗੁ ਗਉੜੀ ਦੀਪਕੀ ਤੋਂ ਬਾਅਦ ਪੰਨਾ ੧੫੭ ਤੇ ਗਉੜੀ ਪੂਰਬੀ ਦੀਪਕੀ ਮਹਲਾ ੧ ਸ਼ਬਦ ਅੰਕ ॥੪॥੧॥੨੦॥ ਇਕ ਹੀ ਸ਼ਬਦ ਹੈ। ਇਸ ਸ਼ਬਦ ਦੀ ਰਹਾਉ ਦੀ ਪੰਗਤੀ 'ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖ ਹੋਇ' ਹੈ।

**ਪਰੀਚੈ:-**

ਰਾਗੁ - ਗਉੜੀ ਪੂਰਬੀ ਦੀਪਕੀ

ਸਵਰ - ਰਿਸ਼ਭ ਕੋਮਲ, ਦੋਨੋਂ ਮਧਿਅਮ, ਦੋਨੋਂ ਧੈਵਤ ਬਾਕੀ ਸ਼ੁਧ

ਵਰਜਿਤ ਸਵਰ - ਕੋਈ ਨਹੀਂ ਜਾਤੀ - ਸੰਪੂਰਨ ਵਾਦੀ - ਪੰਚਮ

ਸੰਵਾਦੀ - ਸ਼ੜਜ ਸਮਾਂ - ਸ਼ਾਮ ਦਾ ਸੰਧੀ ਪ੍ਰਕਾਸ਼

ਆਰੋਹ - ਸ, ਰੁ ਗ ਰੁ, ਮੰ ਪ ਧੁ ਪ, ਮੰ ਧੁ ਨ ਸੰ

ਅਵਰੋਹ - ਸੰ ਨ ਧ ਪ, ਮੰ ਗ - ਮ ਗ - ਮੰ ਗ ਸ, ਰੁ ਗ ਰੁ ਸ ਨ਼ ਸ

ਮੁੱਖ ਅੰਗ (ਪਕੜ) - ਮੰ ਧੁ ਪ, ਨ ਧ ਪ, ਮੰ ਗ - ਮ ਗ - ਮੰ ਗ ਸ, ਰੁ ਗ ਰੁ ਸ ਨ਼ ਸ।

**ਸਵਰ-ਵਿਸਥਾਰ:-**

1) ਸ ਨ਼ ਰੁ ਸ, ਨ਼ ਧੁ਼ ਪ਼, ਮ'਼ ਧੁ਼ ਨ਼, ਸ, ਰੁ ਗ ਰੁ ਸ, ਰੁ ਗ ਰੁ ਮ' ਪ, ਮ' ਧੁ ਪ,
ਧ ਪ ਮ' ਗ, ਮ ਗ ਮ' ਗ ਸ, ਰੁ ਗ ਰੁ ਸ ਨ਼ ਸ

2) ਸ, ਰੁ ਗ ਰੁ, ਗ ਮ' ਪ, ਮ' ਧੁ ਪ, ਮ' ਧੁ ਨ ਸੰ, ਨ ਰੁੰ ਸੰ, ਨ ਸੰ ਨ, ਧ ਪ, ਸੰ
ਨ ਧ ਪ, ਮ' ਧੁ ਪ, ਪ ਧ ਪ ਮ' ਗ - ਮ ਗ ਮ' ਗ ਸ, ਰੁ ਗ ਰੁ ਸ ਨ਼, ਸ।

3) ਪ, ਮ' ਪ, ਮ' ਧੁ ਪ, ਮ' ਧੁ ਨ ਸੰ, ਨ ਰੁੰ ਸੰ, ਰੁੰ ਗੰ ਰੁੰ ਸੰ, ਰੁੰ ਮ'ੰ ਪੰ, ਮ'ੰ ਗੰ, ਗੰ ਮੰ ਗੰ,
ਮ'ੰ ਗੰ ਸੰ, ਸੰ ਰੁੰ ਨ ਸੰ ਨ, ਸੰ ਨ ਧ ਪ, ਨ ਧ ਪ, ਮ' ਪ ਧੁ ਪ, ਧ ਪ ਮ' ਗ, ਗ ਮ'
ਗ, ਮ ਗ ਮ' ਗ ਸ, ਰੁ ਗ ਰੁ ਸ।

## ਗਉੜੀ ਪੂਰਬੀ ਦੀਪਕੀ ਮਹਲਾ ੧ ੧ੳ ਸਤਿਗੁਰ ਪ੍ਰਸਾਦਿ॥ (੧੫੭)

**ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ਰਹਾਉ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥੨੦॥**

ਪਦ ਅਰਥ:- ਜੈ ਘਰਿ-ਜਿਸ ਸਤਸੰਗਿ ਘਰ ਵਿਚ। ਕੀਰਤਿ-ਸਿਫਤਿ-ਸਾਲਾਹ। ਸੋਹਿਲਾ-ਸੁਹਾਗ ਦਾ ਗੀਤ। ਸਮਾਲੀਅਨਿ-ਸੰਭਾਲ ਹੋ ਰਹੀ ਹੈ। ਦਾਨੈ ਕੀਮਤਿ-ਉਸ ਦੀਆਂ ਬਖਸ਼ਿਸ਼ਾਂ ਦਾ ਮੁਲ। ਸੁਮਾਰੁ-ਅੰਦਾਜ਼ਾ, ਅੰਤ। ਸੰਬਤਿ-ਸਾਲ, ਵਰ੍ਹਾ। ਸਾਹਾ-ਵਿਆਹੇ ਜਾਣ ਦਾ ਦਿਨ। ਲਿਖਿਆ-ਮਿਥਿਆ ਹੋਇਆ। ਪਾਵਹੁ ਤੇਲ-ਕੁੜੀ ਦੇ ਮਾਂਈਏਂ ਸਮੇਂ ਉਸ ਦੇ ਸਿਰ ਤੇ ਤੇਲ ਪਾਉਣਾ। ਪਾਹੁਚਾ-ਸੱਦਾ। ਪਵੰਨਿ-ਪੈਂਦੇ ਹਨ। ਦਿਹ-ਦਿਨ। ਆਵੰਨਿ-ਆਉਂਦੇ ਹਨ।

## ਰਾਗੁ ਗਉੜੀ ਪੂਰਬੀ ਦੀਪਕੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ' | ਧੁ | ਪ | ਪਪ | ਨ | ਧ | ਪ | ਮ' |
| | | | | | | | | ਤੁ | ਮ | ਗਾ | ਵਹੁ | ਮੇ | ऽ | ਰੇ | ऽ |
| ਗ | ਮ | ਗਗ | ਮ'ਗ | ਸ | ਰੁਗ | ਰੁਸ | ਨ਼ਸ | ਮ'ਮ' | ਧੁਧੁ | ਨ | ਸੰ | ਨ | ਧ | ਪਪ | ਪ |
| ਨਿ | ਰ | ਭਉ | ਕਾऽ | ਸੋ | ਹਿऽ | ਲਾऽ | ऽऽ | ਹਉ | ਵਾਰੀ | ਜਾ | ਉ | ਜਿ | ਤੁ | ਸੋਹਿ | ਲੈ |
| ਮ' | ਗ | ਮ | ਗ | ਮ' | ਗ | ਸ | - | | | | | | | | |
| ਸ | ਦਾ | ਸੁ | ਖੁ | ਹੋ | ऽ | ਇ | ऽ | | | | | | | | |
| x | | | | 2 | | | | 0 | | | | 3 | | | |

## ਰਾਗੁ ਗਉੜੀ ਪੂਰਬੀ ਦੀਪਕੀ

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ̍ | ਪ | ਧੁ | ਪ | ਮ̍ | ਧੁ | ਨ | ਨ |
| | | | | | | | | ਜੈ | ऽ | ਘ | ਰਿ | ਕੀ | ऽ | ਰ | ਤਿ |
| ਸੰ | - | ਸੰ | ਨ | ਰੁੰ | - | ਸੰ | - | ਰੁੰ | ਗੰ | ਰੁੰ | ਸੰ | ਨ | ਧ | ਪ | - |
| ਆ | ऽ | ਖੀ | ऽ | ਐ | ऽ | ऽ | ऽ | ਕ | ਰ | ਤੇ | ऽ | ਕਾ | ऽ | ऽ | ऽ |
| ਮ̍ | ਗਮ̍ | ਗ | ਮ̍ | ਗ | ਸ | ਰੁਗ | ਰੁਸ | | | | | | | | |
| ਹੋ | ऽऽ | ਇ | ऽ | ਬੀ | ਚਾ | ਰੋऽ | ऽऽ | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਰੁ ਗਰੁ ਮ̍ਪ ਧਪ ਮ̍ਗ ਮਗ ਮ̍ਗ ਸ-
2) ਮਪ ਧੁਪ ਨਧ ਪਮ ਗ- ਮਗ ਮਗ ਸ-
3) ਮਧੁ ਨਸੰ ਨਧ ਪਪ ਮਗ ਮਗ ਮਗ ਸ-
4) ਨਧ ਪਮ ਗਮ ਗ- ਮਗ ਸ- ਰੁਗ ਰੁਸ
5) ਗਮ ਪਮ ਧੁਪ ਮਪ ਮਧੁ ਨਸੰ ਨਰੁੰ ਸੰਨ ਧਪ ਮ̍ਪ ਮ̍ਗ ਮਗ ਮਗ ਸ- ਰੁਗ ਰੁਸ
6) ਪਧੁ ਮਪ ਮਗ ਮਗ ਮ̍ਗ ਸਸ ਮ̍ਧੁ ਨਸੰ ਨਧ ਪਪ ਸੰਨ ਧਪ ਮਗ ਮਗ ਮਗ ਸ-

**ਤਿਹਾਈਆਂ:-**

1. 9ਵੀਂ ਤੋਂ 12ਵੀਂ ਮਾਤਰ ਦਾ ਟੁਕੜਾ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨਾਲ ਜੋੜ ਕੇ ਸੱਮ ਤੇ ਆਉਣਾ ਹੈ।
2. 9ਵੀਂ ਤੋਂ 16ਵੀਂ ਮਾਤਰ ਦਾ ਟੁਕੜਾ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. 9ਵੀਂ ਤੋਂ 8ਵੀਂ ਮਾਤਰ ਦੇ ਇਕ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

**ਸ਼ਬਦ 'ਤੁਮ ਗਾਵਹੁ ਮੇਰੇ' ਪਹਿਲੀ ਬੰਦਸ਼ ਵਾਲਾ ਹੈ।**

## ਰਾਗੁ ਗਉੜੀ ਪੂਰਬੀ ਦੀਪਕੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰੁ | ਗ | ਰੁ | ਰੁਰੁ | ਸ | ਸ | ਰੁਰੁ | ਮ̍ਮ̍ | ਪ | ਮ̍ | ਧੁ | ਪ |
| ਤੁ | ਮ | ਗਾ | ਵਹੁ | ਮੇ | ਰੇ | ਨਿਰ | ਭਉ | ਕਾ | ਸੋ | ਹਿ | ਲਾ |

| | | | | | | | | | | | |
|---|---|---|---|---|---|---|---|---|---|---|---|
| ਨਨ• | ਸੰਸੰ | ਨਨ | ਧਧ | ਪਪ | ਮੰ | ਗ | ਮ | ਗ | ਮੰ | ਗ | ਸ |
| ਹਉ | ਵਾਰੀ | ਜਾਉ | ਜਿਤੁ | ਸੋਹਿ | ਲੈ | ਸ | ਦਾ | ਸੁ | ਖੁ | ਹੋ | ਇ |
| x | | 0 | | 2 | | 0 | | 3 | | 4 | |

**ਅੰਤਰਾ**

| | | | | | | | | | | | |
|---|---|---|---|---|---|---|---|---|---|---|---|
| ਮੰ | ਪ | ਪ | ਮੰ | ਧੁ | ਪ | ਮੰ | ਧੁ | ਨ | ਸੰ | ਨ | ਸੰ |
| ਜੈ | s | ਘ | ਰਿ | ਕੀ | s | ਰ | ਤਿ | ਆ | ਖੀ | ਐ | s |
| ਸੰ | ਨ | ਧ | ਪ | ਮੰ | ਗ | ਮ | ਗ | ਮੰਗ | ਸ | ਰੁਗ | ਰੁਸ |
| ਕ | ਰ | ਤੇ | ਕਾ | ਹੋ | s | ਇ | s | ਬੀs | ਚਾ | ਰੋs | ss |
| x | | 0 | | 2 | | 0 | | 3 | | 4 | |

**ਤਾਨਾਂ:-**

1. ਸਰੁ ਗਰੁ ਮੰਪ ਧੁਪ ਨਧ ਪ- ਮੰਪ ਮੰਗ ਗਮ ਗ- ਮੰਗ ਰੁਸ
2. ਮੰਧੁ ਨਸੰ ਨਧ ਪ- ਸੰਨ ਧਪ ਮੰਪ ਮੰਗ ਗਮ ਗ- ਮੰਗ ਰੁਸ
3. ਰੁਗ ਰੁਸ ਗਮੰ ਗਗ ਮੰਪ ਧੁਪ ਸੰਨ ਧਪ ਮੰਗ ਮਗ ਮੰਗ ਰੁਸ
4) ਮੰਪ ਧੁਪ ਮੰਧੁ ਨਨ ਸੰਨ ਰੁੰਸੰ ਨਧ ਪਪ ਮੰਗ ਮਗ ਮੰਗ ਸਸ
5) ਮੰਧੁ ਨਨ ਸੰਨ ਰੁੰਸੰ ਨਨ ਧਪ ਮੰਗ ਮਗ ਮੰਗ ਸਸ ਰੁਗ ਰੁਸ

**ਤਿਹਾਈਆਂ:-**

1. ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 6ਵੀਂ ਮਾਤਰ ਨੂੰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. ਬੰਦਸ਼ ਅਨੁਸਾਰ 7ਵੀਂ ਤੋਂ 12ਵੀਂ ਮਾਤਰ ਨੂੰ ਬਰਾਬਰ ਲੈ ਕੇ ਫਿਰ ਇਹੀ ਟੁਕੜਾ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।

## (ਗਉੜੀ ਸੁਖਮਨੀ ਮਹਲਾ ੫) (੨੮੬)

**ਬੋਲਹੁ ਜਸੁ ਜਿਹਬਾ ਦਿਨੁ ਰਾਤਿ॥ ਪ੍ਰਭਿ ਅਪਨੈ ਜਨ ਕੀਨੀ ਦਾਤਿ॥ ਕਰਹਿ ਭਗਤਿ ਆਤਮ ਕੈ ਚਾਇ॥ ਪ੍ਰਭ ਅਪਨੇ ਸਿਉ ਰਹਹਿ ਸਮਾਇ॥ ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥ ਤਿਸ ਕੀ ਮਹਿਮਾ ਕਉਨ ਬਖਾਨਉ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ॥ ਆਠ ਪਹਰ ਪ੍ਰਭ ਬਸਹਿ ਹਜੂਰੇ॥ ਕਹੁ ਨਾਨਕ ਸੇਈ ਜਨ ਪੂਰੇ॥੭॥**

## ਰਾਗੁ ਗਉੜੀ ਪੂਰਬੀ ਦੀਪਕੀ

### ਰਾਗੁ ਗਉੜੀ ਪੂਰਬੀ ਦੀਪਕੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰੁਮ | ਪਪ | ਮਧੁ | ਪਪ | ਮਪ | ਨਧ | ਪ | ਮਗ | ਮਗ | ਸ |
| ਬੋS | ਲਹੁ | ਜਸੁ | ਜਿਹ | ਬਾS | ਦਿS | ਨੁ | ਰਾS | ਤਿS | S |
| ਰੁਗ | ਰੁ | ਸਸ | ਮਧੁ | ਨਨ | ਧਪ | ਮਗ | ਮਗ | ਮਗ | ਸ |
| ਪ੍ਰ | ਭਿ | ਅਪ | ਨੈS | ਜਨ | ਕੀS | ਨੀS | ਦਾS | ਤਿS | S |
| X | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਮਪ | ਧੁਪ | ਮਧੁ | ਨ | ਨ | ਸੰਸੰ | ਸੰ | ਨ | ਸੰ | ਸੰ |
| ਕS | ਰਹਿ | ਭS | ਗ | ਤਿ | ਆਤ | ਮ | ਕੈ | ਚਾ | ਇ |
| ਰੁੰਗੰ | ਰੁੰ | ਸੰਸੰ | ਨ | ਧਪ | ਮ | ਗਗ | ਮਗ | ਮਗ | ਸ |
| ਪ੍ਰ | ਭ | ਅਪ | ਨੇ | ਸਿਉ | ਰ | ਹਹਿ | ਸS | ਮਾS | ਇ |
| X | | 2 | | | 0 | | 3 | | |

**ਤਾਨਾਂ:-**

1) ਰੁਗਰੁਸ ਰੁਮਪਪ ਮਧੁਪਪ ਮਧੁਨਨ ਸੰਨਰੁੰਸੰ ਰੁੰਗੰਰੁੰਸੰ ਨਨਧਪ ਮਪਮਗ
ਗਮਗਗ ਮਗਸਸ

2) ਸਰੁਗਰੁ ਮਪਧੁਪ ਮਧੁਪਪ ਨਨਧਪ ਮਧੁਨਸੰ ਨਰੁੰਸੰਸੰ ਨਨਧਪ ਧਪਮਗ
ਗਮਗਗ ਮਗਸਸ

**ਤਿਹਾਈਆਂ:-**

1. ਪਹਿਲੀ ਤੋਂ ਤੀਜੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਮਾਤਰ ਤੇ 'ਬੋਲਹੁ' ਤੇ ਦੂਜੀ ਤੇ 'ਜਸੁ' ਦਾ ਉਚਾਰਨ ਫਿਰ ਚੌਥੀ-ਪੰਜਵੀ ਮਾਤਰ ਤੇ ਟੁਕੜੇ ਨੂੰ ਤੀਜੀ-ਚੌਥੀ ਮਾਤਰ ਤੇ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

# ੭-ਰਾਗੁ ਗਉੜੀ ਪੂਰਬੀ

ਹਿੰਦੁਸਤਾਨੀ ਸੰਗੀਤ ਪੱਧਤੀ ਵਿੱਚ ਗਉੜੀ ਤੇ ਪੂਰਵੀ ਦੋਨੋਂ ਹੀ ਰਾਗ ਵੱਖ-ਵੱਖ ਰੂਪ ਵਿੱਚ ਪ੍ਰਚਾਰ ਵਿੱਚ ਹਨ ਪਰ ਗਉੜੀ ਪੂਰਬੀ ਰਾਗ ਦਾ ਮਿਸ਼ਰਤ ਰੂਪ ਜ਼ਿਆਦਾ ਪ੍ਰਚਾਰ ਵਿੱਚ ਨਹੀਂ ਹੈ। ਮੱਧ ਕਾਲ ਦੇ ਸੰਗੀਤ ਸ਼ਾਸਤਰਕਾਰਾਂ ਨੇ ਵੀ ਆਪਣੇ ਗ੍ਰੰਥਾਂ ਵਿੱਚ ਇਸ ਮਿਸ਼ਰਤ ਰਾਗ ਦਾ ਜ਼ਿਕਰ ਨਹੀਂ ਕੀਤਾ। ਇਥੇ ਗਉੜੀ ਦੇ ਤਕਰੀਬਨ ਸਾਰੇ ਹੀ ਮਿਸ਼ਰਤ ਰਾਗਾਂ ਨੂੰ ਗਉੜੀ ਪੂਰਬੀ ਅੰਗ ਦੇ ਸਰੂਪ ਨਾਲ ਜੋੜਿਆ ਗਿਆ ਹੈ। ਰਾਗੁ ਗਉੜੀ ਬਾਰੇ ਵਿਸਥਾਰ ਸਹਿਤ ਵਰਨਣ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਵਿਚ ਪਹਿਲਾਂ ਹੀ ਦਿੱਤਾ ਜਾ ਚੁਕਾ ਹੈ ਤੇ ਰਾਗ ਪੂਰਬੀ ਬਾਰੇ ਵਿਵਰਨ ਇੱਥੇ ਦਿੱਤਾ ਜਾ ਰਿਹਾ ਹੈ।

ਮੱਧ ਕਾਲ ਦੇ ਗ੍ਰੰਥਕਾਰਾਂ ਵਿੱਚੋਂ ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿਚ ਪੂਰਵ ਠਾਠ ਤੋਂ ਪੂਰਵਾ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੁਲ ਨੇ 'ਚੰਦ੍ਰੋਦਯ' (੧੬ਵੀਂ ਸ਼ਤਾਬਦੀ) ਵਿਚ ਮਾਲਵਗੌਡ ਮੇਲ ਤੋਂ ਪੂਰਵੀ ਜਨਯ ਰਾਗ ਮੰਨਿਆ ਹੈ ਤੇ 'ਰਾਗ ਮੰਜਰੀ' ਵਿਚ ਗੌਡੀ ਮੇਲ ਤੋਂ ਪੂਰਵੀ ਨੂੰ ਜਨਯ ਰਾਗ ਮੰਨਿਆ ਹੈ। ਪੰਡਿਤ ਸੋਮਨਾਥ ਨੇ 'ਰਾਗਵਿਬੋਧ' ਵਿਚ ਮਾਲਵਗੌਡ ਮੇਲ ਤੋਂ ਪੂਰਵੀ ਨੂੰ ਜਨਯ ਰਾਗ ਮੰਨਿਆ ਹੈ। ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ 'ਸੰਗੀਤਸਾਰਾਮ੍ਰਿਤ' ਵਿਚ ਮਾਲਵਗੌਡ ਮੇਲ ਤੋਂ ਪੂਰਵੀ ਜਨਯ ਰਾਗ ਮੰਨਿਆ ਹੈ।

ਉਤਰੀ ਸੰਗੀਤ ਪੱਧਤੀ ਦੇ ਦਸ ਥਾਟਾਂ ਵਿਚੋਂ ਪੂਰਵੀ ਇਕ ਥਾਟ ਹੈ ਤੇ ਰਾਗ ਪੂਰਵੀ ਇਸ ਦਾ ਆਸ਼੍ਰਿਯ ਰਾਗ ਹੈ। ਸ੍ਰੀ ਬਿਮਲਾਕਾਂਤ ਰਾਏ ਚੌਧਰੀ ਨੇ 'ਰਾਗ ਵਿਯਾਕਰਣ' ਵਿਚ ਪੂਰਵੀ ਦੇ ਦੋ ਸਰੂਪ ਦਿੱਤੇ ਹਨ। ਪਹਿਲੇ ਸਰੂਪ ਵਿਚ ਰਿਸ਼ਭ ਧੈਵਤ ਕੋਮਲ ਦੋਨੋਂ ਮਧਿਅਮ ਹੋਰ ਸਵਰ ਸ਼ੁਧ ਹਨ। ਵਾਦੀ-ਗ, ਸੰਵਾਦੀ-ਨ, ਜਾਤੀ ਔੜਵ-ਸੰਪੂਰਨ ਤੇ ਸਮਾਂ ਸ਼ਾਮ ੪ ਤੋਂ ੭ ਵਜੇ ਹੈ। ਆਰੋਹ- ਨ਼ ਸ ਗ ਮ॑ ਪ ਨ ਸਂ। ਅਵਰੋਹ- ਸਂ ਨ ਧੁ ਪ ਮ॑ ਗ ਮ ਰੁ ਸ। ਪੂਰਵੀ ਦੇ ਦੂਜੇ ਸਰੂਪ ਵਿਚ ਰਿਸ਼ਭ ਕੋਮਲ ਦੋਨੋ ਮਧਿਅਮ ਹੋਰ ਸਵਰ ਸ਼ੁਧ ਹਨ। ਵਾਦੀ-ਪ, ਸੰਵਾਦੀ-ਸ, ਜਾਤੀ ਵਕਰ ਸ਼ਾੜਵ-ਸੰਪੂਰਨ ਤੇ ਸਮਾਂ ੪ ਤੋਂ ੭ ਵਜੇ ਸ਼ਾਮ ਹੈ। ਆਰੋਹ-ਨ਼ ਸ ਗ ਮ॑ ਪ ਧ ਪ ਨ ਸਂ ਅਵਰੋਹ- ਸਂ ਨ ਧ ਪ ਮ॑ ਗ ਮ ਗ ਰੁ ਸ। ਪਡਿੰਤ ਅੱਪਾ ਤੁਲਸੀ ਦੇ 'ਰਾਗ ਚੰਦ੍ਰਿਕਾਸਾਰ' ਅਨੁਸਾਰ 'ਕੋਮਲ ਰਿਧਿ ਤੀਵਰ ਗਨਿ ਦੋਊ ਮਧਿਅਮ ਲਾਗ।। ਗ ਨ ਵਾਦੀ ਸੰਵਾਦਿ ਤੇ ਬਨਤ ਪੂਰਵੀ ਰਾਗ'। ਪੰਡਿਤ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਿਕਾ' ਦੂਸਰੀ ਪੁਸਤਕ ਪੰਨਾ

ਰਾਗੁ ਗਉੜੀ ਪੂਰਬੀ

੨੩੩-੩੪ ਤੇ ਪੂਰਵੀ ਰਾਗ ਦਾ ਪਰੀਚੇ ਇਸ ਪ੍ਰਕਾਰ ਦਿੱਤਾ ਹੈ। ਇਸ ਵਿਚ ਰਿਸ਼ਵ ਧੈਵਤ ਕੋਮਲ ਮਧਿਅਮ ਦੋਨੋਂ ਜਾਤੀ ਸੰਪੂਰਨ ਹੈ। ਗ ਵਾਦੀ ਤੇ ਨ ਸੰਵਾਦੀ ਤੇ ਸਮਾਂ ਦਿਨ ਦਾ ਅੰਤਿਮ ਪਹਿਰ ਹੈ। ਆਰੋਹ- ਸ, ਰੁ ਗ, ਮੇ ਪ, ਧੁ, ਨ ਸਂ। ਅਵਰੋਹ - ਸਂ ਨ ਧੁ ਪ, ਮੇ, ਗ, ਰੁ ਸ। ਪਕੜ - ਨ਼ ਸ ਰੁ ਗ, ਮ ਗ, ਮੇ, ਗ, ਰੁ ਗ, ਰੁ ਸ। ਉਹ ਲਿਖਦੇ ਹਨ, 'ਉੱਤਰ ਭਾਰਤ ਕੀ ਓਰ ਤੀਬਰ ਧੈਵਤ ਕਾ ਪ੍ਰਯੋਗ ਇਸ ਰਾਗ ਮੇਂ ਕਹੀਂ ਕਹੀਂ ਦਿਖਾਈ ਪੜਤਾ ਹੈ। ਕੋਈ ਕੋਈ ਗਾਇਕ ਇਸਮੇਂ ਦੋਨੋਂ ਧੈਵਤ ਭੀ ਲਗਾਤੇ ਹੈਂ"। ਪੰਡਿਤ ਵਿਣਾਇਕ ਨਾਰਾਇਣ ਪਟਵਰਧਨ ਨੇ 'ਰਾਗ ਵਿਗਿਯਾਨ' ਦੁਤੀਯਾ ਭਾਗ ਵਿਚ ਰਾਗ ਪੂਰਵੀ ਦਾ ਲਗਭਗ ਇਹੀ ਸਰੂਪ ਦਿੱਤਾ ਹੈ। ਉਹਨਾਂ ਰਾਗ ਪੂਰਵੀ ਦੀ ਜਾਤੀ ਸ਼ਾੜਵ-ਸੰਪੂਰਨ ਮੰਨੀ ਹੈ। ਆਰੋਹ- ਨ਼ ਸ ਰੁ ਗ ਮੇ ਧੁ ਨ ਸਂ। ਅਵਰੋਹ- ਸਂ ਨ ਰੁੰ ਨ ਧੁ਼ ਪ ਮੇ ਗ ਮ ਗ ਰੁ ਮ ਗ, ਮੇ ਰੁ ਸ। ਸ੍ਰੀ ਵੀ. ਐਸ. ਨਿਗਮ ਨੇ 'ਸੰਗੀਤ ਕੌਮਦੀ' ਭਾਗ ਤੀਜਾ ਵਿਚ ਰਾਗ ਪੂਰਵੀ ਦਾ ਐਸਾ ਹੀ ਸਰੂਪ ਦਿੱਤਾ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ 'ਗੁਰਬਾਣੀ ਸੰਗੀਤ' ਦੇ ਕਰਤਾ ਸਰਦਾਰ ਗਿਆਨ ਸਿੰਘ ਐਬਟਾਬਾਦ ਅਨੁਸਾਰ ਗਉੜੀ ਪੂਰਬੀ ਪੂਰਵੀ ਥਾਟ ਦਾ ਰਾਗ ਹੈ। ਇਸ ਰਾਗ ਵਿੱਚ ਰਿਸ਼ਭ ਧੈਵਤ ਕੋਮਲ, ਦੋਨੋਂ ਮਧਿਅਮ ਤੇ ਹੋਰ ਸਭ ਸਵਰ ਸ਼ੁੱਧ ਹਨ। ਜਾਤੀ ਵਕਰ ਸੰਪੂਰਨ, ਰਿਸ਼ਭ-ਪੰਚਮ ਦਾ ਸੰਵਾਦ ਤੇ ਸਮਾਂ ਸ਼ਾਮ ਦਾ ਹੈ। ਆਰੋਹ- ਸ ਰੁ ਗ ਰੁ, ਮੇ ਪ ਧੁ ਪ ਨ ਸਂ। ਅਵਰੋਹ- ਸਂ ਨ ਧੁ ਪ, ਮੇ ਗ ਰੁ ਸ ਮ ਗ ਮੇ ਗ, ਰੁ ਸ ਹੈ। ਪਕੜ- ਰੁ - ਗ ਰੁ ਮੇ ਗ ਰੁ ਸ, ਨ਼ ਧੁ਼ ਨ਼, ਰੁ ਸ। 'ਪ੍ਰਾਚੀਨ ਰੀਤ ਰਤਨਾਵਲੀ' ਦੇ ਕਰਤਾ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਅਨੁਸਾਰ ਗਉੜੀ ਪੂਰਬੀ ਪੂਰਵੀ ਅੰਗ, ਜਾਤੀ ਵਕਰ ਸੰਪੂਰਨ, ਰਿਸ਼ਭ ਧੈਵਤ ਕੋਮਲ ਦੋਨੋਂ ਮਧਿਅਮ, ਰਿਸ਼ਭ ਵਾਦੀ ਪੰਚਮ ਸੰਵਾਦੀ ਤੇ ਸਮਾਂ ਸ਼ਾਮ ਹੈ। ਆਰੋਹ- ਸ ਰੁ ਗ ਰੁ, ਮੇਪ ਧੁਪ ਨ ਸਂ। ਅਵਰੋਹ- ਸਂ ਨ ਧੁਪ ਮ ਗ ਮੇ ਗ ਰੁ ਸ ਨ਼ ਸ। ਉਹਨਾਂ ਆਪਣੀ ਪੁਸਤਕ ਵਿੱਚ ਦੋ ਬੰਦਸ਼ਾਂ ਇਕ ਚਾਰ ਤਾਲ ਦੂਜੀ ਜੈ ਤਾਲ ਵਿੱਚ ਸ਼ਬਦ 'ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ' ਦਿੱਤੀਆਂ ਹਨ।

'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਦੇ ਕਰਤਾ ਪ੍ਰੋ. ਤਾਰਾ ਸਿੰਘ ਅਨੁਸਾਰ ਰਾਗੁ ਗਉੜੀ ਪੂਰਬੀ ਗਉੜੀ ਤੇ ਪੂਰਵੀ ਦਾ ਮਿਸ਼ਰਨ ਹੈ। ਪੂਰਵੀ ਥਾਟ, ਰਿਸ਼ਭ ਧੈਵਤ ਕੋਮਲ, ਦੋਵੇਂ ਮਧਿਅਮ ਤੇ ਹੋਰ ਸਭ ਸਵਰ ਸ਼ੁਧ ਹਨ। ਜਾਤੀ ਵਕਰ ਸੰਪੂਰਨ ਤੇ ਸਮਾਂ - ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ, ਨ਼ ਰੁ ਗ ਰੁ ਗ ਮੇ ਪ, ਮੇ ਪ ਧੁ ਪ, ਨ ਸਂ। ਅਵਰੋਹ- ਸਂ ਨ ਧੁ ਪ, ਮੇ ਗ ਮ ਗ, ਮੇ ਗ, ਰੁ ਸ, ਨ਼ ਰੁ ਸ। ਮੁੱਖ ਅੰਗ- ਪ, ਮੇ ਗ ਮ ਗ, ਮੇ ਗ, ਰੁ ਸ, ਨ਼ ਧੁ਼ ਸ ਨ਼, ਰੁ ਸ। 'ਗੁਰਮਤਿ ਸੰਗੀਤ ਸਾਗਰ' ਭਾਗ ਤੀਜਾ ਦੇ ਕਰਤਾ ਪ੍ਰਿੰਸੀਪਲ ਦਿਆਲ ਸਿੰਘ ਨੇ ਗਉੜੀ ਪੂਰਬੀ ਨੂੰ ਪੂਰਵੀ ਥਾਟ ਦਾ

ਰਾਗ ਮੰਨਿਆ ਹੈ। ਰਿਸ਼ਵ ਧੈਵਤ ਕੋਮਲ, ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਜਾਤੀ-ਖਾੜਵ-ਸੰਪੂਰਨ, ਵਾਦੀ-ਰਿਸ਼ਭ ਤੇ ਸੰਵਾਦੀ -ਪੰਚਮ ਹੈ। ਆਰੋਹ- ਸ, ਰੁ ਗ ਰੁ, ਪ, ਮ̍ਪ, ਧੁ ਨ ਸਂ। ਅਵਰੋਹ- ਸਂ ਨ, ਰੁਂ ਨ ਧੁ ਪ, ਮ̍ ਗ ਰੁ, ਸ ਨ਼ ਧੁ਼ ਨ਼, ਰੁ ਸ। ਪਕੜ- ਨ਼ ਰੁ ਗ ਰੁ, ਮ̍ ਗ ਰੁ ਸ, ਨ਼ ਧੁ਼ ਨ਼, ਰੁਸ। ਵਿਸ਼ੇਸ਼- ਰੁ - ਪ, ਸ - ਪ ਤੇ ਸ - ਧੁ ਦੀ ਸਵਰ ਸੰਗਤੀ। ਖਾਸ ਅੰਗ - ਰੁ ਗ ਰੁ, ਮ̍ ਗ ਰੁ ਸ, ਨ਼ ਧੁ਼ ਨ਼, ਰੁ ਸ।

ਸੰਤ ਸਰਵਣ ਸਿੰਘ ਗੰਧਰਵ ਦੇ 'ਸੁਰ ਸਿਮਰਣ ਸੰਗੀਤ' ਭਾਗ-ਚੌਥਾ ਅਨੁਸਾਰ ਰਾਗ ਗਉੜੀ ਪੂਰਬੀ, ਥਾਟ-ਪੂਰਵੀ, ਰਿਸ਼ਭ ਧੈਵਤ ਕੋਮਲ, ਦੋਨੋਂ ਮਧਮ, ਵਾਦੀ-ਰਿਸ਼ਭ, ਸੰਵਾਦੀ-ਪੰਚਮ, ਸਮਾਂ-ਸੰਧਿਆ ਕਾਲ, ਆਰੋਹ ਵਿਚ ਗੰਧਾਰ ਵਰਜਿਤ ਤੇ ਜਾਤੀ ਸ਼ਾੜਵ-ਸੰਪੂਰਨ ਹੈ। ਇਸ ਰਾਗ ਦਾ ਵਿਸਥਾਰ ਮੱਧ ਤੇ ਤਾਰ ਸਪਤਕ ਵਿੱਚ ਰਹਿੰਦਾ ਹੈ। ਆਰੋਹ- ਸ ਰੁ ਮ̍ ਪ ਧੁ ਨ ਸਂ। ਅਵਰੋਹ- ਸਂ ਨ ਧੁ ਪ, ਮ̍ ਗ ਰੁ ਸ। ਪਕੜ- ਮ ਰੁ ਮ̍ ਪ, ਧੁ ਪ ਧੁ ਮ̍ ਪ, ਗ ਮ ਗ ਰੁ ਸ। 'ਆਦਿ ਗ੍ਰੰਥ ਰਾਗ-ਕੋਸ਼' ਦੇ ਕਰਤਾ ਡਾ. ਗੁਰਨਾਮ ਸਿੰਘ ਅਨੁਸਾਰ ਇਸ ਰਾਗ ਵਿੱਚ ਪੂਰਵਾਂਗ ਵਿੱਚ ਗਉੜੀ ਤੇ ਉਤਰਾਂਗ ਵਿੱਚ ਪੂਰਬੀ ਦੇ ਚਲਨ ਦੁਆਰਾ ਇਸ ਰਾਗ ਦੀ ਰਚਨਾ ਕੀਤੀ ਜਾਂਦੀ ਹੈ। ਇਸ ਵਿਚ ਰਿਸ਼ਭ ਧੈਵਤ ਕੋਮਲ, ਮਧਿਅਮ-ਤੀਵਰ, ਬਾਕੀ ਸਵਰ ਸ਼ੁਧ ਹਨ। ਥਾਟ-ਪੂਰਵੀ, ਜਾਤੀ-ਸ਼ਾੜਵ-ਸੰਪੂਰਨ, ਵਾਦੀ-ਰਿਸ਼ਭ, ਸੰਵਾਦੀ ਪੰਚਮ ਤੇ ਸਮਾਂ ਸ਼ਾਮ ਦਾ ਸੰਧੀ ਪ੍ਰਕਾਸ਼ ਹੈ। ਆਰੋਹ- ਸ, ਨ਼, ਰੁ ਗ ਰੁ, ਗ ਮ̍ ਪ, ਮ̍ ਪ ਧੁ ਪ, ਮ̍ ਧੁ ਨ ਸਂ। ਅਵਰੋਹ- ਸਂ ਨ ਧੁ ਪ, ਮ̍ ਗ ਰੁ ਮ̍ ਗ, ਮ̍ ਗ ਰੁ ਸ, ਨ਼ ਧੁ਼, ਸ, ਨ਼ ਰੁ ਸ। ਮੁੱਖ ਅੰਗ- ਸ, ਨ਼, ਰੁ ਗ ਰੁ ਮ̍ ਗ ਰੁ ਸ, ਨ਼ ਧੁ਼ ਨ਼ ਰੁ ਸ।

ਇਨ੍ਹਾਂ ਗ੍ਰੰਥਾਂ ਵਿੱਚ ਰਾਗ ਗਉੜੀ ਪੂਰਬੀ ਦਾ ਸਰੂਪ ਲਗਭਗ ਮਿਲਦਾ ਜੁਲਦਾ ਹੀ ਹੈ। ਇਥੇ ਰਾਗੁ ਗਉੜੀ ਪੂਰਬੀ ਦੇ ਸਰੂਪ ਲਈ ਆਰੋਹ ਗਉੜੀ ਪੂਰਵੀ ਅੰਗ ਤੇ ਅਵਰੋਹ ਰਾਗ ਪੂਰਵੀ ਨੂੰ ਜੋੜਿਆ ਹੈ। ਆਰੋਹ-ਸ ਰੁ ਗ ਰੁ, ਮ̍ ਪ ਧੁ ਪ, ਨ ਸਂ (ਗਉੜੀ) ਤੇ ਅਵਰੋਹ-ਸਂ ਨ ਧੁ ਪ, ਮ̍ ਗ ਮ ਗ ਮ̍ ਗ ਰੁ ਸ (ਪੂਰਵੀ)। ਇਹ ਰਾਗ ਗਉੜੀ ਤੇ ਪੂਰਵੀ ਰਾਗਾਂ ਦਾ ਸੁੰਦਰ ਮਿਸ਼ਰਨ ਹੈ। ਰਾਗ ਨਿਰਣਾਇਕ ਕਮੇਟੀ ਵੱਲੋਂ ਇਸ ਰਾਗ ਦਾ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ ਤੇ ਇਹੀ ਸਰੂਪ ਇਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਖ ਰਾਗਾਂ ਵਿੱਚ ਰਾਗੁ ਗਉੜੀ ਨੂੰ ਤੀਜਾ ਸਥਾਨ ਪ੍ਰਾਪਤ ਹੈ। ਰਾਗੁ ਗਉੜੀ ਦੇ ਪ੍ਰਕਾਰਾਂ ਵਿੱਚ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ ਤੇ ਰਾਗੁ ਗਉੜੀ ਦੇ ਮਿਸ਼ਰਤ ਰਾਗਾਂ ਵਿਚ ਗਉੜੀ

## ਰਾਗੁ ਗਉੜੀ ਪੂਰਬੀ

ਦੀਪਕੀ, ਗਉੜੀ ਪੂਰਬੀ ਦੀਪਕੀ ਤੋਂ ਬਾਅਦ ਗਉੜੀ ਪੂਰਬੀ ਵਿੱਚ ਬਾਣੀ ਰਚਿਤ ਹੈ। ਸ਼ਬਦ ਤਰਤੀਬ ਇਸ ਪ੍ਰਕਾਰ ਹੈ। ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ਪੰਨਾ ੨੪੨ ਤੋਂ ੨੪੩ ਸ਼ਬਦ ਅੰਕ ੪॥੧॥ ਤੋਂ ੪॥੨। ਦੋ ਸ਼ਬਦ ਹਨ। ਰਾਗੁ ਗਉੜੀ ਪੂਰਬੀ ਛੰਤ ਮਹਲਾ ੩ ਪੰਨਾ ੨੪੩ ਤੋਂ ੨੪੭ ਸ਼ਬਦ ਅੰਕ ੪॥੧॥ ਤੋਂ ੪॥੫॥੭॥ ੫ ਸ਼ਬਦ ਹਨ। ਮਹਲਾ ੪ ਗਉੜੀ ਪੂਰਬੀ ਪੰ. ੧੬੮ ਤੋਂ ੧੭੨ ਸ਼ਬਦ ਅੰਕ ॥੪॥੧॥੧੫॥੫੩॥ਤੋਂ॥੪॥੧੨॥੨੬॥੬੪॥ ੧੨ ਸ਼ਬਦ ਤੇ ਪੰਨਾ ੨੩੪ ਤੋਂ ੨੩੫ ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ ਅੰਕ ੧੦॥੧॥ ਤੋਂ ੧੦॥੨॥ ਦੋ ਸ਼ਬਦ, ਕੁਲ ੧੪ ਸ਼ਬਦ ਹਨ। ਰਾਗੁ ਗਉੜੀ ਪੂਰਬੀ ਮਹਲਾ ੫ ਪੰਨਾ ੨੦੪ ਤੋਂ ੨੦੯ ਸ਼ਬਦ ਅੰਕ ॥੪॥੧॥੧੧੮ ਤੋਂ ੨॥੪॥੧੨੧॥ ਚਾਰ ਸ਼ਬਦ ਫਿਰ ਰਾਗੁ ਗਉੜੀ ਪੂਰਬੀ ਮਹਲਾ ੫ ਸ਼ਬਦ ਅੰਕ ॥੧॥੧੨੨॥ ਤੋਂ ॥੪॥੧੬॥੧੩੭॥ ੧੬ ਸ਼ਬਦ, ਪੰ. ੨੧੦ ਰਾਗੁ ਗਉੜੀ ਪੂਰਬੀ ਮਹਲਾ ੫ ਸ਼ਬਦ ਅੰਕ ॥੪॥੧॥੧੩੮॥ ਇਕ ਸ਼ਬਦ ਤੇ ਪੰ. ੨੧੨ ਤੋਂ ੨੧੩ ਗਉੜੀ ਪੂਰਬੀ ਮਹਲਾ ੫ ਸ਼ਬਦ ਅੰਕ ॥੪॥੧੪॥੧੫੨॥ ਤੋਂ ॥੪॥੧੫॥੧੫੩॥ ਦੋ ਸ਼ਬਦ ਹਨ। ਭਗਤ ਬਾਣੀ ਵਿੱਚ ਰਾਗੁ ਗਉੜੀ ਪੂਰਬੀ ਕਬੀਰ ਜੀ ਪੰਨਾ ੩੩੪ ਤੋਂ ੩੪੦ ਸ਼ਬਦ ਅੰਕ ੪॥੧॥੫੨ ਤੋਂ ੪॥੨੩॥੭੪॥ ੨੩ ਸ਼ਬਦ ਤੇ ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ ਪੰਨਾ ੩੪੦ ਤੋਂ ੩੪੩ ੪੫ ਪਦੇ ਹਨ। ਪੰਨਾ ੩੪੬ ਗਉੜੀ ਪੂਰਬੀ ਰਵਿਦਾਸ ਜੀਉ ਸ਼ਬਦ ਅੰਕ ॥੩॥੧॥ ਇਕ ਸ਼ਬਦ ਹੈ। ਸੋਹਿਲਾ ਬਾਣੀ ਵਿੱਚ ਇਕ ਸ਼ਬਦ ਰਾਗੁ ਗਉੜੀ ਪੂਰਬੀ ਮਹਲਾ ੪ ਤੇ ਇਕ ਸ਼ਬਦ ਰਾਗੁ ਗਉੜੀ ਪੂਰਬੀ ਮਹਲਾ ੫, ਕੁਲ ਦੋ ਸ਼ਬਦ ਰਚਿਤ ਹਨ।

**ਪਰੀਚੈ:-**

ਰਾਗ - ਗਉੜੀ ਪੂਰਬੀ    ਥਾਟ - ਪੂਰਵੀ

ਸਵਰ - ਰਿਸ਼ਭ, ਧੈਵਤ ਕੋਮਲ ਦੋਨੋਂ ਮਧਿਅਮ ਹੋਰ ਸ਼ੁਧ

ਵਰਜਿਤ ਸਵਰ - ਆਰੋਹ ਵਿਚ ਗੰਧਾਰ ਤੇ ਧੈਵਤ

ਜਾਤੀ - ਵਕਰ ਸੰਪੂਰਨ    ਵਾਦੀ-ਰਿਸ਼ਭ    ਸੰਵਾਦੀ-ਪੰਚਮ

ਸਮਾਂ - ਸ਼ਾਮ ਦਾ ਪਹਿਲਾ ਪਹਿਰ    ਆਰੋਹ - ਸ ਰੁ ਗ ਰੁ, ਮ ਪ ਧੁ ਪ, ਨ ਸੰ

ਅਵਰੋਹ - ਸੰ ਨ ਧੁ ਪ, ਮ ਗ - ਮ ਗ, ਮ ਗ ਰੁ ਸ, ਨ਼ ਰੁ ਸ

ਮੁੱਖ ਅੰਗ (ਪਕੜ) - ਰੁ ਗ ਰੁ, ਮ ਪ, ਪ ਮ ਗ, ਮ ਗ ਮ ਗ ਰੁ ਸ, ਨ਼ ਰੁ ਸ।

**ਸਵਰ-ਵਿਸਥਾਰ:-**

1) ਸ, ਰੁ ਗ ਰੁ ਸ, ਨ਼ ਸ ਨ਼, ਨ਼ ਧ਼ੁ ਸ ਨ਼, ਰੁ ਸ, ਨ਼ ਸ ਨ਼ ਧ਼ੁ ਪ਼, ਰੁ ਨ਼ ਧ਼ੁ ਪ਼, ਮ਼ ਪ਼ ਨ਼, ਮ਼ ਪ਼ ਨ਼ ਸ, ਨ਼ ਰੁ ਸ, ਸ ਰੁ ਗ ਰੁ, ਮ ਪ ਮਗ ਰੁ ਮ ਪ, ਪ ਮ ਗ - ਮ ਗ, ਮ ਗ ਰੁ ਸ, ਨ਼ ਰੁ ਸ।

2) ਸ ਰੁ ਗ ਰੁ ਮ̍ ਪ, ਰੁ ਮ̍ ਪ, ਮ̍ ਪ ਧੁ ਪ, ਪ ਮ̍ ਗ ਮ ਗ, ਮ̍ ਗ ਰੁ ਮ̍ ਪ,
ਮ̍ ਪ ਨ, ਪ ਨ ਧੁ ਪ, ਮ̍ ਪ ਨ ਸੰ, ਨ ਸੰ ਨ, ਨ ਸੰ ਨ ਧੁ ਪ, ਨ ਧੁ ਨ ਸੰ
ਨ, ਧੁ ਪ, ਨ ਧੁ ਪ, ਮ̍ ਪ ਮ̍ ਗ, ਮ ਗ ਮ̍ ਗ, ਰੁ ਸ, ਨ਼ ਧੁ਼ ਨ਼ ਸ, ਨ਼ ਰੁ ਸ।

3) ਮ̍ ਮ̍ ਪ, ਮ̍ ਪ ਨ ਧੁ ਪ, ਨ ਸੰ ਨ ਧੁ ਪ, ਮ̍ ਪ ਨ ਸੰ, ਨ ਰੁੰ ਸੰ,
ਨ ਰੁੰ ਗੰ ਰੁੰ, ਮ̍ੰ ਗੰ ਰੁੰ, ਸੰ ਰੁੰ ਮ̍ੰ ਪੰ, ਮ̍ੰ ਗੰ ਮੰ ਗੰ, ਮ̍ੰ ਗੰ ਰੁੰ ਸੰ, ਸੰ ਨ ਸੰ,
ਨ ਸੰ ਨ ਧੁ ਸੰ ਨ, ਸੰ ਨ ਧੁ ਪ, ਪ ਧੁ ਮ̍ ਪ, ਪ ਮ̍ ਗ - ਮ ਗ ਮ̍ ਗ ਰੁ ਸ
ਨ਼ ਰੁ ਸ।

## ਗਉੜੀ ਮਹਲਾ ੫॥ (੨੦੬-੦੭)

**ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥੧॥ਰਹਾਉ॥ ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ॥ ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥੧॥ ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ॥ ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ॥੨॥ ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ॥ ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ॥੩॥ ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ॥ ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ॥੪॥੭॥੧੨੮॥**

ਪਦ ਅਰਥ:- ਪ੍ਰਾਨ ਅਧਾਰਾ-ਹੇ ਮੇਰੀ ਜਿੰਦ ਦੇ ਆਸਰੇ! ਬਿਧਿ-ਹਾਲਤ। ਸੁਹੇਲੇ-ਸੁਖ ਦੇਣ ਵਾਲੇ। ਅਗਹ-ਅਥਾਹ ਪ੍ਰਭੂ। ਅਤੋਲੇ-ਹੇ ਅਡੋਲ ਪ੍ਰਭੂ! ਬਰਨਿ-ਵਰਨਣ। ਰੰਗਾ-ਚੋਜ। ਗੁਣ ਨਿਧਾਨ-ਹੇ ਗੁਣਾਂ ਦੇ ਖ਼ਜ਼ਾਨੇ! ਜਾਤੇ-ਪਛਾਣਿਆ। ਭ੍ਰਮੁ-ਭਟਕਣਾ। ਭਉ-ਡਰ। ਨਿਹਕੇਵਲ-ਪਵਿੱਤਰ। ਦਰਸਾਰੀ-ਦਰਸਨ ਨਾਲ। ਪਖਾਰਿ-ਧੋ ਕੇ। ਬਾਰਿ ਜਾਉ-ਕੁਰਬਾਨ ਜਾਵਾਂ। ਬਰੀਆ-ਵਾਰੀ। ਭਉਜਲੁ-ਸੰਸਾਰ-ਸਮੁੰਦਰ। ਮਿਰੀਆ-ਮਿਲਿਆ।

## ਰਾਗੁ ਗਉੜੀ ਪੂਰਬੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰੁ | ਗ | ਰੁ | ਸ | ਰ | ਮ̍ | ਪ | ਮ̍ |
| | | | | | | | | ਤੁ | S | ਝ | S | ਬਿ | S | ਨੁ | S |
| ਗ | ਗ | ਮ | ਗ | ਮ̍ | ਗ | ਰੁ | ਸ | ਮ̍ | ਪ | ਧੁ | ਪ | ਨਨ | ਸੰ | ਨ | ਧੁ |
| ਕ | ਵ | ਨੁ | S | ਹ | ਮਾ | ਰਾ | S | ਮੇ | S | ਰੇ | S | ਪ੍ਰੀ | S | ਤ | ਮ |
| ਪਪ | ਮ̍ | ਗ | - | ਮ | ਗ | ਮ̍ਗ | ਰੁਸ | | | | | | | | |
| ਪ੍ਰਾ | S | ਨ | S | ਅ | ਧਾ | ਰਾS | SS | | | | | | | | |
| x | | | | 2 | | | | 0 | | | | 3 | | | |

## ਰਾਗੁ ਗਉੜੀ ਪੂਰਬੀ

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | ਧੁ | ਮ̍ | ਪ | ਨ | ਧੁ | ਪ | ਪ |
| | | | | | | | | ਅੰ | s | ਤ | ਰ | ਕੀ | s | ਥਿ | ਧਿ |
| ਨ | ਨ | ਸੰ | - | ਰੁੰ | ਨ | ਸੰ | - | ਰੁੰ | ਗੰ | ਰੁੰ | ਸੰ | ਨ | ਧੁ | ਪ | - |
| ਤੁ | ਮ | ਹੀ | s | ਜਾ | s | ਨੀ | s | ਤੁ | ਮ | ਹੀ | s | ਸ | ਜ | ਨ | s |
| ਮ̍ | ਗ | - | ਮ | ਗ | ਮ̍ਗ | ਰੁ | ਸ | | | | | | | | |
| ਸੁ | ਹੇ | s | s | ਲੇ | ss | s | s | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1. ਨ਼ਰੁ ਗਰੁ ਮ̍ਪ ਧੁਪ ਮ̍ਗ ਮਗ ਮ̍ਗ ਰੁਸ
2. ਰੁਗ ਰੁਰੁ ਮ̍ਪ ਧੁਪ ਮ̍ਗ ਮਗ ਮ̍ਗ ਰੁਸ
3. ਮ̍ਪ ਧੁਪ ਨਨ ਧੁਪ ਮ̍ਗ ਮਗ ਮ̍ਗ ਰੁਸ
4. ਪਨ ਸੰਨ ਧੁਪ ਮ̍ਗ ਮਗ -ਮ̍ ਗਰੁ ਸ-
5. ਰੁਗ ਰੁਰੁ ਮ̍ਗ ਰੁਸ ਮ̍ਪ ਧੁਪ ਮ̍ਪ ਮ̍ਗ ਨਸੰ ਨਰੁੰ ਨਨ ਧੁਪ
   ਮ̍ਗ ਮਗ ਮ̍ਗ ਰੁਸ
6. ਮ̍ਗ ਰੁਸ ਮ̍ਪ ਧੁਪ ਮ̍ਗ ਰੁਸ ਮ̍ਪ ਧੁਪ ਨਸੰ ਰੁੰਸੰ ਨਨ ਧੁਪ
   ਮ̍ਗ ਮਗ ਮ̍ਗ ਰੁਸ
7. ਨ਼ਰੁ ਗਰੁ ਮ̍ਪ ਧੁਪ ਨਸੰ ਰੁੰਸੰ ਰੁੰਗੰ ਰੁੰਸੰ ਨਰੁੰ ਸੰਨ ਧੁਪ ਮ̍ਪ
   ਮ̍ਗ ਮਗ ਮ̍ਗ ਰੁਸ
8. ਨ਼ਰੁ ਗਰੁ ਸਸ ਮ̍ਪ ਨਨ ਧੁਪ ਨਸੰ ਨਰੁੰ ਸੰਸੰ ਸੰਨ ਧੁਪ ਮ̍ਪ
   ਮ̍ਗ ਮਗ ਮ̍ਗ ਰੁਸ

**ਤਿਹਾਈਆਂ:-**

1. 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਜੋੜ ਕੇ ਸੱਮ ਤੇ ਆਉਣਾ ਹੈ।
2. 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. 9ਵੀਂ ਤੋਂ 8ਵੀਂ ਮਾਤਰ ਦੇ ਇਕ ਪੂਰੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ

13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

4. 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਮ ਕਰਨਾ ਹੈ।

## ਮਹਲਾ ੪ ਗਉੜੀ ਪੂਰਬੀ॥ (੧੬੮-੬੯)

**ਹਰਿ ਦਇਆਲਿ ਦਇਆ ਪ੍ਰਭਿ ਕੀਨੀ ਮੇਰੈ ਮਨਿ ਤਨਿ ਮੁਖਿ ਹਰਿ ਬੋਲੀ॥ ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ॥੧॥ ਅਪੁਨੇ ਹਰਿ ਪ੍ਰਭ ਕੀ ਹਉ ਗੋਲੀ॥ ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ ॥੧॥ ਰਹਾਉ॥ ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ॥ ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ॥੨॥ ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ॥ ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ॥੩॥ ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ॥ ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ ॥੪॥੧॥੧੫॥੫੩॥**

ਪਦ ਅਰਥ:- ਭੀਨੀ-ਭਿੱਜ ਗਈਂ। ਚੋਲੀ-ਹਿਰਦਾ। ਗੋਲੀ-ਦਾਸੀ। ਗੋਲ-ਗੋਲਾ, ਸੇਵਕ। ਅਮੋਲੀ-ਬਿਨਾ ਮੁੱਲ ਦਿੱਤਿਆਂ। ਬਿਬੇਕੁ-ਪਰਖ। ਸਬਾਈ-ਸਾਰੀ ਸ੍ਰਿਸਟੀ ਵਿੱਚ। ਕੋਲੀ-ਕੋਲ। ਨਿਕਟਿ-ਨੇੜੇ। ਅਪਰੰਪਰ-ਪਰੇ ਤੋਂ ਪਰੇ। ਮੋਲੀ-ਮੁੱਲ ਤੋਂ। ਵਡੋਲੀ-ਵਡਾ। ਅਨਦਿਨੁ-ਹਰ ਰੋਜ਼। ਵੇਚੋਲੀ-ਵਿਚੋਲਾ, ਵਕੀਲ।

## ਰਾਗੁ ਗਉੜੀ ਪੂਰਬੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਮ̍ | ਪ | ਨ | - | ਧੁ |
| | | | | | | | | | | | ਅ | ਪੁ | ਨੇ | s | s |
| ਪ | ਪ | ਮ̍ਮ̍ | ਗ | ਮ | ਗ | ਮ̍ਮ̍ | ਗ | ਰੁ | - | ਸ | ਰੁ | ਗ | ਰੁ | - | ਸ |
| ਹ | ਰਿ | ਪ੍ਰ | ਭ | ਕੀ | s | ਹਉ | s | ਗੋ | s | ਲੀ | ਜ | ਬ | ਹ | s | ਮ |
| ਰੁ | ਰੁ | ਮ̍ | ਪ | ਨ | ਧੁ | ਪ | ਮ̍ | ਗ | ਮ | ਗ | ਮ̍ | ਪ | ਨ | - | ਸੰ |
| ਹ | ਰਿ | ਸੇ | ਤੀ | ਮ | ਨੁ | ਮਾ | ਨਿ | ਆ | s | s | ਕ | ਰਿ | ਦੀ | s | ਨੋ |
| ਨ | ਧੁ | ਪ | - | ਗ | ਮ | ਗ | ਮ̍ | ਗ | ਰੁ | ਸ | | | | | |
| ਜ | ਗ | ਤੁ | s | ਸ | ਭੁ | ਗੋ | ਲ | ਅ | ਮੋ | ਲੀ | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਮ॑ | ਪ | ਨ | - | - |
| | | | | | | | | | | | ਹ | S | ਰਿ | S | S |
| ਸੰਸੰ | ਸੰ | ਰੁੰ | ਸੰ | ਰੁੰਰੁੰ | ਗੰ | ਰੁੰਰੁੰ | ਸੰ | ਨ | ਧੁ | ਪ | ਨ | ਸੰ | ਨ | - | - |
| ਦਇ | ਆ | ਲਿ | S | ਦਇਆ | | ਪ੍ਰ | ਭਿ | ਕੀ | S | ਨੀ | ਮੇ | S | ਰੈ | S | S |
| ਧੁ | ਪ | ਮ॑ | ਗ | ਗ | ਮ | ਗ | ਮ॑ | ਗ | ਰੁ | ਸ | | | | | |
| ਮ | ਨਿ | ਤ | ਨਿ | ਮੁ | ਖਿ | ਹ | ਰਿ | ਬੋ | S | ਲੀ | | | | | |
| x | | | | 2 | | | | 0 | | | | 3 | | | |

## ਗਉੜੀ ਪੂਰਬੀ॥ (੩੩੭)

**ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥੧॥ ਰਮਈਆ ਗੁਨ ਗਾਈਐ॥ ਜਾ ਤੇ ਪਾਈਐ ਪਰਮ ਨਿਧਾਨੁ॥੧॥ ਰਹਾਉ॥ ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ॥ ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ॥੨॥ ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥ ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥੩॥ ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ॥ ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ॥੪॥੧॥੧੨॥੬੩॥**

ਪਦ ਅਰਥ:- ਸੁਰਗ ਬਾਸੁ-ਸੁਰਗ ਦਾ ਵਾਸਾ। ਬਾਛੀਐ-ਖ਼ਾਹਸ਼ ਕਰੀਏ, ਤਾਂਘ ਰਖੀਏ। ਨਰਕਿ-ਨਰਕ ਵਿਚ। ਮਨਹਿ-ਮਨ ਵਿਚ। ਰਮਈਆ-ਸੋਹਣਾ ਰਾਮ। ਪਰਮ-ਸਭ ਤੋਂ ਉੱਚਾ। ਨਿਧਾਨੁ-ਖ਼ਜ਼ਾਨਾ। ਕਿਆ-ਕਿਸ ਅਰਥ? ਸੰਜਮੋ-ਮਨ ਅਤੇ ਇੰਦਰੀਆਂ ਨੂੰ ਰੋਕਣ ਦਾ ਯਤਨ। ਸੰਪੈ-ਸੰਪਤ, ਰਾਜ-ਭਾਗ। ਹਰਖੀਐ-ਖੁਸ਼ ਨ ਹੋਈਐ। ਬਿਪਤਿ-ਬਿਪਤਾ, ਮੁਸੀਬਤ। ਬਿਧਿ ਨੇ-ਪ੍ਰਮਾਤਮਾ ਨੇ। ਮਝਾਰਿ-ਵਿਚ। ਜਿਹ ਘਟ-ਜਿਨ੍ਹਾਂ ਦੇ ਹਿਰਦੇ ਵਿਚ।

## ਰਾਗੁ ਗਉੜੀ ਪੂਰਬੀ ਸੂਲ ਤਾਲ ਮਾਤਰਾਂ-10 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰੁ | ਮ॑ਮ॑ | ਪ | ਧੁ | ਮ॑ | ਪ | ਨ | - | ਧੁ | ਪ |
| ਰ | ਮਈ | ਆ | S | ਗੁ | ਨ | ਗਾ | S | ਈ | ਐ |
| ਪ | ਮ॑ | ਗਰੁ | ਮ | ਗ | ਗ | ਮ॑ | ਗ | ਰੁ | ਸ |
| ਜਾ | ਤੇ | ਪਾਈ | ਐ | ਪ | ਰ | ਮ | ਨਿ | ਧਾ | ਨੁ |
| x | | 0 | | 2 | | 3 | | 0 | |

## ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਧੁ | ਮ' | ਪ | ਨ | ਨ | ਸੰ | ਰੁੰ | ਨ | ਸੰ |
| ਸੁ | ਰ | ਗ | ਬਾ | S | ਸੁ | ਨ | ਬਾ | ਛੀ | ਐ |
| ਸੰ | ਸੰ | ਰੁੰ | ਰੁੰ | ਨ | ਸੰ | ਨ | ਧੁ | ਪ | ਪ |
| ਡ | ਰੀ | ਐ | ਨ | ਨ | ਰ | ਕਿ | ਨਿ | ਵਾ | ਸੁ |
| ਰੁੰ | ਗੰ | ਰੁੰ | ਸੰ | ਸੰ | - | ਨ | ਨ | ਧੁ | ਪ |
| ਹੋ | ਨਾ | ਹੈ | S | ਸੋ | S | ਹੋ | ਈ | ਹੈ | S |
| ਪ | ਮ'ਮ' | ਗ | - | ਮ | ਗ | ਮ' | ਗ | ਰੁ | ਸ |
| ਮ | ਨਹਿ | ਨ | S | ਕੀ | S | ਜੈ | S | ਆ | ਸ |
| x | | 0 | | 2 | | 3 | | 0 | |

**ਤਾਨਾਂ:-**

| | | | | | | | | | | |
|---|---|---|---|---|---|---|---|---|---|---|
| 1. | ਨਰੁ | ਗਰੁ | ਮ'ਪ | ਧੁਪ | ਨਨ | ਧੁਪ | ਮ'ਗ | ਮਗ | ਮ'ਗ | ਰੁਸ |
| 2. | ਸਰੁ | ਗਰੁ | ਮ'ਪ | ਧੁਪ | ਨਸੰ | ਨਨ | ਧੁਪ | ਮ'ਗ | ਮਗ | ਰੁਸ |
| 3. | ਮ'ਪ | ਨਸੰ | ਨਨ | ਧੁਪ | ਮ'ਪ | ਮ'ਗ | ਮਗ | ਮ'ਗ | ਰੁਰੁ | ਸਸ |
| 4. | ਨਸੰ | ਨਨ | ਧੁਪ | ਮ'ਪ | ਪਧੁ | ਮ'ਪ | ਮ'ਗ | ਮਗ | ਮ'ਗ | ਰੁਸ |

**ਤਿਹਾਈਆਂ:-**

1. ਪਹਿਲੀ ਤੋਂ ਛੇਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਫਿਰ 5ਵੀਂ ਤੋਂ 6ਵੀਂ ਮਾਤਰ ਨੂੰ ਦੋ ਵਾਰ ਹੋਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀਆਂ 4 ਮਾਤਰਾਂ ਦੇ ਟੁਕੜੇ ਨੂੰ ਦੁਗੁਨ ਵਿੱਚ ਪਹਿਲੀਆਂ ਦੋ ਮਾਤਰਾਂ ਤੇ ਲੈ ਕੇ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. ਪਹਿਲੀਆਂ 4 ਮਾਤਰਾਂ ਦੁਗੁਨ ਵਿੱਚ ਪਹਿਲੀ-ਦੂਜੀ ਮਾਤਰ ਤੇ ਲੈ ਕੇ ਫਿਰ 5ਵੀਂ ਤੋਂ 10ਵੀਂ ਮਾਤਰ ਦੇ 6 ਮਾਤਰਾਂ ਦੇ ਟੁਕੜੇ ਨੂੰ ਤੀਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

## ਗਉੜੀ ੧੩॥ (੩੩੮)

ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ॥ ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥੧॥ ਬੰਦੇ ਬੰਦਗੀ ਇਕਤੀਆਰ॥ ਸਾਹਿਬੁ ਰੋਸੁ ਧਰਉ ਕਿ ਪਿਆਰੁ॥੧॥ ਰਹਾਉ॥ ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ॥ ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ॥੨॥੧੮॥੬੯॥

## ਰਾਗੁ ਗਉੜੀ ਪੂਰਬੀ

ਪਦ ਅਰਥ:- ਫੁਰਮਾਨੁ-ਹੁਕਮ। ਸਿਰੈ ਊਪਰਿ-ਸਿਰ ਉੱਤੇ ਹੀ। ਫਿਰਿ-ਫਿਰ ਕੇ, ਉਲਟ ਕੇ। ਦਰੀਆ-ਸੰਸਾਰ-ਸਮੁੰਦਰ। ਕਰੀਆ-ਮਲਾਹ। ਤੁਝੈ ਤੇ-ਤੈਥੋਂ ਹੀ। ਨਿਸਤਾਰ-ਪਾਰ-ਉਤਾਰਾ। ਇਕਤਿਆਰ-ਇਖ਼ਤਿਆਰ ਕਰ। ਰੋਸੁ-ਗੁੱਸਾ। ਧਰਉ-ਬੇਸ਼ੱਕ ਧਰੇ। ਕਿ-ਜਾਂ। ਫੂਲੁ-ਫੁੱਲ। ਜਈ ਹੈ-ਜੀਉ ਪੈਂਦਾ ਹੈ, ਖਿੜ ਪੈਂਦਾ ਹੈ। ਨਾਰਿ-ਪਾਣੀ।ਜੀਆਇ-ਜਿਵਾਲ, ਜ਼ਿੰਦਾ ਰੱਖ। ਭਾਵੈ-ਭਾਵੇਂ, ਚਾਹੇ।

### ਰਾਗੁ ਗਉੜੀ ਪੂਰਬੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰੁ | ਗ | ਰੁ | ਮੰ | ਪ | ਮੰ | ਗ | ਮ | ਗ | ਮੰਗ | ਰੁ | ਸ |
| ਬੰ | ਦੇ | S | ਬੰ | ਦ | ਗੀ | ਇ | ਕ | ਤੀ | ਆS | S | ਰ |
| ਮੰ | ਪ | ਨ | ਸੰ | ਨ | ਨ | ਧੁ | ਪਪ | ਮੰ | ਗ | ਮ | ਗ |
| ਸਾ | ਹਿ | ਬੁ | ਰੋ | S | ਸੁ | ਧ | ਰਉ | ਕਿ | ਪਿ | ਆ | ਰੁ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮੰਮੰ | ਪ | ਧੁ | ਪ | ਨ | ਨ | ਸੰ | ਸੰ | - | ਨ | ਰੁੰ | ਸੰ |
| ਫੁਰ | ਮਾ | ਨੁ | ਤੇ | S | ਰਾ | ਸਿ | ਰੈ | S | ਊ | ਪ | ਰਿ |
| ਨ | ਧੁ | ਪ | ਮੰ | ਗ | ਗ | ਮ | ਗ | ਮੰ | ਗ | ਰੁ | ਸ |
| ਫਿ | ਰਿ | ਨ | ਕ | ਰ | ਤ | ਬੀ | ਚਾ | S | ਰ | S | S |
| x | | 0 | | 2 | | 0 | | 3 | | 4 | |

**ਤਾਨਾਂ:-**

1. ਸਰੁ ਗਰੁ ਮੰਪ ਧੁਪ ਮੰਪ ਨਸੰ ਨਨ ਧੁਪ ਮੰਗ ਮਗ ਮੰਗ ਰੁਸ
2. ਮੰਪ ਨਨ ਧੁਪ ਮੰਪ ਨਸੰ ਨਨ ਧੁਪ ਮੰਪ ਧੁਪ ਮੰਗ ਮਗ ਰੁਸ
3. ਮੰਪ ਨਸੰ ਰੁੰਸੰ ਰੁੰਗੰ ਰੁੰਸੰ ਨਸੰ ਨਨ ਧੁਪ ਗਮ ਗਗ ਮੰਗ ਰੁਸ

**ਤਿਹਾਈਆਂ:-**

1. ਪਹਿਲੀ ਤੋਂ ਛੇਵੀਂ ਮਾਤਰ ਤਕ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ ਚੌਥੀ ਤੋਂ 6ਵੀਂ ਮਾਤਰ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
2. ਚੌਥੀ ਮਾਤਰ ਤੇ ਮੰਪ ਲਗਾਉਣਾ ਹੈ। ਤੀਜੀ ਮਾਤਰ ਤੇ 'ਬੰ' ਤੇ ਚੌਥੀ ਮਾਤਰ 'ਦਗੀ' ਦਾ ਉਚਾਰਨ ਕਰਨਾ ਹੈ। ਪਹਿਲੀ ਮਾਤਰ ਤੋਂ ਚੌਥੀ ਮਾਤਰ ਦੇ ਇਸ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਪੂਰਬੀ ਰਵਿਦਾਸ ਜੀਉ ੴ ਸਤਿਗੁਰ ਪ੍ਰਸਾਦਿ॥ (੩੪੬)

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥੧॥ ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥੧॥ਰਹਾਉ॥ ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥ ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥੨॥ ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥ ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥੩॥੧॥**

ਪਦ ਅਰਥ:- ਕੂਪੁ-ਖੂਹ। ਦਾਦਿਰਾ-ਡੱਡੂ। ਬਿਦੇਸੁ-ਪਰਦੇਸ। ਬੂਝ-ਸਮਝ, ਵਾਕਫ਼ੀਅਤ। ਬਿਖਿਆ-ਮਾਇਆ। ਬਿਮੋਹਿਆ-ਚੰਗੀ ਤਰ੍ਹਾਂ ਮੋਹਿਆ ਹੋਇਆ। ਆਰਾ ਪਾਰੁ-ਉਰਲਾ ਤੇ ਪਾਰਲਾ ਬੰਨਾ। ਨਾਇਕਾ-ਹੇ ਮਾਲਕ! ਮਲਿਨ-ਮੈਲੀ। ਮਾਧਵਾ-ਹੇ ਪ੍ਰਭੂ! ਗਤਿ-ਹਾਲਤ। ਪਾਵਹਿ ਨਹੀ-ਅੰਤ ਨਹੀਂ ਪਾ ਸਕਦੇ। ਤੁਅ-ਤੇਰੇ। ਕਹੁ-ਆਖ, ਬਿਆਨ ਕਰ।

### ਰਾਗੁ ਗਉੜੀ ਪੂਰਬੀ ਆਡਾ ਚਾਰਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਮ̍ | ਪ | ਪ | ਨ | ਧੁ | ਪ | ਮ̍ | ਗ | ਮ | ਗ | ਮ̍ | ਗ | ਰੁ | ਸ |
| ਸ | ਗ | ਲ | ਭ | ਵ | ਨ | ਕੇ | S | ਨਾ | ਇ | ਕਾ | S | S | S |
| ਨ | ਸੰ | ਨ | ਧੁ | ਪ | ਪ | ਮ̍ | ਪ | ਗ | ਮ | ਗ | ਮ̍ਗ | ਰੁ | ਸ |
| ਇ | S | ਕੁ | ਛਿ | S | ਨੁ | ਦ | ਰ | ਸੁ | S | ਦਿ | ਖਾS | ਇ | ਜੀ |
| x | | 2 | | 0 | | 3 | | 0 | | 4 | | 0 | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਮ̍ | ਪ | ਨ | ਧੁ | ਪ | ਪ | ਮ̍ | ਪ | ਨ | ਸੰ | ਨ | ਰੁੰ | ਸੰ | - |
| ਕੂ | S | ਪੁ | ਭ | ਰਿ | ਓ | ਜੈ | S | ਸੇ | S | ਦਾ | ਦਿ | ਰਾ | S |
| ਰੁੰ | ਗੰ | ਰੁੰ | ਸੰ | ਨ | ਧੁ | ਪ | ਮ̍ | ਗ | ਮ | ਗ | ਮ̍ਗ | ਰੁ | ਸ |
| ਕ | S | ਛੁ | ਦੇ | S | ਸੁ | ਬਿ | ਦੇ | ਸੁ | ਨ | ਬੂ | SS | ਝ | S |
| x | | 2 | | 0 | | 3 | | 0 | | 4 | | 0 | |

ਤਾਨਾਂ:-

1. ਰੁਗ ਰੁਸ ਮ̍ਪ ਪਮ̍ ਪਪ ਮ̍ਪ ਧੁਪ ਮ̍ਪ ਨਨ ਧੁਪ ਮ̍ਪ ਗਮ ਗਗ ਰੁਸ
2. ਸਰੁ ਗਰੁ ਮ̍ਪ ਧੁਪ ਨਨ ਧੁਪ ਨਸੰ ਰੁੰਸੰ ਨਨ ਧੁਪ ਮ̍ਗ ਮਗ ਮ̍ਗ ਰੁਸ

ਰਾਗੁ ਗਉੜੀ ਪੂਰਬੀ

3. ਮੰਪ ਨਸੰ ਰੁੰਗੰ ਰੁੰਸੰ ਨਨ ਧੁਪ ਮੰਪ ਧੁਪ ਮੰਪ ਮੰਗ ਮਗ ਮੰਗ
 ਰੁਰੁ ਸਸ

ਤਿਹਾਈਆਂ:-

1. ਪਹਿਲੀ ਤੋਂ 6ਵੀਂ ਮਾਤਰ ਦੇ ਟੁਕੜੇ ਨੂੰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਚੌਥੀ ਤੋਂ 6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 8ਵੀਂ ਮਾਤਰ ਸੱਮ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 7ਵੀਂ-8ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 7ਵੀਂ ਤੋਂ 14ਵੀਂ ਮਾਤਰ ਦੇ 8 ਮਾਤਰਾਂ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ। ਪਹਿਲਾਂ ਪਹਿਲੀ ਤੋਂ 6ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਤੋਂ ਚੌਥੀ ਮਾਤਰ ਤੇ ਮੰ ਪਪ ਨ ਧੁਪ ਸਵਰਾਂ ਤੇ ਸ ਗਲ ਭ ਵਨ ਲੈਣਾ ਹੈ।

## ਗਉੜੀ ਪੂਰਬੀ ਮਹਲਾ ੫॥ (੨੧੩)

ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ॥ ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ॥੧॥ਰਹਾਉ॥ ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ॥ ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ॥੧॥ ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ॥ ਸੇਵਿ ਸੁਆਮੀ ਸਤਿਗੁਰੁ ਦਾਤਾ ਮਨ ਬੰਛਤ ਫਲ ਆਈਐ॥੨॥ ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ॥ ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ॥੩॥ ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ॥ ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ॥੪॥੧੫॥੧੫੩॥

ਪਦ ਅਰਥ:-ਰਤਨ ਜਨਮੁ-ਕੀਮਤੀ ਮਨੁੱਖਾ ਜਨਮ। ਸਾਸ-ਸਾਹ। ਗ੍ਰਾਸ-ਗ੍ਰਾਸ, ਗ੍ਰਾਹੀਆਂ। ਜਮ ਬੰਧ-ਜਮਾਂ ਦੇ ਬੰਧਨ ਤੋਂ। ਇਸਟੁ-ਪਿਆਰਾ। ਸੁਤ-ਪੁੱਤਰ। ਪਾਲੈ-ਪੱਲੇ। ਬਿਨਸੇ-ਮਿਟ ਗਏ। ਅੰਦੇਸਾ-ਫ਼ਿਕਰ। ਕਲੇਸਾ-ਦੁਖ-ਕਲੇਸ਼।

## ਰਾਗੁ ਗਉੜੀ ਪੂਰਬੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰੁਰੁ | ਮੰਮੰ | ਪਪ | ਧੁਧੁ | ਪਪ | ਮੰ | ਗ | ਮਗ | ਮੰਗ | ਰੁਸ |
| ਮੇਰੇ | ਮਨ | ਗੁਰੁ | ਗੁਰੁ | ਗੁਰੁ | ਸ | ਦ | ਕਰੀ | ਐS | SS |

| | | | | | | | | | | |
|---|---|---|---|---|---|---|---|---|---|---|
| ਨ਼ਸ | ਨ਼ | ਸ | ਰੁਗ | ਰੁ | ਮ̍ਮ̍ | ਪ | ਮ̍ਪ | ਧੁ | ਪ | |
| ਰਤ | ਨ | ਜ | ਨS | ਮੁ | ਸਫ | ਲੁ | ਗੁਰਿ | ਕੀ | ਆ | |
| ਨ | ਸੰ | ਨ | ਧੁ | ਪਪ | ਮ̍ | ਗਮ | ਗ | ਮ̍ਗ | ਰੁਸ | |
| ਦ | ਰ | ਸ | ਨ | ਕਉ | ਬ | ਲਿS | ਹ | ਰੀS | ਐS | |
| x | | 2 | | | 0 | | 3 | | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਧੁ | ਮ̍ | ਪ | ਨ | ਸੰਸੰ | ਸੰ | ਰੁੰਰੁੰ | ਨ | ਸੰ |
| ਜੇ | ਤੇ | ਸਾ | S | ਸ | ਗੁਾ | ਸ | ਮਨੁ | ਲੇ | ਤਾ |
| ਰੁੰ | ਰੁੰ | ਗੰ | ਰੁੰ | ਸੰ | ਨ | ਸੰ | ਨ | ਧੁ | ਪ |
| ਤੇ | ਤੇ | ਹੀ | S | S | ਗੁ | ਨ | ਗਾ | ਈ | ਐ |
| ਪਪ | ਪਧੁ | ਮ̍ | ਪ | ਨ | ਸੰਸੰ | ਸੰਸੰ | ਰੁੰ | ਨ | ਸੰ |
| ਜਉ | ਹੋਇ | ਦੈ | ਆ | ਲੁ | ਸਤਿ | ਗੁਰੁ | ਅ | ਪੁ | ਨਾ |
| ਨਸੰ | ਨਨ | ਧੁ | ਪ | ਮ̍ਗ | ਮ | ਗ | ਮ̍ਗ | ਰੁ | ਸ |
| ਤਾS | ਇਹ | ਮ | S | ਤਿS | ਬੁ | ਧਿ | ਪਾS | ਈ | ਐ |
| x | | 2 | | | 0 | | 3 | | |

**ਤਾਨਾਂ:-**

1. ਸਰੁਗਰੁ ਮ̍ਪਧੁਪ ਮ̍ਪਨਨ ਧੁਪਮ̍ਪ ਮ̍ਪਨਸੰ ਨਨਧੁਪ ਮ̍ਪਧੁਪ ਮ̍ਪਮ̍ਗ
   ਮਗਮ̍ਗ ਰੁਸਨ਼ਸ
2. ਮ̍ਪਧੁਪ ਮ̍ਪਮ̍ਗ ਗਮਗਗ ਮ̍ਗਰੁਸ ਮ̍ਪਨਸੰ ਰੁੰਗੰਰੁੰਸ ਨਸੰਨਨ ਧੁਪਮ̍ਪ
   ਮ̍ਗਮਗ ਮ̍ਗਰੁਸ
3. ਰੁਗਰੁਸ ਮ̍ਪਮ̍ਗ ਰੁਗਰੁਸ ਮ̍ਪਨਨ ਸੰਰੁੰਨਸੰ ਨਨਧੁਪ ਮ̍ਪਨਨ ਸੰਨਧੁਪ
   ਮ̍ਗਮਗ ਮ̍ਗਰੁਸ

**ਤਿਹਾਈਆਂ:-**

1. ਪਹਿਲੀ ਮਾਤਰ ਤੇ 'ਮੇਰੇ ਮਨ' ਦਾ ਉਚਾਰਨ ਫਿਰ ਤੀਜੀ ਤੋਂ ਪੰਜਵੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਰਾਗੁ ਗਉੜੀ ਪੂਰਬੀ

2. ਪਹਿਲੀ ਤੋਂ 5ਵੀਂ ਮਾਤਰ ਬਰਾਬਰ ਲੈ ਕੇ 6ਵੀਂ ਮਾਤਰ ਤੇ ਮੰਪਧੁਪ ਤੇ ਮੇਰੇਮਨ ਦਾ ਉਚਾਰਨ ਫਿਰ ਇਕ ਮਾਤਰ ਬਿਸਰਾਮ ਤੇ 'ਮੇਰੇਮਨ' ਫਿਰ ਬਿਸਰਾਮ ਤੇ 'ਮੇਰੇਮਨ' ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 10ਵੀਂ ਮਾਤਰ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## (ਗਉੜੀ ਸੁਖਮਨੀ ਮ: ੫) (੨੭੬)

ਸਲੋਕੁ॥ ਕਰਣ ਕਾਰਨ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥

### ਰਾਗੁ ਗਉੜੀ ਪੂਰਬੀ ਚਾਰ ਤਾਲ ਮਾਤਰਾਂ-12 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਧੁ | ਪ | ਨ | ਸਂ | ਨ | ਧੁਧੁ | ਪ | ਮੰਗ | ਮਗ | ਰੁ | ਸ |
| ਕ | ਰ | ਣ | ਕਾ | ਰ | ਣ | ਪ੍ਰ | S | ਭੁS | ਏS | ਕੁ | ਹੈ |
| ਸ | ਰੁ | ਰੁਮੰ | ਪ | ਨ | ਧੁਪ | ਮੰ | ਗ | ਮਗ | ਮੰਗ | ਰੁ | ਸ |
| ਦੂ | ਸ | ਰS | ਨਾ | S | ਹੀS | ਕੋ | S | SS | ਇS | S | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਮੰ | ਪ | ਧੁ | ਪ | ਨ | ਸਂ | - | ਸਂ | ਰੁਂ | ਰੁਂ | ਸਂ |
| ਨਾ | ਨ | ਕ | ਤਿ | S | ਸੁ | ਬ | S | ਲਿ | ਹਾ | ਰ | ਣੈ |
| ਰੁਂਗਂ | ਰੁਂ | ਸਂ | ਨ | ਧੁ | ਪ | ਮੰਗ | ਮ | ਗ | ਮੰਗ | ਰੁ | ਸ |
| ਜS | S | ਲਿ | ਥ | S | ਲਿ | ਮਹੀ | ਅ | ਲਿ | ਸੋS | S | ਇ |
| x | | 0 | | 2 | | 0 | | 3 | | 4 | |

**ਲੈਅਕਾਰੀਆਂ:-**

ਇਕਗੁਨ-ਦੁਗੁਨ- ਅਸਥਾਈ ਪੂਰੀ ਇਕ ਗੁਨ ਵਿਚ ਲੈਕੇ ਫਿਰ ਪਹਿਲੀ ਲਾਈਨ ਦੀ ਦੁਗੁਨ 6 ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ 7ਵੀਂ ਮਾਤਰ ਤੋਂ ਦੁਗੁਨ ਵਿੱਚ ਦੋ ਵਾਰ 6 ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

ਦੁਗੁਨ-ਚੌਗੁਨ- ਅਸਥਾਈ ਦੇ ਪਹਿਲੇ ਚੱਕਰ ਨੂੰ ਦੁਗੁਨ 6 ਮਾਤਰਾਂ ਵਿਚ ਲੈ ਕੇ ਫਿਰ ਇਸ ਚੱਕਰ ਦੀ ਚੌਗੁਨ ਤਿੰਨ ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਚੌਗੁਨ ਵਿਚ ਦੋ ਵਾਰ ਤਿੰਨ ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

ਤਿਗੁਨ - ਤਿੰਨ ਮਾਤਰਾਂ ਦੀ ਇਕ ਮਾਤਰ ਬਣਾ ਕੇ ਅਸਥਾਈ ਦੇ ਪਹਿਲੇ ਚੱਕਰ ਦੀ ਤਿਗੁਨ 4 ਮਾਤਰਾਂ ਵਿਚ ਫਿਰ ਇਸ ਚੱਕਰ ਨੂੰ ਦੁਬਾਰਾ 4 ਮਾਤਰਾਂ ਵਿਚ ਲੈ ਕੇ ਫਿਰ 7ਵੀਂ ਤੋਂ 12ਵੀਂ ਮਾਤਰ ਦੀ ਦੋ ਵਾਰ ਤਿਗੁਨ 4 ਮਾਤਰਾਂ ਵਿਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

ਤਿਗੁਨ-ਛੇਗੁਨ- ਅਸਥਾਈ ਦੇ ਦੋਹਾਂ ਚੱਕਰਾਂ ਨੂੰ ਤਿਗੁਨ ਵਿਚ 8 ਮਾਤਰਾਂ ਵਿੱਚ ਲੈ ਕੇ ਫਿਰ ਪਹਿਲੇ ਚੱਕਰ ਦੀ ਛੇਗੁਨ 2 ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰ ਦਾ ਟੁਕੜਾ ਦੋ ਵਾਰ ਛੇਗੁਨ ਵਿਚ 2 ਮਾਤਰਾਂ ਵਿਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

## ਗਉੜੀ ਮਹਲਾ ੫॥ (੨੦੪)

**ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥ ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥੧॥ਰਹਾਉ॥ ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥੧॥ ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥੨॥੨॥੧੧੯॥**

ਪਦ ਅਰਥ:- ਮਿਲਬੇ ਕਉ-ਮਿਲਨ ਵਾਸਤੇ। ਅਰਪਉ-ਹਵਾਲੇ ਕਰਾਂ। ਮਤਿ-ਚਤਰਾਈ। ਵਿਰਾਗੀ-ਬਉਰੀ। ਕਰਮ-ਭਲੇ ਕਰਮ। ਅੰਕੁਰ-ਅੰਗੂਰ। ਪ੍ਰਗਟੇ-ਉਘੜ ਪਏ। ਰਸਿਕ-ਰਸ ਮਾਨਣ ਵਾਲਾ। ਬੈਰਾਗੀ-ਨਿਰਲੇਪ। ਸੋਈ-ਸੁਤੀ ਹੋਈ।

## ਰਾਗੁ ਗਉੜੀ ਪੂਰਬੀ ਪੰਚਮ ਸਵਾਰੀ ਤਾਲ ਮਾਤਰਾਂ-15 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|
| ਰੁ | ਗਰੁ | -ਸ | ਰੁ | ਰੁ | ਮ | ਪਪ | ਮਪ | ਧੁਪ | ਮ | ਗ | ਮ | ਗ | ਮਗ | ਰੁਸ |
| ਪ੍ਰ | Sਭ | SS | ਮਿ | ਲ | ਬੇ | ਕਉ | ਪ੍ਰੀ | ਤਿS | ਮ | ਨਿ | ਲਾ | S | ਗੀS | SS |
| ਰੁ- | -ਮ | -ਪ | ਧੁ | ਪਪ | ਮ | ਪ | ਨਸੰ | ਨ | ਧੁਧੁ | ਪ | ਮ | ਮ | ਪ | - |
| ਪਾ | Sਇ | SS | ਲ | ਗਉ | ਮੋ | ਹਿ | ਕS | S | ਰਉ | S | ਬੇ | ਨ | ਤੀ | S |
| ਨ | -ਸੰ | -ਸੰ | ਨ | ਧੁ | ਪ | - | ਮ | ਗ | ਗ | ਮ | ਗ | ਮਗ | ਰੁ | ਸ |
| ਕੋ | Sਊ | SS | ਸੰ | S | ਤੁ | S | ਮਿ | ਲੈ | ਬ | ਡ | ਭਾ | SS | ਗੀ | S |
| X | | | 2 | | | | 3 | | | | 4 | | 5 | |

## ਅੰਤਰਾ

| | | | | | | | | | | | | | | |
|---|---|---|---|---|---|---|---|---|---|---|---|---|---|---|
| ਮ̍ | ਪਧੁ | -ਪ | ਨ | ਨ | ਸੰਸੰ | - | ਸੰ | ਰੁੰ | ਨ | ਸੰਸੰ | ਰੁੰ | ਰੁੰਗੰ | ਰੁੰ | ਸੰ |
| ਮ | Sਨੁ | SS | ਅ | ਰ | ਪਉ | S | ਧ | ਨੁ | ਰਾ | ਖਉ | ਆ | SS | ਗੈ | S |
| ਸੰ | ਰੁੰਨ | -ਸੰ | ਨ | ਧੁ | ਪ | ਪ | ਪਧੁ | ਮ̍ਪ | ਮ̍ | ਗ | ਗਮ | ਗ | ਮ̍ਗ | ਰੁਸ |
| ਮ | Sਨ | Sਕੀ | ਮ | ਤਿ | ਮੋ | ਹਿ | ਸS | ਗS | ਲ | S | ਤਿS | ਆ | ਗੀS | SS |
| X | | | 2 | | | | 3 | | | | 4 | | 5 | |

ਤਾਨਾਂ:-

1. ਰੁਗਰੁਰੁ ਮ̍ਪਮ̍ਗ ਮਗਮ̍ਗ ਰੁਰੁਸਸ ਮ̍ਪਧੁਪ ਨਨਧੁਪ ਨਸੰਨਨ ਰੁੰਗੰਰੁੰਸੰ
   ਨਰੁੰਸੰਸੰ ਨਨਧੁਪ ਪਨਧੁਪ ਮ̍ਪਮ̍ਗ ਗਮਗਗ ਮ̍ਗਰੁਸ ਨੁਰੁਸਸ
2. ਸਰੁਗਰੁ ਮ̍ਗਰੁਸ ਸਰੁਗਰੁ ਮ̍ਪਧੁਪ ਮ̍ਗਰੁਸ ਸਰੁਗਰੁ ਮ̍ਪਧੁਪ ਨਸੰਰੁੰਸੰ
   ਨਨਧੁਪ ਮ̍ਗਰੁਸ ਰੁੰਗੰਰੁੰਸੰ ਨਨਧੁਪ ਮ̍ਪਮ̍ਗ ਗਮਗਗ ਮ̍ਗਰੁਸ

ਤਿਹਾਈਆਂ:-

1. ਸੱਮ ਤੋਂ ਪਹਿਲੀ ਤੋਂ 7ਵੀਂ ਮਾਤਰ ਦੇ ਟੁਕੜੇ ਨੂੰ ਬਰਾਬਰ ਲੈ ਕੇ ਫਿਰ ਚੌਥੀ ਤੋਂ ਸੱਤਵੀਂ ਮਾਤਰ ਨੂੰ ਦੋ ਵਾਰ ਹੋਰ ਗਾ ਕੇ ਸੱਮ ਤੇ ਆਉਣਾ ਹੈ।
2. ਸੱਮ ਤੋਂ ਪਹਿਲੀ ਤੋਂ 9ਵੀਂ ਮਾਤਰ ਦੇ ਟੁਕੜੇ ਨੂੰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 8ਵੀਂ-9ਵੀਂ ਮਾਤਰ ਦਾ ਟੁਕੜਾ ਫਿਰ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. ਛੇਵੀਂ ਮਾਤਰ ਤੇ 6ਵੀਂ-7ਵੀਂ ਮਾਤਰ ਦਾ 'ਬੇਕਉ' ਉਚਾਰਨ ਕਰਨਾ ਹੈ। ਪਹਿਲੀ ਤੋਂ 6ਵੀਂ ਮਾਤਰ ਬਰਾਬਰ ਲੈ ਕੇ ਫਿਰ 8ਵੀਂ ਤੋਂ 15ਵੀਂ ਮਾਤਰ ਦਾ ਟੁਕੜਾ ਸੱਤਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**(ਗਉੜੀ ਮਹਲਾ ੩॥) (੨੪੪-੪੫)**

**ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥ ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ॥ ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ॥ ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ॥ ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ॥੪॥੨॥**

ਪਦ ਅਰਥ:- ਨਿਮਾਣੀ-ਆਜਿਜ਼। ਹਾਵੈ-ਹਾਹੁਕੇ ਵਿੱਚ। ਕਾਮਣਿ-ਜੀਵ-ਇਸਤਰੀ।

## ਰਾਗੁ ਗਉੜੀ ਪੂਰਬੀ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਨਨ | ਸੰ | ਨ | ਧੁਧੁ | ਪਪ | ਮ॑ | ਗ | ਮਮ | ਗ | ਗ | ਮ॑ | ਗਗ | ਰੁ | ਸ |
| ਮਿਲੁ | ਮੇ | ਰੇ | ਪ੍ਰੀ | ਤਮਾ | ਜੀ | ਉ | ਤੁਧੁ | ਬਿ | ਨੁ | ਖ | ਰੀਨਿ | ਮਾ | ਣੀ |
| ਰੁ | ਮ॑ | ਪ | ਧੁ | ਪਪ | ਮ॑ਮ॑ | ਪਪ | ਗ | ਮ | ਗ | ਮ॑ਮ॑ | ਗ | ਰੁ | ਸ |
| ਮੈ | ਨੈ | ਣੀ | ਨੀ | ਦਨ | ਆਵੈ | ਜੀਉ | ਭਾ | ਵੈ | S | ਅੰਨੁ | ਨ | ਪਾ | ਣੀ |
| x | | | 2 | | | | 0 | | | 3 | | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਮ॑ਮ॑ | ਪ | ਪ | ਨ | - | ਸੰ | ਸੰ | ਸੰ | ਰੁੰ | ਸੰ | ਨ | ਰੁੰ | ਸੰ | - |
| ਪਾਣੀਅੰ | | ਨੁ | ਨ | S | ਭਾ | ਵੈ | ਮ | ਰੀ | ਐ | ਹਾ | S | ਵੈ | S |
| ਨ | ਸੰ | ਨ | ਧੁ | - | ਪ | - | ਮ॑ਮ॑ | ਗ | ਗ | ਮ | ਗ | ਮ॑ਗ | ਰੁਸ |
| ਬਿ | ਨੁ | S | ਪਿ | S | ਰ | S | ਕਿਉ | ਸੁ | ਖੁ | ਪਾ | ਈ | ਐS | SS |
| x | | | 2 | | | | 0 | | | 3 | | | |

(ਥਿਤੀ ਗਉੜੀ ਮਹਲਾ ੫॥ ਸਲੋਕ॥)

ਸਲੋਕ॥ ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥ ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥੨॥

## ਰਾਗੁ ਗਉੜੀ ਪੂਰਬੀ ਦਾਦਰਾ ਤਾਲ ਮਾਤਰਾਂ-6 ਮੱਧ ਲੈਅ

| ਅਸਥਾਈ | | | | | | ਅੰਤਰਾ | | | | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| ਰੁ | ਗਗ | ਰੁ | ਮ॑ | ਪ | ਪ | ਮ॑ਮ॑ | ਪ | ਨ | ਸੰ | ਨ | ਸੰ |
| ਕ | ਰਉ | S | ਬੰ | ਦ | ਨਾ | ਭ੍ਰ | S | ਮੁ | ਕ | ਟੀ | ਐ |
| ਮ॑ | ਗਮ | ਗ | ਮ॑ਗ | ਰੁ | ਸ | ਨ | ਰੁੰ | ਸੰ | ਰੁੰਗੰ | ਰੁੰ | ਸੰ |
| ਅ | ਨਿS | ਕ | ਵਾS | S | ਰ | ਨਾ | ਨ | ਕ | ਸਾਧ | ਸੰ | ਗਿ |
| ਮ॑ | ਪ | ਨ | ਧੁ | ਪਪ | - | ਨ | ਸੰ | ਨ | ਧੁ | ਧੁ | ਪ |
| ਸ | ਰ | ਨਿ | ਪ | ਰਉ | S | ਦੁ | ਤੀ | ਆ | ਭਾ | ਉ | S |
| ਮ॑ | ਗ | ਮ | ਗ | ਰੁ | ਸ | ਮ॑ਗ | ਮ | ਗ | ਮ॑ਗ | ਰੁ | ਸ |
| ਹ | S | ਰਿ | ਰਾ | S | ਇ | ਮਿS | ਟਾ | S | ਇS | S | S |
| x | | | 0 | | | x | | | 0 | | |

# ੮-ਰਾਗੁ ਗਉੜੀ ਮਾਝ

ਰਾਗੁ ਗਉੜੀ ਮਾਝ ਦਾ ਸਰੂਪ ਰਾਗੁ ਗਉੜੀ ਤੇ ਰਾਗੁ ਮਾਝ ਦੇ ਮਿਸ਼ਰਨ ਤੋਂ ਮੰਨਿਆ ਗਿਆ ਹੈ। ਭਾਰਤੀ ਸੰਗੀਤ ਵਿੱਚ ਰਾਗ ਗਉੜੀ ਦਾ ਸਰੂਪ ਭੈਰਵ ਅੰਗ ਤੇ ਪੂਰਵੀ ਅੰਗ ਦਾ ਪ੍ਰਚਾਰ ਵਿੱਚ ਹੈ ਪਰ ਰਾਗ ਮਾਝ ਦਾ ਵਰਨਣ ਘੱਟ ਹੀ ਮਿਲਦਾ ਹੈ। ਰਾਗੁ ਗਉੜੀ ਤੇ ਰਾਗੁ ਮਾਝ ਦਾ ਵਿਸ਼ੇਸ਼ ਵਰਨਣ 'ਗੁਰਮਤਿ ਸੰਗੀਤ ਦਰਪਣ' ਭਾਗ ਪਹਿਲਾ ਵਿੱਚ ਪਹਿਲਾਂ ਹੀ ਦਿੱਤਾ ਜਾ ਚੁੱਕਿਆ ਹੈ। ਰਾਗੁ ਗਉੜੀ ਮਾਝ ਦੇ ਮਿਸ਼ਰਤ ਸਰੂਪ ਬਾਰੇ ਭਾਰਤੀ ਸੰਗੀਤ ਦੇ ਗ੍ਰੰਥਕਾਰਾਂ ਨੇ ਜ਼ਿਕਰ ਨਹੀਂ ਕੀਤਾ ਹੈ ਪਰ ਗੁਰਮਤਿ ਸੰਗੀਤ ਦੇ ਕੁਝ ਗ੍ਰੰਥਕਾਰਾਂ ਨੇ ਆਪਣੇ ਗ੍ਰੰਥਾਂ ਵਿਚ ਇਸ ਰਾਗ ਬਾਰੇ ਵਰਨਣ ਦਿੱਤਾ ਹੈ ਤੇ ਸ਼ਬਦ ਬੰਦਸ਼ਾਂ ਦੀ ਸਵਰ ਰਚਨਾਵਾਂ ਵੀ ਦਿੱਤੀਆਂ ਹਨ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-ਚੌਥਾ ਵਿੱਚ ਗਉੜੀ ਮਾਝ ਨੂੰ ਮਾਰਵਾ ਥਾਟ ਦਾ ਰਾਗ ਮੰਨਿਆ ਹੈ। ਉਹਨਾਂ ਨੇ 'ਮਨ-ਲਕਸ਼ ਸੰਗੀਤ' ਨਾਮਕ ਗ੍ਰੰਥ ਦੇ ਮਾਰਵਾ ਥਾਟ ਦੇ ਲਲਿਤ ਗਉੜੀ ਜੋ ਭਟਿਆਰ ਗਉੜੀ ਦਾ ਸਰੂਪ ਬਣਦਾ ਹੈ, ਉਸ ਨੂੰ ਹੀ ਗਉੜੀ ਮਾਝ ਮੰਨਿਆ ਹੈ। ਇਸ ਵਿਚ ਦੋਨੋਂ ਮਧਿਅਮ ਦੋਨੋਂ ਧੈਵਤ, ਦੋਨੋਂ ਨਿਸ਼ਾਦ ਹੋਰ ਸਵਰ ਸ਼ੁਧ ਹਨ। ਆਰੋਹ ਤੇ ਅਵਰੋਹ ਵਕਰ ਸੰਪੂਰਨ ਹੈ, ਵਾਦੀ ਪੰਚਮ ਤੇ ਸੰਵਾਦੀ ਸ਼ੜਜ ਹੈ। ਗਉਣ ਦਾ ਸਮਾਂ ਜ਼ਿਆਦਾ ਕਰਕੇ ਸਵੇਰ ਦਾ ਹੈ ਪਰ ਦੋਨੋਂ ਟਾਈਮ ਵੀ ਗਾਇਆ ਜਾ ਸਕਦਾ ਹੈ। ਆਰੋਹ- ਸ, ਨ਼ ਰੁ ਗ ਮੰ ਪ ਗ, ਮ ਧੁ ਨ ਰੁੰ ਸੰ। ਅਵਰੋਹ- ਸੰ ਨ ਧੁ ਪ, ਪ ਨੁ ਧ ਪ, ਮੰ ਪ, ਗ ਮ, ਪ ਗ ਰੁ ਸ। ਪਕੜ- ਨ਼ ਰੁ ਗ ਮ, ਪ ਗ ਰੁ ਸ, ਮੰ ਪ ਧੁ ਨ ਪ ਧ ਮ, ਪ ਗ ਰੁ ਸ। ਪ੍ਰਿੰਸੀਪਲ ਦਿਆਲ ਸਿੰਘ ਦੇ 'ਗੁਰਮਤਿ ਸੰਗੀਤ ਸਾਗਰ' ਭਾਗ-ਤੀਜਾ ਅਨੁਸਾਰ ਗਉੜੀ ਮਾਝ ਦੇ ਸਰੂਪ ਵਿੱਚ ਦੋਨੋ ਰਿਸ਼ਭ ਦੋਨੋ ਗੰਧਾਰ, ਦੋਨੋਂ ਧੈਵਤ ਤੇ ਦੋਨੋਂ ਨਿਸ਼ਾਦ ਹੋਰ ਸਵਰ ਸ਼ੁਧ ਦਾ ਪ੍ਰਯੋਗ ਹੈ। ਜਾਤੀ ਵਕਰ-ਸੰਪੂਰਨ, ਸ਼ੜਜ-ਪੰਚਮ ਦਾ ਸੰਵਾਦ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਵਿਸ਼ੇਸ਼- ਰ-ਪ, ਪ-ਗੁ ਤੇ ਗੁ-ਸ ਦੀ ਸਵਰ-ਸੰਗਤੀ। ਆਰੋਹ- ਸ, ਰੁ ਗ ਮ, ਪ ਧੁ ਮ ਪ, ਨ ਸੰ, ਜਾਂ ਮ ਪ ਧੁ ਨ ਸੰ। ਅਵਰੋਹ- ਸੰ ਨੁ ਧ ਪ, ਮ ਪ ਗ ਮ, ਰ ਪ ਗੁਰ ਗੁ - ਸ। ਪਕੜ- ਸ, ਰੁ ਗ ਮ, ਪ ਧੁ ਪ, ਮ ਪ ਗ ਮ, ਰਪ, ਗੁਰ ਗੁਸ ਨ਼ਧੁਨ਼, ਰੁ ਸ। 'ਪ੍ਰਾਚੀਨ ਰੀਤ ਰਤਨਾਵਲੀ' ਭਾਗ-ਪਹਿਲਾ ਦੇ ਕਰਤਾ ਭਾਈ ਅਵਤਾਰ ਸਿੰਘ ਭਾਈ ਗੁਰਚਰਨ

ਸਿੰਘ ਨੇ ਗਉੜੀ ਮਾਝ ਰਾਗ ਵਿਚ ਇਕ ਬੰਦਸ਼ ਦਿੱਤੀ ਹੈ। ਸਵਰ ਸ਼ੁਧ ਤੇ ਵਿਕਰਤ ਸਾਰੇ ਹੀ ਪ੍ਰਯੋਗ ਕੀਤੇ ਹਨ। ਦੋਨਾਂ ਰਾਗਾਂ ਦਾ ਮਿਸ਼ਰਨ ਹੈ ਤੇ ਨਿਖਾਦ ਬਹੁਤ ਸਪਸ਼ਟ ਹੈ ਅਤੇ ਪੰਚਮ ਤੇ ਵੀ ਜ਼ੋਰ ਰਹਿੰਦਾ ਹੈ। ਉਹਨਾਂ ਨੇ ਇਸ ਬੰਦਸ਼ ਵਿੱਚ ਆਰੋਹ ਵਿੱਚ ਗਉੜੀ ਪੂਰਬੀ ਅੰਗ ਮਧਿਅਮ ਤੀਵਰ ਦਾ ਪ੍ਰਯੋਗ ਹੀ ਕੀਤਾ ਹੈ। ਪ੍ਰੋ. ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਇਸ ਰਾਗ ਵਿਚ ਸਾਰੇ ਸ਼ੁਧ ਤੇ ਵਿਕਰਤ ਭਾਵ ੧੨ ਸਵਰਾਂ ਦਾ ਪ੍ਰਯੋਗ ਹੈ। ਜਾਤੀ ਵਕਰ- ਸੰਪੂਰਨ, ਥਾਟ-ਉਪਥਾਟ ਪੱਧਤੀ ਅਨੁਸਾਰ ਇਹ ਰਾਗ ਪੂਰਵੀ ਤੇ ਖਮਾਜ ਥਾਟ ਦੇ ਅੰਤਰਗਤ ਆਉਂਦਾ ਹੈ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ, ਰੁ ਰੁਰੁ ਮ̍ ਪ, ਮ̍ਪ ਧੁ ਪ, ਮ̍ ਪ ਨ ਸੰ। ਅਵਰੋਹ- ਸੰ ਨੁ ਧ ਪ, ਧੁ ਪ ਮ̍ਪ, ਮ ਗ, ਮ ਗੁ ਰ ਸ, ਨ਼ ਧ਼ੁ ਸ ਨ਼ ਰੁ ਸ। ਮੁਖ ਅੰਗ- ਸ, ਰੁ ਮ̍ ਪ, ਧੁ ਪ ਮ̍ ਪ, ਮ ਗ, ਮ ਗੁ ਰ ਸ, ਨ਼ ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਗਉੜੀ ਮਾਝ ਦਾ ਸਰੂਪ ਇਸ ਪ੍ਰਕਾਰ ਹੈ। ਥਾਟ-ਖਮਾਜ, ਜਾਤੀ-ਸ਼ਾੜਵ-ਵਕਰ ਸੰਪੂਰਨ, ਵਾਦੀ-ਰਿਸ਼ਭ, ਸੰਵਾਦੀ-ਪੰਚਮ ਤੇ ਸਮਾਂ-ਦਿਨ ਦਾ ਚੌਥਾ ਪਹਿਰ। ਆਰੋਹ- ਸ ਗ ਮ ਰ ਪ, ਰ ਮ ਪ ਨ ਸੰ। ਅਵਰੋਹ-ਸੰ ਧ ਨੁ ਪ, ਮ ਪ ਧ ਧ ਮ ਗ ਮ ਰ, ਰ ਗੁ ਰ ਸ। ਮੁਖ ਅੰਗ- ਸ ਗ ਮ ਰ ਰ ਪ, ਰ ਮ ਪ, ਮ ਪ ਧ ਪ ਮ ਗ, ਮ ਰ ਰ ਗ ਸ ਰ ਸ, ਸ ਰ ਸ ਨ਼ ਨ਼ ਸ, ਧ਼ ਨ਼ੁ ਪ਼ ਨ਼ ਸ।

ਰਾਗੁ ਗਉੜੀ ਮਾਝ ਵਿੱਚ ਗਉੜੀ (ਪੂਰਵੀ ਅੰਗ) ਤੇ ਮਾਝ (ਖਮਾਜ ਅੰਗ) ਦਾ ਮਿਸ਼ਰਨ ਹੈ। ਸ਼ੁਧ ਤੇ ਵਿਕਰਤ ਸਾਰੇ ਸਵਰ ਪ੍ਰਯੋਗ ਹੁੰਦੇ ਹਨ। ਆਰੋਹ ਵਿਚ ਗਉੜੀ ਤੇ ਅਵਰੋਹ ਵਿਚ ਮਾਝ ਜੋੜਿਆ ਗਿਆ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਗਉੜੀ ਮਾਝ ਦੇ ਪ੍ਰਵਾਣਿਤ ਸਰੂਪ ਵਿਚ ਦੋਨੋਂ ਰਿਸ਼ਭ, ਦੋਨੋਂ ਗੰਧਾਰ, ਦੋਨੋਂ ਮਧਿਅਮ, ਦੋਨੋ ਧੈਵਤ ਤੇ ਦੋਨੋਂ ਨਿਸ਼ਾਦ ਦਾ ਪ੍ਰਯੋਗ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਗਉੜੀ ਮਾਝ ਦਾ ਇਹੀ ਸਰੂਪ ਦਿੱਤਾ ਗਿਆ ਹੈ ਤੇ ਇੱਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਉੜੀ ਮੁਖ ਰਾਗ ਦੇ ਪ੍ਰਕਾਰਾਂ ਵਿੱਚ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਤੇ ਫਿਰ ਗਉੜੀ ਦੇ ਮਿਸ਼ਰਤ ਰਾਗਾਂ ਵਿਚ ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ ਤੋਂ ਬਾਦ ਗਉੜੀ ਮਾਝ ਵਿਚ ਬਾਣੀ ਦੀ ਰਚਨਾ ਹੈ। ਸ਼ਬਦ ਰਚਨਾ ਇਸ ਪ੍ਰਕਾਰ ਹੈ। ਰਾਗੁ ਗਉੜੀ ਮਾਝ ਮਹਲਾ ੪ ਪੰਨਾ ੧੭੨ ਤੋਂ ੧੭੫ ਸ਼ਬਦ ਅੰਕ ॥੪॥੧॥੨੭॥੬੫॥ ਤੋਂ ॥੪॥੬॥੨੦॥੧੮॥੩੨॥੭੦॥ ਛੇ ਸ਼ਬਦ ਹਨ। ਰਾਗੁ ਗਉੜੀ ਮਾਝ ਮਹਲਾ ੫ ਪੰਨਾ ੨੧੬ ਤੋਂ ੨੧੮ ਸ਼ਬਦ ਅੰਕ ॥੫॥੧॥੧੬੬ ਤੋਂ ॥੪॥੩॥੧੬੮॥ ਤਿੰਨ ਸ਼ਬਦ ਫਿਰ ਰਾਗੁ ਗਉੜੀ ਮਾਝ ਮਹਲਾ ੫

## ਰਾਗੁ ਗਉੜੀ ਮਾਝ

ਸ਼ਬਦ ਅੰਕ ।।੪।।੧।।੧੬੯।। ਤੋਂ ।।੪।।੪।।੧੭੨।। ਚਾਰ ਸ਼ਬਦ ਤੇ ਪੰਨਾ ੨੪੦ ਤੋਂ ੨੪੧ ਰਾਗੁ ਗਉੜੀ ਮਾਝ ਮਹਲਾ ੫ ਸ਼ਬਦ ਅੰਕ ।।੮।।੧੨।। ਇਕ ਸ਼ਬਦ, ਇਹ ੮ ਸ਼ਬਦ ਹਨ।

**ਪਰੀਚੇ:-**

ਰਾਗੁ - ਗਉੜੀ ਮਾਝ

ਥਾਟ - ਉਪਥਾਟ ਪਧਤੀ ਅਨੁਸਾਰ - ਪੂਰਵੀ ਤੇ ਖਮਾਜ ਥਾਟ

ਸਵਰ - ਸਾਰੇ ਸ਼ੁਧ ਤੇ ਸਾਰੇ ਵਿਕਰਤ (੧੨ ਸਵਰ) ਵਰਜਿਤ ਸਵਰ - ਕੋਈ ਨਹੀਂ

ਜਾਤੀ - ਸੰਪੂਰਨ ਵਾਦੀ - ਪੰਚਮ

ਸੰਵਾਦੀ - ਸ਼ੜਜ ਸਮਾਂ - ਸ਼ਾਮ

ਆਰੋਹ - ਸ ਰੁ ਗ ਰੁ, ਮ ਪ ਧੁ ਪ, ਨ ਸੰ

ਅਵਰੋਹ - ਸੰ ਨੁ ਧ ਪ, ਧ ਮ ਗ ਮ, ਰ ਪ ਗੁ, ਰ ਗੁ ਸ ਰ ਨ਼ ਸ

ਮੁੱਖ ਅੰਗ - ਰੁ ਗ ਰੁ, ਮ ਪ ਧੁ ਪ, ਨੁ ਧ ਪ ਮ ਗ ਮ, ਰ ਪ ਗੁ ਰ ਸ ਰ ਨ਼ ਸ

**ਸਵਰ ਵਿਸਥਾਰ:-**

1) ਸ, ਰੁ ਗ ਰੁ, ਸ ਨ਼ ਸ, ਨੁ਼ ਧ਼ ਪ਼, ਮ਼ ਪ਼ ਧੁ਼ ਪ਼, ਨ਼ ਸ, ਰੁ ਗ ਰੁ, ਮ ਪ, ਮ ਪ ਧੁ ਪ, ਧ ਮ ਗ ਮ ਰ, ਪ ਗੁ ਰ ਗੁ ਸ ਰ ਨ਼ ਸ, ਸ, ਰੁ ਗ ਰੁ, ਸ ਨ਼ ਸ।
2) ਸ ਰੁ ਗ ਰੁ, ਰੁ ਗ ਰੁ ਮ ਪ, ਮ ਪ ਧੁ ਪ, ਧ ਮ ਗ ਮ ਰ ਪ ਨੁ ਧ ਪ, ਮ ਪ ਨ ਸੰ, ਸੰ ਨੁ ਧ ਪ, ਮ ਪ ਧੁ ਮ ਪ, ਧ ਮ ਗ ਮ ਰ ਪ ਗੁ, ਸ ਰ ਨ਼ ਸ।
3) ਪ ਮ ਪ, ਮ ਪ ਧੁ ਪ, ਮ ਪ ਨ ਸੰ, ਰੁੰ ਗੰ ਰੁੰ ਸੰ, ਰੁੰ ਮੰ ਪੰ, ਧੰ ਮੰ ਗੰ ਮੰ, ਰੰ ਪੰ ਗੁੰ ਸੰ ਰੰ ਨ ਸੰ, ਸੰ ਨੁ ਧ ਪ, ਮ ਪ ਧੁ ਪ, ਨੁ ਧ ਪ, ਮ ਗ ਮ, ਰ ਪ ਗੁ ਸ ਰ ਨ਼ ਸ।

### ਗਉੜੀ ਮਾਝ ਮਹਲਾ ੫॥ (੨੧੮)

**ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ॥ ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ॥੧॥ਰਹਾਉ॥ ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ॥ ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ॥੧॥ ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ॥ ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ॥੨॥ ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥ ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ॥੩॥ ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ॥ ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ॥੪॥੪॥੧੭੨॥**

ਪਦ ਅਰਥ:- ਜਿੰਦੂ-ਹੇ ਮੇਰੀ ਜਿੰਦ! ਸੇਤੀ-ਨਾਲ। ਸਾਦ-ਸੁਆਦ। ਫਿਟੁ-ਫਿਟਕਾਰ-ਯੋਗ। ਅੰਚਲੁ-ਪੱਲਾ। ਗਹਿ ਕੈ-ਫੜ ਕੇ। ਸਾਧ-ਗੁਰੂ। ਉਧਰੈ-ਬਚ ਜਾਂਦਾ ਹੈ। ਬੰਧੁ-ਸੰਬੰਧੀ। ਥੇਹੁ-ਪਿੰਡ, ਵੱਸੋਂ। ਨਿਧਾਨ-ਖ਼ਜ਼ਾਨੇ। ਜਾਚਕੁ-ਮੰਗਤਾ।

## ਰਾਗੁ ਗਉੜੀ ਮਾਝ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰੁ | ਗ | ਰੁ | - | ਮ | ਪ | ਧੁ | ਪ |
| | | | | | | | | ਮੀ | S | ਠੇ | S | ਹ | ਰਿ | ਗੁ | ਣ |
| ਰ | ਪ | ਗੁ | - | ਰਗੁ | ਸਰ | ਨ਼ | ਸ | ਮ | ਪ | ਧੁ | ਪ | ਨ | ਸਂ | ਨੁ | ਧ |
| ਗਾ | S | ਉ | S | ਜਿੰS | ਦੂS | ਤੂੰ | S | ਮੀ | S | ਠੇ | S | ਹ | S | ਰਿ | S |
| ਪ | ਧ | ਮ | ਗਮ | ਰਪ | ਗੁ | ਸਰ | ਨ਼ਸ | | | | | | | | |
| ਗੁ | S | ਣ | SS | ਗਾSS | | ਉS | SS | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਮਪ | ਧੁ | ਪ | ਨ | - | ਸਂ | - |
| | | | | | | | | ਸ | SS | ਚੇ | S | ਸੇ | S | ਤੀ | S |
| ਰੁਂ | ਗਂ | ਰੁਂ | ਸਂ | ਸਂ | ਨੁ | ਧ | ਪ | ਮ | ਪ | ਧੁ | ਪ | ਸਂ | ਨੁ | ਧ | ਪ |
| ਰ | S | ਤਿ | S | ਆ | S | S | S | ਮਿ | ਲਿ | ਆ | S | ਨਿ | ਥਾ | ਵੇ | S |
| ਧਮ | ਗਮ | ਰਪ | ਗੁ | ਰਗੁ | ਸਰ | ਨ਼ | ਸ | | | | | | | | |
| ਥਾS | SS | SS | S | ਉS | SS | S | S | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਰੁਗ ਰੁਸ ਰੁਮ ਪਪ ਮਪ ਗੁ- ਸਰ ਨ਼ਸ
2) ਰੁਮ ਪਧੁ ਮਪ ਧਮ ਗਮ ਗੁ- ਸਰ ਨ਼ਸ
3) ਰੁਮ ਪਨ ਸਂਨੁ ਧਪ ਮਗ ਮਗੁ ਸਰ ਨ਼ਸ
4) ਮਪ ਨਸਂ ਨੁਧ ਪਧ ਮਪ ਗੁ- ਸਰ ਨ਼ਸ
5) ਪਧੁ ਮਪ ਨਸਂ ਨੁਧ ਪਮ ਪਗੁ ਸਰ ਨ਼ਸ
6) ਮਪ ਨਸਂ ਨੁਧ ਪਮ ਗਮ ਗੁ- ਸਰ ਨ਼ਸ
7) ਰੁਗ ਰੁਸ ਰੁਮ ਪਪ ਪਧੁ ਮਪ ਨਸਂ ਰੁਂਸਂ ਨੁਨੁ ਧਪ ਪਧ ਮਪ
   ਗੁ- ਸਰ ਨ਼ਨ਼ ਸ-
8) ਮਪ ਧੁਪ ਨਨ ਸਂਸਂ ਰੁਂਗਂ ਰੁਂਸਂ ਨੁਨੁ ਧਪ ਪਧ ਮਪ ਮਗ ਮ-
   ਰਪ ਗੁ- ਸਰ ਨ਼ਸ

## ਰਾਗੁ ਗਉੜੀ ਮਾਝ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਜੋੜ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ ਚੌਥੀ ਮਾਤਰ ਦੇ 12 ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਦੋ ਵਾਰ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 8ਵੀਂ ਮਾਤਰ ਦੇ ਪੂਰੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### ਗਉੜੀ ਮਹਲਾ ੫ ਮਾਂਝ ॥ (੨੧੮)

**ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥ ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ॥੧॥ ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ॥ ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ॥੨॥ ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ॥੩॥ ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ॥ ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ॥੪॥੨॥੧੭੦॥**

ਪਦ ਅਰਥ:- ਦੁਖ ਭੰਜਨੁ-ਦੁਖਾਂ ਦਾ ਨਾਸ ਕਰਨ ਵਾਲਾ। ਘਟਿ-ਹਿਰਦੇ ਵਿਚ। ਜਮ ਕੰਕਰੁ-ਜਮਦੂਤ। ਸੁਰਤਿ-ਸੂਝ। ਨ ਜਾਪੈ ਆਰਾਧਿ-ਮੈਨੂੰ ਤੇਰੇ ਨਾਮ ਦਾ ਆਰਾਧਨ ਕਰਨਾ ਨਹੀਂ ਸੁੱਝਦਾ। ਅਗਮ-ਹੇ ਅਪਹੁੰਚ ਪ੍ਰਭੂ! ਅਗਾਧਿ-ਹੇ ਅਥਾਹ ਪ੍ਰਭੂ! ਗੁਸਾਈਆ-ਸ੍ਰਿਸ਼ਟੀ ਦਾ ਮਾਲਕ। ਦਯੁ-ਦਇਆਲੂ। ਗੁਰਿ ਤੁਠੈ-ਜੇ ਗੁਰੂ ਤਰੁੱਠ ਪਏ।

### ਰਾਗੁ ਗਉੜੀ ਮਾਝ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰੁ | ਗ | ਰੁ | ਮ | ਪ | ਪ | ਪਧ | ਮਗ | ਮ | ਗੁ | ਸਰ | ਨ਼ਸ |
| ਦੁ | ਖ | S | ਭੰ | ਜ | ਨੁ | ਤੇS | SS | ਰਾ | ਨਾ | ਮੁS | ਜੀS |
| ਰੁ | ਮ | ਪ | ਨ | ਨ | ਸੰ | ਨ | ਸੰ | ਨੁ | ਧ | ਪ | ਪ |
| ਦੁ | ਖ | S | ਭੰ | ਜ | ਨੁ | ਤੇ | S | ਰਾ | S | ਨਾ | ਮੁ |
| ਮ | ਪ | ਮ | ਪ | ਨ | ਨ | ਸੰਨੁ | ਧ | ਪ | ਨ | - | ਸੰ |
| ਆ | S | ਠ | ਪ | ਹ | ਰ | ਆS | ਰਾ | ਧੀ | ਐ | S | S |
| ਸੰ | ਨੁ | ਧ | ਪਪ | ਮ | ਪ | ਮਗ | ਮ | ਗੁ | ਸਰ | ਨ਼ | ਸ |
| ਪੂ | ਰ | ਨ | ਸਤਿ | ਗੁ | ਰ | ਗਿS | ਆ | S | ਨੁS | S | S |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮੰਮੰ | ਪ | ਪ | ਮੰ | ਪ | ਨ | ਸਂ | - | ਸਂ | ਗਂਗਂ | ਸਂਰਂ | ਨਸਂ |
| ਜਿਤੁ | ਘ | ਟਿ | ਵ | ਸੈ | S | ਪਾ | S | ਰ | ਬ੍ਰ | ਹS | ਮੁS |
| ਨ | ਸਂ | - | ਨੁ | ਧ | ਪ | ਮ | ਗ | ਮ | ਗੁ | ਸਰ | ਨ਼ਸ |
| ਸੋ | ਈ | S | ਸੁ | ਹਾ | ਵਾ | ਥਾ | S | S | ੳ | SS | SS |
| X | | 0 | | 2 | | 0 | | 3 | | 4 | |

**ਤਾਨਾਂ:-**

1) ਰੁਗ ਰੁਸ ਰੁਮੰ ਪਪ ਮੰਪ ਨਸਂ ਨੁਨੁ ਧਪ ਗੁ- ਸਰ ਨ਼ਨ਼ ਸ-

2) ਰੁਮੰ ਪਪ ਮੰਪ ਨਸਂ ਨੁਨੁ ਧਪ ਪਧ ਮਪ ਗੁ- ਸਰ ਨ਼ਨ਼ ਸ-

3) ਰੁਮੰ ਪਧੁ ਮੰਪ ਨਸਂ ਨੁਨੁ ਧਪ ਮਗ ਮ- ਗੁ- ਰਗੁ ਸਰ ਨ਼ਸ

**ਤਿਹਾਈਆਂ:-**

1) ਪਹਿਲੀ ਤੋਂ ਛੇਵੀਂ ਮਾਤਰ ਬੰਦਸ਼ ਅਨੁਸਾਰ ਲੈ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਲੈ ਕੇ ਸੱਮ ਤੇ ਆਉਣਾ ਹੈ।

2) ਚੌਥੀ ਮਾਤਰ ਦੇ ਸਵਰ ਤੇ - ਦਾ ਪ੍ਰਯੋਗ ਤੇ ਸ਼ਬਦ ਵਿਚ S ਦਾ ਪ੍ਰਯੋਗ ਕਰਨਾ ਹੈ। ਇਸ ਤਰ੍ਹਾਂ ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਦੁ ਖ S S ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਮ ਕਰਨਾ ਹੈ।

## ਗਉੜੀ ਮਾਝ ਮਹਲਾ ੫॥ (੨੧੮)

ਹਰਿ ਰਾਮ ਰਾਮ ਰਾਮ ਰਾਮਾ॥ ਜਪਿ ਪੂਰਨ ਹੋਏ ਕਾਮਾ॥੧॥ਰਹਾਉ॥ ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ॥ ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰੁ॥੧॥ ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ॥ ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ॥੨॥ ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ॥ ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ॥੩॥ ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ॥ ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ॥੪॥੩॥੧੭੧॥

ਪਦ ਅਰਥ:- ਜਸੁ-ਸਿਫਤਿ-ਸਾਲਾਹ। ਜੀਵੀਐ-ਆਤਮਕ ਜੀਵਨ ਮਿਲਦਾ ਹੈ। ਭਵਜਲੁ-ਸੰਸਾਰ-ਸਮੁੰਦਰ। ਸਾਧੂ ਸੰਗਿ-ਗੁਰੂ ਦੀ ਸੰਗਤਿ ਵਿਚ। ਉਧਾਰੁ-ਬਚਾਉ। ਰਾਸਿ-ਸਰਮਾਇਆ। ਉਬਰੇ-ਬਚ ਨਿਕਲਦੇ ਹਨ।

## ਰਾਗੁ ਗਉੜੀ ਮਾਝ

### ਰਾਗੁ ਗਉੜੀ ਮਾਝ ਫਰੋਦਸਤ ਤਾਲ ਮਾਤਰਾਂ-14 ਮੱਧ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਮੰ | ਪ | ਧੁ | ਪ | ਪਨ | ਸੰ | ਨੁਧ | ਪ | ਰ | ਪ | ਗੁ | ਰਗੁ | ਸਰ | ਨੁਸ |
| ਹ | ਰਿ | ਰਾ | ਮ | ਰਾS | S | ਮS | S | ਰਾ | S | ਮ | ਰਾS | SS | ਮਾS |
| ਰੁ | ਗ | ਰੁ | - | ਮੰ | ਪ | ਧੁ | ਪ | ਸੰ | ਨੁ | ਧਪ | ਰਗੁ | ਸਰ | ਨੁਸ |
| ਜ | S | ਪਿ | S | ਪੂ | S | ਰ | ਨ | ਹੋ | S | ਏS | ਕਾS | SS | ਮਾS |
| X | | 0 | | 2 | | 3 | | 4 | | | 5 | | |

#### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਮੰ | ਪ | ਧੁ | ਪਪ | ਨ | ਨ | ਸੰ | ਸੰ | ਰੁੰਗੰ | ਰੁੰ | ਸੰਸੰ | ਨੁ | ਧ | ਪਪ |
| ਰਾ | ਮ | ਗੋ | ਬਿੰਦ | ਜ | ਪੇ | ਦਿ | ਆ | ਹੋS | ਆ | ਮੁਖੁ | ਪ | ਵਿ | ਤ੍ਰੁ |
| ਸੰ | ਨੁ | ਧ | ਪ | ਪਧ | ਮਪ | ਗੁਗੁ | ਰ | ਗੁ | ਸ | ਰ | ਨੁ | ਸ | ਸਸ |
| ਹ | ਰਿ | ਜ | ਸੁ | ਸੁਣੀ | ਐS | ਜਿਸ | ਤੇ | ਸੋ | ਈ | ਭਾ | ਈ | ਮਿ | ਤ੍ਰੁ |
| X | | 0 | | 2 | | 3 | | 4 | | | 5 | | |

**ਤਾਨਾਂ:-**

1) ਰੁਗ ਰੁਸ ਰੁਮੰ ਪਪ ਮੰਪ ਧੁਪ ਮੰਪ ਨਸੰ ਨੁਨੁ ਧਪ ਮਪ ਗੁ- ਸਰ ਨੁਸ
2) ਮੰਪ ਨਸੰ ਰੁੰਗੰ ਰੁੰਸੰ ਨੁਨੁ ਧਪ ਮੰਪ ਨਸੰ ਨੁਨੁ ਧਪ ਮਪ ਗੁ- ਸਰ ਨੁਸ
3) ਮੰਪ ਮੰਪ ਧੁਪ ਮੰਪ ਨਸੰ ਨਸੰ ਨੁਨੁ ਧਪ ਮਗ ਮ- ਰਪ ਗੁ- ਸਰ ਨੁਸ

**ਤਿਹਾਈਆਂ:-**

1) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ 14ਵੀਂ ਮਾਤਰ ਦਾ ਇਕ ਚੱਕਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 9ਵੀਂ ਤੋਂ 14ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) ਪਹਿਲੀ ਤੋਂ 8ਵੀਂ ਮਾਤਰ ਬਰਾਬਰ ਲੈ ਕੇ ਫਿਰ 2 ਮਾਤਰਾਂ ਬਿਸਰਾਮ ਫਿਰ 9ਵੀਂ ਤੋਂ 14ਵੀਂ ਮਾਤਰ ਦੇ 6 ਮਾਤਰਾਂ ਦੇ ਟੁਕੜੇ ਨੂੰ 11ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

## ਗਉੜੀ ਮਹਲਾ ੫ ਮਾਝ॥ (੨੧੭)

**ਆਉ ਹਮਾਰੈ ਰਾਮ ਪਿਆਰੇ ਜੀਉ॥ ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ॥ ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ॥ ਤੁਧੁ ਬਿਨੁ ਕਿਤੁ ਬਿਧਿ ਤਰੀਐ ਜੀਉ॥੧॥ ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ॥ ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ॥ ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ॥ ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ॥੨॥ ਚਰਣ ਪਖਾਰਿ ਕਰੀ ਨਿਤ ਸੇਵਾ ਜੀਉ॥ ਪੂਜਾ ਅਰਚਾ ਬੰਦਨ ਦੇਵਾ ਜੀਉ॥ ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ॥ ਬਿਨਉ ਠਾਕੁਰ ਪਹਿ ਕਹੀਐ ਜੀਉ॥੩॥ ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ॥ ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ॥ ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ॥ ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ॥੪॥੨॥੧੬੭॥**

ਪਦ ਅਰਥ:- ਹਮਾਰੈ-ਮੇਰੇ ਹਿਰਦੇ-ਘਰ ਵਿਚ। ਰੈਣਿ-ਰਾਤ। ਸਾਸਿ ਸਾਸਿ- ਹਰੇਕ ਸਾਹ ਦੇ ਨਾਲ। ਚਿਤਾਰੇ-ਮੈਂ ਤੈਨੂੰ ਯਾਦ ਕਰਦਾ ਹਾਂ। ਸੰਤ ਦੇਉ-ਮੈਂ ਸੰਤਾਂ ਨੂੰ ਦੇਂਦਾ ਹਾਂ। ਸੰਦੇਸਾ-ਸਨੇਹਾ। ਪੈ-ਪੈ ਕੇ। ਸੰਗਿ ਤੁਮਾਰੈ-ਤੇਰੀ ਸੰਗਤਿ ਵਿਚ। ਵਣਿ ਤਿਣਿ-ਸਾਰੀ ਬਨਸਪਤੀ ਵਿਚ। ਤ੍ਰਿਭਵਣਿ-ਤਿੰਨਾਂ ਭਵਨਾਂ ਵਾਲੇ ਸੰਸਾਰ ਵਿਚ। ਬਿਗਸੰਦਾ-ਖਿੜਿਆ ਹੋਇਆ। ਪਖਾਰਿ-ਧੋ ਕੇ। ਅਰਚਾ-ਫੁੱਲਾਂ ਦੀ ਭੇਟ। ਬਿਨਉ-ਬੇਨਤੀ। ਕਹੀਐ-ਕਹਿ ਦੇਣੀ। ਪਰਹਰਿਆ-ਦੂਰ ਹੋ ਗਿਆ ਹੈ। ਅਜਰੁ-ਜਰਾ-ਰਹਿਤ, ਜਿਸਨੂੰ ਬੁਢੇਪਾ ਨਹੀਂ ਆ ਸਕਦਾ।

### ਰਾਗੁ ਗਉੜੀ ਮਾਝ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਰੁ | ਮ̍ | - | ਪ | ਪ | ਮ̍ | ਪ | ਮ̍ | ਪ | ਪ | ਨ | ਨ | ਸੰ | ਸੰ |
| ਆ | ਉ | S | ਹ | ਮਾ | ਰੈ | S | ਸੰ | ਤ | ਦੇ | ਉ | ਸੰ | ਦੇ | ਸਾ |
| ਪਧ | ਮ਼ | ਪ | ਗੁ | ਸਰ | ਨ਼ | ਸ | ਸੰ | ਗੁੰ | ਗੁੰ | ਸੰ | ਰੰ | ਨ | ਸੰ |
| ਰਾS | ਮ | ਪਿ | ਆ | ਰੇS | ਜੀ | ਉ | ਪੈ | ਚ | ਰ | ਣ | ਰੇ | ਜੀ | ਉ |
| ਮ̍ | ਪ | ਪ | ਮ̍ | ਪ | ਨ | ਸੰ | ਸੰਸੰ | ਨ | ਸੰ | [illegible] | ਧ | ਪ | ਪ |
| ਰੈ | ਣਿ | ਦਿ | ਨ | ਸੁ | ਸਾ | ਸਿ | ਤੁਧੁ | ਬਿ | ਨੁ | ਕਿ | ਤੁ | ਬਿ | ਧਿ |
| ਨੁ | ਧ | ਪ | ਗੁ | ਸਰ | ਨ਼ | ਸ | ਰੁ | ਮ̍ | | [illegible] | - | [illegible] | ਨ਼ਸ |
| ਸਾ | ਸਿ | ਚਿ | ਤਾ | ਰੇS | ਜੀ | ਉ | ਤ | [illegible] | | [illegible] | S | ਉS | SS |
| X | | | 2 | | 3 | | X | | | | | 3 | |

# ੯-ਰਾਗੁ ਗੌੜੀ ਮਾਲਵਾ

ਭਾਰਤੀ ਸੰਗੀਤ ਵਿੱਚ ਗਉੜੀ ਮਾਲਵਾ ਦਾ ਸਰੂਪ ਉਪਲਬਧ ਨਹੀਂ ਹੈ ਪਰ ਰਾਗ ਮਾਲਵ/ਮਾਲਵੀ ਦਾ ਵਰਨਣ ਮਿਲਦਾ ਹੈ। ਮੱਧ ਕਾਲ ਦੇ ਗ੍ਰੰਥਕਾਰਾਂ ਵਿੱਚੋਂ ਪੁੰਡਰੀਕ ਵਿਠੁਲ ਨੇ 'ਚੰਦ੍ਰੋਦਯ' ਵਿੱਚ ਮਾਲਵਗੌਡ ਮੇਲ ਤੋਂ ਮਾਲਵ ਨੂੰ ਜਨਯ ਰਾਗ ਮੰਨਿਆ ਹੈ। ਇਹਨਾਂ ਨੇ ਹੀ ਰਾਗ-ਰਾਗਣੀ ਪੱਧਤੀ ਦੇ ਸਿੱਧਾਂਤ ਨੂੰ ਮੰਨਦਿਆਂ ਹੋਇਆਂ 'ਰਾਗ ਮਾਲਾ' ਵਿੱਚ ਸ੍ਰੀ ਰਾਗ ਦਾ ਮਾਲਵ ਨੂੰ ਪੁੱਤਰ ਰਾਗ ਮੰਨਿਆ ਹੈ। ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ 'ਸੰਗੀਤਸਾਰਾਮ੍ਰਿਤ' ਵਿੱਚ ਮਾਲਵਗੌਡ ਮੇਲ ਤੋਂ ਮਾਲਵੀ ਜਨਯ ਰਾਗ ਮੰਨਿਆ ਹੈ।

ਆਧੁਨਿਕ ਕਾਲ ਦੇ ਗ੍ਰੰਥਕਾਰਾਂ ਵਿਚੋਂ ਪੰਡਿਤ ਭਾਤਖੰਡੇ ਦੇ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੫ ਅਨੁਸਾਰ ਰਾਗ ਮਾਲਵੀ ਦੀ ਰਚਨਾ ਪੂਰਵੀ ਥਾਟ ਤੋਂ ਹੈ। ਰਿਸ਼ਭ ਵਾਦੀ ਪੰਚਮ ਸੰਵਾਦੀ ਤੇ ਸਮਾਂ ਸ਼ਾਮ ਦਾ ਹੈ। ਆਰੋਹ ਵਿੱਚ ਨਿਸ਼ਾਦ ਤੇ ਅਵਰੋਹ ਵਿੱਚ ਧੈਵਤ ਦੁਰਬਲ ਹੈ। ਗ ਪ ਤੇ ਨ ਪ ਦੀ ਸੰਗਤੀ ਚੰਗੀ ਲਗਦੀ ਹੈ। ਰਾਗ ਦਾ ਚਲਨ ਇਸ ਪ੍ਰਕਾਰ ਹੈ। ਸੰ, ਨਪ, ਗ, ਮੰਗ, ਰੁਸ, ਸਗ, ਮੰਧੁ ਰੁੰਸੰ, ਸੰ, ਨ, ਪ, ਮੰਗ, ਮੰਗ, ਰੁਸ। ਪੰਡਿਤ ਵੀ.ਐਨ. ਪਟਵਰਧਨ ਦੇ 'ਰਾਗ ਵਿਗਿਯਾਨ' ਭਾਗ-੬ ਅਨੁਸਾਰ ਰਾਗ ਮਾਲਵ ਵਿੱਚ ਦੋਨੋਂ ਗੰਧਾਰ, ਦੋਨੋਂ ਧੈਵਤ, ਨਿਸ਼ਾਦ ਕੋਮਲ ਤੇ ਹੋਰ ਸਵਰ ਸ਼ੁਧ ਹਨ। ਰਿਸ਼ਭ ਵਰਜਿਤ ਤੇ ਜਾਤੀ ਸ਼ਾੜਵ ਹੈ। ਵਾਦੀ-ਮਧਿਅਮ, ਸੰਵਾਦੀ ਸ਼ੜਜ ਤੇ ਸਮਾਂ ਰਾਤ ਦਾ ਤੀਜਾ ਪਹਿਰ ਹੈ। ਰਾਗ ਦਾ ਚਲਨ ਇਸ ਪ੍ਰਕਾਰ ਹੈ। ਸ ਨੂ ਧੂ ਸ, ਧੂਨੂ ਸ ਗ ਗ ਮ, ਮ ਧੁ ਮ, ਧੁ ਨੁ ਧੁ ਮ, ਪ ਧ ਧ ਨੁ ਧਪਮ ਗ ਮ, ਸ ਗੁ ਸ, ਮਧੁਨੁ ਸੰ, ਸੰ ਨੁ ਧੁ, ਪ ਧ ਧ ਨੁ ਧਪਮ ਗ ਮ, ਗੁ ਗੁ ਸ ऽ ਨੂ ਨੂ ਧੂ ਸ।

ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ ਆਪਣੇ ਗ੍ਰੰਥ 'ਰਾਗ ਵਿਯਾਕਰਣ' ਪੰਨਾ ੪੪੪ ਤੋਂ ਰਾਗ ਮਾਲਵੀ ਦੇ ਤਿੰਨ ਵੱਖ-ਵੱਖ ਸਰੂਪ ਦਿੱਤੇ ਹਨ। ਪਹਿਲੇ ਸਰੂਪ ਵਿੱਚ ਗੰਧਾਰ ਕੋਮਲ, ਦੋਨੋਂ ਧੈਵਤ ਤੇ ਦੋਨੋਂ ਨਿਸ਼ਾਦ ਹੋਰ ਸਵਰ ਸ਼ੁਧ ਹਨ। ਮਧਿਅਮ ਵਰਜਿਤ ਤੇ ਜਾਤੀ ਸ਼ਾੜਵ ਹੈ। ਪੰਚਮ-ਸ਼ੜਜ ਦਾ ਸੰਵਾਦ ਹੈ। ਸਮਾਂ ਚਾਰ ਤੋਂ ਸਾਢੇ ਪੰਜ ਸ਼ਾਮ ਦਾ ਹੈ। ਆਰੋਹ- ਸ ਰ ਗੁ ਪ ਧ ਨੁ ਸੰ। ਅਵਰੋਹ- ਸੰ ਨ ਧੁ ਪ ਗੁ ਰ ਸ। ਰਾਗ ਮਾਲਵੀ ਦੇ ਦੂਜੇ ਸਰੂਪ ਵਿੱਚ ਰਿਸ਼ਭ ਕੋਮਲ ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਆਰੋਹ ਵਿੱਚ ਰਿਸ਼ਭ ਤੇ ਪੰਚਮ ਵਰਜਿਤ ਹਨ ਤੇ ਜਾਤੀ ਔੜਵ-ਵਕਰ ਸੰਪੂਰਨ ਹੈ।

ਗੰਧਾਰ-ਧੈਵਤ ਦਾ ਸੰਵਾਦ ਹੈ। ਸਮਾਂ ਸਾਢੇ ਪੰਜ ਤੋਂ ਸਤ ਤਕ ਸ਼ਾਮ ਦਾ ਹੈ। ਆਰੋਹ- ਨ਼ ਸ ਗ ਮ̍ ਧ ਸਂ। ਅਵਰੋਹ- ਸਂ ਨ ਪ ਮ̍ ਧ ਪ ਗ ਰੁ ਸ। ਮਾਲਵੀ ਦੇ ਤੀਜੇ ਸਰੂਪ ਵਿੱਚ ਰਿਸ਼ਭ ਧੈਵਤ ਕੋਮਲ ਤੇ ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਆਰੋਹ ਵਿੱਚ ਰਿਸ਼ਭ ਤੇ ਪੰਚਮ ਤੇ ਅਵਰੋਹ ਵਿਚ ਧੈਵਤ ਵਰਜਿਤ ਹੋਣ ਕਾਰਨ ਜਾਤੀ ਔੜਵ-ਵਕਰ ਸ਼ਾੜਵ ਹੈ। ਵਾਦੀ ਗੰਧਾਰ ਸੰਵਾਦੀ ਨਿਸ਼ਾਦ ਤੇ ਸਮਾਂ ਸਾਢੇ ਪੰਜ ਤੋਂ ਸੱਤ ਵਜੇ ਸ਼ਾਮ ਦਾ ਹੈ। ਆਰੋਹ- ਨ਼ ਸ ਗ ਮ̍ ਧੁ ਸਂ। ਅਵਰੋਹ- ਸਂ ਨ ਪ ਮ̍ ਗ ਰੁ ਗ ਪ ਗ ਰੁ ਸ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਰਾਗੁ ਗਉੜੀ ਮਾਲਵਾ ਨੂੰ ਪੂਰਬੀ ਥਾਟ ਦਾ ਸ਼ਾੜਵ-ਸੰਪੂਰਨ ਰਾਗ ਮੰਨਿਆ ਹੈ। ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਤੇ ਹੋਰ ਸਵਰ ਸ਼ੁਧ ਹਨ। ਰਿਸ਼ਭ ਵਾਦੀ ਧੈਵਤ ਸੰਵਾਦੀ ਹੈ। ਪੰਚਮ ਤੇ ਗੰਧਾਰ ਦੀ ਸੰਗਤੀ ਰਹਿੰਦੀ ਹੈ। ਸਮਾਂ-ਦਿਨ ਦਾ ਚੌਥਾ ਪਹਿਰ। ਆਰੋਹ- ਸ ਰੁ ਗ ਮ̍ ਪ ਧੁ ਸਂ। ਅਵਰੋਹ- ਸਂ ਨ ਪ ਮ̍ ਗ ਰੁ ਸ। ਦਸਮ ਗ੍ਰੰਥ ਵਿਚ ਇਸ ਰਾਗ ਦਾ ਨਾਉਂ ਆਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਨਾਲ ਮਿਲਾ ਕੇ ਲਿਖਿਆ ਗਿਆ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਗਉੜੀ ਮਾਲਵਾ ਨੂੰ ਪੂਰਵੀ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਤੇ ਹੋਰ ਸਵਰ ਸ਼ੁਧ ਹਨ। ਜਾਤੀ-ਵਕਰ ਸੰਪੂਰਨ, ਰਿਸ਼ਭ - ਪੰਚਮ ਦਾ ਸੰਵਾਦ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ, ਨ਼ ਰੁ ਗ ਰੁ, ਗ ਮ̍ ਧੁ ਪ, ਮ̍ ਧੁ ਨ ਸਂ। ਅਵਰੋਹ-ਸਂ, ਰੁਂ ਨ ਧੁ ਪ, ਮ̍ ਗ, ਰੁ ਗ, ਰੁ ਸ। ਮੁੱਖ ਅੰਗ - ਸ ਨ਼ ਰੁ ਗ ਰੁ, ਗ ਮ̍ ਧੁ ਪ, ਮ̍ ਗ, ਰੁ ਗ, ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਗਉੜੀ ਮਾਲਵਾ ਥਾਟ-ਪੂਰਵੀ, ਜਾਤੀ-ਸ਼ਾੜਵ-ਸੰਪੂਰਨ, ਵਾਦੀ-ਰਿਸ਼ਭ, ਸੰਵਾਦੀ-ਧੈਵਤ, ਸਮਾਂ ਸ਼ਾਮ ਹੈ। ਆਰੋਹ- ਸ, ਨ਼ ਰੁ, ਗ ਮ̍ ਧੁ ਨ ਸਂ। ਅਵਰੋਹ-ਸਂ ਨ ਧੁ ਪ, ਮ̍ ਧੁ ਪ, ਮ̍ ਗ ਰੁ ਰੁ ਸ। ਮੁਖ ਅੰਗ-ਸ ਰੁ ਗ ਰੁ ਸ, (ਸ) ਨ਼ ਧੁ਼ ਪ਼, ਮ਼̍ ਧੁ਼ ਨ਼ ਰੁ ਸ, ਸ ਨ਼ ਰੁ ਗ, ਰੁ ਮ̍ ਗ ਗ ਰੁ ਰੁ ਸ। ਗਉੜੀ ਮਾਲਵਾ ਦਾ ਇਕ ਹੋਰ ਰੂਪ ਵੀ ਉਹਨਾਂ ਦਖਣੀ ਸੰਗੀਤ ਪੱਧਤੀ ਦੇ ਨਾਮਨਰਾਇਣੀ ਮੇਲ ਅਧੀਨ ਗਉੜੀ ਮਾਰੁਵ ਦੇ ਨਾਮ ਹੇਠ ਦਿੱਤਾ ਹੈ। ਇਸ ਵਿਚ ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਆਰੋਹ ਵਿਚ ਨਿਸ਼ਾਦ ਵਰਜਿਤ, ਅਵਰੋਹ ਵਿਚ ਕੋਮਲ ਨਿਸ਼ਾਦ ਲਇਆ ਜਾਂਦਾ ਹੈ। ਆਰੋਹ- ਸ ਰੁ ਮ̍ ਪ ਧੁ ਸਂ। ਅਵਰੋਹ-ਸਂ ਨੁ ਧੁ ਪ ਮ̍ ਗ ਰੁ ਗ ਸ। ਮੁਖ ਅੰਗ- ਸ ਰੁ ਮ̍ ਪ, ਧੁ ਪ, ਮ̍ ਗ ਰੁ ਗ ਸ, ਸ ਨੁ਼ ਧੁ਼ ਸ। ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-ਚੌਥਾ ਵਿੱਚ ਗਉੜੀ ਮਾਲਵਾ ਨੂੰ ਪੂਰਵੀ ਥਾਟ ਦਾ ਰਾਗ

ਮੰਨਿਆ ਹੈ। ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਆਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ ਹਨ ਤੇ ਅਵਰੋਹ ਵਿੱਚ ਗੰਧਾਰ ਵਰਜਿਤ ਹੋਣ ਕਾਰਨ ਜਾਤੀ ਔੜਵ-ਸ਼ਾੜਵ ਹੈ। ਵਾਦੀ ਪੰਚਮ ਤੇ ਸੰਵਾਦੀ ਸ਼ੜਜ ਹੈ। ਉਤਰਾਂਗ ਵਾਦੀ ਰਾਗ ਹੈ ਤੇ ਸ੍ਰੀ ਰਾਗ ਦਾ ਅੰਗ ਸਪਸ਼ਟ ਦਿਖਾਈ ਦਿੰਦਾ ਹੈ। ਇਸ ਦਾ ਚਲਨ ਮੱਧ ਤੇ ਮੰਦਰ ਸਪਤਕ ਵਿੱਚ ਜ਼ਿਆਦਾ ਰਹਿੰਦਾ ਹੈ। ਸਮਾਂ ਸੰਧਿਆ ਕਾਲ ਹੈ। ਆਰੋਹ - ਸ ਰੁ ਮ ਪ ਨ ਸਂ। ਅਵਰੋਹ ਸਂ ਨ ਧੁ ਪ ਮ ਰੁ ਸ। ਪਕੜ - ਸ ਪ, ਮ ਪ ਨ ਪ, ਮ ਪ ਰੁ, ਮ ਰੁ ਸ ਨ਼ ਸ।

ਪ੍ਰਿੰਸੀਪਲ ਦਿਆਲ ਸਿੰਘ ਨੇ 'ਗੁਰਮਤ ਸੰਗੀਤ ਸਾਗਰ' ਭਾਗ ਤੀਜਾ ਪੰਨਾ ੪੦੦ ਤੇ ਗਉੜੀ ਮਾਲਾ ਨੂੰ ਹੀ ਗਉੜੀ ਮਾਲਵੀ ਤੇ ਗਉੜੀ ਮਾਲਵਾ ਇਕ ਹੀ ਰਾਗ ਦੇ ਤਿੰਨ ਵੱਖ-ਵੱਖ ਨਾਮ ਮੰਨੇ ਹਨ। ਇਸ ਰਾਗ ਵਿੱਚ ਪੰਜ ਬੰਦਸ਼ਾਂ ਦਿੱਤੀਆਂ ਹਨ। ਇਸ ਰਾਗ ਨੂੰ ਕਰਤਾ ਨੇ ਪੂਰਬੀ ਥਾਟ ਦਾ ਸ਼ਾੜਵ ਜਾਤੀ ਦਾ ਰਾਗ ਮੰਨਿਆ ਹੈ ਜਿਸ ਵਿੱਚ ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ ਤੇ ਹੋਰ ਸਵਰ ਸ਼ੁੱਧ ਹਨ। ਆਰੋਹ ਵਿਚ ਨਿਸ਼ਾਦ ਤੇ ਅਵਰੋਹ ਵਿੱਚ ਧੈਵਤ ਵਰਜਿਤ ਹੈ। ਸ਼ੜਜ- ਪੰਚਮ ਦਾ ਸੰਵਾਦ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ, ਰੁ ਗ ਮ ਪ, ਮ ਧੁ ਸਂ, ਅਵਰੋਹ - ਸਂ ਨ ਪ, ਮ ਗ ਰੁ ਸ। ਪਕੜ- ਸ, ਗ ਮ ਧੁ ਸਂ, ਨ ਪ ਮ ਗ, ਪ ਗ, ਰੁ ਮ ਗ ਰੁ ਸ ਨ਼, ਸ।

ਵਿਦਵਾਨਾਂ ਦੇ ਰਾਗ ਗਉੜੀ ਮਾਲਵਾ ਦੇ ਦਿੱਤੇ ਸਰੂਪ ਭਿੰਨ ਭਿੰਨ ਹਨ ਪਰ ਪੰਡਿਤ ਭਾਂਤਖੰਡੇ ਜੀ ਦਾ ਦਿੱਤਾ ਸਰੂਪ, ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼', ਰਾਗ ਵਿਯਾਕਰਣ ਦਾ ਸਰੂਪ ਨੰ. 3 ਤੇ ਪ੍ਰਿੰਸੀਪਲ ਦਿਆਲ ਸਿੰਘ ਦਾ ਗਉੜੀ ਮਾਲਾ/ਮਾਲਵਾ/ਮਾਲਵੀ ਦਾ ਸਰੂਪ ਕਾਫੀ ਹੱਦ ਤਕ ਨੇੜੇ ਨੇੜੇ ਹੀ ਹਨ। ਇਹ ਰਾਗ ਕਠਿਨ ਤੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿੱਚ ਹੀ ਆਉਂਦਾ ਹੈ। ਇਸ ਦੇ ਚਲਨ ਵਿੱਚ ਰੁ ਮ ਪ ਧੁ ਸਂ /ਸਂ ਨ ਪ ਮ ਗ ਰੁ ਸ ਐਸੇ ਸਵਰ-ਸਮੂਹ ਲੈਣ ਨਾਲ ਰਾਗ ਦਾ ਆਪਣਾ ਇਕ ਵਿਸ਼ੇਸ਼ ਵਾਤਾਵਰਣ ਬਣ ਜਾਂਦਾ ਹੈ। ਭਾਵੇਂ ਤਾਨਾਂ ਲੈਣ ਲਈ ਕੁਝ ਕਠਨਾਈ ਹੈ ਪਰ ਬੜ੍ਹਤ ਤੇ ਆਲਾਪਚਾਰੀ ਵਿੱਚ ਰਾਗ ਰਸ ਬਣਿਆ ਰਹਿੰਦਾ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਰਾਗ ਦਾ ਇਹੀ ਸਰੂਪ ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ, ਜਾਤੀ-ਸ਼ਾੜਵ ਵਾਲਾ ਪ੍ਰਵਾਣਿਤ ਕੀਤਾ ਗਿਆ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਇਹੀ ਸਰੂਪ ਦਿੱਤਾ ਗਿਆ ਹੈ। ਸੋ ਇਥੇ ਗਉੜੀ ਮਾਲਵਾ ਦੇ ਇਸ ਸਰੂਪ ਵਿੱਚ ਹੀ ਪਰੀਚੇ ਤੇ ਬੰਦਸ਼ਾਂ ਦਿੱਤੀਆਂ ਜਾ ਰਹੀਆਂ ਹਨ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਖ ਰਾਗਾਂ ਵਿਚ ਗਉੜੀ ਨੂੰ ਤੀਜਾ ਅਸਥਾਨ ਪ੍ਰਾਪਤ

ਹੈ। ਗਉੜੀ ਦੇ ਮਿਸ਼ਰਤ ਰਾਗਾਂ ਵਿੱਚ ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ ਤੇ ਗਉੜੀ ਮਾਝ ਵਿਚ ਬਾਣੀ ਦੀ ਰਚਨਾ ਹੈ। ਗਉੜੀ ਦੇ ਪ੍ਰਕਾਰਾਂ ਵਿਚ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ ਤੋਂ ਬਾਅਦ ਇਥੇ ਗਉੜੀ ਮਾਲਵਾ ਵਿਚ ਬਾਣੀ ਰਚਿਤ ਹੈ। ਰਾਗੁ ਗੌੜੀ ਮਾਲਵਾ ਮਹਲਾ ੫ ਪੰਨਾ ੨੧੪ ਇਕ ਹੀ ਸ਼ਬਦ 'ਹਰਿ ਨਾਮੁ ਲੇਹੁ ਮੀਤਾ ਲੇਹੁ' ਸ਼ਬਦ ਅੰਕ ॥੪॥੧॥੧੫੮॥ ਹੈ। ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੋਥੀ ਪਹਿਲੀ ਤੇ ਮਾਲਵਾ ਵਾਸਤੇ ਫੁਟ ਨੋਟ ਤੇ ਅੰਕਿਤ ਹੈ ਕਿ ਇਸ ਸ਼ਬਦ ਵਿੱਚ ਕਈ ਥਾਈਂ ਮਾਲਵੇ ਦੇ ਮੁਹਾਵਰੇ ਅਨੁਸਾਰ 'ਵਵੇ' ਦੀ ਥਾਂ 'ਬਬਾ' ਵਰਤਿਆ ਹੈ ਜਿਵੇਂ 'ਬਿਚਿ ਹਉਮੈ ਬਧੇ ਬਿਕਾਰ।' ਇਸ ਤੋਂ ਇਸ ਰਾਗ ਦਾ ਮਾਲਵਾ ਪ੍ਰਾਂਤ ਵਿੱਚ ਕਿਸੇ ਸਮੇਂ ਪ੍ਰਸਿੱਧ ਹੋਣ ਦਾ ਵੀ ਸੰਕੇਤ ਮਿਲਦਾ ਹੈ।

**ਪਰੀਚੈ:-**

ਰਾਗੁ - ਗੌੜੀ ਮਾਲਵਾ ਥਾਟ - ਪੂਰਵੀ

ਸਵਰ - ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਹੋਰ ਸ਼ੁਧ

ਵਰਜਿਤ ਸਵਰ - ਆਰੋਹ ਵਿੱਚ ਨਿਸ਼ਾਦ, ਅਵਰੋਹ ਵਿੱਚ ਧੈਵਤ

ਜਾਤੀ - ਸ਼ਾੜਵ-ਸ਼ਾੜਵ ਵਾਦੀ - ਰਿਸ਼ਭ

ਸੰਵਾਦੀ - ਪੰਚਮ ਸਮਾਂ - ਦਿਨ ਦਾ ਚੌਥਾ ਪਹਿਰ

ਆਰੋਹ - ਸ, ਰ॒ ਗ ਰ॒ ਸ, ਰ॒ ਗ ਮ॑ ਪ, ਧ॒ ਸਂ

ਅਵਰੋਹ - ਸਂ ਨ ਪ, ਮ॑ ਗ, ਰ॒ ਸ

ਮੁੱਖ ਅੰਗ (ਪਕੜ)- ਰ॒ ਗ ਰ॒ ਸ, ਨ ਪ ਮ॑ ਗ ਰ॒ ਸ

**ਸਵਰ-ਵਿਸਥਾਰ:-**

1) ਸ ਰ॒, ਰ॒ ਗ ਰ॒, ਸ ਨ਼ ਪ਼ ਮ਼॑ ਪ਼, ਮ਼॑ ਪ਼ ਧ਼॒ ਸ, ਪ਼ ਧ਼॒ ਸ, ਰ॒ ਗ ਰ॒, ਗ ਮ॑ ਗ, ਮ॑ ਗ ਰ॒, ਰ॒ ਗ ਮ॑ ਗ, ਗ ਮ॑ ਪ, ਗ ਮ॑ ਪ ਮ॑ ਪ ਮ॑ ਗ, ਪ ਮ॑ ਗ ਰ॒, ਰ॒ ਗ ਰ॒ ਸ।

2) ਸ, ਰ॒ ਗ ਰ॒, ਗ ਮ॑ ਗ ਰ॒, ਰ॒ ਗ ਮ॑ ਗ ਮ॑ ਪ, ਗ ਮ॑ ਪ ਨ ਪ ਮ॑ ਪ, ਪ ਧ॒ ਸਂ, ਮ॑ ਪ ਧ॒ ਸਂ, ਪ ਧ॒ ਸਂ ਨ, ਸਂ ਨ ਪ, ਨ ਪ ਮ॑ ਪ, ਨ ਪ ਮ॑ ਗ ਮ॑ ਪ, ਮ॑ ਗ ਪ ਮ॑ ਗ, ਮ॑ ਪ ਮ॑ ਗ ਰ॒, ਰ॒ ਗ ਰ॒, ਸ।

3) ਪ, ਮ॑ ਪ, ਗ ਮ॑ ਪ, ਨ ਪ ਮ॑ ਗ ਮ॑ ਪ, ਪ ਧ॒ ਸਂ, ਸਂ ਰ॒ਂ ਸਂ, ਰ॒ਂ ਗਂ ਰ॒ਂ ਸਂ, ਰ॒ਂ ਮ॑ਂ ਪਂ, ਮ॑ਂ ਗਂ ਰ॒ਂ ਸਂ, ਸਂ ਰ॒ਂ ਰ॒ਂ ਸਂ, ਸਂ ਨ ਪ, ਪ ਧ॒ ਸਂ ਨ ਪ, ਪ ਮ॑ ਗ ਰ॒, ਮ॑ ਗ ਰ॒, ਰ॒ ਗ ਰ॒ ਸ।

ਰਾਗੁ ਗੌੜੀ ਮਾਲਵਾ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥ (੨੧੪)
ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ॥੧॥ਰਹਾਉ॥ ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ॥ ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ॥੧॥ ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥ ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥੨॥ ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥ ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥੩॥ ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥

ਪਦ ਅਰਥ:- ਮੀਤਾ-ਹੇ ਮਿੱਤਰ! ਬਿਖਮ-ਔਖਾ। ਪੰਥੁ-ਰਸਤਾ। ਭੈਆਨ-ਭਿਆਨਕ, ਡਰਾਉਣਾ। ਸਾਧੂ-ਗੁਰੂ। ਜਮ ਜਾਲੁ-ਮੋਹ ਦਾ ਜਾਲ ਜੋ ਜਮ ਦੇ ਹਵਾਲੇ ਕਰਦਾ ਹੈ। ਹੋਮ-ਹਵਨ। ਬਧੇ-ਵਧ ਗਏ। ਭੁੰਚਨਾ-ਭੋਗਣੇ ਪਏ। ਅਵਤਾਰ-ਜਨਮ।

## ਰਾਗੁ ਗਉੜੀ ਮਾਲਵਾ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਨ | ਨ | ਪ | ਮ̍ | ਗ | ਰੁ | ਗ | ਮ̍ |
| | | | | | | | | ਹ | ਰਿ | ਨਾ | ਮੁ | ਲੇ | ऽ | ਹੁ | ऽ |
| ਪ | - | ਮ̍ | ਗ | ਰੁ | ਗ | ਰੁ | ਸ | ਰੁ | - | ਗ | ਮ̍ | ਪ | ਧੁ | ਸੰ | - |
| ਮੀ | ऽ | ਤਾ | ऽ | ਲੇ | ऽ | ਹੁ | ऽ | ਆ | ऽ | ਗੈ | ऽ | ਬਿ | ਖ | ਮ | ऽ |
| ਨ | ਪ | ਮ̍ | ਗ | ਮ̍ਪ | ਮ̍ਗ | ਰੁਗ | ਰੁਸ | | | | | | | | |
| ਪੰ | ऽ | ਥੁ | ऽ | ਭੈऽ | ਆऽ | ਨऽ | ऽऽ | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | - | ਮ̍ | ਮ̍ | ਪ | - | ਧੁ | ਧੁ |
| | | | | | | | | ਸੇ | ऽ | ਵ | ਤ | ਸੇ | ऽ | ਵ | ਤ |
| ਸੰ | - | ਸੰ | - | ਰੁੰ | - | ਸੰ | - | ਰੁੰ | ਗੰ | ਰੁੰ | - | ਸੰ | - | ਨ | ਪ |
| ਸ | ऽ | ਦਾ | ऽ | ਸੇ | ऽ | ਵਿ | ऽ | ਤੇ | ऽ | ਰੈ | ऽ | ਸੰ | ऽ | ਗਿ | ऽ |
| ਮ̍ | ਪ | ਮ̍ | ਗ | ਰੁਗ | ਮ̍ਪ | ਮ̍ਗ | ਰੁਸ | | | | | | | | |
| ਬ | ਸ | ਤੁ | ਹੈ | ਕਾऽऽऽ | | ਲੁऽ | ऽऽ | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਰੁ ਗਰੁ ਰੁਗ ਮੰਪ ਨਪ ਮੰਗ ਰੁਗ ਰੁਸ
2) ਰੁਗ ਰੁਸ ਰੁਗ ਮੰਪ ਨਨ ਪਮੰ ਗਰੁ ਸ-
3) ਰੁਗ ਮੰਪ ਗਮੰ ਪਧੁ ਸੰਨ ਪਪ ਮੰਗ ਰੁਸ
4) ਰੁਗ ਮੰਪ ਧੁਧੁ ਸੰਸੰ ਰੁੰਸੰ ਨਪ ਮੰਗ ਰੁਸ
5) ਮੰਪ ਧੁਧੁ ਸੰਰੁੰ ਸੰਨ ਪਪ ਮੰਗ ਰੁਗ ਰੁਸ
6) ਸਰੁ ਗਮੰ ਗਰੁ ਗਮੰ ਪਪ ਨਪ ਮੰਗ ਰੁਸ
7) ਸਰੁ ਗਮੰ ਰੁਗ ਮੰਪ ਗਮੰ ਪਧੁ ਮੰਪ ਧੁਸੰ ਸੰਰੁੰ ਸੰਸੰ ਨਪ ਮੰਗ
ਪਮੰ ਗਰੁ ਮੰਗ ਰੁਸ
8) ਗਮੰ ਪਗ ਮੰਪ ਨਨ ਪਮੰ ਗਰੁ ਮੰਗ ਰੁਸ ਪਧੁ ਸੰਪ ਧੁਸੰ ਨਨ
ਪਪ ਮੰਗ ਰੁਗ ਰੁਸ
9) ਸਰੁ ਗਰੁ ਸਰੁ ਗਮੰ ਗਰੁ ਸਰੁ ਗਮੰ ਪਮੰ ਗਰੁ ਸਰੁ ਗਮੰ ਪਧੁ
ਸੰਨ ਪਮੰ ਗਰੁ ਸ-
10) ਰੁਗ ਮੰਪ ਮੰਗ ਰੁਗ ਰੁਸ ਰੁਗ ਮੰਪ ਧੁਧੁ ਸੰਸੰ ਰੁੰਗੰ ਰੁੰਸੰ ਨਨ
ਪਮੰ ਗਗ ਰੁਗ ਰੁਸ

**ਤਿਹਾਈਆਂ:-**

1. 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਨਾਲ ਜੋੜ ਕੇ ਸੱਮ ਤੇ ਆਉਣਾ ਹੈ।
2. 9ਵੀਂ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਦੋ ਵਾਰ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3. ਪਹਿਲੀ ਤੋਂ 8ਵੀਂ ਮਾਤਰ ਨੂੰ ਸੱਮ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।
4. 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**(ਗਉੜੀ ਸੁਖਮਨੀ ਮ: ੫) (੨੮੨)**

ਟੂਟੀ ਗਾਢਨਹਾਰ ਗੋੁਪਾਲ॥ ਸਰਬ ਜੀਆ ਆਪੇ ਪ੍ਰਤਿਪਾਲ॥ ਸਗਲ ਕੀ ਚਿੰਤਾ ਜਿਸੁ ਮਨ ਮਾਹਿ॥ ਤਿਸ ਤੇ ਬਿਰਥਾ ਕੋਈ ਨਾਹਿ॥ ਰੇ ਮਨ ਮੇਰੇ ਸਦਾ ਹਰਿ ਜਾਪਿ॥ ਅਬਿਨਾਸੀ ਪ੍ਰਭੁ ਆਪੇ

ਰਾਗੁ ਗਉੜੀ ਮਾਲਵਾ

ਆਪਿ॥ ਆਪਨ ਕੀਆ ਕਛੂ ਨ ਹੋਇ॥ ਜੇ ਸਉ ਪ੍ਰਾਨੀ ਲੋਚੈ ਕੋਇ॥ ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥

ਪਦ ਅਰਥ:- ਬਿਰਥਾ-ਖਾਲੀ, ਨਾ-ਉਮੇਦ। ਸਉ-ਸੌ ਵਾਰੀ। ਲੋਚੈ-ਚਾਹੈ। ਗਤਿ-ਮੁਕਤੀ।

## ਰਾਗੁ ਗਉੜੀ ਮਾਲਵਾ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ̍ | ਪ | ਧੁ | ਸੰ | ਨ | ਪ | ਮ̍ | ਗ | ਰੁ | ਗ | ਰੁ | ਸ |
| ਟੂ | S | ਟੀ | ਗਾ | ਢ | ਨ | ਹਾ | ਰ | ਗੋ | ਪਾ | S | ਲ |
| ਸ | ਰੁ | ਰੁ | ਮ̍ | ਪ | ਪ | ਨ | ਪ | - | ਮ̍ਗ | ਰੁ | ਸ |
| ਸ | ਰ | ਬ | ਜੀ | S | ਆ | ਆ | ਪੇ | S | ਪ੍ਰਤਿ | ਪਾ | ਲ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ̍ | ਪ | ਪ | ਧੁ | ਪ | ਧੁ | ਸੰਸੰ | ਸੰ | ਰੁੰ | ਗੰ | ਰੁੰ | ਸੰ |
| ਸ | ਗ | ਲ | ਕੀ | ਚਿੰ | ਤਾ | ਜਿਸੁ | ਮ | ਨ | ਮਾ | S | ਹਿ |
| ਰੁੰ | ਗੰ | ਰੁੰ | ਸੰ | ਨ | ਪ | ਮ̍ | ਗ | ਰੁਗ | ਰੁ | - | ਸ |
| ਤਿ | ਸ | ਤੇ | ਬਿ | ਰ | ਥਾ | ਕੋ | S | ਈS | ਨਾ | S | ਹਿ |
| x | | 0 | | 2 | | 0 | | 3 | | 4 | |

ਤਾਨਾਂ:-

1. ਸਰੁ ਗਰੁ ਮ̍ਪ ਮ̍ਪ ਪਧੁ ਸੰਸੰ ਨਨ ਪਪ ਮ̍ਪ ਮ̍ਗ ਰੁਰੁ ਸਸ
2. ਮ̍ਪ ਮ̍ਗ ਰੁਗ ਰੁਸ ਮ̍ਪ ਧੁਧੁ ਸੰਸੰ ਰੁੰਸੰ ਨਨ ਪਪ ਮ̍ਗ ਰੁਸ
3. ਮ̍ਪ ਧੁਧੁ ਸੰਸੰ ਰੁੰਸੰ ਰੁੰਗੰ ਰੁੰਸੰ ਨਨ ਪਪ ਮ̍ਗ ਰੁਗ ਰੁਰੁ ਸਸ

ਤਿਹਾਈਆਂ:-

1. ਚੌਥੀ ਮਾਤਰ ਤੇ S ਲਗਾ ਕੇ 'ਟੂ S ਟੀ S' ਨੂੰ ਸੱਮ ਤੋਂ ਚਾਰ ਮਾਤਰਾਂ ਵਿਚ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ 6ਵੀਂ ਮਾਤਰ ਬਰਾਬਰ ਲੈ ਕੇ ਫਿਰ ਚੌਥੀ ਤੋਂ 6ਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3. 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਸ਼ਬਦ 'ਹਰਿ ਨਾਮੁ ਲੇਹੁ ਮੀਤਾ ਲੇਹੁ' ਤੀਨਤਾਲ ਬੰਦਸ਼ ਵਾਲਾ ਹੈ।

## ਰਾਗੁ ਗਉੜੀ ਮਾਲਵਾ ਝਪ ਤਾਲ ਮਾਤਰਾਂ-10 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰੁ | ਗ | ਰੁਰੁ | ਗਮ | ਪ | ਮ | ਗ | ਰੁਗ | ਰੁ | ਸ |
| ਹ | ਰਿ | ਨਾਮੁ | ਲੇS | ਹੁ | ਮੀ | ਤਾ | ਲੇS | ਹੁ | S |
| ਰੁਗ | ਮ | ਪ | ਧੁ | ਸੰ | ਨ | ਪ | ਮਗ | ਰੁਗ | ਰੁਸ |
| ਆS | ਗੈ | ਬਿ | ਖ | ਮ | ਪੰ | ਥੁ | ਭੈS | ਆS | ਨS |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਮਪ | ਧੁ | ਸੰ | ਸੰ | ਰੁੰ | ਰੁੰਗੰ | ਰੁੰ | - | ਸੰ |
| ਸੇ | ਵਤ | ਸੇ | ਵ | ਤ | ਸ | ਦਾS | ਸੇ | S | ਵਿ |
| ਸੰ | ਨ | ਪ | ਮ | ਪ | ਮਪ | ਮਗ | ਰੁਗ | ਰੁ | ਸ |
| ਤੇ | ਰੈ | ਸੰ | S | ਗਿ | ਬਸ | ਤੁS | ਹੈS | ਕਾ | ਲੁ |
| x | | 2 | | | 0 | | 3 | | |

**ਤਾਨਾਂ:-**

1) ਰੁਗਮਪ ਮਗਰੁਸ ਗਮਪਪ ਮਪਮਗ ਮਪਧੁਧੁ ਸੰਰੁੰਸੰਸੰ ਰੁੰਗੰਰੁੰਸੰ ਨਨਪਪ ਮਪਮਗ ਰੁਗਰੁਸ

2) ਗਗਰੁਗ ਰੁਸਪਪ ਮਪਮਗ ਨਨਪਪ ਮਗਪਧੁ ਸੰਸੰਰੁੰਸੰ ਨਨਪਪ ਮਗਮਮ ਗਮਗਰੁ ਗਗਰੁਸ

**ਤਿਹਾਈਆਂ:-**

1. ਪਹਿਲੀ-ਦੂਜੀ ਮਾਤਰ ਨੂੰ ਇਕ ਮਾਤਰ ਵਿੱਚ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ-ਦੂਜੀ ਮਾਤਰ ਨੂੰ ਇਕ ਮਾਤਰ ਵਿੱਚ ਲੈ ਕੇ ਫਿਰ ਦੂਜੀ ਮਾਤਰ ਤੋਂ ਤੀਜੀ ਤੋਂ 5ਵੀਂ ਮਾਤਰ ਦਾ ਟੁਕੜਾ ਤੇ ਇਕ ਮਾਤਰ ਬਿਸਰਾਮ ਫਿਰ ਚੌਥੀ-ਪੰਜਵੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

3. 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## (ਗਉੜੀ ਸੁਖਮਨੀ ਮ: ੫) (੨੭੬)

**ਸਲੋਕੁ॥ ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥**

## ਰਾਗੁ ਗਉੜੀ ਮਾਲਵਾ ਚਾਰ ਤਾਲ ਮਾਤਰਾਂ-12 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਧੁ | ਧੁ | ਸੰ | ਸੰ | ਸੰ | ਨਨ | - | ਪ | ਮਗ | ਰੁ | ਸ |
| ਕ | ਰ | ਣ | ਕਾ | ਰ | ਣ | ਪ੍ਰ | S | ਭੁ | ਏS | ਕੁ | ਹੈ |
| ਸ | ਰੁ | ਰੁ | ਗ | ਮ | ਪ | ਨ | ਪ | ਮ | ਗ | ਰੁ | ਸ |
| ਦੂ | ਸ | ਰ | ਨਾ | S | ਹੀ | ਕੋ | S | S | ਇ | S | S |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਮ | ਪ | ਧੁ | ਪ | ਧੁ | ਸੰ | - | ਸੰ | ਰੁੰ | ਰੁੰ | ਸੰ |
| ਨਾ | ਨ | ਕ | ਤਿ | S | ਸੁ | ਬ | S | ਲਿ | ਹਾ | ਰ | ਣੈ |
| ਰੁੰਗੰ | ਰੁੰ | ਸੰ | ਨ | - | ਪ | ਮਮ | ਗ | ਗ | ਰੁਗ | ਰੁ | ਸ |
| ਜS | S | ਲਿ | ਥ | S | ਲਿ | ਮਹੀ | ਅ | ਲਿ | ਸੋS | S | ਇ |
| X | | 0 | | 2 | | 0 | | 3 | | 4 | |

**ਲੈਅਕਾਰੀਆਂ:-**

ਇਕਗੁਨ - ਦੁਗੁਨ - ਅਸਥਾਈ ਪੂਰੀ ਇਕ ਗੁਨ ਵਿਚ ਲੈ ਕੇ ਫਿਰ ਪਹਿਲੇ ਚੱਕਰ ਦੀ ਦੁਗੁਨ 6 ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ 7ਵੀਂ ਮਾਤਰ ਤੋਂ 2 ਵਾਰ ਦੁਗੁਨ ਵਿਚ 6 ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

ਦੁਗੁਨ-ਚੌਗੁਨ- ਅਸਥਾਈ ਲੈ ਕੇ ਫਿਰ ਪਹਿਲੇ ਚੱਕਰ ਨੂੰ ਦੁਗੁਨ 6 ਮਾਤਰਾਂ ਵਿਚ ਫਿਰ ਇਸ ਚੱਕਰ ਦੀ ਚੌਗੁਨ ਤਿੰਨ ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਚੌਗੁਨ ਵਿਚ ਦੋ ਵਾਰ ਤਿੰਨ ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ। (ਦੁਗੁਨ ਦੋ ਮਾਤਰਾਂ ਇਕ ਮਾਤਰ ਵਿੱਚ ਚੌਗੁਨ 4 ਮਾਤਰਾਂ ਇਕ ਮਾਤਰ ਵਿਚ ਲੈਣੀਆਂ ਹਨ)।

ਤਿਗੁਨ-ਤਿੰਨ ਮਾਤਰਾਂ ਦੀ ਇਕ ਮਾਤਰ ਬਣਾ ਕੇ ਅਸਥਾਈ ਦੇ ਪਹਿਲੇ ਚੱਕਰ ਨੂੰ 4 ਮਾਤਰਾਂ ਵਿਚ ਦੋ ਵਾਰ 8 ਮਾਤਰਾਂ ਵਿੱਚ ਲੈ ਕੇ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਤਿਗੁਨ ਵਿਚ ਦੋ ਵਾਰ 4 ਮਾਤਰਾਂ ਵਿਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

ਤਿਗੁਨ-ਛੇਗੁਨ- ਅਸਥਾਈ ਦੇ ਦੋਹਾਂ ਚੱਕਰਾਂ ਨੂੰ ਤਿਗੁਨ ਵਿਚ 4+4=8 ਮਾਤਰਾਂ ਵਿਚ ਲੈ ਕੇ ਫਿਰ ਪਹਿਲੇ ਚੱਕਰ ਦੀ ਛੇਗੁਨ 2 ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰ ਦਾ ਟੁਕੜਾ ਦੋ ਵਾਰ ਛੇਗੁਨ ਵਿਚ 2 ਮਾਤਰਾਂ ਵਿਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

## (ਗਉੜੀ ਸੁਖਮਨੀ ਮ: ੫) (੨੬੬-੬੭)

**ਰਮਈਆ ਕੇ ਗੁਨ ਚੇਤਿ ਪਰਾਨੀ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ॥ ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ॥ ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ ॥ ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥ ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ॥੧॥**

ਪਦ ਅਰਥ:- ਰਮਈਆ-ਸੋਹਣਾ ਰਾਮ। ਚੇਤਿ-ਯਾਦ ਕਰ। ਦ੍ਰਿਸਟਾਨੀ-ਵਿਖਾ ਦਿੱਤਾ। ਗਰਭ ਅਗਨਿ-ਪੇਟ ਦੀ ਅੱਗ। ਉਬਾਰਿਆ-ਬਚਾਇਆ। ਬਾਰ-ਬਾਲਕ। ਸੂਧ-ਸੂਝ। ਅਪਿਆਉ-ਚੰਗੇ ਭੋਜਨ। ਸੀਝੈ-ਸਫ਼ਲ ਹੋਵੇ।

## ਰਾਗੁ ਗਉੜੀ ਮਾਲਵਾ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਗ | ਮ̍ਮ̍ | ਪ | ਧੁ | - | ਸੰ | ਸੰ | ਪ | ਮ̍ | ਪ | ਧੁ | - | ਪ | ਧੁ |
| ਰ | ਮਈ | ਆ | ਕੇ | S | ਗੁ | ਨ | ਜਿ | ਨਿ | ਤੂੰ | ਸਾ | S | ਜਿ | S |
| ਨ | ਪ | ਪ | ਮ̍ | ਗ | ਰੁ | ਸ | ਸੰ | ਸੰ | ਸੰ | ਰੁੰ | ਗੰ | ਰੁੰ | ਸੰ |
| ਚੇ | S | ਤਿ | ਪ | ਰਾ | ਨੀ | S | ਸ | ਵਾ | ਰਿ | ਸੀ | ਗਾ | ਰਿ | ਆ |
| ਧ਼ | ਧ਼ | ਸ | ਰੁ | ਗ | ਰੁ | ਸ | ਸੰ | ਨ | ਨ | ਪ | ਪ | ਮ̍ | ਗਗ |
| ਕ | ਵ | ਨ | ਮੂ | ਲ | ਤੇ | S | ਗ | ਰ | ਭ | ਅ | ਗ | ਨਿ | ਮਹਿ |
| ਗ | ਮ̍ | ਪ | ਮ̍ਮ̍ | ਗ | ਮ̍ਗ | ਰੁਸ | ਪ | ਮ̍ | ਗ | ਰੁ | ਗ | ਰੁ | ਸ |
| ਕ | ਵ | ਨ | ਦ੍ਰਿ | ਸ | ਟਾS | ਨੀS | ਜਿ | ਨ | ਹਿ | ਉ | ਬਾ | ਰਿ | ਆ |
| x | | | 2 | | 3 | | x | | | 2 | | 3 | |

# ੧੦–ਰਾਗੁ ਗਉੜੀ ਮਾਲਾ

ਗਉੜੀ ਮਾਲਾ ਦਾ ਸਰੂਪ ਭਾਰਤੀ ਸੰਗੀਤ ਦੇ ਗ੍ਰੰਥਕਾਰਾਂ ਨੇ ਵਰਨਣ ਨਹੀਂ ਕੀਤਾ। ਪੰਡਿਤ ਭਾਤਖੰਡੇ, ਪੰਡਿਤ ਵੀ.ਐਨ. ਪਟਵਰਧਨ, ਸ਼੍ਰੀ ਵਿਮਲਾ ਕਾਂਤ ਰਾਏ ਚੌਧਰੀ ਤੇ ਹੋਰ ਵਿਦਵਾਨਾਂ ਨੇ ਆਪਣੇ ਗ੍ਰੰਥਾਂ ਵਿਚ ਰਾਗ ਮਾਲਵ/ਮਾਲਵੀ ਦਾ ਵਿਵਰਨ ਦਿੱਤਾ ਹੈ, ਜਿਸ ਬਾਰੇ ਗਉੜੀ ਮਾਲਵਾ ਦੇ ਪਰੀਚੇ ਵਿੱਚ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁਕਾ ਹੈ। ਪਰ ਗਉੜੀ ਮਾਲਾ ਇਕ ਭਿੰਨ ਰਾਗ ਹੈ ਤੇ ਇਸ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦੀ ਰਚਨਾ ਹੋਈ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਗ੍ਰੰਥ 'ਮਹਾਨ ਕੋਸ਼' ਪੰਨਾ ੩੮੯ ਤੇ ਰਾਗੁ ਗਉੜੀ ਮਾਲਾ ਦਾ ਵਿਵਰਣ ਇਸ ਪ੍ਰਕਾਰ ਦਿੱਤਾ ਹੈ। ਗਉੜੀ ਮਾਲਾ ਸੰਪੂਰਨ ਜਾਤੀ ਦੀ ਰਾਗਨੀ ਹੈ। ਸ਼ੜਜ, ਮਧਮ, ਪੰਚਮ, ਨਿਸ਼ਾਦ ਸ਼ੁਧ, ਰਿਸ਼ਭ ਗੰਧਾਰ ਧੈਵਤ ਕੋਮਲ ਲਗਦੇ ਹਨ। ਇਸ ਦਾ ਧੈਵਤ ਵਾਦੀ ਤੇ ਰਿਸ਼ਭ ਸੰਵਾਦੀ ਹੈ। ਸਮਾਂ ਰਾਤ ਦਾ ਪਹਿਲਾ ਪਹਿਰ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ–ਕੋਸ਼' ਵਿੱਚ ਗਉੜੀ ਮਾਲਾ ਨੂੰ ਪੂਰਵੀ ਅੰਗ ਦਾ ਰਾਗ ਮੰਨਿਆ ਹੈ। ਰਿਸ਼ਭ ਵਾਦੀ ਪੰਚਮ ਸੰਵਾਦੀ, ਜਾਤੀ ਸੰਪੂਰਨ ਤੇ ਸਮਾਂ ਸ਼ਾਮ ਦਾ ਹੈ। ਆਰੋਹ– ਸ ਰੁ ਗ ਮ॑ ਪ ਪ ਮ॑ ਧ ਸੰ। ਅਵਰੋਹ– ਸੰ ਨ ਧ ਗ ਮ॑ ਗ ਰੁ ਸ। ਇਕ ਹੋਰ ਸਰੂਪ ਵਿੱਚ ਗਉੜੀ ਮਾਲਾ ਨੂੰ ਭੈਰਵ ਥਾਟ ਦਾ ਰਾਗ ਮੰਨਿਆ ਹੈ। ਜਾਤੀ ਸੰਪੂਰਨ, ਵਾਦੀ–ਪੰਚਮ, ਸੰਵਾਦੀ–ਰਿਸ਼ਭ, ਸਮਾਂ ਸਵੇਰ ਦਾ ਪਹਿਲਾ ਪਹਿਰ। ਆਰੋਹ– ਸ ਰੁ ਗ ਮ ਪ ਧੁ ਨੁ ਧੁ, ਪ, ਮ ਪ ਧੁ ਨ ਸੰ। ਅਵਰੋਹ– ਸੰ ਨ ਧੁ ਪ ਮ ਗ ਰੁ ਰੁ ਸ। ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ–੪ ਵਿੱਚ ਗਉੜੀ ਮਾਲਾ ਨੂੰ ਪੂਰਵੀ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ, ਧੈਵਤ ਕੋਮਲ, ਦੋਨੋ ਮਧਿਅਮ ਦੋਨੋ ਨਿਸ਼ਾਦ ਹੋਰ ਸਵਰ ਸ਼ੁਧ ਹਨ। ਵਾਦੀ–ਰਿਸ਼ਭ ਸੰਵਾਦੀ–ਪੰਚਮ ਜਾਤੀ–ਸੰਪੂਰਨ ਤੇ ਸਮਾਂ ਸ਼ਾਮ ਦਾ ਹੈ। ਆਰੋਹ– ਸ ਰੁ ਗ ਮ॑, ਪ ਧੁ [ਨ]ਸੰ। ਅਵਰੋਹ– ਸੰ ਨ [ਧੁ]ਪ, ਮ॑ ਗ ਰੁ ਸ। ਪਕੜ– ਗ, ਪ ਧੁ ਨੁ ਧੁ ਪ, ਮ॑ ਧੁ ਮ॑ ਗ, ਮ ਗ ਰੁ ਨ਼ ऽ ऽ ਸ। ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਦੇ 'ਪ੍ਰਾਚੀਨ ਰੀਤ ਰਤਨਾਵਲੀ' ਭਾਗ–ਪਹਿਲਾ ਪੰਨਾ ੫੬ ਅਨੁਸਾਰ ਗਉੜੀ ਮਾਲਾ ਰਾਗ ਪੂਰਵੀ ਅੰਗ ਦਾ ਹੈ। ਇਸ ਵਿਚ ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਤੇ

ਹੋਰ ਸਵਰ ਸ਼ੁੱਧ ਹਨ। ਜਾਤੀ ਸੰਪੂਰਨ, ਵਾਦੀ ਰਿਸ਼ਭ ਸੰਵਾਦੀ ਪੰਚਮ ਤੇ ਸਮਾਂ ਸ਼ਾਮ ਦਾ ਹੈ। ਆਰੋਹ- ਸ ਰੁ ਗ ਮ̍ ਪ ਮ̍ ਧੁ $^{ਨ}$ਸਂ ਤੇ ਅਵਰੋਹ- ਸਂ ਨ $^{ਧੁ}$ਪ ਗ ਮ̍ ਗ ਰੁ ਸ।

ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ ਵਿੱਚ ਪ੍ਰੋ. ਤਾਰਾ ਸਿੰਘ ਨੇ ਰਾਗੁ ਗਉੜੀ ਮਾਲਾ ਦਾ ਇਕ ਸਰੂਪ ਭੈਰਵੀ ਅੰਗ ਦਾ ਜ਼ਿਕਰ ਕੀਤਾ ਹੈ ਤੇ ਉਸ ਸਰੂਪ ਵਿਚ ਸੁਰ ਰਚਨਾਵਾਂ ਵੀ ਕੀਤੀਆਂ ਹਨ। ਦੂਜਾ ਸਰੂਪ ਪੂਰਵੀ ਥਾਟ ਦਾ ਰਾਗ ਮੰਨਿਆ ਹੈ। ਇਸ ਵਿੱਚ ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਹੋਰ ਸਵਰ ਸ਼ੁਧ ਹਨ। ਜਾਤੀ ਵਕਰ ਸੰਪੂਰਨ, ਰਿਸ਼ਭ-ਪੰਚਮ ਦਾ ਸੰਵਾਦ ਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ, ਨ਼ ਰੁ ਗ ਮ̍ ਪ, ਮ̍ ਧੁ ਨ ਸਂ। ਅਵਰੋਹ- ਸਂ, ਰੁਂ ਨ ਪ, ਧੁ ਮ̍ ਗ ਰੁ, ਮ̍ ਗ ਰੁ, ਸ। ਮੁੱਖ ਅੰਗ- ਨ ਪ, ਧੁ ਮ̍ ਗ ਰੁ, ਮ̍ ਗ, ਰੁ ਸ। ਰਾਗ ਦਾ ਇਹ ਸਰੂਪ 'ਪ੍ਰਾਚੀਨ ਰੀਤ ਰਤਨਾਵਲੀ' ਦੇ ਦਿੱਤੇ ਸਰੂਪ ਨਾਲ ਮਿਲਦਾ ਜੁਲਦਾ ਹੈ।

ਰਾਗੁ ਗਉੜੀ ਮਾਲਾ ਦੇ ਸਰੂਪ ਲਈ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਦਿੱਤੇ ਸਰੂਪ ਤੇ ਪ੍ਰੋਫ਼ੈਸਰ ਤਾਰਾ ਸਿੰਘ ਦੇ ਭੈਰਵੀ ਅੰਗ ਦੇ ਸਰੂਪ ਨੂੰ ਅਧਾਰ ਮੰਨਿਆ ਗਿਆ ਹੈ। ਰਾਗ ਦੇ ਇਸ ਸਰੂਪ ਨਾਲ ਇਹ ਰਾਗੁ ਗਉੜੀ ਮਾਲਵਾ ਤੋਂ ਬਿਲਕੁਲ ਹੀ ਭਿੰਨ ਹੋ ਜਾਂਦਾ ਹੈ। ਗਉੜੀ ਮਾਲਾ ਦੇ ਇਸ ਸਰੂਪ ਵਿੱਚ ਪੂਰਵਾਂਗ ਵਿੱਚ ਰਾਗ ਭੈਰਵੀ ਤੇ ਉਤਰਾਂਗ ਵਿੱਚ ਭੈਰਵ ਵਾਲੇ ਹੀ ਸਵਰ ਹਨ ਪਰ ਰਾਗ ਦਾ ਚਲਨ ਐਸਾ ਬਣਿਆ ਰਹਿੰਦਾ ਹੈ ਕਿ ਭੈਰਵ ਤੇ ਭੈਰਵੀ ਦਾ ਸਰੂਪ ਨਜ਼ਰ ਨਹੀਂ ਆਉਂਦਾ। ਰੁ, ਗੁ ਰੁ ਨ਼ ਸ, ਮ ਗੁ ਰੁ, ਗੁ ਰੁ ਸ ਰੁ ਨ਼ ਸ। ਐਸੇ ਸਵਰਾਂ ਦੇ ਪ੍ਰਯੋਗ ਨਾਲ ਇਸ ਰਾਗ ਦਾ ਬਿਲਾਸਖਾਨੀ ਤੇ ਤੋੜੀ ਅੰਗ ਦੇ ਰਾਗਾਂ ਦਾ ਝਾਵਲਾ ਪੈਂਦਾ ਹੈ ਪਰ ਨਿਸ਼ਾਦ ਸ਼ੁਧ ਤੇ ਹੋਰ ਚਲਨ ਨਾਲ ਤੋੜੀ/ਭੈਰਵੀ ਐਸੇ ਅੰਗ ਦੀ ਛਾਯਾ ਨਸ਼ਟ ਹੋ ਜਾਂਦੀ ਹੈ। ਉਤਰਾਂਗ ਵਿੱਚ ਧੈਵਤ ਕੋਮਲ ਤੇ ਨਿਸ਼ਾਦ ਸ਼ੁਧ ਦਾ ਪ੍ਰਯੋਗ ਕਈ ਰਾਗਾਂ ਵਿੱਚ ਹੁੰਦਾ ਹੈ ਪਰ ਗਉੜੀ ਮਾਲਾ ਦਾ ਇਕ ਆਪਣਾ ਵਖਰਾ ਚਲਨ ਹੈ ਜਿਵੇਂ ਮ ਪ ਧੁ ਨ ਧੁ ਪ, ਧੁ ਪ ਧੁ ਨ ਸਂ, ਰੁਂ ਨ ਸਂ, ਰੁਂ, ਗੁਂ ਰੁਂ ਸਂ, ਰੁਂ ਨ ਸਂ, ਨ ਧੁ ਨ ਧੁ ਪ ਐਸੇ ਸਵਰ-ਸਮੂਹ ਦੇ ਪ੍ਰਯੋਗ ਨਾਲ ਰਾਗ ਦਾ ਆਪਣਾ ਇਕ ਭਿੰਨ ਸਰੂਪ ਬਣਿਆ ਰਹਿੰਦਾ ਹੈ ਤੇ ਇਸ ਦਾ ਆਪਣਾ ਇਕ ਵਖਰਾ ਰਸ ਵੀ ਨਜ਼ਰ ਆਉਂਦਾ ਹੈ। ਵੈਸੇ ਭਾਰਤੀ ਸੰਗੀਤ ਦੇ ਰਾਗ ਵਸੰਤ ਮੁਖਾਰੀ ਦੇ ਚਲਨ ਵਿੱਚ ਪੂਰਵਾਂਗ ਵਿੱਚ ਭੈਰਵ ਤੇ ਉਤਰਾਂਗ ਵਿੱਚ ਭੈਰਵੀ ਦੇ ਸਵਰ ਹਨ ਪਰ ਇਥੇ ਗਉੜੀ ਮਾਲਾ ਵਿੱਚ ਪੂਰਵਾਂਗ ਵਿੱਚ ਭੈਰਵੀ ਤੇ ਉਤਰਾਂਗ ਵਿੱਚ ਭੈਰਵ ਦੇ ਸਵਰ ਜੋੜਨ ਨਾਲ ਰਾਗ ਦਾ ਸਰੂਪ ਬਣਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਰਾਗੁ ਗਉੜੀ ਮਾਲਾ ਦੇ ਇਸ ਸਰੂਪ ਨੂੰ ਪ੍ਰਵਾਣਿਆ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਵੀ ਰਾਗ ਦਾ ਇਹੀ ਸਰੂਪ ਦਿੱਤਾ ਗਿਆ ਹੈ ਤੇ ਇਥੇ ਵੀ ਇਹੀ ਪ੍ਰਵਾਣਿਤ ਸਰੂਪ ਦਿੱਤਾ ਜਾ ਰਿਹਾ ਹੈ।

## ਰਾਗੁ ਗਉੜੀ ਮਾਲਾ

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗੁ ਗਉੜੀ ਦੇ ਮਿਸ਼ਰਤ ਰਾਗਾਂ ਵਿਚ ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ ਤੇ ਗਉੜੀ ਮਾਝ ਵਿਚ ਬਾਣੀ ਰਚਿਤ ਹੈ। ਰਾਗੁ ਗਉੜੀ ਦੇ ਪ੍ਰਕਾਰਾਂ ਵਿਚ ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਮਾਲਵਾ ਤੋਂ ਬਾਦ ਗਉੜੀ ਮਾਲਾ ਵਿਚ ਬਾਣੀ ਦੀ ਰਚਨਾ ਹੈ। ਸ਼ਬਦ ਰਚਨਾ ਵਿੱਚ ਰਾਗੁ ਗਉੜੀ ਮਾਲਾ ਮਹਲਾ ੫ ਪੰਨਾ ੨੧੪ ਤੋਂ ੨੧੬ ਸ਼ਬਦ ਅੰਕ ॥੪॥੧॥੧੫੯ ਤੋਂ ॥੨॥੭॥੧੬੫॥ ੭ ਸ਼ਬਦ ਇਸ ਰਾਗ ਵਿੱਚ ਰਚਿਤ ਹਨ।

**ਪਰੀਚੈ:-**

ਰਾਗੁ-ਗਉੜੀ ਮਾਲਾ — ਥਾਟ-ਉਪਥਾਟ-ਭੈਰਵੀ ਭੈਰਵ

ਸਵਰ-ਰਿਸ਼ਭ, ਧੈਵਤ, ਗੰਧਾਰ ਕੋਮਲ ਹੋਰ ਸ਼ੁਧ — ਵਰਜਿਤ ਸਵਰ - ਕੋਈ ਨਹੀਂ

ਜਾਤੀ-ਸੰਪੂਰਨ — ਵਾਦੀ-ਰਿਸ਼ਭ — ਸੰਵਾਦੀ-ਧੈਵਤ

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ ਰੁ ਗੁ ਮ ਪ ਧੁ ਨ ਸੰ

ਅਵਰੋਹ - ਸੰ ਨ ਧੁ ਨ, ਧੁ ਪ ਮ ਗੁ ਰੁ ਸ

ਮੁੱਖ ਅੰਗ - ਰੁ, ਗੁ ਰੁ ਸ, ਨ਼ ਧ਼ੁ ਨ਼, ਸ, ਧੁ ਪ ਮ ਗੁ ਰੁ, ਸ।

**ਸਵਰ ਵਿਸਥਾਰ:-**

1) ਸ, ਰੁ, ਗੁ ਰੁ ਨ਼ ਸ, ਨ਼ ਸ ਨ਼, ਨ਼ ਧ਼ੁ ਨ਼, ਧ਼ੁ ਨ਼ ਧ਼ੁ ਪ਼, ਪ਼ ਧ਼ੁ ਨ਼ ਧ਼ੁ, ਨ਼ ਸ, ਰੁ, ਗੁ ਰੁ, ਗੁ ਮ ਗੁ ਰੁ, ਗੁ ਮ ਪ ਧੁ ਪ ਮ ਗੁ, ਪ ਮ ਗੁ ਰੁ, ਗੁ ਰੁ, ਮ ਗੁ ਰੁ, ਸ ਰੁ ਨ਼ ਸ।

2) ਸ, ਸ ਰੁ ਗੁ ਰੁ, ਗੁ ਮ ਗੁ ਰੁ, ਗੁ ਮ ਪ ਧੁ ਪ, ਧੁ ਮ ਪ, ਮ ਪ ਧੁ ਨ ਧੁ, ਨ ਧੁ ਪ, ਮ ਪ ਧੁ ਨ ਸੰ, ਧੁ ਨ ਸੰ, ਨ ਧੁ ਨ, ਸੰ ਰੁੰ ਨ ਸੰ, ਨ ਸੰ ਨ, ਸੰ ਨ ਧੁ ਨ ਧੁ ਪ, ਪ ਧੁ ਨ ਧੁ ਪ, ਪ ਧੁ ਮ ਪ, ਧੁ ਪ ਮ ਪ ਮ ਗੁ, ਮ ਗੁ ਰੁ, ਗੁ ਰੁ, ਸ ਰੁ ਨ਼ ਸ।

3) ਮ ਪ ਧੁ, ਪ ਧੁ ਨ ਧੁ, ਨ ਧੁ ਨ, ਧੁ ਨ ਸੰ, ਸੰ ਰੁੰ ਨ ਸੰ, ਸੰ ਰੁੰ, ਗੁੰ ਰੁੰ ਸੰ, ਰੁੰ ਗੁੰ ਰੁੰ, ਨ ਸੰ ਰੁੰ ਸੰ, ਸੰ ਰੁੰ ਨ ਸੰ, ਧੁ ਨ ਸੰ, ਨ ਧੁ ਨ, ਪ ਧੁ ਨ ਧੁ ਪ, ਧੁ ਪ ਧੁ ਮ ਪ, ਮ ਪ ਮ ਗੁ, ਗੁ ਮ ਗੁ ਰੁ, ਰੁ ਗੁ ਰੁ, ਸ ਰੁ ਨ਼ ਸ।

### ਗਉੜੀ ਮਾਲਾ ਮਹਲਾ ੫॥ (੨੧੪-੧੫)

**ਭਾਵਨੁ ਤਿਆਗਿਓ ਰੀ ਤਿਆਗਿਓ॥ ਤਿਆਗਿਓ ਮੈ ਗੁਰ ਮਿਲਿ ਤਿਆਗਿਓ॥ ਸਰਬ ਸੂਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ॥੧॥ਰਹਾਉ॥ ਮਾਨੁ ਅਭਿਮਾਨੁ ਦੋਊ ਸਮਾਨੇ**

**ਮਸਤਕੁ ਡਾਰਿ ਗੁਰ ਪਾਗਿਓ॥ ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ॥੧॥ ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ॥ ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ॥੨॥ ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ॥ ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ॥੩॥ ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ॥ ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥**

ਪਦ ਅਰਥ:- ਭਾਵਨੁ-ਸੰਕਲਪ। ਰੀ-ਹੇ ਭੈਣ! ਗੁਰ ਮਿਲਿ- ਗੁਰੂ ਨੂੰ ਮਿਲ ਕੇ। ਮਾਨਿ-ਮੰਨ ਕੇ। ਆਗਿਓ-ਆਗਿਆ, ਰਜ਼ਾ। ਮਾਨੁ-ਆਦਰ। ਅਭਿਮਾਨੁ-ਅਹੰਕਾਰ, ਆਕੜ। ਸਮਾਨੇ-ਇਕੋ ਜਿਹੇ। ਮਸਤਕੁ-ਮੱਥਾ। ਪਾਗਿਓ-ਪੈਰਾਂ ਉਤੇ। ਸੰਪਤ ਹਰਖੁ- ਧਨ ਦੀ ਖੁਸ਼ੀ। ਆਪਤ ਦੂਖਾ- ਬਿਪਤਾ ਦਾ ਦੁੱਖ। ਰੰਗੁ-ਪ੍ਰੇਮ। ਬਾਸ ਬਾਸਰੀ-ਸਭ ਘਰਾਂ ਵਿੱਚ। ਉਦਿਆਨ-ਜੰਗਲਾਂ ਵਿੱਚ। ਦ੍ਰਿਸਟਾਗਿਓ-ਨਜ਼ਰੀ ਆ ਰਿਹਾ ਹੈ। ਭ੍ਰਮੁ-ਭਟਕਣਾ। ਪੂਰਨ-ਵਿਆਪਕ। ਸਰਬਾਗਿਓ-ਸਰਬੱਗ, ਸਭ ਦੇ ਦਿਲ ਦੀ ਜਾਨਣ ਵਾਲਾ। ਕਰਤੈ-ਕਰਤਾਰ ਨੇ। ਕਾਰਣੁ-ਸਬੱਬ। ਓੜਿ-ਸਰਨ ਵਿੱਚ। ਸਹਜ-ਆਤਮਕ ਅਡੋਲਤਾ।

## ਰਾਗੁ ਗਉੜੀ ਮਾਲਾ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪਧੁ | ਨ | ਧੁ | ਪ | ਧੁ | ਨ | ਸਂ | ਨ |
| | | | | | | | | ਭਾS | S | ਵ | ਨੁ | ਤਿ | ਆ | ਗਿ | ਓ |
| ਧੁ | ਪ | ਮ | ਗੁ | ਰੁ | ਸ | ਨ਼ | ਸ | ਨ਼ | ਧੁ਼ | ਨ਼ | ਨ਼ | ਸ | ਰੁ | ਗੁ | ਰੁ |
| ਰੀ | S | S | S | ਤਿ | ਆ | ਗਿ | ਓ | ਤਿ | ਆ | ਗਿ | ਓ | ਮੈ | S | S | S |
| ਗੁ | ਮ | ਪ | ਪ | ਧੁ | ਧੁ | ਪ | ਪ | ਮ | ਪ | ਧੁ | - | ਨ | - | ਸਂ | - |
| ਗੁ | ਰ | ਮਿ | ਲਿ | ਤਿ | ਆ | ਗਿ | ਓ | ਸ | ਰ | ਬ | S | ਸੁ | S | ਖ | S |
| ਨ | ਨ | ਸਂ | ਨ | ਧੁ | ਧੁ | ਪ | ਪ | ਪ | ਧੁ | ਮ | ਪ | ਗੁ | ਮ | ਪ | - |
| ਆ | ਨੰ | ਦ | ਮੰ | ਗ | ਲ | ਰ | ਸ | ਮਾ | S | ਨਿ | S | ਗੋ | ਬਿੰ | ਦੈ | S |
| ਧੁ | ਪ | ਮ | ਗੁ | ਰੁ | - | ਨ਼ | ਸ | | | | | | | | |
| ਆ | S | ਗਿ | S | ਓ | S | S | S | | | | | | | | |
| X | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਪ | ਧੁ | - | ਨ | ਨ | ਸਂ | ਸਂ |
| | | | | | | | | ਮਾ | S | ਨੁ | S | ਅ | ਭਿ | ਮਾ | ਨੁ |
| ਸਂ | ਰੁਂ | ਨ | ਸਂ | ਧੁ | ਨ | ਸਂ | - | ਨ | ਧੁ | ਨ | ਨ | ਸਂ | ਨ | ਧੁ | ਪ |
| ਦੋ | S | ਊ | S | ਸ | ਮਾ | ਨੇ | S | ਮ | ਸ | ਤ | ਕੁ | ਡਾ | S | ਰਿ | S |

ਰਾਗੁ ਗਉੜੀ ਮਾਲਾ

| | | | | | | | | | |
|---|---|---|---|---|---|---|---|---|---|
| ਮ | ਪ | ਮ | ਗੁ | ਰੁ | ਸ | ਨ਼ | ਸ | | |
| ਗੁ | ऽ | ਰ | ऽ | ਪਾ | ਗਿ | ਓ | ऽ | | |
| x | | | | 2 | | | | 0 | 3 |

ਤਾਨਾਂ:-

1) ਸਰੁ ਗੁਰੁ ਸਰੁ ਗੁਮ ਪਮ ਗੁਰੁ ਸਰੁ ਨ਼ਸ
2) ਸਰੁ ਗੁਮ ਪਧੁ ਨਧੁ ਪਮ ਗੁਰੁ ਸਰੁ ਨ਼ਸ
3) ਮਪ ਧੁਨ ਧੁਪ ਮਪ ਧੁਪ ਮਗੁ ਰੁਸ ਨ਼ਸ
4) ਮਪ ਧੁਨ ਸੰਨ ਧੁਪ ਮਗੁ ਰੁਗੁ ਰੁਸ ਨ਼ਸ
5) ਮਪ ਧੁਨ ਸੰਰੁੰ ਸੰਨ ਧੁਪ ਮਗੁ ਰੁਗੁ ਰੁਸ
6) ਸਰੁ ਗੁਰੁ ਰੁਗੁ ਮਗੁ ਗੁਮ ਪਮ ਮਪ ਧੁਪ ਪਧੁ ਨਨ ਧੁਨ ਸੰਨ
ਧੁਪ ਮਗੁ ਰੁਗੁ ਰੁਸ
7) ਪਧੁ ਪਮ ਮਪ ਮਗੁ ਰੁਗੁ ਰੁਸ ਧੁਨ ਸੰਰੁੰ ਸੰਨ ਧੁਪ ਮਪ ਧੁਨ
ਧੁਪ ਮਗੁ ਰੁਗੁ ਰੁਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ 8ਵੀਂ ਮਾਤਰ ਨੂੰ ਸੱਮ ਤੋਂ ਦੁਗੁਨ ਵਿਚ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿਚ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਮਾਲਾ ੫॥ (੨੧੬)

ਮਾਧਉ ਹਰਿ ਹਰਿ ਹਰਿ ਮੁਖਿ ਕਹੀਐ॥ ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ॥੧॥ਰਹਾਉ॥ ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ॥ ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ॥੧॥ ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ॥ ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ ॥੨॥੭॥੧੬੫॥

ਪਦ ਅਰਥ:- ਮਾਧਉ-ਹੇ ਮਾਇਆ ਦੇ ਪਤੀ ਪ੍ਰਮਾਤਮਾ! ਲਿਵ-ਲਗਨ। ਲਾਵਹੁ-ਪੈਦਾ ਕਰੋ। ਪਹਿ-ਪਾਸ।

## ਰਾਗੁ ਗਉੜੀ ਮਾਲਾ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | | | ਮ | ਪਪ |
| | | | | | | | | | | | | | | ਮਾ | ਧਉ |
| ਧੁ | ਪ | - | ਧੁ | ਪ | ਮ | ਪ | ਮ | ਗੁ | ਰੁ | ਰੁ | ਗੁ | ਰੁ | ਸ | ਨ਼ | ਸ |
| ਹ | ਰਿ | S | ਹ | ਰਿ | S | ਹ | ਰਿ | S | ਮੁ | ਖਿ | ਕ | ਹੀ | ਐ | ਹ | ਮ |
| ਰੁ | - | - | ਗੁ | ਮ | ਗੁ | ਪ | ਮ | ਗੁ | ਪ | ਮ | ਗੁ | ਰੁ | ਸ | ਪ | ਧੁ |
| ਤੇ | S | S | ਕ | ਛੂ | S | ਨ | S | S | ਹੋ | ਵੈ | ਸੁ | ਆ | ਮੀ | ਜਿ | ਉ |
| ਨ | ਸੰ | ਨ | ਧੁ | ਨ | ਧੁ | ਪ | ਧੁ | ਪ | ਮ | ਗੁ | ਰੁ | ਰੁ | ਸ | | |
| ਰਾ | S | S | ਖ | ਹੁ | S | ਤਿ | ਉ | S | ਰ | ਹੀ | S | ਐ | S | | |
| | x | | | | 2 | | | | 0 | | | | 3 | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | | | ਮ | ਪ |
| | | | | | | | | | | | | | | ਕਿ | ਆ |
| ਧੁ | ਧੁ | ਨ | - | ਸੰ | - | ਸੰ | ਸੰ | ਰੁੰ | ਰੁੰ | ਗੁੰ | ਰੁੰ | ਸੰ | - | ਸੰ | ਸੰ |
| ਕਿ | ਛੁ | ਕ | S | ਰੈ | S | ਕਿ | ਕ | ਰ | ਣੈ | ਹਾ | S | ਰਾ | S | ਕਿ | ਆ |
| ਰੁੰ | ਰੁੰ | ਗੁੰ | ਰੁੰ | ਸੰ | - | ਨ | - | ਸੰ | ਨ | ਧੁ | - | ਪ | - | ਮ | ਪ |
| ਇ | ਸੁ | ਹਾ | S | ਥਿ | S | ਬਿ | S | ਚਾ | S | ਰੇ | S | S | S | ਜਿ | ਤੁ |
| ਧੁ | ਧੁ | ਨ | - | ਸੰ | ਸੰ | ਸੰ | ਰੁੰ | ਨ | ਸੰ | ਨ | ਧੁ | ਪ | - | ਪ | ਧੁ |
| ਤੁ | ਮ | ਲਾ | S | ਵ | ਹੁ | ਤਿ | ਤ | ਹੀ | S | ਲਾ | S | ਗਾ | S | ਪੂ | S |
| ਨ | ਨ | ਧੁ | ਨ | ਧੁ | ਪ | ਮ | ਗੁ | ਰੁ | - | ਗੁ | ਰੁ | ਨ਼ | ਸ | | |
| ਰ | ਨ | ਖ | ਸ | ਮ | S | ਹ | S | ਮਾ | S | ਰੇ | S | S | S | | |
| x | | | | 2 | | | | 0 | | | | 3 | | | |

**ਤਿਹਾਈਆਂ:-**

1. 15ਵੀਂ ਤੋਂ 5ਵੀਂ ਮਾਤਰ ਦੇ 7 ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਦੋ ਵਾਰ ਬਰਾਬਰ ਲੈ ਕੇ ਫਿਰ 2 ਮਾਤਰਾਂ ਦਾ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ।
2. ਤੀਜੀ ਮਾਤਰ ਤੋਂ 15ਵੀਂ ਤੋਂ ਚੌਥੀ ਮਾਤਰ ਦਾ ਟੁਕੜਾ 2 ਵਾਰ ਬਰਾਬਰ ਲੈ ਕੇ ਫਿਰ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ ਚੌਥੀ ਮਾਤਰ ਤੇ 'ਹ' ਦੀ ਥਾਂ ਤੇ 'S' ਦਾ ਲਗਾਉ ਕਰਨਾ ਹੈ।
3. ਮੁਖੜਾ ਲੈ ਕੇ ਪਹਿਲੀ ਤੋਂ 6ਵੀਂ ਮਾਤਰ ਦਾ ਟੁਕੜਾ ਫਿਰ ਮੁਖੜਾ ਤੇ ਇਹੀ ਟੁਕੜਾ ਲੈਣਾ ਹੈ ਫਿਰ ਮੁਖੜਾ ਲੈ ਕੇ ਸੱਮ ਤੇ ਮੁਕਾਮ ਕਰਨਾ ਹੈ।

## ਗਉੜੀ ਮਾਲਾ ਮਹਲਾ ੫॥ (੨੧੫)

ਉਬਰਤ ਰਾਜਾ ਰਾਮ ਕੀ ਸਰਣੀ॥ ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ॥੧॥ ਰਹਾਉ॥ ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥ ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ॥੧॥ ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ॥ ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ॥੨॥ ਅਨਿਕ ਬਿਲਾਸ ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ॥ ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ॥੩॥ ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰ ਸੁਖੁ ਪੂਰਾ॥ ਸਾਧਸੰਗਤਿ ਜਨਮ ਮਰਣੁ ਨਿਵਾਰੈ ਨਾਨਕ ਜਨ ਕੀ ਧੂਰਾ ॥੪॥੪॥੧੬੨॥

ਪਦ ਅਰਥः- ਉਬਰਤ-ਬਚਦਾ ਹੈ। ਰਾਜਾ ਰਾਮ- ਪ੍ਰਭੂ ਪਾਤਿਸ਼ਾਹ। ਸਰਬ ਲੋਕ-ਮਾਤ ਲੋਕ, ਪਤਾਲ ਲੋਕ, ਅਕਾਸ਼ ਲੋਕ-ਇਹ ਸਾਰੇ ਹੀ। ਮੰਡਲ-ਚੱਕਰ। ਗਿਰਿ-ਡਿੱਗ ਕੇ। ਧਰਣੀ-ਧਰਤੀ ਉੱਤੇ। ਨ ਕਿਨਹੂੰ-ਕਿਸੇ ਨੇ ਭੀ ਨਹੀਂ। ਤੀਨਿ ਭਵਨ-ਮਾਤ, ਪਾਤਾਲ ਤੇ ਅਕਾਸ਼। ਜੋਰੀ-ਜੋੜ ਲਈ। ਬੂਝਤ ਨਾਹੀ-ਮਿਟਦੀਆਂ ਨਹੀਂ। ਲਹਰੇ-ਲੋਭ ਦੀਆਂ ਲਹਿਰਾਂ। ਥਿਤਿ-ਟਿਕਾਉ। ਫਿਰਤੋ-ਭਟਕਦਾ ਫਿਰਦਾ ਹੈ। ਪਹਰੇ ਪਹਰੇ- ਹਰ ਵੇਲੇ। ਬਿਲਾਸ-ਮੌਜਾਂ। ਕਾਮਾ-ਕਾਮਨਾ, ਵਾਸ਼ਨਾ। ਨ ਬੂਝਤ-ਨਹੀਂ ਬੁਝਦੀ। ਬ੍ਰਿਥੇ-ਵਿਅਰਥ। ਸਾਰ-ਸ੍ਰੇਸ਼ਟ। ਧੂਰਾ-ਚਰਨ-ਧੂੜ।

## ਰਾਗੁ ਗਉੜੀ ਮਾਲਾ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਧੁ | ਪ | ਮ | ਗੁ | ਰੁ | ਗੁ | ਰੁ | ਸ | ਰੁ | ਸ | ਨ਼ | ਸ |
| ਉ | ਬ | ਰ | ਤ | ਰਾ | ਜਾ | ਰਾ | ਮ | ਕੀ | ਸ | ਰ | ਣੀ |
| ਮ | ਗੁ | ਮ | ਪ | ਧੁ | ਪ | ਧੁ | ਨਨ | ਸਂ | ਨ | ਧੁ | ਨ |
| ਸ | ਰ | ਬ | ਲੋ | S | ਕ | ਮਾ | ਇਆ | ਕੇ | ਮੰ | ਡ | ਲ |
| ਧੁ | ਨ | ਸਂ | ਨ | ਧੁ | ਪ | ਮ | ਗੁ | ਰੁ | ਸ | ਨ਼ | ਸ |
| ਗਿ | ਰਿ | ਗਿ | ਰਿ | ਪ | ਰ | ਤੇ | S | ਧ | ਰ | ਣੀ | S |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਪ | ਧੁ | ਧੁ | ਨਨ | ਨ | ਸਂ | - | ਰੁਂ | ਨ | ਸਂ | ਸਂ |
| ਸਾ | ਸ | ਤ | ਸਿੰ | ਮ੍ਰਿ | ਤਿ | ਬੇ | S | ਦ | ਬੀ | ਚਾ | ਰੇ |
| ਸਂ | ਰੁਂ | ਰੁਂ | ਗੁਂ | ਰੁਂ | ਸਂ | ਨ | ਨ | ਸਂ | ਨ | ਧੁ | ਪ |
| ਮ | ਹਾ | ਪੁ | ਰ | ਖ | ਨ | ਇ | ਉ | ਕ | ਹਿ | ਆ | S |

| | | | | | | | | | | | |
|---|---|---|---|---|---|---|---|---|---|---|---|
| ਪ | ਪ | ਧੁ | ਪ | ਮ | ਗੁ | ਰੁ | ਗੁ | ਰੁ | ਸ | ਨ਼ | ਸ |
| ਮ | ਹਾ | ਪੁ | ਰ | ਖ | ਨ | ਇ | ਉ | ਕ | ਹਿ | ਆ | S |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਨ਼ ਧੁਨ਼ ਸਰੁ ਗੁਰੁ ਮਗੁ ਰੁਸ ਧੁਪ ਮਪ ਨਨ ਧੁਪ ਮਗੁ ਰੁਸ
2) ਸਰੁ ਗੁਮ ਪਧੁ ਮਪ ਧੁਨ ਧੁਪ ਮਪ ਧੁਨ ਸੰਨ ਧੁਪ ਮਗੁ ਰੁਸ
3) ਮਪ ਧੁਨ ਸੰਰੁੰ ਨਸੰ ਰੁੰਰੁੰ ਗੁੰਰੁੰ ਨਸੰ ਨਨ ਧੁਪ ਮਪ ਮਗੁ ਰੁਸ

**ਤਿਹਾਈਆਂ:-**

1. ਪਹਿਲੀ ਤੋਂ ਚੌਥੀ ਮਾਤਰ ਦੇ ਚਾਰ ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ ਛੇਵੀਂ ਮਾਤਰ ਦੇ 6 ਮਾਤਰਾਂ ਦੇ ਟੁਕੜੇ ਨੂੰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਗਉੜੀ ਮਾਲਾ ਮਹਲਾ ੫॥ (੨੧੬)

**ਹਰਿ ਬਿਨੁ ਅਵਰ ਕ੍ਰਿਆ ਬਿਰਥੇ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥੧॥ਰਹਾਉ॥ ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥ ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥੧॥ ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥ ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥੨॥ ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥ ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥੩॥ ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥੪॥੬॥੧੬੪॥**

ਪਦ ਅਰਥ:- ਅਵਰ-ਹੋਰ। ਕ੍ਰਿਆ-ਕਰਮ। ਸੰਜਮ-ਮਨ ਨੂੰ ਵਿਕਾਰਾਂ ਵਲੋਂ ਰੋਕਣ ਦੇ ਯਤਨ। ਓਰੈ-ਉਰੇ ਉਰੇ ਹੀ। ਮੂਸੇ-ਠੱਗੇ ਜਾਂਦੇ ਹਨ। ਆਢੁ-ਅੱਧੀ ਕੌਡੀ। ਆਗੈ-ਅਗਾਂਹ ਪਰਲੋਕ ਵਿਚ। ਊਂਹਾ-ਪਰਲੋਕ ਵਿਚ, ਪ੍ਰਭੂ ਦੀ ਦਰਗਾਹ ਵਿਚ। ਤੀਰਥਿ-ਤੀਰਥ ਉੱਤੇ। ਧਰਨੀ-ਧਰਤੀ। ਠਉਰ-ਥਾਂ। ਬਿਧਿ-ਤਰੀਕਾ। ਪਤੀਆਵੈ-ਤਸੱਲੀ ਦੇਂਦਾ ਹੈ। ਚਤੁਰ-ਚਾਰ। ਮੁਖ ਬਚਨੀ-ਮੂੰਹ ਦੇ ਬਚਨਾਂ ਨਾਲ। ਸੁਧਾਖਰੁ-ਸੁੱਧ ਅਖਰ, ਪਵਿੱਤਰ ਲਫ਼ਜ਼, ਪ੍ਰਮਾਤਮਾ ਦਾ ਨਾਮ। ਝਾਖ ਝਖਾਈਐ-ਖੁਆਰੀ ਹੀ ਸਹੇੜਦਾ ਹੈ। ਨਾਨਕੁ ਕਹਤੋ-ਨਾਨਕ ਆਖਦਾ ਹੈ। ਪਾਰ ਗਰਾਮੀ-ਤਾਰੂ। ਮਨਹੁ-ਮਨ ਤੋਂ। ਗੁਮਾਨੀ-ਗੁਮਾਨ, ਹੰਕਾਰ।

## ਰਾਗੁ ਗਉੜੀ ਮਾਲਾ ਆਡਾ ਚਾਰਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਸ | ਰੁ | ਗੁ | ਮ | ਪ | ਧੁ | ਪ | ਪਪ | ਮਮ | ਗੁ | ਰੁ | ਨ਼ | ਸ | - |
| ਹ | ਰਿ | S | ਬਿ | ਨੁ | S | ਅ | ਵਰ | ਕਿ੍ | ਆ | ਬਿ | ਰ | ਥੇ | S |
| ਪਪ | ਧੁ | ਪ | ਮ | ਗੁ | ਮ | ਪ | ਧੁ | ਨ | ਨ | ਧੁ | ਨ | ਧੁ | ਪ |
| ਜਪ | ਤ | ਪ | ਸੰ | ਜ | ਮ | ਕ | ਰ | ਮ | ਕ | ਮਾ | S | ਣੇ | S |
| ਧੁ | ਨ | ਸਂ | ਨ | ਧੁ | ਪ | ਧੁ | ਪ | ਮ | ਗੁ | ਰੁ | ਸ | ਨ਼ | ਸ |
| ਇ | ਹਿ | S | ਓ | S | ਰੈ | ਮੂ | S | S | S | ਸੇ | S | S | S |
| x | | 2 | | 0 | | 3 | | 0 | | 4 | | 0 | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਮ | ਪ | ਧੁ | ਨ | ਧੁ | ਪ | ਧੁ | ਧੁ | ਨ | ਨਨ | ਸਂ | ਰੁਂ | ਨ | ਸਂ |
| ਬ | ਰ | ਤ | ਨੇ | S | ਮ | ਸੰ | ਜ | ਮ | ਮਹਿ | ਰ | ਹ | ਤਾ | S |
| ਸਂ | ਰੁਂ | ਗੁਂ | ਰੁਂ | ਨ | ਸਂ | ਨ | ਧੁ | ਪ | ਮ | ਗੁ | ਰੁ | ਨ਼ | ਸ |
| ਤਿ | ਨ | ਕਾ | ਆ | S | ਢੂ | ਨ | S | ਪਾ | ਇ | ਆ | S | S | S |
| x | | 2 | | 0 | | 3 | | 0 | | 4 | | 0 | |

**ਤਾਨਾਂ:-**

1) ਸਰੁ ਗੁਰੁ ਸਰੁ ਗੁਮ ਪਧੁ ਨਨ ਧੁਨ ਧੁਪ ਮਪ ਧੁਪ ਮਪ ਮਗੁ ਰੁਸ ਨ਼ਸ
2) ਪਧੁ ਪਮ ਮਪ ਮਗੁ ਰੁਸ ਨ਼ਸ ਪਧੁ ਨਸਂ ਰੁਂਗੁਂ ਰੁਂਸਂ ਨਨ ਧੁਪ ਮਗੁ ਰੁਸ
3) ਮਪ ਧੁਪ ਮਪ ਧੁਨ ਧੁਪ ਮਪ ਧੁਨ ਸਂਰੁਂ ਨਸਂ ਨਨ ਧੁਪ ਮਪ ਮਗੁ ਰੁਸ

**ਤਿਹਾਈਆਂ:-**

1. ਬੰਦਸ਼ ਅਨੁਸਾਰ ਪਹਿਲੀ ਤੋਂ ਛੇਵੀਂ ਮਾਤਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਚੌਥੀ ਤੋਂ ਛੇਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਬੰਦਸ਼ ਅਨੁਸਾਰ ਪਹਿਲੀ ਤੋਂ ਅੱਠਵੀਂ ਮਾਤਰ ਲੈ ਕੇ ਇਕ ਮਾਤਰ ਬਿਸਰਾਮ ਫਿਰ 7ਵੀਂ-8ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. ਪਹਿਲੀ ਤੋਂ ਚੌਥੀ ਮਾਤਰ ਤੇ 'ਹ ਰਿ ਬਿ ਨੁ' ਲੈ ਕੇ ਫਿਰ 5ਵੀਂ ਮਾਤਰ ਤੋਂ 7ਵੀਂ ਤੋਂ 14ਵੀਂ ਮਾਤਰ ਦੇ 8 ਮਾਤਰਾਂ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

## ਗਉੜੀ ਮਾਲਾ ਮਹਲਾ ੫॥ (੨੧੫–੧੬)

ਮੋ ਕਉ ਇਹ ਬਿਧਿ ਕੋ ਸਮਝਾਵੈ॥ ਕਰਤਾ ਹੋਇ ਜਨਾਵੈ॥੧॥ ਰਹਾਉ॥ ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ॥ ਦਹ ਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ॥੧॥ ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ॥ ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ॥੨॥ ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ॥ ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ॥੩॥ ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ॥ ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ॥੪॥੫॥੧੬੩॥

ਪਦ ਅਰਥ:-ਕਰਤਾ ਹੋਇ-ਕਰਤਾਰ ਦਾ ਰੂਪ ਹੋ ਕੇ। ਜਨਾਵੈ-ਸਮਝਾ ਸਕਦਾ ਹੈ। ਇਨਹਿ-ਇਸ ਜੀਵ ਨੇ। ਸਾਧਾ-ਸਾਧਨਾਂ। ਦਹ ਦਿਸਿ-ਦਸੀਂ ਪਾਸੀਂ। ਦਉਰਾਇਓ-ਦੌੜਾਇਆ। ਬਾਧਾ-ਬੱਝਾ ਪਿਆ ਹੈ। ਭੂਮਿ-ਧਰਤੀ। ਪੈਖਰ-ਢੰਗੇ।

### ਰਾਗੁ ਗਉੜੀ ਮਾਲਾ ਝਪ ਤਾਲ ਮਾਤਰਾਂ–10 ਵਿਲੰਭਿਤ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰੁ | ਗੁਰੁ | ਸਸ | ਨ਼ | ਸ | ਧੁਪ | ਮ | ਗੁਗੁ | ਰੁ | ਸ |
| ਮੋ | ਕਉ | ਇਹ | ਬਿ | ਧਿ | ਕੋS | S | ਸਮ | ਝਾ | ਵੈ |
| ਪਧੁ | ਨ | ਧੁਨ | ਧੁ | ਪ | ਮਗੁ | ਰੁ | ਰੁਗੁ | ਰੁ | ਨ਼ਸ |
| ਕਰ | ਤਾ | ਹੋS | ਇ | S | ਜS | ਨਾ | ਵੈS | S | SS |
| x | | 2 | | | 0 | | 3 | | |

#### ਅੰਤਰਾ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਮਮ | ਪ | ਧੁ | ਧੁ | ਨਨ | ਸੰਸੰ | ਸੰ | ਰੁੰ | ਨ | ਸੰ |
| ਅਨ | ਜਾ | ਨ | ਤ | ਕਿਛੁ | ਇਨ | ਹਿ | ਕ | ਮਾ | ਨੋ |
| ਸੰ | ਰੁੰ | ਗੁੰ | ਰੁੰ | ਸੰ | ਨ | ਸੰ | ਨ | ਧੁ | ਪ |
| ਜ | ਪ | ਤ | S | ਪ | ਕ | ਛੂ | ਨ | ਸਾ | ਧਾ |
| ਮਮ | ਪਪ | ਧੁ | - | ਨਨ | ਸੰ | ਸੰ | ਰੁੰਰੁੰ | ਨਨ | ਸੰ |
| ਦਹ | ਦਿਸਿ | ਲੈ | S | ਇਹੁ | ਮ | ਨੁ | ਦਉ | ਰਾਇ | ਓ |
| ਨਨ | ਸੰ | ਨ | ਧੁ | ਪ | ਮਗੁ | ਰੁ | ਰੁਗੁ | ਰੁ | ਨ਼ਸ |
| ਕਵ | ਨ | ਕ | ਰ | ਮ | ਕS | ਰਿ | ਬਾS | ਧਾ | SS |
| x | | 2 | | | 0 | | 3 | | |

ਰਾਗੁ ਗਉੜੀ ਮਾਲਾ

ਤਾਨਾਂ:-

1) ਸਰੁਗੁਮ ਪਧੁਪਮ ਗੁਰੁਸਰੁ ਗੁਮਪਧੁ ਨਧੁਪਮ ਗੁਰੁਸਰੁ ਗੁਮਪਧੁ ਨਸੰਨਧੁ ਪਮਗੁਰੁ ਸਰੁਨ਼ਸ

2) ਪਧੁਪਮ ਮਪਮਗੁ ਰੁਗੁਰੁਸ ਨ਼ਸਪਧੁ ਨਨਸੰਸੰ ਰੁੰਸੰਨਸੰ ਨਨਧੁਨ ਧੁਪਮਪ ਮਗੁਰੁਗੁ ਰੁਸਨ਼ਸ

3) ਪਧੁਪਮ ਪਮਗੁਮ ਗੁਰੁਗੁਰੁ ਸਰਨ਼ਸ ਸੰਰੁੰਸੰਨ ਸੰਨਧੁਨ ਧੁਪਧੁਪ ਮਪਮਗੁ ਮਗੁਰੁਗੁ ਸਰੁਨ਼ਸ

ਤਿਹਾਈਆਂ:-

1) ਪਹਿਲੀ-ਦੂਜੀ ਮਾਤਰ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ ਪੰਜਵੀ ਮਾਤਰ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਚੌਥੀ-ਪੰਜਵੀ ਮਾਤਰ ਦੇ 'ਬਿਧਿ' ਨੂੰ ਚੌਥੀ ਮਾਤਰ ਤੇ ਉਚਾਰਨ ਕਰਨਾ ਹੈ। ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਤੀਜੀ-ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਮ ਕਰਨਾ ਹੈ।

### ਗਉੜੀ ਮਾਲਾ ਮਹਲਾ ੫॥ (੨੧੫)

ਪਾਇਆ ਲਾਲੁ ਰਤਨੁ ਮਨਿ ਪਾਇਆ॥ ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ॥੧॥ਰਹਾਉ॥ ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ॥ ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ॥੧॥ ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ॥ ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ॥੨॥ ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥ ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥੩॥ ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥ ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ॥੪॥੩॥੧੬੧॥

ਪਦ ਅਰਥ:- ਪਾਇਆ-ਲੱਭ ਲਿਆ ਹੈ। ਮਨਿ-ਮਨ ਵਿੱਚ। ਥੀਆ-ਹੋ ਗਿਆ ਹੈ। ਸਮਾਇਆ-ਲੀਨ ਹੋ ਗਿਆ ਹਾਂ। ਤ੍ਰਿਸਨ-ਤ੍ਰੇਹ। ਕਰੁ-ਹੱਥ। ਮਸਤਕਿ-ਮੱਥੇ ਉੱਤੇ। ਅਘਾਇ ਰਹੇ- ਰੱਜ ਗਏ। ਰਿਦ-ਹਿਰਦਾ। ਚੂਕੇ-ਹੱਟ ਗਏ। ਮੂਕੇ-ਮੁੱਕਦਾ। ਤਾਤਿ-ਈਰਖਾ! ਅਚੰਭਉ- ਅਸਚਰਜ ਕੌਤਕ। ਜਿਨਿ-ਜਿਸ ਨੇ। ਸਚ ਬਿਗਾਸਾ-ਸੱਚ ਦਾ ਪ੍ਰਕਾਸ਼। ਨਿਧਾਨੁ-ਖਜ਼ਾਨਾ। ਰਿਦੈ-ਹਿਰਦੇ ਵਿਚ।

## ਰਾਗੁ ਗਉੜੀ ਮਾਲਾ ਜੈ ਤਾਲ ਮਾਤਰਾਂ-13 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਪ | ਧੁਧੁ | ਨਸਂ | ਨਧੁ | ਪ | ਧੁ | ਪ | ਮ | - | ਗੁਗੁ | ਰੁ | ਰੁ | ਸ |
| ਪਾ | ਇਆ | ਲਾS | SS | ਲੁ | ਰ | ਤ | ਨੁ | S | ਮਨਿ | ਪਾ | ਇ | ਆ |
| ਨ਼ | ਸ | ਰੁ | ਰੁ | ਗੁ | ਮ | ਮ | ਗੁ | - | ਰੁ | ਗੁ | ਰੁ | ਸ |
| ਤ | ਨੁ | ਸੀ | ਤ | ਲੁ | ਮ | ਨੁ | ਸੀ | S | ਤ | ਲੁ | ਥੀ | ਆ |
| ਪ | ਧੁ | ਨ | ਸਂ | ਨ | ਧੁ | ਨ | ਧੁ | ਪ | ਮ | ਗੁ | ਰੁ | ਸ |
| ਸ | ਤ | ਗੁ | S | ਰ | ਸ | ਬ | ਦਿ | S | ਸ | ਮਾ | ਇ | ਆ |
| x | | | | | 2 | | | | 3 | | 4 | |

### ਅੰਤਰਾ

| | | | | | | | | | | | | |
|---|---|---|---|---|---|---|---|---|---|---|---|---|
| ਮ | ਪ | ਧੁ | - | ਨ | ਨਨ | ਸਂ | ਸਂ | ਸਂ | ਸਂ | ਰੁਂ | - | ਸਂ |
| ਲਾ | ਥੀ | ਭੂ | S | ਖ | ਤ੍ਰਿ | ਸ | ਨ | ਸ | ਭ | ਲਾ | S | ਥੀ |
| ਸਂ | ਰੁਂ | ਗੁਂ | ਰੁਂ | ਸਂ | ਨ | ਸਂ | ਨ | ਨ | ਸਂ | ਨ | ਧੁ | ਪ |
| ਚਿੰ | S | ਤਾ | S | S | ਸ | ਗ | ਲ | ਬਿ | ਸਾ | S | ਰੀ | S |
| ਮ | ਪ | ਧੁਧੁ | ਧੁ | ਨ | ਸਂ | ਸਂ | ਸਂ | ਸਂ | ਰੁਂ | ਰੁਂ | ਸਂ | - |
| ਕ | ਰੁ | ਮਸ | ਤ | ਕਿ | ਗੁ | ਰਿ | ਪੂ | ਰੈ | ਧ | ਰਿ | ਓ | S |
| ਨ | ਸਂ | ਨ | ਧੁ | ਪ | ਧੁ | ਪ | ਮ | ਗੁ | ਰੁ | - | ਨ਼ | ਸ |
| ਮ | ਨੁ | ਜੀ | S | ਤੋ | ਜ | ਗੁ | ਸਾ | S | ਰੀ | S | S | S |
| x | | | | | 2 | | | | 3 | | 4 | |

**ਤਾਨਾਂ:-**

1) ਸਰੁਗੁਮ ਗੁਰੁਸਰੁ ਗੁਮਪਮ ਗੁਰੁਸਰੁ ਗੁਮਪਧੁ ਪਮਗੁਰੁ ਸਰੁਗੁਮ ਪਧੁਨਧੁ
ਪਮਗੁਰੁ ਸਰੁਗੁਮ ਪਧੁਨਸਂ ਨਧੁਪਮ ਗੁਰੁਸ-

2) ਧੁਧੁਪਧੁ ਧੁਪਧੁਧੁ ਪਧੁਪਮ ਨਨਧੁਨ ਨਧੁਨਨ ਧੁਨਧੁਪ ਸਂਸਂਨਸਂ ਸਂਨਸਂਸਂ
ਨਸਂਨਧੁ ਪਧੁਪਮ ਮਪਮਗੁ ਗੁਮਗੁਰੁ ਰੁਗੁਰੁਸ

3) ਗੁਗੁਰੁਗੁ ਰੁਸਮਮ ਗੁਮਗੁਰੁ ਪਪਮਪ ਮਗੁਧੁਧੁ ਪਧੁਪਮ ਨੁਨੁਧੁਨੁ ਧੁਪਸਂਸਂ
ਨਸਂਨਸਂ ਰੁਂਰੁਂਸਂਰੁਂ ਸਂਨਸਂਸਂ ਨਸਂਨੁਧੁ ਨੁਨੁਧੁਨੁ ਧੁਪਧੁਧੁ ਪਧੁਪਮ ਪਪਮਪ

ਰਾਗੁ ਗਉੜੀ ਮਾਲਾ

| | | | | | | | | | |
|---|---|---|---|---|---|---|---|---|---|
| ਮਗੁਮਮ | ਗੁਮਗੁਰੁ | ਗੁਗੁਰੁਗੁ | ਰੁਸਨ੍ਸ | ਨਸੰ | -- | -ਨ੍ਨ | ਸੰ- | -- | ਨਸੰ |
| | | | | ਪਾਇਆ | SS | Sਪਾਇ | ਆS | SS | ਪਾਇਆ |

| | | | | | | | | |
|---|---|---|---|---|---|---|---|---|
| 4) | ਪਧੁਪਧੁ | ਪਧੁਪਮ | ਮਪਮਪ | ਮਪਮਗੁ | ਗੁਮਗੁਮ | ਗੁਮਗੁਰੁ | ਰੁਗੁਰੁਗੁ | ਰੁਗੁਰੁਸ |
| | ਨ੍ਸੰਨ੍ਸੰ | ਨ੍ਸੰਨਧੁ | ਧੁਨਧੁਨ | ਧੁਨਧੁਪ | ਪਧੁਪਧੁ | ਪਧੁਪਮ | ਮਪਮਪ | ਮਪਮਗੁ |
| | ਗੁਮਗੁਮ | ਗੁਮਗੁਰੁ | ਰੁਗੁਰੁਗੁ | ਰੁਗੁਰੁਸ | ਪਧੁ | ਨਸੰ - | ਨਸੰ - | ਨਸੰ |
| | | | | | ਪਾਇਆ | ਲਾਲ S | ਲਾਲ S | ਲਾਲ |

**ਤਿਹਾਈਆਂ:-**

1. ਪਹਿਲੀ ਤੋਂ ਪੰਜਵੀਂ ਮਾਤਰ ਤਕ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਤੀਜੀ ਤੋਂ ਪੰਜਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ ਪੰਜਵੀਂ ਮਾਤਰ ਗਾ ਕੇ ਫਿਰ ਪਹਿਲੀ-ਦੂਜੀ ਮਾਤਰ ਦਾ ਟੁਕੜਾ ਤੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. 6ਵੀਂ ਤੋਂ 13ਵੀਂ ਮਾਤਰ ਦੇ ਟੁਕੜੇ ਨੂੰ ਤੀਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ ਪਹਿਲੀ-ਦੂਜੀ ਮਾਤਰ ਤੇ 'ਪਾਇਆ ਲਾਲੁ' ਦਾ ਉਚਾਰਨ ਕਰਨਾ ਹੈ।

**ਰਾਗੁ ਗਉੜੀ ਮਾਲਾ ਮਹਲਾ ੫॥ ੧ੴ ਸਤਿਗੁਰ ਪ੍ਰਸਾਦਿ॥ (੨੧੪)**

**ਪਾਇਓ ਬਾਲ ਬੁਧਿ ਸੁਖੁ ਰੇ॥ ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ॥੧॥ ਰਹਾਉ॥ ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ॥ ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ॥੧॥ ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥ ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥੨॥ ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ॥ ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ॥੩॥ ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ॥ ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥੧॥੧੫੯॥**

ਪਦ ਅਰਥ:- ਬਾਲ ਬੁਧਿ-ਬਾਲਕਾਂ ਵਾਲੀ ਅਕਲ ਨਾਲ। ਰੇ-ਹੇ ਭਾਈ! ਹਰਖ-ਖੁਸ਼ੀ। ਹਾਨਿ-ਘਾਟਾ। ਮਿਰਤੁ-ਮੌਤ। ਚਿਤਿ-ਚਿੱਤ ਵਿੱਚ। ਸਮਸਰਿ-ਬਰਾਬਰ, ਇਕੋ ਜਿਹੇ। ਜਉ ਲਉ-ਜਦ ਤਕ। ਚਿਤਵਉ-ਚਿਤਵਦਾ ਹਾਂ। ਭੇਟਿਆ-ਮਿਲਿਆ। ਜੇਤੀ-ਜਿਤਨੀ। ਤੇਤੇ-ਉਤਨੇ ਹੀ। ਬੰਧ-ਬੰਧਨ। ਸਾਧੂ-ਗੁਰੂ। ਕਰੁ-ਹੱਥ। ਮਸਤਕਿ-ਮੱਥੇ ਉੱਤੇ। ਮੁਕਤ-ਸੁਤੰਤਰ। ਬਿਖੁ-ਜ਼ਹਿਰ। ਬੁਧਿ-ਅਕਲ। ਅਰਪੀ-ਭੇਟ ਕਰ ਦਿੱਤੀ। ਪੋਟ-ਮਾਇਆ ਦੇ ਮੋਹ ਦੀ ਪੋਟਲੀ। ਡਾਨ-ਸਜ਼ਾ, ਡੰਨ ਭਰਦਾ ਰਿਹਾ। ਡਾਰਿ-ਸੁੱਟ ਕੇ। ਨਿਰਭਏ-ਨਿਡਰ ਹੋ ਗਿਆ।

## ਰਾਗੁ ਗਉੜੀ ਮਾਲਾ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਧੁ | ਨ | ਸੰ | ਨ | ਨ | ਧੁ | ਪ | ਮਮ | ਪਪ | - | ਧੁਧੁ | - | ਨ | ਨ |
| ਪਾ | ਇ | ਓ | ਬਾ | ਲ | ਬੁ | ਧਿ | ਜਉ | ਲਉ | ਠ | ਹਉ | ਠ | ਕਿ | ਛੁ |
| ਮ | ਗੁ | ਰੁ | ਸ | ਰੁ | ਨ਼ | ਸ | ਸੰ | - | ਰੁੰਰੁੰ | ਨ | ਨ | ਸੰਸੰ | - |
| ਸੁ | ਖੁ | ਠ | ਰੇ | ਠ | ਠ | ਠ | ਸੋ | ਠ | ਚਉ | ਚਿ | ਤ | ਵਉ | ਠ |
| ਸ | ਰੁ | ਰੁ | ਨ਼ | ਨ਼ | ਸ | ਸ | ਰੁੰਰੁੰ | - | ਸੰ | ਨਨ | ਧੁ | ਪ | - |
| ਹ | ਰ | ਖ | ਸੋ | ਗ | ਹਾ | ਨਿ | ਤਉ | ਠ | ਠ | ਲਉ | ਠ | ਠ | ਠ |
| ਪ | ਧੁ | ਪ | ਮ | ਪ | ਮ | ਮ | ਧੁ | ਧੁ | ਨ | ਸੰ | - | ਨ | ਸੰ |
| ਮਿ | ਰ | ਤੁ | ਦੂ | ਖ | ਸੁ | ਖ | ਦੁ | ਖ | ਨੁ | ਭ | ਠ | ਰੇ | ਠ |
| ਪ | ਧੁ | ਨ | ਧੁ | ਨ | ਧੁ | ਪ | ਨਨ | ਸੰ | - | ਨਨ | ਧੁ | - | ਪ |
| ਚਿ | ਤਿ | ਠ | ਸ | ਮ | ਸ | ਰਿ | ਤਉ | ਠ | ਠ | ਲਉ | ਠ | ਠ | ਠ |
| ਮ | ਗੁ | ਰੁ | ਸ | ਰੁ | ਨ਼ | ਸ | ਪ | ਮ | ਗੁ | ਰੁ | ਸ | ਨ਼ | ਸ |
| ਗੁ | ਰੁ | ਠ | ਮਿ | ਠ | ਲੇ | ਠ | ਦੁ | ਖ | ਨੁ | ਭ | ਠ | ਰੇ | ਠ |
| x | | | 2 | | 3 | | x | | | 2 | | 3 | |

# ੧੧-ਰਾਗੁ ਗਉੜੀ ਸੋਰਠਿ

ਰਾਗੁ ਗਉੜੀ ਸੋਰਠਿ ਰਾਗੁ ਗਉੜੀ ਤੇ ਰਾਗੁ ਸੋਰਠਿ ਦਾ ਮਿਸ਼ਰਨ ਹੈ। ਭਾਰਤੀ ਸੰਗੀਤ ਵਿੱਚ ਗਉੜੀ ਤੇ ਸੋਰਠਿ ਦੋ ਵੱਖ-ਵੱਖ ਰਾਗ ਹਨ ਪਰ ਇਹਨਾਂ ਦਾ ਮਿਸ਼ਰਤ ਸਰੂਪ ਗਉੜੀ ਸੋਰਠਿ ਪ੍ਰਚਾਰ ਵਿੱਚ ਨਹੀਂ ਹੈ। ਰਾਗੁ ਗਉੜੀ ਤੇ ਰਾਗੁ ਸੋਰਠਿ ਦਾ ਪਰੀਚੈ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਵਿਚ ਪਹਿਲਾਂ ਹੀ ਦਿੱਤਾ ਜਾ ਚੁਕਾ ਹੈ। ਗੁਰਮਤਿ ਸੰਗੀਤ ਵਿੱਚ ਰਾਗੁ ਗਉੜੀ ਸੋਰਠਿ ਦਾ ਮਿਸ਼ਰਤ ਸਰੂਪ ਅਪ੍ਰਚਲਿਤ ਤੇ ਕਠਿਨ ਰਾਗਾਂ ਦੀ ਗਨਣਾ ਵਿੱਚ ਆਉਂਦਾ ਹੈ। ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਦਾ ਗਾਇਣ ਜ਼ਿਆਦਾ ਪ੍ਰਚਾਰ ਵਿਚ ਨ ਹੋਣ ਕਾਰਨ ਲਿਖਤੀ ਰੂਪ ਵਿਚ ਵੀ ਐਸੇ ਰਾਗਾਂ ਬਾਰੇ ਸਮੱਗਰੀ ਪ੍ਰਾਪਤ ਨਹੀਂ ਹੁੰਦੀ। ਫਿਰ ਵੀ ਕੁਝ ਵਿਦਵਾਨਾਂ ਨੇ ਇਸ ਰਾਗ ਦੇ ਪਰੀਚੈ ਤੇ ਬੰਦਸ਼ਾਂ ਆਪਣੀਆਂ ਰਚਨਾਵਾਂ ਵਿੱਚ ਦਿੱਤੀਆਂ ਹਨ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨੇ 'ਪ੍ਰਾਚੀਨ ਰੀਤ ਰਤਨਾਵਲੀ' ਵਿਚ ਗਉੜੀ ਸੋਰਠਿ ਨੂੰ ਪੂਰਵੀ ਅੰਗ ਦਾ ਰਾਗ ਮੰਨਿਆ ਹੈ। ਵਾਦੀ-ਸ, ਸੰਵਾਦੀ-ਪ, ਜਾਤੀ-ਵਕਰ ਸੰਪੂਰਨ, ਸਮਾਂ-ਪਹਿਲੀ ਰਾਤ। ਆਰੋਹੀ- ਸ ਰੁ ਗ ਰੁ ਸ, ਮ ਰ ਮ ਪ ਧ ਪ ਨ ਸੰ। ਅਵਰੋਰੀ-ਸੰ ਨੁ ਧ ਪ, ਧੁ ਮ ਪ, ਮ ਰ ਮਗਰੁ ਸ ਨ਼ ਸ। ਸ. ਗਿਆਨ ਸਿੰਘ ਐਬਟਾਬਾਦ ਨੇ 'ਗੁਰਬਾਣੀ ਸੰਗੀਤ' ਵਿਚ ਰਾਗੁ ਗਉੜੀ ਸੋਰਠਿ ਨੂੰ ਪੂਰਵੀ ਅੰਗ ਦਾ ਰਾਗ ਮੰਨਿਆ ਹੈ। ਜਾਤੀ ਵਕਰ ਸੰਪੂਰਨ, ਸ਼ੜਜ-ਪੰਚਮ ਦਾ ਸੰਵਾਦ ਤੇ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਆਰੋਹ- ਸਰੁ ਗਰੁ ਸ ਮਰ ਮਪ ਨਸੰ। ਅਵਰੋਹ- ਸੰ ਨੁ ਧ ਪ ਧੁ ਮਪ ਮਗ ਰੁ ਗ ਰੁ ਸ। ਪਕੜ - ਸਮਰਿ ਮ ਪ, ਧੁ ਮਪ, ਮਗ, ਰੁਗ, ਰੁਸ, ਨ਼, ਰੁਸ। ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-ਚੌਥਾ ਵਿੱਚ ਗਉੜੀ ਸੋਰਠਿ ਨੂੰ ਭੈਰਉ ਥਾਟ ਦਾ ਰਾਗ ਮੰਨਿਆ ਹੈ। ਦੋਨੋਂ ਰਿਸ਼ਭ, ਦੋਨੋਂ ਮਧਿਅਮ, ਦੋਨੋ ਨਿਸ਼ਾਦ ਹੋਰ ਸਵਰ ਸ਼ੁਧ ਹਨ। ਆਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ ਹਨ। ਇਸ ਲਈ ਜਾਤੀ ਔੜਵ-ਸੰਪੂਰਨ ਹੈ। ਵਾਦੀ ਪੰਚਮ ਸੰਵਾਦੀ ਸ਼ੜਜ ਤੇ ਸਮਾਂ ਸੰਧਿਆ ਕਾਲ ਹੈ। ਆਰੋਹ- ਸ ਰ ਮਪ ਨ ਸੰ। ਅਵਰੋਹ- ਸੰ ਰੰ ਨੁ ਧ ਪ, ਧ ਮ ਪ ਗ, ਮ ਗ ਰੁ ਨ਼ ਸ। ਪਕੜ-ਸ, ਮ ਰ, ਮ ਪ, ਧ ਮ, ਗਰੁ ਨ਼ ਸ। 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਦੇ ਕਰਤਾ ਪ੍ਰੋ. ਤਾਰਾ ਸਿੰਘ ਅਨੁਸਾਰ ਇਹ ਰਾਗ ਥਾਟ-ਉਪਥਾਟ ਪੱਧਤੀ ਅਨੁਸਾਰ ਪੂਰਵੀ ਖਮਾਜ

ਥਾਟ ਦੇ ਅੰਤਰਗਤ ਆਉਂਦਾ ਹੈ। ਇਸ ਰਾਗ ਵਿੱਚ ਦੋਨੋਂ ਰਿਸ਼ਭ, ਦੋਨੋਂ ਮਧਿਅਮ, ਦੋਨੋਂ ਧੈਵਤ, ਦੋਨੋਂ ਨਿਸ਼ਾਦ ਹੋਰ ਸਵਰ ਸ਼ੁਧ ਪ੍ਰਯੋਗ ਹੁੰਦੇ ਹਨ। ਜਾਤੀ ਸ਼ਾੜਵ-ਸੰਪੂਰਨ, ਸ਼ੜਜ-ਪੰਚਮ ਦਾ ਸੰਵਾਦ ਹੈ ਤੇ ਸਮਾਂ ਰਾਤ ਦਾ ਦੂਜਾ ਪਹਿਰ ਹੈ। ਆਰੋਹ- ਸ, ਨ਼ ਰੁ ਗ ਰੁ ਸ, ਮ ਰ ਮ ਪ, ਨ ਸਂ। ਅਵਰੋਹ- ਸਂ, ਰਂ ਨੁ ਧ ਪ, ਮ̍ ਪ ਧੁ ਮ̍ ਪ, ਮ ਰ, ਮ̍ ਗ ਰੁ ਸ, ਨ਼ ਰੁ ਸ। ਮੁੱਖ ਅੰਗ - ਸ, ਮ ਰੇ, ਮ ਪ, ਧੁ ਮ̍ ਪ, ਮ̍ ਗ, ਰੁ ਸ, ਨ਼ ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਇਸ ਰਾਗ ਦਾ ਸਰੂਪ ਪ੍ਰੋਫ਼ੈਸਰ ਤਾਰਾ ਸਿੰਘ ਦੇ ਦਿੱਤੇ ਸਰੂਪ ਨਾਲ ਮਿਲਦਾ ਜੁਲਦਾ ਹੈ। ਆਰੋਹ- ਸ, ਨ਼ ਰੁ ਗ ਰੁ ਸ, ਮ ਰ ਮ ਪ ਨ ਸਂ। ਅਵਰੋਹ-ਸਂ ਰਂ ਨੁ ਧ ਪ, ਧੁ ਮ̍ ਪ ਮ̍ ਗ, ਰੁ ਸ ਨ਼ ਰੁ ਸ। ਪਕੜ- ਸ, ਮ ਰੇ ਮ ਪ, ਧੁ ਮ̍ ਪ, ਮ̍ ਗ ਰੁ ਗ ਰੁ ਗ ਰੁ ਸ, ਨ਼ ਰੁ ਸ।

ਇਥੇ ਰਾਗੁ ਗਉੜੀ ਸੋਰਠਿ ਦੇ ਸਰੂਪ ਵਿੱਚ ਦੋਨੋਂ ਰਿਸ਼ਭ, ਦੋਨੋਂ ਮਧਿਅਮ, ਦੋਨੋਂ ਧੈਵਤ ਤੇ ਦੋਨੋਂ ਨਿਸ਼ਾਦ ਹੋਰ ਸਵਰ ਸ਼ੁਧ ਹਨ। ਪੰਚਮ-ਸ਼ੜਜ ਦਾ ਸੰਵਾਦ ਤੇ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਆਰੋਹ- ਸ ਰੁ ਗ ਰੁ, ਮ̍ ਪ ਧੁ ਪ, ਨ ਸਂ। ਅਵਰੋਹ- ਸਂ ਨੁ ਧ ਪ, ਧ ਮ ਰੇ ਨ਼ ਸ। ਇਸ ਰਾਗ ਨੂੰ ਕਿਸੇ ਵੀ ਥਾਟ ਦੇ ਅੰਤਰਗਤ ਨਹੀਂ ਰਖਿਆ ਜਾ ਸਕਦਾ ਕਿਉਂਕਿ ਆਰੋਹ ਵਿੱਚ ਗਉੜੀ ਰਾਗ ਪੂਰਬੀ ਥਾਟ ਦਾ ਹੈ ਤੇ ਅਵਰੋਹ ਵਿੱਚ ਸੋਰਠਿ ਖਮਾਜ ਥਾਟ ਦਾ ਹੈ। ਇਸ ਲਈ ਇਸ ਰਾਗ ਦਾ ਪੂਰਵੀ - ਖਮਾਜ ਅੰਗ ਹੀ ਮੰਨਾਂਗੇ। ਇਸ ਰਾਗ ਦੇ ਚਲਨ ਵਿੱਚ ਗਉੜੀ ਤੇ ਸੋਰਠਿ ਦੋਨੋਂ ਹੀ ਰਾਗਾਂ ਦੇ ਮਿਸ਼ਰਨ ਨਾਲ ਇਸ ਦਾ ਆਪਣਾ ਇਕ ਸੁੰਦਰ ਸਰੂਪ ਬਣ ਜਾਂਦਾ ਹੈ। ਰੁ ਗ ਰੁ, ਮ̍ ਪ, ਪ ਧ ਮ ਰੇ, ਮ̍ ਪ, ਮ̍ ਪ ਧੁ ਪ, ਧ ਮ ਰੇ, ਨ ਸਂ, ਰਂ ਨੁ ਧ ਪ, ਪ ਧ ਮ ਰੇ ਐਸੇ ਸਵਰ ਸਮੂਹ ਦੇ ਪ੍ਰਯੋਗ ਨਾਲ ਦੋਨਾਂ ਹੀ ਰਾਗਾਂ ਦੇ ਸਰੂਪ ਬਣਦੇ ਜਾਂਦੇ ਹਨ। ਐਸੇ ਮਿਸ਼ਰਤ ਰਾਗਾਂ ਵਿੱਚ ਅਲਾਪ ਤੇ ਛੋਟੀਆਂ ਤਾਨਾਂ ਤਾਂ ਲਈਆਂ ਜਾ ਸਕਦੀਆਂ ਹਨ ਪਰ ਲੰਮੀਆਂ ਤਾਨਾਂ ਤੇ ਖਾਸ ਕਰ ਸਪਾਟ ਤਾਨਾਂ ਦਾ ਪ੍ਰਯੋਗ ਮੁਸ਼ਕਲ ਪੈਂਦਾ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਇਹੀ ਪ੍ਰਵਾਣਿਤ ਸਰੂਪ ਆਰੋਹ-ਗਉੜੀ ਤੇ ਅਵਰੋਹ-ਸੋਰਠਿ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ। ਸੋ ਰਾਗ ਦਾ ਇਹੀ ਸਰੂਪ ਇੱਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਰਾਗੁ ਗਉੜੀ ਵਿੱਚ ਗਉੜੀ ਦੇ ਪ੍ਰਕਾਰਾਂ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗੌੜੀ ਮਾਲਵਾ, ਗਉੜੀ ਮਾਲਾ ਤੇ ਗਉੜੀ ਦੇ ਮਿਸ਼ਰਤ ਰਾਗਾਂ ਵਿੱਚ ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ ਤੋਂ ਬਾਅਦ ਗਉੜੀ ਸੋਰਠਿ ਵਿਚ ਬਾਣੀ ਰਚਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗੁ ਗਉੜੀ ਵਿਚ ਰਚਿਤ ਭਗਤ ਬਾਣੀ ਵਿਚ ਭਗਤ ਕਬੀਰ ਜੀ ਦੀ

## ਰਾਗੁ ਗਉੜੀ ਸੋਰਠਿ

ਬਾਣੀ ਵਿੱਚ 'ਗਉੜੀ ਭੀ ਸੋਰਠਿ ਭੀ' ਦੇ ਸਿਰਲੇਖ ਹੇਠ ਪੰਨਾ ੩੩੦ ਤੋਂ ੩੩੧ ਤਕ ਸ਼ਬਦ ਅੰਕ ॥੫॥੩੮ ਤੋਂ ੩॥੪੨॥ ਪੰਜ ਸ਼ਬਦ ਹਨ। ਇਥੇ 'ਗਉੜੀ ਭੀ ਸੋਰਠਿ ਭੀ' ਦੇ ਸਿਰਲੇਖ ਦਾ ਅਰਥ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਹ ਸ਼ਬਦ ਗਉੜੀ ਰਾਗ ਵਿਚ ਵੀ ਤੇ ਸੋਰਠਿ ਰਾਗ ਵਿੱਚ ਵੀ ਗਾਏ ਜਾਣੇ ਹਨ, ਸਗੋਂ ਗਉੜੀ ਤੇ ਸੋਰਠਿ ਦੇ ਮਿਸ਼ਰਤ ਸਰੂਪ ਵਿਚ ਹੀ ਗਾਏ ਜਾਣੇ ਹਨ।

**ਪਰੀਚੈ:-**

ਰਾਗੁ - ਗਉੜੀ ਸੋਰਠਿ ਪੂਰਵੀ ਖਮਾਜ ਅੰਗ

ਸਵਰ - ਦੋਨੋਂ ਰਿਸ਼ਭ, ਦੋਨੋਂ ਮਧਿਅਮ, ਦੋਨੋਂ ਧੈਵਤ, ਦੋਨੋਂ ਨਿਸ਼ਾਦ ਹੋਰ ਸਭ ਸ਼ੁਧ

ਵਰਜਿਤ ਸਵਰ - ਅਵਰੋਹ ਵਿਚ ਗੰਧਾਰ

ਜਾਤੀ - ਸੰਪੂਰਨ-ਸ਼ਾੜਵ ਵਾਦੀ-ਪੰਚਮ

ਸੰਵਾਦੀ - ਸ਼ੜਜ ਸਮਾਂ-ਰਾਤ ਦਾ ਪਹਿਲਾ ਪਹਿਰ

ਆਰੋਹ - ਸ ਰੁ ਗ ਰੁ , ਮੰ ਪ ਧੁ ਪ, ਨ ਸੰ

ਅਵਰੋਹ - ਸੰ ਨੁ ਧ ਪ, ਧ ਮ ਰੇ ਨ਼ ਸ।

ਮੁੱਖ ਅੰਗ - ਰੁ ਗ ਰੁ, ਮੰ ਪ ਧ ਮ ਰ, ਨ਼ ਸ

**ਸਵਰ ਵਿਸਥਾਰ:-**

1) ਸ, ਰੁ ਗ ਰੁ ਸ, ਨ਼ ਧ਼ ਪ਼, ਪ਼ ਧ਼ੁ ਮ਼ੰ ਪ਼, ਨ਼ ਸ, ਰੁ ਗ ਰੁ, ਮੰ ਪ, ਪ ਧੁ ਮੰ ਪ, ਧ ਮ ਰੇ ਪ ਧ ਮ ਰੇ, ਰ ਨ਼ ਸ।

2) ਸ, ਰੁ ਗ ਰੁ, ਮੰ ਪ ਧ ਮ ਰੇ, ਨ਼ ਸ, ਰੁ ਮੰ ਪ, ਨੁ ਧ ਪ, ਪ ਧੁ ਮੰ ਪ, ਮੰ ਪ ਨ, ਪ ਨ ਸੰ, ਨੁ ਧ ਪ, ਮੰ ਪ ਧੁ ਪ, ਪ ਧ ਮ ਰੇ, ਨੁ ਧ ਪ, ਧ ਮ ਰ, ਮ ਰੇ ਨ਼ ਸ।

3) ਪ ਮੰ ਪ, ਮੰ ਪ ਨ, ਪ ਨ ਸੰ, ਨ ਸੰ, ਰੁੰ ਗੰ ਰੁੰ, ਸੰ ਨ ਸੰ, ਰੁੰ ਮੰ ਪੰ ਮੰ ਰੰ ਨ ਸੰ ਸੰ ਰੰ ਨੁ ਧ ਪ, ਸੰ ਨੁ ਧ ਪ, ਰੁ ਮੰ ਪ, ਪ ਧੁ ਮੰ ਪ, ਪ ਧ ਮ ਰੇ, ਧ ਮ ਰ ਨ਼ ਸ

### ਗਉੜੀ ਭੀ ਸੋਰਠਿ ਭੀ॥ (੩੩੦)

**ਰੇ ਜੀਅ ਨਿਲਜ ਲਾਜ ਤੁੋਹਿ ਨਾਹੀ॥ ਹਰਿ ਤਜਿ ਕਤ ਕਾਹੂ ਕੇ ਜਾਂਹੀ॥੧॥ਰਹਾਉ॥ ਜਾ ਕੋ ਠਾਕੁਰੁ ਊਚਾ ਹੋਈ॥ ਸੋ ਜਨੁ ਪਰ ਘਰ ਜਾਤ ਨ ਸੋਹੀ॥੧॥ ਸੋ ਸਾਹਿਬੁ ਰਹਿਆ ਭਰਪੂਰਿ॥ ਸਦਾ ਸੰਗਿ ਨਾਹੀ ਹਰਿ ਦੂਰਿ॥੨॥ ਕਵਲਾ ਚਰਨ ਸਰਨ ਹੈ ਜਾ ਕੇ॥ ਕਹੁ ਜਨ ਕਾ ਨਾਹੀ ਘਰ ਤਾ ਕੇ॥੩॥ ਸਭੁ ਕੋਊ ਕਹੈ ਜਾਸੁ ਕੀ ਬਾਤਾ॥ ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ॥੪॥ ਕਹੈ ਕਬੀਰੁ ਪੂਰਨ ਜਗ ਸੋਈ॥ ਜਾ ਕੇ ਹਿਰਦੈ ਅਵਰੁ ਨ ਹੋਈ॥੫॥੩੮॥**

ਪਦ ਅਰਥ:- ਨਿਲਜ-ਬੇਸ਼ਰਮ। ਤਜਿ-ਛੱਡ ਕੇ। ਕਾਹੂ-ਕਿਸ ਦੇ ਪਾਸ? ਸੋਹੀ-ਸੋਭਦਾ। ਭਰਪੂਰਿ-ਵਿਆਪਕ। ਕਵਲਾ-ਲਛਮੀ, ਮਾਇਆ। ਕਹੁ ਜਨ-ਹੇ ਭਾਈ ਦੱਸ! ਕਾ ਨਾਹੀ-ਕਿਹੜੀ ਸ਼ੈ ਨਹੀਂ? ਜਾਸੁ-ਜਿਸ (ਪ੍ਰਭੂ) ਦੀਆਂ। ਬਾਤਾ-ਵਡਿਆਈਆਂ। ਸੰਮ੍ਰਥੁ-ਸਮਰੱਥਾ ਵਾਲਾ, ਸੱਤਿਆ ਵਾਲਾ। ਨਿਜ ਪਤਿ-ਅਸਾਡਾ ਖਸਮ। ਦਾਤਾ-ਦੇਣ ਵਾਲਾ।

## ਰਾਗੁ ਗਉੜੀ ਸੋਰਠਿ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰੁ | ਗ | ਰੁਰੁ | ਸ | ਰੁ | ਮ' | ਪ | - |
| | | | | | | | | ਰੇ | s | ਜੀਅ | s | ਨਿ | ਲ | ਜ | s |
| ਨ | ਸਂ | ਸਂ | ਰਂ | ਨੁ | ਧ | ਪ | - | ਰੁ | ਮ' | ਪ | ਪ | ਪ | ਧੁ | ਮ' | ਪ |
| ਲਾ | ਜ | ਤੁੋ | ਹਿ | ਨਾ | s | ਹੀ | s | ਹ | ਰਿ | ਤ | ਜਿ | ਕ | s | ਤ | s |
| ਪ | ਧ | ਮ | ਰ | ਨ਼ | - | ਸ | - | | | | | | | | |
| ਕਾ | ਹੂ | ਕੇ | s | ਜਾਂ | s | ਹੀ | s | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਧੁ | ਮ' | ਪ | ਨ | - | ਸਂ | ਸਂ |
| | | | | | | | | ਜਾ | s | ਕੋ | s | ਠਾ | s | ਕੁ | ਰੁ |
| ਰੁਂ | ਗਂ | ਰੁਂ | ਸਂ | ਰਂ | ਨੁ | ਧ | ਪ | ਮ' | ਪ | ਧੁ | ਪ | ਮ' | ਪ | ਨ | ਸਂ |
| ਊ | s | ਚਾ | s | ਹੋ | s | ਈ | s | ਸੋ | s | ਜ | ਨੁ | ਪ | ਰ | ਘ | ਰ |
| ਨੁ | ਧ | ਪ | ਧ | ਮ | ਰ | ਨ਼ | ਸ | | | | | | | | |
| ਜਾ | ਤ | ਨ | s | ਸੋ | s | ਹੀ | s | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਰੁਗ ਰੁਸ ਰੁਮ' ਪਪ ਧਮ ਰ- ਨ਼ਨ਼ ਸ-
2) ਸਰੁ ਗਰੁ ਮ'ਪ ਧੁਪ ਪਧ ਮਰ ਨ਼ਨ਼ ਸ-
3) ਰੁਮ' ਪਧੁ ਮ'ਪ ਨਸਂ ਨੁਧ ਪਧ ਮਰ ਨ਼ਸ
4) ਮ'ਪ ਧੁਪ ਪਧ ਮਰ ਸਂਨੁ ਧਪ ਮਰ ਸ-
5) ਮਰ ਨ਼ਸ ਰੁਗ ਰੁਸ ਮ'ਪ ਨਸਂ ਪਧ ਮਰ
6) ਮ'ਪ ਨਸਂ ਰਂਨੁ ਧਪ ਪਧ ਮਰ ਨ਼ਨ਼ ਸ-
7) ਰੁਗ ਰੁਸ ਰੁਮ' ਪਪ ਪਧੁ ਮ'ਪ ਧਮ ਰਸ ਮ'ਪ ਨਸਂ ਰੁਂਗਂ ਰੁਂਸਂ
ਨੁਧ ਪਧ ਮਰ ਨ਼ਸ
8) ਮ'ਪ ਧੁਪ ਨਨ ਸਂਸਂ ਰੁਂਗਂ ਰੁਂਸਂ ਨੁਧ ਪਪ ਨਸਂ ਨੁਧ ਪਧ ਮਰ
ਪਨੁ ਧਪ ਮਰ ਨ਼ਸ

## ਰਾਗੁ ਗਉੜੀ ਸੋਰਠਿ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਨਾਲ ਜੋੜ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ 2 ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਪਹਿਲੀ ਤੋਂ 8ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### (ਗਉੜੀ ਭੀ ਸੋਰਠਿ ਭੀ॥) (੩੩੧)

**ਅਬ ਮੋ ਕਉ ਭਏ ਰਾਜਾ ਰਾਮ ਸਹਾਈ ॥ ਜਨਮ ਮਰਨ ਕਟਿ ਪਰਮ ਗਤਿ ਪਾਈ॥੧॥ ਰਹਾਉ॥ ਸਾਧੂ ਸੰਗਤਿ ਦੀਓ ਰਲਾਇ॥ ਪੰਚ ਦੂਤ ਤੇ ਲੀਓ ਛਡਾਇ॥ ਅੰਮ੍ਰਿਤ ਨਾਮੁ ਜਪਉ ਜਪੁ ਰਸਨਾ॥ ਅਮੋਲ ਦਾਸੁ ਕਰਿ ਲੀਨੋ ਅਪਨਾ॥੧॥ ਸਤਿਗੁਰ ਕੀਨੋ ਪਰਉਪਕਾਰੁ॥ ਕਾਢਿ ਲੀਨ ਸਾਗਰ ਸੰਸਾਰ॥ ਚਰਨ ਕਮਲ ਸਿਉ ਲਾਗੀ ਪ੍ਰੀਤਿ॥ ਗੋਬਿੰਦੁ ਬਸੈ ਨਿਤਾ ਨਿਤ ਚੀਤ॥੨॥ ਮਾਇਆ ਤਪਤਿ ਬੁਝਿਆ ਅੰਗਿਆਰੁ॥ ਮਨਿ ਸੰਤੋਖੁ ਨਾਮੁ ਆਧਾਰੁ॥ ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ॥ ਜਤ ਪੇਖਉ ਤਤ ਅੰਤਰਜਾਮੀ॥੩॥ ਅਪਨੀ ਭਗਤਿ ਆਪ ਹੀ ਦ੍ਰਿੜਾਈ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ॥ ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ॥ ਕਬੀਰ ਕੋ ਸੁਆਮੀ ਗਰੀਬ ਨਿਵਾਜ॥੪॥੪੦॥**

ਪਦ ਅਰਥ:- ਰਾਜਾ-ਪ੍ਰਕਾਸ਼ ਰੂਪ। ਸਹਾਈ-ਮਦਦਗਾਰ। ਪਰਮ ਗਤਿ-ਉੱਚੀ ਆਤਮਕ ਅਵਸਥਾ। ਪੰਚ ਦੂਤ-ਪੰਜ ਵੈਰੀ (ਕਾਮ ਆਦਿਕ)। ਰਸਨਾ-ਜੀਭ। ਅਮੋਲ-ਮੁੱਲ ਦੇਣ ਤੋਂ ਬਿਨਾ। ਸਾਗਰ-ਸਮੁੰਦਰ। ਚਰਨ ਕਮਲ-ਕੌਲ ਫੁੱਲਾਂ ਵਰਗੇ ਸੋਹਣੇ ਚਰਣ। ਚੀਤ-ਚਿੱਤ। ਤਪਤਿ-ਸੜਨਿ। ਅੰਗਿਆਰੁ-ਬਲਦਾ ਭਾਂਬੜ। ਆਧਾਰੁ-ਆਸਰਾ। ਪੇਖਉ-ਮੈਂ ਵੇਖਦਾ ਹਾਂ। ਤਤ-ਓਧਰ ਹੀ। ਦ੍ਰਿੜਾਈ-ਪੱਕੀ ਕੀਤੀ ਹੈ। ਪੂਰਬ-ਪਿਛਲੇ ਜਨਮਾਂ ਦਾ। ਸਾਜ-ਬਣਤਰ, ਸਬੱਬ।

## ਰਾਗੁ ਗਉੜੀ ਸੋਰਠਿ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮੰਮੰ | ਪ | ਰੁਰੁ | ਮੰਮੰ | ਪ | ਪ | ਧ | ਮ | ਰ | ਨ਼ | ਸ | ਸ |
| ਅਬ | ਮੋ | ਕਉ | ਭਏ | ਰਾ | ਜਾ | ਰਾ | S | ਮ | ਸ | ਹਾ | ਈ |
| ਰੁਰੁ | ਮੰ | ਪ | ਮੰਪ | ਨ | ਸੰ | ਸੰਰੰ | ਨੁ | ਧ | ਪਧ | ਮ | ਰ |
| ਜਨ | ਮ | ਮ | ਰਨ | ਕ | ਟਿ | ਪS | ਰ | ਮ | ਗਤਿ | ਪਾ | ਈ |
| X | | 0 | | 2 | | 0 | | 3 | | 4 | |

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮੰ | ਪ | ਨ | ਨ | ਸੰ | ਸੰ | ਨ | ਸੰ | ਰੰ | ਨੁ | ਧ | ਪ |
| ਸਾ | S | ਧੁ | ਸੰ | ਗ | ਤਿ | ਦੀ | S | ਓ | ਰ | ਲਾ | ਇ |
| ਨ | ਸੰ | - | ਰੁੰਗੰ | ਰੁੰ | ਸੰ | ਪ | ਧ | ਮ | ਰ | ਨੁ | ਸ |
| ਪੰ | ਚ | S | ਦੂS | ਤ | ਤੇ | ਲੀ | ਓ | S | ਛ | ਡਾ | ਇ |
| X | | 0 | | 2 | | 0 | | 3 | | 4 | |

**ਤਾਨਾਂ:-**

1) ਸਰੁ ਗਰੁ ਮੰਪ ਧੁਪ ਮੰਪ ਨਸੰ ਨੁਨੁ ਧਪ ਪਧ ਮਰ ਨੁਨੁ ਸ-
2) ਰੁਮੰ ਪਪ ਮੰਪ ਮੰਪ ਨਨ ਸੰਸੰ ਨੁਧ ਪਪ ਧਮੰ ਰ- ਨੁਨੁ ਸ-
3) ਰੁਮੰ ਪਪ ਨਨ ਸੰਸੰ ਨੁਨੁ ਧਪ ਸੰਨੁ ਧਪ ਧਮੰ ਰ- ਸਸ ਨੁਸ
4) ਰੁਮੰ ਪਪ ਮੰਪ ਰੁਮੰ ਪਧ ਮਰ ਮੰਪ ਨਸੰ ਰੰਨੁ ਧਪ ਮਰ ਨੁਸ

**ਤਿਹਾਈਆਂ:-**

1. ਪਹਿਲੀ ਤੋਂ 6ਵੀਂ ਮਾਤਰ ਨੂੰ ਸੱਮ ਤੋਂ ਬਰਾਬਰ ਲੈ ਕੇ ਫਿਰ ਚੌਥੀ ਤੋਂ 6ਵੀਂ ਮਾਤਰ ਨੂੰ 2 ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

## ਗਉੜੀ॥ (੩੩੧)

**ਝਗਰਾ ਏਕੁ ਨਿਬੇਰਹੁ ਰਾਮ॥ ਜਉ ਤੁਮ ਅਪਨੇ ਜਨ ਸੌ ਕਾਮੁ॥੧॥ਰਹਾਉ॥ ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ॥ ਰਾਮੁ ਬਡਾ ਕੈ ਰਾਮਹਿ ਜਾਨਿਆ॥੧॥ ਬ੍ਰਹਮਾ ਬਡਾ ਕਿ ਜਾਸੁ ਉਪਾਇਆ॥ ਬੇਦੁ ਬਡਾ ਕਿ ਜਹਾਂ ਤੇ ਆਇਆ॥੨॥ ਕਹਿ ਕਬੀਰ ਹਉ ਭਇਆ ਉਦਾਸੁ॥ ਤੀਰਥੁ ਬਡਾ ਕਿ ਹਰਿ ਕਾ ਦਾਸੁ॥੩॥੪੨॥**

ਪਦ ਅਰਥ:- ਝਗਰਾ-ਸ਼ੰਕਾ। ਸੌ-ਨਾਲ। ਬਡਾ-ਸਤਿਕਾਰ-ਜੋਗ। ਮਾਨਿਆ-ਪਤੀਜ ਗਿਆ ਹੈ। ਜਾਨਿਆ-ਪਛਾਣ ਲਿਆ ਹੈ। ਉਪਾਇਆ-ਪੈਦਾ ਕੀਤਾ ਹੋਇਆ। ਉਦਾਸੁ-ਦੁਚਿੱਤਾ।

ਰਾਗੁ ਗਉੜੀ ਸੋਰਠਿ

## ਰਾਗੁ ਗਉੜੀ ਸੋਰਠਿ ਆਡਾ ਚਾਰਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪ | ਮ̍ | ਪ | ਮ̍ | ਧੁ | ਪ | ਸੰ | ਨੁ | ਧ | ਪ | ਮ⌒ | ਰ | ਨ਼ੁ | ਸ |
| ਝ | ਗ | ਰਾ | ਏ | S | ਕੁ | ਨਿ | ਬੇ | ਰ | ਹੁ | ਰਾ | S | ਮ | S |
| ਰੁਰੁ | ਗ | ਰੁ | ਮ̍ | ਪ | ਪ | ਪ | ਧ | ਮ⌒ | ਰ | ਨ਼ | - | ਸ | - |
| ਜਉ | ਤੁ | ਮ | ਅ | ਪ | ਨੇ | ਜ | ਨ | ਸੌ | S | ਕਾ | S | ਮੁ | S |
| x | | 2 | | 0 | | 3 | | 0 | | 4 | | 0 | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਮ̍ਮ̍ | ਪ | ਪ | ਮ̍ | ਪ | ਨ | ਸੰ | ਸੰਸੰ | ਸੰ | ਸੰ | ਰੰ | ਨੁ | ਧ | ਪ |
| ਇਹੁ | ਮ | ਨੁ | ਬ | ਡਾ | ਕਿ | ਜਾ | ਸਉ | ਮ | ਨੁ | ਮਾ | ਨਿ | ਆ | S |
| ਮ̍ | ਪ | ਪ | ਮ̍ | ਪ | ਨ | ਸੰ | ਨੁ | ਧ | ਪ | ਪਧ | ਮ⌒ | ਰ | ਸ |
| ਰਾ | S | ਮੁ | ਬ | ਡਾ | ਕੈ | ਰਾ | S | ਮ | ਹਿ | ਜਾS | ਨਿ | ਆ | S |
| x | | 2 | | 0 | | 3 | | 0 | | 4 | | 0 | |

**ਤਾਨਾਂ :-**

1) ਰੁਗ ਰੁਸ ਰੁਮ̍ ਪਪ ਮ̍ਪ ਧੁਪ ਨਨ ਸੰਸੰ ਨਸੰ ਰੰਸੰ ਨੁਨੁ ਧਪ ਮਰ ਨ਼ਸ
2) ਰੁਮ̍ ਪਧੁ ਮ̍ਪ ਰੁਮ̍ ਪਪ ਨਸੰ ਨੁਨੁ ਧਪ ਸੰਨੁ ਧਪ ਧਮ ਰ- ਨ਼ਨ਼ ਸ-

**ਤਿਹਾਈਆਂ:-**

1. ਪਹਿਲੀ ਤੋਂ 6ਵੀਂ ਮਾਤਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਚੌਥੀ ਤੋਂ 6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2. ਚੌਥੀ ਮਾਤਰ ਤੇ ਪੰਚਮ ਦਾ ਲਗਾਉ ਦੇ ਕੇ ਪਹਿਲੀ ਤੋਂ ਚੌਥੀ ਮਾਤਰ ਤੇ 'ਝ ਗ ਰਾ S' ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਤੀਜੀ ਵਾਰ ਇਹ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. ਚੌਥੀ ਮਾਤਰ ਤੇ 'ਏਕੁ' ਦਾ ਉਚਾਰਨ ਕਰਕੇ 7ਵੀਂ ਤੋਂ 14ਵੀਂ ਮਾਤਰ ਦੇ 8 ਮਾਤਰਾਂ ਦੇ ਟੁਕੜੇ ਨੂੰ ਪੰਜਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

(ਗਉੜੀ ਭੀ ਸੋਰਠਿ ਭੀ॥) (੩੩੧)

ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥ ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥ ਕਹੁ ਰੇ ਪੰਡੀਆ ਕਉਨ ਪਵੀਤਾ॥ ਐਸਾ ਗਿਆਨੁ ਜਪਹੁ ਮੇਰੇ ਮੀਤਾ॥੧॥ਰਹਾਉ॥ ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ॥ ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ॥੨॥ ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ॥੩॥੪੧॥

ਪਦ ਅਰਥ:- ਸੂਤਕੁ-ਜੰਮਣ ਨਾਲ ਸੰਬੰਧ ਰੱਖਣ ਵਾਲੀ ਅਪਵਿੱਤਰਤਾ। ਓਪਤਿ-ਪੈਦਾਇਸ਼। ਫੁਨਿ-ਫਿਰ। ਪਰਜ-ਪਰਜਾ, ਦੁਨੀਆ। ਬਿਗੋਈ-ਖੁਆਰ ਹੋ ਰਹੀ ਹੈ। ਬੈਨਹੁ-ਬਚਨਾਂ ਵਿਚ। ਫਾਸਨ-ਫਸਨ ਦੀ। ਬਿਧਿ-ਤਰੀਕਾ।

## ਰਾਗੁ ਗਉੜੀ ਸੋਰਠਿ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰੁਗ | ਰੁਸ | ਰੁ | ਮੰ | ਪ | ਪਧ | ਮ | ਰ | ਨ਼ | ਸ |
| ਕਹੁ | ਰੇS | ਪੰ | ਡੀ | ਆ | ਕਉ | ਨ | ਪ | ਵੀ | ਤਾ |
| ਰੁਮੰ | ਪ | ਮੰਪ | ਨ | ਸੰ | ਨੁਧ | ਪਪ | ਧਮ | ਰ | ਨ਼ਸ |
| ਐS | ਸਾ | ਗਿS | ਆ | ਨੁ | ਜS | ਪਹੁ | ਮੇਰੇ | ਮੀ | ਤਾS |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਮੰਮੰ | ਪ | ਮੰਪ | ਨ | ਸੰ | ਸੰਰੰ | ਨਸੰ | ਨੁ | ਧ | ਪ |
| ਜਲਿ | ਹੈ | ਸੂS | ਤ | ਕੁ | ਥਲਿ | ਹੈS | ਸੂ | ਤ | ਕੁ |
| ਮੰਪ | ਨਨ | ਸੰ | ਨ | ਸੰ | ਪ | ਪਧ | ਮ | ਰ | ਨ਼ਸ |
| ਸੂS | ਤਕ | ਓ | ਪ | ਤਿ | ਹੋ | SS | ਈ | S | SS |
| x | | 2 | | | 0 | | 3 | | |

ਤਾਨਾਂ:-

1) ਸਰੁਗਰੁ ਮੰਪਧੁਪ ਮੰਪਮੰਪ ਮੰਪਨਨ ਸੰਸੰਨਸੰ ਮੰਪਨਸੰ ਨੁਨੁਧਪ ਸੰਨੁਧਪ
ਧਮਰਿ- ਨ਼ਨ਼ਸ-

2) ਸਰੁਗਰੁ ਰੁਮੰਪਪ ਰੁਮੰਮੰਰੁ ਮੰਮੰਪਪ ਮੰਪਪਮੰ ਪਪਨਨ ਮੰਪਨਸੰ ਨੁਧਪ-
ਧਮਰਿ- ਨ਼ਨ਼ਸ-

## ਰਾਗੁ ਗਉੜੀ ਸੋਰਠਿ

**ਤਿਹਾਈਆਂ:-**

1. ਪਹਿਲੀਆਂ ਦੋ ਮਾਤਰਾਂ ਨੂੰ ਇਕ ਮਾਤਰ ਵਿੱਚ ਲੈ ਕੇ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2. ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਤੀਜੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3. ਪਹਿਲੀ ਤੋਂ ਪੰਜਵੀਂ ਮਾਤਰ ਬਰਾਬਰ ਲੈ ਕੇ ਫਿਰ 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

### (ਗਉੜੀ ਭੀ ਸੋਰਠਿ ਭੀ॥) (੩੩੧)

ਕਉਨੁ ਕੋ ਪੂਤੁ ਪਿਤਾ ਕੋ ਕਾ ਕੋ॥ ਕਉਨੁ ਮਰੈ ਕੋ ਦੇਇ ਸੰਤਾਪੋ॥੧॥ ਹਰਿ ਠਗ ਜਗ ਕਉ ਠਗਉਰੀ ਲਾਈ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ॥੧॥ਰਹਾਉ॥ ਕਉਨ ਕੋ ਪੁਰਖੁ ਕਉਨ ਕੀ ਨਾਰੀ॥ ਇਆ ਤਤ ਲੇਹੁ ਸਰੀਰ ਬਿਚਾਰੀ॥੨॥ ਕਹਿ ਕਬੀਰ ਠਗ ਸਿਉ ਮਨੁ ਮਾਨਿਆ॥ ਗਈ ਠਗਉਰੀ ਠਗੁ ਪਹਿਚਾਨਿਆ॥੩॥੩੯॥

ਪਦ ਅਰਥ:- ਸੰਤਾਪੋ-ਕਲੇਸ਼। ਹਰਿ ਠਗ-ਪ੍ਰਭੂ ਠੱਗ ਨੇ। ਠਗਉਰੀ-ਠੱਗ-ਬੂਟੀ। ਬਿਓਗ-ਵਿਛੋੜਾ। ਇਆ ਤਤ-ਇਸ ਅਸਲੀਅਤ ਦਾ। ਸਰੀਰ-ਮਨੁੱਖਾ ਜਨਮ। ਮਾਨਿਆ-ਇੱਕ ਮਿੱਕ ਹੋ ਗਿਆ। ਪਹਿਚਾਨਿਆ-ਸਾਂਝ ਪਾ ਲਈ ਹੈ।

### ਰਾਗੁ ਗਉੜੀ ਸੋਰਠਿ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਮ̍ | ਪ | - | ਮ̍ | ਪ | ਨ | ਨ | ਮ̍ਮ̍ | ਪ | ਮ̍ | ਪ | ਨ | ਸੰ | - |
| ਹ | ਰਿ | S | ਕੇ | ਬਿ | ਓ | ਗ | ਕਉ | ਨੁ | ਕੋ | ਪੂ | S | ਤੁ | S |
| ਸੰ | ਨੁ | ਧਧ | ਪ | ਧਧ | ਮ | ਰ | ਨ | ਸੰ | ਰੁੰਗੰ | ਰੁੰ | ਸੰ | ਸੰ | - |
| ਕੈ | ਸੇ | ਜੀਅ | ਉ | ਮੇਰੀ | ਮਾ | ਈ | ਪਿ | ਤਾ | ਕੋS | ਕਾ | S | ਕੋ | S |
| ਪਪ | ਮ̍ | ਪ | ਰੁ | ਰੁ | ਮ̍ਮ̍ | ਪ | ਮ̍ਮ̍ | ਪ | ਨ | ਸੰ | ਨ | ਸੰ | - |
| ਹਰਿ | ਠ | ਗ | ਜ | ਗ | ਕਉ | S | ਕਉ | ਨੁ | S | ਮ | S | ਰੈ | S |
| ਨੁ | ਧਧ | ਪ | ਮ | ਰ | ਨ਼ | ਸ | ਪ | ਧ | ਮ | ਰ | ਰ | ਨ਼ | ਸ |
| ਠ | ਗਉ | ਰੀ | ਲਾ | S | ਈ | S | ਕੋ | ਦੇ | ਇ | ਸੰ | ਤਾ | ਪੋ | S |
| x | | | 2 | | 3 | | x | | | 2 | | 3 | |

# ੧੨-ਰਾਗੁ ਆਸਾ ਕਾਫੀ

ਰਾਗੁ ਆਸਾ ਕਾਫੀ ਦਾ ਸਰੂਪ ਰਾਗੁ ਆਸਾ ਤੇ ਰਾਗ ਕਾਫੀ ਦੇ ਮਿਸ਼ਰਨ ਤੋਂ ਬਣਦਾ ਹੈ। ਗੁਰਮਤਿ ਸੰਗੀਤ ਵਿੱਚ ਰਾਗੁ ਆਸਾ ਦਾ ਇੱਕ ਮਹੱਤਵ ਪੂਰਨ ਅਸਥਾਨ ਹੈ। ਰਾਗੁ ਆਸਾ ਵਿੱਚ ਰਚਿਤ ਆਸਾ ਦੀ ਵਾਰ ਦਾ ਕੀਰਤਨ ਨਿਤ ਅੰਮ੍ਰਿਤ ਵੇਲੇ ਗੁਰ ਅਸਥਾਨਾਂ ਵਿਚ ਹੁੰਦਾ ਹੈ। ਇਸ ਰਾਗ ਵਿਚ ਛੇ ਗੁਰੂ ਸਾਹਿਬਾਨ ਦੇ ੩੧੨ ਤੇ ਪੰਜਾਂ ਭਗਤਾਂ ਦੇ ੫੩ ਸ਼ਬਦ ਰਚਿਤ ਹਨ। ਰਾਗੁ ਆਸਾ ਦਾ ਵਿਸ਼ੇਸ਼ ਵਰਨਣ 'ਗੁਰਮਤਿ ਸੰਗੀਤ ਦਰਪਣ' ਭਾਗ ਪਹਿਲਾ ਵਿਚ ਪੰਨਾ ੭੦ ਤੋਂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ।

ਰਾਗੁ ਆਸਾ ਕਾਫੀ ਦਾ ਦੂਜਾ ਰਾਗ ਰਾਗ ਕਾਫੀ ਹੈ ਜੋ ਭਾਰਤੀ ਸੰਗੀਤ ਦੇ ਇਕ ਲੋਕ ਪ੍ਰਿਅ ਰਾਗਾਂ ਦੀ ਗਣਨਾ ਵਿੱਚ ਆਉਂਦਾ ਹੈ ਤੇ ਠੁਮਰੀ ਗਾਇਨ ਲਈ ਬਹੁਤ ਹੀ ਮਕਬੂਲ ਰਾਗ ਮੰਨਿਆ ਜਾਂਦਾ ਹੈ। ਮੱਧ ਕਾਲ ਦੇ ਗ੍ਰੰਥਕਾਰਾਂ ਨੇ ਰਾਗ ਕਾਫੀ ਬਾਰੇ ਇਸ ਪ੍ਰਕਾਰ ਵਰਨਣ ਦਿੱਤਾ ਹੈ। ਕਾਫੀ ਥਾਟ ਅੰਕ ਜਨਵਰੀ ੧੯੫੮ ਪੰਨਾ ੨੪ ਸ੍ਰੀ ਜੀ. ਐਨ. ਗੋਸੁਆਮੀ ਅਨੁਸਾਰ ਲੋਚਨ ਪੰਡਿਤ ਦੇ 'ਰਾਗ ਤਰੰਗਣੀ' ਦਾ ਭੈਰਵੀ ਥਾਟ ਆਧੁਨਿਕ ਕਾਫੀ ਸੀ ਤੇ ਹਿਰਦੈ ਪ੍ਰਕਾਸ਼ (੧੬੬੦ ਈ.) ਅਨੁਸਾਰ ਵੀ 'ਰਾਗ ਤਰੰਗਣੀ' ਦਾ ਭੈਰਵੀ ਥਾਟ ਆਧੁਨਿਕ ਕਾਫੀ ਥਾਟ ਸੀ। ਅੱਜ ਦੇ ਕਾਫੀ ਦੇ ਸਰੂਪ ਨੂੰ ਦੱਖਣੀ ਪੱਧਤੀ ਵਿਚ ਕਨਕਾਂਗੀ ਮੇਲ ਮੰਨਦੇ ਹਨ ਤੇ ਇਹ ਉਹਨਾਂ ਦਾ ਸ਼ੁਧ ਸਪਤਕ ਮੰਨਿਆ ਜਾਂਦਾ ਹੈ। ਉੱਤਰੀ ਸੰਗੀਤ ਪੱਧਤੀ ਦੇ ਅੱਜ ਦੇ ਪ੍ਰਚਲਿਤ ਦਸ ਥਾਟਾਂ ਵਿੱਚੋਂ ਕਾਫੀ ਇਕ ਥਾਟ ਹੈ। ਇਸ ਵਿਚ ਗੰਧਾਰ ਨਿਸ਼ਾਦ ਕੋਮਲ ਹੋਰ ਸਵਰ ਸ਼ੁਧ ਹਨ। ਰਾਗ ਕਾਫੀ ਕਾਫੀ ਥਾਟ ਦਾ ਆਸ਼੍ਰਿਯ ਰਾਗ ਹੈ। ਵੈਸੇ ਪ੍ਰਾਚੀਨ ਤੇ ਮੱਧ ਕਾਲ ਵਿਚ ਸਪਤਕ ਦੇ ਸ਼ੁਧ ਸਵਰ ਕਨਕਾਂਗੀ ਥਾਟ ਭਾਵ ਅੱਜ ਦੇ ਕਾਫੀ ਥਾਟ ਦੇ ਮੰਨੇ ਜਾਂਦੇ ਹਨ।

ਰਾਗ ਕਾਫੀ ਦੇ ਸਰੂਪ ਬਾਰੇ ਤਕਰੀਬਨ ਸਾਰੇ ਵੀ ਵਿਦਵਾਨ ਇਕ-ਮਤ ਹਨ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ 'ਰਾਗ ਚੰਦ੍ਰਿਕਾਸਾਰ' ਅਨੁਸਾਰ 'ਮ੍ਰਿਦੂ ਮਧਿਅਮ ਗੰਧਾਰ ਹੈ ਮ੍ਰਿਦੂ ਤੀਵਰ ਹੂੰ ਨਿਖਾਟ।। ਕਾਫੀ ਸੁੰਦਰ ਰਾਗ ਹੈ ਪ ਸ ਵਾਦੀ ਸੰਵਾਦ'।। ਪੰਡਿਤ ਅੱਪਾ ਤੁਲਸੀ ਨੇ 'ਰਾਗ ਕਲਪਦ੍ਰਮਾਂਕਰੇ' ਤੇ 'ਰਾਗ ਚੰਦ੍ਰਿਕਾ' ਵਿਚ ਵੀ ਰਾਗ ਕਾਫੀ ਦਾ ਐਸਾ ਹੀ ਵਰਨਣ ਦਿੱਤਾ ਹੈ। ਇਸ ਵਿਚ ਗ ਤੇ ਮ ਕੋਮਲ ਸੁਰ ਹਨ ਤੇ ਕੋਮਲ ਤੇ ਤੀਵਰ ਦੋਨਾਂ ਨਿਸ਼ਾਦਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਇਸ ਰਾਗ ਵਿਚ ਪ ਵਾਦੀ ਤੇ ਸ ਸੰਵਾਦੀ ਸਵਰ ਹਨ। ਕਾਫੀ ਇਕ ਸੁੰਦਰ ਰਾਗ ਹੈ। ਪੰਡਿਤ ਭਾਤਖੰਡੇ ਦੇ 'ਅਭਿਨਵ

## ਰਾਗੁ ਆਸਾ ਕਾਫੀ

ਰਾਗ ਮੰਜਰੀ' ਅਨੁਸਾਰ - ਨ਼ ਸ, ਰ ਗੁ ਮ ਪ ਧ ਨੁ ਸੰ ਨੁ ਧ ਪ, ਮ ਗੁ ਰ ਸ ਕਾਫੀ ਰਾਗ ਦਾ ਐਸਾ ਸਰੂਪ ਦਿੱਤਾ ਹੈ। ਭਾਵੇਂ ਕਈ ਗੁਣੀਜਨ ਗੰਧਾਰ ਤੇ ਨਿਸ਼ਾਦ ਦਾ ਸੰਵਾਦ ਵੀ ਮੰਨਦੇ ਹਨ ਪਰ ਪ - ਸੰ ਦਾ ਹੀ ਸੰਵਾਦ ਠੀਕ ਮੰਨਿਆ ਜਾਂਦਾ ਹੈ। ਸਮਾਂ ਮੱਧ ਰਾਤ ਹੈ ਤੇ ਰਾਤ ਦੇ ਦੂਜੇ ਤੇ ਤੀਜੇ ਪਹਿਰ ਗਾਇਆ ਜਾਂਦਾ ਹੈ। ਕਈ ਵਿਦਵਾਨ ਇਸ ਰਾਗ ਨੂੰ ਸਰਬ ਕਾਲਕ ਰਾਗ ਵੀ ਮੰਨਦੇ ਹਨ ਤੇ ਉਹਨਾਂ ਦੇ ਮੱਤ ਅਨੁਸਾਰ ਇਹ ਰਾਗੁ ਹਰ ਸਮੇਂ ਗਾਇਆ ਜਾਂਦਾ ਹੈ ਪਰ ਸਵੇਰ ਦੇ ਸੰਧੀ ਪ੍ਰਕਾਸ਼ ਸਮੇਂ ਇਸ ਰਾਗ ਦਾ ਗਾਇਨ ਨਹੀਂ ਭਾਉਂਦਾ। ਇਸ ਰਾਗ ਵਿਚ ਟੱਪਾ ਠੁਮਰੀ ਆਦਿ ਦਾ ਗਾਇਨ ਜ਼ਿਆਦਾ ਪ੍ਰਚਾਰ ਵਿੱਚ ਹੈ। ਫਗਣ ਦੇ ਮਹੀਨੇ ਹੋਲੀਆਂ ਵਿੱਚ ਹੋਰੀ ਗਾਇਨ ਵੀ ਇਸ ਰਾਗ ਵਿਚ ਜ਼ਿਆਦਾ ਪ੍ਰਚਾਰ ਵਿੱਚ ਹੈ।

ਪੰਡਿਤ ਭਾਤਖੰਡੇ ਦੇ 'ਕ੍ਰਮਿਕ ਪੁਸਤਕ ਮਾਲਕਾ' ਭਾਗ-ਦੂਜਾ ਅਨੁਸਾਰ ਰਾਗ ਕਾਫੀ ਗੰਧਾਰ ਨਿਸ਼ਾਦ ਕੋਮਲ ਹੋਰ ਸਵਰ ਸ਼ੁਧ ਹਨ। ਵਾਦੀ-ਪੰਚਮ, ਸੰਵਾਦੀ-ਸ਼ੜਜ, ਜਾਤੀ ਸੰਪੂਰਨ ਤੇ ਗਾਇਨ ਸਮਾਂ ਮੱਧ ਰਾਤ ਹੈ। ਗੁਣੀ ਜਨ ਸ਼ੁਧ ਗੰਧਾਰ ਤੇ ਸ਼ੁਧ ਨਿਸ਼ਾਦ ਦੇ ਪ੍ਰਯੋਗ ਦੁਆਰਾ ਵੀ ਰਾਗ ਵਿਚ ਰੰਜਕਤਾ ਪੈਦਾ ਕਰਦੇ ਹਨ। ਐਸੀਆਂ ਕਈ ਪ੍ਰਚਲਿਤ ਬੰਦਸ਼ਾਂ ਹਨ ਜਿੰਨ੍ਹਾਂ ਵਿੱਚ ਸ਼ੁਧ ਗੰਧਾਰ ਤੇ ਨਿਸ਼ਾਦ ਦਾ ਪ੍ਰਯੋਗ ਮਿਲਦਾ ਹੈ। ਕਿਤੇ ੨ ਗਾਇਕ ਕੋਮਲ ਧੈਵਤ ਦਾ ਪ੍ਰਯੋਗ ਵੀ ਕਰ ਲੈਂਦੇ ਹਨ। ਆਰੋਹ-ਸ ਰ ਗੁ, ਮ ਪ, ਧ ਨੁ ਸੰ। ਅਵਰੋਹ- ਸੰ ਨੁ ਧ, ਪ, ਮ ਗੁ, ਰ, ਸ। ਪਕੜ-ਸ ਸ, ਰ ਰ, ਗੁ ਗੁ, ਮ ਮ, ਪ। ਪੰਡਿਤ ਵਿਣਾਇਕ ਨਾਰਾਇਣ ਪਟਵਰਧਨ ਦੇ ਰਾਗ ਵਿਗਿਆਨ ਭਾਗ-ਤੀਜਾ ਪੰਨਾ ੨੨੬ ਤੇ ਰਾਗ ਕਾਫੀ ਦਾ ਸਰੂਪ ਐਸਾ ਹੀ ਦਿੱਤਾ ਗਿਆ ਹੈ। ਰਾਗ ਦਾ ਮੁਖ ਅੰਗ - ਪ ਮ ਗੁ ਰ, ਰ ਗੁ ਮ ਪ, ਮ ਗੁ ਰ ਸ। ਇਸ ਰਾਗ ਵਿਚ ਹੋਰੀ, ਭਜਨ, ਟੱਪਾ ਆਦਿ ਦਾ ਗਾਇਨ ਹੁੰਦਾ ਹੈ। ਵੀ.ਐਸ.ਨਿਗਮ ਰਚਿਤ 'ਸੰਗੀਤ ਕੌਮਦੀ ਭਾਗ-੧ ਵਿਚ ਵੀ ਰਾਗ ਦਾ ਇਹੀ ਸਰੂਪ ਹੈ। ਫਗਣ ਦੇ ਮਹੀਨੇ ਵਿਚ ਹੋਰੀ ਗਾਇਨ ਲਈ ਜ਼ਿਆਦਾ ਪ੍ਰਚਲਿਤ ਹੈ। ਵਸੰਤ ਵਾਮਨ ਠਕਾਰ ਦੁਆਰਾ 'ਸੰਗੀਤ ਰਾਗ-ਦਰਸ਼ਨ' ਭਾਗ-੧ (ਗੰਧਰਵ ਮਹਾ ਵਿਦਿਆਲਯ ਮੰਡਲ ਪ੍ਰਕਾਸ਼ਨ) ਅਨੁਸਾਰ ਵੀ ਰਾਗ ਕਾਫੀ ਦਾ ਐਸਾ ਹੀ ਸਰੂਪ ਦਿੱਤਾ ਗਿਆ ਹੈ।

ਸ਼੍ਰੀ ਵਿਮਲਾਕਾਂਤ ਰਾਏ ਚੌਧਰੀ ਦੇ 'ਰਾਗ ਵਿਯਾਕਰਣ' ਅਨੁਸਾਰ ਰਾਗ ਕਾਫੀ ਦਾ ਸਰੂਪ ਐਸਾ ਹੀ ਦਿੱਤਾ ਗਿਆ ਹੈ। ਉਹਨਾਂ ਇਕ ਹੋਰ ਸਰੂਪ ਵਿਚ ਗ ਤੇ ਨ ਦਾ ਸ਼ੁਧ ਪ੍ਰਯੋਗ ਵੀ ਦਿੱਤਾ ਹੈ। ਆਰੋਹ- ਸ ਰ ਗੁ ਮ ਪ ਮ ਗ ਮ ਪ ਧ ਪ ਨ ਸੰ। ਅਵਰੋਹ- ਸੰ ਨੁ ਧ ਪ ਮ ਗ ਮ ਗੁ ਰ ਸ ਨ਼ੁ। ਨ ਸ਼ੁਧ ਦਾ ਪ੍ਰਯੋਗ ਧ ਵਰਜਿਤ ਕਰਕੇ ਗ ਮ ਪ ਨ ਸੰ ਕੀਤਾ ਜਾ ਸਕਦਾ ਹੈ ਪਰ ਸ਼ੁਧ ਨ ਤੇ ਧ ਦਾ ਇਕੱਠਾ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਗੁਣੀਜਨ ਇਸ ਰਾਗ ਵਿਚ ਸ਼ੁਧ ਗੰਧਾਰ ਤੇ ਨਿਸ਼ਾਦ ਦਾ ਪ੍ਰਯੋਗ ਆਰੋਹ ਵਿਚ ਵਿਵਾਦੀ

ਸਵਰ ਤੇ ਨਾਤੇ ਕਰ ਲੈਂਦੇ ਹਨ ਜਿਸ ਨਾਲ ਰਾਗ ਹੋਰ ਭੀ ਸੁੰਦਰ ਲਗਦਾ ਹੈ। ਗ ਦਾ ਪ੍ਰਯੋਗ ਪ ਨੁ ਧ ਪ ਗ ਮ ਪ ਗੁ ਰ, ਜਾਂ ਨੁ ਧ ਪ ਮ ਗ ਮ ਪ। ਨ ਸ਼ੁਧ ਦਾ ਪ੍ਰਯੋਗ ਗ ਮ ਪ ਨ ਸੰ, ਮ ਮ ਪ ਨ, ਸੰ ਸੰ ਨ ਸੰ ਰੰ ਸੰ ਨੁ ਧ ਪ ਇਸ ਪ੍ਰਕਾਰ ਕੀਤਾ ਜਾਂਦਾ ਹੈ। ਕੋਮਲ ਧੁ ਦਾ ਪ੍ਰਯੋਗ ਵੀ ਨੁ ਧੁ ਮ ਪ ਧੁ ਮ ਪ ਗ ਮ ਗੁ ਰ ਸ ਗੁਣੀਜਨ ਕਰਦੇ ਹਨ।

ਰਾਗੁ ਆਸਾ ਕਾਫੀ ਦਾ ਮਿਸ਼ਰਤ ਸਰੂਪ ਉਤਰੀ ਸੰਗੀਤ ਵਿਚ ਪ੍ਰਚਾਰ ਵਿਚ ਨਹੀਂ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਮਿਸ਼ਰਤ ਰਾਗ ਵਿਚ ਬਾਣੀ ਰਚਿਤ ਹੈ ਤੇ ਕੁਝ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਵੀ ਇਸ ਰਾਗ ਦਾ ਵਰਨਣ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ੩੧ ਮੁਖ ਰਾਗਾਂ ਤੋਂ ਬਿਨਾਂ ਰਾਗ ਪ੍ਰਕਾਰ ਤੇ ਮਿਸ਼ਰਤ ਰਾਗਾਂ ਦੀ ਵੀ ਸੰਖਿਆ ੩੨ ਬਣ ਜਾਂਦੀ ਹੈ, ਜਿਨ੍ਹਾਂ ਵਿੱਚ ਬਾਣੀ ਦੀ ਰਚਨਾ ਹੋਈ ਹੈ। ਰਾਗੁ ਆਸਾ ਕਾਫੀ ਛਾਇਆਲਗ ਰਾਗਾਂ (ਦੋ ਰਾਗਾਂ ਦਾ ਮਿਸ਼ਰਨ) ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕਾਫੀ ਰਾਗ ਦਾ ਮਿਸ਼ਰਨ ਚਾਰ ਰਾਗਾਂ ਆਸਾ ਕਾਫੀ, ਤਿਲੰਗ ਕਾਫੀ, ਸੂਹੀ ਕਾਫੀ ਤੇ ਮਾਰੂ ਕਾਫੀ ਵਿੱਚ ਉਪਲਬਧ ਹੈ। ਰਾਗ ਨਿਰਣਾਇਕ ਕਮੇਟੀ ਨੇ ਮਿਸ਼ਰਤ ਰਾਗਾਂ ਦੇ ਸਰੂਪਾਂ ਬਾਰੇ ਇਹੋ ਹੀ ਨਿਯਮ ਆਰੋਹ ਵਿੱਚ ਪਹਿਲਾ ਰਾਗ ਤੇ ਅਵਰੋਹ ਵਿੱਚ ਦੂਜਾ ਰਾਗ ਪ੍ਰਵਾਨਿਆ ਹੈ। ਇਸ ਤਰ੍ਹਾਂ ਆਸਾ ਕਾਫੀ ਰਾਗ ਵਿੱਚ ਆਰੋਹ ਵਿੱਚ ਆਸਾ ਤੇ ਅਵਰੋਹ ਵਿੱਚ ਕਾਫੀ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗ ਆਸਾ ਕਾਫੀ, ਥਾਟ-ਕਾਫੀ, ਸਵਰ-ਗੰਧਾਰ ਕੋਮਲ ਦੋਵੇਂ ਨਿਸ਼ਾਦ ਤੇ ਹੋਰ ਸਭ ਸ਼ੁਧ ਹਨ। ਵਾਦੀ-ਪੰਚਮ, ਸੰਵਾਦੀ-ਰਿਸ਼ਭ, ਜਾਤੀ-ਔੜਵ-ਸੰਪੂਰਨ ਤੇ ਸਮਾਂ - ਰਾਤ ਦਾ ਪਹਿਲਾ ਪਹਿਰ ਹੈ। ਆਰੋਹ-ਸ, ਰ ਮ ਪ, ਧ ਨੁਧ ਧ ਸੰ ਨ ਸੰ। ਅਵਰੋਹ- ਸੰ, ਰੰ ਨੁ ਧ ਪ, ਧ ਪ ਮ ਪ, ਗੁ ਰ ਸ। ਮੁੱਖ ਅੰਗ- ਨੁ ਧ ਪ, ਧ ਪ ਮ ਪ, ਗੁ ਰ ਸ, ਰ ਮ ਪ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ, ਰਾਗ-ਆਸਾ ਕਾਫੀ, ਥਾਟ-ਉਪਥਾਟ-ਬਿਲਾਵਲ-ਕਾਫੀ, ਵਾਦੀ-ਮਧਿਅਮ, ਸੰਵਾਦੀ-ਸ਼ੜਜ, ਜਾਤੀ-ਓੜਵ-ਸੰਪੂਰਨ, ਸਮਾਂ-ਸਵੇਰੇ ਤੇ ਸ਼ਾਮ। ਆਰੋਹ- ਸ ਰ ਮ ਪ ਧ ਸੰ। ਅਵਰੋਹ-ਸੰ ਨੁ ਧ ਪ ਮ ਗੁ ਰ ਸ। ਮੁਖ ਅੰਗ-ਮ ਪ ਧ ਸੰ, ਨੁ ਧ ਪ, ਧ ਮ ਪ ਗੁ ਰ ਸ।

ਵਿਦਵਾਨਾਂ ਨੇ ਆਸਾ ਤੇ ਕਾਫੀ ਦੋਨਾਂ ਹੀ ਰਾਗਾਂ ਦੀ ਉਪਜ ਲੋਕ ਧੁਨਾਂ ਤੇ ਆਧਾਰਿਤ ਮੰਨੀ ਹੈ। ਦੋਹਾਂ ਰਾਗਾਂ ਦੇ ਮਿਸ਼ਰਨ ਤੋਂ ਆਸਾ ਕਾਫੀ ਰਾਗ ਦਾ ਆਪਣਾ ਹੀ ਇਕ ਵੱਖਰਾ ਸਰੂਪ ਬਣ ਜਾਂਦਾ ਹੈ ਜੋ ਇਹਨਾਂ ਦੋਹਾਂ ਰਾਗਾਂ ਦਾ ਇਕ ਸੁੰਦਰ ਮਿਸ਼ਰਨ ਹੈ। ਸ ਰ ਮ, ਮ ਪ ਮ ਗੁ ਰ, ਮ ਪ ਧ, ਮ ਪ ਮ ਗੁ ਰ, ਮ ਪ ਧ - ਸੰ,

## ਰਾਗੁ ਆਸਾ ਕਾਫੀ

ਸਂ ਰਂ ਨੁ ਧ ਪ, ਪ ਧ ਮ ਪ ਮ ਗੁ ਰ, ਰ ਮ ਪ ਧ - ਪ, ਮ ਪ ਮ ਗੁ ਰ, ਗੁ ਰ ਸ। ਰਾਗ ਨਿਰਣਾਇਕ ਕਮੇਟੀ ਵਲੋਂ ਇਹੀ ਪ੍ਰਵਾਣਿਤ ਸਰੂਪ ਆਰੋਹ ਵਿਚ ਆਸਾ ਤੇ ਅਵਰੋਹ ਵਿਚ ਕਾਫੀ ਜੋੜਿਆ ਗਿਆ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਇਹੀ ਸਰੂਪ ਦਿੱਤਾ ਗਿਆ ਹੈ ਤੇ ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਾ ਮੁਖ ਰਾਗ ਨੂੰ ਚੌਥਾ ਸਥਾਨ ਪ੍ਰਾਪਤ ਹੈ। ਇਸ ਮੁਖ ਰਾਗ ਦੇ ਅੰਤਰਗਤ ਹੀ ਆਸਾ ਕਾਫੀ, ਆਸਾਵਰੀ ਸੁਧੰਗ, ਆਸਾ ਆਸਾਵਰੀ ਤੇ ਆਸਾਵਰੀ ਵਿੱਚ ਬਾਣੀ ਦੀ ਰਚਨਾ ਹੈ। ਰਾਗੁ ਆਸਾ ਕਾਫੀ ਇਕ ਮਿਸ਼ਰਤ ਰਾਗ ਹੈ ਤੇ ਸ਼ਬਦ ਰਚਨਾ ਇਸ ਪ੍ਰਕਾਰ ਹੈ। ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ਪੰਨਾ ੪੧੮ ਤੋਂ ੪੨੨ ਸ਼ਬਦ ਅੰਕ ॥੧੦॥੧੩॥ ਤੋਂ ॥੮॥੨੨॥ ੧੦ ਸ਼ਬਦ ਹਨ। ਆਸਾ ਘਰੁ ੮ ਕਾਫੀ ਮਹਲਾ ੩ ਪੰਨਾ ੩੬੫ ਸ਼ਬਦ ਅੰਕ ॥੪॥੩੯॥੧੩॥੫੨॥ ਇਕ ਸ਼ਬਦ ਤੇ ਰਾਗੁ ਆਸਾ ਮਹਲਾ ੩ ਅਸਟਪਦੀਆ ਘਰੁ ੮ ਕਾਫੀ ਪੰਨਾ ੪੨੪ ਤੋਂ ੪੩੦ ਸ਼ਬਦ ਅੰਕ ॥੮॥੪॥੨੬॥ ਤੋਂ ॥੮॥੨੨॥੧੫॥੩੭॥ ੧੨ ਸ਼ਬਦ ਹਨ। ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪ ਪੰਨਾ ੩੬੯ ਸ਼ਬਦ ਅੰਕ ॥੪॥੧੨॥੬੪॥ ਤੋਂ ॥੪॥੧੩॥੬੫॥ ਦੋ ਸ਼ਬਦ ਹਨ। ਆਸਾ ਘਰੁ ੮ ਕਾਫੀ ਮਹਲਾ ੫ ਪੰਨਾ ੩੯੬ ਤੋਂ ੪੦੧ ਸ਼ਬਦ ਅੰਕ ॥੪॥੧॥੧੦੩॥ ਤੋਂ ॥੪॥੧੮॥੧੨੦॥ ੧੮ ਸ਼ਬਦ ਹਨ। ਕੁਲ ੪੩ ਸ਼ਬਦ ਹਨ।

**ਪਰੀਚੈ:-**

ਰਾਗੁ - ਆਸਾ ਕਾਫੀ　　　　ਥਾਟ-ਉਪਥਾਟ-ਬਿਲਾਵਲ ਕਾਫੀ

ਸਵਰ - ਗੰਧਾਰ, ਨਿਸ਼ਾਦ ਕੋਮਲ ਹੋਰ ਸ਼ੁਧ

ਵਰਜਿਤ ਸਵਰ - ਆਰੋਹ ਵਿਚ ਗੰਧਾਰ ਤੇ ਨਿਸ਼ਾਦ

ਜਾਤੀ - ਔੜਵ- ਵਕਰ ਸੰਪੂਰਨ　　　　ਵਾਦੀ - ਪੰਚਮ

ਸੰਵਾਦੀ - ਸ਼ੜਜ　　　　ਸਮਾਂ -ਰਾਤ ਦਾ ਪਹਿਲਾ ਪਹਿਰ

ਆਰੋਹ - ਸ, ਰ ਮ, ਪ ਧ, ਪ ਧ ਸਂ

ਅਵਰੋਹ - ਸਂ, ਨੁ ਧ ਪ, ਮ ਗੁ, ਰ, ਸ

ਮੁੱਖ ਅੰਗ - ਮ ਪ ਧ ਸਂ, ਨੁ ਧ ਪ, ਮ ਪ ਮ ਗੁ ਰ, ਮ ਗੁ ਰ ਸ

**ਸਵਰ ਵਿਸਥਾਰ:-**

1) ਸ, ਰ ਸ, ਸ ਰ ਨ਼ੁ ਧ਼ ਪ਼, ਪ਼ ਧ਼ ਪ਼, ਮ਼ ਪ਼ ਧ਼ ਸ, ਸ ਰ, ਰ ਮ ਮ ਪ, ਮ ਪ ਮ ਗੁ ਰ, ਰ ਮ, ਪ ਧ - ਪ, ਧ ਪ ਮ ਪ, ਮ ਪ ਮ ਗੁ ਰ, ਪ ਮ ਗੁ ਰ, ਮ ਗੁ ਰ, ਸ ਨ਼ੁ ਧ਼ ਪ਼, ਪ਼ ਧ਼ ਧ਼ ਸ।

2) ਸ ਰ ਮ, ਰ ਮ ਪ, ਮ ਪ ਧ ਪ, ਧ ਪ ਮ ਗੁ ਰ, ਮ ਪ ਧ, ਪ ਧ ਪ, ਪ ਧ ਨੁ

ਧ ਪ, ਪ ਧ ਸਂ, ਮ ਪ ਧ ਸਂ, ਸਂ ਨੁ ਧ ਪ, ਧ ਨੁ ਧ ਪ, ਮ ਪ ਧ ਪ, ਧ - ਪ ਮ ਪ ਧ ਮ ਪ, ਮ ਪ ਮ ਗੁ ਰ, ਮ ਗੁ ਰ, ਪ ਮ ਗੁ ਰ, ਰ ਮ ਗੁ ਰ ਸ ਧ਼ ਧ਼ ਸ।

3) ਮ ਪ ਧ - ਪ, ਪ ਨੁ ਧ ਪ ਮ ਪ, ਪ ਧ ਸਂ, ਨੁ ਧ ਪ, ਪ ਧ ਸਂ, ਸਂ ਰਂ ਸਂ, ਗੁਂ ਰਂ ਸਂ, ਰਂ ਮਂ ਪਂ, ਮਂ ਪਂ ਮਂ ਗੁਂ ਰਂ, ਮਂ ਗੁਂ ਰਂ ਸਂ, ਸਂ ਰਂ ਨੁ ਧ ਪ, ਮ ਪ ਧ ਸਂ, ਸਂ ਨੁ ਧ ਪ, ਮ ਪ ਮ ਗੁ ਰ, ਰ ਮ ਗੁ ਰ, ਸ ਰ ਮ ਪ ਧ - ਪ, ਮ ਪ ਮ ਗੁ ਰ, ਮ ਗੁ ਰ ਸ।

### ਆਸਾ ਮਹਲਾ ੫॥ (੩੯੮)

**ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ॥ ਏਕੁ ਨਾਮੁ ਆਧਾਰੁ ਭਉਜਲੁ ਤਰਬੀਐ॥੧॥ ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ॥ ਦੇਖਿ ਤੁਮ੍ਹਾਰਾ ਦਰਸਨੋ ਮੇਰਾ ਮਨੁ ਧੀਰੇ॥੧॥ਰਹਾਉ॥ ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ ॥ ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ॥੨॥ ਜੇਤੇ ਮਾਇਆ ਰੰਗ ਤੇਤ ਪਛਾਵਿਆ॥ ਸੁਖ ਕਾ ਨਾਮੁ ਨਿਧਾਨੁ ਗੁਰਮੁਖਿ ਗਾਵਿਆ॥੩॥ ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ॥ ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ॥੪॥੯॥੧੧੧॥**

ਪਦ ਅਰਥ:-ਕਿਸ ਹੀ ਸੰਗਿ-ਕਿਸੇ ਦੇ ਭੀ ਨਾਲ। ਗਰਬੀਐ-ਮਾਣ ਕਰੀਏ। ਆਧਾਰੁ-ਆਸਰਾ। ਭਉਜਲੁ-ਸੰਸਾਰ-ਸਮੁੰਦਰ। ਤਰਬੀਐ-ਤਰ ਸਕੀਦਾ ਹੈ। ਸਚੁ-ਸਦਾ ਕਾਇਮ ਰਹਿਣ ਵਾਲਾ। ਟੇਕ-ਸਹਾਰਾ। ਧੀਰੇ-ਧੀਰਜ ਫੜਦਾ ਹੈ। ਜੰਜਾਲੁ-ਮੋਹ ਵਿਚ ਫਸਣ ਵਾਲਾ। ਕਾਜਿ ਨ ਕਿਤੈ-ਕਿਸੇ ਭੀ ਕੰਮ ਨਹੀਂ। ਗਨੋੁ-ਗਿਣ, ਮਿਥ।ਆਧਾਰੁ-ਆਸਰਾ। ਰੰਗ-ਤਮਾਸ਼ੇ। ਤੇਤ-ਉਹ ਸਾਰੇ। ਪਛਾਵਿਆ-ਪਰਛਾਵੇਂ। ਸੁਖ ਕਾ ਨਿਧਾਨੁ-ਸੁਖਾਂ ਦਾ ਖ਼ਜ਼ਾਨਾ। ਗਹਿਰ-ਡੂੰਘਾ। ਗੰਭੀਰੇ-ਵਡੇ ਜਿਗਰੇ ਵਾਲਾ। ਜੀਅਰੇ-ਹੇ ਜਿੰਦੇ!

### ਰਾਗੁ ਆਸਾ ਕਾਫੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰ | ਸ | ਸ | ਰਰ | ਮ | ਪ | ਧ |
| | | | | | | | | ਮੈ | ਗ | ਰੀ | ਬ | ਸਚੁ | ਟੇ | ਕ | ਤੂੰ |
| ਸਂ | ਨੁ | ਧ | ਪ | ਪਧ | ਮਪ | ਗੁ | ਰ | ਸ | ਰ | ਮ | ਮ | ਪ | ਪਪ | ਧ | ਪ |
| ਮੇ | ਰੇ | ਸ | ਤਿ | ਗੁS | ਰS | ਪੂ | ਰੇ | ਦੇ | ਖਿ | ਤੁ | ਮ੍ਹਾ | ਰਾ | ਦਰ | ਸ | ਨੋ |
| ਮ | ਪ | ਗੁ | ਰ | ਮ | ਗੁ | ਰ | ਸ | | | | | | | | |
| ਮੇ | ਰਾ | ਮ | ਨੁ | ਧੀ | S | ਰੇ | S | | | | | | | | |
| X | | | | 2 | | | | 0 | | | | 3 | | | |

ਰਾਗੁ ਆਸਾ ਕਾਫੀ

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪ | ਧ | ਸਂ | ਸਂ | ਰਂ | ਸਂ |
| | | | | | | | | ਕੋ | ਇ | ਨ | ਕਿ | ਸ | ਹੀ | ਸੰ | ਗਿ |
| ਰਂ | ਗੁਂ | ਰਂ | ਸਂ | ਨੁ | ਧ | ਪ | ਪ | ਪ | ਧ | ਸਂ | ਸਂ | ਨੁ | ਧ | ਪ | - |
| ਕਾ | ऽ | ਹੇ | ऽ | ਗ | ਰ | ਬੀ | ਐ | ਏ | ਕੁ | ਨਾ | ਮੁ | ਆ | ਧਾ | ਰੁ | ऽ |
| ਧਧ | ਪ | ਮ | ਪ | ਮ | ਗੁ | ਮਗੁ | ਰਸ | | | | | | | | |
| ਭਉ | ऽ | ਜ | ਲੁ | ਤ | ਰ | ਬੀऽ | ਐऽ | | | | | | | | |
| X | | | | 2 | | | | 0 | | | | 3 | | | |

**ਤਾਨਾਂ:-**

1) ਸਰ ਮਪ ਧਪ ਮਪ ਮਗੁ ਰ- ਮਗੁ ਰਸ
2) ਰਮ ਪਧ ਮਪ ਧਪ ਮਪ ਮਗੁ ਮਗੁ ਰਸ
3) ਰਮ ਪਧ ਸੰਰੰ ਸੰਨੁ ਧਪ ਮਗੁ ਰਰ ਸ-
4) ਰਮ ਪਧ ਮਪ ਧਧ ਸੰਰੰ ਸੰਸੰ ਸੰਰੰ ਗੁੰਰੰ ਸੰਨੁ ਧਪ ਮਪ ਧਪ
ਮਪ ਮਗੁ ਰਰ ਸਸ
5) ਸਰ ਸਸ ਰਮ ਪਪ ਮਪ ਧਧ ਸੰਰੰ ਸੰਸੰ ਸੰਰੰ ਗੁੰਰੰ ਸੰਨੁ ਧਪ
ਮਗੁ ਰਰ ਮਗੁ ਰਸ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਜੋੜ ਕੇ ਸੱਮ ਤੇ ਆਉਣਾ ਹੈ।
2) ਬੰਦਸ਼ ਅਨੁਸਾਰ 9ਵੀਂ ਮਾਤਰ ਤੋਂ ਅਸਥਾਈ ਦੇ ਦੋਹਾਂ ਚੱਕਰਾਂ ਨੂੰ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3) ਅਸਥਾਈ ਦੇ ਦੋਹਾਂ ਚੱਕਰਾਂ ਦੀ ਦੁਗੁਨ ਸੱਮ ਤੋਂ ਸੱਮ ਤੱਕ ਲੈ ਕੇ ਫਿਰ 9ਵੀਂ ਤੋਂ ਦੂਜੀ ਮਾਤਰ ਦੇ ਦਸ ਮਾਤਰਾਂ ਦੇ ਟੁਕੜੇ ਨੂੰ ਦੁਗੁਨ ਵਿੱਚ ਪੰਜ ਮਾਤਰਾਂ ਵਿੱਚ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ 9ਵੀਂ ਤੋਂ 16ਵੀਂ ਮਾਤਰ ਦਾ ਟੁਕੜਾ ਦੁਗੁਨ ਵਿਚ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਆਸਾ ਮਹਲਾ ੫॥** (੩੯੯-੪੦੦)

**ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ ਵਡਭਾਗਾ॥ ਓਹੁ ਸੁਹੇਲਾ ਸਦ ਸੁਖੀ ਸਭੁ ਭ੍ਰਮੁ ਭਉ ਭਾਗਾ॥੧॥ ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ॥ ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ॥੧॥ ਰਹਾਉ॥ ਦੂਜਾ ਨਾਹੀ ਅਉਰੁ ਕੋ ਤਾ ਕਾ ਭਉ ਕਰੀਐ॥ ਗੁਰ ਸੇਵਾ ਮਹਲੁ ਪਾਈਐ ਜਗੁ ਦੁਤਰੁ ਤਰੀਐ॥੨॥ ਦ੍ਰਿਸਟਿ ਤੇਰੀ ਸੁਖੁ ਪਾਈਐ ਮਨ ਮਾਹਿ ਨਿਧਾਨਾ॥ ਜਾ ਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ॥੩॥ ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ॥ ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ॥੪॥੧੪॥੧੧੬॥**

ਪਦ ਅਰਥ:-ਜਾ ਕਾ-ਜਿਸ ਮਨੁੱਖ ਦਾ। ਠਾਕੁਰੁ-ਮਾਲਕ। ਪ੍ਰਭ-ਹੇ ਪ੍ਰਭੂ! ਸੁਹੇਲਾ-ਸੌਖਾ। ਸਦ-ਸਦਾ। ਭ੍ਰਮੁ-ਭਟਕਣਾ। ਚਾਕਰ-ਸੇਵਕ, ਨੌਕਰ। ਭਾਰਾ-ਵਡੇ ਜਿਗਰੇ ਵਾਲਾ। ਸਗਲ ਬਿਧਿ-ਸਾਰੇ ਤਰੀਕਿਆਂ ਨਾਲ। ਕੋ-ਕੋਈ। ਅਉਰੁ-ਹੋਰ। ਤਾ ਕਾ-ਉਸ ਦਾ। ਮਹਲੁ-ਪ੍ਰਭੂ ਦਾ ਟਿਕਾਣਾ। ਦੁਤਰੁ-ਜਿਸ ਤੋਂ ਪਾਰ ਲੰਘਣਾ ਔਖਾ ਹੈ। ਤਰੀਐ-ਤਰਿਆ ਜਾ ਸਕਦਾ ਹੈ। ਦ੍ਰਿਸਟਿ-ਨਜ਼ਰ, ਨਿਗਾਹ। ਨਿਧਾਨਾ-ਖ਼ਜ਼ਾਨਾ। ਜਾ ਕਉ-ਜਿਨ੍ਹਾਂ ਉੱਤੇ। ਪਰਵਾਨਾ-ਕਬੂਲ। ਅੰਮ੍ਰਿਤ ਰਸੁ-ਆਤਮਕ ਜੀਵਨ ਦੇਣ ਵਾਲਾ ਜਲ। ਕੀਰਤਨੋ-ਕੀਰਤਨੁ, ਸਿਫ਼ਤਿ-ਸਾਲਾਹ। ਵਜਹੁ-ਵਜ਼ੀਫ਼ਾ, ਤਨਖ਼ਾਹ।

## ਰਾਗੁ ਆਸਾ ਕਾਫੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਮ | ਪ | ਧ | ਪ | ਧ |
| | | | | | | | | | | | ਹ | ਮ | ਚਾ | ਕ | ਰ |
| ਸਂ | ਸਂ | ਨੁ | ਧ | ਪ | ਪਪ | ਮ | ਪ | ਮ | ਗੁ | ਰ | ਸਸ | ਰਰ | ਮ | ਪ | ਧ |
| ਗੋ | ਬਿੰ | ਦ | ਕੇ | ਠਾ | ਕੁਰੁ | ਮੇ | ਰਾ | ਭਾ | S | ਰਾ | ਕਰ | ਨਕ | ਰਾ | ਵ | ਨ |
| ਪਪ | ਧ | ਮ | ਪ | ਮ | ਗੁਗੁ | ਰ | ਮ | ਗੁ | ਰ | ਸ | | | | | |
| ਸਗ | ਲ | ਬਿ | ਧਿ | ਸੋ | ਸਤਿ | ਗੁ | ਰੂ | ਹ | ਮਾ | ਰਾ | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਮ | ਪ | ਪ | ਧ | ਧ |
| | | | | | | | | | | | ਜਾ | ਕਾ | ਠਾ | ਕੁ | ਰੁ |
| ਸਂ | ਸਂ | ਰੰਰੰ | ਸਂ | ਗੁਂ | ਰੰ | ਸਂ | ਸਂ | ਨੁ | ਧ | ਪ | ਮ | ਰ | ਮ | ਪ | ਧ |
| ਤੁ | ਹੀ | ਪ੍ਰ | ਭ | ਤਾ | ਕੇ | ਵ | ਡ | ਭਾ | S | ਗਾ | ਓ | ਹੁ | ਸੁ | ਹੇ | ਲਾ |
| ਸਂ | ਰੰ | ਸਂ | ਨੁ | ਧ | ਪ | ਮਮ | ਗੁਗੁ | ਰ | - | ਸ | | | | | |
| ਸ | ਦ | ਸੁ | ਖੀ | ਸ | ਭੁ | ਭ੍ਰਮੁ | ਭਉ | ਭਾ | S | ਗਾ | | | | | |
| x | | | | 2 | | | | 0 | | | | 3 | | | |

## ਆਸਾ ਮਹਲਾ ੫॥ (੩੯੭)

**ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ॥ ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ॥੧॥ ਆਠ ਪਹਰ ਸਾਲਾਹਿ ਸਿਰਜਨਹਾਰ ਤੂੰ॥ ਜੀਵਾਂ ਤੇਰੀ ਦਾਤਿ ਕਿਰਪਾ ਕਰਹੁ ਮੂੰ॥੧॥ਰਹਾਉ॥ ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥ ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ॥੨॥ ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ॥ ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ॥੩॥ ਤਿਨ੍ਹਾ ਪਿਆਰਾ ਰਾਮੁ ਜੋ ਪ੍ਰਭ ਭਾਣਿਆ॥ ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ॥੪॥੫॥ ੧੦੭॥**

ਪਦ ਅਰਥ:-ਹਭੇ-ਸਾਰੇ। ਥੋਕ-ਪਦਾਰਥ। ਹਿਕੋ ਖਿਆਲੁ-ਇਕ ਪਰਮਾਤਮਾ ਦਾ ਧਿਆਨ। ਲਾਹਿ-ਦੂਰ ਕਰ ਦੇ। ਗੁਮਾਨੁ-ਅਹੰਕਾਰ। ਅਰਪਿ-ਅਰਪ ਕੇ, ਭੇਟਾ ਕਰ ਕੇ। ਸਾਲਾਹਿ-ਸਿਫ਼ਤਿ ਸਾਲਾਹ ਕਰ ਕੇ। ਸਿਰਜਨਹਾਰ-ਹੇ ਸਿਰਜਣਹਾਰ! ਜੀਵਾਂ-ਮੈਂ ਜੀਉ ਪੈਂਦਾ ਹਾਂ, ਮੈਨੂੰ ਆਤਮਕ ਜੀਵਨ ਮਿਲ ਜਾਂਦਾ ਹੈ। ਮੂੰ- ਮੈਨੂੰ, ਮੇਰੇ ਉੱਤੇ। ਕਮਾਇ-ਕਰ। ਜਿਤੁ-ਜਿਸ ਦੀ ਰਾਹੀਂ। ਉਜਲਾ-ਰੋਸ਼ਨ। ਸੋਈ-ਉਹੀ ਮਨੁੱਖ। ਸਚਿ-ਸਦਾ ਕਾਇਮ ਰਹਿਣ ਵਾਲੇ ਵਿਚ। ਤੂੰ ਦੇਹਿ-ਤੂੰ ਦੇਂਦਾ ਹੈਂ। ਅਲਾ-ਹੇ ਅੱਲਾ! ਹੇ ਪ੍ਰਭੂ! ਢਹੰਦੋ-ਨਾਸ ਹੁੰਦਾ। ਮੂਲਿ-ਬਿਲਕੁਲ। ਰਾਸਿ ਕਰਿ-ਠੀਕ ਕਰ। ਹਿਕੋ-ਇਕ ਪਰਮਾਤਮਾ ਨੂੰ ਹੀ। ਚਿਤਿ-ਚਿੱਤ ਵਿਚ। ਪ੍ਰਭ ਭਾਣਿਆ-ਪ੍ਰਭੂ ਨੂੰ ਪਿਆਰੇ ਲੱਗਦੇ ਹਨ। ਪਰਸਾਦਿ-ਕਿਰਪਾ ਨਾਲ। ਅਕਥੁ-ਜਿਸ ਦਾ ਸਹੀ ਸਰੂਪ ਬਿਆਨ ਨਹੀਂ ਕੀਤਾ ਜਾ ਸਕੇ।

## ਰਾਗੁ ਆਸਾ ਕਾਫੀ ਏਕ ਤਾਲ ਮਾਤਰਾਂ–12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | ਮ | ਰਰ | ਮਮ | ਪ | ਧ | ਸੰਸੰ | ਨੁਨੁ | ਧ | ਪ | ਮਗੁ | ਰਸ |
| ਆ | ਠ | ਪਹ | ਰਸਾ | ਲਾ | ਹਿ | ਸਿਰ | ਜਨ | ਹਾ | ਰ | ਤੂੰS | SS |
| ਰ | ਮ | ਮ | ਪ | ਧ | ਪ | ਪਮ | ਗੁ | ਰ | ਗੁਗੁ | ਰ | ਸ |
| ਜੀ | ਵਾਂ | ਤੇ | ਰੀ | ਦਾ | ਤਿ | ਕਿਰ | ਪਾ | ਕ | ਰਹੁ | ਮੂੰ | S |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਮ | ਪ | ਧਧ | ਸੰ | ਸੰ | ਰੰ | ਗੁੰਰੰ | ਸੰਸੰ | ਨੁ | ਧ | ਪ |
| ਹ | ਭੇ | ਥੋ | ਕਵਿ | ਸਾ | ਰਿ | ਹਿ | ਕੋS | ਖਿਆ | ਲੁ | ਕ | ਰਿ |
| ਮ | ਪ | ਧ | ਸੰਸੰ | ਨੁ | ਧ | ਪਧ | ਧਪ | ਮਪ | ਗੁ | ਰ | ਸ |
| ਝੂ | ਠਾ | ਲਾ | ਹਿਗੁ | ਮਾ | ਨੁ | ਮਨੁ | ਤਨੁ | ਅਰ | ਪਿ | ਧ | ਰਿ |
| X | | 0 | | 2 | | 0 | | 3 | | 4 | |

**ਤਾਨਾਂ:–**

1) ਸਰ ਮਮ ਰਮ ਪਪ ਮਪ ਧਧ ਸੰਨੁ ਧਪ ਮਪ ਮਗੁ ਮਗੁ ਰਸ
2) ਰਮ ਪਧ ਮਪ ਮਗੁ ਰਸ ਰਮ ਪਧ ਸੰਰੰ ਸੰਨੁ ਧਪ ਮਗੁ ਰਸ
3) ਮਪ ਧਮ ਪਧ ਮਪ ਧਧ ਸੰਨੁ ਧਪ ਮਪ ਧਪ ਮਗੁ ਰਰ ਸਸ

**ਤਿਹਾਈਆਂ:-**

1) ਚੌਥੀ ਮਾਤਰ ਤੇ ਰS ਦਾ ਉਚਾਰਨ ਕਰਕੇ, ਪਹਿਲੀ ਤੋਂ ਚੌਥੀ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) ਚੌਥੀ ਮਾਤਰ ਤੇ ਰS ਦਾ ਉਚਾਰਨ ਕਰਨਾ ਹੈ। ਪਹਿਲੀ ਤੋਂ ਚੌਥੀ ਮਾਤਰ ਬੰਦਸ਼ ਅਨੁਸਾਰ ਲੈ ਕੇ 2 ਮਾਤਰਾਂ ਬਿਸਰਾਮ ਫਿਰ ਤੀਜੀ-ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

3) ਬੰਦਸ਼ ਅਨੁਸਾਰ 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਆਸਾ ਮਹਲਾ ੫॥ (੩੯੮)**

**ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ॥ ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ॥੧॥ ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ॥ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ॥੧॥ਰਹਾਉ॥ ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ॥ ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ॥੨॥ ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ॥ ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥੩॥ ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ॥ ਨਾਨਕ ਦਰਸ ਪਿਆਸ ਲੋਚਾ ਪੂਰੀਐ॥੪॥੭॥੧੦੯॥**

ਪਦ ਅਰਥ:-ਪੂਰਿ ਰਹਿਆ-ਵਿਆਪਕ ਹੈ, ਮੌਜੂਦ ਹੈ। ਸ੍ਰਬ ਠਾਇ-ਹਰੇਕ ਥਾਂ ਵਿਚ। ਸੋਇ-ਉਹ (ਪ੍ਰਮਾਤਮਾ)। ਸਿਰਿ-ਸਿਰ ਉੱਤੇ। ਛਤੁ-ਛੱਤ੍ਰ। ਰਾਖਣਹਾਰਿਆ-ਹੇ ਰੱਖਿਆ ਕਰਨ ਦੀ ਸਮਰੱਥਾ ਵਾਲੇ! ਨਦਰਿ-ਨਿਗਾਹ। ਨਿਹਾਰਿਆ-ਵੇਖਿਆ। ਪ੍ਰਤਿਪਾਲੇ-ਪਾਲਣਾ ਕਰਦਾ ਹੈ। ਘਟਿ ਘਟਿ-ਹਰੇਕ ਸਰੀਰ ਵਿਚ। ਸਾਰੀਐ-ਸਾਰੇ, ਸਾਰ ਲੈਂਦਾ ਹੈ। ਮਨਿ-ਮਨ ਵਿਚ। ਵੁਠਾ-ਆ ਵੱਸਿਆ। ਵਿਸਾਰੀਐ-ਵਿਸਾਰਦਾ, ਭੁਲਾਂਦਾ। ਆਪਣ ਭਾਣਿਆ-ਆਪਣੀ ਰਜ਼ਾ ਅਨੁਸਾਰ। ਸਹਾਈ-ਮਦਦਗਾਰ। ਜੁਗਿ ਜੁਗਿ-ਹਰੇਕ ਜੁਗ ਵਿਚ। ਜਪਿ-ਜਪ ਕੇ। ਨ ਝੂਰੀਐ-ਚਿੰਤਾ- ਫ਼ਿਕਰ ਨਹੀਂ ਕਰੀਦਾ। ਲੋਚਾ-ਤਾਂਘ। ਪੂਰੀਐ-ਪੂਰੀ ਕਰ।

**ਰਾਗੁ ਆਸਾ ਕਾਫੀ ਮੱਤ ਤਾਲ ਮਾਤਰਾਂ-9 ਵਿਲੰਭਿਤ ਲੈਅ**

**ਅਸਥਾਈ**

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਰਮ | ਪਧ | ਸੰਰੰ | ਸੰ | ਸੰ | ਸੰਨੁ | ਧਪ | ਮਗੁ | ਰਸ |
| ਜਿਉ | ਭਾਵੈ | ਤਿਉ | ਰਾ | ਖੁ | ਰਾS | ਖਣ | ਹਾਰਿ | ਆS |
| ਰਮ | ਪਪ | ਰੰਮ | ਪਧ | ਪਪ | ਮਮ | ਗੁ | ਮਗੁ | ਰਸ |
| ਤੁਝ | ਬਿਨੁ | ਅਵ | ਰੁਨ | ਕੋਇ | ਨਦ | ਰਿ | ਨਿਹਾ | ਰਿਆ |
| X | | 2 | | | 3 | | | |

## ਅੰਤਰਾ

| | | | | | | | | |
|---|---|---|---|---|---|---|---|---|
| ਮਮ | ਪਪ | ਧਧ | ਸੰਰੰ | ਸੰ | ਸੰਰੰ | ਨੁ | ਧਧ | ਪਪ |
| ਪੂਰਿ | ਰਹਿਆ | ਸ੍ਰਬ | ਠਾS | ਇ | ਹਮਾ | ਰਾ | ਖਸਮੁ | ਸੋਇ |
| ਪਧ | ਸੰਸੰ | ਰੰਗੁੰ | ਰੰ | ਸੰ | ਨੁਧ | ਪਪ | ਮਗੁ | ਰਸ |
| ਏਕੁ | ਸਾਹਿਬੁ | ਸਿਰਿ | ਛ | ਤੁ | ਦੂਜਾ | ਨਾਹਿ | ਕੋS | ਇS |
| x | | 2 | | | 3 | | | |

ਤਾਨਾਂ :-

1) ਸਰਮਪ ਰਮਪਧ ਮਪਧਪ ਮਗੁਰਸ ਮਪਧਧ ਪਧਸੰਸੰ ਰੰਗੁੰਰੰਸੰ ਨੁਧਪਪ ਮਗੁਰਸ

2) ਸਰਮਮ ਰਮਪਪ ਮਪਧਧ ਸੰਰੰਸੰਸੰ ਸੰਰੰਗੁੰਰੰ ਸੰਨੁਧਪ ਮਪਧਪ ਮਗੁਰ- ਗੁਰਸ-

3) ਰਮਪਰ ਮਪਰਮ ਪਧਮਪ ਮਗੁਰਸ ਮਪਧਪ ਸੰਰੰਸੰਸੰ ਰੰਗੁੰਰੰਸੰ ਨੁਨੁਧਪ ਮਗੁਰਸ

ਤਿਹਾਈਆਂ:-

1) ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਦੂਜੀ-ਤੀਜੀ ਮਾਤਰ ਤੇ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) ਬੰਦਸ਼ ਅਨੁਸਾਰ ਪਹਿਲੀ ਤੋਂ ਪੰਜਵੀਂ ਮਾਤਰ ਲੈ ਕੇ ਫਿਰ ਚੌਥੀ-ਪੰਜਵੀਂ ਮਾਤਰ ਦੇ 2 ਮਾਤਰਾਂ ਦੇ ਟੁਕੜੇ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 6ਵੀਂ ਤੋਂ 9ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਆਸਾ ਮਹਲਾ ੫॥ (੪੦੦-੦੧)

**ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ॥ ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ॥੧॥ ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ॥ ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ॥੧॥ ਰਹਾਉ॥ ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥ ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ॥੨॥ ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥ ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥੩॥ ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ॥ ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥੧੯॥੧੨੦॥**

ਪਦ ਅਰਥ:-ਸਹਜ-ਆਤਮਕ ਅਡੋਲਤਾ। ਘਣਾ-ਬਹੁਤ। ਗਾਉ-ਗਾਉਂ, ਮੈਂ ਗਾਂਦਾ ਹਾਂ। ਗਰਹ- ਗ੍ਰਹਿ। ਨਿਵਾਰੇ-ਦੂਰ ਕਰ ਦਿੱਤੇ। ਦੇ-ਦੇ ਕੇ। ਅਪਣਾ ਨਾਉ-ਪਰਮਾਤਮਾ ਦਾ ਪਿਆਰਾ ਨਾਮ ਜਿਸ ਨੂੰ ਗੁਰੂ ਆਪ ਭੀ ਜਪਦਾ ਹੈ। ਸਦ ਸਦ-ਸਦਾ ਸਦਾ, ਸਦਾ ਹੀ। ਜਾਉ-ਜਾਉਂ, ਮੈਂ ਜਾਂਦਾ ਹਾਂ। ਬਲਿ-ਸਦਕੇ। ਵਿਟਹੁ-ਤੋਂ। ਹਉ-ਮੈਂ। ਸਚੁ-ਸਦਾ-ਥਿਰ ਨਾਮ। ਸੁਆਉ-ਸੁਆਰਥ, ਜੀਵਨ ਦਾ ਨਿਸ਼ਾਨਾ। ਅਪਸਗੁਣ-ਬਦ-ਸਗਨ। ਜਿਸੁ ਚੀਤਿ-ਜਿਸ ਦੇ ਚਿੱਤ ਵਿਚ।

ਪ੍ਰਭਿ-ਪ੍ਰਭੂ ਵਿਚ। ਭਾਵੈ-ਪਿਆਰਾ ਲੱਗਦਾ ਹੈ। ਜੇਤੇ-ਜਿਤਨੇ ਭੀ ਹਨ। ਊਪਰਿ-ਉੱਚਾ, ਸ੍ਰੇਸ਼ਟ। ਰਸਨਾ-ਜੀਭ। ਪੂਰਨ-ਸਫਲ। ਭੈ-ਡਰ। ਬਿਨਸੇ-ਨਾਸ ਹੋ ਜਾਂਦੇ ਹਨ। ਬੀਆ-ਦੂਜਾ, ਓਪਰਾ। ਪਾਰਬ੍ਰਹਮਿ-ਪਾਰਬ੍ਰਹਮ ਨੇ। ਥੀਆ-ਹੋਇਆ, ਵਾਪਰਿਆ।

## ਰਾਗੁ ਆਸਾ ਕਾਫੀ ਝਪ ਤਾਲ ਮਾਤਰਾਂ-10 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪਧ | ਮਪ | ਰਮ | ਪਧ | ਪਧ | ਸੰ | ਨੁਧ | ਪ | ਮਗੁ | ਰਸ |
| ਬS | ਲਿS | ਹਾS | ਰੀS | SS | ਗੁ | ਰS | ਆ | ਪS | ਣੇS |
| ਸਰ | ਸ | ਰ | ਮ | ਪਧ | ਮਪ | ਮਗੁ | ਰ | ਮਗੁ | ਰਸ |
| ਸS | ਦ | ਸ | S | ਦS | ਬS | ਲਿS | ਜਾ | ਉS | SS |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪਧ | ਮਪ | ਧ | ਪ | ਧ | ਸੰਸੰ | ਰੰਗੁੰ | ਰੰ | ਸੰਨੁ | ਧਪ |
| ਗੁS | ਰੂS | ਵਿ | ਟ | ਹੁ | ਹਉ | SS | ਵਾ | ਰਿS | ਆS |
| ਪਧ | ਸੰ | ਨੁ | ਧ | ਪ | ਮ | ਗੁ | ਰ | ਮਗੁ | ਰਸ |
| ਜਿS | ਸੁ | ਮਿ | ਲਿ | S | ਸ | ਚੁ | ਸੁ | ਆS | ਉS |
| x | | 2 | | | 0 | | 3 | | |

**ਤਾਨਾਂ:-**

1) ਸਰਮਪ ਰਮਪਧ ਮਪਧਧ ਸੰਰੰਸੰਸੰ ਸੰਰੰਗੁੰਰੰ ਸੰਨੁਧਪ ਧਪਮਪ ਨੁਨੁਧਪ ਮਪਮਗੁ ਮਗੁਰਸ
2) ਰਮਪਧ ਮਪਮਗੁ ਮਗੁਰਸ ਮਪਧਧ ਸੰਸੰਰੰਸੰ ਰੰਗੁੰਰੰਸੰ ਨੁਨੁਧਪ ਮਪਧਪ ਮਗੁਰ- ਗੁਰਸ-
3) ਸਰਮਪ ਧਪਮਪ ਮਗੁਰਸ ਮਪਧਧ ਸੰਰੰਸੰਸੰ ਨੁਨੁਧਪ ਸੰਰੰਗੁੰਰੰ ਸੰਨੁਧਪ ਮਪਮਗੁ ਮਗੁਰਸ

**ਤਿਹਾਈਆਂ:-**

1) 8ਵੀਂ ਤੋਂ 10ਵੀਂ ਮਾਤਰ ਦੇ ਤਿੰਨ ਮਾਤਰਾਂ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਪਹਿਲੀ ਮਾਤਰ ਤੇ S ਦਾ ਲਗਾਉ ਦੇਣਾ ਹੈ।
2) ਬੰਦਸ਼ ਅਨੁਸਾਰ ਪਹਿਲੀਆਂ ਚਾਰ ਮਾਤਰਾਂ ਲੈ ਕੇ 5ਵੀਂ ਮਾਤਰ ਤੋਂ 6ਵੀ-7ਵੀਂ ਮਾਤਰ ਦੇ ਦੋ ਮਾਤਰਾਂ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਰਾਗੁ ਆਸਾ ਕਾਫੀ

3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਆਸਾ ਮਹਲਾ ੫॥ (੩੯੭)

**ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥ ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ॥੧॥ ਹਉ ਵੰਞਾ ਕੁਰਬਾਣੁ ਸਾਈ ਆਪਣੇ॥ ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ॥੧॥ ਰਹਾਉ॥ ਬਿੰਦਕ ਗਾਲ੍ਹਿ ਸੁਣੀ ਸਚੇ ਤਿਸੁ ਧਣੀ॥ ਸੂਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ॥੨॥ ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥ ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ॥੩॥ ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥੪॥੩॥੧੦੫॥**

ਪਦ ਅਰਥ:-ਸਾਈ-ਸਾਈਂ। ਅਲਖੁ-ਜਿਸ ਦਾ ਸਹੀ ਰੂਪ ਬਿਆਨ ਨਹੀਂ ਕੀਤਾ ਜਾ ਸਕੇ। ਅਪਾਰੁ-ਬੇਅੰਤ। ਭੋਰੀ-ਰਤਾ ਕੁ ਸਮਾਂ ਭੀ। ਮਨਿ-ਮਨ ਵਿਚ। ਮਾਇ-ਹੇ ਮਾਂ! ਮੈਡਾ-ਮੇਰਾ। ਹਭੁ-ਸਾਰਾ। ਹਉ-ਮੈਂ। ਵੰਞਾ-ਜਾਂਦੀ ਹਾਂ। ਘਣਾ-ਬਹੁਤ। ਮਨਿ-ਮਨ ਵਿਚ। ਤਨਿ-ਤਨ ਵਿਚ। ਜਾਪਣੇ-ਜਪਣ ਨਾਲ। ਬਿੰਦਕ-ਥੋੜ੍ਹੀ ਜਿਤਨੀ ਹੀ। ਗਾਲ੍ਹਿ-ਗੱਲ, ਸਿਫ਼ਤਿ ਸਾਲਾਹ। ਤਿਸੁ ਧਣੀ-ਉਸ ਮਾਲਕ ਦੀ। ਸੂਖੀ ਹੂੰ ਸੁਖੁ-ਸਭ ਤੋਂ ਸ੍ਰੇਸ਼ਟ ਸੁਖ। ਮਾਇ-ਹੇ ਮਾਂ! ਕੀਮ-ਕੀਮਤ, ਮੁੱਲ। ਨ ਗਣੀ-ਮੈਂ ਬਿਆਨ ਨਹੀਂ ਕਰ ਸਕਦੀ। ਨੈਣ ਪਸੰਦੋ-ਅੱਖਾਂ ਨੂੰ ਚੰਗਾ ਲੱਗਣ ਵਾਲਾ। ਪੇਖਿ-ਵੇਖ ਕੇ। ਮੁਸਤਾਕ-ਆਸ਼ਿਕ, ਮੋਹਿਤ। ਮੈ ਨਿਰਗੁਣਿ-ਮੈਨੂੰ ਗੁਣ-ਹੀਨ ਨੂੰ। ਮਾਇ-ਹੇ ਮਾਂ! ਲੜਿ-ਪੱਲੇ ਨਾਲ। ਬੇਦ ਕਤੇਬ-ਹਿੰਦੂ ਮੁਸਲਮਾਨ ਆਦਿਕ ਸਭਨਾਂ ਦੇ ਧਾਰਮਿਕ ਪੁਸਤਕ। ਹਭਾ ਹੂੰ-ਸਭਨਾਂ ਤੋਂ। ਬਾਹਰਾ-ਦਿਸਦੇ ਸੰਸਾਰ ਤੋਂ ਬਾਹਰ। ਜਾਹਰਾ-ਪ੍ਰਤੱਖ ਹਰ ਥਾਂ ਵੱਸਦਾ ਹੈ।

## ਰਾਗੁ ਆਸਾ ਕਾਫੀ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਧਧ | ਮ | ਪ | ਰ | ਮ | ਪ | ਧ | ਪ | ਮ | ਗੁ | ਮ | ਗੁ | ਰ | ਸ |
| ਹਉ | ਵੰ | ਞਾ | ਕੁ | ਰ | ਬਾ | ਣੁ | ਸਾ | S | ਈ | ਆ | ਪ | ਣੇ | S |
| ਮ | ਪ | ਧ | ਸਂ | ਸਂ | ਰਂ | ਸਂ | ਨੁਨੁ | ਧ | ਪ਼ | ਮ | ਗੁ | ਮਗੁ | ਰਸ |
| ਹੋ | ਵੈ | ਅ | ਨ | ਦੁ | ਘ | ਣਾ | ਮਨਿ | ਤ | ਨਿ | ਜਾ | ਪ | ਣੇS | SS |
| x | | | 2 | | | | 0 | | | 3 | | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਮ | ਪ | ਧ | ਸਂਸਂ | ਸਂ | ਰਂ | ਸਂ | ਸਂ | ਰਂਗੁਂ | ਰਂਸਂ | ਨੁ | ਨੁ | ਧ | ਪ |
| ਸਾ | ਈ | ਅ | ਲਖੁ | ਅ | ਪਾ | ਰੁ | ਭੋ | ਰੀS | SS | ਮ | ਨਿ | ਵ | ਸੈ |
| ਧਧ | ਮਮ | ਪ | ਧ | ਸਂ | ਨੁ | ਧ | ਪ | ਮਗੁ | ਰ | ਮ | ਗੁ | ਰ | ਸ |
| ਦੂਖੁ | ਦਰ | ਦੁ | ਰੋ | ਗੁ | ਮਾ | ਇ | ਮੈ | SS | ਡਾ | ਹ | ਭੁ | ਨ | ਸੈ |
| x | | | 2 | | | | 0 | | | 3 | | | |

### ਆਸਾ ਘਰੁ ੮ ਕਾਫੀ ਮਹਲਾ ੩ ੧ੴ ਸਤਿਗੁਰ ਪ੍ਰਸਾਦਿ॥ (੩੬੫)

**ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ॥ ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ॥੧॥ ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ॥ ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ॥੧॥ ਰਹਾਉ॥ ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ॥ ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥੨॥ ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ॥ ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ॥੩॥ ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ॥ ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ॥ ੪॥੩੯॥੧੩॥੫੨॥**

ਪਦ ਅਰਥ:-ਭਾਣੈ-ਰਜ਼ਾ ਅਨੁਸਾਰ। ਸਚੁ- ਸਦਾ-ਥਿਰ ਪ੍ਰਭੂ। ਮਨਿ-ਮਨ ਵਿਚ। ਸੋਈ-ਉਹੀ ਮਨੁੱਖ। ਮੈ-ਮੇਰਾ। ਸਹੁ-ਖਸਮ। ਦਾਤਾ-ਦਾਤਾਂ ਦੇਣ ਵਾਲਾ। ਤੇ-ਤੋਂ, ਨਾਲ। ਜੁਗ ਮਹਿ-ਜਗਤ ਵਿਚ, ਜੀਵਨ ਵਿਚ। ਵੀਚਾਰਿ-ਵਿਚਾਰ ਦੀ ਰਾਹੀਂ। ਵਸਿ-ਵੱਸ ਵਿਚ। ਮਨਮੁਖਿ-ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤਰੀ। ਅੰਧ-ਮਾਇਆ ਦੇ ਮੋਹ ਵਿੱਚ ਅੰਨ੍ਹੀ ਹੋਈ ਜੀਵ-ਇਸਤਰੀ। ਗਵਾਰਿ-ਮੂਰਖ ਜੀਵ-ਇਸਤਰੀ। ਹਰਿ ਕੈ ਭਾਣੈ-ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ। ਸਾਲਾਹੀਐ-ਸਿਫ਼ਤਿ-ਸਾਲਾਹ ਕੀਤੀ ਜਾ ਸਕਦੀ ਹੈ। ਭਾਣੈ ਮੰਨਿਐ-ਜੇ ਪ੍ਰਭੂ ਦੇ ਹੁਕਮ ਵਿਚ ਤੁਰਿਆ ਜਾਏ। ਮਤਿ-ਅਕਲ। ਗੁਰਮੁਖਿ-ਗੁਰੂ ਦੀ ਸਰਨ ਪਿਆਂ। ਗਤਿ-ਉੱਚੀ ਆਤਮਕ ਅਵਸਥਾ।

### ਰਾਗੁ ਆਸਾ ਕਾਫੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਰ | ਮ | ਮ | ਪ | ਪ | ਧਧ | ਪਧ | ਮਮ | ਪ | ਧਧ | ਸੰਸੰ | ਰੰਰੰ | ਸੰ | ਸੰ |
| ਮੈ | ਸ | ਹੁ | ਦਾ | ਤਾ | ਏਕੁ | ਹੈS | ਹਰਿ | ਕੈ | ਭਾਣੈ | ਸਤਿ | ਗੁਰੁ | ਮਿ | ਲੈ |
| ਸੰ | ਸੰ | ਸੰ | ਨੁ | ਧ | ਪ | ਪ | ਰੰ | ਗੁੰ | ਰੰ | ਸੰ | ਨੁ | ਧ | ਪ |
| ਅ | ਵ | ਰੁ | ਨਾ | ਹੀ | ਕੋ | ਈ | ਸ | ਚੁ | S | ਸੋ | ਝੀ | ਹੋ | ਈ |
| ਧਧ | ਮਮ | ਪ | ਰ | ਮਮ | ਪ | ਧ | ਮਮ | ਪ | ਧ | ਸੰ | ਸੰ | ਧਧ | ਸੰਸੰ |
| ਗੁਰ | ਕਿਰ | ਪਾ | ਤੇ | ਮਨਿ | ਵ | ਸੈ | ਗੁਰ | ਪ | ਰ | ਸਾ | ਦੀ | ਮਨਿ | ਵਸੈ |
| ਸੰਨੁ | ਧ | ਪ | ਮ | ਗੁ | ਰ | ਸ | ਨੁ | ਧ | ਪ | ਮਗੁ | ਰ | ਗੁਰ | ਸ |
| ਤਾS | ਸ | ਦਾ | ਸੁ | ਖੁ | ਹੋ | ਈ | ਹ | ਰਿ | S | ਬੂS | ਝੈ | ਸੋS | ਈ |
| X | | | 2 | | 3 | | X | | | 2 | | 3 | |

# ੧੩-ਰਾਗੁ ਆਸਾਵਰੀ ਸੁਧੰਗ
## (ਕੋਮਲ ਰਿਸ਼ਭ ਆਸਾਵਰੀ)

ਰਾਗੁ ਆਸਾਵਰੀ ਜੋ ਮੱਧ ਕਾਲ ਵਿਚ ਪ੍ਰਚਲਿਤ ਸੀ, ਉਸ ਵਿੱਚ ਕੋਮਲ ਰਿਸ਼ਭ ਦਾ ਹੀ ਪ੍ਰਯੋਗ ਸੀ। ਗੁਰਮਤਿ ਸੰਗੀਤ ਵਿਚ ਇਹ ਰਾਗ ਆਸਾਵਰੀ ਸੁਧੰਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮੱਧ ਕਾਲ ਦੇ ਕੁਝ ਗ੍ਰੰਥਕਾਰਾਂ ਨੇ ਆਸਾਵਰੀ ਦਾ ਇਸ ਪ੍ਰਕਾਰ ਵਰਨਣ ਦਿੱਤਾ ਹੈ। ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿਚ ਗੌਰੀ ਮੇਲ ਤੋਂ ਰਾਗ ਆਸਾਵਰੀ ਦੀ ਉਤਪਤੀ ਮੰਨੀ ਹੈ। ਪੁੰਡਰੀਕ ਵਿਠੁਲ ਨੇ 'ਚੰਦ੍ਰੋਦਯ' ਵਿਚ ਮਾਲਵਗੌਡ ਮੇਲ ਤੋਂ ਤੇ 'ਰਾਗ ਮੰਜਰੀ' ਵਿਚ ਗੌਡੀ ਮੇਲ ਤੋਂ ਆਸਾਵਰੀ ਦੀ ਉਤਪਤੀ ਮੰਨੀ ਹੈ। ਰਾਗ-ਰਾਗਨੀ ਵਰਗੀਕਰਣ ਦੇ ਸਿੱਧਾਂਤ ਨੂੰ ਮੰਨਦਿਆਂ ਹੋਇਆਂ ਇਹਨਾਂ ਨੇ 'ਰਾਗ ਮਾਲਾ' ਵਿਚ ਸ਼ੁਧ ਭੈਰਵ ਰਾਗ ਦੀ ਆਸਾਵਰੀ ਨੂੰ ਰਾਗਨੀ ਮੰਨਿਆ ਹੈ। ਪੰਡਿਤ ਭਾਵਭਟ ਨੇ 'ਅਨੂਪ ਬਿਲਾਸ' ਵਿਚ ੬੭ ਰਾਗਾਂ ਦਾ ਵਰਨਣ ਕੀਤਾ ਹੈ ਤੇ ਆਸਾਵਰੀ ਇਹਨਾਂ ਵਿੱਚੋਂ ਇਕ ਰਾਗ ਹੈ। ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' ਵਿਚ ਮਾਲਵ ਗੌਡ ਮੇਲ ਤੋਂ ਰਾਗ ਆਸਾਵਰੀ ਦੀ ਉਤਪਤੀ ਮੰਨੀ ਹੈ। ਆਹੋਬਲ ਨੇ 'ਸੰਗੀਤ ਪਾਰਜਾਤ' ਵਿਚ ਗੌਰੀ ਮੇਲ ਤੋਂ ਆਸਾਵਰੀ ਦੀ ਉਤਪਤੀ ਮੰਨੀ ਹੈ। ਆਸਾਵਰੀ ਥਾਟ ਅੰਕ ੧੯੬੧ ਦੇ ਪੰਨਾ ੧੬ ਅਨੁਸਾਰ ਪੰਡਿਤ ਵਿਅੰਕਟਮੁਖੀ ਦੇ 'ਚਤੁਰਦੰਡਪ੍ਰਕਾਸ਼ਿਕਾ' ਵਿਚ ਜਿਸ ਸਾਵੇਰੀ ਰਾਗ ਦਾ ਵਰਨਣ ਹਨੂਮ ਤੋੜੀ ਦੇ ਮੇਲ ਤੋਂ ਕੀਤਾ ਹੈ ਉਸ ਦਾ ਸਰੂਪ ਕੋਮਲ ਰਿਸ਼ਭ ਆਸਾਵਰੀ ਦਾ ਹੀ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ 'ਨਗ਼ਮਾਤੇ ਆਸਫ਼ੀ' ਵਿਚ ਆਸਾਵਰੀ ਨੂੰ ਭੈਰਵ ਰਾਗ ਦੀ ਰਾਗਨੀ ਮੰਨਿਆ ਹੈ। ਇਹਨਾਂ ਸਾਰੇ ਗ੍ਰੰਥਕਾਰਾਂ ਨੇ ਰਾਗ ਆਸਾਵਰੀ ਵਿਚ ਕੋਮਲ ਰਿਸ਼ਭ ਦਾ ਹੀ ਪ੍ਰਯੋਗ ਮੰਨਿਆ ਹੈ।

ਪੰਡਿਤ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੨ ਪੰਨਾ ੩੫੫ ਤੇ ਰਾਗ ਆਸਾਵਰੀ ਦਾ ਪਰੀਚੈ ਸ਼ੁਧ ਰਿਸ਼ਭ ਨਾਲ ਦਿੱਤਾ ਹੈ ਪਰ ਉਹਨਾਂ ਇਹ ਵੀ ਜ਼ਿਕਰ ਕੀਤਾ ਹੈ ਕਿ ਉਤਰ ਭਾਰਤ ਵਿਚ ਆਸਾਵਰੀ ਵਿਚ ਕੋਮਲ ਰਿਸ਼ਭ ਦਾ ਪ੍ਰਯੋਗ ਕੀਤਾ ਜਾਂਦਾ ਹੈ ਤੇ ਉਹਨਾਂ ਆਸਾਵਰੀ ਰਾਗ ਦੇ ਦੋਨਾਂ ਪ੍ਰਕਾਰਾਂ ਦੀਆਂ ਬੰਦਸ਼ਾਂ ਦਿੱਤੀਆਂ ਹਨ। ਪੰਡਿਤ ਵਿਣਾਇਕ ਨਾਰਾਇਣ ਪਟਵਰਧਨ ਦੇ 'ਰਾਗ ਵਿਗਿਆਨ' ਪੰਚਮ-ਭਾਗ ਅਨੁਸਾਰ ਰਾਗ ਆਸਾਵਰੀ (ਰਿਸ਼ਭ ਕੋਮਲ ਕੀ) ਦਾ ਚਲਨ ਆਸਾਵਰੀ ਜੈਸਾ ਹੀ ਦਿੱਤਾ ਹੈ ਤੇ ਕੇਵਲ ਸ਼ੁਧ ਰਿਸ਼ਭ ਦੀ ਬਜਾਏ ਕੋਮਲ ਰਿਸ਼ਭ ਦਾ ਪ੍ਰਯੋਗ ਹੈ। ਉਹਨਾਂ ਨਿਸ਼ਾਦ

ਦਾ ਪ੍ਰਯੋਗ ਪ ਧੁ ਨੁ ਧੁ ਮ ਪ ਗੁ ਕੀਤਾ ਹੈ ਤੇ ਜੌਨਪੁਰੀ ਵਾਂਗ ਵੀ ਮ ਪ ਧੁ ਨੁ ਸਂ ਨੁ ਧੁ ਪ ਸਵਰਾਂ ਦਾ ਪ੍ਰਯੋਗ ਵੀ ਕੀਤਾ ਹੈ। ਸ੍ਰੀ ਬਿਮਲਾਕਾਂਤ ਰਾਏ ਚੌਧਰੀ ਨੇ 'ਰਾਗ ਵਿਯਾਕਰਣ' ਪੰਨਾ ੧੪੪ ਤੇ ਆਸਾਵਰੀ ਤੋੜੀ ਰਾਗ ਦਾ ਵਰਨਣ ਦਿੱਤਾ ਹੈ। ਜਾਤੀ-ਸ਼ਾੜਵ-ਵਕਰ ਸੰਪੂਰਨ, ਵਾਦੀ-ਪ, ਸੰਵਾਦੀ-ਸ ਮੰਨਿਆ ਹੈ। ਆਰੋਹ- ਸ ਰੁ ਮ ਪ ਧੁ ਨੁ ਸਂ। ਅਵਰੋਹ- ਸਂ ਨੁ ਧੁ ਪ ਮ ਪ ਗੁ ਰੁ ਸ। ਸਮਾਂ- ੧੦ ਤੋਂ ੧੧-੩੦ ਸਵੇਰ ਦਾ ਹੈ। ਆਰੋਹ ਵਿਚ ਮ ਪ ਧੁ ਸਂ, ਮ ਪ ਸਂ, ਵੀ ਲਿਆ ਜਾ ਸਕਦਾ ਹੈ।

ਇਹਨਾਂ ਸ਼ਾਸਤਰਕਾਰਾਂ ਤੇ ਵਿਦਵਾਨਾਂ ਦਾ ਇਹੀ ਮੱਤ ਹੈ ਕਿ ਆਸਾਵਰੀ ਦਾ ਪੁਰਾਤਨ ਤੇ ਅਸਲ ਰੂਪ ਰਿਸ਼ਭ ਕੋਮਲ ਨਾਲ ਹੀ ਮੰਨਿਆ ਜਾਂਦਾ ਸੀ। ਸੰਗੀਤ ਕਾਰਯਾਲਯਾ ਹਾਥਰਸ ਜਨਵਰੀ ੧੯੬੧ ਦੇ ਆਸਾਵਰੀ ਥਾਟ ਅੰਕ ਦੇ ਪੰਨਾ ੩੬ ਤੇ ਪੰਡਿਤ ਰਾਮਾਸ਼੍ਰੈ ਝਾ ਦੇ ਕਥਨ ਅਨੁਸਾਰ 'ਸ਼ੁਧ ਰਿਸ਼ਭ ਕੀ ਆਸਾਵਰੀ ਕੋਈ ਰਾਗ ਨਹੀਂ'। ਬੜੇ ਗੁਲਾਮ ਅਲੀ ਖ਼ਾਂ ਦੇ ਰਿਸ਼ਭ ਕੋਮਲ ਆਸਾਵਰੀ ਰਾਗ ਦੇ ਗਾਇਣ ਦੀ ਰਿਕਾਰਡਿੰਗ ਨੂੰ ਆਲ ਇੰਡੀਆ ਰੇਡਿਓ ਤੋਂ ਪ੍ਰਸਾਰਨ ਸਮੇਂ ਕੇਵਲ ਰਾਗ ਆਸਾਵਰੀ ਦਾ ਨਾਮ ਹੀ ਬੋਲਿਆ ਜਾਂਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਖਾਂ ਸਾਹਿਬ ਨੂੰ ਵੀ ਆਪਣੀ ਗੁਰੂ ਪ੍ਰੰਪਰਾ ਤੋਂ ਆਸਾਵਰੀ ਰਾਗ ਦਾ ਜੋ ਸ਼ੁਧ ਸਰੂਪ ਪ੍ਰਾਪਤ ਹੋਇਆ ਉਹ ਕੋਮਲ ਰਿਸ਼ਭ ਵਾਲਾ ਹੈ ਤੇ ਸ਼ੁਧ ਰਿਸ਼ਭ ਵਾਲਾ ਨਹੀਂ ਹੈ। ਸੋ ਆਸਾਵਰੀ ਦੇ ਸਰੂਪ ਬਾਰੇ ਤਕਰੀਬਨ ਸਾਰੇ ਹੀ ਵਿਦਵਾਨ ਇਕ-ਮੱਤ ਹਨ ਕਿ ਜਦੋਂ ਤੱਕ ਧਰੁਪਦ-ਧਮਾਰ ਗਾਇਣ ਸ਼ੈਲੀ ਪ੍ਰਚਲਿਤ ਸੀ ਆਸਾਵਰੀ ਕੋਮਲ ਰਿਸ਼ਭ ਨਾਲ ਗਾਇਣ ਦਾ ਹੀ ਪ੍ਰਚਾਰ ਸੀ ਪਰ ਜਿਵੇਂ ਜਿਵੇਂ ਖਿਆਲ ਗਾਇਣ ਸ਼ੈਲੀ ਪ੍ਰਚਾਰ ਵਿੱਚ ਆਉਂਦੀ ਗਈ ਗਾਇਕਾਂ ਨੂੰ ਰਿਸ਼ਭ ਕੋਮਲ ਤੋਂ ਮਧਿਅਮ ਦਾ ਲਗਾਉ ਤੇ ਤਾਨਾਂ ਲੈਣ ਲਈ ਕਠਿਨਾਈ ਆਈ ਤੇ ਹੌਲੀ ਹੌਲੀ ਆਸਾਵਰੀ ਦਾ ਸਰੂਪ ਹੀ ਸ਼ੁਧ ਰਿਸ਼ਭ ਦੁਆਰਾ ਪ੍ਰਚਲਿਤ ਹੁੰਦਾ ਗਿਆ।

'ਗੁਰਮਤਿ ਸੰਗੀਤ' ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਸ. ਗਿਆਨ ਸਿੰਘ ਐਬਟਾਬਾਦ ਨੇ ਗੁਰਬਾਣੀ ਸੰਗੀਤ ਭਾਗ-ਪਹਿਲਾ ਵਿੱਚ ਆਸਾਵਰੀ (ਕੋਮਲ ਰੇ) ਦਾ ਪਰੀਚੈ ਤੇ ਦੋ ਬੰਦਸ਼ਾਂ ਦਿੱਤੀਆਂ ਹਨ। ਰਾਗ ਦੇ ਸਰੂਪ ਵਿਚ ਰੁ ਗੁ ਧੁ ਨੁ ਕੋਮਲ ਹੋਰ ਸਵਰ ਸ਼ੁਧ, ਥਾਟ-ਭੈਰਵੀ, ਵਾਦੀ-ਧੁ, ਸੰਵਾਦੀ-ਗੁ, ਸਮਾਂ ਦਿਨ ਦਾ ਦੂਜਾ ਪਹਿਰ ਤੇ ਜਾਤੀ-ਓੜਵ-ਸੰਪੂਰਨ ਹੈ। ਆਰੋਹ- ਸ ਰੁ ਮ ਪ ਧੁ ਸਂ ਅਵਰੋਹ- ਸਂ ਨੁ ਧੁ ਪ ਮ ਗੁ ਰੁ ਰੁ ਸ। ਪਕੜ- ਧੁ ਮ ਪ ਗੁ ਰੁ ਸ। ਪ੍ਰਿੰਸੀਪਲ ਦਿਆਲ ਸਿੰਘ ਨੇ 'ਗੁਰਮਤਿ ਸੰਗੀਤ ਸਾਗਰ' ਭਾਗ-ਚੌਥਾ ਵਿਚ ਕੋਮਲ ਰਿਸ਼ਭ ਆਸਾਵਰੀ ਦਾ ਪਰੀਚੈ ਦਿੰਦਿਆਂ ਜ਼ਿਕਰ ਕੀਤਾ ਹੈ ਕਿ ਜਦੋਂ ਧਰੁਪਦ ਧਮਾਰ ਗਾਇਨ ਪ੍ਰਚਲਿਤ ਸੀ ਉਦੋਂ ਕੋਮਲ ਰਿਸ਼ਭ ਵਾਲਾ ਆਸਾਵਰੀ ਰਾਗ ਹੀ ਗਾਇਆ ਜਾਂਦਾ ਸੀ ਪਰ ਖਿਆਲ ਗਾਇਨ ਆਉਣ ਨਾਲ ਤਾਨ

## ਰਾਗੁ ਆਸਾਵਰੀ ਸੁਧੰਗ

ਪ੍ਰਧਾਨ ਗਾਇਕੀ ਕਾਰਨ ਫਿਰ ਆਸਾਵਰੀ ਦਾ ਸਰੂਪ ਰਿਸ਼ਭ ਕੋਮਲ ਦੀ ਥਾਂ ਤੇ ਰਿਸ਼ਭ ਸ਼ੁਧ ਹੋ ਗਿਆ। ਉਹਨਾਂ ਰਾਗ ਦਾ ਸਰੂਪ ਰਿਸ਼ਭ ਕੋਮਲ ਤੇ ਹੋਰ ਸਭ ਆਸਾਵਰੀ ਜੈਸਾ ਹੀ ਦਿੱਤਾ ਹੈ। ਪ੍ਰੋਫੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿਚ ਵੀ ਰਿਸ਼ਭ ਕੋਮਲ ਤੇ ਰਿਸ਼ਭ ਸ਼ੁਧ ਆਸਾਵਰੀ ਦੇ ਦੋਨਾਂ ਸਰੂਪਾਂ ਦਾ ਜ਼ਿਕਰ ਕੀਤਾ ਹੈ ਪਰ ਪਰੀਚੇ ਤੇ ਬੰਦਸ਼ ਸ਼ੁਧ ਰਿਸ਼ਭ ਆਸਾਵਰੀ ਵਿਚ ਦਿੱਤੀ ਹੈ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਰਿਸ਼ਭ ਕੋਮਲ ਤੇ ਰਿਸ਼ਭ ਸ਼ੁਧ ਆਸਾਵਰੀ ਦੇ ਦੋਨਾਂ ਸਰੂਪਾਂ ਦਾ ਪਰੀਚੇ ਦਿੱਤਾ ਹੈ।

ਰਾਗੁ ਆਸਾਵਰੀ ਸੁਧੰਗ ਵਿੱਚ ਕੋਮਲ ਰਿਸ਼ਭ ਦੇ ਪ੍ਰਯੋਗ ਨਾਲ ਰਾਗ ਵਿੱਚ ਕਰੁਣਾ ਰਸ ਤੇ ਸ਼ਿੰਗਾਰ ਰਸ ਛਾਇਆ ਰਹਿੰਦਾ ਹੈ। ਆਰੰਭ ਵਿੱਚ ਹੀ ਸ ਰੁ ਰੁ, ਨ਼ੁ ਧ਼ੁ ਧ਼ੁ ਸ ਦੇ ਪ੍ਰਯੋਗ ਨਾਲ ਰਾਗ ਦਾ ਆਪਣਾ ਹੀ ਵਾਤਾਵਰਣ ਬਣ ਜਾਂਦਾ ਹੈ। ਕੁਝ ਝਾਂਵਲਾ ਬਿਲਾਸਖਾਨੀ ਤੋੜੀ ਦਾ ਨਜ਼ਰ ਆਉਂਦਾ ਹੈ ਪਰ ਸ ਰੁ ਮ, ਮ ਪ ਧੁ, ਮ ਪ, ਮ ਪ ਗੁ ਰੁ ਸ ਦੇ ਪ੍ਰਯੋਗ ਨਾਲ ਨਸ਼ਟ ਹੋ ਜਾਂਦਾ ਹੈ ਤੇ ਇਥੇ ਪੂਰਵਾਂਗ ਵਿੱਚ ਆਸਾਵਰੀ ਦਾ ਚਲਨ ਸਪੱਸ਼ਟ ਹੋ ਜਾਂਦਾ ਹੈ। ਸ ਰੁ ਮ ਦੇ ਪ੍ਰਯੋਗ ਸਮੇਂ ਰਾਗ ਗੁਨਕਲੀ ਦਾ ਚਲਨ ਬਣਦਾ ਹੈ ਪਰ ਮ ਪ ਗੁ ਰੁ ਸ ਦੇ ਪ੍ਰਯੋਗ ਨਾਲ ਬਿਲਕੁਲ ਹੀ ਅਲੋਪ ਹੋ ਜਾਂਦਾ ਹੈ ਤੇ ਆਸਾਵਰੀ ਦਾ ਸਰੂਪ ਛਾ ਜਾਂਦਾ ਹੈ। ਉਤਰਾਂਗ ਵਿੱਚ ਬਿਲਾਸਖਾਨੀ ਵਿੱਚ ਗੁ ਪ ਧੁ, ਸੰ, ਰੁੰ ਗੁੰ ਰੁੰ ਨੁ ਧੁ ਪ ਦਾ ਪ੍ਰਯੋਗ ਹੈ ਪਰ ਇਥੇ ਆਸਾਵਰੀ ਵਿੱਚ ਮ ਪ ਧੁ ਧੁ ਸੰ, ਰੁੰ ਸੰ, ਰੁੰ ਨੁ ਧੁ ਪ, ਪ ਧੁ ਮ ਪ ਗੁ ਰੁ ਸ ਦੇ ਪ੍ਰਯੋਗ ਨਾਲ ਆਸਾਵਰੀ ਸੁਧੰਗ ਦਾ ਆਪਣਾ ਵਖਰਾ ਸਰੂਪ ਬਣਿਆ ਰਹਿੰਦਾ ਹੈ। ਇਸ ਨੂੰ ਇਕ ਸੁਤੰਤਰ ਰਾਗ ਹੀ ਮੰਨਣਾ ਠੀਕ ਹੈ।

ਰਾਗ ਨਿਰਣਾਇਕ ਕਮੇਟੀ ਵਲੋਂ ਆਸਾਵਰੀ ਸੁਧੰਗ ਦਾ ਕੋਮਲ ਰਿਸ਼ਭ ਆਸਾਵਰੀ ਦਾ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਦਿੱਤਾ ਗਿਆ ਹੈ। ਸੋ ਇੱਥੇ ਵੀ ਇਸ ਰਾਗ ਦਾ ਇਹੀ ਪ੍ਰਵਾਣਿਤ ਸਰੂਪ ਦਿੱਤਾ ਜਾ ਰਿਹਾ ਹੈ।

### ਸ਼ਬਦ ਤਰਤੀਬ:-

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿੱਚ ਰਾਗੁ ਆਸਾਵਰੀ ਸੁਧੰਗ ਵਿੱਚ ਰਚਿਤ ਬਾਣੀ ਨੂੰ ਆਸਾ ਮੁਖ ਰਾਗ ਦੇ ਹੀ ਅਧੀਨ ਅੰਕਿਤ ਕੀਤਾ ਗਿਆ ਹੈ। ਵੈਸੇ ਰਾਗ ਆਸਾ ਤੇ ਰਾਗ ਆਸਾਵਰੀ ਦੇ ਸਰੂਪ ਭਿੰਨ ਹਨ। ਆਸਾ ਵਿੱਚ ਸਾਰੇ ਸਵਰ ਸ਼ੁਧ ਹਨ। ਇਥੇ ਆਸਾਵਰੀ ਵਿੱਚ ਰਿਸ਼ਭ ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਹਨ। ਦੋਹਾਂ ਰਾਗਾਂ ਦੀ ਸਮਾਨਤਾ ਦਾ ਪੱਖ ਵੇਖੀਐ ਤਾਂ ਦੋਹਾ ਰਾਗਾਂ ਦੀ ਜਾਤੀ ਇਕੋ ਹੈ ਤੇ ਸਵਰ ਵੀ ਉਹੀ ਹਨ ਭਾਵੇਂ ਸਵਰਾਂ ਦੇ ਸਰੂਪ ਵੱਖ ਹਨ। ਦੂਜੇ ਮੱਧ ਕਾਲ ਵਿੱਚ ਅੱਜ ਦੇ ਗੰਧਾਰ ਤੇ ਨਿਸ਼ਾਦ ਦਾ ਕੋਮਲ ਰੂਪ ਉਦੋਂ ਸ਼ੁਧ ਮੰਨਿਆ ਜਾਂਦਾ ਸੀ। ਤੀਜੇ ਨਾਮ ਦੀ

ਵੀ ਦੋਹਾਂ ਰਾਗਾਂ ਵਿੱਚ ਕਾਫੀ ਸਮਾਨਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗੁ ਆਸਾ ਕਾਫੀ, ਆਸਾਵਰੀ ਸੁਧੰਗ, ਆਸਾ ਆਸਾਵਰੀ ਤੇ ਆਸਾਵਰੀ ਇਨ੍ਹਾਂ ਚਾਰ ਰਾਗਾਂ ਨੂੰ ਆਸਾ ਮੁਖ ਰਾਗ ਵਿੱਚ ਹੀ ਸਥਾਨ ਦਿੱਤਾ ਹੈ। ਸ਼ਬਦ ਰਚਨਾ ਵਿਚ ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ, ਪੰਨਾ ੩੬੯ ਤੋਂ ੩੭੦ ਸ਼ਬਦ ਅੰਕ॥੨॥੧੪॥੬੬॥ ਤੋਂ ॥੨॥੩੯॥੧੩॥੧੫॥੬੭॥ ਦੋ ਸ਼ਬਦ ਹਨ।

**ਪਰੀਚੈ:-**

ਰਾਗ - ਆਸਾਵਰੀ ਸੁਧੰਗ (ਕੋਮਲ ਰਿਸ਼ਭ ਆਸਾਵਰੀ) ਥਾਟ - ਭੈਰਵੀ

ਸਵਰ - ਰਿਸ਼ਭ, ਗੰਧਾਰ, ਧੈਵਤ, ਨਿਸ਼ਾਦ ਕੋਮਲ ਹੋਰ ਸਭ ਸ਼ੁਧ

ਵਰਜਿਤ ਸਵਰ - ਗੰਧਾਰ ਤੇ ਨਿਸ਼ਾਦ ਆਰੋਹ ਵਿੱਚ

ਜਾਤੀ - ਔੜਵ-ਸੰਪੂਰਨ ਵਾਦੀ - ਧੈਵਤ

ਸੰਵਾਦੀ - ਗੰਧਾਰ ਸਮਾਂ -ਦਿਨ ਦਾ ਦੂਜਾ ਪਹਿਰ

ਆਰੋਹ - ਸ ਰੁ ਮ ਪ ਧੁ, ਸਂ

ਅਵਰੋਹ - ਸਂ ਨੁ ਧੁ, ਪ, ਮ ਪ ਗੁ ਰੁ ਸ

ਮੁੱਖ ਅੰਗ - ਮ ਪ ਧੁ ਮ ਪ ਗੁ ਰੁ ਸ।

**ਸਵਰ ਵਿਸਥਾਰ:-**

1) ਸ, ਰੁ ਰੁ ਸ, ਨੁ਼ ਧੁ਼ ਧੁ਼ ਸ, ਸ ਰੁ ਨੁ਼ ਧੁ਼ ਧੁ਼ ਸ, ਸ ਰੁ ਨੁ਼ ਧੁ਼ ਪ਼, ਧੁ਼ ਨੁ਼ ਧੁ਼ ਮ਼ ਪ਼, ਪ਼ ਧੁ਼ ਧੁ਼ ਸ, ਸ ਰੁ ਮ, ਮ ਪ, ਮ ਗੁ ਰੁ ਸ, ਸ ਰੁ - ਗੁ ਰੁ, ਸ ਰੁ ਮ ਪ, ਰੁ ਮ ਪ, ਸ ਰੁ ਮ ਪ, ਧੁ ਧੁ ਪ, ਧੁ ਮ ਪ, ਮ ਪ ਮ ਗੁ ਰੁ, ਰੁ ਸ, ਧੁ਼ ਧੁ਼ ਸ।

2) ਸ ਰੁ ਮ, ਰੁ ਮ ਪ, ਸ ਰੁ ਮ ਪ ਧੁ - ਪ, ਮ ਪ ਧੁ ਧੁ ਪ, ਮ ਪ ਧੁ ਨੁ ਧੁ ਪ, ਧੁ ਨੁ ਧੁ ਧੁ ਮ ਪ, ਮ ਪ ਧੁ ਸਂ ਨੁ ਧੁ ਪ, ਮ ਪ ਧੁ ਧੁ ਸਂ - ਧੁ ਸਂ, ਸਂ ਰੁਂ ਨੁ ਧੁ ਸਂ, ਮ ਪ ਸਂ ਨੁ ਧੁ ਧੁ ਪ, ਮ ਪ ਧੁ - ਮ ਪ, ਸਂ ਨੁ ਧੁ - ਮ ਪ, ਮ ਪ ਧੁ - ਮ ਪ, ਧੁ ਮ ਪ, ਮ ਗੁ ਰੁ, ਸ, ਨੁ਼ ਧੁ਼ ਧੁ਼ ਸ

3) ਮ ਪ ਧੁ ਧੁ ਪ, ਮ ਪ ਧੁ - ਸਂ, ਸਂ ਰੁਂ ਰੁਂ ਸਂ ਨੁ ਧੁ ਸਂ, ਰੁਂ - ਗੁਂ ਰੁਂ ਸਂ ਨੁ ਧੁ ਸਂ, ਸਂ ਰੁਂ ਮਂ ਗੁਂ ਰੁਂ ਰੁਂ ਸਂ, ਸਂ ਰੁਂ ਮਂ ਪਂ, ਧੁਂ ਧੁਂ ਮਂ ਪਂ, ਮਂ ਪਂ ਗੁਂ ਰੁਂ ਰੁਂ ਸਂ, ਸਂ ਰੁਂ ਨੂ ਧੁ ਸਂ, ਪ ਧੁ ਸਂ, ਰੁਂ ਨੁ ਧੁ ਪ, ਪ ਧੁ ਮ ਪ, ਧੁ ਨੁ ਧੁ ਮ ਪ, ਸਂ ਨੁ ਧੁ ਪ, ਧੁ ਮ ਪ, ਧੁ ਪ ਮ ਪ, ਮ ਪ ਗੁ, ਰੁ ਸ, ਨੁ਼ ਧੁ਼ ਧੁ਼ ਸ

## ਆਸਾਵਰੀ ਮਹਲਾ ੪॥ (੩੬੯-੭੦)

**ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ॥੧॥ਰਹਾਉ॥ ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ॥ ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥੧॥ ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ॥ ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ॥੨॥੩੯॥੧੩॥੧੫॥੬੭॥**

ਪਦ ਅਰਥ:-ਮਾਈ-ਹੇ ਮਾਂ! ਰੀ ਮਾਈ-ਹੇ ਮਾਂ! ਕਰਹਲੁ-ਊਠ, ਊਠ ਦਾ ਬੱਚਾ। ਬੇਲਿ-ਵੇਲਾਂ। ਰੀਝਾਈ-ਰੀਝਦਾ ਹੈ, ਖੁਸ਼ ਹੁੰਦਾ ਹੈ। ਬੈਰਾਗ-ਵੈਰਾਗਵਾਨ। ਬਿਰਕਤੁ-ਉਦਾਸ, ਉਪਰਾਮ। ਕੈ ਤਾਈ-ਦੀ ਖ਼ਾਤਰ। ਅਲਿ-ਭੌਰਾ। ਕਮਲਾ-ਕਮਲ, ਕੌਲ ਫੁੱਲ। ਮੋਹਿ-ਮੈਥੋਂ। ਜਗਦੀਸੁਰ-ਹੇ ਜਗਤ ਦੇ ਈਸ਼ੁਰ! ਮੋਹਿ ਸਰਧਾ-ਮੇਰੀ ਸਰਧਾ, ਮੇਰੀ ਕਾਮਨਾ। ਪੂਰਿ-ਪੂਰੀ ਕਰ। ਗੁਸਾਈ-ਹੇ ਗੁਸਾਈ! ਹੇ ਧਰਤੀ ਦੇ ਖਸਮ! ਕੈ ਮਨਿ-ਦੇ ਮਨ ਵਿੱਚ। ਨਿਮਖ-ਅੱਖ ਝਮਕਣ ਜਿਤਨਾ ਸਮਾਂ। ਦਿਖਾਈ-ਵਿਖਾਲ।

### ਰਾਗੁ ਆਸਾਵਰੀ ਸੁਧੰਗ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰੁ | ਮ | ਮ | ਪਪ | - | ਮ | ਪ |
| | | | | | | | | ਮਾ | ਈ | ਮੋ | ਰੋ | ਪ੍ਰੀ | S | ਤ | ਮੁ |
| ਧੁ | ਧੁ | ਮ | ਪ | ਗੁਗੁ | ਗੁ | ਰੁ | ਸ | ਮਮ | ਪਪ | ਧੁ | ਪ | ਧੁ | ਨੁ | ਧੁ | ਪ |
| ਰਾ | ਮੁ | ਬ | ਤਾ | ਵਹੁ | ਰੀ | ਮਾ | ਈ | ਹਉ | ਹਰਿ | ਬਿ | ਨੁ | ਖਿ | ਨੁ | ਪ | ਲੁ |
| ਮ | ਪ | ਧੁ | ਪ | ਸੰ | ਨੁਨੁ | ਧੁ | ਪ | ਸੰ | - | ਰੁੰ | ਨੁ | ਧੁ | ਧੁ | ਪ | ਪ |
| ਰ | ਹਿ | ਨ | S | ਸ | ਕਉ | S | S | ਜੈ | S | ਸੇ | S | ਕ | ਰ | ਹ | ਲੁ |
| ਮ | ਪ | ਧੁ | ਪ | ਮਪ | ਧੁਪ | ਗੁ | ਰੁਸ | | | | | | | | |
| ਬੇ | S | ਲਿ | S | ਰੀS | ਝਾS | ਈ | SS | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮਮ | ਮ | ਪ | ਪ | ਧੁ | ਧੁ | ਨੁ | ਧੁ |
| | | | | | | | | ਹਮ | ਰਾ | ਮ | ਨੁ | ਬੈ | ਰਾ | ਗ | S |
| ਸੰ | ਸੰ | ਸੰ | ਸੰ | ਰੁੰ | ਰੁੰ | ਸੰ | - | ਸੰ | - | ਰੁੰ | ਨੁ | ਧੁ | ਧੁ | ਪ | ਪ |
| ਬਿ | ਰ | ਕ | ਤੁ | ਭ | ਇ | ਓ | S | ਹ | S | ਰਿ | S | ਦ | ਰ | ਸ | ਨ |
| ਮ | ਪ | ਧੁ | ਪ | ਮਪ | ਧੁਪ | ਮਗੁ | ਰੁਸ | | | | | | | | |
| ਮੀ | S | ਤ | ਕੈ | ਤਾS | SS | ਈS | SS | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਰੁ ਮਪ ਧੁ- ਮਪ ਧੁਪ ਮਪ ਮਗੁ ਰੁਸ
2) ਸਰੁ ਮਪ ਧੁਨੁ ਧੁਪ ਧੁ- ਮਪ ਗੁ- ਰੁਸ
3) ਸਰੁ ਮਪ ਧੁ- ਮਪ ਸੰਨੁ ਧੁਪ ਮਗੁ ਰੁਸ
4) ਸਰੁ ਮਪ ਧੁਨੁ ਧੁਪ ਮਪ ਧੁਪ ਮਗੁ ਰੁਸ
5) ਸਰੁ ਮਪ ਧੁਪ ਮਗੁ ਰੁਸ ਸਰੁ ਮਪ ਧੁਨੁ ਧੁਪ ਮਪ ਸੰਨੁ ਧੁਪ ਮਪ ਧੁਪ ਮਗੁ ਰੁਸ
6) ਸਰੁ ਮਪ ਮਗੁ ਰੁਸ ਮਪ ਧੁਪ ਮਗੁ ਰੁਸ ਮਪ ਧੁਧੁ ਸੰਰੁੰ ਨੁਧੁ ਸੰਨੁ ਧੁਪ ਮਗੁ ਰੁਸ
7) ਮਪ ਧੁਪ ਮਪ ਧੁਨੁ ਧੁਪ ਮਪ ਧੁਧੁ ਸੰਨੁ ਧੁਪ ਮਪ ਧੁਧੁ ਸੰਰੁੰ ਰੁੰਨੁ ਧੁਪ ਮਗੁ ਰੁਸ
8) ਮਪ ਧੁਪ ਮਗੁ ਰੁਸ ਮਪ ਧੁਧੁ ਸੰਨੁ ਧੁਪ ਮਪ ਧੁਧੁ ਸੰਰੁੰ ਗੁੰਰੁੰ ਸੰਨੁ ਧੁਪ ਮਗੁ ਰੁਸ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 12ਵੀਂ ਮਾਤਰ ਦਾ ਟੁਕੜਾ ਸੱਮ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 8ਵੀਂ ਮਾਤਰ ਦੇ ਪੂਰੇ ਇੱਕ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

(ਸਵਈਏ ਮਹਲੇ ਤੀਜੇ ਕੇ ੩) (੧੩੯੫)

**ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ॥ ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ॥ ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ॥ ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ॥ ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ॥ ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ॥੪॥੧੮॥**

## ਰਾਗੁ ਆਸਾਵਰੀ ਸੁਧੰਗ

ਪਦ ਅਰਥ:- ਚਿਤਿ-ਚਿੱਤ ਵਿਚ। ਚਿਤਵਉ-ਚਿਤਵਦਾ ਹਾਂ, ਵਿਚਾਰਦਾ ਹਾਂ। ਕਹਉ-ਆਖਦਾ ਹਾਂ, ਮੈਂ ਆਖਾਂ। ਸਰਬ ਚਿੰਤ-ਸਾਰੇ ਫ਼ਿਕਰ। ਤੁਝੁ ਪਾਸਿ-ਤੇਰੇ ਪਾਸ। ਹਉ-ਮੈਂ। ਤੇਰੈ ਹੁਕਮਿ-ਤੇਰੀ ਰਜ਼ਾ ਵਿਚ। ਨੀਸਾਣੁ-ਪ੍ਰਵਾਨਗੀ। ਪਵੈ-ਮਿਲੇ। ਤਉ-ਤਦੋਂ। ਸੁਭ ਦਿਸਟਿ-ਮਿਹਰ ਦੀ ਨਜ਼ਰ ਕਰ ਕੇ। ਨਾਮੁ ਮੇਵਾ-ਨਾਮ- ਰੂਪ ਫਲ। ਕਰਤਾ-ਕਰਤਾਰ ਦਾ। ਮੁਖਿ-ਮੂੰਹ ਵਿਚ। ਅਗਮ-ਹੇ ਅਗੰਮ ਹਰੀ-ਰੂਪ ਸਤਿਗੁਰੂ! ਫੁਰਮਾਵਹਿ-ਤੂੰ ਹੁਕਮ ਕਰਦਾ ਹੈਂ। ਕਾਰਨ ਕਰਣ-ਸ੍ਰਿਸ਼ਟੀ ਦਾ ਕਰਤਾ-ਰੂਪ ਗੁਰੂ ਅਮਰਦਾਸ ਜੀ।

### ਰਾਗੁ ਆਸਾਵਰੀ ਸੁਧੰਗ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | ਸ | ਰੁ | ਮ | ਪ |
| | | | | | | | | | | | | ਚਿ | S | ਤਿ | S |
| ਧੁ | ਧੁ | ਪਪ | - | ਧੁ | ਧੁ | ਮ | ਪ | ਮ | ਗੁਗੁ | ਰੁ | ਸ | ਧੁ | - | ਸ | ਰੁ |
| ਚਿ | ਤ | ਵਉ | S | ਅ | ਰ | ਦਾ | ਸਿ | ਕ | ਹਉ | S | S | ਪ | S | ਰੁ | S |
| ਮ | ਗੁ | ਰੁ | ਸ | ਮ | ਪ | ਧੁ | ਪ | ਮਪ | ਗੁ | ਰੁਰੁ | ਸ | | | | |
| ਕ | ਹਿ | S | S | ਭਿ | S | ਨ | S | ਸS | S | ਕਉ | S | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | ਮ | ਪ | ਧੁ | - |
| | | | | | | | | | | | | ਸ | ਰ | ਬ | S |
| ਸਂ | - | ਰੁਂ | ਸਂ | ਧੁ | - | ਸਂ | ਰੁਂ | ਨੁ | ਧੁ | ਪ | - | ਸਂ | ਸਂ | ਰੁਂ | ਸਂ |
| ਚਿੰ | S | ਤ | S | ਤੁ | S | ਝੁ | S | ਪਾ | S | ਸਿ | S | ਸਾ | S | ਧ | S |
| ਰੁਂ | ਨੁ | ਧੁ | ਪ | ਧੁਧੁ | ਮ | ਮ | ਪ | ਗੁ | ਰੁ | ਰੁਰੁ | ਸ | | | | |
| ਸੈਂ | S | ਗ | ਤਿ | ਹਉ | S | S | S | ਤ | S | ਕਉ | S | | | | |
| x | | | | 2 | | | | 0 | | | | 3 | | | |

ਤਾਨਾਂ :-

1) ਸਰੁ ਮਪ ਧੁਪ ਮਪ ਧੁਪ ਮਪ ਮਗੁ ਰੁਸ | 5ਵੀਂ ਮਾਤਰ ਤੋਂ
2) ਮਪ ਧੁਧੁ ਸੰਨੁ ਧੁਪ ਮਪ ਧੁਪ ਮਗੁ ਰੁਸ | ਤਾਨਾਂ ਲੈ ਕੇ
3) ਸਰੁ ਮਪ ਧੁਧੁ ਸੰਰੁੰ ਸੰਨੁ ਧੁਪ ਮਗੁ ਰੁਸ | ਮੁਖੜਾ ਲੈਣਾ ਹੈ।

4) ਸਰੁ ਮਪ ਰੁਮ ਪਧੁ ਮਪ ਧੁਧੁ ਸੰਰੁੰ ਸੰਸੰ ਰੁੰਗੁੰ ਰੁੰਸੰ ਰੁੰਨੁ ਧੁਪ
ਮਪ ਧੁਪ ਮਗੁ ਰੁਸ

5) ਮਪ ਧੁਪ ਮਪ ਧੁਨੁ ਧੁਪ ਮਪ ਧੁਧੁ ਸੰਰੁੰ ਸੰਸੰ ਰੁੰਨੁ ਧੁਪ ਮਪ
ਧੁਪ ਮਪ ਮਗੁ ਰੁਸ

6) ਮਪ ਧੁਪ ਮਗੁ ਰੁਸ ਮਪ ਧੁਧੁ ਸੰਨੁ ਧੁਪ ਮਪ ਧੁਧੁ ਸੰਰੁੰ ਸੰਨੁ
ਧੁਪ ਮਪ ਮਗੁ ਰੁਸ

**ਤਿਹਾਈਆਂ:-**

1) 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) 13ਵੀਂ ਤੋਂ 12ਵੀਂ ਮਾਤਰ ਦੇ ਪਹਿਲੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

3) 13ਵੀਂ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ 13ਵੀਂ ਮਾਤਰ ਤੋਂ ਦੋ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਲੈ ਕੇ ਸੱਮ ਤੇ ਆਉਣਾ ਹੈ।

## ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ ੧ੴ ਸਤਿਗੁਰ ਪ੍ਰਸਾਦਿ॥ (੩੬੯)

**ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ॥ ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ॥੧॥ ਰਹਾਉ ॥ ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ॥ ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ॥੧॥ ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ॥ ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ॥੨॥੧੪॥੬੬॥**

ਪਦ ਅਰਥ:-ਹਉ-ਮੈਂ। ਅਨਦਿਨੁ- ਹਰ ਰੋਜ਼। ਕਰਉ-ਮੈਂ ਕਰਦਾ ਹਾਂ। ਸਤਿਗੁਰਿ-ਸਤਿਗੁਰੂ ਨੇ। ਮੋ ਕਉ-ਮੈਨੂੰ। ਰਹਿ ਨ ਸਕਉ-ਮੈਂ ਰਹਿ ਨਹੀਂ ਸਕਦਾ। ਹਮਰੈ-ਮੇਰੇ ਪਾਸ। ਸ੍ਰਵਣੁ-ਸੁਣਨ। ਕਿਨਹੂੰ-ਕਿਸੇ ਨੇ। ਦੂਜਾ ਭਾਉ-ਪ੍ਰਭੂ ਤੋਂ ਬਿਨਾਂ ਕੋਈ ਹੋਰ ਪਿਆਰ। ਰਿਦ-ਹਿਰਦੇ ਵਿਚ। ਧਾਰਿ-ਧਾਰ ਕੇ। ਅਪਮਾਨ-ਅਭਮਾਨ, ਅਹੰਕਾਰ। ਨਿਰਬਾਣ ਪਦ-ਵਾਸ਼ਨਾ-ਰਹਿਤ ਅਵਸਥਾ।

ਰਾਗੁ ਆਸਾਵਰੀ ਸੁਧੰਗ

## ਰਾਗੁ ਆਸਾਵਰੀ ਸੁਧੰਗ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮਮ | ਪਪ | ਪਪ | ਧੁਧੁ | ਨੁਧੁ | ਪ | ਮਮ | ਪ | ਮ | ਗੁ | ਰੁਰੁ | ਸ |
| ਹਉ | ਅਨ | ਦਿਨੁ | ਹਰਿ | ਨਾS | ਮੁ | ਕੀਰ | ਤ | ਨੁ | ਕ | ਰਉ | S |
| ਧ਼ੁਧ਼ੁ | ਧ਼ੁ | ਸ | ਰੁ | - | ਸਸ | ਰੁਰੁ | ਮ | ਪ | ਧੁ | ਮਮ | ਪ |
| ਸਤਿ | ਗੁ | ਰਿ | ਮੋ | S | ਕਉ | ਹਰਿ | ਨਾ | ਮੁ | ਬ | ਤਾਇ | ਆ |
| ਸੰਸੰ | ਰੁੰਰੁੰ | ਨੁਨੁ | ਧੁਧੁ | ਧੁ | ਪ | ਮ | ਪ | ਪ | ਧੁਪ | ਮਗੁ | ਰੁਸ |
| ਹਉ | ਹਰਿ | ਬਿਨੁ | ਖਿਨੁ | ਪ | ਲੁ | ਰ | ਹਿ | ਨ | ਸS | ਕਉ | SS |
| x | | 0 | | 2 | | 0 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮਮ | ਪ | - | ਧੁਧੁ | ਧੁ | ਪਧੁ | ਸੰਸੰ | ਸੰਸੰ | ਰੁੰਰੁੰ | ਨੁਨੁ | ਧੁ | ਸੰ |
| ਹਮ | ਰੈ | S | ਸੂ | ਵ | ਣੁS | ਸਿਮ | ਰਨੁ | ਹਰਿ | ਕੀਰ | ਤ | ਨੁ |
| ਧੁਧੁ | ਧੁਧੁ | ਸੰਸੰ | ਰੁੰ | ਨੁ | ਧੁ | ਪਧੁ | ਪਪ | ਮਪ | ਮਗੁ | ਰੁ | ਸ |
| ਹਉ | ਹਰਿ | ਬਿਨੁ | ਰ | ਹਿ | ਨ | ਸS | ਕਉ | ਹਉ | ਇਕੁ | ਖਿ | ਨੁ |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਰੁ ਮਪ ਧੁਪ ਮਪ ਧੁਨੁ ਧੁਪ ਮਪ ਸੰਨੁ ਧੁਪ ਮਪ ਮਗੁ ਰੁਸ
2) ਮਪ ਧੁਪ ਮਪ ਧੁਨੁ ਧੁਪ ਮਪ ਸੰਨੁ ਧੁਪ ਮਪ ਧੁਪ ਮਗੁ ਰੁਸ
3) ਮਪ ਮਪ ਧੁਪ ਮਪ ਮਗੁ ਰੁਸ ਸੰਰੁੰ ਸੰਰੁੰ ਨੁਨੁ ਧੁਪ ਮਗੁ ਰੁਸ

**ਤਿਹਾਈਆਂ:-**

1) ਪਹਿਲੀ ਤੋਂ 6ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ 6ਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ -6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਸ਼ਬਦ- 'ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ' ਤੀਨਤਾਲ ਬੰਦਸ਼ ਵਾਲਾ ਹੈ।

## ਰਾਗੁ ਆਸਾਵਰੀ ਸੁਧੰਗ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਧੁਧੁ | ਮਮ | ਪਧੁ | ਸੰਸੰ | ਨੁਧੁ | ਪਪ | ਮਪ | ਗੁ | ਰੁ | ਸ |
| ਮਾਈ | ਮੋਰੋ | ਪ੍ਰੀ | ਤਮੁ | ਰਾਮੁ | ਬਤਾ | ਵਹੁ | ਰੀ | ਮਾ | ਈ |
| ਨੁਧੁ | ਸਸ | ਰੁਰੁ | ਗੁਰੁ | ਸਸ | ਮ | ਪ | ਧੁ | ਮ | ਪਪ |
| ਹਉ | ਹਰਿ | ਬਿਨੁ | ਖਿਨੁ | ਪਲੁ | ਰ | ਹਿ | ਨ | ਸ | ਕਉ |
| ਸੰ | ਰੰਨੁ | ਧੁਧੁ | ਧੁ | ਪ | ਧੁ | ਮਪ | ਗੁ | ਰੁ | ਸ |
| ਜੈ | ਸੇS | ਕਰ | ਹ | ਲੁ | ਥੇ | ਲਿS | ਰੀ | ਝਾ | ਈ |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਮਮ | ਪ | ਧੁਧੁ | ਨੁਧੁ | ਪਧੁ | ਸੰਸੰ | ਸੰਸੰ | ਰੁੰ | ਰੁੰ | ਸੰ |
| ਹਮ | ਰਾ | ਮਨੁ | ਬੈS | ਰਾਗ | ਬਿਰ | ਕਤੁ | ਭ | ਇ | ਓ |
| ਸੰਰੁੰ | ਗੁੰ | ਰੁੰਨੁ | ਧੁ | ਪ | ਮਪ | ਧੁਪ | ਮਗੁ | ਰੁ | ਸ |
| ਹS | ਰਿ | ਦਰ | ਸ | ਨ | ਮੀS | ਤS | ਕੈS | ਤਾ | ਈ |
| x | | 2 | | | 0 | | 3 | | |

**ਤਾਨਾਂ:**

1) ਸਰੁਮਪ ਧੁਪਮਪ ਮਗੁਰੁਸ ਸਰੁਮਪ ਧੁਨੁਧੁਪ ਮਗੁਰੁਸ ਸਰੁਮਪ ਧੁਪਸੰਨੁ ਧੁਪਮਪ ਮਗੁਰੁਸ
2) ਮਪਮਪ ਧੁਪਮਪ ਧੁਨੁਧੁਪ ਮਗੁਰੁਸ ਮਪਮਪ ਧੁਪਮਪ ਸੰਨੁਧੁਪ ਮਪਮਪ ਧੁਪਮਪ ਮਗੁਰੁਸ
3) ਸਰੁਮਮ ਰੁਮਪਪ ਧੁਪਮਗੁ ਰੁਸਸਰੁ ਮਮਰੁਮ ਪਪਧੁਨੁ ਧੁਪਮਪ ਧੁਧੁਸੰਨੁ ਧੁਪਮਪ ਮਗੁਰੁਸ
4) ਸਰੁਮਪ ਧੁਪਮਗੁ ਰੁਸਸਰੁ ਮਪਧੁਨੁ ਧੁਪਮਗੁ ਰੁਸਸਰੁ ਮਪਧੁਧੁ ਸੰਰੁੰਸੰਨੁ ਧੁਪਮਪ ਮਗੁਰੁਸ
5) ਪਧੁਪਧੁ ਮਪਧੁਪ ਮਗੁਰੁਸ ਸਰੁਮਪ ਧੁਨੁਧੁਪ ਪਧੁਪਧੁ ਸੰਰੁੰਸੰਸੰ ਰੁੰਨੁਧੁਪ ਮਪਧੁਪ ਮਗੁਰੁਸ

## ਰਾਗੁ ਆਸਾਵਰੀ ਸੁਧੰਗ

**ਤਿਹਾਈਆਂ:-**

1) ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ ਇਕ ਮਾਤਰ ਬਿਸ਼ਰਾਮ ਫਿਰ ਤੀਜੀ-ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### (ਸਲੋਕ ਮਹਲਾ ੪) ਸਲੋਕ ਵਾਰਾਂ ਤੇ ਵਧੀਕ (੧੪੨੨)

**ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ॥ ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ॥੧੩॥**

ਪਦ ਅਰਥ:-ਕਰਮੁ-ਮਿਹਰ, ਬਖਸ਼ਸ਼। ਮੈ ਜਾਚਿਕ-ਮੈਨੂੰ ਮੰਗਤੇ ਨੂੰ। ਦੀਜੈ-ਦੇਹ।

### ਰਾਗੁ ਆਸਾਵਰੀ ਸੁਧੰਗ ਏਕ ਤਾਲ ਮਾਤਰਾਂ-12 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਮਗੁਰੁਸ | ਸਰੁਮਪ |
| | | | | | | | | | | ਜਿSਨS | ਕਉSS |
| ਧੁਧੁ | ਪ-ਮਪ | ਧੁਮ-ਪ | ਧੁਨੁ | ਧੁਪ | ਮਪ | ਸੰਨੁਧੁਪ | ਮਪਗੁ- | ਰੁਸ | ਧੁਸ | | |
| ਪ੍ਰੇ | ਮSSS | ਪਿਆSS | ਰੁS | ਤਉ | ਆਪੇ | ਲਾਇਆS | ਕਰਮੁS | ਕS | ਰਿS | | |
| x | | 0 | | 2 | | 0 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਮਪ | ਧੁ-ਪਧੁ |
| | | | | | | | | | | ਨਾS | ਨSਕS |
| ਸੰ | ਰੁੰਸੰ | ਰੁੰਰੁੰ | ਸੰ-ਰੁੰਨੁ | ਧੁਪ | ਧੁਨੁਧੁਪ | ਧੁ-ਮਪ | ਸੰਨੁਧੁਪ | ਮਪਗੁ- | ਰੁਸ | | |
| ਲੇ | ਹੁS | ਮਿਲਾ | ਇSSS | ਮੈS | ਜਾSਚਿਕ | ਦੀSਜੈS | ਨਾSਮੁS | ਹSSS | ਰਿS | | |
| x | | 0 | | 2 | | 0 | | 3 | | 4 | |

**ਅਲਾਪ:-**

1) ਸ- ਰੁਨੁਧੁਪ ਧੁਸ ਰੁ-ਮਪ ਧੁਪ ਧੁ-ਮਪ ਮਗੁ ਰੁਸ
2) ਸ- ਰੁ-ਗੁਰੁ ਮਪ ਧੁਪ ਮਪਧੁ- ਸੰਨੁਧੁਪ ਮਪਗੁ- ਰੁਸ

**ਤਾਨਾਂ:-**

1) ਸਰੁਸਰੁਮਪਧੁਪ ਮਗੁਰੁਸਸਰੁਸਰੁ ਮਪਧੁਪਧੁਨੁਧੁਪ ਮਗੁਰੁਸਸਰੁਸਰੁ
ਮਪਧੁਪਧੁਧੁਸੰਸੰ ਰੁੰਰੁੰਸੰਸੰਰੁੰਨੁਧੁਪ ਮਪਧੁਪਮਗੁਰੁਸ

2) ਮਪਧੁਮਪਧੁਮਪ ਧੁਪਮਪਮਗੁਰੁਸ ਪਧੁਨੁਪਧੁਨੁਪਧੁ ਨੁਨੁਧੁਪਮਪਧੁਪ
ਮਗੁਰੁਸਪਧੁਸੰਪ ਧੁਸੰਪਧੁਸੰਸੰਰੁੰਸੰ ਰੁੰਨੁਧੁਪਧੁਨੁਧੁਪ ਮਪਧੁਪਮਗੁਰੁਸ

3) ਸਰੁਸਰੁਮਪਮਪ ਧੁਪਮਪਮਪਮਪ ਧੁਪਮਪਸੰਨੁਧੁਪ ਪਧੁਪਧੁਸੰਸੰਰੁੰਸੰ
ਰੁੰਨੁਧੁਪਮਪਮਪ ਧੁਪਮਪਮਗੁਰੁਸ

5) ਸਰੁਮਪਧੁਪਮਗੁ ਰੁਸਸਰੁਮਪਧੁਨੁ ਧੁਪਮਗੁਰੁਸਸਰੁ ਮਪਧੁਧੁਸੰਨੁਧੁਪ
ਸੰਰੁੰਗੁੰਰੁੰਸੰਨੁਧੁਪ ਮਪਧੁਪਮਗੁਰੁਸ

6) ਪਧੁਮਪਧੁਪਮਪ ਮਗੁਰੁਸਪਧੁਮਪ ਧੁਪਮਪਧੁਨੁਧੁਪ ਮਪਮਗੁਰੁਸਪਧੁ
ਮਪਧੁਪਮਪਸੰਨੁ ਧੁਪਮਪਮਗੁਰੁਸ

7) ਧੁਧੁਪਧੁਧੁਪਧੁਧੁ ਪਧੁਮਪਧੁਨੁਧੁਪ ਸੰਰੁੰਸੰਨੁਧੁਪਸੰਰੁੰ ਸੰਰੁੰਸੰਨੁਧੁਪਮਪ
ਧੁਧੁਪਧੁਧੁਪਧੁਧੁ ਪਧੁਮਪਮਗੁਰੁਸ

**ਤਿਹਾਈਆਂ:-**

1) 11ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 12ਵੀਂ ਮਾਤਰ ਲੈ ਕੇ ਸੱਮ ਤੇ ਆਉਣਾ ਹੈ।
2) 11ਵੀਂ-12ਵੀਂ ਮਾਤਰ ਦੇ ਟੁਕੜੇ ਨੂੰ 10ਵੀਂ ਮਾਤਰ ਤੋਂ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

ਸ਼ਬਦ 'ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ' ਤੀਨਤਾਲ ਬੰਦਸ਼ ਵਾਲਾ ਹੈ।

## ਰਾਗੁ ਆਸਾਵਰੀ ਸੁਧੰਗ ਪੜਤਾਲ

**ਹਰ ਅੰਤਰੇ ਤੋਂ ਬਾਅਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਵਾਪਸ ਆਉਣਾ ਹੈ।**

### ਅਸਥਾਈ ਜੋਤ ਤਾਲ ਮਾਤਰਾਂ-8½ ਵਿਲੰਭਿਤ ਲੈਅ

| 1 | 2 | 3 | 4 | 5 | 6 | 7 | 8 | 8½ |
|---|---|---|---|---|---|---|---|---|
| ਮਮ | ਪਸੰ | ਨੁਧੁ | ਮਮ | -ਪ | ਮਮ | ਪਪ | ਗੁਰੁ | ਸ |
| ਮਾਈ | ਮੋਰੋ | ਪ੍ਰੀਤ | ਮੁਰਾ | Sਮੁ | ਬਤਾ | ਵਹੁ | ਰੀਮਾ | ਈ |
| ਸਸਰੁਰੁ | ਮਪ | ਧੁ | ਮਪ | -ਪ | ਮਮ | ਪਸੰ | ਨੁਧੁ | ਪ |
| ਹਉਹਰਿ | ਬਿਨੁ | ਖਿ | ਨੁਪ | Sਲੁ | ਰਹਿ | ਨਸ | ਕਉ | S |
| ਸੰ | ਰੁੰਨੁ | ਧੁ- | ਮਪ | -ਪ | ਮ | ਪਧੁਮਪ | ਗੁਰੁ | ਸ |
| ਜੈ | ਸੇS | ਕS | ਰਹ | Sਲੁ | ਬੇ | ਲਿSSS | ਰੀਝਾ | ਈ |
| x | | 2 | | | 3 | | | |

## ਰਾਗੁ ਆਸਾਵਰੀ ਸੁਧੰਗ

### ਅੰਤਰਾ

| | | | | | | | | |
|---|---|---|---|---|---|---|---|---|
| ਮਮ | ਪ | ਧੁਧੁ | ਨੁਧੁ | ਪਧੁ | ਸੰਸੰ | ਸੰਸੰ | ਰੁੰਰੁੰ | ਸੰ |
| ਹਮ | ਰਾ | ਮਨੁ | ਬੈਰਾ | Sਗ | ਬਿਰ | ਕਤੁ | ਭਇ | ਓ |
| ਧੁ | ਸੰ | ਰੁੰਰੁੰ | ਗੁੰਰੁੰ | ਸੰ | ਸੰ | ਸੰਰੁੰ | ਨੁਧੁ | ਪ |
| ਹ | ਰਿ | ਦਰ | ਸS | ਨ | ਮੀ | ਤS | ਕੈਤਾ | ਈ |
| ਮਮ | ਪਪ | ਧੁਧੁ | ਨੁਨੁ | -ਧੁ | ਸੰਸੰ | ਸੰ | ਰੁੰ- | ਸੰ |
| ਜੈਸੇ | ਅਲਿ | ਕਮ | ਲਾਬਿ | Sਨੁ | ਰਹਿ | ਨ | ਸS | ਕੇ |
| ਸੰਸੰ | ਰੁੰਨੁ | ਧੁ | ਮਪ | -ਪ | ਮਮ | ਮਪ | ਗੁਰੁ | ਸ |
| ਤੈਸੇ | ਮੋਹਿ | ਹ | ਰਿਬਿ | Sਨੁ | ਰਹ | ਨੁਨ | ਜਾS | ਈ |
| x | | 2 | | | 0 | | 3 | |

### ਦੂਜਾ ਅੰਤਰਾ ਜੈ ਤਾਲ ਮਾਤਰਾਂ-13 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਮ | ਪ | ਧੁ | ਧੁ | ਧੁ | ਸੰ | ਸੰ | ਸੰ | ਸੰਸੰ | ਰੁੰ | ਰੁੰ | ਸੰ | - |
| ਰਾ | ਖੁ | ਸ | ਰ | ਣਿ | ਜ | ਗ | ਦੀ | ਸੁਰ | ਪਿ | ਆ | ਰੇ | S |
| ਸੰ | ਸੰ | ਰੁੰ | ਰੁੰ | ਗੁੰਰੁੰ | ਸੰ | - | ਸੰ | ਰੁੰ | ਨੁਨੁ | ਧੁ | ਪ | ਪ |
| ਮੋ | ਹਿ | ਸ | ਰ | ਧਾS | ਪੂ | S | ਰਿ | S | ਹਰਿ | ਗੁ | ਸਾ | ਈ |
| ਮ | ਪ | ਧੁ | ਧੁ | ਧੁ | ਸੰ | ਸੰਸੰ | ਸੰਸੰ | ਸੰ | ਰੁੰ | ਰੁੰ | ਸੰ | - |
| ਜ | ਨ | ਨਾ | ਨ | ਕ | ਕੈ | ਮਨਿ | ਅਨ | ਦੁ | ਹੋ | ਤ | ਹੈ | S |
| ਸੰ | ਸੰ | ਰੁੰਰੁੰ | ਨੁ | ਧੁ | ਮ | ਪ | ਧੁ | ਪ | ਮ | ਗੁ | ਰੁ | ਸ |
| ਹ | ਰਿ | ਦਰ | ਸ | ਨੁ | ਨਿ | ਮ | ਖ | S | ਦਿ | ਖਾ | ਈ | S |
| x | | | | | 2 | | | | 3 | | 4 | |

**ਤਾਨਾਂ ਅਸਥਾਈ ਦੀਆਂ:-**

1) ਸਰੁਗੁਰੁ ਸਰੁਮਪ ਧੁਪਮਗੁ ਰੁਸਸਰੁ ਮਪਧੁਧੁ ਸੰਸੰਰੁੰਸੰ ਰੁੰਨੁਧੁਪ ਮਪਮਗੁ ਰੁਸ
2) ਮਪਮਪ ਧੁਪਮਗੁ ਰੁਸਮਪ ਮਪਧੁਪ ਮਪਧੁਨੁ ਧੁਪਮਪ ਧੁਧੁਸੰਨੁ ਧੁਪਮਗੁ ਰੁਸ
3) ਮਪਧੁਪ ਮਪਧੁਨੁ ਧੁਪਮਪ ਧੁਧੁਸੰਨੁ ਧੁਪਮਪ ਧੁਧੁਸੰਰੁੰ ਗੁੰਰੁੰਸੰਨੁ ਧੁਪਮਗੁ ਰੁਸ

ਤਿਹਾਈਆਂ:-

1) ਪਹਿਲੀ ਤੋਂ 5ਵੀਂ ਮਾਤਰ ਬਰਾਬਰ ਲੈ ਕੇ ਅੱਧੀ ਮਾਤਰ ਦਾ ਬਿਸਰਾਮ ਦੇ ਕੇ ਮਪ ਇਕ ਮਾਤਰ ਤੇ 'ਮਾਈ' ਦਾ ਤਿੰਨ ਵਾਰ ਉਚਾਰਨ ਲੈ ਕੇ ਸੱਮ ਤੇ ਆਉਣਾ ਹੈ।

2) ਤੀਜੀ ਮਾਤਰ ਤੇ 'ਪ੍ਰੀਤਮ' ਤੇ ਚੌਥੀ ਤੇ 'ਰਾਮ' ਦਾ ਉਚਾਰਨ ਕਰਕੇ ਫਿਰ ਮਮ ਪ ਇਸ 1½ ਮਾਤਰ ਤੇ 'ਬਤਾ ਵਹੁ' ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।

3) 6ਵੀਂ ਮਾਤਰ ਤੋਂ 8½ ਮਾਤਰਾਂ ਤਕ ਦੇ 3½ ਮਾਤਰਾਂ ਦੇ ਟੁਕੜੇ ਨੂੰ ਆਖਰੀ ਅੱਧੀ ਮਾਤਰ ਨੂੰ ਪੂਰੀ ਮਾਤਰ ਕਰ ਕੇ 4 ਮਾਤਰਾਂ ਵਿਚ (3½ +8½ =12 ਮਾਤਰਾਂ ਨੂੰ) ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## (ਤ੍ਵ ਪ੍ਰਸਾਦਿ॥ ਕਬਿੱਤ॥) ਅਕਾਲ ਉਸਤਤ ਪਾਤਸਾਹੀ ੧੦

**ਪੂਰਬੀ ਨ ਪਾਰ ਪਾਵੈਂ ਹਿੰਗਲਾ ਹਿਮਾਲੈ ਧਿਆਵੈਂ ਗੋਰ ਗੁਰਦੇਜੀ ਗੁਨ ਗਾਵੈਂ ਤੇਰੇ ਨਾਮ ਹੈਂ॥ ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਬ ਬਾਧੈ ਆਰਬ ਕੇ ਆਰਬੀ ਅਰਾਧੈਂ ਤੇਰੇ ਨਾਮ ਹੈਂ। ਫਰਾ ਕੇ ਫਿਰੰਗੀ ਮਾਨੈਂ ਕੰਧਾਰੀ ਕੁਰੇਸੀ ਜਾਨੈਂ ਪੱਛਮ ਕੇ ਪੱਛਮੀ ਪਛਾਨੈਂ ਨਿਜ ਕਾਮ ਹੈਂ॥ ਮਰਹਟਾ ਮਘੇਲੇ ਤੇਰੀ ਮਨ ਸੋਂ ਤਪਸਿਆ ਕਰੈ ਦ੍ਰਿੜਵੈ ਤਿਲੰਗੀ ਪਹਚਾਨੈ ਧਰਮ ਧਾਮ ਹੈਂ॥੨॥੨੫੪॥**

ਪਦ ਅਰਥ:- ਹਿੰਗਲਾ- ਸਿੰਧ ਤੇ ਬਲੋਚਸਤਾਨ ਦੇ ਦਰਮਿਆਨ ਦਾ ਇਲਾਕਾ ਜਿਥੇ ਹਿੰਗਲਾਜਾ ਦੇਵੀ ਦਾ ਮੰਦਰ ਹੈ। ਗੋਰ-ਦੇਸ਼ ਦਾ ਨਾਮ। ਗੁਰਦੇਜੀ-ਦੇਸ਼ ਦਾ ਨਾਂ। ਪਉਨ ਸਾਧਨਾ-ਸਾਧਨ ਕਰਕੇ ਸੁਆਸਾਂ ਨੂੰ ਰੋਕਦੇ ਹਨ। ਆਰਬ-ਅਰਬ ਦੇਸ਼। ਫਰਾ-ਫਰਾਂਸ। ਫਿਰੰਗੀ-ਅੰਗ੍ਰੇਜ਼। ਕੁਰੇਸੀ-ਕੁਰੈਸ਼ੀ, ਕੁਰੈਸ਼ ਵੰਸ਼ੀ। ਮਘੇਲੇ-ਰਾਜਪੂਤਾਂ ਦੀ ਇਕ ਜਾਤੀ। ਦ੍ਰਿੜਵੈ-ਪੱਕੇ। ਤਿਲੰਗੀ-ਤਿਲੰਗਾਨਾ, ਜਿਸ ਨੂੰ ਅਜ ਤਾਮਲਨਾਡੂ ਕਹਿੰਦੇ ਹਨ, ਦਾ ਵਾਸੀ।

### ਰਾਗੁ ਆਸਾਵਰੀ ਸੁਧੰਗ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਮਪ | ਧੁ | ਧੁ | ਮ | ਪ | ਧੁ | ਪ | ਮ | ਪ | ਧੁ | ਸੰ | ਸੰ | ਰੁੰ | ਸੰ |
| ਪੂਰ | ਬੀ | ਨ | ਪਾ | ਰ | ਪਾ | ਵੈਂ | ਜੋ | ਗੀ | S | ਜੋ | ਗ | ਸਾ | ਧੈ |
| ਧੁਧੁ | ਮ | ਪ | ਗੁ | ਗੁ | ਰੁਰੁ | ਸ | ਰੁੰਰੁੰ | ਰੁੰਰੁੰ | ਰੁੰ | ਸੰਸੰ | ਰੰਨੁ | ਧੁ | ਪ |
| ਹਿੰਗ | ਲਾ | ਹਿ | ਮਾ | ਲੈ | ਧਿਆ | ਵੈਂ | ਪਉਨ | ਸਾਧ | ਨਾ | ਕਿਤੇ | ਬS | ਬਾ | ਧੈ |
| ਮ | ਪ | ਧੁਧੁ | ਸੰ | ਨੁ | ਧੁ | ਪ | ਮ | ਪਪ | ਧੁ | ਸੰ | ਨੁ | ਧੁ | ਪ |
| ਗੋ | ਰ | ਗੁਰ | ਦੇ | ਜੀ | ਗੁ | ਨ | ਆ | ਰਬ | ਕੇ | ਆ | ਰ | ਬੀ | S |
| ਮ | ਪ | ਪਪ | ਗੁ | ਗੁ | ਰੁ | ਸ | ਧੁ | ਮਮ | ਪਪ | ਗੁ | ਗੁ | ਰੁ | ਸ |
| ਗਾ | ਵੈਂ | ਤੇਰੇ | ਨਾ | ਮ | ਹੈਂ | S | ਆ | ਰਾਧੈਂ | ਤੇਰੇ | ਨਾ | ਮ | ਹੈਂ | S |
| x | | | 2 | | 3 | | x | | | 2 | | 3 | |

# ੧੪-ਰਾਗੁ ਆਸਾ ਆਸਾਵਰੀ

ਰਾਗੁ ਆਸਾ ਆਸਾਵਰੀ ਰਾਗ ਦੇ ਨਾਮ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦਾ ਸਰੂਪ ਰਾਗ ਆਸਾ ਤੇ ਆਸਾਵਰੀ ਦੇ ਮਿਸ਼ਰਨ ਤੋਂ ਬਣਿਆਂ ਹੈ। ਰਾਗੁ ਆਸਾ ਗੁਰਮਤਿ ਸੰਗੀਤ ਦੇ ਬਹੁਤ ਹੀ ਪ੍ਰਸਿੱਧ ਰਾਗਾਂ ਦੀ ਗਨਣਾ ਵਿਚ ਆਉਂਦਾ ਹੈ ਤੇ ਇਸ ਰਾਗ ਦਾ ਵਿਵਰਣ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਵਿਚ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਰਾਗ ਆਸਾਵਰੀ ਵਿੱਚ ਵੀ ਬਾਣੀ ਦੀ ਰਚਨਾ ਹੈ ਤੇ ਭਾਰਤੀ ਸੰਗੀਤ ਵਿਚ ਆਸਾਵਰੀ ਦਸ ਥਾਟਾਂ ਵਿੱਚੋਂ ਇਕ ਥਾਟ ਹੈ ਤੇ ਆਸਾਵਰੀ ਰਾਗ ਇਸ ਥਾਟ ਦਾ ਆਸ਼੍ਰਿਯ ਰਾਗ ਹੈ। ਰਾਗ ਆਸਾਵਰੀ ਦਾ ਵਿਵਰਨ ਇਸ ਰਾਗ ਤੋਂ ਬਾਅਦ ਦਿੱਤਾ ਜਾ ਰਿਹਾ ਹੈ। ਰਾਗ ਆਸਾ ਆਸਾਵਰੀ ਦਾ ਕੋਈ ਵਖਰਾ ਮਿਸ਼ਰਤ ਰੂਪ ਸੰਗੀਤ ਗ੍ਰੰਥਾਂ ਵਿੱਚ ਨਹੀਂ ਮਿਲਦਾ ਨਾ ਹੀ ਕਿਸੇ ਗੁਰਮਤਿ ਸੰਗੀਤ ਦੇ ਗ੍ਰੰਥ ਵਿਚ ਇਸ ਦਾ ਵਰਨਣ ਉਪਲਬੱਧ ਹੈ। ਸੰਗੀਤ ਮਹਿਫਲਾਂ ਜਾਂ ਕੀਰਤਨ ਸਮਾਗਮਾਂ ਵਿਚ ਵੀ ਇਸ ਰਾਗ ਦੇ ਗਾਇਨ ਬਾਰੇ ਜ਼ਿਕਰ ਸੁਣਨ ਵਿੱਚ ਨਹੀਂ ਆਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਮੁਖ ਰਾਗ ਦੇ ਅੰਤਰਗਤ ਪੰਨਾ ੪੦੯ ਤੇ ਰਾਗੁ ਆਸਾ ਆਸਾਵਰੀ ਦੇ ਸੱਤ ਸ਼ਬਦਾਂ ਦੀ ਰਚਨਾ ਨੂੰ ਗੁਰਮਤਿ ਸੰਗੀਤ ਦੇ ਤਕਰੀਬਨ ਸਾਰੇ ਹੀ ਗਾਇਕਾਂ ਤੇ ਗ੍ਰੰਥਕਾਰਾਂ ਨੇ ਰਾਗ ਆਸਾਵਰੀ ਲਈ ਹੀ ਮੰਨਿਆਂ ਹੈ। ਡਾਕਟਰ ਸਾਹਿਬ ਸਿੰਘ ਡੀ.ਲਿਟ. ਟੀਕਾਕਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਪੋਥੀ ਤੀਜੀ ਪੰਨਾ ੩੩੧ ਤੇ ਇਹਨਾਂ ਸ਼ਬਦਾਂ ਬਾਰੇ ਇੱਕ ਨੋਟ ਲਿਖਦੇ ਹਨ, 'ਇਹ ਸ਼ਬਦ ਆਸਾ ਤੇ ਆਸਾਵਰੀ ਦੋਹਾਂ ਮਿਲਵੇਂ ਰਾਗਾਂ ਵਿੱਚ ਗਾਏ ਜਾਣੇ ਹਨ'। ਗੁਰੂ ਕਿਰਪਾ ਕੀਤੀ ਇਹ ਮੱਤ ਬਖਸ਼ੀ ਕਿ ਇਹਨਾਂ ਸ਼ਬਦਾਂ ਦਾ ਰਾਗੁ ਆਸਾਵਰੀ ਨਹੀਂ ਸਗੋਂ ਰਾਗੁ ਆਸਾ ਆਸਾਵਰੀ ਵਿਚ ਗਾਇਣ ਕਰਨ ਦੀ ਸੋਝੀ ਅੰਦਰ ਬੈਠ ਗਈ ਤੇ ਇਸ ਰਾਗ ਵਿੱਚ ਹੀ ਸ਼ਬਦ ਗਾਇਨ ਆਰੰਭ ਕਰ ਦਿੱਤਾ। ਇਸ ਰਾਗ ਵਿੱਚ 'ਓਇ ਪਰਦੇਸੀਆ ਹਾਂ' ਸ਼ਬਦ ਦਾ ਗਾਇਨ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਹਾਜ਼ਰੀਆਂ ਭਰਨ ਸਮੇਂ ਵੀ ਹੋਇਆ। ਇਸ ਰਾਗ ਦੇ ਸਰੂਪ ਲਈ ਆਰੋਹ ਵਿੱਚ ਰਾਗੁ ਆਸਾ ਦਾ ਤੇ ਅਵਰੋਹ ਵਿਚ ਰਾਗ ਆਸਾਵਰੀ ਨੂੰ ਜੋੜ ਕੇ ਰਾਗੁ ਆਸਾ ਆਸਾਵਰੀ ਦਾ ਸਰੂਪ ਇਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗੁ ਆਸਾ ਨੂੰ ਚੌਥਾ ਸਥਾਨ ਪ੍ਰਾਪਤ ਹੈ। ਇਸ ਮੁੱਖ ਰਾਗ ਵਿੱਚ ਮਿਸ਼ਰਤ ਰਾਗਾਂ ਦੀ ਲੜੀ ਵਿੱਚ ਪਹਿਲਾ ਰਾਗੁ ਆਸਾ ਕਾਫੀ ਹੈ ਫਿਰ ਆਸਾਵਰੀ ਸੁਧੰਗ ਵਿੱਚ ਬਾਣੀ ਦੀ ਰਚਨਾ ਹੈ ਤੇ ਮਿਸ਼ਰਤ ਰਾਗਾਂ ਦੀ ਲੜੀ ਵਿੱਚ ਦੂਜਾ ਰਾਗੁ ਆਸਾ ਆਸਾਵਰੀ ਵਿੱਚ ਬਾਣੀ ਰਚਿਤ ਹੈ। ਸ਼ਬਦ ਤਰਤੀਬ ਵਿੱਚ ਰਾਗੁ

ਆਸਾ ਮਹਲਾ ੫ ਘਰੁ ੧੭ ਆਸਾਵਰੀ ਪੰਨਾ ੪੦੯ ਤੋਂ ੪੧੧ ਸ਼ਬਦ ਅੰਕ ॥੨॥੧॥ ੧੫੭॥ ਤੋਂ ॥੨॥੭॥੧੬੩॥੩੩੨॥ ੭ ਸ਼ਬਦਾਂ ਦੀ ਰਚਨਾ ਹੈ।

**ਪਰੀਚੈ:-**

ਰਾਗੁ - ਆਸਾ ਆਸਾਵਰੀ | ਥਾਟ - ਉਪਥਾਟ-ਬਿਲਾਵਲ ਆਸਾਵਰੀ

ਸਵਰ - ਗੰਧਾਰ, ਨਿਸ਼ਾਦ ਕੋਮਲ, ਦੋਵੇਂ ਧੈਵਤ ਹੋਰ ਸਭ ਸ਼ੁਧ

ਵਰਜਿਤ ਸਵਰ - ਗੰਧਾਰ ਤੇ ਨਿਸ਼ਾਦ ਆਰੋਹ ਵਿੱਚ

ਜਾਤੀ - ਔੜਵ-ਸੰਪੂਰਨ | ਵਾਦੀ - ਪੰਚਮ

ਸੰਵਾਦੀ - ਸ਼ੜਜ | ਸਮਾਂ -ਦਿਨ ਦਾ ਦੂਜਾ ਪਹਿਰ

ਆਰੋਹ - ਸ ਰ ਮ ਪ, ਧ ਸੰ | ਅਵਰੋਹ - ਸੰ ਨੁ ਧੁ ਪ ਮਪ ਗੁ ਰ ਸ

ਮੁੱਖ ਅੰਗ - ਰ ਮ, ਪ ਧ - ਪ, ਧੁ ਪ, ਮ ਪ ਗੁ ਰ ਸ।

**ਸਵਰ ਵਿਸਥਾਰ:-**

1) ਸ, ਧ਼ ਸ, ਪ਼ ਧ਼ ਸ, ਰ ਮ, ਸ ਰ ਮ, ਪ ਧ - ਪ, ਪ ਧੁ - ਮ ਪ, ਧੁ ਪ ਮ ਪ, ਰ ਮ ਪ, ਮ ਪ ਗੁ ਰ ਸ, ਨੁ਼ ਧੁ਼ ਪ਼, ਮ਼ ਪ਼ ਧ਼ ਸ, ਗੁ ਰ ਸ।

2) ਸ, ਰ ਮ, ਪ ਮ ਪ ਧ ਪ, ਧੁ ਪ ਮ ਪ, ਗੁ ਰ, ਮ ਪ ਧ ਸੰ, ਪ ਧ ਸੰ, ਨੁ ਧੁ ਪ, ਸੰ ਰੰ ਨੁ ਧੁ ਪ, ਧੁ ਨੁ ਧੁ ਪ, ਮ ਪ ਧ ਸੰ, ਸੰ ਰੰ ਸੰ, ਰੰ ਨੁ ਧੁ ਪ, ਧੁ ਮ ਪ, ਪ ਧੁ ਮ ਪ, ਮ ਪ ਗੁ ਰ ਸ।

3) ਮ ਪ ਧ ਸੰ, ਸੰ ਰੰ ਸੰ, ਸੰ ਰੰ ਮੰ, ਪੰ ਮੰ ਪੰ, ਗੁੰ ਰੰ ਸੰ, ਪ ਧ ਸੰ ਰੰ ਸੰ, ਸੰ ਰੰ ਨੁ ਧੁ ਪ, ਧੁ ਪ ਮ ਪ, ਧੁ ਨੁ ਧੁ ਮ ਪ, ਧੁ ਨੁ ਧੁ ਪ, ਮ ਪ ਧ ਸੰ ਰੰ ਸੰ, ਸੰ ਰੰ ਨੁ ਧੁ ਪ, ਮ ਪ ਧੁ ਪ ਗੁ ਰ ਸ।

**ਰਾਗੁ ਆਸਾ ਮਹਲਾ ੫ ਘਰੁ ੧੭ ਆਸਾਵਰੀ ੧ੴ ਸਤਿਗੁਰ ਪ੍ਰਸਾਦਿ॥** (੪੦੯)
**ਗੋਬਿੰਦ ਗੋਬਿੰਦ ਕਰਿ ਹਾਂ॥ ਹਰਿ ਹਰਿ ਮਨਿ ਪਿਆਰਿ ਹਾਂ॥ ਗੁਰਿ ਕਹਿਆ ਸੁ ਚਿਤਿ ਧਰਿ ਹਾਂ॥ ਅਨ ਸਿਉ ਤੋਰਿ ਫੇਰਿ ਹਾਂ॥ ਐਸੇ ਲਾਲਨੁ ਪਾਇਓ ਰੀ ਸਖੀ॥੧॥ ਰਹਾਉ॥ ਪੰਕਜ ਮੋਹ ਸਰਿ ਹਾਂ॥ ਪਗੁ ਨਹੀ ਚਲੈ ਹਰਿ ਹਾਂ॥ ਗਹਡਿਓ ਮੂੜ ਨਰਿ ਹਾਂ॥ ਅਨਿਨ ਉਪਾਵ ਕਰਿ ਹਾਂ॥ ਤਉ ਨਿਕਸੈ ਸਰਨਿ ਪੈ ਰੀ ਸਖੀ॥੧॥ ਥਿਰ ਥਿਰ ਚਿਤ ਥਿਰ ਹਾਂ॥ ਬਨੁ ਗ੍ਰਿਹੁ ਸਮਸਰਿ ਹਾਂ॥ ਅੰਤਰਿ ਏਕ ਪਿਰ ਹਾਂ॥ ਬਾਹਰਿ ਅਨੇਕ ਧਰਿ ਹਾਂ॥ ਰਾਜਨ ਜੋਗੁ ਕਰਿ ਹਾਂ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ॥੨॥੧॥੧੫੭॥**

ਪਦ ਅਰਥ:- ਕਰਿ-ਆਖ, ਜਪ। ਮਨਿ-ਮਨ ਵਿਚ। ਪਿਆਰਿ-ਪਿਆਰ ਕਰ। ਗੁਰਿ-ਗੁਰੂ ਨੇ। ਚਿਤਿ-ਚਿੱਤ ਵਿਚ। ਧਰਿ-ਰੱਖ। ਅਨ ਸਿਉ-ਹੋਰ ਨਾਲ। ਤੋਰਿ-ਤੋੜ ਦੇ। ਫੇਰਿ-ਮੋੜ ਲੈ। ਐਸੇ-ਇਸ ਤਰ੍ਹਾਂ। ਲਾਲਨੁ-ਪਿਆਰਾ ਪ੍ਰਭੂ। ਰੀ ਸਖੀ-ਹੇ ਸਹੇਲੀ! ਪੰਕਜ-ਚਿੱਕੜ। ਸਰਿ-ਸਰ ਵਿਚ, ਸੰਸਾਰ-ਸਰੋਵਰ ਵਿਚ। ਪਗੁ-ਪੈਰ। ਗਹਡਿਓ-ਗੱਡਿਆ ਹੋਇਆ ਹੈ, ਫਸਾਇਆ ਹੋਇਆ ਹੈ। ਮੂੜ ਨਰਿ-ਮੂਰਖ ਮਨੁੱਖ ਨੇ। ਅਨਿਨ-ਕੇਵਲ ਇਕ। ਤਉ-ਤਦੋਂ। ਨਿਕਸੈ-ਨਿਕਲ ਆਉਂਦਾ ਹੈ। ਥਿਰ-ਅਡੋਲ, ਟਿਕਵਾਂ। ਬਨੁ-ਜੰਗਲ। ਗ੍ਰਿਹੁ-ਘਰ। ਸਮਸਰਿ-ਬਰਾਬਰ। ਅੰਤਰਿ-ਹਿਰਦੇ ਵਿਚ। ਬਾਹਰਿ-ਜਗਤ ਵਿਚ। ਅਨੇਕ ਧਰਿ-ਅਨੇਕਾਂ ਕਿਰਤ-ਕਾਰ ਕਰ। ਲੋਗ ਅਲੋਗੀ-ਸੰਸਾਰ ਤੋਂ ਨਿਰਾਲਾ।

## ਰਾਗੁ ਆਸਾ ਆਸਾਵਰੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰ | - | ਮ | - | ਪ | - | ਧ | ਧ |
| | | | | | | | | ਐ | S | ਸੇ | S | ਲਾ | S | ਲ | ਨੁ |
| ਸੰ | ਨੁ | ਧੁ | ਪ | ਮਪ | ਗੁ | ਰ | ਸ | ਮ | - | ਰ | ਮ | ਪ | - | ਧ | ਧ |
| ਪਾ | ਇ | ਓ | ਰੀ | ਸS | ਖੀ | S | S | ਐ | S | ਸੇ | S | ਲਾ | S | ਲ | ਨੁ |
| ਪ | ਧੁਨੁ | ਧੁ | ਪ | ਧੁ | ਪ | ਮਗੁ | ਰਸ | | | | | | | | |
| ਪਾ | ਇS | ਓ | ਰੀ | ਸ | ਖੀ | SS | SS | | | | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਪਪ | ਧ | ਪਧ | ਸੰ | ਸੰ | ਰੰ | ਸੰ |
| | | | | | | | | ਗੋ | ਬਿੰਦ | ਗੋ | ਬਿੰਦ | ਕ | ਰਿ | ਹਾਂ | S |
| ਰੰਰੰ | ਗੁੰਗੁੰ | ਰੰ | ਸੰ | ਰੰ | ਨੁ | ਧੁ | ਪ | ਮਮ | ਪਪ | ਧ | ਧ | ਸੰ | ਸੰ | ਰੰਰੰ | ਸੰ |
| ਹਰਿ | ਹਰਿ | ਮ | ਨਿ | ਪਿ | ਆ | ਰਿ | ਹਾਂ | ਗੁਰਿ | ਕਹਿ | ਆ | ਸੁ | ਚਿ | ਤਿ | ਧਰਿ | ਹਾਂ |
| ਨੁਨੁ | ਧੁਧੁ | ਪ | ਮਪ | ਗੁ | ਗੁ | ਰ | ਸ | | | | | | | | |
| ਅਨ | ਸਿਉ | ਤੋ | ਰਿS | ਫੇ | ਰਿ | ਹਾਂ | S | | | | | | | | |
| x | | | | 2 | | | | 0 | | | | 3 | | | |

ਤਾਨਾਂ :-

1) ਸਰ ਮਪ ਧਪ ਮਪ ਪਧੁ ਮਪ ਮਗੁ ਰਸ
2) ਰਮ ਪਧ ਮਪ ਧਧ ਸੰਨੁ ਧੁਪ ਮਗੁ ਰਸ
3) ਮਪ ਧਧ ਸੰਰੰ ਸੰਸੰ ਨੁਨੁ ਧੁਪ ਮਗੁ ਰਸ
4) ਮਪ ਧਧ ਸੰਰੰ ਸੰਨੁ ਧੁਧੁ ਮਪ ਮਗੁ ਰਸ
5) ਸਰ ਮਪ ਧੁਪ ਮਗੁ ਰਸ ਸਰ ਮਪ ਧਧ ਸੰਰੰ ਸੰਨੁ ਧੁਪ ਧੁਨੁ ਧੁਪ ਮਪ ਮਗੁ ਰਸ
6) ਸਰ ਮਪ ਰਮ ਪਧ ਮਪ ਧਧ ਸੰਰੰ ਗੁੰਰੰ ਸੰਨੁ ਧੁਪ ਮਪ ਧੁਨੁ ਧੁਪ ਮਪ ਮਗੁ ਰਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 8ਵੀਂ ਮਾਤਰ ਦਾ ਪੂਰਾ ਚੱਕਰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ

ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

4) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਆਸਾਵਰੀ ਮਹਲਾ ੫॥ (੪੧੦)

**ਏਕਾ ਓਟ ਗਹੁ ਹਾਂ॥ ਗੁਰ ਕਾ ਸਬਦੁ ਕਹੁ ਹਾਂ॥ ਆਗਿਆ ਸਤਿ ਸਹੁ ਹਾਂ॥ ਮਨਹਿ ਨਿਧਾਨੁ ਲਹੁ ਹਾਂ॥ ਸੁਖਹਿ ਸਮਾਈਐ ਮੇਰੇ ਮਨਾ॥੧॥ਰਹਾਉ॥ ਜੀਵਤ ਜੋ ਮਰੈ ਹਾਂ ॥ ਦੁਤਰੁ ਸੋ ਤਰੈ ਹਾਂ॥ ਸਭ ਕੀ ਰੇਨੁ ਹੋਇ ਹਾਂ॥ ਨਿਰਭਉ ਕਹਉ ਸੋਇ ਹਾਂ॥ ਮਿਟੇ ਅੰਦੇਸਿਆ ਹਾਂ॥ ਸੰਤ ਉਪਦੇਸਿਆ ਮੇਰੇ ਮਨਾ॥੧॥ ਜਿਸੁ ਜਨ ਨਾਮ ਸੁਖੁ ਹਾਂ॥ ਤਿਸੁ ਨਿਕਟਿ ਨ ਕਦੇ ਦੁਖੁ ਹਾਂ॥ ਜੋ ਹਰਿ ਹਰਿ ਜਸੁ ਸੁਨੇ ਹਾਂ॥ ਸਭੁ ਕੋ ਤਿਸੁ ਮੰਨੇ ਹਾਂ॥ ਸਫਲੁ ਸੁ ਆਇਆ ਹਾਂ॥ ਨਾਨਕ ਪ੍ਰਭ ਭਾਇਆ ਮੇਰੇ ਮਨਾ॥੨॥੪॥੧੬੦॥**

ਪਦ ਅਰਥ:- ਏਕਾ ਓਟ-ਇਕ ਪ੍ਰਮਾਤਮਾ ਦਾ ਆਸਰਾ। ਗਹੁ-ਫੜ। ਕਹੁ-ਉਚਾਰ। ਆਗਿਆ-ਰਜ਼ਾ, ਹੁਕਮ। ਸਹੁ-ਸਹਾਰ, ਮੰਨ। ਮਨਹਿ-ਮਨ ਵਿਚ। ਨਿਧਾਨੁ-(ਸਾਰੇ ਪਦਾਰਥਾਂ ਦਾ) ਖ਼ਜ਼ਾਨਾ। ਸੁਖਹਿ-ਆਤਮਕ ਅਨੰਦ ਵਿਚ। ਜੋ-ਜੇਹੜਾ ਮਨੁੱਖ। ਮਰੈ-ਮਾਇਆ ਦੇ ਮੋਹ ਤੋਂ ਅਛੋਹ ਹੋ ਜਾਂਦਾ ਹੈ। ਦੁਤਰੁ-ਮੁਸ਼ਕਲ, ਔਖਾ। ਰੇਨੁ-ਚਰਨ-ਧੂੜ। ਸੋਇ-ਉਸ ਪ੍ਰਮਾਤਮਾ ਨੂੰ ਹੀ। ਜਿਸੁ ਜਨ-ਜਿਸ ਮਨੁੱਖ ਨੂੰ। ਤਿਸੁ ਨਿਕਟਿ-ਉਸ ਦੇ ਨੇੜੇ। ਸਭੁ ਕੋ-ਹਰੇਕ ਜੀਵ। ਮੰਨੇ-ਆਦਰ ਦਿੰਦਾ ਹੈ। ਪ੍ਰਭ ਭਾਇਆ-ਪ੍ਰਭੂ ਨੂੰ ਪਿਆਰਾ ਲੱਗਾ।

## ਰਾਗੁ ਆਸਾ ਆਸਾਵਰੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰ | ਮ | ਮ | ਪ | ਧਧ | ਪ | ਧੁ | ਮ | ਪ | ਗੁ | ਰ | ਸ |
| ਸੁ | ਖ | ਹਿ | ਸ | ਮਾਈ | ਐ | ਮੇ | S | ਰੇ | ਮ | ਨਾ | S |
| ਮ | ਪ | ਧ | ਸੰ | ਰੰਰੰ | ਸੰ | ਨੁ | ਧੁ | ਪ | ਮਗੁ | ਰ | ਸ |
| ਸੁ | ਖ | ਹਿ | ਸ | ਮਾਈ | ਐ | ਮੇ | S | ਰੇ | ਮS | ਨਾ | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਪ | ਧ | ਸੰ | ਰੰਰੰ | ਸੰ | ਰੰਗੁੰ | ਰੰ | ਸੰਸੰ | ਰੰਨੁ | ਧੁਧੁ | ਪ |
| ਏ | ਕਾ | ਓ | ਟ | ਗਹੁ | ਹਾਂ | ਗੁਰ | ਕਾ | ਸਬ | ਦੁS | ਕਹੁ | ਹਾਂ |
| ਪਧ | ਸੰਰੰ | ਸੰ | ਰੰਨੁ | ਧੁਧੁ | ਪ | ਧੁਧੁ | ਮ | ਪ | ਮਪ | ਗੁਗੁ | ਰਸ |
| ਆS | ਗਿਆ | ਸ | ਤਿS | ਸਹੁ | ਹਾਂ | ਮਨ | ਹਿ | ਨਿ | ਧਾਨੁ | ਲਹੁ | ਹਾਂS |
| x | | 0 | | 2 | | 0 | | 3 | | 4 | |

## ਰਾਗੁ ਆਸਾ ਆਸਾਵਰੀ

**ਤਾਨਾਂ:-**

1) ਸਰ ਮਪ ਧਧ ਸੰਨੁ ਧੁਪ ਮਗੁ ਰਸ ਸਰ ਮਪ ਧੁਪ ਮਗੁ ਰਸ
2) ਸਰ ਮਮ ਰਮ ਪਪ ਮਪ ਧਧ ਸੰਰੰ ਗੁੰਰੰ ਸੰਨੁ ਧੁਪ ਮਗੁ ਰਸ
3) ਮਪ ਧਮ ਪਧ ਮਪ ਧਧ ਸੰਰੰ ਸੰਨੁ ਧੁਨੁ ਧੁਪ ਮਪ ਮਗੁ ਰਸ

**ਤਿਹਾਈਆਂ:-**

1) ਪਹਿਲੀ ਤੋਂ ਛੇਵੀਂ ਮਾਤਰ ਬਰਾਬਰ ਲੈ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਹੋਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਤੀਜੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਮਾਤਰ ਤੋਂ ਪਹਿਲੀ ਮਾਤਰ ਦਾ ਆਰੰਭ ਕਰ ਕੇ ਪੂਰਾ ਚੱਕਰ ਲੈ ਕੇ ਫਿਰ ਚੌਥੀ ਤੋਂ 12ਵੀਂ ਮਾਤਰ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### ਆਸਾਵਰੀ ਮਹਲਾ ੫ ਇਕਤੁਕਾ ॥ (੪੧੦-੧੧)

**ਓਇ ਪਰਦੇਸੀਆ ਹਾਂ॥ ਸੁਨਤ ਸੰਦੇਸਿਆ ਹਾਂ॥੧॥ਰਹਾਉ॥ ਜਾ ਸਿਉ ਰਚਿ ਰਹੇ ਹਾਂ॥ ਸਭ ਕਉ ਤਜਿ ਗਏ ਹਾਂ॥ ਸੁਪਨਾ ਜਿਉ ਭਏ ਹਾਂ॥ ਹਰਿ ਨਾਮੁ ਜਿਨ੍ਹਿ ਲਏ ॥੧॥ ਹਰਿ ਤਜਿ ਅਨ ਲਗੇ ਹਾਂ॥ ਜਨਮਹਿ ਮਰਿ ਭਗੇ ਹਾਂ॥ ਹਰਿ ਹਰਿ ਜਨਿ ਲਹੇ ਹਾਂ॥ ਜੀਵਤ ਸੇ ਰਹੇ ਹਾਂ॥ ਜਿਸਹਿ ਕ੍ਰਿਪਾਲੁ ਹੋਇ ਹਾਂ॥ ਨਾਨਕ ਭਗਤੁ ਸੋਇ॥੨॥੭॥੧੬੩॥੨੩੨॥**

ਪਦ ਅਰਥ:-ਓਇ ਪਰਦੇਸੀਆ-ਹੇ ਪਰਦੇਸੀ! ਹੇ ਜਗਤ ਵਿਚ ਚਾਰ ਦਿਨ ਲਈ ਆਏ ਜੀਵ! ਸੁਨਤ-ਸੁਣਦਾ ਹੈਂ? ਜਾ ਸਿਉ-ਜਿਸ (ਮਾਇਆ) ਨਾਲ। ਰਚਿ ਰਹੇ-ਮਸਤ ਰਹੇ। ਜਿਨ੍ਹਿ ਲਏ-ਤੂੰ ਕਿਉਂ ਨਹੀਂ ਲੈਂਦਾ? ਤਜਿ-ਤਿਆਗ ਕੇ। ਜਨਮਹਿ-ਜਨਮ ਵਿਚ। ਭਗੇ-ਦੌੜਦੇ ਰਹੇ। ਜਨਿ-ਜਨ ਨੇ, ਜਿਸ ਜਿਸ ਜਨ ਨੇ। ਸੇ-ਉਹ ਬੰਦੇ। ਜਿਸਹਿ-ਜਿਸ ਉੱਤੇ।

### ਰਾਗੁ ਆਸਾ ਆਸਾਵਰੀ ਪੜਤਾਲ

ਹਰ ਅੰਤਰੇ ਤੋਂ ਬਾਅਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਵਾਪਸ ਆਉਣਾ ਹੈ।

**ਅਸਥਾਈ ਸਾਗਰ ਤਾਲ ਮਾਤਰਾਂ-17 ਵਿਲੰਬਿਤ ਲੈਅ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 |
|---|---|---|---|---|---|---|---|---|---|---|---|---|---|---|---|---|
| | | | | | | | | | | | | | ਰਰ | ਮਮ | ਪ | ਧਧ |
| | | | | | | | | | | | | | ਓਇ | ਪਰ | ਦੇ | ਸੀਆ |
| ਸੰ | ਧ | ਸੰ | - | - | ਸੰਨੁ | ਧੁਪ | ਮ | ਪਪ | ਗੁ | - | ਰ | ਸ | | | | |
| ਹਾਂ | ऽ | ऽ | ऽ | ऽ | ਸੁਨ | ਤਸੰ | ਦੇ | ਸਿਆ | ਹਾਂ | ऽ | ऽ | ऽ | | | | |
| X | | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | | | | | | | | | | | | | ਮ | ਪਪ | ਧਧ | ਪਧ |
| | | | | | | | | | | | | | ਜਾ | ਸਿਉ | ਰਚਿ | ਰਹੇ |
| ਸਂ | - | ਰਂ | - | ਸਂ | ਰਂਰਂ | ਰਂਰਂ | ਰਂਰਂ | ਰਂਗੁਂ | ਰਂਨੁ | ਧੁ | - | ਪ | ਮਮ | ਪ | ਧਧ | ਪਧ |
| ਹਾਂ | S | S | S | S | ਸਭ | ਕਉ | ਤਜਿ | ਗਏ | ਹਾਂS | S | S | S | ਸੁਪ | ਨਾ | ਜਿਉ | ਭਏ |
| ਸਂ | - | ਰਂ | - | ਸਂ | ਸਂਨੁ | ਧੁਪ | ਮ | ਪ | ਗੁ | ਗੁ | ਰ | ਸ | | | | |
| ਹਾਂ | S | S | S | S | ਹS | ਰਿS | ਨਾ | ਮੁ | ਜਿ | ਨਿ੍ | ਲ | ਏ | | | | |
| x | | | | | 2 | | | | 0 | | | | 3 | | | |

### ਦੂਜਾ ਅੰਤਰਾ ਸ਼ਿਖਰ ਤਾਲ ਮਾਤਰਾ-17 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 |
|---|---|---|---|---|---|---|---|---|---|---|---|---|---|---|---|---|
| ਸਂ | ਸਂ | ਸਂ | ਸਂ | ਪ | ਪ | ਧ | ਧ | ਸਂ | - | - | ਰਂ | - | - | ਸਂ | - | - |
| ਹ | ਰਿ | ਤ | ਜਿ | ਅ | ਨ | ਲ | ਗੇ | ਹਾਂ | S | S | S | S | S | S | S | S |
| ਰਂ | ਰਂ | ਰਂਰਂ | ਸਂ | ਰਂ | ਗੁਂ | ਰਂ | ਸਂ | ਸਂ | ਰਂ | ਨੁ | ਧੁ | - | - | ਪ | - | - |
| ਜ | ਨ | ਮਹਿ | S | ਮ | S | ਰਿ | S | ਭ | ਗੇ | S | ਹਾਂ | S | S | S | S | S |

‘ਹਰਿ ਹਰਿ ਜਨਿ ਲਹੇ ਹਾਂ ਜੀਵਤ ਸੇ ਰਹੇ ਹਾਂ’ ਇਹ ਪੰਗਤੀ ਉਪਰੋਕਤ ਅਨੁਸਾਰ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਸਂ | ਸਂਸਂ | ਸਂਸਂ | - | ਪ | - | ਧ | - | ਸਂ | - | ਸਂ | ਰਂ | ਨੁ | - | ਧੁ | - | ਪ |
| ਜਿ | ਸਹਿ | ਕਿ੍ | S | ਪਾ | S | ਲੁ | S | ਹੋ | S | ਇ | ਹਾਂ | S | S | S | S | S |
| ਪ | - | ਪ | ਪ | ਮ | - | ਪ | ਪ | ਗੁ | - | - | ਰ | - | - | ਸ | - | - |
| ਨਾ | S | ਨ | ਕ | ਭ | S | ਗ | ਤੁ | ਸੋ | S | S | ਇ | S | S | S | S | S |
| ਪ | ਪ | ਪ | ਮ | ਮ | ਪ | ਗੁ | ਰ | ਸ | ਰ | ਰ | ਮ | ਮ | ਪ | - | ਧ | ਧ |
| ਨਾ | ਨ | ਕ | ਭ | ਗ | ਤੁ | ਸੋ | S | ਇ | ਓ | ਇ | ਪ | ਰ | ਦੇ | S | ਸੀ | ਆ |
| x | | | | 0 | | | | 2 | | | 3 | | | 4 | | |

**ਤਾਨਾਂ:-**

1) ਸਰਮਪ ਧਪਮਪ ਮਪਧੁਪ ਮਗੁਰਸ ਮਪਧਪ ਪਧਸਂਸਂ ਸਂਰਂਸਂਸਂ ਰਂਗੁਂਰਂਸਂ ਸਂਰਂਸਂਨੁ ਧੁਪਮਪ ਮਗੁਰਸ ਮਪਧਧ ਸਂਰਂਸਂਸਂ ਰਂਗੁਂਰਂਸਂ ਰਂਨੁਧੁਪ ਮਪਧੁਪ ਮਗੁਰਸ
2) ਸਰਮਪ ਰਮਪਧ ਮਪਧਧ ਸਂਰਂਸਂਸਂ ਸਂਰਂਗੁਂਰਂ ਸਂਨੁਧੁਪ ਮਪਧੁਪ ਮਗੁਰਸ ਮਪਧਧ ਪਧਸਂਸਂ ਸਂਰਂਸਂਨੁ ਧੁਪਮਪ ਮਗੁਰਸ ਪਧਮਪ ਸਂਰਂਗੁਂਰਂ ਸਂਨੁਧੁਪ ਮਗੁਰਸ

**ਤਿਹਾਈਆਂ:-**

1) ਪਹਿਲੀ ਤੋਂ ਤੀਜੀ ਇਹ ਤਿੰਨ ਮਾਤਰਾਂ ਸੱਮ ਤੋਂ ਬਰਾਬਰ ਲੈ ਕੇ ਫਿਰ 14ਵੀਂ ਤੋਂ ਪਹਿਲੀ ਮਾਤਰ ਇਹ ਪੰਜ ਮਾਤਰਾਂ ਦੇ ਟੁਕੜੇ ਨੂੰ ਦੋ ਵਾਰ ਬਰਾਬਰ ਲੈ ਕੇ ਫਿਰ

ਰਾਗੁ ਆਸਾ ਆਸਾਵਰੀ

ਮੁਖੜਾ ਲੈ ਕੇ ਸੱਮ ਤੇ ਆਉਣਾ ਹੈ।

2) 14ਵੀਂ ਤੋਂ ਪਹਿਲੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

3) 14ਵੀਂ ਤੋਂ 17ਵੀਂ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਆਸਾਵਰੀ ਮਹਲਾ ੫॥ (੪੦੯)

**ਮਨਸਾ ਏਕ ਮਾਨਿ ਹਾਂ॥ ਗੁਰ ਸਿਉ ਨੇਤ ਧਿਆਨਿ ਹਾਂ॥ ਦ੍ਰਿੜੁ ਸੰਤ ਮੰਤ ਗਿਆਨਿ ਹਾਂ॥ ਸੇਵਾ ਗੁਰ ਚਰਾਨਿ ਹਾਂ॥ ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ॥੧॥ਰਹਾਉ॥ ਟੂਟੇ ਅਨ ਭਰਾਨਿ ਹਾਂ॥ ਰਵਿਓ ਸਰਬ ਥਾਨਿ ਹਾਂ॥ ਲਹਿਓ ਜਮ ਭਇਆਨਿ ਹਾਂ॥ ਪਾਇਓ ਪੇਡ ਥਾਨਿ ਹਾਂ॥ ਤਉ ਚੂਕੀ ਸਗਲ ਕਾਨਿ॥੧॥ ਲਹਨੋ ਜਿਸੁ ਮਥਾਨਿ ਹਾਂ॥ ਭੈ ਪਾਵਕ ਪਾਰਿ ਪਰਾਨਿ ਹਾਂ॥ ਨਿਜ ਘਰਿ ਤਿਸਹਿ ਥਾਨਿ ਹਾਂ॥ ਹਰਿ ਰਸ ਰਸਹਿ ਮਾਨਿ ਹਾਂ॥ ਲਾਥੀ ਤਿਸ ਭੁਖਾਨਿ ਹਾਂ॥ ਨਾਨਕ ਸਹਜਿ ਸਮਾਇਓ ਰੇ ਮਨਾ॥੨॥੨॥੧੫੮॥**

ਪਦ ਅਰਥ:- ਮਨਸਾ-ਇੱਛਾ। ਮਾਨਿ-ਮੰਨ, ਪੱਕੀ ਕਰ। ਨੇਤ-ਨਿਤ, ਸਦਾ। ਦ੍ਰਿੜੁ-ਮਜ਼ਬੂਤ ਚਿੱਤ ਹੋ। ਗਿਆਨਿ-ਡੂੰਘੀ ਸਾਂਝ ਵਿਚ। ਚਰਾਨਿ-ਚਰਨਾਂ ਵਿਚ। ਕ੍ਰਿਪਾਨਿ-ਕਿਰਪਾ ਦੀ ਰਾਹੀਂ। ਅਨ-ਹੋਰ। ਭਰਾਨਿ-ਭਟਕਣਾ। ਭਇਆਨਿ-ਭਿਆਨਕ। ਪੇਡ ਥਾਨਿ-ਸੰਸਾਰ-ਰੁੱਖ ਦੇ ਮੁੱਢ-ਹਰੀ ਦੇ ਚਰਨਾਂ ਵਿਚ। ਕਾਨਿ-ਮੁਥਾਜੀ। ਲਹਨੋ-ਭਾਗ। ਮਥਾਨਿ-ਮੱਥੇ ਉਤੇ। ਭੈ-ਡਰ। ਪਾਵਕ-ਅੱਗ। ਪਾਰਿ ਪਰਾਨਿ-ਪਾਰ ਲੰਘ ਜਾਂਦਾ ਹੈ। ਤਿਸ-ਤ੍ਰਿਸ਼ਨਾ। ਭੁਖਾਨਿ-ਭੁੱਖ। ਸਹਜਿ-ਆਤਮਕ ਅਡੋਲਤਾ ਵਿਚ।

## ਰਾਗੁ ਆਸਾ ਆਸਾਵਰੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਰਰ | ਮ | ਪ | ਧ | – | ਪ | ਧ | ਮ | ਪ | ਧ | ਸਂ | ਸਂ | ਰਂਰਂ | ਸਂ |
| ਤਉ | ਮਿ | ਲੀ | ਐ | S | S | S | ਮ | ਨ | ਸਾ | ਏ | ਕ | ਮਾਨਿ | ਹਾਂ |
| ਸਂਸਂ | ਰਂਰਂ | ਨੁਨੁ | ਧੁ | ਧੁ | ਮ | ਪ | ਰਂਰਂ | ਗੁਂ | ਰਂ | ਸਂ | ਨੁ | ਧੁਧੁ | ਪ |
| ਗੁਰ | ਕ੍ਰਿ | ਪਾਨਿ | ਮੇ | ਰੇ | ਮ | ਨਾ | ਗੁਰ | ਸਿ | ਉ | ਨੇ | ਤ | ਧਿਆਨਿ | ਹਾਂ |
| ਮਮ | ਪ | ਧ | ਮ | ਪ | ਧ | – | ਰਰ | ਮ | ਪ | ਧ | ਧ | ਸਂਨੁ | ਧੁਪ |
| ਤਉ | ਮਿ | ਲੀ | ਐ | S | S | S | ਦ੍ਰਿੜੁ | ਸੰ | ਤ | ਮੰ | ਤ | ਗਿਆਨਿ | ਹਾਂS |
| ਪਪ | ਧੁਧੁ | ਮਪ | ਗੁ | ਗੁ | ਰ | ਸ | ਧੁ | ਮ | ਪਪ | ਮ | ਗੁ | ਰ | ਸ |
| ਗੁਰ | ਕ੍ਰਿ | ਪਾਨਿ | ਮੇ | ਰੇ | ਮ | ਨਾ | ਸੇ | ਵਾ | ਗੁਰ | ਚ | ਰਾ | ਨਿ | ਹਾਂ |
| x | | | 2 | | 3 | | x | | | 2 | | 3 | |

# ੧੫-ਰਾਗੁ ਆਸਾਵਰੀ

ਆਸਾਵਰੀ ਥਾਟ ਅੰਕ ੧੯੬੧ ਦੇ ਪੰਨਾ ੨੫ ਤੇ ਸ਼੍ਰੀ ਪਰਜੇਸ਼ ਬੈਨਰਜੀ ਦੇ ਕਥਨ ਅਨੁਸਾਰ ਆਸਾਵਰੀ ਸ਼ਬਦ ਦੋ ਸ਼ਬਦਾਂ ਦਾ ਮਿਸ਼ਰਨ ਹੈ, ਆਸ਼ੀ ਅਤੇ ਅਰੀ। ਆਸ਼ੀ ਭਾਵ ਜ਼ਹਿਰੀਲਾ ਸਰਪ ਤੇ ਅਰੀ ਭਾਵ ਸ਼ਤਰੂ, ਸਰਪ ਦਾ ਦੁਸ਼ਮਨ। ਵਿਦਵਾਨਾਂ ਦਾ ਮੱਤ ਹੈ ਕਿ ਆਸਾਵਰੀ ਰਾਗਨੀ ਸਪੇਰੇ ਦੀ ਬੀਨ ਤੋਂ ਨਿਕਲੀ ਹੈ ਜੋ ਸੱਪ ਦੀ ਦੁਸ਼ਮਨ ਹੈ। ਆਸਾਵਰੀ ਰਾਗਨੀ ਦੇ ਚਿੱਤਰਾਂ ਵਿੱਚ ਵੀ ਇੱਕ ਸੁੰਦਰੀ ਬੀਨ ਬਜਾਉਂਦੀ ਹੋਈ ਚੋਹਾਂ ਪਾਸੇ ਤੋਂ ਸੱਪਾਂ ਤੋਂ ਘਿਰੀ ਹੋਈ ਦਿਖਾਈ ਜਾਂਦੀ ਹੈ, ਸੱਪ ਬੀਨ ਦੀ ਮਧੁਰ ਰਾਗਨੀ ਸੁਣ ਮਸਤ ਹੋ ਜਾਂਦੇ ਹਨ ਤੇ ਫਿਰ ਸਪੇਰੇ ਦੇ ਕਾਬੂ ਆ ਜਾਂਦੇ ਹਨ।

ਪ੍ਰਾਚੀਨ ਕਾਲ ਦੇ ਗ੍ਰੰਥਾਂ ਵਿੱਚ ਇਸ ਰਾਗ ਦਾ ਵੱਖ ਵੱਖ ਨਾਵਾਂ ਨਾਲ ਵਰਨਣ ਮਿਲਦਾ ਹੈ ਜਿਵੇਂ ਸੌਵਰੀ, ਸਾਵਰੀ, ਸਵਰੀ, ਆਸਾਵਰੀ ਆਦਿ। ਛੇਵੀਂ ਸ਼ਤਾਬਦੀ ਦੇ ਭਰਤ ਦੇ 'ਨਾਟਯਸ਼ਾਸਤਰ' ਵਿੱਚ ਭਾਵੇਂ ਆਸਾਵਰੀ ਨਾਮ ਦੀ ਜਾਤੀ ਜਾਂ ਗ੍ਰਾਮ ਰਾਗ ਦਾ ਵਰਨਣ ਤਾਂ ਨਹੀਂ ਮਿਲਦਾ ਪਰ ਸ਼ੜਜ ਗ੍ਰਾਮ ਦੀ ਚੌਥੀ ਮੂਰਛਨਾ 'ਸ਼ੁਧ-ਸ਼ੜਜਾ' ਵਿੱਚ 4, 3, 2, 4, 3, 2, 4 ਸ਼ਰੁਤੀ-ਅੰਤਰ ਹੋਣ ਨਾਲ ਉਹ ਅੱਜ ਦੇ ਆਸਾਵਰੀ ਦੇ ਸਮਾਨ ਹੀ ਬਣ ਜਾਂਦਾ ਹੈ। ਇਸ ਤੋਂ ਬਿਨਾਂ ਮਧਿਅਮ ਗ੍ਰਾਮ ਦੀ ਸੱਤਵੀ ਮੂਰਛਨਾ ਹੁਸ਼ਯਕਾ ਵਿੱਚ ਵੀ 3, 4, 2, 4, 3, 2, 4, ਦੇ ਸ਼ਰੁਤੀ-ਅੰਤਰ ਹੋਣ ਨਾਲ ਇਹ ਵੀ ਅੱਜ ਦੇ ਸ਼ੁਧ ਰਿਸ਼ਭ ਆਸਾਵਰੀ ਦੇ ਸਰੂਪ ਸਮਾਨ ਹੀ ਹੈ। (ਆਸਾਵਰੀ ਥਾਟ ਅੰਕ ਪੰ. ੧੪)

ਮੱਧ ਕਾਲ ਦੇ ਸੰਗੀਤ ਗ੍ਰੰਥਾਂ ਵਿੱਚੋਂ ਸਾਰੰਗਦੇਵ ਦੇ 'ਸੰਗੀਤ ਰਤਨਕਾਰ' ਤੇਰਵੀਂ ਸ਼ਤਾਬਦੀ ਵਿੱਚ ਆਸਾਵਰੀ ਰਾਗ ਦਾ ਨਾਮ ਉਪਲਬਧ ਹੈ ਤੇ ਉਹਨਾਂ ਇਸ ਰਾਗ ਨੂੰ ਭਾਸ਼ਾਂਗ ਰਾਗਾਂ ਦੇ ਅੰਤਰਗਤ ਦਿੱਤਾ ਹੈ। 'ਰਾਗ ਰਤਨਾਕਰ' ਗ੍ਰੰਥ ਅਨੁਸਾਰ ਰਾਗ-ਰਾਗਨੀ ਵਰਗੀਕਰਣ ਵਿੱਚ ਆਸਾਵਰੀ ਨੂੰ ਸ੍ਰੀ ਰਾਗ ਦੀ ਰਾਗਨੀ ਮੰਨਿਆ ਹੈ। ੧੪੧੦ ਈ. ਵਿੱਚ ਲੋਚਨ ਦੇ ਗ੍ਰੰਥ 'ਰਾਗ ਤਰੰਗਣੀ' ਤੇ ੧੫੫੦ ਈ. ਵਿੱਚ ਰਾਮਾਮਾਤਯ ਦੇ ਗ੍ਰੰਥ 'ਸਵਰਮੇਲਕਲਾਨਿਧੀ' ਇਹਨਾਂ ਦੋਹਾਂ ਹੀ ਗ੍ਰੰਥਾਂ ਵਿੱਚ ਆਸਾਵਰੀ ਰਾਗ ਦੇ ਸਰੂਪ ਦਾ ਵਰਨਣ ਹੈ। ਉਸ ਵਿਚ ਵਰਣਿਤ ਸਰੂਪ ਰਾਮਾਮਾਤਯ ਦਾ ਹਿੰਡੋਲ ਮੇਲ ਆਸਾਵਰੀ ਦੇ ਸਮਾਨ ਹੈ। ਲੋਚਨ ਦੇ ਰਾਗ ਤਰੰਗਣੀ ਵਿਚ ਗੌਰੀ ਮੇਲ ਵਿੱਚ ਆਸਾਵਰੀ ਨੂੰ ਸਥਾਨ ਦਿੱਤਾ ਹੈ। ੧੫੯੫ ਈ. ਵਿੱਚ ਪੁੰਡਰੀਕ ਵਿਠੁਲ ਦੇ ਦੋਵੇਂ ਗ੍ਰੰਥ 'ਰਾਗਮਾਲਾ' ਤੇ 'ਚੰਦ੍ਰੋਦਯ' ਵਿੱਚ ਵੀ ਆਸਾਵਰੀ ਰਾਗ ਦਾ ਵਰਨਣ ਮਿਲਦਾ ਹੈ।

ਉਹਨਾਂ ਨੇ ਆਸਾਵਰੀ ਨੂੰ ਭੈਰਵ ਦੀ ਇਸਤਰੀ ਮੰਨਿਆ ਹੈ। ੧੬੧੦ ਈ. ਵਿੱਚ ਪੰਡਿਤ ਸੋਮਨਾਥ ਨੇ ਆਪਣੇ ਗ੍ਰੰਥ 'ਰਾਗ ਵਿਬੋਧ' ਵਿੱਚ ਰਿਸ਼ਭ-ਪੰਚਮ ਵਰਜਿਤ ਆਸਾਵਰੀ ਦਾ ਜ਼ਿਕਰ ਕੀਤਾ ਹੈ ਜੋ ਹਿੰਡੋਲ ਨਾਲ ਮਿਲਦਾ ਜੁਲਦਾ ਹੈ ਪਰ ਆਲਾਪ ਦਾ ਚਲਣ ਆਸਾਵਰੀ ਨਾਲ ਮਿਲਦਾ ਹੈ। ੧੬੨੫ ਈ. ਦੇ ਆਸ-ਪਾਸ ਦਮੋਦਰ ਪੰਡਿਤ ਦੇ 'ਸੰਗੀਤ ਦਰਪਣ' ਗ੍ਰੰਥ ਵਿੱਚ ਹਨੂਮਤ ਮਤ ਅਨੁਸਾਰ ਆਸਾਵਰੀ ਨੂੰ ਸ੍ਰੀ ਰਾਗ ਦੀ ਇਸਤਰੀ ਮੰਨਿਆ ਹੈ ਪਰ ਇਸੇ ਹੀ ਗ੍ਰੰਥ ਵਿੱਚ ਸ਼ਿਵਮਤ ਅਨੁਸਾਰ ਇਸ ਰਾਗ ਨੂੰ ਨਾ ਹੀ ਰਾਗਾਂ ਤੇ ਨਾ ਹੀ ਰਾਗਨੀਆਂ ਵਿੱਚ ਕੋਈ ਸਥਾਨ ਪ੍ਰਾਪਤ ਹੋਇਆ ਹੈ। ਇਕ ਹੋਰ ਗ੍ਰੰਥ 'ਚਤਵਾਰਸ਼ਚਛਤਰਾਗਨਿਰੂਪਣਮ' ਅਨੁਸਾਰ ਛੇ ਪੁਰਸ਼ ਰਾਗਾਂ ਦੀ ਬਜਾਏ ਇਨਾਂ ਦਸ ਰਾਗ ਮੰਨ ਕੇ ਆਸਾਵਰੀ ਨੂੰ ਦੀਪਕ ਰਾਗ ਦੀ ਰਾਗਣੀ ਮੰਨਿਆ ਹੈ। 'ਅਭਿਨਵ ਰਾਗ ਮੰਜਰੀ' ਵਿੱਚ ਗੌੜੀ ਮੇਲ, 'ਰਾਗ ਵਿਬੋਧ' ਵਿਚ ਮਾਲਵਗੌੜ ਮੇਲ ਤੇ ਹਿਰਦੇ ਕੌਤਕ (੧੬੬੦) ਵਿੱਚ ਗੌਰੀ ਮੇਲ ਦੇ ਅੰਤਰਗਤ ਰਾਗ ਆਸਾਵਰੀ ਨੂੰ ਰਖਿਆ ਹੈ। ੧੬੩੯ ਈਸਵੀ ਵਿੱਚ ਪ੍ਰਕਾਸ਼ਿਤ ਵਿਯੰਕਟਮੁਖੀ ਦੇ 'ਚਤੁਰਦੰਡਪ੍ਰਕਾਸ਼ਿਕਾ' ਗ੍ਰੰਥ ਵਿੱਚ ਰਾਗ ਆਸਾਵਰੀ ਦਾ ਸਰੂਪ ਨਟ ਭੈਰਵੀ ਮੇਲ ਤੋਂ ਮੰਨਿਆ ਹੈ, ਜਿਹੜਾ ਆਹੋਬਲ ਦੇ 'ਸੰਗੀਤ ਪਾਰਜਾਤ' (੧੬੬੫ ਈ.) ਦੇ ਆਸਾਵਰੀ ਨਾਲ ਮਿਲਦਾ ਹੈ। 'ਸੰਗੀਤ ਦਰਪਣ ਵਿੱਚ' ਰਾਗਾਰਣਵ ਮੱਤ ਵਿੱਚ ਰਾਗ ਵਰਗੀਕਰਣ ਨੂੰ ਮੁਖ ਰੱਖ ਕੇ ਆਸਾਵਰੀ ਰਾਗ ਨੂੰ ਮਲਾਰ ਰਾਗ ਦਾ ਆਸ਼੍ਰਿਤ ਮੰਨਿਆ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ ਆਪਣੇ ਗ੍ਰੰਥ 'ਨਗ਼ਮਾਤੇ ਆਸਫ਼ੀ' ਵਿੱਚ ਆਸਾਵਰੀ ਨੂੰ ਭੈਰਵ ਦੀ ਇਸਤਰੀ ਮੰਨਿਆ ਹੈ ਤੇ ਸਾਰੇ ਸਵਰ ਕੋਮਲ ਮੰਨੇ ਹਨ।

ਆਸਾਵਰੀ ਰਾਗ ਦਾ ਪੁਰਾਤਨ ਸਰੂਪ ਰਿਸ਼ਭ ਗੰਧਾਰ ਧੈਵਤ ਨਿਸ਼ਾਦ ਕੋਮਲ ਹੋਣ ਕਾਰਨ ਅੱਜ ਦੇ ਕੋਮਲ ਰਿਸ਼ਭ ਆਸਾਵਰੀ ਦੇ ਸਮਾਨ ਹੀ ਸੀ। ਰਾਗ ਵਿੱਚ ਸ਼ੁਧ ਰਿਸ਼ਭ ਦਾ ਪ੍ਰਯੋਗ ਪ੍ਰਚਲਿਤ ਹੋਣ ਬਾਰੇ ਵਿਦਵਾਨਾਂ ਦਾ ਮੱਤ ਹੈ ਕਿ ਧਰੁਪਦ ਗਾਇਣ ਵਿੱਚ ਅਲਾਪਚਾਰੀ ਤੇ ਲੈਅ ਪ੍ਰਧਾਨ ਗਾਇਣ ਸ਼ੈਲੀ ਹੋਣ ਕਾਰਨ ਰਾਗ ਆਸਾਵਰੀ ਕੋਮਲ ਰਿਸ਼ਭ ਨਾਲ ਹੀ ਗਾਇਆ ਜਾਂਦਾ ਸੀ ਪਰ ਖਿਆਲ ਸ਼ੈਲੀ ਪ੍ਰਚਾਰ ਵਿੱਚ ਆਉਣ ਨਾਲ ਰਿਸ਼ਭ ਕੋਮਲ ਤੋਂ ਮਧਿਅਮ ਸ਼ੁਧ ਦਾ ਲਗਾਉ ਕਠਿਨ ਲੱਗਿਆ। ਆਸਾਵਰੀ ਥਾਟ ਅੰਕ ੧੯੬੧ ਦੇ ਪੰਨਾ ੧੪ ਤੇ 'ਆਸਾਵਰੀ-ਏਕ ਪਰੀਚੈ' ਵਿਚ ਕੁਮਾਰੀ ਮੰਜਰੀ ਵਾਤਲ ਦੇ ਕਥਨ ਅਨੁਸਾਰ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਸੰਨ ੧੭੧੯ ਵਿੱਚ ਜਦੋਂ ਸਦਾਰੰਗ ਅਦਾਰੰਗ ਦੇ ਖਿਆਲ ਪ੍ਰਾਪਤ ਹੁੰਦੇ ਹਨ ਉਦੋਂ ਤੋਂ ਸ਼ੁਧ ਰਿਸ਼ਭ ਆਸਾਵਰੀ ਦਾ ਪ੍ਰਾਰੰਭ ਮਿਲਦਾ ਹੈ। ਖਿਆਲ ਗਾਇਣ ਵਿੱਚ ਤਾਨਾਂ ਦੇ ਪ੍ਰਯੋਗ ਸਮੇਂ ਰਿਸ਼ਭ ਕੋਮਲ ਤੋਂ ਮਧਿਅਮ ਸ਼ੁਧ ਦਾ ਲਗਾਉ ਕਠਿਨ ਹੋਣ ਕਾਰਨ ਫਿਰ ਸ਼ੁਧ ਰਿਸ਼ਭ ਦਾ ਪ੍ਰਯੋਗ ਹੀ ਹੋਣ

ਲੱਗ ਪਿਆ। ਗਵਾਲੀਅਰ ਦੇ ਪ੍ਰਸਿੱਧ ਗਾਇਕ ਹੱਦੂ ਖਾਂ, ਹੱਸੂ ਖਾਂ ਤੇ ਨੱਥੂ ਖਾਂ ਆਸਾਵਰੀ ਦੇ ਅਨੇਕ ਖਿਆਲ ਤੀਬਰ ਰਿਸ਼ਭ ਨਾਲ ਹੀ ਗਾਉਂਦੇ ਸਨ। ਇਸ ਤਰ੍ਹਾਂ ਆਸਾਵਰੀ ਦੇ ਦੋ ਵੱਖ-ਵੱਖ ਰੂਪ ਹੋ ਗਏ। ਇਹੀ ਕਾਰਨ ਹੈ ਕਿ ਪ੍ਰਾਚੀਨ ਗ੍ਰੰਥਾਂ ਵਿੱਚ ਆਸਾਵਰੀ ਦਾ ਕਦੀ ਭੈਰਵ ਕਦੀ ਭੈਰਵੀ, ਕਦੀ ਗੌਰੀ ਥਾਟ ਮੰਨਿਆ ਗਿਆ ਹੈ।

ਪੰਡਿਤ ਭਾਤਖੰਡੇ ਦੇ ਕਥਨ ਅਨੁਸਾਰ ਰਾਗ ਆਸਾਵਰੀ ਵਿੱਚ ਖਿਆਲ ਗਾਇਕ ਉੱਤਰ ਭਾਰਤ ਵਿੱਚ ਕੋਮਲ ਰਿਸ਼ਭ ਤੇ ਦੱਖਣ ਵਿੱਚ ਸ਼ੁਧ ਰਿਸ਼ਭ ਹੀ ਲਗਾਉਂਦੇ ਸਨ। ਕੋਮਲ ਰਿਸ਼ਭ ਤੋਂ ਮਧਿਅਮ ਜਾਣ ਵਿੱਚ ਕਠਿਨਾਈ ਆਈ ਤੇ ਸਹਿਜੇ-ਸਹਿਜੇ ਰਾਗ ਦਾ ਸਰੂਪ ਹੀ ਸ਼ੁਧ ਰਿਸ਼ਭ ਵਾਲਾ ਪ੍ਰਚਾਰ ਵਿੱਚ ਆ ਗਿਆ। ਪੰਡਿਤ ਜੀ ਦੇ ਕਥਨ ਅਨੁਸਾਰ ਗਵਾਲੀਅਰ ਦੇ ਗਾਇਕਾਂ ਨੇ ਆਸਾਵਰੀ ਦਾ ਗਾਇਨ ਕੀਤਾ ਤਾਂ ਉਹ ਜੌਨਪੁਰੀ ਜੈਸਾ ਹੀ ਰਾਗ ਸੀ। ਸ੍ਰੀ ਵੀ.ਐਸ.ਨਿਗਮ ਦੇ 'ਸੰਗੀਤ ਕੌਮਦੀ' ਭਾਗ ਪਹਿਲਾ ਅਨੁਸਾਰ ਰਾਮਪੁਰ ਦੇ ਪ੍ਰਸਿੱਧ ਗਾਇਕ ਵਜ਼ੀਰ ਖਾਂ ਸਾਹਿਬ ਆਸਾਵਰੀ ਵਿੱਚ ਦੋਵੇਂ ਰਿਸ਼ਭ ਪ੍ਰਯੋਗ ਕਰਦੇ ਸਨ। ਆਸਾਵਰੀ ਦਾ ਅੱਜ ਦਾ ਪ੍ਰਚਲਿਤ ਸਰੂਪ ਰਾਗ ਜੌਨਪੁਰੀ ਦੇ ਬਹੁਤ ਹੀ ਨੇੜੇ ਹੈ। ਇਹਨਾਂ ਦੋਹਾਂ ਰਾਗਾਂ ਦਾ ਮੁਖ ਅੰਤਰ ਇਹੀ ਮੰਨਿਆ ਜਾਂਦਾ ਹੈ ਕਿ ਆਸਾਵਰੀ ਦੀ ਔੜਵ-ਸੰਪੂਰਨ ਜਾਤੀ ਹੈ ਤੇ ਜੌਨਪੁਰੀ ਵਿੱਚ ਆਰੋਹ ਵਿਚ ਨਿਸ਼ਾਦ ਦਾ ਪ੍ਰਯੋਗ ਹੋਣ ਕਾਰਨ ਸ਼ਾੜਵ-ਸੰਪੂਰਨ ਜਾਤੀ ਹੈ। ਆਸਾਵਰੀ ਵਿੱਚ ਧੈਵਤ ਦਾ ਤੇ ਜੌਨਪੁਰੀ ਵਿੱਚ ਪੰਚਮ ਦਾ ਮਹੱਤਵ ਜ਼ਿਆਦਾ ਹੈ। ਸ, ਰ ਮ ਪ, ਗੁ, ਰ ਮ ਪ, ਮ ਪ ਧੁ ਨੁ ਧੁ ਪ, ਮ ਪ ਧੁ ਨੁ ਸੰ, ਨੁ ਧੁ ਪ, ਮ ਪ ਗੁ, ਰ ਮ ਪ, ਇਸ ਤਰ੍ਹਾਂ ਸਵਰਾਂ ਦੇ ਪ੍ਰਯੋਗ ਨਾਲ ਜੌਨਪੁਰੀ ਦਾ ਸਰੂਪ ਬਣਦਾ ਹੈ ਪਰ ਆਸਾਵਰੀ ਵਿੱਚ ਰ ਮ ਪ ਧੁ ਧੁ ਪ, ਧੁ ਨੁ ਧੁ ਪ, ਮ ਪ ਗੁ ਰ ਸ, ਨੁ਼ ਧੁ਼ ਧੁ਼ ਸ, ਸ ਰ ਮ ਪ ਧੁ ਪ, ਧੁ ਧੁ ਨੁ ਧੁ ਪ, ਮ ਪ ਧੁ ਧੁ ਸੰ, ਰੰ ਨੁ ਧੁ ਪ, ਪ ਧੁ ਨੁ ਧੁ ਪ, ਮ ਪ ਧੁ ਮ ਪ, ਗੁ, ਰ ਸ, ਐਸੇ ਸਵਰ-ਸਮੂਹ ਪ੍ਰਯੋਗ ਹੁੰਦੇ ਹਨ। ਆਸਾਵਰੀ ਵਿੱਚ ਧੁ ਮਪ ਗੁ ਰ ਸ ਸੰਗਤੀ ਜ਼ਿਆਦਾ ਚੰਗੀ ਲਗਦੀ ਹੈ।

ਉੱਤਰੀ ਸੰਗੀਤ ਪੱਧਤੀ ਵਿੱਚ ਆਸਾਵਰੀ ਪ੍ਰਚਲਿਤ ਰਾਗਾਂ ਦੀ ਗਨਣਾ ਵਿੱਚ ਆਉਂਦਾ ਹੈ। ਭਾਤਖੰਡੇ ਦੇ ਥਾਟ-ਰਾਗ ਵਰਗੀਕਰਣ ਵਿੱਚ ਰਾਗ ਆਸਾਵਰੀ, ਆਸਾਵਰੀ ਥਾਟ ਦਾ ਆਸ਼੍ਰਿਯ ਰਾਗ ਹੈ। ਰਾਗ ਦੇ ਇਸ ਸਰੂਪ ਬਾਰੇ ਸਾਰੇ ਹੀ ਸੰਗੀਤਕਾਰ ਇਕ-ਮੱਤ ਹਨ। ਪੰਡਿਤ ਅੱਪਾ ਤੁਲਸੀ ਦੇ 'ਰਾਗ ਚੰਦ੍ਰਿਕਾਸਾਰ' ਅਨੁਸਾਰ 'ਕੋਮਲ ਗ ਮ ਧ ਨ ਤੀਖ ਰਿਖਵ ਚੜਤ ਗ ਨ ਨਾ ਸੁਹਾਈ। ਧ ਗ ਵਾਦੀ ਸੰਵਾਦਿ ਤੇ ਆਸਾਵਰੀ ਕਹਾਈ।' ਉਹਨਾਂ ਨੇ ਆਸਾਵਰੀ ਦਾ ਇਹ ਸਰੂਪ 'ਰਾਗ ਕਲਪਦੁਰਮਾਂਕਰੇ' ਤੇ ਰਾਗ ਚੰਦ੍ਰਿਕਾ ਵਿਚ ਵੀ ਦਿੱਤਾ ਹੈ। ਪੰਡਿਤ ਭਾਤਖੰਡੇ ਨੇ ਵੀ 'ਅਭਿਨਵ ਰਾਗ ਮੰਜਰੀ' ਵਿਚ ਇਹੀ ਸਰੂਪ ਦਿੱਤਾ ਹੈ। ਆਸਾਵਰੀ ਦਾ ਨਿਕਟਵਰਤੀ ਰਾਗ ਗੰਧਾਰੀ ਹੈ ਜਿਸ ਦਾ ਚਲਨ ਆਸਾਵਰੀ ਨਾਲ ਬਹੁਤ

ਮਿਲਦਾ ਹੈ ਪਰ ਗੰਧਾਰੀ ਦੇ ਅਵਰੋਹ ਵਿਚ ਰਿਸ਼ਭ ਕੋਮਲ ਦਾ ਪ੍ਰਯੋਗ ਹੈ ਇਹੀ ਮੁੱਖ ਅੰਤਰ ਇਹਨਾਂ ਦੋਹਾਂ ਰਾਗਾਂ ਨੂੰ ਇੱਕ ਦੂਜੇ ਤੋਂ ਵੱਖ ਕਰ ਦਿੰਦਾ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਰਾਗੁ ਆਸਾਵਰੀ, ਆਸਾਵਰੀ ਥਾਟ ਦੀ ਰਾਗਨੀ ਹੈ। ਗਾਉਣ ਸਮਾਂ ਸੂਰਜ ਚੜ੍ਹਨ ਤੋਂ ਪਹਿਰ ਦਿਨ ਚੜੇ ਤੀਕ ਹੈ। ਗੰਧਾਰ ਧੈਵਤ ਨਿਸ਼ਾਦ ਕੋਮਲ ਬਾਕੀ ਸਵਰ ਸ਼ੁਧ ਹਨ। ਆਰੋਹ-ਸ ਰ ਮ ਪ ਧੁ ਸਂ। ਅਵਰੋਹ-ਸਂ ਨੁ ਧੁ ਪ ਮ ਗੁ ਰ ਸ। ਜਾਤੀ ਔੜਵ-ਸੰਪੂਰਨ ਹੈ। ਬਹੁਤਿਆਂ ਨੇ ਆਸਾਵਰੀ ਨੂੰ ਭੈਰਵ ਅਤੇ ਭੈਰਵੀ ਥਾਟ ਤੇ ਗਾਉਣਾ ਵੀ ਮੰਨਿਆ ਹੈ। ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੇ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੰਨਾ ੨੪ ਅਨੁਸਾਰ ਇਹ ਆਸਾਵਰੀ ਮੇਘ ਦੀ ਛਾਇਆ ਕਰਕੇ ਆਸਾ ਨਾਲ ਮਿਲੀ ਹੈ। ਸਿਰੀ ਰਾਗ ਦੀ ਰਾਗਨੀ ਆਸਾਵਰੀ ਉਥੇ ਹੈ ਜਿਥੇ ਕੇਵਲ ਆਸਾਵਰੀ ਅਥਵਾ : 'ਸੁਧੰਗ' ਵਾ 'ਸ਼ੁਧ' ਦੀ ਸੂਚਨਾ ਹੈ ਜੋ ਸਾਬਤ ਕਰਦੀ ਹੈ ਸ਼ੁਧ ਅਤੇ ਆਸਾਵਰੀ ਮਿਲੀ ਹੋਈ ਹੈ, ਪ੍ਰੰਤੂ ਹੋਰਨਾਂ ਮੱਤਾਂ ਵਿੱਚ, ਕਾਲੀਨਾਥ ਮਤ ਵਿੱਚ ਪੰਚਮ ਦੀ ਰਾਗਣੀ ਅਤੇ ਰਾਗਾਰਣਵ ਦੇ ਮਤ ਵਿੱਚ ਮਲਾਰ ਦੀ ਰਾਗਣੀ ਆਸਾਵਰੀ ਹੈ ਅਤੇ ਮੇਲ ਵੀ ਆਸਾ ਭੈਰੋਂ ਪਰਜ ਜੇ ਗੰਧਾਰ ਮਿਲੇ ਤਾਂ ਜੋਗੀਆ ਆਸਾਵਰੀ ਮੰਨੀ ਹੈ। ਆਸਾ ਤੇ ਆਸਾਵਰੀ ਦਾ ਮੇਲ ਕੇਵਲ ਗੁਰਮਤਿ ਸੰਗੀਤ ਵਿਚ ਹੀ ਵਿਦਮਾਨ ਹੈ। ਡਾਕਟਰ ਚਰਨ ਸਿੰਘ ਦੇ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੰਨਾ ੨੦ ਅਨੁਸਾਰ 'ਆਸਾ ਭੈਰਵ ਪਰਜ ਮਲਾਈ ਤਬ ਆਸਾਵਰੀ ਪਾਈ'। 'ਸੁਰ ਤਾਲ ਸਮੂਹ' ਵਿੱਚ ਇਹ ਔੜਵ ਹੈ ਪ੍ਰੰਤੂ ਕਿਸੇ ਮਤ ਵਿਚ ਸੰਪੂਰਨ ਵੀ ਹੈ। ਮਲਾਰ, ਪਰਜ ਅਤੇ ਬਸੰਤ ਮਿਲ ਕੇ ਆਸਾਵਰੀ ਬਣਦੀ ਹੈ। ਇਸ ਦੇ ਦੋ ਭੇਦ ਹਨ। ਸ਼ੁਧ ਆਸਾਵਰੀ, ਤੇ ਜੋਗੀਆ ਆਸਾਵਰੀ। ਮੌਸਮ-ਹੇਮੰਤ ਰਿਤੁ, ਵੇਲਾ-ਪਹਿਰ ਦਿਨ ਚੜ੍ਹੇ ਗਾਉਂਦੇ ਹਨ ਜਿਸ ਤੋਂ ਖੁਸ਼ੀ ਪੈਦਾ ਹੁੰਦੀ ਹੈ। ਇਹ ਰਾਗਨੀ ਸ਼ੁਧ ਸੰਕੀਰਨ ਹੈ, ਮੇਘ ਰਾਗ ਦੀ ਇਸਤਰੀ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਸ. ਗਿਆਨ ਸਿੰਘ ਐਬਟਾਬਾਦ ਨੇ 'ਗੁਰਬਾਣੀ ਸੰਗੀਤ', ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ ਛੇਵਾਂ ਤੇ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨੇ 'ਪ੍ਰਾਚੀਨ ਰੀਤ ਰਤਨਾਵਲੀ' ਵਿੱਚ ਇਹੀ ਰਿਸ਼ਭ ਸ਼ੁਧ ਦੇ ਪ੍ਰਯੋਗ ਵਾਲਾ ਪ੍ਰਚਲਿਤ ਸਰੂਪ ਹੀ ਮੰਨਿਆ ਹੈ। ਪ੍ਰੋਫੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਤੇ ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਰਾਗ ਆਸਾਵਰੀ ਦਾ ਸਰੂਪ ਕੋਮਲ ਰਿਸ਼ਭ ਦੇ ਪ੍ਰਯੋਗ ਵਾਲਾ ਮੰਨਿਆ ਹੈ ਤੇ ਸ਼ੁਧ ਰਿਸ਼ਭ ਦੇ ਪ੍ਰਯੋਗ ਨਾਲ ਆਸਾਵਰੀ ਸੁਧੰਗ ਮੰਨਿਆ ਹੈ। ਪ੍ਰਿੰਸੀਪਲ ਦਿਆਲ ਸਿੰਘ ਨੇ 'ਗੁਰਮਤਿ ਸੰਗੀਤ ਸਾਗਰ' ਵਿਚ ਕੋਮਲ ਰਿਸ਼ਭ ਦਾ ਪਰੀਚੈ

ਤੇ ਜ਼ਿਕਰ ਵੀ ਕੀਤਾ ਹੈ ਪਰ ਸ਼ੁਧ ਰਿਸ਼ਭ ਆਸਾਵਰੀ ਦੀਆਂ ਬੰਦਸ਼ਾਂ ਦਿੱਤੀਆਂ ਹਨ। ਰਾਗ ਨਿਰਣਾਇਕ ਕਮੇਟੀ ਵਲੋਂ ਰਾਗ ਆਸਾਵਰੀ ਦਾ ਸਰੂਪ ਸ਼ੁਧ ਰਿਸ਼ਭ ਦੇ ਪ੍ਰਯੋਗ ਵਾਲਾ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਦਿੱਤਾ ਗਿਆ ਹੈ। ਇਥੇ ਵੀ ਆਸਾਵਰੀ ਦਾ ਪ੍ਰਚਲਿਤ ਸਰੂਪ ਗੰਧਾਰ ਧੈਵਤ ਨਿਸ਼ਾਦ ਕੋਮਲ ਤੇ ਹੋਰ ਸਵਰ ਸ਼ੁਧ ਵਾਲਾ ਹੀ ਦਿੱਤਾ ਜਾ ਰਿਹਾ ਹੈ। ਆਸਾਵਰੀ ਨੂੰ ਇਕ ਸੁਤੰਤਰ ਰਾਗ ਹੀ ਮੰਨਣਾ ਠੀਕ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿੱਚ ਆਸਾਵਰੀ ਰਾਗ ਵਿੱਚ ਰਚਿਤ ਬਾਣੀ ਆਸਾ ਮੁੱਖ ਰਾਗ ਦੇ ਹੀ ਅਧੀਨ ਅੰਕਿਤ ਹੈ। ਵੈਸੇ ਰਾਗੁ ਆਸਾ ਤੇ ਰਾਗ ਆਸਾਵਰੀ ਦੇ ਸਰੂਪ ਭਿੰਨ ਹਨ। ਆਸਾ ਵਿੱਚ ਸਾਰੇ ਸਵਰ ਸ਼ੁਧ ਹਨ ਜਦੋਂ ਕਿ ਆਸਾਵਰੀ ਵਿੱਚ ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਹਨ। ਦੋਹਾਂ ਰਾਗਾਂ ਦੀ ਸਮਾਨਤਾ ਦਾ ਪੱਖ ਵੇਖੀਏ ਤਾਂ ਦੋਹਾਂ ਰਾਗਾਂ ਦੀ ਜਾਤੀ ਇਕੋ ਹੈ ਤੇ ਸਵਰ ਵੀ ਉਹੀ ਹਨ ਪਰ ਸਵਰਾਂ ਦੇ ਸਰੂਪ ਵੱਖ ਹਨ। ਮੱਧ ਕਾਲ ਵਿੱਚ ਅੱਜ ਦਾ ਗੰਧਾਰ ਤੇ ਨਿਸ਼ਾਦ ਕੋਮਲ ਉਦੋਂ ਸ਼ੁਧ ਮੰਨਿਆ ਜਾਂਦਾ ਸੀ। ਨਾਮ ਦੀ ਵੀ ਦੋਹਾਂ ਰਾਗਾਂ ਵਿੱਚ ਕਾਫੀ ਸਮਾਨਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਸਾ ਕਾਫੀ, ਆਸਾਵਰੀ ਸੁਧੰਗ, ਆਸਾ ਆਸਾਵਰੀ ਤੇ ਆਸਾਵਰੀ ਇਹਨਾਂ ਚਾਰ ਰਾਗਾਂ ਨੂੰ ਆਸਾ ਮੁਖ ਰਾਗ ਵਿੱਚ ਹੀ ਸਥਾਨ ਦਿੱਤਾ ਹੈ। ਸ਼ਬਦ ਰਚਨਾ ਵਿੱਚ ਪੰਨਾ ੪੩੧ ਤੇ ਆਸਾਵਰੀ ਮਹਲਾ ੫ ਘਰੁ ੩ ਦੇ ਸਿਰਲੇਖ ਹੇਠ ਸ਼ਬਦ ਅੰਕ ॥੮॥੧॥੨॥ ਤੇ ਇਕ ਸ਼ਬਦ ਅੰਕਿਤ ਹੈ। ਵੈਸੇ ਆਸਾਵਰੀ ਸੁਧੰਗ ਦੇ ਦੋ ਸ਼ਬਦ ਤੇ ਰਾਗ ਆਸਾ ਆਸਾਵਰੀ ਦੇ ਸੱਤ ਸ਼ਬਦਾਂ ਦਾ ਗਾਇਨ ਵੀ ਕੀਰਤਨਕਾਰ ਜ਼ਿਆਦਾ ਕਰਕੇ ਆਸਾਵਰੀ ਰਾਗ ਵਿੱਚ ਹੀ ਕਰ ਰਹੇ ਹਨ।

**ਪਰੀਚੈ:-**

ਰਾਗ - ਆਸਾਵਰੀ ਥਾਟ-ਆਸਾਵਰੀ

ਸਵਰ - ਗੰਧਾਰ, ਧੈਵਤ ਨਿਸ਼ਾਦ ਕੋਮਲ ਹੋਰ ਸਭ ਸ਼ੁਧ

ਵਰਜਿਤ ਸਵਰ - ਗੰਧਾਰ ਤੇ ਨਿਸ਼ਾਦ ਆਰੋਹ ਵਿੱਚ

ਜਾਤੀ - ਔੜਵ-ਸੰਪੂਰਨ ਵਾਦੀ-ਧੈਵਤ

ਸੰਵਾਦੀ - ਗੰਧਾਰ ਸਮਾਂ-ਦਿਨ ਦਾ ਦੂਜਾ ਪਹਿਰ

ਆਰੋਹ - ਸ ਰ ਮ ਪ ਧੁ, ਸੰ

ਅਵਰੋਹ - ਸੰ ਨੁ ਧੁ ਪ, ਮ ਪ ਗੁ, ਰ ਸ

ਮੁੱਖ ਅੰਗ (ਪਕੜ)- ਰ ਮ ਪ, ਧੁ ਪ, ਮ ਪ ਗੁ, ਰ ਸ।

## ਰਾਗੁ ਆਸਾਵਰੀ

**ਸਵਰ ਵਿਸਥਾਰ:-**

1) ਸ, ਸ ਰ ਸ, ਸ ਰ ਨ਼ੁ ਧ਼ੁ ਧ਼ੁ ਪ਼, ਧ਼ੁ ਧ਼ੁ ਨ਼ੁ ਧ਼ੁ ਪ਼, ਧ਼ੁ ਮ਼ ਪ਼, ਮ਼ ਪ਼ ਧ਼ੁ, ਨ਼ੁ ਧ਼ੁ ਸ, ਸ ਰ ਮ, ਰ ਮ ਪ, ਗੁ ਰ ਸ, ਰ ਮ ਪ ਧੁ ਧੁ ਪ, ਰ ਮ ਪ ਧੁ ਮ ਪ, ਧੁ ਮ ਪ ਗੁ ਰ ਸ, ਨ਼ੁ ਧ਼ੁ ਧ਼ੁ ਸ।
2) ਸ ਰ ਸ, ਰ ਮ ਪ, ਮ ਪ ਧੁ ਧੁ ਪ, ਮ ਪ ਧੁ ਨੁ ਧੁ ਧੁ ਪ, ਪ ਧੁ ਨੁ ਧੁ ਪ, ਧੁ ਧੁ ਮ ਪ, ਮ ਪ ਧੁ ਮ ਪ, ਰ ਮ ਪ ਧੁ ਧੁ, ਸਂ ਨੁ ਧੁ ਪ, ਮ ਪ ਧੁ ਧੁ ਸਂ, ਸਂ ਰਂ ਨੁ ਧੁ ਪ, ਮ ਪ ਸਂ ਨੁ ਧੁ ਪ, ਧੁ ਨੁ ਧੁ ਪ, ਧੁ ਮ ਪ ਗੁ, ਪ ਧੁ ਮ ਪ ਗੁ, ਰ ਸ।
3) ਮ ਪ ਧੁ, ਧੁ ਸਂ, ਸਂ ਰਂ ਸਂ, ਰਂ ਗੁਂ ਰਂ ਸਂ, ਰਂ ਨੁ ਧੁ ਪ, ਪ ਧੁ ਸਂ ਰਂ ਸਂ, ਰਂ ਗੁਂ ਰਂ ਸਂ, ਰਂ ਮਂ ਪਂ ਧੁਂ ਪਂ, ਧੁਂ ਮਂ ਪਂ ਗੁਂ ਰਂ ਸਂ, ਰਂ ਨੁ ਧੁ ਪ, ਮ ਪ ਧੁ ਨੁ ਧੁ ਧੁ ਪ, ਧੁ ਮ ਪ ਸਂ ਨੁ ਧੁ ਪ, ਸਂ ਰਂ ਨੁ ਧੁ ਪ, ਮ ਪ ਧੁ ਨੁ ਧੁ ਪ, ਸਂ ਨੁ ਧੁ ਪ, ਧੁ ਮ ਪ, ਰ ਮ ਪ ਧੁ ਪ, ਮ ਪ ਗੁ, ਰ ਸ, ਨ਼ੁ ਧ਼ੁ ਪ਼, ਧ਼ੁ ਸ।

### ਆਸਾਵਰੀ ਮਹਲਾ ੫ ਘਰੁ ੩ (੪੩੧)

**ੴ ਸਤਿਗੁਰ ਪ੍ਰਸਾਦਿ॥ ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ॥ ਸਾਧਸੰਗਿ ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ॥੧॥ਰਹਾਉ॥ ਦਰਸਨ ਕੀ ਪਿਆਸ ਘਣੀ ਚਿਤਵਤ ਅਨਿਕ ਪ੍ਰਕਾਰ ॥ ਕਰਹੁ ਅਨੁਗ੍ਰਹੁ ਪਾਰਬ੍ਰਹਮ ਹਰਿ ਕਿਰਪਾ ਧਾਰਿ ਮੁਰਾਰਿ॥੧॥ ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ॥ ਜਿਸੁ ਵਖਰ ਕਉ ਚਾਹਤਾ ਸੋ ਪਾਇਓ ਨਾਮਹਿ ਰੰਗਿ॥੨॥ ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ॥ ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ॥੩॥ ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ॥ ਕਰਿ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ॥੪॥ ਮੀਤ ਸਾਜਨ ਸੁਤ ਬੰਧਪਾ ਕੋਊ ਹੋਤ ਨ ਸਾਥ॥ ਏਕੁ ਨਿਵਾਹੂ ਰਾਮ ਨਾਮ ਦੀਨਾ ਕਾ ਪ੍ਰਭੁ ਨਾਥ॥੫॥ ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ॥ ਭੇਟਿਓ ਪੂਰਾ ਸਤਿਗੁਰੂ ਸਾਚਾ ਪ੍ਰਭ ਸਿਉ ਨੇਹ॥੬॥ ਸਾਧ ਤੇਰੇ ਕੀ ਜਾਚਨਾ ਵਿਸਰੁ ਨ ਸਾਸਿ ਗਿਰਾਸਿ॥ ਜੋ ਤੁਧੁ ਭਾਵੈ ਸੋ ਭਲਾ ਤੇਰੈ ਭਾਣੈ ਕਾਰਜ ਰਾਸਿ॥੭॥ ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ॥ ਕਹੁ ਨਾਨਕ ਸਭ ਦੁਖ ਮਿਟੇ ਪ੍ਰਭ ਭੇਟੇ ਪਰਮਾਨੰਦ॥੮॥੧॥੨॥**

ਪਦ ਅਰਥ:- ਮਨ-ਹੇ ਮਨ! ਸਾਧਸੰਗਿ-ਗੁਰੂ ਦੀ ਸੰਗਤਿ ਵਿਚ। ਜਪਤ-ਜਪਦਿਆਂ। ਰੀਤਿ-ਮਰਯਾਦਾ। ਘਣੀ-ਬਹੁਤ। ਚਿਤਵਤ-ਚੇਤਾ ਕਰਦਿਆਂ। ਅਨੁਗ੍ਰਹੁ-ਕਿਰਪਾ। ਮੁਰਾਰਿ-ਹੇ ਪ੍ਰਭੂ! ਪਰਦੇਸੀ-ਕਈ ਜੂਨਾਂ ਵਿੱਚ ਭਟਕਦਾ। ਸਾਧ-ਗੁਰੂ। ਨਾਮਹਿ ਰੰਗਿ-ਨਾਮ ਦੇ ਪਿਆਰ ਵਿਚ। ਜੇਤੇ-ਜਿਤਨੇ ਭੀ। ਭੁੰਚਹਿ-ਮਾਣਦੇ ਹਨ। ਸਭ ਠਾਇ-ਹਰ ਥਾਂ। ਚਲਤਉ-ਨਾਸਵੰਤ। ਕੋ-ਦਾ। ਨਾਉ-ਨਾਮ। ਪਾਵਹਿ-ਤੂੰ ਪਾ ਲਏਂਗਾ। ਠਾਉ-ਥਾਂ। ਬੰਧਪਾ-ਰਿਸ਼ਤੇਦਾਰ। ਨਿਵਾਹੂ-ਸਦਾ ਨਿਭਣ ਵਾਲਾ। ਦੀਨਾ ਕਾ-ਗਰੀਬਾਂ ਦਾ। ਨਾਥ-ਖਸਮ। ਬੋਹਿਥ-ਜਹਾਜ਼। ਤੇਹ ਲਗਿ-ਉਹਨਾਂ ਨਾਲ ਲੱਗ ਕੇ। ਨੇਹ-ਪਿਆਰ। ਸਾਧ-ਸੇਵਕ। ਜਾਚਨਾ-ਮੰਗ। ਸਾਸਿ ਗਿਰਾਸਿ-ਹਰੇਕ ਸਾਹ ਨਾਲ ਤੇ ਗਿਰਾਹੀ ਨਾਲ। ਰਾਸਿ-ਠੀਕ। ਸੁਖ ਸਾਗਰ-ਸੁਖਾਂ ਦਾ ਸਾਗਰ। ਭੇਟੇ-ਮਿਲੇ। ਪਰਮਾਨੰਦ-ਸਭ ਤੋਂ ਸ੍ਰੇਸ਼ਟ ਆਨੰਦ ਦੇ ਮਾਲਕ।

## ਰਾਗੁ ਆਸਾਵਰੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | ਸ | ਰ | ਮ | ਪ |
| | | | | | | | | | | | | ਮੇ | ਰੇ | ਮ | ਨ |
| ਧੁ | ਧੁ | ਪ | ਪ | ਮ | ਪ | ਧੁ | ਪ | ਮਮ | ਗੁ | ਰ | ਸ | ਗੁ | - | ਰ | ਸ |
| ਹ | ਰਿ | ਸਿ | ਉ | ਲਾ | S | ਗੀ | S | ਪ੍ਰੀ | S | ਤਿ | S | ਸਾ | S | ਧ | S |
| ਰ | - | ਸ | - | ਰ | ਮ | ਪ | ਸੰ | ਨੁ | ਧੁ | ਪ | - | ਰੰ | ਗੁੰ | ਰੰ | ਸੰ |
| ਸੰ | S | ਗਿ | S | ਹ | ਰਿ | ਹ | ਰਿ | ਜ | ਪ | ਤ | S | ਨਿ | ਰ | ਮ | ਲ |
| ਰੰ | ਨੁ | ਧੁ | ਪ | ਮ | ਪ | ਧੁ | ਪ | ਮਪ | ਧੁਪ | ਮਗੁ | ਰਸ | | | | |
| ਸਾ | S | ਚੀ | S | ਰੀ | S | S | S | ਤਿS | SS | SS | SS | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | ਮ | ਪ | ਧੁ | ਧੁ |
| | | | | | | | | | | | | ਦ | ਰ | ਸ | ਨ |
| ਸੰ | - | ਰੰ | ਸੰ | ਰੰ | ਗੁੰ | ਰੰ | ਸੰ | ਰੰ | ਨੁ | ਧੁ | ਪ | ਸੰ | ਸੰ | ਰੰ | ਸੰ |
| ਕੀ | S | S | S | ਪਿ | ਆ | ਸ | S | ਘ | S | ਣੀ | S | ਚਿ | ਤ | ਵ | ਤ |
| ਨੁ | ਧੁ | ਪ | - | ਮਮ | ਪ | ਧੁ | ਪ | ਮ | ਗੁ | ਰ | ਸ | | | | |
| ਅ | ਨਿ | ਕ | S | ਪ੍ਰ | S | ਕਾ | S | ਰ | S | S | S | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਰ ਮਪ ਧੁਧੁ ਮਪ ਧੁਪ ਮਪ ਗੁ- ਰਸ
2) ਸਰ ਮਪ ਧੁਪ ਧੁਨੁ ਧੁਪ ਮਪ ਮਗੁ ਰਸ
3) ਸਰ ਮਪ ਧੁਨੁ ਧੁਪ ਸੰਨੁ ਧੁਪ ਮਗੁ ਰਸ
4) ਸਰ ਮਪ ਧੁਪ ਸੰਨੁ ਧੁਪ ਮਪ ਗੁ- ਰਸ
5) ਸਰ ਮਪ ਧੁਪ ਮਪ ਗੁ- ਰਸ ਸਰ ਮਪ ਧੁਪ ਧੁਨੁ ਧੁਪ ਮਪ
ਸੰਨੁ ਧੁਪ ਮਗੁ ਰਸ
6) ਸਰ ਮਮ ਰਮ ਪਪ ਮਪ ਧੁਧੁ ਸੰਰੰ ਸੰਸੰ ਰੰਗੁੰ ਰੰਸੰ ਰੰਨੁ ਧੁਪ
ਮਪ ਧੁਪ ਗੁ- ਰਸ

7) ਸਰ ਮਪ ਰਮ ਪਧੁ ਮਪ ਧੁਧੁ ਸੰਰੰ ਸੰਸੰ ਸੰਨੁ ਧੁਪ ਨੁਧੁ ਮਪ ਧੁਮ ਪਪ ਗੁ- ਰਸ

8) ਮਪ ਧੁਪ ਮਗੁ ਰਸ ਮਪ ਧੁਨੁ ਧੁਪ ਮਗੁ ਰਸ ਮਪ ਧੁਧੁ ਸੰਰੰ ਸੰਨੁ ਧੁਪ ਮਗੁ ਰਸ

**ਤਿਹਾਈਆਂ:-**

1) 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 13ਵੀਂ ਤੋਂ ਦੂਜੀ ਮਾਤਰ ਦਾ ਟੁਕੜਾ ਪਹਿਲੀ ਮਾਤਰ ਤੋਂ ਦੋ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦਾ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 13ਵੀਂ ਮਾਤਰ ਤੋਂ 12ਵੀਂ ਮਾਤਰ ਦੇ ਇਕ ਪੂਰੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿਚ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
4) 13ਵੀਂ ਤੋਂ ਚੌਥੀ ਮਾਤਰ ਦੇ 8 ਮਾਤਰਾਂ ਦੇ ਟੁਕੜੇ ਨੂੰ 13ਵੀਂ ਮਾਤਰ ਤੋਂ 2 ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਆਸਾਵਰੀ ਮਹਲਾ ੫॥ (੪੧੦)

**ਕਾਰਨ ਕਰਨ ਤੂੰ ਹਾਂ॥ ਅਵਰੁ ਨਾ ਸੁਝੈ ਮੂੰ ਹਾਂ॥ ਕਰਹਿ ਸੁ ਹੋਈਐ ਹਾਂ॥ ਸਹਜਿ ਸੁਖਿ ਸੋਈਐ ਹਾਂ॥ ਧੀਰਜ ਮਨਿ ਭਏ ਹਾਂ॥ ਪ੍ਰਭ ਕੈ ਦਰਿ ਪਏ ਮੇਰੇ ਮਨਾ॥੧॥ਰਹਾਉ॥ ਸਾਧੂ ਸੰਗਮੇ ਹਾਂ॥ ਪੂਰਨ ਸੰਜਮੇ ਹਾਂ॥ ਜਬ ਤੇ ਛੁਟੇ ਆਪ ਹਾਂ॥ ਤਬ ਤੇ ਮਿਟੇ ਤਾਪ ਹਾਂ॥ ਕਿਰਪਾ ਧਾਰੀਆ ਹਾਂ॥ ਪਤਿ ਰਖੁ ਬਨਵਾਰੀਆ ਮੇਰੇ ਮਨਾ॥੧॥ ਇਹੁ ਸੁਖੁ ਜਾਨੀਐ ਹਾਂ॥ ਹਰਿ ਕਰੇ ਸੁ ਮਾਨੀਐ ਹਾਂ ॥ ਮੰਦਾ ਨਾਹਿ ਕੋਇ ਹਾਂ॥ ਸੰਤ ਕੀ ਰੇਨ ਹੋਇ ਹਾਂ॥ ਆਪੇ ਜਿਸੁ ਰਖੈ ਹਾਂ॥ ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ॥੨॥ ਜਿਸ ਕਾ ਨਾਹਿ ਕੋਇ ਹਾਂ॥ ਤਿਸ ਕਾ ਪ੍ਰਭੂ ਸੋਇ ਹਾਂ॥ ਅੰਤਰਗਤਿ ਬੁਝੈ ਹਾਂ॥ ਸਭੁ ਕਿਛੁ ਤਿਸੁ ਸੁਝੈ ਹਾਂ॥ ਪਤਿਤ ਉਧਾਰਿ ਲੇਹੁ ਹਾਂ॥ ਨਾਨਕ ਅਰਦਾਸਿ ਏਹੁ ਮੇਰੇ ਮਨਾ॥੩॥੬॥੧੬੨॥**

ਪਦ ਅਰਥ:-ਕਾਰਨ-ਵਸੀਲਾ, ਬਨਉਣ ਵਾਲਾ। ਕਰਨ-ਜਗਤ। ਮੂੰ-ਮੈਨੂੰ। ਕਰਹਿ-ਤੂੰ ਕਰਦਾ ਹੈਂ। ਸਹਜਿ-ਆਤਮਕ ਅਡੋਲਤਾ ਵਿਚ। ਸੁਖਿ-ਆਨੰਦ ਵਿਚ। ਸੋਈਐ-ਲੀਨ ਰਹੀਏ। ਸਾਧੂ-ਗੁਰੂ। ਸੰਗਮੇ-ਮੇਲ ਵਿਚ, ਸੰਗਤ ਵਿਚ। ਸੰਜਮੇ-ਸੰਜਮ ਵਿਚ। ਆਪ-ਆਪਾ-ਭਾਵ। ਤਾਪ-ਦੁੱਖ-ਕਲੇਸ਼। ਬਨਵਾਰੀਆ-ਹੇ ਜਗਤ ਦੇ ਮਾਲਕ-ਪ੍ਰਭੂ! ਮਾਨੀਐ-ਪਰਵਾਨ ਕਰੀਏ। ਰੇਨ-ਚਰਨ-ਧੂੜ। ਅੰਮ੍ਰਿਤੁ-ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਅੰਤਰਗਤਿ-ਅੰਦਰ ਦੀ ਲੁਕਵੀਂ ਗੱਲ। ਪਤਿਤ-ਵਿਕਾਰਾਂ ਵਿੱਚ ਡਿੱਗੇ ਹੋਏ। ਉਧਾਰਿ ਲੇਹੁ-ਬਚਾ ਲੈ।

## ਰਾਗੁ ਆਸਾਵਰੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮਮ | ਪ | ਧੁ | ਪ | ਸੰ | ਨੁ | ਧੁ | ਪ |
| | | | | | | | | ਪ੍ਰ | ਭ | ਕੈ | S | ਦ | ਰਿ | ਪ | ਏ |
| ਗੁ | - | ਰ | ਸ | ਰ | ਮ | ਪ | - | ਮਮ | ਪ | ਧੁ | ਸੰ | ਰੰ | ਨੁ | ਧੁ | ਪ |
| ਮੇ | S | ਰੇ | S | ਮ | S | ਨਾ | S | ਪ੍ਰ | ਭ | ਕੈ | S | ਦ | ਰਿ | ਪ | ਏ |
| ਮ | ਪ | ਧੁ | ਪ | ਮਪ | ਧੁਪ | ਮਗੁ | ਰਸ | | | | | | | | |
| ਮੇ | S | ਰੇ | S | ਮS | SS | ਨਾS | SS | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ | ਪਪ | ਧੁ | ਧੁਧੁ | ਸੰ | - | ਰੰ | ਸੰ |
| | | | | | | | | ਕਾ | ਰਨ | ਕ | ਰਨ | ਤੂੰ | S | ਹਾਂ | S |
| ਰੰ | ਗੁੰ | ਰੰ | ਸੰ | ਰੰ | ਨੁ | ਧੁ | ਪ | ਸੰ | ਰੰਰੰ | ਗੁੰ | ਰੰ | ਸੰਸੰ | ਨੁ | ਧੁ | ਪ |
| ਅ | ਵ | ਰੁ | ਨਾ | ਸੁ | ਝੈ | ਮੂੰ | ਹਾਂ | ਕ | ਰਹਿ | ਸੁ | S | ਹੋਈ | ਐ | ਹਾਂ | S |
| ਪਪ | ਧੁ | ਮ | ਪ | ਧੁਪ | ਮਪ | ਮਗੁ | ਰਸ | | | | | | | | |
| ਸਹ | ਜਿ | ਸੁ | ਖਿ | ਸੋਈ | ਐS | ਹਾਂS | SS | | | | | | | | |
| x | | | | 2 | | | | 0 | | | | 3 | | | |

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਜੋੜ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 8ਵੀਂ ਮਾਤਰ ਦਾ ਪੂਰੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਦੇ ਪੂਰੇ ਚੱਕਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

(ਸਵਈਏ ਮਹਲੇ ਚਉਥੇ ਕੇ ੪ ) (੧੪੦੪)

**ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ॥ ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ॥ ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥ ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ॥ ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ॥ ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ॥੧॥**

ਪਦ ਅਰਥ:-ਅਗਮੁ-ਅਪਹੁੰਚ। ਅਨੰਤੁ-ਬੇਅੰਤ। ਅਨਾਦਿ-(ਅਨ-ਆਦ) ਜਿਸ ਦਾ ਮੁੱਢ ਲੱਭ ਨਹੀਂ ਸਕਦਾ। ਆਦਿ-ਮੁੱਢ। ਬਿਰੰਚਿ-ਬ੍ਰਹਮਾ। ਨਿਤਹਿ-ਸਦਾ। ਬਖਾਣੈ-ਬਿਆਨ ਕਰਦਾ ਹੈ। ਭੰਜਨ ਗੜ੍ਹਣ ਸਮਥੁ-ਜੀਵਾਂ ਨੂੰ ਨਾਸ ਕਰਨ ਤੇ ਪੈਦਾ ਕਰਨ ਦੇ ਸਮਰੱਥ। ਤਰਣ ਤਾਰਣ-ਤਾਰਣ ਲਈ ਜਹਾਜ਼। ਤਰਣ-ਜਹਾਜ਼। ਨਾਨਾ ਪ੍ਰਕਾਰ-ਕਈ ਤਰ੍ਹਾਂ ਦਾ। ਜਿਨਿ-ਜਿਸ (ਅਕਾਲਪੁਰਖ) ਨੇ। ਰਸਨਾ ਰਸੈ-ਜੀਭ ਨਾਲ ਜਪਦਾ ਹੈ। ਗੁਰ ਰਾਮਦਾਸ ਚਿਤਹ-ਗੁਰੂ ਰਾਮਦਾਸ ਦੇ ਹਿਰਦੇ ਵਿਚ।

(ਇਹ ਬੰਦਸ਼ ਭਾਈ ਦਲੀਪ ਸਿੰਘ ਜੀ ਗਾਇਨ ਅਚਾਰੀਆ ਪਾਸੋਂ ਪ੍ਰਾਪਤ ਹੋਈ।)

## ਰਾਗੁ ਆਸਾਵਰੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪ | ਸੰ | ਧੁ | ਪ | ਮ | ਪ |
| | | | | | | | | ਅ | ਗ | ਮੁ | ਅ | ਨੰ | S | ਤੁ | S |
| ਗੁ | ਰ | ਸ | ਰ | ਮ | ਪ | ਧੁ | ਪ | ਮ | ਪ | ਗੁ | ਗੁ | ਰ | ਰ | ਸ | – |
| ਅ | ਨਾ | S | ਦਿ | ਆ | S | ਦਿ | S | ਜਿ | ਸੁ | ਕੋ | ਇ | ਨ | ਜਾ | ਣੈ | S |
| ਸ | ਸ | ਰ | ਰ | ਮ | ਮ | ਪ | ਪ | ਧੁ | – | ਪ | ਧੁ | ਸੰਰੰ | ਗੁੰ | ਰੰ | ਸੰ |
| ਸਿ | ਵ | ਬਿ | ਰੰ | S | ਚਿ | ਧ | ਰਿ | ਧ੍ਯਾ | S | ਨੁ | ਨਿ | ਤS | ਹਿ | ਜਿ | ਸੁ |
| ਸੰ | – | ਸੰ | ਰੰ | ਨੁ | ਧੁ | ਪ | – | | | | | | | | |
| ਬੇ | S | ਦੁ | ਬ | ਖਾ | S | ਣੈ | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪ | – | ਧੁ | – | ਪ | ਧੁ |
| | | | | | | | | ਨਿ | ਰੰ | S | S | ਕਾ | S | ਰੁ | S |
| ਸੰ | ਸੰ | ਸੰ | ਸੰ | ਰੰ | ਨੁ | ਧੁ | ਪਪ | ਸੰ | – | ਸੰ | ਰੰ | ਨੁ | ਧੁ | ਪ | – |
| ਨਿ | ਰ | ਵੈ | ਰੁ | ਅ | ਵ | ਰੁ | ਨਹੀ | ਦੂ | S | ਸ | ਰ | ਕੋ | S | ਈ | S |
| ਮ | ਮ | ਰ | – | ਮ | ਮ | ਪ | – | ਧੁ | ਮ | ਪ | – | ਧੁ | ਗੁੰ | ਰੰ | ਸੰ |
| ਭੰ | ਜ | ਨ | S | ਗ | ੜ੍ਹ | ਣ | – | ਸ | ਮ | ਥੁ | S | ਤ | ਰ | ਣ | S |
| ਸੰ | ਸੰਸੰ | ਸੰਸੰ | ਰੰ | ਨੁ | ਧੁ | ਪ | – | | | | | | | | |
| ਤਾ | ਰਣ | ਪ੍ਰ | ਭੁ | ਸੋ | S | ਈ | S | | | | | | | | |
| x | | | | 2 | | | | 0 | | | | 3 | | | |

## ਦੂਜਾ ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪਪ | ਪ | ਧੁ | ਧੁ | ਨੁ | ਧੁ |
| | | | | | | | | ਨਾ | ਨਾ | ਪ੍ਰ | ਕਾ | S | ਰ | ਜਿ | ਨਿ |
| ਸਂ | ਸਂ | - | ਸਂ | ਰਂ | - | ਸਂ | - | ਰਂ | ਰਂ | ਰਂ | ਸਂ | ਸਂਰਂ | ਗੁਂ | ਰਂ | ਸਂ |
| ਜ | ਗੁ | S | ਕੀ | ੳ | S | S | S | ਜ | ਨੁ | ਮ | ਬੁ | ਰਾS | S | S | S |
| ਸਂ | ਸਂ | ਸਂ | ਰਂ | ਨੁ | ਧੁ | ਪ | - | ਮਮ | - | ਪ | ਪ | ਸਂ | ਰਂਨੁ | ਧੁ | ਪ |
| ਰ | ਸ | ਨਾ | S | ਰ | ਸੈ | S | S | ਸ੍ਰੀ | S | ਸ | ਤਿ | ਨਾ | SS | ਮੁ | S |
| ਗੁ | ਗੁ | ਗੁ | ਰਸ | ਰ | ਰ | ਸ | - | ਰਂ | ਰਂ | ਰਂ | ਸਂ | ਸਂਰਂ | ਗੁਂ | ਰਂ | ਸਂ |
| ਕ | ਰ | ਤਾ | SS | ਪੁ | ਰ | ਖੁ | S | ਗੁ | ਰ | ਰਾ | ਮ | ਦਾS | S | ਸ | S |
| ਸਂ | ਸਂਸਂ | - | ਰਂ | ਨੁ | ਧੁ | ਪ | - | | | | | | | | |
| ਚਿ | ਤਹ | S | S | ਬ | S | ਸੈ | S | | | | | | | | |
| X | | | | 2 | | | | 0 | | | | 3 | | | |

### (ਸਵਈਏ ਮਹਲੇ ਤੀਜੇ ਕੇ ੩) (੧੩੯੫)

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥ ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥ ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ॥ ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥੨॥੧੯॥**

ਪਦ ਅਰਥ:- ਕਲਾ ਧਾਰਿ-ਸੱਤਿਆ ਰਚ ਕੇ। ਜਗ ਮਹਿ- ਜਗਤ ਵਿਚ। ਪਰਵਰਿਯਉ-ਪ੍ਰਵਿਰਤ ਹੋਇਆ ਹੈ। ਨਿਰੰਕਾਰਿ-ਨਿਰੰਕਾਰ ਨੇ। ਆਕਾਰੁ-ਅਕਾਰ ਰੂਪ ਹੋ ਕੇ, ਸਰੂਪ ਧਾਰ ਕੇ। ਜਗ ਮੰਡਲਿ-ਜਗਤ ਦੇ ਮੰਡਲ ਵਿਚ। ਜੋਤਿ ਕਰਿਯਉ-ਜੋਤਿ ਪ੍ਰਗਟਾਈ ਹੈ। ਜਹ ਕਹ-ਜਿੱਥੇ ਕਿੱਥੇ। ਤਹ-ਤਿਥੇ, ਉਥੇ ਹੀ। ਭਰਪੂਰੁ-ਵਿਆਪਕ, ਹਾਜ਼ਰ-ਨਾਜ਼ਰ। ਸਬਦੁ-ਸਬਦ ਨੂੰ। ਦੀਪਕਿ-ਦੀਵੇ ਨਾਲ। ਦੀਪਾਯਉ-ਜਗਾਇਆ ਹੈ, ਪ੍ਰਕਾਸ਼ਿਆ ਹੈ, ਗ੍ਰਹਣ ਕੀਤਾ ਹੈ, ਪ੍ਰਗਟਾਇਆ ਹੈ। ਜਿਹ ਸਿਖਹ-ਜਿੰਨ੍ਹਾਂ ਸਿੱਖਾਂ ਨੇ। ਸੰਗ੍ਰਹਿਓ-ਗ੍ਰਹਿਣ ਕੀਤਾ ਹੈ। ਤਤੁ-ਤੁਰਤ, ਤਤਕਾਲ। ਨਾਨਕ ਕੁਲਿ-ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚ। ਨਿੰਮਲੁ-ਨਿਰਮਲ। ਅਵਤਰਿਉ-ਅਵਤਾਰ ਹੋਇਆ। ਲਹਣੇ ਸੰਗਿ ਹੁਅ-ਲਹਣੇ ਜੀ ਦੇ ਨਾਲ ਹੋ ਕੇ, ਨਾਲ ਮਿਲ ਕੇ। ਤਾਰਣ ਤਰਣ-ਤਾਰਣ ਲਈ ਜਹਾਜ਼। ਪਾ ਸਰਣਿ ਤੁਅ-ਤੇਰੇ ਚਰਨਾਂ ਦੀ ਸਰਨ ਰਹਾਂ।

## ਰਾਗੁ ਆਸਾਵਰੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰ | ਮ | ਪ | ਧੁ | ਧੁ | ਪ | ਮ | ਪ | - | ਗੁ | ਰ | ਸ |
| ਆ | ਪਿ | ਨ | ਰਾ | ਇ | ਣੁ | ਕ | ਲਾ | S | ਧਾ | S | ਰਿ |
| ਮ | ਪ | ਸਂ | ਨੁ | ਧੁ | ਪ | ਪਧੁ | ਮ | ਪ | ਗੁਗੁ | ਰ | ਸ |
| ਜ | S | ਗ | ਮ | ਹਿ | S | ਪਰ | ਵ | ਰਿ | ਯਉ | S | S |
| X | | 0 | | 2 | | 0 | | 3 | | 4 | |

ਰਾਗੁ ਆਸਾਵਰੀ

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਪ | ਧੁ | ਸੰ | ਰੰ | ਸੰ | ਰੰਗੁੰ | ਰੰ | ਸੰ | ਨੁ | ਧੁ | ਪ |
| ਨਿ | ਰੰ | S | ਕਾ | S | ਰਿ | ਆS | ਕਾ | S | ਰੁ | S | S |
| ਮ | ਪ | ਸੰ | ਨੁ | ਧੁ | ਪ | ਧੁ | ਮ | ਪ | ਮਪ | ਮਗੁ | ਰਸ |
| ਜੋ | S | ਤਿ | ਜ | S | ਗ | ਮੰ | ਡ | ਲਿ | ਕS | ਰਿS | ਯਉ |
| x | | 0 | | 2 | | 0 | | 3 | | 4 | |

**ਤਾਨਾਂ ਤੇ ਤਿਹਾਈਆਂ:-**

1) ਸਰ ਮਪ ਧੁਪ ਮਪ ਧੁਨੁ ਧੁਪ ਮਪ ਸੰਰੰ ਸੰਨੁ ਧੁਪ ਮਗੁ ਰਸ

2) ਮਪ ਧੁਪ ਮਗੁ ਰਸ ਮਪ ਧੁਨੁ ਧੁਪ ਮਪ ਸੰਨੁ ਧੁਪ ਮਗੁ ਰਸ

3) ਮਪ ਧੁਧੁ ਸੰਰੰ ਗੁੰਰੰ ਸੰਨੁ ਧੁਪ ਮਪ ਧੁਨੁ ਧੁਪ ਮਪ ਮਗੁ ਰਸ

1) ਪਹਿਲੀ ਤੋਂ ਛੇਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 7ਵੀਂ-8ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) ਤੀਜੀ ਤੋਂ 6ਵੀਂ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਆਸਾਵਰੀ ਮਹਲਾ ੫ ॥ (੪੧੦)

**ਮਿਲਿ ਹਰਿ ਜਸੁ ਗਾਈਐ ਹਾਂ॥ ਪਰਮ ਪਦੁ ਪਾਈਐ ਹਾਂ॥ ਉਆ ਰਸ ਜੋ ਬਿਧੇ ਹਾਂ॥ ਤਾ ਕਉ ਸਗਲ ਸਿਧੇ ਹਾਂ॥ ਅਨਦਿਨੁ ਜਾਗਿਆ ਹਾਂ॥ ਨਾਨਕ ਬਡਭਾਗਿਆ ਮੇਰੇ ਮਨਾ॥੧॥ ਰਹਾਉ॥ ਸੰਤ ਪਗ ਧੋਈਐ ਹਾਂ॥ ਦੁਰਮਤਿ ਖੋਈਐ ਹਾਂ॥ ਦਾਸਹ ਰੇਨੁ ਹੋਇ ਹਾਂ॥ ਬਿਆਪੈ ਦੁਖੁ ਨ ਕੋਇ ਹਾਂ॥ ਭਗਤਾਂ ਸਰਨਿ ਪਰੁ ਹਾਂ॥ ਜਨਮਿ ਨ ਕਦੇ ਮਰੁ ਹਾਂ॥ ਅਸਥਿਰੁ ਸੇ ਭਏ ਹਾਂ॥ ਹਰਿ ਹਰਿ ਜਿਨ੍ਹ ਜਪਿ ਲਏ ਮੇਰੇ ਮਨਾ॥੧॥ ਸਾਜਨੁ ਮੀਤੁ ਤੂੰ ਹਾਂ॥ ਨਾਮੁ ਦ੍ਰਿੜਾਇ ਮੂੰ ਹਾਂ॥ ਤਿਸੁ ਬਿਨੁ ਨਾਹਿ ਕੋਇ ਹਾਂ॥ ਮਨਹਿ ਅਰਾਧਿ ਸੋਇ ਹਾਂ॥ ਨਿਮਖ ਨ ਵੀਸਰੈ ਹਾਂ॥ ਤਿਸੁ ਬਿਨੁ ਕਿਉ ਸਰੈ ਹਾਂ॥ ਗੁਰ ਕਉ ਕੁਰਬਾਨੁ ਜਾਉ ਹਾਂ॥ ਨਾਨਕੁ ਜਪੇ ਨਾਉ ਮੇਰੇ ਮਨਾ ॥੨॥੫॥੧੬੧॥**

ਪਦ ਅਰਥ:-ਮਿਲਿ-ਮਿਲ ਕੇ। ਜਸੁ-ਸਿਫਤਿ-ਸਾਲਾਹ ਦਾ ਗੀਤ। ਗਾਈਐ-ਗਾਣਾ ਚਾਹੀਦਾ ਹੈ। ਪਰਮ ਪਦੁ-ਸਭ ਤੋਂ ਉੱਚਾ ਆਤਮਕ ਦਰਜਾ। ਪਾਈਐ-ਹਾਸਲ ਕਰ ਲਈਦਾ ਹੈ। ਉਆ ਰਸ-ਉਸ ਸੁਆਦ ਵਿਚ। ਬਿਧੇ-ਵਿੱਝ ਗਿਆ। ਸਿਧੇ -ਸਿੱਧੀਆਂ। ਅਨਦਿਨੁ-ਹਰ ਰੋਜ਼। ਜਾਗਿਆ-ਸੁਚੇਤ ਰਹਿੰਦਾ ਹੈ। ਬਡਭਾਗਿਆ-ਵੱਡੇ ਭਾਗਾਂ ਵਾਲਾ। ਪਗ-ਪੈਰ, ਚਰਨ। ਧੋਈਐ-ਆਓ ਧੋਈਐ। ਦੁਰਮਤਿ-ਖੋਟੀ ਮਤਿ। ਖੋਈਐ-ਦੂਰ ਹੋ ਜਾਂਦੀ ਹੈ। ਦਾਸਹ ਰੇਨੁ-ਦਾਸਾਂ ਦੀ ਚਰਨ-ਧੂੜ। ਪਰੁ-ਪਉ। ਨ ਮਰੁ-ਨਹੀਂ ਮਰੇਂਗਾ। ਸੇ-ਉਹ ਬੰਦੇ। ਅਸਥਿਰੁ-ਅਡੋਲ ਆਤਮਕ ਜੀਵਨ ਵਾਲੇ। ਸਾਜਨੁ-ਸੱਜਣ। ਮੂੰ-ਮੈਨੂੰ। ਦ੍ਰਿੜਾਇ-ਪੱਕਾ ਕਰ ਦੇਹ। ਮਨਹਿ-ਮਨ ਵਿਚ। ਸੋਇ-ਉਸ (ਪ੍ਰਮਾਤਮਾ) ਨੂੰ। ਅਰਾਧਿ-ਯਾਦ ਕਰਿਆ ਕਰ। ਨਿਮਖ-ਅੱਖ ਝਮਕਣ ਜਿਤਨਾ ਸਮਾਂ। ਕਿਉ ਸਰੈ-ਚੰਗਾ ਨਹੀਂ ਲੰਘ ਸਕਦਾ। ਕਉ-ਨੂੰ, ਤੋਂ। ਨਾਨਕੁ ਜਪੇ- ਨਾਨਕ ਜਪਦਾ ਹੈ।

## ਰਾਗੁ ਆਸਾਵਰੀ ਮਹੇਸ਼ ਤਾਲ ਮਾਤਰਾਂ-9 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਰਮ | ਪ | ਧੁ | ਪ | ਮਪ | ਧੁਪ | ਗੁ | ਰ | ਸ |
| ਅS | ਨ | ਦਿ | ਨੁ | ਜਾS | ਗਿਆ | ਹਾਂ | S | S |
| ਮਪ | ਧੁਧੁ | ਸੰਰੰ | ਨੁਧੁ | ਪ | ਮਪ | ਮਗੁ | ਰ | ਸ |
| ਨਾS | ਨਕ | ਬS | ਡS | ਭਾ | ਗਿਆ | ਮੇਰੇ | ਮ | ਨਾ |
| X | | | | 2 | | 3 | | |

### ਅੰਤਰਾ

| | | | | | | | | |
|---|---|---|---|---|---|---|---|---|
| ਮ | ਪ | ਧੁਧੁ | ਪਧੁ | ਸੰਸੰ | ਸੰ | ਰੰ | - | ਸੰ |
| ਮਿ | ਲਿ | ਹਰਿ | ਜਸੁ | ਗਾਈ | ਐ | ਹਾਂ | S | S |
| ਰੰਰੰ | ਗੁੰ | ਰੰ | ਸੰ | ਸੰ | ਰੰਨੁ | ਧੁ | - | ਪ |
| ਪਰ | ਮ | ਪ | ਦੁ | ਪਾ | ਈਐ | ਹਾਂ | S | S |
| ਮ | ਪ | ਧੁ | ਪ | ਸੰਰੰ | ਨੁਨੁ | ਧੁ | ਮ | ਪ |
| ਉ | ਆ | ਰ | ਸ | ਜੋS | ਬਿਧੇ | ਹਾਂ | S | S |
| ਪ | ਧੁਧੁ | ਮਮ | ਪ | ਧੁਪ | ਮਪ | ਗੁ | ਰ | ਸ |
| ਤਾ | ਕਉ | ਸਗ | ਲ | ਸਿS | ਧੇS | ਹਾਂ | S | S |
| X | | | | 2 | | 3 | | |

**ਤਾਨਾਂ :-**

1) ਸਰਮਪ ਧੁਪਮਪ ਮਗੁਰਸ ਸਰਮਪ ਧੁਨੁਧੁਪ ਸੰਨੁਧੁਪ ਸੰਰੰਸੰਨੁ ਧੁਪਮਪ ਮਗੁਰਸ
2) ਮਪਧੁਪ ਮਪਧੁਨੁ ਧੁਪਮਪ ਧੁਧੁਸੰਰੰ ਸੰਨੁਧੁਪ ਸੰਰੰਗੁੰਰੰ ਸੰਨੁਧੁਪ ਮਪਧੁਪ ਮਗੁਰਸ
3) ਸਰਮਮ ਰਮਪਪ ਧੁਪਮਗੁ ਰਸਰਮ ਪਪਧੁਨੁ ਧੁਪਸੰਨੁ ਧੁਪਸੰਰੰ ਸੰਨੁਧੁਪ ਮਗੁਰਸ

**ਤਿਹਾਈਆਂ:-**

1) 5ਵੀਂ ਤੋਂ 7ਵੀਂ ਮਾਤਰ ਦੇ ਤਿੰਨ ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਚੌਥੀ ਮਾਤਰ ਨੂੰ ਤੀਜੀ ਮਾਤਰ ਨਾਲ ਜੋੜ ਕੇ ਪਹਿਲੀ ਤੋਂ ਤੀਜੀ ਮਾਤਰ ਦਾ ਟੁਕੜਾ ਸੱਮ ਤੋਂ ਬਰਾਬਰ ਲੈ ਕੇ ਫਿਰ ਚੌਥੀ ਮਾਤਰ ਤੋਂ 5ਵੀਂ-6ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਮਾਤਰ ਨੂੰ 8ਵੀਂ ਮਾਤਰ ਨਾਲ ਜੋੜਨਾ ਹੈ। ਫਿਰ 5ਵੀਂ ਤੋਂ 8ਵੀਂ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

# (ਸਵੈਯਾ) ਬਚਿਤ੍ਰ ਨਾਟਕ

**ਮੇਰੁ ਕਰੋ ਤ੍ਰਿਣ ਤੇ ਮੋਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ॥ ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋ ਸੋ॥ ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋ ਸੋ॥ ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ, ਭਾਰੀ ਭੁਜਾਨ ਕੋ ਭਾਰੀ ਭਰੋਸੋ॥੯੨॥**

ਪਦ ਅਰਥ:-ਮੇਰੁ-ਪਹਾੜ। ਤ੍ਰਿਣ-ਤੀਲਾ। ਛਿਮੋ-ਮੁਆਫ ਕਰੋ। ਕਹੂੰ-ਕਿੱਥੇ। ਦ੍ਰਬ-ਧਨ, ਦੌਲਤ, ਪਦਾਰਥ। ਕਲ-ਕਲਜੁਗ। ਕਾਲ ਕ੍ਰਿਪਾਨ-ਅਕਾਲ ਪੁਰਖ ਦੀ ਕਿਰਪਾ। ਭੁਜਾਨ-ਬਾਹਵਾਂ।

## ਰਾਗੁ ਆਸਾਵਰੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰ | ਮ | ਪ | ਧੁ | ਪ | ਮਮ | ਪ | ਗੁਗੁ | ਰ | ਸ |
| ਮੇ | ਰੁ | ਕ | ਰੋ | ऽ | ਤ੍ਰਿਣ | ਤੇ | ਮੋਹਿ | ਜਾ | ਹਿ |
| ਸੰਸੰ | ਰੰ | ਨੁ | ਧੁ | ਪ | ਮਪ | ਧੁਪ | ਮਗੁ | ਰ | ਸ |
| ਗਰੀ | ਬ | ਨਿ | ਵਾ | ਜ | ਨऽ | ਦੂऽ | ਸਰ | ਤੋ | ਸੋ |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਮ | ਪ | ਧੁ | ਧੁ | ਪਧੁ | ਸੰਸੰ | ਸੰ | ਸੰਸੰ | ਰੰ | ਸੰਸੰ |
| ਭੂ | ਲ | ਛਿ | ਮੋ | ऽऽ | ਹਮ | ਰੀ | ਪ੍ਰਭ | ਆ | ਪਨ |
| ਰੰਗੁੰ | ਰੰਸੰ | ਰੰਨੁ | ਧੁ | ਪ | ਧੁਪ | ਮਪ | ਗੁ | ਰ | ਸ |
| ਭੂਲ | ਨऽ | ਹਾऽ | ਰ | ऽ | ਕਹੂੰ | ਕੋਊ | ਮੋ | ਸੋ | ऽ |
| x | | 2 | | | 0 | | 3 | | |

ਤਾਨਾਂ:-

1) ਸਰਮਪ ਧੁਪਮਗੁ ਰਸਸਰ ਮਪਧੁਨੁ ਧੁਪਮਗੁ ਰਸਸਰ ਮਪਧੁਧੁ ਸੰਰੰਗੁੰਰੰ ਸੰਨੁਧੁਪ ਮਗੁਰਸ
2) ਮਪਧੁਮ ਪਧੁਮਪ ਧੁਨੁਧੁਪ ਮਗੁਰਸ ਮਪਧੁਮ ਪਧੁਮਪ ਸੰਰੰਗੁੰਰੰ ਸੰਨੁਧੁਪ ਮਪਧੁਪ ਮਗੁਰਸ
3) ਪਧੁਪਧੁ ਮਪਧੁਪ ਮਗੁਰਸ ਸਰਮਪ ਧੁਪਮਪ ਸੰਰੰਗੁੰਰੰ ਸੰਨੁਧੁਪ ਪਧੁਪਧੁ ਮਪਧੁਪ ਮਗੁਰਸ

ਤਿਹਾਈਆਂ:-

1) ਪਹਿਲੀਆਂ 4 ਮਾਤਰਾਂ ਬੰਦਸ਼ ਅਨੁਸਾਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਤੀਜੀ-ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) ਪਹਿਲੀ-ਦੂਜੀ ਮਾਤਰ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## (ਸਲੋਕ ਮਹਲਾ ੪) ਸਲੋਕ ਵਾਰਾਂ ਤੇ ਵਧੀਕ (੧੪੨੨)

**ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ॥ ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ॥੮॥**

ਪਦ ਅਰਥ:-ਬਾਹਰੇ-ਬਾਝੋਂ। ਜਾਂ-ਜਦੋਂ। ਥੀਵਨਿ-ਹੋ ਜਾਂਦੇ ਹਨ। ਭੀ-ਮੁੜ। ਹਰੇ-ਆਤਮਕ ਜੀਵਨ ਵਾਲੇ।

## ਰਾਗੁ ਆਸਾਵਰੀ ਏਕ ਤਾਲ ਮਾਤਰਾਂ-12 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਸਰ | ਮਪ |
| | | | | | | | | | | ਜਿਨਾ | ਪਿਰੀ |
| ਧੁ | ਪ-ਮਪ | ਰਮ | ਪ-ਮਪ | ਧੁਪ | ਧੁਨੁ | ਧੁਪ | ਪਧੁਮਪ | ਗੁਗੁ | ਰਸ | | |
| ਪਿ | ਆSਰੁS | ਕਿਉ | ਜੀSSS | ਵS | ਨਿS | ਪਿS | ਰSSS | ਬਾਹ | ਰੇS | | |
| x | | 0 | | 2 | | 0 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਮਪ | ਧੁ-ਪਧੁ |
| | | | | | | | | | | ਜਾਂS | ਸSਹੁS |
| ਸੰ | ਰੰਸੰ | ਸੰ-ਰੰਨੁ | ਧੁਪ | ਰੰਗੁੰ | ਰੰਸੰ | ਰੰਨੁਧੁਪ | ਮਪ | ਗੁ- | ਰਸ | | |
| ਦੇ | ਖਨਿ | ਆSਪS | ਣਾS | ਨਾS | ਨਕ | ਥੀSਵਨਿ | ਭੀS | ਹS | ਰੇS | | |
| x | | 0 | | 2 | | 0 | | 3 | | 4 | |

**ਅਲਾਪ:-**

1) ਸ- ਰਸ ਰਮਪ- ਧੁਪ ਮਪਧੁ- ਮਪ ਗੁ- ਰਸ

2) ਸ- ਰਮਪ- ਧੁਪ ਧੁਨੁਧੁਪ ਸੰਨੁਧੁਪ ਮਪਧੁਪ ਗੁ- ਰਸ

**ਤਾਨਾਂ:-**

1) ਸਰਮਪਧੁਪਮਗੁ ਰਸਸਰਮਪਧੁਨੁ ਧੁਪਮਪਮਗੁਰਸ ਸਰਮਪਧੁਧੁਸੰਰੰ
ਸੰਨੁਧੁਪਮਪਮਗੁ ਰਸਸਰਮਪਧੁਧੁ ਸੰਰੰਗੁੰਰੰਸੰਨੁਧੁਪ ਮਪਧੁਪਮਗੁਰਸ

2) ਮਪਧੁਪਮਪਧੁਨੁ ਧੁਪਮਪਧੁਧੁਸੰਨੁ ਧੁਪਮਪਧੁਧੁਸੰਰੰ ਸੰਨੁਧੁਪਮਪਧੁਧੁ
ਸੰਰੰਗੁੰਰੰਸੰਨੁਧੁਪ ਮਪਧੁਪਮਗੁਰਸ

ਰਾਗੁ ਆਸਾਵਰੀ

3) <u>ਮਪਧੁਮਪਧੁਮਪ</u> <u>ਧੁਪਮਪਮਗੁਰਸ</u> <u>ਪਧੁਸੰਪਧੁਸੰਪਧੁ</u> <u>ਸੰਰੰਗੁੰਰੰਸੰਨੁਧੁਪ</u>

<u>ਮਪਧੁਮਪਧੁਮਪ</u> <u>ਧੁਪਸੰਨੁਧੁਪਮਪ</u> <u>ਧੁਪਮਪਮਗੁਰਸ</u>

**ਤਿਹਾਈਆਂ:-**

1) 11ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 12ਵੀਂ ਮਾਤਰ ਨੂੰ ਜੋੜ ਕੇ ਸੱਮ ਤੇ ਆਉਣਾ ਹੈ।
2) 11ਵੀਂ-12ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ 10ਵੀਂ ਮਾਤਰ ਤੋਂ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।

**(ਸਲੋਕ ਭਗਤ ਕਬੀਰ ਜੀਉ ਕੇ) (੧੩੭੪)**

**ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ॥ ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ॥੧੮੬॥**

ਪਦ ਅਰਥ:-ਪਰਗਟੈ-ਜ਼ਹੂਰ ਹੁੰਦਾ ਹੈ, ਵੱਸਦਾ ਹੈ। ਬਲੰਤੀ-ਬਲਦੀ ਅੱਗ। ਨਾਂਇ-ਨਾਮ ਦੁਆਰਾ, ਬੰਦਗੀ ਦੁਆਰਾ।

## ਰਾਗੁ ਆਸਾਵਰੀ ਚਾਰ ਤਾਲ ਮਾਤਰਾਂ-12 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | ਪ | ਸੰ | ਨੁ | ਧੁਧੁ | ਪ | ਧੁ | ਮ | ਪ | ਗੁ | ਰ | ਸ |
| ਕ | ਬੀ | ਰ | ਅ | ਲਹ | ਕੀ | ਕ | S | ਰਿ | ਬੰ | ਦ | ਗੀ |
| ਗੁ | ਰ | ਸ | ਰਰ | ਮ | ਪ | ਧੁ | ਪ | ਮਪ | ਗੁ | ਰ | ਸ |
| ਜਿ | ਹ | S | ਸਿਮ | ਰ | ਤ | ਦੁ | S | ਖੁS | ਜਾ | S | ਇ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਪ | ਪਪ | ਧੁ | ਪ | ਧੁ | ਸੰ | ਸੰ | ਸੰ | ਰੰ | - | ਸੰ |
| ਦਿ | ਲ | ਮਹਿ | ਸਾਂ | S | ਈ | ਪ | ਰ | ਗ | ਟੈ | S | S |
| ਰੰ | ਗੁੰ | ਰੰਸੰ | ਰੰਨੁ | ਧੁ | ਪ | ਮ | ਪ | ਧੁਪ | ਗੁ | ਰ | ਸ |
| ਬੁ | ਝੈ | SS | ਬS | ਲੰ | ਤੀ | ਨਾਂ | S | SS | ਇ | S | S |
| x | | 0 | | 2 | | 0 | | 3 | | 4 | |

**ਲੈਅਕਾਰੀਆਂ:-**

ਏਕਗੁਨ-ਦੁਗੁਨ - ਪਹਿਲੀ ਮਾਤਰ ਤੋਂ ਪੂਰੀ ਅਸਥਾਈ ਬਰਾਬਰ ਲੈ ਕੇ ਫਿਰ ਪਹਿਲੀ ਮਾਤਰ ਤੋਂ ਪਹਿਲੇ ਚੱਕਰ ਦੀ ਦੁਗੁਨ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਦੁਗੁਨ ਵਿੱਚ ਦੋ ਵਾਰ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

ਦੁਗੁਨ-ਚੌਗੁਨ - ਅਸਥਾਈ ਦੀ ਪਹਿਲੀ ਲਾਈਨ ਨੂੰ ਦੁਗੁਨ ਵਿੱਚ 6 ਮਾਤਰਾਂ ਵਿੱਚ ਲੈ ਕੇ ਫਿਰ ਪਹਿਲੀ ਲਾਈਨ ਨੂੰ ਇਕ ਵਾਰ ਚੌਗੁਨ ਵਿੱਚ ਤਿੰਨ ਮਾਤਰਾਂ ਵਿਚ ਲੈ ਕੇ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਦੋ ਵਾਰ ਚੌਗੁਨ ਵਿੱਚ ਤਿੰਨ ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

ਤਿਗੁਨ - ਅਸਥਾਈ ਦੀ ਪਹਿਲੀ ਲਾਈਨ ਨੂੰ ਦੋ ਵਾਰ ਤਿਗੁਨ ਵਿੱਚ 8 ਮਾਤਰ ਵਿੱਚ ਲੈ ਕੇ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਦੋ ਵਾਰ ਤਿਗੁਨ ਵਿੱਚ 4 ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

ਤਿਗੁਨ-ਛੇਗੁਨ - ਪੂਰੀ ਅਸਥਾਈ ਦੀ ਇਕ ਵਾਰ ਤਿਗੁਨ 4+4=8 ਮਾਤਰਾਂ ਵਿਚ ਫਿਰ ਪਹਿਲੇ ਚੱਕਰ ਦੀ ਛੇਗੁਨ ਦੋ ਮਾਤਰਾਂ ਵਿੱਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਦੋ ਵਾਰ ਛਿਗੁਨ ਵਿੱਚ 2 ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

ਸ਼ਬਦ 'ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ' ਤੀਨ ਤਾਲ ਬੰਦਸ਼ ਵਾਲਾ ਹੈ।

## ਰਾਗੁ ਆਸਾਵਰੀ ਜੈ ਤਾਲ ਮਾਤਰਾਂ-13 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਰ | ਮ | ਪ | ਧੁ | ਪ | ਸੰ | ਨੁ | ਧੁ | ਪ | ਮਪ | ਗੁ | ਰਰ | ਸ |
| ਮੇ | ਰੇ | ਮ | ऽ | ਨ | ਹ | ਰਿ | ਸਿ | ਉ | ਲਾऽ | ਗੀ | ਪ੍ਰੀ | ਤਿ |
| ਸ | ਰ | ਨੁ̣ | ਧੁ̣ | ਸ | ਰ | ਮ | ਪ | ਧੁ | ਨੁ | ਧੁ | ਪ | - |
| ਸਾ | ਧ | ਸੰ | ऽ | ਗਿ | ਹ | ਰਿ | ਹ | ਰਿ | ਜ | ਪ | ਤ | ऽ |
| ਸੰ | ਰੰ | ਨੁ | ਧੁ | ਪ | ਮ | ਪ | ਧੁ | ਪ | ਗੁ | - | ਰ | ਸ |
| ਨਿ | ਰ | ਮ | ऽ | ਲ | ਸਾ | ऽ | ਚੀ | ऽ | ਰੀ | ऽ | ਤਿ | ऽ |
| x | | | | | 2 | | | | 3 | | 4 | |

### ਅੰਤਰਾ

| | | | | | | | | | | | | |
|---|---|---|---|---|---|---|---|---|---|---|---|---|
| ਮ | ਪ | ਧੁ | ਨੁ | ਧੁ | ਸੰ | ਸੰ | ਸੰ | - | ਰੰ | - | ਸੰ | - |
| ਦ | ਰ | ਸ | ਨ | ਕੀ | ਪਿ | ਆ | ਸ | ऽ | ਘ | ऽ | ਣੀ | ऽ |
| ਸੰ | ਰੰ | ਗੁੰ | ਰੰ | ਸੰ | ਸੰ | ਸੰ | ਰੰ | ਨੁ | ਧੁਧੁ | ਧੁ | ਪ | - |
| ਚਿ | ਤ | ਵ | ऽ | ਤ | ਅ | ਨਿ | ਕ | ऽ | ਪ੍ਰ | ਕਾ | ਰ | ऽ |
| ਰੰ | ਗੁੰਗੁੰ | ਰੰ | ਰੰ | ਸੰਸੰ | ਸੰ | - | ਰੰ | ਸੰ | ਨੁਨੁ | ਸੰਨੁ | ਧੁ | ਪ |
| ਕ | ਰਹੁ | ਅ | ਨੁ | ਗ੍ਰਹੁ | ਪਾ | ऽ | ਰ | ऽ | ਬ੍ਰਹ | ऽऽ | ਮ | ऽ |
| ਮ | ਪ | ਧੁ | ਧੁ | ਪ | ਸੰ | ਨੁ | ਧੁ | ਪ | ਮਪ | ਧੁਪ | ਮਗੁ | ਰਸ |
| ਹ | ਰਿ | ਕਿ | ਰ | ਪਾ | ਧਾ | ऽ | ਰਿ | ऽ | ਮੁऽ | ਰਾऽ | ਰਿऽ | ऽऽ |
| x | | | | | 2 | | | | 3 | | 4 | |

## ਰਾਗੁ ਆਸਾਵਰੀ

**ਤਾਨਾਂ:-**

1) ਸਰਮਪ ਰਮਪਧੁ ਮਪਧੁਪ ਮਗੁਰਸ ਸਰਮਪ ਰਮਪਧੁ ਮਪਧੁਨੁ ਧੁਪਮਪ
ਮਗੁਰਸ ਮਪਧੁਧੁ ਸੰਨੁਧੁਪ ਮਪਧੁਪ ਮਗੁਰਸ

2) ਪਧੁਪਧੁ ਮਪਧੁਪ ਮਪਧੁਪ ਮਗੁਰਸ ਮਪਧੁਨੁ ਧੁਪਮਪ ਮਪਧੁਧੁ ਸੰਨੁਧੁਪ
ਸੰਰੰਗੁੰਰੰ ਸੰਨੁਧੁਪ ਪਧੁਪਧੁ ਮਪਧੁਪ ਮਗੁਰਸ

3) ਧੁਧੁਪਧੁ ਧੁਪਧੁਧੁ ਪਧੁਮਪ ਧੁਪਮਪ ਮਗੁਰਸ ਮਪਧੁਧੁ ਸੰਰੰਸੰਸੰ ਸੰਰੰਗੁੰਰੰ
ਸੰਨੁਧੁਪ ਧੁਧੁਪਧੁ ਧੁਪਧੁਧੁ ਪਧੁਮਪ ਮਗੁਰਸ

**ਤਿਹਾਈਆਂ:-**

1) ਪਹਿਲੀ ਤੋਂ 5ਵੀਂ ਮਾਤਰ ਤੱਕ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ 6ਵੀਂ ਤੋਂ 9ਵੀਂ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ ਦੁਗੁਨ ਵਿੱਚ 2 ਮਾਤਰਾਂ ਵਿਚ 6ਵੀਂ-7ਵੀਂ ਮਾਤਰਾਂ ਤੇ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ 9ਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੇਕੇ ਫਿਰ 8ਵੀਂ-9ਵੀਂ ਮਾਤਰ ਨੂੰ ਦੋ ਵਾਰ ਹੋਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 13ਵੀਂ ਮਾਤਰ ਦੇ ਟੁਕੜੇ ਨੂੰ ਤੀਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ। ਪਹਿਲਾਂ ਪਹਿਲੀਆਂ ਦੋ ਮਾਤਰਾਂ ਤੇ 'ਮੇਰੇ ਮਨ' ਦਾ ਉਚਾਰਨ ਕਰਨਾ ਹੈ।

## ਆਸਾਵਰੀ ਮਹਲਾ ੫ ਇਕਤੁਕਾ॥ (੪੧੦-੧੧)

**ਓਇ ਪਰਦੇਸੀਆ ਹਾਂ॥ ਸੁਨਤ ਸੰਦੇਸਿਆ ਹਾਂ॥੧॥ਰਹਾਉ॥ ਜਾ ਸਿਉ ਰਚਿ ਰਹੇ ਹਾਂ॥ ਸਭ ਕਉ ਤਜਿ ਗਏ ਹਾਂ॥ ਸੁਪਨਾ ਜਿਉ ਭਏ ਹਾਂ॥ ਹਰਿ ਨਾਮੁ ਜਿਨ੍ਹਿ ਲਏ ॥੧॥ ਹਰਿ ਤਜਿ ਅਨ ਲਗੇ ਹਾਂ॥ ਜਨਮਹਿ ਮਰਿ ਭਗੇ ਹਾਂ॥ ਹਰਿ ਹਰਿ ਜਨਿ ਲਹੇ ਹਾਂ॥ ਜੀਵਤ ਸੇ ਰਹੇ ਹਾਂ॥ ਜਿਸਹਿ ਕ੍ਰਿਪਾਲੁ ਹੋਇ ਹਾਂ॥ ਨਾਨਕ ਭਗਤੁ ਸੋਇ॥੨॥੭॥੧੬੩॥੨੩੨॥**

ਪਦ ਅਰਥ:-ਓਇ ਪਰਦੇਸੀਆ- ਹੇ ਪਰਦੇਸੀ, ਹੇ ਜਗਤ ਵਿਚ ਚਾਰ ਦਿਨ ਲਈ ਆਏ ਜੀਵ! ਸੁਨਤ-ਸੁਣਦਾ ਹੈਂ? ਸੰਦੇਸਿਆ-ਸੁਨੇਹਾ। ਜਾ ਸਿਉ-ਜਿਸ (ਮਾਇਆ) ਨਾਲ। ਰਚਿ ਰਹੇ-ਮਸਤ ਰਹੇ। ਜਿਨ੍ਹਿ ਲਏ- ਤੂੰ ਕਿਉਂ ਨਹੀਂ ਲੈਂਦਾ? ਤਜਿ-ਤਿਆਗ ਕੇ। ਜਨਮਹਿ-ਜਨਮ ਵਿਚ। ਭਗੇ-ਦੌੜਦੇ ਰਹੇ। ਜਨਿ-ਜਨ ਨੇ, ਜਿਸ ਜਿਸ ਜਨ ਨੇ। ਸੇ-ਉਹ ਬੰਦੇ। ਜਿਸਹਿ-ਜਿਸ ਉੱਤੇ।

## ਰਾਗੁ ਆਸਾਵਰੀ ਧਮਾਰ ਤਾਲ (ਪੰਜਾਬ ਬਾਜ) ਮਾਤਰਾਂ-14 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | ਰ | ਮ | - | ਪ | ਪ | ਮ | ਪਪ |
| | | | | | | | ਓ | ਇ | s | ਪ | ਰ | ਦੇ | ਸੀਆ |
| ਧੁ | - | - | ਪ | - | ਮ | ਪ | ਮ | ਪ | ਸੰ | ਨੁ | ਧੁ | ਪਧੁ | ਮਪ |
| ਹਾਂ | s | s | s | s | s | s | ਸੁ | ਨ | ਤ | ਸੰ | ਦੇ | ਸਿs | ਆs |
| ਗੁ | - | - | ਰ | - | ਸ | - | | | | | | | |
| ਹਾਂ | s | s | s | s | s | s | | | | | | | |
| x | | | | | 2 | | 0 | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | ਮ | ਪ | ਪ | ਧੁ | - | ਪ | ਧੁ |
| | | | | | | | ਜਾ | ਸਿ | ਉ | ਰ | s | ਚਿ | s |
| ਸੰ | ਸੰ | - | ਰੰ | ਨੁ | ਧੁ | ਪ | ਸੰਰੰ | ਗੁੰ | ਰੰਰੰ | ਸੰ | ਰੰਨੁ | ਧੁ | ਪ |
| ਰ | ਹੇ | s | ਹਾਂ | s | s | s | ਸs | ਭ | ਕਉ | ਤ | ss | ਜਿ | s |
| ਧੁ | ਮ | ਪ | ਗੁ | s | ਰ | ਸ | | | | | | | |
| ਗ | ਏ | s | ਹਾਂ | s | s | s | | | | | | | |
| x | | | | | 2 | | 0 | | | 3 | | | |

**ਤਾਨਾਂ:-**

1) ਸਰਮਪ ਧੁਪਮਪ ਮਗੁਰਸ ਸਰਮਪ ਧੁਪਮਪ ਧੁਨੁਧੁਪ ਮਪਧੁਪ
ਮਗੁਰਸ ਸਰਮਪ ਧੁਪਮਪ ਮਪਧੁਧੁ ਸੰਨੁਧੁਪ ਮਪਧੁਪ ਮਗੁਰਸ
2) ਮਪਧੁਮ ਪਧੁਮਪ ਧੁਪਮਪ ਮਗੁਰਸ ਮਪਧੁਮ ਪਧੁਮਪ ਸੰਨੁਧੁਪ
ਮਪਧੁਪ ਸੰਰੰਗੁੰਰੰ ਸੰਨੁਧੁਪ ਮਪਧੁਮ ਪਧੁਮਪ ਧੁਪਮਪ ਮਗੁਰਸ

**ਤਿਹਾਈਆਂ:-**

1) 8ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 11ਵੀਂ ਤੋਂ 14ਵੀਂ ਮਾਤਰ ਬਰਾਬਰ ਜੋੜ ਕੇ ਸੱਮ ਤੇ ਆਉਣਾ ਹੈ।
2) 8ਵੀਂ-9ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਦੂਜੀ ਮਾਤਰ ਤੇ ਬਰਾਬਰ ਲੈ ਕੇ ਫਿਰ 11ਵੀਂ ਤੋਂ 14ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।
3) 8ਵੀਂ ਤੋਂ 14ਵੀਂ ਮਾਤਰ ਦੇ ਟੁਕੜੇ ਨੂੰ 8ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਰਾਗੁ ਆਸਾਵਰੀ

## ਮ: ੫॥ (ਮਾਰੂ ਵਾਰ ਮਹਲਾ ੫ ਡਖਣੇ ਮ: ੫) (੧੦੯੬)

**ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ॥ ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ॥੨॥**

ਪਦ ਅਰਥ:-ਸਜਣੁ-ਮਿਤ੍-ਪ੍ਰਭੂ। ਮੈਡਾ-ਮੇਰਾ। ਚਾਈਆ-ਚਾਅ ਵਾਲਾ, ਪਿਆਰ-ਭਰੇ ਦਿਲ ਵਾਲਾ। ਹਭ ਕਹੀ ਦਾ-ਹਰ ਕਿਸੇ ਦਾ। ਹਭੇ-ਸਾਰੇ ਜੀਵ। ਜਾਣਨਿ-ਜਾਣਦੇ ਹਨ। ਕਹੀ ਚਿਤੁ-ਕਿਸੇ ਦਾ ਭੀ ਦਿਲ। ਨ ਠਾਹੇ-ਨਹੀਂ ਢਾਂਹੁੰਦਾ, ਨਹੀਂ ਤੋੜਦਾ।

**1942-43 ਵਿੱਚ ਗੁਰਦੁਆਰਾ ਸੱਚੀ ਦਾੜ੍ਹੀ ਭਾਈ ਫੇਰੂ ਸ਼ੈਹਰ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ ਭਾਈ ਮੰਗਲ ਰਬਾਬੀ ਦੇ ਲੜਕੇ ਭਾਈ ਗਨੀ ਦੇ ਵਿਵਾਹ ਕਾਰਜ ਸਮੇਂ ਉਸ ਦੇ ਮਾਮਾ ਭਾਈ ਚਾਂਦ ਜੀ ਦੇ ਵਡੇ cousion ਭਾਈ ਸੁੰਦਰ ਜੀ ਤੋਂ ਸਾਹਮਣੇ ਬੈਠ ਕੇ ਇਸ ਬੰਦਸ਼ ਦਾ ਗਾਇਨ ਸੁਣਿਆ। ਇਸ ਬੰਦਸ਼ ਦੀ ਤਾਲ-ਬੱਧ ਸਵਰ ਰਚਨਾ ਇਥੇ ਦਿੱਤੀ ਜਾ ਰਹੀ ਹੈ।**

**ਰਾਗੁ ਆਸਾਵਰੀ ਧਮਾਰ ਤਾਲ (ਪੰਜਾਬ ਬਾਜ) ਮਾਤਰਾਂ-14 ਵਿਲੰਭਿਤ ਲੈਅ**

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | ਸਰ | ਮ | – | ਪ | – | ਮ | ਪਸਂ |
| | | | | | | | ਸਜ | ਣੁ | S | ਮੈ | S | ਡਾ | SS |
| ਨੁਧੁ | – | ਮ | ਪ | – | ਗੁ | ਰਸ | ਮ | ਪ | – | ਮ | – | ਪ | ਮਪ |
| ਚਾS | S | ਈ | ਆ | S | S | SS | ਹ | ਭ | S | ਕ | S | ਹੀ | ਦਾS |
| ਗੁ | – | ਰਸ | ਰ | – | ਸ | – | | | | | | | |
| ਮਿ | S | SS | ਤੁ | S | S | S | | | | | | | |
| x | | | | | 2 | | 0 | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| | | | | | | | ਮਪ | ਧੁ | – | ਸਂ | – | ਰਂ | ਸਂ |
| | | | | | | | ਹS | ਭੇ | S | ਜਾ | S | ਣ | ਨਿ |
| ਰਂਗੁਂ | ਰਂ | ਸਂ | ਨੁ | ਸਂਨੁ | ਧੁ | ਪ | ਮ | ਪ | ਸਂ | ਨੁਧੁ | ਪ | ਧੁਪ | ਮਪ |
| ਆS | S | ਪ | ਣਾ | SS | S | S | ਕ | ਹੀ | S | ਨS | S | ਠਾS | ਹੇS |
| ਗੁ | – | ਰਸ | ਰ | – | ਸ | – | | | | | | | |
| ਚਿ | S | SS | ਤੁ | S | S | S | | | | | | | |
| x | | | | | 2 | | 0 | | | 3 | | | |

**ਤਾਨਾਂ:-**

1) ਸਰਮਪ ਧੁਪਮਗੁ ਰਸਸਰ ਮਧਧੁਨੁ ਧੁਪਮਪ ਮਗੁਰਸ ਸਰਮਪ
ਧੁਧੁਸਂਨੁ ਧੁਪਮਗੁ ਰਸਸਰ ਮਪਧੁਧੁ ਸਂਰਂਗੁਂਰਂ ਸਂਨੁਧੁਪ ਮਗੁਰਸ

2) ਮਪਧ਼ੁਪ ਮਗੁਰਸ ਮਪਧ਼ੁਨ਼ੁ ਧ਼ੁਪਮਪ ਮਗੁਰਸ ਮਪਧ਼ੁਧ਼ੁ ਸੰਨ਼ੁਧ਼ੁਪ
ਮਪਧ਼ੁਪ ਮਗੁਰਸ ਮਪਧ਼ੁਧ਼ੁ ਸੰਰੰਗੁੰਰੰ ਸੰਨ਼ੁਧ਼ੁਪ ਮਪਧ਼ੁਪ ਮਗੁਰਸ

**ਤਿਹਾਈਆਂ:-**

1) 9ਵੀਂ-10ਵੀਂ ਮਾਤਰ ਤੇ ਮ ਪਸੰ ਦਾ ਲਗਾਉ ਤੇ ਇਨ੍ਹਾਂ 2 ਮਾਤਰਾਂ ਤੇ 'ਮੈ ਡਾS' ਨੂੰ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ 8ਵੀਂ ਮਾਤਰ ਤੇ 'ਸਜਣੁ' ਦਾ ਉਚਾਰਣ ਕਰਨਾ ਹੈ।
2) 8ਵੀਂ-9ਵੀਂ ਮਾਤਰ ਪਹਿਲੀ-ਦੂਜੀ ਮਾਤਰ ਤੇ ਲੈ ਕੇ ਫਿਰ 11ਵੀਂ ਤੋਂ 14ਵੀਂ ਮਾਤਰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 8ਵੀਂ ਤੋਂ 14ਵੀਂ ਮਾਤਰ ਦੇ ਟੁਕੜੇ ਨੂੰ 8ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਸੰਤ ਹੀਰਾ ਸਿੰਘ ਜੀ ਲੁਲਿਆਣਵੀ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਪਾਸੋਂ ਉਸਤਾਦ ਜੀ ਗਿਆਨੀ ਗੁਰਚਰਨ ਸਿੰਘ ਜੀ (ਕੈਨੇਡਾ) ਹੁਰਾਂ ਨੂੰ ਇਹ ਬੰਦਸ਼ ਪ੍ਰਾਪਤ ਹੋਈ ਤੇ ਫਿਰ ਮੈਨੂੰ ਵੀ ਵਰਾਸਤ ਵਿਚ ਮਿਲ ਗਈ।

ਸ਼ਬਦ 'ਸਜਣੁ ਮੈਡਾ ਚਾਈਆ' ਧਮਾਰ ਤਾਲ ਬੰਦਸ਼ ਵਾਲਾ ਹੈ।

**ਰਾਗੁ ਆਸਾਵਰੀ ਧਮਾਰ ਤਾਲ (ਪੰਜਾਬ ਬਾਜ) ਮਾਤਰਾਂ-14 ਵਿਲੰਭਿਤ ਲੈਅ**

**ਅਸਥਾਈ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਧ਼ੁ | ਧ਼ੁ | ਮਪ | ਗੁ | - | ਰ | ਸ | ਰ | ਮ | ਮ | ਪ | ਧ਼ੁ | ਮ | ਪ |
| ਸ | ਜ | ਣੁS | ਮੈ | S | ਡਾ | S | ਚਾ | S | ਈ | ਆ | S | S | S |
| ਨ਼ੁ | ਧ਼ੁ | ਮਪ | ਗੁ | - | ਰ | ਸ | ਸੰਨ਼ੁ | ਧ਼ੁ | ਪ | ਸੰਨ਼ੁ | ਧ਼ੁਪ | ਮਗੁ | ਰਸ |
| ਹ | ਭ | ਕS | ਹੀ | S | ਦਾ | S | ਮਿS | S | S | ਤੁS | SS | SS | SS |
| x | | | | | 2 | | 0 | | | 3 | | | |

**ਅੰਤਰਾ**

| | | | | | | | | | | | | | |
|---|---|---|---|---|---|---|---|---|---|---|---|---|---|
| ਮਪ | ਧ਼ੁ | ਨ਼ੁਧ਼ੁ | ਸੰ | - | ਰੰ | ਸੰ | ਰੰਗੁੰ | ਰੰ | ਸੰ | ਨ਼ੁ | ਸੰਨ਼ੁ | ਧ਼ੁ | ਪ |
| ਹS | ਭੇ | SS | ਜਾ | S | ਣ | ਨਿ | ਆS | S | ਪ | ਣਾ | SS | S | S |
| ਸੰਨ਼ੁ | ਧ਼ੁਪ | ਮਪ | ਗੁ | - | ਰ | ਸ | ਸੰਨ਼ੁ | ਧ਼ੁ | ਮਪ | ਸੰਨ਼ੁ | ਧ਼ੁਪ | ਮਗੁ | ਰਸ |
| ਕS | ਹੀS | ਨS | ਠਾ | S | ਹੇ | S | ਚਿS | S | SS | ਤੁS | SS | SS | SS |
| x | | | | | 2 | | 0 | | | 3 | | | |

ਰਾਗੁ ਆਸਾ ਮਹਲਾ ੫ ਘਰੁ ੧੨ ਆਸਾਵਰੀ ੧ਓ ਸਤਿਗੁਰ ਪ੍ਰਸਾਦਿ॥ (੪੦੯)
ਗੋਬਿੰਦ ਗੋਬਿੰਦ ਕਰਿ ਹਾਂ॥ ਹਰਿ ਹਰਿ ਮਨਿ ਪਿਆਰਿ ਹਾਂ॥ ਗੁਰਿ ਕਹਿਆ ਸੁ ਚਿਤਿ ਧਰਿ ਹਾਂ॥ ਅਨ ਸਿਉ ਤੋਰਿ ਫੇਰਿ ਹਾਂ॥ ਐਸੇ ਲਾਲਨੁ ਪਾਇਓ ਰੀ ਸਖੀ॥੧॥ ਰਹਾਉ॥ ਪੰਕਜ ਮੋਹ ਸਰਿ

## ਰਾਗੁ ਆਸਾਵਰੀ

**ਹਾਂ॥ ਪਗੁ ਨਹੀ ਚਲੈ ਹਰਿ ਹਾਂ॥ ਗਹਡਿਓ ਮੂੜ ਨਰਿ ਹਾਂ॥ ਅਨਿਨ ਉਪਾਵ ਕਰਿ ਹਾਂ॥ ਤਉ ਨਿਕਸੈ ਸਰਨਿ ਪੈ ਰੀ ਸਖੀ॥੧॥ ਥਿਰ ਥਿਰ ਚਿਤ ਥਿਰ ਹਾਂ॥ ਬਨੁ ਗ੍ਰਿਹੁ ਸਮਸਰਿ ਹਾਂ॥ ਅੰਤਰਿ ਏਕ ਪਿਰ ਹਾਂ॥ ਬਾਹਰਿ ਅਨੇਕ ਧਰਿ ਹਾਂ॥ ਰਾਜਨ ਜੋਗੁ ਕਰਿ ਹਾਂ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ॥੨॥੧॥੧੫੭॥**

ਪਦ ਅਰਥ:- ਕਰਿ-ਆਖ, ਜਪ। ਮਨਿ-ਮਨ ਵਿਚ। ਪਿਆਰਿ-ਪਿਆਰ ਕਰ। ਗੁਰਿ-ਗੁਰੂ ਨੇ। ਚਿਤਿ-ਚਿੱਤ ਵਿਚ। ਧਰਿ-ਰੱਖ। ਅਨ ਸਿਉ-ਹੋਰ ਨਾਲ। ਤੋਰਿ-ਤੋੜ ਦੇ। ਫੇਰਿ-ਮੋੜ ਲੈ। ਐਸੇ-ਇਸ ਤਰ੍ਹਾਂ। ਲਾਲਨੁ-ਪਿਆਰਾ ਪ੍ਰਭੂ। ਰੀ ਸਖੀ-ਹੇ ਸਹੇਲੀ! ਪੰਕਜ-ਚਿੱਕੜ। ਸਰਿ-ਸਰ ਵਿਚ, ਸੰਸਾਰ-ਸਰੋਵਰ ਵਿਚ। ਪਗੁ-ਪੈਰ। ਗਹਡਿਓ-ਗੱਡਿਆ ਹੋਇਆ ਹੇ, ਫਸਾਇਆ ਹੋਇਆ ਹੈ। ਮੂੜ ਨਰਿ-ਮੂਰਖ ਮਨੁੱਖ ਨੇ। ਅਨਿਨ-ਕੇਵਲ ਇਕ। ਤਉ-ਤਦੋਂ। ਨਿਕਸੈ-ਨਿਕਲ ਆਉਂਦਾ ਹੈ। ਥਿਰ-ਅਡੋਲ, ਟਿਕਵਾਂ। ਬਨੁ-ਜੰਗਲ। ਗ੍ਰਿਹੁ-ਘਰ। ਸਮਸਰਿ-ਬਰਾਬਰ। ਅੰਤਰਿ-ਹਿਰਦੇ ਵਿਚ। ਬਾਹਰਿ-ਜਗਤ ਵਿਚ। ਅਨੇਕ ਧਰਿ-ਅਨੇਕਾਂ ਕਿਰਤ-ਕਾਰ ਕਰ। ਲੋਗ ਅਲੋਗੀ-ਸੰਸਾਰ ਤੋਂ ਨਿਰਾਲਾ।

## ਰਾਗੁ ਆਸਾਵਰੀ ਪੜਤਾਲ

**ਹਰ ਅੰਤਰੇ ਤੋਂ ਬਾਅਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਵਾਪਸ ਆਉਣਾ ਹੈ।**

**ਅਸਥਾਈ ਚਾਰ ਤਾਲ ਮਾਤਰਾਂ-12 ਵਿਲੰਭਿਤ ਲੈਅ**

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | ਪ | ਸੰ | ਨੁ | ਧੁ | ਪ | ਗੁਗੁ | ਰ | ਸਰ | ਮਪ | ਧੁ | ਪ |
| ਐ | ऽ | ਸੇ | ਲਾ | ਲ | ਨੁ | ਪਾਇ | ਓ | ਰੀऽ | ਸऽ | ਖੀ | ऽ |
| ਮ | ਪ | ਧੁਨੁ | ਧੁ | ਧੁ | ਪ | ਧੁਧੁ | ਮ | ਪ | ਗੁ | ਰ | ਸ |
| ਐ | ऽ | ਸੇऽ | ਲਾ | ਲ | ਨੁ | ਪਾਇ | ਓ | ਰੀ | ਸ | ਖੀ | ऽ |
| x | | 0 | | 2 | | 0 | | 3 | | 4 | |

**ਅੰਤਰਾ**

| | | | | | | | | | | | |
|---|---|---|---|---|---|---|---|---|---|---|---|
| ਮ | ਪ | ਪ | ਧੁ | ਧੁ | ਨੁਧੁ | ਸੰ | - | ਸੰ | ਰੰ | - | ਸੰ |
| ਗੋ | ਬਿੰ | ਦ | ਗੋ | ਬਿੰ | ਦऽ | ਕ | ऽ | ਰਿ | ਹਾਂ | ऽ | ऽ |
| ਹ | ਰਿ | ਹ | ਰਿ | ਮ | ਨਿ | ਪਿ | ਆ | ਰਿ | ਹਾਂ | ऽ | ऽ |
| ਸੰਰੰ | ਗੁੰ | ਰੰਸੰ | ਰੰਨੁ | ਧੁ | ਪ | ਮ | ਪਧੁ | ਮਪ | ਗੁ | ਰ | ਸ |
| ਗੁऽ | ऽ | ਰਿऽ | ਕऽ | ਹਿ | ਆ | ਸੁ | ਚਿऽ | ਤਿऽ | ਧ | ਰਿ | ਹਾਂ |
| ਅऽ | ਨ | ਸਿऽ | ਉऽ | ਤੋ | ਰਿ | ਫੇ | ऽऽ | ਰਿऽ | ਹਾਂ | ऽ | ऽ |
| x | | 0 | | 2 | | 0 | | 3 | | 4 | |

## ਦੂਜਾ ਅੰਤਰਾ ਫਰੋਦਸਤ ਤਾਲ ਮਾਤਰਾਂ - 14 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਸੰ | ਸੰ | ਸੰ | ਰੰਰੰ | ਨੁ | ਧੁ | ਪ | - | ਰੰਗੁੰ | ਰੰਰੰ | ਸੰਸੰ | ਨੁ | ਧੁ | ਪ |
| ਪੰ | ਕ | ਜ | ਮੋਹ | ਸ | ਰਿ | ਹਾਂ | S | ਪਗੁ | ਨਹੀ | ਚਲੈ | ਹ | ਰਿ | ਹਾਂ |
| ਮਮ | ਪਪ | ਧੁ | ਪ | ਧੁ | ਨੁ | ਧੁ | ਪ | ਰਰ | ਮ | ਪ | ਗੁਗੁ | ਰਰ | ਸ |
| ਗਹ | ਡਿਓ | ਮੂ | ਝ | ਨ | ਰਿ | ਹਾਂ | S | ਅਨਿ | ਨ | ਉ | ਪਾਵ | ਕਰਿ | ਹਾਂ |
| ਸੰਰੰ | ਗੁੰ | ਰੰ | ਸੰ | ਰੰ | ਨੁ | ਧੁ | ਪ | ਧੁ | ਮ | ਪ | ਗੁ | ਰ | ਸ |
| ਤਉ | S | ਨਿ | ਕ | ਸੈ | ਸ | ਰ | ਨਿ | ਪੈ | S | ਰੀ | ਸ | ਖੀ | S |
| X | | 0 | | 2 | | 3 | | 4 | | | 5 | | |

## ਤੀਜਾ ਅੰਤਰਾ ਤੀਨ ਤਾਲ ਮਾਤਰਾਂ-16 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਮ | ਮ | ਪ | ਪ | ਧੁ | ਧੁ | ਪਪ | ਧੁ | ਸੰ | ਸੰ | ਸੰਸੰ | ਸੰ | ਰੰ | ਰੰ | ਸੰਸੰ | ਸੰ |
| ਖਿ | ਰ | ਖਿ | ਰ | ਚਿ | ਤ | ਖਿਰ | ਹਾਂ | ਬ | ਨੁ | ਗ੍ਰਿ | ਹੁ | ਸ | ਮ | ਸਰਿ | ਹਾਂ |
| ਰੰ | ਰੰਰੰ | ਰੰ | ਸੰ | ਸੰਰੰ | ਗੁੰ | ਰੰ | ਸੰ | ਸੰ | ਸੰਸੰ | ਰੰ | ਸੰ | ਨੁ | ਧੁ | ਪ | ਪ |
| ਅੰ | ਤਰਿ | ਏ | ਕ | ਪਿS | ਰ | ਹਾਂ | S | ਬਾ | ਹਰਿ | ਅ | ਨੇ | ਕ | ਧ | ਰਿ | ਹਾਂ |
| ਮ | ਪਪ | ਸੰ | ਸੰ | ਨੁਨੁ | ਧੁ | ਪ | ਪ | ਪ | ਧੁਧੁ | ਮ | ਪਪ | ਗੁਗੁ | ਗੁ | ਰ | ਸ |
| ਰਾ | ਜਨ | ਜੋ | ਗੁ | ਕਰਿ | ਹਾਂ | ਕ | ਹੁ | ਨਾ | ਨਕ | ਲੋ | ਗਅ | ਲੋਗੀ | ਰੀ | ਸ | ਖੀ |
| X | | | | 2 | | | | 0 | | | | 3 | | | |

**ਲੈਅਕਾਰੀਆਂ:-**

ਇਕਗੁਨ-ਦੁਗੁਨ-ਅਸਥਾਈ ਦੇ ਦੋਨੋਂ ਚੱਕਰ ਬਰਾਬਰ ਲੈ ਕੇ ਫਿਰ ਪਹਿਲੇ ਚੱਕਰ ਦੀ ਦੁਗੁਨ ਫਿਰ 7ਵੀਂ ਤੋਂ 12ਵੀਂ ਮਾਤਰ ਦੀ ਦੋ ਵਾਰ ਦੁਗੁਨ ਲੈ ਕੇ ਸੱਮ ਤੇ ਆਉਣਾ ਹੈ।

ਦੁਗੁਨ-ਚੌਗੁਨ- ਅਸਥਾਈ ਬਰਾਬਰ ਲੈ ਕੇ ਪਹਿਲੇ ਚੱਕਰ ਦੀ ਦੁਗੁਨ 6 ਮਾਤਰਾਂ ਵਿਚ ਫਿਰ ਇਸ ਚੱਕਰ ਦੀ ਚੌਗੁਨ ਤਿੰਨ ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰ ਦੀ ਚੌਗੁਨ ਦੋ ਵਾਰ ਤਿੰਨ ਮਾਤਰਾਂ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

ਤਿਗੁਨ-ਛੇਗੁਨ- ਅਸਥਾਈ ਦੀ ਪਹਿਲੀ ਲਾਈਨ ਦੋ ਵਾਰ ਤਿਗੁਨ 4+4=8 ਮਾਤਰਾਂ ਵਿਚ ਲੈ ਕੇ ਫਿਰ ਇਸ ਲਾਈਨ ਦੀ ਛੇਗੁਨ ਦੋ ਮਾਤਰਾਂ ਵਿਚ ਫਿਰ 7ਵੀਂ ਤੋਂ 12ਵੀਂ ਮਾਤਰਾਂ ਦੀ ਛੇਗੁਨ ਦੋ ਵਾਰ ਦੋ ਮਾਤਰਾਂ ਵਿਚ ਲੈ ਕੇ ਸੱਮ ਤੇ ਆਉਣਾ ਹੈ।

**ਤਿਹਾਈਆਂ:-**

1) ਪਹਿਲੀ ਤੋਂ 6ਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ ਚੌਥੀ ਤੋਂ 6ਵੀਂ ਮਾਤਰ ਨੂੰ 2 ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) ਪਹਿਲੀ ਤੋਂ 8ਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ 7ਵੀਂ-8ਵੀਂ ਮਾਤਰ ਨੂੰ 2 ਵਾਰ ਹੋਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਆਸਾਵਰੀ ਮਹਲਾ ੫॥ (੪੧੦)

**ਏਕਾ ਓਟ ਗਹੁ ਹਾਂ॥ ਗੁਰ ਕਾ ਸਬਦੁ ਕਹੁ ਹਾਂ॥ ਆਗਿਆ ਸਤਿ ਸਹੁ ਹਾਂ॥ ਮਨਹਿ ਨਿਧਾਨੁ ਲਹੁ ਹਾਂ॥ ਸੁਖਹਿ ਸਮਾਈਐ ਮੇਰੇ ਮਨਾ॥੧॥ਰਹਾਉ॥ ਜੀਵਤ ਜੋ ਮਰੈ ਹਾਂ॥ ਦੁਤਰੁ ਸੋ ਤਰੈ ਹਾਂ॥ ਸਭ ਕੀ ਰੇਨੁ ਹੋਇ ਹਾਂ॥ ਨਿਰਭਉ ਕਹਉ ਸੋਇ ਹਾਂ॥ ਮਿਟੇ ਅੰਦੇਸਿਆ ਹਾਂ॥ ਸੰਤ ਉਪਦੇਸਿਆ ਮੇਰੇ ਮਨਾ॥੧॥ ਜਿਸੁ ਜਨ ਨਾਮ ਸੁਖੁ ਹਾਂ॥ ਤਿਸੁ ਨਿਕਟਿ ਨ ਕਦੇ ਦੁਖੁ ਹਾਂ॥ ਜੋ ਹਰਿ ਹਰਿ ਜਸੁ ਸੁਨੇ ਹਾਂ ॥ ਸਭੁ ਕੋ ਤਿਸੁ ਮੰਨੇ ਹਾਂ॥ ਸਫਲੁ ਸੁ ਆਇਆ ਹਾਂ ॥ ਨਾਨਕ ਪ੍ਰਭ ਭਾਇਆ ਮੇਰੇ ਮਨਾ ॥੨॥੪॥੧੬੦॥**

ਪਦ ਅਰਥ:- ਏਕਾ ਓਟ-ਇਕ ਪ੍ਰਮਾਤਮਾ ਦਾ ਆਸਰਾ। ਗਹੁ-ਫੜ। ਕਹੁ-ਉਚਾਰ। ਆਗਿਆ-ਰਜ਼ਾ, ਹੁਕਮ। ਸਹੁ-ਸਹਾਰ, ਮੰਨ। ਮਨਹਿ-ਮਨ ਵਿਚ। ਨਿਧਾਨੁ - (ਸਾਰੇ ਪਦਾਰਥਾਂ ਦਾ) ਖ਼ਜ਼ਾਨਾ। ਸੁਖਹਿ-ਆਤਮਕ ਅਨੰਦ ਵਿਚ। ਜੋ-ਜੇਹੜਾ ਮਨੁੱਖ। ਮਰੈ-ਮਾਇਆ ਦੇ ਮੋਹ ਤੋਂ ਅਛੋਹ ਹੋ ਜਾਂਦਾ ਹੈ। ਦੁਤਰੁ-ਮੁਸ਼ਕਲ, ਔਖਾ। ਰੇਨੁ-ਚਰਨ-ਧੂੜ। ਸੋਇ-ਉਸ ਪ੍ਰਮਾਤਮਾ ਨੂੰ ਹੀ। ਜਿਸੁ ਜਨ-ਜਿਸ ਮਨੁੱਖ ਨੂੰ। ਤਿਸੁ ਨਿਕਟਿ-ਉਸ ਦੇ ਨੇੜੇ। ਸਭੁ ਕੋ-ਹਰੇਕ ਜੀਵ। ਮੰਨੇ-ਆਦਰ ਦਿੰਦਾ ਹੈ। ਪ੍ਰਭ ਭਾਇਆ-ਪ੍ਰਭੂ ਨੂੰ ਪਿਆਰਾ ਲੱਗਾ।

### ਰਾਗੁ ਆਸਾਵਰੀ ਪੰਜਾਬੀ ਠੇਕਾ (ਛੋਟਾ ਤੀਨ ਤਾਲ) ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | - | ਮ | ਪ | - | - | ਰ | ਮ | ਪ |
| | | | | | | | | S | ਏ | ਕਾ | S | S | ਓ | S | ਟ |
| ਧੁ | ਧੁ | - | ਮ | ਪ | - | - | ਮ | ਪ | ਮ | ਪ | ਪ | ਗੁ | ਗੁ | ਰ | ਸ |
| ਗ | ਹੁ | S | S | ਹਾਂ | S | S | S | S | ਗੁ | ਰ | ਕਾ | ਸ | ਬ | ਦੁ | S |
| ਰ | ਰ | - | ਸ | ਰ | - | ਸ | - | ਸਂ | ਸਂਸਂ | ਸਂ | ਸਂ | ਰਂਰਂ | ਰਂ | ਸਂ | ਸਂਸਂ |
| ਕ | ਹੁ | S | S | ਹਾਂ | S | S | S | ਆ | ਗਿਆ | ਸ | ਤਿ | ਸਹੁ | ਹਾਂ | ਮ | ਨਹਿ |
| ਰਂ | ਨੁ | ਧੁ | - | ਮ | ਮ | ਪ | - | ਮ | ਪ | ਸਂ | ਸਂ | ਨੁ | ਧੁ | ਮ | ਪ |
| ਨਿ | ਧਾ | ਨੁ | S | ਲ | ਹੁ | ਹਾਂ | S | S | ਸੁ | ਖ | ਹਿ | ਸ | ਮਾ | ਈ | ਐ |
| ਗੁ | - | ਰ | ਸ | ਰ | - | ਸ | - | - | | | | | | | |
| ਮੇ | S | ਰੇ | S | ਮ | S | ਨਾ | S | S | | | | | | | |
| X | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | - | ਮ | ਪ | ਪ | ਧੁ | ਧੁ | ਪ | ਧੁ |
| | | | | | | | | S | ਜੀ | ਵ | ਤ | ਜੋ | ਮ | ਰੈ | ਹਾਂ |
| ਸਂ | ਸਂ | ਸਂ | ਸਂ | ਰਂ | ਨੁ | ਧੁ | ਪ | ਰਂਰਂ | ਰਂ | ਰਂ | ਸਂ | ਸਂਰਂ | ਗੁ | ਰਂ | ਸਂ |
| ਦੁ | ਤ | ਰੁ | ਸੋ | ਤ | ਰੈ | ਹਾਂ | S | ਸਭ | ਕੀ | ਰੇ | ਨੁ | ਹੋS | ਇ | ਹਾਂ | S |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸੰਸੰ | ਸੰਸੰ | ਸੰ | ਰੰਰੰ | ਨੁ | ਧੁ | ਪ | - | - | ਮ | ਪ | ਸੰ | ਨੁ | ਧੁ | ਧੁ | ਪ |
| ਨਿਰ | ਭਉ | ਕ | ਹਉ | ਸੋ | ਇ | ਹਾਂ | S | S | ਮਿ | ਟੇ | ਅੰ | ਦੇ | ਸਿ | ਆ | ਹਾਂ |
| ਮਮ | ਪਪ | ਧੁਧੁ | ਪ | ਗੁ | ਗੁ | ਰ | ਸ | - | | | | | | | |
| ਸੰਤ | ਉਪ | ਦੇਸਿ | ਆ | ਮੇ | ਰੇ | ਮ | ਨਾ | S | | | | | | | |
| x | | | | 2 | | | | 0 | | | | 3 | | | |

## ਆਸਾਵਰੀ ਮਹਲਾ ੫॥ (੪੦੯-੧੦)

**ਹਰਿ ਹਰਿ ਹਰਿ ਗੁਨੀ ਹਾਂ॥ ਜਪੀਐ ਸਹਜ ਧੁਨੀ ਹਾਂ॥ ਸਾਧੂ ਰਸਨ ਭਨੀ ਹਾਂ॥ ਛੂਟਨ ਬਿਧਿ ਸੁਨੀ ਹਾਂ॥ ਪਾਈਐ ਵਡ ਪੁਨੀ ਮੇਰੇ ਮਨਾ॥੧॥ਰਹਾਉ॥ ਖੋਜਹਿ ਜਨ ਮੁਨੀ ਹਾਂ॥ ਸ੍ਰਬ ਕਾ ਪ੍ਰਭ ਧਨੀ ਹਾਂ॥ ਦੁਲਭ ਕਲਿ ਦੁਨੀ ਹਾਂ॥ ਦੂਖ ਬਿਨਾਸਨੀ ਹਾਂ॥ ਪ੍ਰਭ ਪੂਰਨ ਆਸਨੀ ਮੇਰੇ ਮਨਾ॥੧॥ ਮਨ ਸੋ ਸੇਵੀਐ ਹਾਂ॥ ਅਲਖ ਅਭੇਵੀਐ ਹਾਂ॥ ਤਾਂ ਸਿਉ ਪ੍ਰੀਤਿ ਕਰਿ ਹਾਂ॥ ਬਿਨਸਿ ਨ ਜਾਇ ਮਰਿ ਹਾਂ॥ ਗੁਰ ਤੇ ਜਾਨਿਆ ਹਾਂ॥ ਨਾਨਕ ਮਨੁ ਮਾਨਿਆ ਮੇਰੇ ਮਨਾ॥੨॥੩॥੧੫੯॥**

ਪਦ ਅਰਥ:-ਗੁਨੀ-ਸਾਰੇ ਗੁਣਾਂ ਦਾ ਮਾਲਕ। ਸਹਜ ਧੁਨੀ-ਆਤਮਕ ਅਡੋਲਤਾ ਦੀ ਰੌ ਵਿਚ। ਸਾਧੂ-ਗੁਰੂ। ਰਸਨ-ਜੀਭ। ਭਨੀ-ਉਚਾਰ। ਬਿਧਿ-ਢੰਗ। ਸੁਨੀ-ਸੁਣ। ਵਡ ਪੁਨੀ-ਵਡੇ ਭਾਗਾਂ ਨਾਲ। ਖੋਜਹਿ-ਖੋਜਦੇ ਹਨ। ਧਨੀ-ਮਾਲਕ। ਕਲਿ ਦੁਨੀ-ਕਲਿਜੁਗੀ ਦੁਨੀਆਂ ਵਿਚ। ਬਿਨਾਸਨੀ-ਨਾਸ ਕਰਨ ਵਾਲਾ। ਪੂਰਨ ਆਸਨੀ-ਆਸਾਂ ਪੂਰੀਆਂ ਕਰਨ ਵਾਲਾ। ਅਭੇਵੀਐ-ਅਭੇਵ, ਜਿਸ ਦਾ ਭੇਤ ਨ ਪਾਇਆ ਜਾ ਸਕੇ। ਬਿਨਸਿ-ਨਾਸ। ਨ ਜਾਇ-ਜੰਮਦਾ ਨਹੀਂ। ਮਾਨਿਆ-ਪਤੀਜ ਜਾਂਦਾ ਹੈ।

## ਰਾਗੁ ਆਸਾਵਰੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਮਮ | ਪ | ਧੁ | ਸੰਸੰ | ਨੁ | ਧੁ | ਪ | ਮ | ਪਪ | ਧੁਧੁ | ਸੰ | ਸੰ | ਰੰ | ਸੰ |
| ਹਰਿ | ਹ | ਰਿ | ਹਰਿ | ਗੁ | ਨੀ | ਹਾਂ | ਖੋ | ਜਹਿ | ਜਨ | ਮੁ | ਨੀ | ਹਾਂ | S |
| ਧੁ | ਮ | ਪ | ਗੁਗੁ | ਗੁ | ਰਰ | ਸ | ਰੰਰੰ | ਗੁੰ | ਰੰਰੰ | ਸੰ | ਨੁ | ਧੁ | ਪ |
| ਜ | ਪੀ | ਐ | ਸਹ | ਜ | ਧੁਨੀ | ਹਾਂ | ਸ੍ਰਬ | ਕਾ | ਪ੍ਰਭ | ਧ | ਨੀ | ਹਾਂ | S |
| ਰ | ਮ | ਪ | ਧੁਧੁ | ਧੁ | ਮਮ | ਪ | ਸੰ | ਰੰਰੰ | ਸੰਸੰ | ਨੁ | ਧੁ | ਪ | - |
| ਸਾ | ਧੂ | S | ਰਸ | ਨ | ਭਨੀ | ਹਾਂ | ਦੁ | ਲਭ | ਕਲਿ | ਦੁ | ਨੀ | ਹਾਂ | S |
| ਧੁ | ਮ | ਪ | ਗੁਗੁ | ਗੁ | ਰ | ਸ | ਧੁ | ਮ | ਪ | ਗੁ | ਗੁਗੁ | ਰ | ਸ |
| ਛੂ | ਟ | ਨ | ਬਿਧਿ | ਸੁ | ਨੀ | ਹਾਂ | ਦੂ | ਖ | ਬਿ | ਨਾ | ਸਨੀ | ਹਾਂ | S |
| ਸੰਨੁ | ਧੁ | ਪਪ | ਮ | ਗੁ | ਰਰ | ਸਸ | ਸੰਨੁ | ਧੁ | ਪਪ | ਮਪ | ਗੁਗੁ | ਰਰ | ਸਸ |
| ਪਾਈ | ਐ | ਵਡ | ਪੁ | ਨੀ | ਮੇਰੇ | ਮਨਾ | ਪ੍ਰਭ | ਪੂ | ਰਨ | ਆS | ਸਨੀ | ਮੇਰੇ | ਮਨਾ |
| x | | | 2 | | 3 | | x | | | 2 | | 3 | |

# ੧੬-ਰਾਗੁ ਦੇਵਗੰਧਾਰ

ਰਾਗ ਦੇਵਗੰਧਾਰ ਭਾਰਤੀ ਸੰਗੀਤ ਦੇ ਕਠਿਨ ਤੇ ਅਪ੍ਰਚਲਿਤ ਰਾਗਾਂ ਦੀ ਗਨਣਾ ਵਿੱਚ ਆਉਂਦਾ ਹੈ। ਮੱਧ ਕਾਲ ਦੇ ਕੁਝ ਗ੍ਰੰਥਕਾਰਾਂ ਨੇ ਆਪਣੇ ਗ੍ਰੰਥਾਂ ਵਿੱਚ ਇਸ ਰਾਗ ਦਾ ਵਰਨਣ ਦਿੱਤਾ ਹੈ। ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿਚ ਗੌਰੀ ਠਾਠ ਦਾ ਦੇਵਗੰਧਾਰ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠਲ ਨੇ 'ਚੰਦ੍ਰੋਦਯ' (੧੬ਵੀਂ ਸ਼ਤਾਬਦੀ) ਵਿੱਚ ਮਾਲਵ ਗੌਡ ਮੇਲ ਤੋਂ ਦੇਵਗੰਧਾਰ ਨੂੰ ਜਨਯ ਰਾਗ ਮੰਨਿਆ ਹੈ। ਇਨ੍ਹਾਂ ਨੇ 'ਰਾਗ ਮਾਲਾ' ਵਿਚ ਰਾਗ ਰਾਗਨੀ ਵਰਗੀਕਰਣ ਦੇ ਸਿੱਧਾਂਤ ਨੂੰ ਮੰਨਦਿਆਂ ਹੋਇਆਂ ਸ੍ਰੀ ਰਾਗ ਦਾ ਦੇਵਗੰਧਾਰ ਪੁੱਤਰ ਰਾਗ ਮੰਨਿਆ ਹੈ। ਸ੍ਰੀ ਕੰਠ ਨੇ 'ਰਸਕੌਮੁਦੀ' ਵਿਚ ਸ਼੍ਰੀ ਮੇਲ ਤੋਂ ਦੇਵਗੰਧਾਰ ਨੂੰ ਜਨਯ ਜਨਕ ਰਾਗ ਮੰਨਿਆ ਹੈ। ਭਾਵਭੱਟ ਨੇ 'ਅਨੂਪ ਬਿਲਾਸ' ਵਿਚ ੬੭ ਰਾਗਾਂ ਦਾ ਵਰਨਣ ਦਿੱਤਾ ਹੈ ਤੇ ਦੇਵਗੰਧਾਰ ਉਹਨ੍ਹਾਂ ਵਿੱਚੋਂ ਇੱਕ ਰਾਗ ਹੈ। ਰਾਮਾਮਾਤਯ ਨੇ 'ਸਵਰਮੇਲਕਲਾਨਿਧੀ' ਵਿਚ ਸ੍ਰੀ ਮੇਲ ਤੋਂ, ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' (੧੬੧੦ ਈ.) ਵਿੱਚ ਮਾਲਵਗੌਡ ਮੇਲ ਤੋਂ ਪੰਡਿਤ ਵਿਅੰਕਟਮੁਖੀ ਨੇ 'ਚਤੁਰਦੰਡਪ੍ਰਕਾਸ਼ਿਕਾ ਵਿੱਚ ਸ੍ਰੀ ਰਾਗ ਮੇਲ ਤੋਂ, ਤੇ ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ 'ਸੰਗੀਤ ਸਾਰਾਮ੍ਰਿਤ ਵਿੱਚ ਸ੍ਰੀ ਮੇਲ ਤੋਂ ਦੇਵਗੰਧਾਰ ਨੂੰ ਜਨਯ ਰਾਗ ਮੰਨਿਆ ਹੈ।

ਆਸਾਵਰੀ ਥਾਟ ਦੇ ਇਸ ਦੇਵਗੰਧਾਰ ਰਾਗ ਵਿੱਚ ਦੋ ਗੰਧਾਰ ਪ੍ਰਯੋਗ ਹੁੰਦੇ ਹਨ ਇਸ ਦਾ ਪੁਰਾਤਨ ਨਾਮ ਦ੍ਵੈ ਗੰਧਾਰ ਮੰਨਿਆ ਜਾਂਦਾ ਹੈ ਪਰ ਬਦਲਦਾ ਬਦਲਦਾ ਦੇਵਗੰਧਾਰ ਬਣ ਗਿਆ। ਇਸ ਰਾਗ ਵਿੱਚ ਧੈਵਤ ਤੇ ਨਿਸ਼ਾਦ ਕੋਮਲ ਦੋਵੇਂ ਗੰਧਾਰ ਤੇ ਹੋਰ ਸਭ ਸਵਰ ਸ਼ੁਧ ਹਨ। ਕੁਝ ਵਿਦਵਾਨ ਇਸ ਦੇ ਆਰੋਹ ਵਿਚ ਸ਼ੁਧ ਗੰਧਾਰ ਦਾ ਪ੍ਰਯੋਗ ਕਰਕੇ ਜਾਤੀ ਸੰਪੂਰਨ ਮੰਨਦੇ ਹਨ ਜਿਵੇਂ ਸ ਰ ਗ ਮ, ਪ ਧੁ ਨੁ ਸਂ ਜਦੋਂ ਕਿ ਦੂਸਰੇ ਵਿਦਵਾਨ ਆਰੋਹ ਵਿੱਚ ਗੰਧਾਰ ਵਰਜਿਤ ਕਰਕੇ ਜੌਨਪੁਰੀ ਵਾਲਾ ਹੀ ਆਰੋਹ ਸ਼ਾੜਵ ਮੰਨਦੇ ਹਨ ਪਰ ਅਵਰੋਹ ਦੇ ਅੰਤ ਵਿੱਚ ਰ ਨੁ ਸ ਰ ਗ ਮ, ਪ ਮ ਗੁ ਰ ਸ, ਇਹ ਸਵਰ-ਸਮੂਹ ਜੋੜ ਦਿੰਦੇ ਹਨ। ਇਸ ਸਵਰ-ਸਮੂਹ ਨਾਲ ਇਹ ਰਾਗ ਆਸਾਵਰੀ ਤੇ ਜੌਨਪੁਰੀ ਤੋਂ ਵੱਖ ਹੋ ਜਾਂਦਾ ਹੈ ਤੇ ਇਸ ਦਾ ਆਪਣਾ ਇਕ ਵਖਰਾ ਸਰੂਪ ਨਿਰਧਾਰਤ ਹੋ ਜਾਂਦਾ ਹੈ। ਵੈਸੇ ਵੀ ਇਸ ਰਾਗ ਦੇ ਆਰੋਹ ਵਿੱਚ ਗੰਧਾਰ ਸ਼ੁਧ ਦੇ ਇਸ ਤਰ੍ਹਾਂ ਪ੍ਰਯੋਗ ਕਰਨ ਨਾਲ ਸੰਪੂਰਨ ਜਾਤੀ ਮੰਨਣਾ ਠੀਕ ਨਹੀਂ ਬਣਦਾ।

ਪੰਡਿਤ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੬ ਪੰਨਾ ੩੮੩ ਤੇ ਰਾਗ

ਦੇਵਗੰਧਾਰ ਦੇ ਦੋ ਸਰੂਪਾਂ ਦਾ ਜ਼ਿਕਰ ਕੀਤਾ ਹੈ। ਇਕ ਸਰੂਪ ਵਿਚ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹਨ। 'ਆਸਾਵਰੀ ਕੇ ਮੇਲ ਮੇਂ ਚੜ੍ਹਤਨ ਰਧ ਸੁਰ ਪੇਖਿ। ਧਗ ਵਾਦੀ ਸੰਵਾਦਿਤੇ ਦੇਵਗੰਧਾਰ ਸੁਦੇਖਿ' (ਰਾਗ ਚੰਦ੍ਰਿਕਾਸਾਰ, ਸਲੋਕ ਨੰ.੭)। ਇਥੇ ਵਾਦੀ ਧੈਵਤ ਸੰਵਾਦੀ ਗੰਧਾਰ ਹੈ। ਪੂਰਵਾਂਗ ਵਿਚ ਧਨਾਸਰੀ ਤੇ ਉਤਰਾਂਗ ਵਿਚ ਜੌਨਪੁਰੀ ਤੇ ਸਮਾਂ ਪ੍ਰਾਤਹ ਕਾਲ ਹੈ। ਉਠਾਵ-ਮਪ, ਧੁਪ, ਸੰ, ਨੁਸੰ, ਰੰਸੰ, ਨੁਧੁਪ, ਮਪਗੁ, ਪਗੁ, ਰਸ। ਦੂਜਾ ਸਰੂਪ ਵੀ ਆਸਾਵਰੀ ਥਾਟ ਦਾ ਹੈ ਤੇ ਦੋਨੋਂ ਗੰਧਾਰ ਲਏ ਜਾਂਦੇ ਹਨ। ਸ਼ੁਧ ਗੰਧਾਰ ਆਰੋਹ ਵਿਚ ਸ ਰ ਗ, ਮ ਇਸ ਪ੍ਰਕਾਰ ਲਿਆ ਜਾਂਦਾ ਹੈ। ਇਹ ਸਰੂਪ ਜ਼ਿਆਦਾ ਪ੍ਰਚਾਰ ਵਿਚ ਹੈ। ਉਹਨਾਂ ਇਕ ਬੰਦਸ਼ ਪਹਿਲੇ ਸਰੂਪ ਵਿਚ ਤੇ ਦੋ ਬੰਦਸ਼ਾਂ ਇਸ ਸਰੂਪ ਵਿਚ ਦਿੱਤੀਆਂ ਹਨ। ਪੰਡਿਤ ਵਿਣਾਇਕ ਨਾਰਾਇਣ ਪਟਵਰਧਨ ਨੇ 'ਰਾਗ ਵਿਗਿਯਾਨ' ਪੰਚਮ ਭਾਗ ਵਿਚ ਰਾਗ ਦੇਵਗੰਧਾਰ ਦਾ ਆਸਾਵਰੀ ਥਾਟ ਦਾ ਧੈਵਤ ਨਿਸ਼ਾਦ ਕੋਮਲ ਤੇ ਦੋ ਗੰਧਾਰ ਪ੍ਰਯੋਗ ਹੋਣ ਵਾਲਾ ਸਰੂਪ ਹੀ ਮੰਨਿਆ ਹੈ। ਜਾਤੀ-ਸ਼ਾੜਵ-ਸੰਪੂਰਨ, ਵਾਦੀ-ਧੈਵਤ, ਸੰਵਾਦੀ-ਗੰਧਾਰ ਤੇ ਸਮਾਂ ਦਿਨ ਦਾ ਦੂਜਾ ਪਹਿਰ ਹੈ। ਆਰੋਹ-ਸ ਰ ਮ ਪ ਧੁ ਮ, ਪ ਧੁ ਨੁ ਸੰ। ਅਵਰੋਹ- ਸੰ ਨੁ ਧੁ ਪ ਮ ਪ ਗੁ ਰ ਸ, ਰ ਨੁ ਸ ਰ ਗ ਮ ਪ ਗੁ ਰ ਸ। ਮੁੱਖ ਅੰਗ- ਸ ਰ ਗ ਮ, ਮ ਪ ਧੁ ਮ ਪ ਗੁ ਰ ਸ। ਸ੍ਰੀ ਰਘੁਨਾਥ ਤਲੇਗਾਂਵਕਰ ਦੇ 'ਸੁਲਭ ਸੰਗੀਤ ਪ੍ਰਵੀਨ' ਭਾਗ-੨ ਵਿਚ ਵੀ ਇਹੀ ਸਰੂਪ ਦਿੱਤਾ ਹੈ। ਗ ਸ਼ੁਧ ਦੇ ਪ੍ਰਯੋਗ ਦੁਆਰਾ ਇਹ ਰਾਗ ਆਸਾਵਰੀ ਤੇ ਜੌਨਪੁਰੀ ਰਾਗ ਤੋਂ ਵੱਖ ਹੋ ਜਾਂਦਾ ਹੈ।

ਸ਼੍ਰੀ ਵਿਮਲਕਾਂਤ ਰਾਏ ਚੌਧਰੀ ਨੇ 'ਰਾਗ ਵਿਯਾਕਰਨ' ਵਿੱਚ ਇਕ ਸਰੂਪ ਆਸਾਵਰੀ ਥਾਟ, ਪੂਰਵਾਂਗ ਵਿਚ ਧਨਾਸਰੀ ਤੇ ਉਤਰਾਂਗ ਵਿਚ ਜੌਨਪੁਰੀ, ਦੂਜਾ ਸਰੂਪ ਆਸਾਵਰੀ ਥਾਟ ਦੋਨੋਂ ਗੰਧਾਰ ਪ੍ਰਯੋਗ ਵਾਲਾ ਤੇ ਤੀਜਾ ਸਰੂਪ ਆਰੋਹ ਜੌਨਪੁਰੀ ਤੇ ਅਵਰੋਹ ਗੰਧਾਰੀ ਵਾਲਾ ਇਹ ਤਿੰਨ ਸਰੂਪ ਦਿੱਤੇ ਹਨ। ਸ੍ਰੀ ਐਚ. ਸੀ. ਸ੍ਰਿਵਾਸਤਵ ਨੇ 'ਰਾਗ ਪਰੀਚੇ' ਚੌਥਾ ਭਾਗ ਤੇ ਪੰਡਿਤ ਰਾਮਕ੍ਰਿਸ਼ਨ ਵਿਆਸ ਨੇ 'ਰਾਗ ਪ੍ਰਵੀਨ' ਦੂਸਰਾ ਭਾਗ ਵਿਚ ਆਰੋਹ ਵਿੱਚ ਸ਼ੁਧ ਗੰਧਾਰ ਦਾ ਪ੍ਰਯੋਗ ਮੰਨਿਆ ਹੈ। ਵੈਸੇ ਸੰਪੂਰਨ-ਸੰਪੂਰਨ ਤੋਂ ਸ਼ਾੜਵ-ਸੰਪੂਰਨ ਜਾਤੀ ਵਾਲਾ ਸਰੂਪ ਜ਼ਿਆਦਾ ਪ੍ਰਚਾਰ ਵਿੱਚ ਹੈ। ਆਸਾਵਰੀ ਤੇ ਜੌਨਪੁਰੀ ਤੋਂ ਬਿਨਾਂ ਰਾਗ ਗੰਧਾਰੀ ਵੀ ਇਸ ਰਾਗ ਦਾ ਨਿਕਟਵਰਤੀ ਰਾਗ ਮੰਨਿਆ ਜਾਂਦਾ ਹੈ। ਗੰਧਾਰੀ ਵਿੱਚ ਆਰੋਹ ਜੌਨਪੁਰੀ ਵਾਲਾ ਹੀ ਹੈ ਤੇ ਅਵਰੋਹ ਵਿੱਚ ਰਿਸ਼ਭ ਕੋਮਲ ਦਾ ਪ੍ਰਯੋਗ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋ. ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗ ਦੇਵਗੰਧਾਰ ਥਾਟ-ਆਸਾਵਰੀ, ਆਰੋਹ ਵਿਚ ਰਿਸ਼ਭ, ਧੈਵਤ ਵਰਜਿਤ ਤੇ ਜਾਤੀ-ਔੜਵ-ਸੰਪੂਰਨ ਹੈ। ਪੂਰਵਾਂਗ ਵਿਚ ਧਨਾਸਰੀ ਤੇ ਉਤਰਾਂਗ ਵਿਚ ਜੌਨਪੁਰੀ ਹੈ। ਆਰੋਹ- ਸ, ਗੁ ਮ ਪ, ਨੁ ਸੰ। ਅਵਰੋਹ- ਸੰ ਨੁ ਧੁ, ਪ, ਮ ਪ ਗੁ, ਰ ਸ। ਮੁਖ ਅੰਗ- ਮ ਮ ਪ ਧੁ ਪ, ਸੰ, ਨੁ ਧੁ ਪ, ਗੁ ਮ

ਰਾਗੁ ਦੇਵਗੰਧਾਰ

ਪ, ਰੰ ਸੰ, ਨੁ ਧੁ ਪ, ਧੁ, ਮ ਪ, ਗੁ, ਰ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਰਾਗ ਦੇਵਗੰਧਾਰ ਦਾ ਸਰੂਪ ਪ੍ਰੋ. ਤਾਰਾ ਸਿੰਘ ਦੇ ਦਿੱਤੇ ਸਰੂਪ ਜੈਸਾ ਹੀ ਹੈ। ਸੰਤ ਸਰਵਣ ਸਿੰਘ ਨੇ 'ਸੁਰ ਸਿਮਰਨ ਸੰਗੀਤ' ਭਾਗ-੭ ਵਿਚ ਰਾਗ ਦੇਵਗੰਧਾਰ ਦਾ ਸਰੂਪ ਜਿਸ ਵਿਚ ਦੋਵੇਂ ਗੰਧਾਰ ਪ੍ਰਯੋਗ ਹੁੰਦੇ ਹਨ, ਉਹਨਾਂ ਇਹ ਦੇਵਗੰਧਾਰੀ ਦਾ ਸਰੂਪ ਮੰਨਿਆ ਹੈ ਤੇ ਰਾਗ ਦੇਵਗੰਧਾਰ ਦਾ ਸਰੂਪ ਬਿਲਾਵਲ ਥਾਟ ਦਾ ਔੜਵ-ਸੰਪੂਰਨ ਜਾਤੀ ਦਾ ਮੰਨਿਆ ਹੈ। ਇਸ ਦਾ ਆਰੋਹ ਦੁਰਗਾ ਜੈਸਾ ਸ ਰ ਮ ਪ ਧ ਸੰ ਤੇ ਅਵਰੋਹ- ਬਿਲਾਵਲ ਜੈਸਾ ਸੰ ਨ ਧ ਪ, ਮ ਗ ਰ ਸ, ਰ ਸ ਹੈ। ਪਕੜ - ਸ ਰ ਗ ਮ, ਗ ਰ, ਸ ਰ, ਗ ਸ। ਵਾਦੀ-ਪ, ਸੰਵਾਦੀ-ਰ। ਸਮਾਂ-ਹਰ ਸਮੇਂ।

ਦੇਵਗੰਧਾਰ ਦਾ ਸਰੂਪ ਪੰਡਿਤ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਕਾ' ਭਾਗ-੬ ਵਿਚ ਤੇ ਹੋਰ ਸੰਗੀਤਕਾਰਾਂ ਵੀ ਕੀਤਾ ਹੈ। ਰਾਗ ਦਾ ਚਲਨ ਪੂਰਵਾਂਗ ਵਿੱਚ ਧਨਾਸਰੀ ਤੇ ਉਤਰਾਂਗ ਵਿੱਚ ਜੌਨਪੁਰੀ ਹੈ। ਆਰੋਹ- ਸ ਗੁ ਮ ਪ ਨੁ ਸੰ ਅਵਰੋਹ- ਸੰ ਨੁ ਧੁ ਪ ਮ ਪ ਗੁ ਰ ਸ ਰਾਗ ਦਾ ਇਹ ਸਰੂਪ ਜ਼ਿਆਦਾ ਪ੍ਰਚਾਰ ਵਿੱਚ ਨਹੀਂ ਹੈ। ਸੋ ਰਾਗ ਨਿਰਣਾਇਕ ਕਮੇਟੀ ਤੋਂ ਆਸਾਵਰੀ ਥਾਟ ਦਾ ਦੋ ਗੰਧਾਰ ਪ੍ਰਯੋਗ ਹੋਣ ਵਾਲਾ ਰਾਗ ਦੇਵਗੰਧਾਰ ਦਾ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ ਤੇ ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ। ਰਾਗੁ ਦੇਵਗੰਧਾਰ ਵਿੱਚ ਵੀ ਉਤਰਾਂਗ ਵਿੱਚ ਜੌਨਪੁਰੀ ਹੀ ਜਾਗਦਾ ਹੈ।

**ਸ਼ਬਦ ਤਰਤੀਬ:-**

ਰਾਗੁ ਦੇਵਗੰਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁਖ ਰਾਗ ਦੇਵਗੰਧਾਰੀ ਦੇ ਅਧੀਨ ਅੰਕਿਤ ਹੈ। ਰਾਗ ਦੇਵਗੰਧਾਰ ਦਾ ਇਕ ਹੀ ਸ਼ਬਦ ਦੇਵਗੰਧਾਰੀ ਮਹਲਾ ੫।। 'ਅਪੁਨੇ ਹਰਿ ਪਹਿ ਬਿਨਤੀ ਕਹੀਐ' ਪੰਨਾ ੫੩੧ ਸ਼ਬਦ ਅੰਕ ।।੨।।੧੭।। ਹੈ। ਅੱਜ ਨਵੇਂ ਛਪੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਵਿੱਚ ਦੇਵਗੰਧਾਰੀ ਮਹਲਾ ੫ ਹੀ ਅੰਕਿਤ ਹੈ। ਰਾਗ ਦੇਵਗੰਧਾਰ ਵੈਸੇ ਇੱਕ ਸੁਤੰਤਰ ਰਾਗ ਹੀ ਬਣ ਜਾਂਦਾ ਹੈ।

**ਪਰੀਚੈ:-**

ਰਾਗੁ - ਦੇਵਗੰਧਾਰ ਥਾਟ - ਆਸਾਵਰੀ

ਸਵਰ - ਧੈਵਤ ਤੇ ਨਿਸ਼ਾਦ ਕੋਮਲ ਦੋਵੇਂ ਗੰਧਾਰ ਹੋਰ ਸਭ ਸ਼ੁਧ

ਵਰਜਿਤ ਸਵਰ - ਆਰੋਹ ਵਿਚ ਗੰਧਾਰ

ਜਾਤੀ - ਸ਼ਾੜਵ- ਸੰਪੂਰਨ ਵਾਦੀ - ਧੈਵਤ

ਸੰਵਾਦੀ - ਗੰਧਾਰ ਸਮਾਂ -ਦਿਨ ਦਾ ਦੂਜਾ ਪਹਿਰ

ਆਰੋਹ - ਸ ਰ ਮ ਪ ਧੁ - ਮ ਪ, ਧੁ ਨੁ ਸੰ

ਅਵਰੋਹ - ਸੰ ਨੁ ਧੁ ਪ, ਮ ਗੁ ਰ ਸ, ਰ ਨ੍ਹ ਸ ਰ ਗ ਮ - ਪ ਮ ਗੁ ਰ ਸ

ਮੁੱਖ ਅੰਗ -ਮ ਪ ਧੁ ਮ ਪ ਗੁ ਰ ਸ, ਰੰ ਨ੍ਹ ਸ ਰ ਗ ਮ - ਪ ਗੁ ਰ ਸ

**ਸਵਰ ਵਿਸਥਾਰ:-**

1) ਸ ਰ ਸ, ਰ ਨ਼ ਸ, ਰ ਗ ਮ, ਪ ਗੁ ਰ ਸ, ਸ ਰ ਨ਼ ਧੁ਼ ਪ਼, ਧੁ਼ ਮ਼ ਪ਼ ਧੁ਼ ਨ਼ ਸ, ਸ ਰ ਮ, ਰ ਮ ਪ, ਧੁ ਮ ਪ, ਮ ਪ ਗੁ ਰ ਸ, ਰ ਨ਼ ਸ ਰ ਗ ਮ, ਮ ਪ ਗੁ ਰ ਸ।

2) ਸ ਰ ਮ ਪ, ਧੁ ਧੁ ਪ, ਧੁ ਮ ਪ, ਨੁ ਧੁ ਪ, ਸੰ ਨੁ ਧੁ ਪ, ਮ ਪ ਸੰ ਨੁ ਧੁ ਪ, ਮ ਪ ਧੁ ਨੁ ਸੰ, ਰੰ ਨੁ ਧੁ ਪ, ਧੁ ਮ ਪ, ਧੁ ਨੁ ਧੁ ਪ ਧੁ ਮ ਪ, ਗੁ ਰ ਸ, ਰ ਨ਼ ਸ ਰ ਗ ਮ, ਪ ਗੁ ਰ ਸ।

3) ਮ ਪ ਧੁ ਧੁ ਨੁ ਧੁ ਪ, ਮ ਪ ਧੁ ਨੁ ਸੰ, ਸੰ ਰੰ ਸੰ, ਰੰ ਗੁੰ ਰੰ ਸੰ, ਰੰ ਨੁ ਸੰ, ਸੰ ਰੰ ਗੰ ਮੰ, ਮੰ ਪੰ ਗੁੰ ਰੰ ਸੰ, ਸੰ ਰੰ ਗੁੰ ਰੰ ਸੰ, ਸੰ ਰੰ ਸੰ ਨੁ ਧੁ ਪ, ਪ ਧੁ ਨੁ ਧੁ ਪ ਮ ਪ, ਪ ਧੁ ਮ ਪ ਗੁ ਰ ਸ, ਸ ਰ ਨ਼ ਸ ਰ ਗ ਮ, ਮ ਪ ਗੁ ਰ ਸ।

**ਦੇਵਗੰਧਾਰੀ ਮਹਲਾ ੫॥** (੫੩੧)

**ਅਪੁਨੇ ਹਰਿ ਪਹਿ ਬਿਨਤੀ ਕਹੀਐ॥ ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ॥੧॥ਰਹਾਉ॥ ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ॥ ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ॥੧॥ ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ॥ ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ॥੨॥੧੭॥**

ਪਦ ਅਰਥ:-ਪਹਿ-ਪਾਸ। ਚਾਰਿ ਪਦਾਰਥ-ਧਰਮ, ਅਰਥ, ਕਾਮ, ਮੋਖ। ਨਿਧਿ-ਖ਼ਜ਼ਾਨੇ। ਸਿਧਿ-ਕਰਾਮਾਤੀ ਤਾਕਤ। ਮਾਨੁ-ਅਹੰਕਾਰ। ਅੰਚਲੁ-ਪੱਲਾ। ਗਹੀਐ-ਫੜਨਾ ਚਾਹੀਦਾ ਹੈ। ਆਂਚ-ਸੇਕ। ਅਹੀਐ-ਮੰਗਨੀ ਚਾਹੀਦੀ ਹੈ। ਕੋਟਿ-ਕ੍ਰੋੜਾਂ। ਅਕ੍ਰਿਤਘਨ-ਨਾਸ਼ੁਕਰੇ। ਸਹੀਐ-ਸਹਾਰਦਾ ਹੈ, ਜਰਦਾ ਹੈ। ਕਰੁਣਾ ਮੈ-ਤਰਸ-ਸਰੂਪ।

**ਰਾਗੁ ਦੇਵਗੰਧਾਰ ਤੀਨ ਤਾਲ ਮਾਤਰਾਂ-16 ਮੱਧ ਲੈਅ**

**ਅਸਥਾਈ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਮ | ਪਧੁ | ਨੁਸੰ | ਧੁ | ਪ | ਮ | ਪ |
| | | | | | | | | ਅ | ਪੁ | ਨੇS | SS | ਹ | ਰਿ | ਪ | ਹਿ |
| ਗੁ | ਰ | ਸ | ਰ | ਗ | ਗ | ਮ | - | ਮ | ਰ | ਮ | ਪ | ਧੁ | ਧੁ | ਮ | ਪ |
| ਬਿ | ਨ | ਤੀ | S | ਕ | ਹੀ | ਐ | S | ਚਾ | S | ਰਿ | S | ਪ | ਦਾ | ਰ | ਥ |
| ਰ | ਮ | ਪ | ਧੁਨੁ | ਧੁ | ਧੁ | ਪ | ਪ | ਸੰ | - | ਰੰ | ਨੁ | ਧੁ | ਧੁ | ਪ | - |
| ਅ | ਨ | ਦ | ਮੰS | ਗ | ਲ | ਨਿ | ਧਿ | ਸੂ | S | ਖ | S | ਸ | ਹ | ਜ | S |
| ਗੁ | - | ਰ | ਸ | ਰ | ਗ | ਮ | - | | | | | | | | |
| ਸਿ | S | ਧਿ | S | ਲ | ਹੀ | ਐ | S | | | | | | | | |
| X | | | | 2 | | | | 0 | | | | 3 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਪ | ਧੁ | ਨੁ | ਸੰਸੰ | ਸੰ | ਰੰ | ਸੰ |
| | | | | | | | | ਮਾ | S | ਨੁ | S | ਤਿਆ | ਗਿ | ਹ | ਰਿ |
| ਸੰਰੰ | ਗੁੰ | ਰੰ | ਸੰ | ਰੰ | ਨੁ | ਧੁਧੁ | ਪ | ਸੰ | ਨੁ | ਧੁਧੁ | ਪ | ਗੁ | - | ਰ | ਸ |
| ਚS | ਰ | ਨੀ | S | ਲਾ | S | ਗਏ | S | ਤਿ | ਸੁ | ਪ੍ਰ | ਭ | ਅੰ | S | ਚ | ਲੁ |
| ਰ | ਗ | ਮ | ਪ | ਗੁ | - | ਰ | ਸ | | | | | | | | |
| ਗ | ਹੀ | S | S | ਐ | S | S | S | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਰ ਮਪ ਧੁਪ ਮਪ ਗੁ- ਰਸ ਰਗ ਮ-
2) ਮਪ ਧੁਪ ਮਗੁ ਰਸ ਰਨੁ ਸਰ ਗਗ ਮ-
3) ਰਮ ਪਨੁ ਧੁਪ ਮਗੁ ਰਸ ਨੁਸ ਰਗ ਮ-
4) ਮਪ ਧੁਨੁ ਸੰਨੁ ਧੁਪ ਮਗੁ ਰਸ ਰਗ ਮ-
5) ਸਰ ਮਪ ਰਮ ਪਧੁ ਮਪ ਧੁਨੁ ਸੰਰੰ ਗੁੰਰੰ ਸੰਨੁ ਧੁਪ ਮਗੁ ਰਸ ਰਗ ਮਪ ਗੁ- ਰਸ
6) ਸਰ ਮਪ ਧੁਪ ਮਪ ਧੁਨੁ ਸੰਨੁ ਧੁਪ ਮਪ ਮਗੁ ਰਸ ਸਰ ਨੁਸ ਰਗ ਮਪ ਗੁ- ਰਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਇਕ ਵਾਰ ਲੈ ਕੇ ਸੱਮ੍ਹ ਤੇ ਆਉਣਾ ਹੈ।
2) 9ਵੀਂ ਤੋਂ 16ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਸੱਮ ਤੋਂ 13ਵੀਂ ਤੋਂ 16ਵੀਂ ਮਾਤਰ ਬਰਾਬਰ ਲੈ ਕੇ ਦੋ ਮਾਤਰਾਂ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਨੂੰ ਬੰਦਸ਼ ਅਨੁਸਾਰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਸ੍ਵੈਯਾ (ਚਵੀ ਅਵਤਾਰ)

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਜੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ॥ ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ

**ਜਾਨਜੋ॥ ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ॥੧੨॥੮੬੩॥**

ਪਦ ਅਰਥ:-ਪਾਂਇ-ਪੈਰ। ਗਹੇ-ਫੜੇ। ਤਰੇ-ਹੇਠਾਂ। ਮਤ-ਮਜ਼ਹਬ। ਸ੍ਰੀ ਅਸਿਪਾਨ-ਹੇ ਵਾਹਿਗੁਰੂ ਜੀ! ਬਖਾਨਜੋ-ਆਪ ਨੇ ਹੀ ਕਹਾਇਆ ਹੈ।

## ਰਾਗੁ ਦੇਵਗੰਧਾਰ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮਪ | ਧੁਨੁ | ਸੰ | ਧੁ | ਮ | ਪ | ਪਧੁ | ਮ | ਪ | ਗੁ | ਰ | ਸ |
| ਪਾਂS | ਇS | S | ਗ | ਹੇ | S | ਜS | ਬ | ਤੇ | ਤੁ | ਮ | ਰੇ |
| ਰਰ | ਨੁ਼ | ਸ | ਰ | ਗ | ਮ | ਪ | ਮ | ਪਪ | ਗੁ | ਰ | ਸ |
| ਤਬ | ਤੇ | ਕੋ | ਊ | ਆਂ | ਖ | ਤ | ਰੇ | ਨਹੀ | ਆ | ਨ | ਜੋ |
| x | | 0 | | 2 | | 0 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮਪ | ਧੁ | ਨੁ | ਸੰ | ਰੰ | ਸੰ | ਰੰਗੁੰ | ਰੰ | ਸੰ | ਰੰਨੁ | ਧੁ | ਪ |
| ਰਾS | S | ਮ | ਰ | ਹੀ | ਮ | ਪ੍ਰS | ਰਾ | ਨ | ਕੁS | ਰਾ | ਨ |
| ਸੰਨੁ | ਧੁ | ਪ | ਪਧੁ | ਮ | ਪ | ਗੁ | ਰ | ਸ | ਰ | ਗ | ਮ |
| ਅS | ਨੇ | ਕ | ਕਹੈਂ | ਮ | ਤ | ਏ | ਕ | ਨ | ਮਾ | ਨ | ਜੋ |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਰ ਮਪ ਧੁਪ ਮਪ ਮਗੁ ਰਸ ਸਰ ਨੁ਼ਸ ਰਗ ਮਪ ਮਗੁ ਰਸ

2) ਮਪ ਧੁਨੁ ਸੰਨੁ ਧੁਪ ਮਪ ਧੁਪ ਮਗੁ ਰਸ ਸਰ ਨੁ਼ਸ ਰਗ ਮ-

3) ਮਪ ਧੁਮ ਪਧੁ ਮਪ ਸੰਨੁ ਧੁਪ ਮਗੁ ਰਸ ਰਗ ਮਪ ਮਗੁ ਰਸ

**ਤਿਹਾਈਆਂ:-**

1) ਪਹਿਲੀ ਤੋਂ ਛੇਵੀਂ ਮਾਤਰ ਤਕ ਬੰਦਸ਼ ਅਨੁਸਾਰ ਬਰਾਬਰ ਗਾ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਚੌਥੀ ਮਾਤਰ ਤੇ 'ਗਹੇ' ਦਾ ਉਚਾਰਨ ਕਰਨਾ ਹੈ।

3) 7ਵੀਂ ਤੋਂ 12ਵੀਂ ਮਾਤਰ ਨੂੰ ਬੰਦਸ਼ ਅਨੁਸਾਰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਰਾਗੁ ਦੇਵਗੰਧਾਰ

ਸ਼ਬਦ 'ਅਪੁਨੇ ਹਰਿ ਪਹਿ ਬਿਨਤੀ ਕਹੀਐ।।' ਤੀਨਤਾਲ ਬੰਦਸ਼ ਵਾਲਾ ਹੈ।

## ਰਾਗੁ ਦੇਵਗੰਧਾਰ ਝਪ ਤਾਲ ਮਾਤਰਾਂ-10 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਮਮ | ਪ | ਸੰਨੁ | ਧੁ | ਪਪ | ਮਪ | ਗੁ | ਰਸ | ਰਗ | ਮ |
| ਅਪੁ | ਨੇ | ਹS | ਰਿ | ਪਹਿ | ਬਿਨ | ਤੀ | ਕਹੀ | ਐS | S |
| ਰ | ਗ | ਮ | ਪ | ਮਮ | ਪਪ | ਧੁਪ | ਧੁਨੁ | ਧੁ | ਪਪ |
| ਚਾ | ਰਿ | ਪ | ਦਾ | ਰਥ | ਅਨ | ਦS | ਮੰਗ | ਲ | ਨਿਧਿ |
| ਸੰ | ਰੰਸੰ | ਨੁ | ਧੁ | ਪ | ਮ | ਪ | ਗੁ | ਰ | ਸ |
| ਸੂ | ਖS | ਸ | ਹ | ਜ | ਸਿ | ਧਿ | ਲ | ਹੀ | ਐ |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਮ | ਪ | ਧੁਧੁ | ਧੁ | ਨੁਨੁ | ਸੰਸੰ | ਸੰ | ਰੰਗੁੰ | ਰੰ | ਸੰਸੰ |
| ਮਾ | ਨੁ | ਤਿਆ | ਗਿ | ਹਰਿ | ਚਰ | ਨੀ | ਲਾS | S | ਗਉ |
| ਨੁਸੰ | ਰੰਸੰ | ਨੁਧੁ | ਮ | ਪ | ਗੁ | ਰਸ | ਰ | ਗ | ਮ |
| ਤਿS | ਸੁS | ਪ੍ਰ | S | ਭ | ਅੰ | ਚਲੁ | ਗ | ਹੀ | ਐ |
| x | | 2 | | | 0 | | 3 | | |

ਤਾਨਾਂ:-

1) ਸਰਮਪ ਧੁਪਮਪ ਮਗੁਰਸ ਮਪਧੁਨੁ ਸੰਨੁਧੁਪ ਮਪਧੁਪ ਮਗੁਰਸ ਸਰਨੁਸ
ਰਗਮਪ ਗੁ-ਰਸ

2) ਮਪਧੁਪ ਮਪਧੁਨੁ ਸੰਨੁਧੁਪ ਮਪਧੁਨੁ ਸੰਰੰਗੁੰਰੰ ਸੰਨੁਧੁਪ ਮਗੁਰਸ ਸਰਨੁਸ
ਰਗਮਪ ਗੁ-ਰਸ

ਤਿਹਾਈਆਂ:-

1) ਪਹਿਲੀਆਂ ਦੋ ਮਾਤਰਾਂ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਤਿੰਨ ਮਾਤਰਾਂ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 6ਵੀਂ ਮਾਤਰ ਤੇ 'ਬਿਨਤੀ' ਦਾ ਉਚਾਰਨ ਤੇ ਇਕ ਮਾਤਰ ਬਿਸਰਾਮ ਫਿਰ 'ਬਿਨਤੀ' ਤੇ ਬਿਸਰਾਮ ਫਿਰ 'ਬਿਨਤੀ' ਕਹਿ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 6ਵੀਂ ਤੋਂ 10ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਮਹਲਾ ੫ (ਸਲੋਕ ਸੇਖ ਫਰੀਦ ਕੇ) (੧੩੮੧)

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥**

ਪਦ ਅਰਥ:-ਖਾਲਕੁ-ਖਲਕਤ ਨੂੰ ਪੈਦਾ ਕਰਨ ਵਾਲਾ ਪ੍ਰਮਾਤਮਾ।। ਮਾਹਿ-ਮਹਿ, ਵਿਚ। ਤਿਸੁ ਬਿਨੁ-ਉਸ ਪਰਮਾਤਮਾ ਤੋਂ ਬਿਨਾ।

## ਰਾਗੁ ਦੇਵਗੰਧਾਰ ਏਕ ਤਾਲ ਮਾਤਰਾਂ-12 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਰਮ | ਪਧੁਮਪ |
| | | | | | | | | | | ਮੰਦਾ | ਕਿਸਨੋS |
| ਧੁ- | ਧੁਨੁਧੁਪ | ਮਪ | ਪਧੁਨੁਸੰ | ਨੁਧੁਪ- | ਧੁ-ਮਪ | ਗੁ-ਰਸ | ਰਨੁਸ- | ਰਗਮਪ | ਮਗੁਰਸ | | |
| ਆS | ਖੀਐS | ਜਾਂS | ਤਿSSS | ਸੁSSS | ਬਿSਨੁS | ਕੋSSS | ਈSSS | ਨਾSSS | ਹਿSSS | | |
| X | | 0 | | 2 | | 0 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਮਪ | ਧੁਨੁ |
| | | | | | | | | | | ਫਰੀ | ਦਾS |
| ਸੰ- | ਰੰਸੰ | ਰੰਗੁੰ | ਰੰਸੰ | ਰੰਨੁਧੁਪ | ਮਮਪ- | ਗੁ-ਰਸ | ਰਗਮ- | ਪ-ਮਪ | ਗੁ-ਰਸ | | |
| ਖਾS | ਲਕੁ | ਖਲ | ਕS | ਮSਹਿS | ਖਲਕS | ਵSਸੈ | ਰSਬS | ਮਾSSS | ਹਿSSS | | |
| X | | 0 | | 2 | | 0 | | 3 | | 4 | |

**ਅਲਾਪ:-**

1) ਸ- ਸਰਨੁਸ ਰ-ਮਪ ਧੁਪ ਧੁ-ਮਪ ਗੁ-ਰਸ ਰਨੁਸਰ ਗਮ

2) ਸ- ਰਮਪ- ਧੁਪ ਸੰਨੁਧੁਪ ਮਪਗੁ- ਰਸ ਰਗਮਪ ਗੁ-ਰਸ

**ਤਾਨਾਂ:-**

1) ਸਰਮਪਰਮਪਧੁ ਮਪਧੁਪਮਗੁਰਸ ਮਪਧੁਨੁਪਧੁਨੁਸੰ ਸੰਰੰਗੁੰਰੰਸੰਨੁਧੁਪ
ਮਪਧੁਪਮਗੁਰਸ ਸਰਨੁਸਰਗਮਪ ਗੁ-ਰਸਨੁਨੁਸ-

2) ਮਪਮਪਧੁਪਮਪ ਮਪਮਪਧੁਨੁਧੁਪ ਮਪਮਪਧੁਨੁਸੰਨੁ ਧੁਪਮਪਮਪਧੁਨੁ
ਸੰਰੰਗੁੰਰੰਸੰਨੁਧੁਪ ਮਪਮਪਧੁਪਮਪ ਮਗੁਰਸਸਰਨੁਸ ਰਗਮਪਗੁ-ਰਸ

3) ਰਮਪਰਮਪਰਮ ਪਧੁਮਪਮਗੁਰਸ ਮਪਧੁਮਪਧੁਮਪ ਧੁਨੁਧੁਪਮਗੁਰਸ
ਸੰਰੰਗੁੰਸੰਰੰਗੁੰਸੰਰੰ ਗੁੰਰੰਸੰਨੁਧੁਪਮਪ ਮਗੁਰਸਰਨੁਸਰ ਗ-ਮਪਗੁ-ਰਸ

4) ਰਮਪਧੁਮਪਮਗੁ ਰਸਰਮਪਧੁਨੁਧੁ ਪਧੁਮਪਮਗੁਰਸ ਰਮਪਧੁਨੁਸੰਨੁਧੁ
ਪਧੁਮਪਮਗੁਰਸ ਸੰਰੰਗੁੰਰੰਸੰਨੁਧੁਪ ਮਪਧੁਪਮਗੁਰਸ ਰਗਮਪਗੁ-ਰਸ

ਰਾਗੁ ਦੇਵਗੰਧਾਰ

ਤਿਹਾਈਆਂ:-

1) 11ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 12ਵੀਂ ਮਾਤਰ ਜੋੜ ਕੇ ਸੱਮ ਤੇ ਆਉਣਾ ਹੈ।
2) 11ਵੀਂ-12ਵੀਂ ਮਾਤਰ ਦੇ ਟੁਕੜੇ ਨੂੰ 10ਵੀਂ ਮਾਤਰ ਤੋਂ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।
3) 11ਵੀਂ ਤੋਂ ਦੂਜੀ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ 8ਵੀਂ ਮਾਤਰ ਤੋਂ ਦੋ ਵਾਰ ਦੁਗੁਨ ਵਿੱਚ ਲੈ ਕੇ ਫਿਰ 11ਵੀਂ-12ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ ਇੱਕ ਵਾਰ ਲੈ ਕੇ ਸੱਮ ਤੇ ਆਉਣਾ ਹੈ।

ਸ਼ਬਦ - 'ਅਪੁਨੇ ਹਰਿ ਪਹਿ ਬਿਨਤੀ ਕਹੀਐ' ਤੀਨ ਤਾਲ ਬੰਦਸ਼ ਵਾਲਾ ਹੈ।

## ਰਾਗੁ ਦੇਵਗੰਧਾਰ ਪੰਚਮ ਸਵਾਰੀ ਤਾਲ ਮਾਤਰਾਂ-15 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|
| ਰ | -ਮ | -ਪ | ਧੁ | ਧੁ | ਮ | ਪ | ਮ | ਗੁ | ਰ | ਨੁਸ | ਰ | ਗ | ਮ | - |
| ਅ | ऽਪੁ | ऽਨੇ | ਹ | ਰਿ | ਪ | ਹਿ | ਬਿ | ਨ | ਤੀ | ऽऽ | ਕ | ਹੀ | ਐ | ऽ |
| ਰ | -ਮ | -ਪ | ਧੁ | ਧੁ | ਪ | ਪ | ਮ | ਮ | ਪ | ਸੰ | ਨੁ | ਧੁ | ਪ | ਪ |
| ਚਾ | ऽਰਿ | ऽऽ | ਪ | ਦਾ | ਰ | ਥ | ਅ | ਨ | ਦ | ਮੰ | ਗ | ਲ | ਨਿ | ਧਿ |
| ਸੰ | -ਨੁ | ਸੰ- | ਰੰ | ਨੁ | ਧੁ | ਪ | ਮ | ਪ | ਧੁ | ਪ | ਮ | ਗੁ | ਰ | ਸ |
| ਸੂ | ऽਖ | ऽऽ | ਸ | ਹ | ਜ | ऽ | ਸਿ | ਧਿ | ਲ | ਹੀ | ਐ | ऽ | ऽ | ऽ |
| x | | | 2 | | | | 3 | | | | 4 | | 5 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|
| ਮ | -ਪ | - | ਧੁ | ਧੁ | ਨੁ | - | ਸੰ | ਸੰ | ਸੰਸੰ | ਸੰ | ਰੰ | ਨੁ | ਸੰਸੰ | - |
| ਮਾ | ऽਨੁ | ऽ | ਤਿ | ਆ | ਗਿ | ऽ | ਹ | ਰਿ | ਚਰ | ਨੀ | ਲਾ | ऽ | ਗਉ | ऽ |
| ਰੰ- | ਗੁੰਰੰ | -ਸੰ | ਰੰ | ਨੁ | ਧੁ | ਪ | ਗੁ | - | ਰ | ਸ | ਰਨੁ | ਸਰ | ਗ | ਮ |
| ਤਿऽ | ਸੁਪ੍ਰ | ऽਭ | ਅੰ | ऽ | ਚ | ਲੁ | ਗ | ऽ | ਹੀ | ऽ | ਐऽ | ऽऽ | ऽ | ऽ |
| x | | | 2 | | | | 3 | | | | 4 | | 5 | |

ਤਾਨਾਂ:-

1) ਸਰਮਪ ਧੁਪਮਪ ਮਗੁਰਸ ਸਰਮਪ ਧੁਨੁਧੁਪ ਮਪਧੁਪ ਮਗੁਰਸ ਸਰਮਪ
ਧੁਨੁਸੰਰੰ ਗੁੰਰੰਸੰਨੁ ਧੁਪਮਪ ਮਗੁਰਸ ਸਰਨੁਸ ਰਗਮਪ ਮਗੁਰਸ

2) ਰਮਪਧੁ ਮਪਧੁਪ ਮਗੁਰਸ ਰਮਪਧੁ ਸੰਨੁਧੁਪ ਮਪਧੁਪ ਮਗੁਰਸ ਰਮਪਧੁ
ਸੰਰੰਗੁੰਰੰ ਸੰਨੁਧੁਪ ਮਪਧੁਪ ਮਗੁਰਸ ਸਰਨੁਸ ਰਗਮਪ ਮਗੁਰਸ

**ਤਿਹਾਈਆਂ:-**

1) ਬੰਦਸ਼ ਅਨੁਸਾਰ ਪਹਿਲੀ ਤੋਂ 7ਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਫਿਰ ਚੌਥੀ ਤੋਂ 7ਵੀਂ ਮਾਤਰ ਦਾ ਟੁਕੜਾ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਛੇਵੀਂ ਮਤਾਰ ਤੇ 'ਪਹਿ' ਦਾ ਉਚਾਰਨ ਕਰਨਾ ਹੈ। ਪਹਿਲੀ ਤੋਂ 6ਵੀਂ ਮਾਤਰ ਸੱਮ ਤੋਂ ਬਰਾਬਰ ਲੈ ਕੇ ਫਿਰ 8ਵੀਂ ਤੋਂ 15ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### ਦੇਵਗੰਧਾਰੀ ਮਹਲਾ ੫॥ (੫੩੫-੩੬)

**ਉਲਟੀ ਰੇ ਮਨ ਉਲਟੀ ਰੇ॥ ਸਾਕਤ ਸਿਉ ਕਰਿ ਉਲਟੀ ਰੇ॥ ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ॥੧॥ਰਹਾਉ॥ ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ॥ ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ॥੧॥ ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ॥ ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥੨॥੪॥੩੭॥**

ਪਦ ਅਰਥ:-ਉਲਟੀ ਰੇ-ਪਰਤਾ ਲੈ, ਪਰੇ ਰੱਖ। ਸਾਕਤ-ਪ੍ਰਮਾਤਮਾ ਨਾਲੋਂ ਟੁੱਟਾ ਹੋਇਆ ਮਨੁੱਖ। ਛੁਟਕੀ ਰੇ-ਜ਼ਰੂਰ ਟੁੱਟ ਜਾਂਦੀ ਹੈ। ਕਾਜਰ-ਕੱਜਲ, ਕਾਲਖ। ਕਾਲੂਖੀ-ਕਾਲਖ-ਭਰਿਆ। ਤ੍ਰਿਕੁਟੀ-ਮੱਥੇ ਦੀ ਤਿਊੜੀ, ਅੰਦਰਲੀ ਖਿੱਝ। ਨ ਜੁਟਸੀ-ਨਾਂਹ ਜੁੜੇ। ਮੂੰਡੁ-ਸਿਰ। ਪਗਾ-ਪੈਰਾਂ।

### ਰਾਗੁ ਦੇਵਗੰਧਾਰ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਮਪ | ਧੁਨੁ | ਸੰ | ਨੁ | ਧੁ | ਮ | ਪ | ਮ | ਪ | - | ਧੁ | - | ਨੁ | - |
| ਉਲ | ਟੀS | S | ਰੇ | S | ਮ | ਨ | ਝੂ | ਠੈ | S | ਕੀ | S | ਰੇ | S |
| ਗੁ | ਰ | ਸ | ਰਨੁ | ਸਰ | ਗ | ਮ | ਸੰ | ਰੰ | ਸੰ | ਰੰ | ਗੁੰ | ਰੰ | ਸੰ |
| ਉ | ਲ | ਟੀ | ਰੇS | SS | S | S | ਝੂ | ਠੁ | S | ਪ | ਰੀ | ਤਿ | S |
| ਮ | ਪ | ਪ | ਧੁ | ਧੁ | ਮ | ਪ | ਰੰਗੁੰ | ਰੰ | ਸੰ | ਨੁ | ਧੁ | ਮ | ਪ |
| ਸਾ | ਕ | ਤ | ਸਿ | ਉ | ਕ | ਰਿ | ਛੁS | ਟ | ਕੀ | ਰੇ | S | ਮ | ਨ |
| ਧੁ | ਮ | ਪ | ਗੁ | - | ਰ | ਸ | ਗੁ | ਰ | ਸਰ | ਨੁ | ਸ | ਰਗ | ਮ |
| ਉ | ਲ | ਟੀ | ਰੇ | S | S | S | ਛੁ | ਟ | ਕੀS | ਰੇ | S | SS | S |
| x | | | 2 | | 3 | | x | | | 2 | | 3 | |

# ੧੭-ਰਾਗੁ ਵਡਹੰਸੁ ਦਖਣੀ

ਭਾਰਤੀ ਸੰਗੀਤ ਵਿਚ ਰਾਗ ਬਡਹੰਸ ਨੂੰ ਸਾਰੰਗ ਦਾ ਇਕ ਪ੍ਰਕਾਰ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਵਡਹੰਸੁ ਵਿਚ ਬਾਣੀ ਰਚਿਤ ਹੈ ਤੇ ਇਕੱਤੀ ਮੁੱਖ ਰਾਗਾਂ ਵਿੱਚੋਂ ਇਹ ਇੱਕ ਰਾਗ ਹੈ। ਇਸ ਰਾਗ ਦਾ ਵਰਨਣ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਵਿਚ ਪੰਨਾ ੧੮੯ ਤੋਂ ਦਿੱਤਾ ਜਾ ਚੁੱਕਾ ਹੈ। ਰਾਗੁ ਵਡਹੰਸੁ ਦਖਣੀ ਵਿੱਚ ਬਾਣੀ ਦੀ ਰਚਨਾ ਰਾਗੁ ਵਡਹੰਸੁ ਮੁਖ ਰਾਗ ਦੇ ਹੀ ਅੰਤਰਗਤ ਹੋਈ ਹੈ।

ਦਖਣੀ ਪੱਧਤੀ ਦੇ ਗ੍ਰੰਥਕਾਰਾਂ ਵਿਚੋਂ ਮਹਾਰਾਜਾ ਤੁਲਾਜੀਰਾਵ ਭੌਂਸਲੇ ਦੇ 'ਸੰਗੀਤਸਾਰਾਮ੍ਰਿਤ' ਅਨੁਸਾਰ ਬੜਹੰਸ ਕਾਂਭੋਜੀ ਜਨਕ ਮੇਲ ਦਾ ਜਨਯ ਰਾਗ ਹੈ। ਕਾਂਭੋਜੀ ਜਨਕ ਮੇਲ ਦੇ ਉਤਰੀ ਸਵਰ ਇਸ ਪ੍ਰਕਾਰ ਹਨ। ਸ ਰ ਗ ਮ ਪ ਧ ਨੁ ਸਂ। ਸੰਗੀਤ ਕਾਰਯਾਲਯ ਹਾਥਰਸ ਤੋਂ ਪ੍ਰਕਾਸ਼ਿਤ 'ਰਾਗ-ਕੋਸ਼' ਵਿਚ ਦਖਣੀ ਰਾਗਾਂ ਦੇ ਦਿੱਤੇ ਸਰੂਪਾਂ ਦੀ ਲੜੀ ਨੰਬਰ ੪੨੯ ਪੰਨਾ ੫੫ ਤੇ ਰਾਗ ਬਲਹੰਸ ਨੂੰ ਹਰੀਕਾਂਭੋਜੀ ਮੇਲ ਜਨਯ ਰਾਗ ਮੰਨਿਆ ਹੈ। ਸਵਰ ਸ ਰ ਮ ਪ ਧ ਸਂ- ਸਂ ਨ ਧ ਪ ਮ ਰ ਮ ਗ ਸ। ਕਰਣਾਟਕ ਸੰਗੀਤ ਅੰਕ ਜਨਵਰੀ ੧੯੬੩ ਪੰਨਾ ੧੭੬ ਲੜੀ ਨੰਬਰ ੪੯੫ ਅਨੁਸਾਰ ਰਾਗ ਬਲਹੰਸ, ਮੇਲ ਹਰੀਕਾਂਭੋਜੀ ਤੇ ਸਵਰ ਇਸ ਪ੍ਰਕਾਰ ਹਨ। ਸ ਰ ਮ ਪ ਧ ਸਂ - ਸਂ ਨ ਧ ਪ ਮ ਰ ਮ ਗ ਸ। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ ਆਪਣੇ ਗ੍ਰੰਥ 'ਰਾਗ ਵਿਯਾਕਰਣ' ਵਿਚ ਦਖਣੀ ਰਾਗਾਂ ਦੇ ਵਰਨਣ ਵਿਚ ਪੰਨਾ ੫੨ ਲੜੀ ਨੰ. ੪੯੦ ਬਾਲਹੰਸ ਰਾਗ ਇਸ ਪ੍ਰਕਾਰ ਦਿੱਤਾ ਹੈ। ਮੇਲ-ਹਰੀਕਾਂਭੋਜੀ, ਆਰੋਹ- ਸ ਰ ਮ ਪ ਧ ਸਂ। ਅਵਰੋਹ- ਸਂ ਨੁ ਧ ਪ ਮ ਰ ਮ ਗ ਸ। ਪੰਨਾ ੨੪ ਲੜੀ ਨੰ. ੨੮ ਅਨੁਸਾਰ ਕਰਣਾਟਕ ਪੱਧਤੀ ਦੇ ਹਰੀਕਾਂਭੋਜੀ ਮੇਲ ਦੇ ਉੱਤਰੀ ਸੰਗੀਤ ਪੱਧਤੀ ਅਨੁਸਾਰ ਸਵਰ ਇਸ ਪ੍ਰਕਾਰ ਹਨ। ਸ ਰ ਗ ਮ ਪ ਧੁ ਨੁ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਸੰਤ ਸਰਵਣ ਸਿੰਘ ਗੰਧਰਵ ਦੇ 'ਸੁਰ ਸਿਮਰਨ ਸੰਗੀਤ' ਭਾਗ-੭ ਅਨੁਸਾਰ ਰਾਗ ਵਡਹੰਸ ਦਖਣੀ ਦਾ ਥਾਟ ਖਮਾਜ, ਸੁਰ ਨ ਕੋਮਲ, ਵਾਦੀ-ਸ, ਸੰਵਾਦੀ-ਪ, ਵਰਜਿਤ ਸੁਰ ਅਰੋਹ ਵਿਚ ਗ-ਨ, ਜਾਤੀ- ਔੜਵ-ਸੰਪੂਰਨ ਤੇ ਗਉਣ ਸਮਾਂ ਦੁਪਹਿਰ ਹੈ। ਆਰੋਹ- ਸ ਰ ਮ ਪ, ਧ ਸਂ। ਅਵਰੋਹ- ਸਂ ਨੁ ਧ ਪ, ਮ ਰ, ਮ ਗ ਸ। ਪਕੜ- ਮ ਰ, ਮ ਗ ਸ ਰ ਨੁ ਸ। ਪ੍ਰੋ. ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਵਡਹੰਸੁ ਦਖਣੀ ਦੀ ਰਚਨਾ ਦਖਣੀ ਪੱਧਤੀ ਦੇ

ਹਰੀ ਕਾਮਭੋਜੀ ਥਾਟ ਤੋਂ ਮੰਨੀ ਜਾਂਦੀ ਹੈ ਜੋ ਉੱਤਰੀ ਪੱਧਤੀ ਦੇ ਖਮਾਜ ਥਾਟ ਦੇ ਸਮਾਨ ਹੈ। ਇਸ ਵਿਚ ਨਿਸ਼ਾਦ ਕੋਮਲ ਹੋਰ ਸਵਰ ਸ਼ੁਧ ਹਨ। ਇਸ ਦੇ ਆਰੋਹ ਵਿਚ ਗ-ਨ ਸਵਰ ਵਰਜਿਤ ਹਨ ਤੇ ਜਾਤੀ ਔੜਵ-ਸੰਪੂਰਨ ਹੈ। ਵਾਦੀ ਪੰਚਮ ਤੇ ਸੰਵਾਦੀ ਸ਼ੜਜ ਹੈ। ਗਾਉਣ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਆਰੋਹ - ਸ ਰ ਮ ਪ, ਧ ਸੰ। ਅਵਰੋਹ- ਸੰ ਨੁ ਧਪ, ਮ, ਰਮ ਗ, ਸਰ ਨੁ ਧੁ ਸ। ਮੁਖ ਅੰਗ - ਰ ਮ ਪ, ਮ, ਰਮ ਗ, ਸਰ ਨੁ ਧੁਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਵਡਹੰਸੁ ਦਖਣੀ ਦਾ ਥਾਟ-ਹਰੀ ਕਾਮਭੋਜੀ (ਖਮਾਜ ਥਾਟ), ਜਾਤੀ-ਔੜਵ-ਵਕਰ ਸੰਪੂਰਨ, ਵਾਦੀ-ਪੰਚਮ, ਸੰਵਾਦੀ-ਸ਼ੜਜ ਹੈ। ਹੋਰ ਵਿਸਥਾਰ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਦਿੱਤੇ ਸਰੂਪ ਜੈਸਾ ਹੀ ਹੈ।

ਰਾਗੁ ਵਡਹੰਸੁ ਦਖਣੀ ਦੇ ਸਰੂਪ ਲਈ ਦਖਣੀ ਪੱਧਤੀ ਦੇ ਰਾਗ ਬਾਲਹੰਸ ਦੇ ਸਰੂਪ ਨੂੰ ਹੀ ਅਧਾਰ ਮੰਨਿਆ ਗਿਆ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਇਹੀ ਨਿਸ਼ਾਦ ਕੋਮਲ ਤੇ ਹੋਰ ਸਵਰ ਸ਼ੁਧ ਵਾਲਾ ਪ੍ਰਵਾਣਿਤ ਸਰੂਪ ਹੀ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ। ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿੱਚ ਰਾਗੁ ਵਡਹੰਸੁ ਨੂੰ ਅਠਵਾਂ ਅਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਚਿਤ ੬ ਦਖਣੀ ਰਾਗ ਪ੍ਰਕਾਰਾਂ ਵਿੱਚ ਪਹਿਲਾ ਗਉੜੀ ਦਖਣੀ ਤੇ ਇਥੇ ਵਡਹੰਸੁ ਮੁਖ ਰਾਗ ਦੇ ਅੰਤਰਗਤ ਦੂਜਾ ਰਾਗ ਵਡਹੰਸੁ ਦਖਣੀ ਵਿਚ ਬਾਣੀ ਰਚਿਤ ਹੈ। ਸ਼ਬਦ ਰਚਨਾ ਵਿੱਚ ਵਡਹੰਸੁ ਮਹਲਾ ੧ ਦਖਣੀ ਪੰਨਾ ੫੮੦ ਤੋਂ ੫੮੨, ਸ਼ਬਦ ਅੰਕ ॥੮॥੩॥ ਤੋਂ ॥੪॥੫॥ ਤਿੰਨ ਸ਼ਬਦਾਂ ਦੀ ਰਚਨਾ ਹੈ।

**ਪਰੀਚੈ:-**

ਰਾਗੁ ਵਡਹੰਸੁ ਦਖਣੀ — ਮੇਲ - ਹਰੀਕਾਂਭੋਜੀ

ਸਵਰ-ਅਵਰੋਹ ਵਿਚ ਨਿਸ਼ਾਦ ਕੋਮਲ ਹੋਰ ਸ਼ੁਧ।

ਵਰਜਿਤ ਸਵਰ - ਆਰੋਹ ਵਿਚ ਗੰਧਾਰ ਤੇ ਨਿਸ਼ਾਦ।

ਜਾਤੀ -ਔੜਵ-ਵਕਰ ਸੰਪੂਰਨ — ਵਾਦੀ-ਪੰਚਮ

ਸੰਵਾਦੀ-ਸ਼ੜਜ। — ਸਮਾਂ: ਦਿਨ ਦਾ ਤੀਜਾ ਪਹਿਰ

ਆਰੋਹ- ਸ, ਰ ਮ ਪ, ਧ ਸੰ।

ਅਵਰੋਹ- ਸੰ ਨੁ ਧ ਪ, ਮ ਰ ਮ ਗ ਸ।

ਮੁਖ ਅੰਗ- ਸ ਰ ਮ ਪ, ਮ ਰ ਮ ਗ, ਸ ਨੁ ਧੁ ਸ

**ਸਵਰ ਵਿਸਥਾਰ:-**

1) ਸ, ਰ ਸ, ਰ ਮ ਗ, ਸ, ਸ ਰ ਨੁ਼ ਧ਼, ਧ਼ ਧ਼ ਸ, ਸ ਨੁ਼ ਧ਼, ਨੁ਼ ਧ਼ ਪ਼, ਪ਼ ਧ਼ ਨੁ਼ ਧ਼ ਸ, ਸ ਰ ਮ, ਰ ਮ ਗ, ਰ ਮ ਪ, ਮ ਮ ਗ, ਰ ਮ ਪ ਰ ਮ ਗ, ਮ ਗ ਸ, ਸ ਰ ਨੁ਼ ਧ਼ ਪ਼ ਧ਼ ਸ।

2) ਸ ਰ ਮ, ਰ ਮ ਗ, ਰ ਮ ਪ, ਸ ਰ ਮ ਪ, ਪ ਧ ਪ, ਧ ਧ ਪ, ਧ ਪ ਮ, ਰ ਮ ਗ, ਰ ਮ ਪ ਨੁ ਧ ਪ, ਮ ਪ ਧ ਸਂ, ਨੁ ਧ ਪ, ਪ ਧ ਸਂ, ਸਂ ਰਂ ਸਂ, ਸਂ ਨੁ ਧ ਪ, ਧ ਪ ਮ ਪ, ਮ ਪ ਧ ਸਂ ਨੁ ਧ ਪ, ਸਂ ਰਂ ਨੁ ਧ ਪ, ਧ ਪ ਮ ਪ, ਮ ਪ ਮ ਰ ਮ ਗ, ਸ ਰ ਮ ਗ, ਰ ਮ ਗ ਸ, ਨੁ਼ ਧ਼ ਸ।

3) ਮ ਪ ਧ, ਪ ਧ ਸਂ, ਸਂ ਰਂ ਸਂ, ਨੁ ਨੁ ਧ ਪ ਧ ਸਂ, ਸਂ ਰਂ ਸਂ, ਪ ਧ ਨੁ ਧ, ਪ ਧ ਸਂ ਰਂ ਸਂ, ਸਂ ਰਂ ਮਂ ਗਂ, ਸਂ ਨੁ ਧ ਸਂ, ਸਂ ਰਂ ਮਂ ਪਂ ਮਂ ਗਂ, ਰਂ ਮਂ ਗਂ ਸਂ, ਸਂ ਨੁ ਧ ਪ, ਪ ਧ ਸਂ ਰਂ ਸਂ ਨੁ ਧ ਪ, ਧ ਪ ਮ, ਰ ਮ ਗ, ਸ ਰ ਨੁ਼ ਧ਼ ਸ।

## ਵਡਹੰਸੁ ਮਹਲਾ ੧॥ (੫੮੧)

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥ ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ॥ ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ॥ ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ॥ ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੋ॥ ਜਿਨਿ ਜਗੁ ਥਾਪਿ ਵਤਾਇਆ ਜਾਲੋ ਸੋ ਸਾਹਿਬੁ ਪਰਵਾਣੋ॥੧॥ ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ॥ ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ॥ ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ॥ ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ॥ ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ॥ ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ॥੨॥ ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ॥ ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ॥ ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ॥ ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ॥ ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ॥ ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਏਹੁ ਬੀਚਾਰੋ॥੩॥ ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ॥ ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ॥ ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ॥ ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ॥ ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ॥ ਨਾਮਿ ਰਤੇ ਗੁਰਿ ਪੂਰੈ ਰਾਖੇ ਨਾਨਕ ਸਹਜਿ ਸੁਭਾਏ॥੪॥੪॥

ਪਦ ਅਰਥ:- ਜਿਨਿ-ਜਿਸ ਪ੍ਰਮਾਤਮਾ ਨੇ। ਸਿਰਜਿ-ਪੈਦਾ ਕਰ ਕੇ। ਸਮਾਇਆ-ਲੀਨ ਕਰ ਲਿਆ। ਕੁਦਰਤਿ ਜਾਣੋਵਾ-ਕੁਦਰਤ ਵਿਚ ਵਸਦਾ ਜਾਣੁ। ਸਚੜਾ-ਸਦਾ ਥਿਰ ਰਹਿਣ ਵਾਲਾ। ਘਟਿ ਘਟਿ-ਹਰੇਕ ਘਟ ਵਿਚ। ਸਬਦੁ ਪਛਾਣੋਵਾ-ਉਸ ਪ੍ਰਮਾਤਮਾ ਦਾ ਸ਼ਬਦ ਪਛਾਣ। ਸਬਦੁ-ਹੁਕਮ। ਰਾਚੀ-ਰਚੀ, ਬਣਾਈ। ਪਿੜ ਕਾਚੀ-ਵਿਕਾਰਾਂ ਦੇ ਟਾਕਰੇ ਤੇ ਜਿੱਤਣ ਤੋਂ ਅਸਮਰਥ। ਬਿਧਿ-ਤਰੀਕਾ। ਵਖਾਣੋ-ਵਖਾਣੁ, ਉਪਦੇਸ਼। ਵਤਾਇਆ-ਵਿਛਾਇਆ। ਅਧ ਪੰਧੈ-ਅੱਧ ਵਾਟੇ, ਜਨਮ ਮਰਨ ਵਿਚ। ਸੰਸਾਰੋਵਾ-ਸੰਸਾਰੁ ਜਗਤ। ਸਿਰਿ-ਸਿਰਿ-ਹਰੇਕ ਦੇ ਸਿਰ ਉੱਤੇ। ਸਚੜੈ-ਸਦਾ ਥਿਰ ਰਹਿਣਾ ਵਾਲੇ ਪ੍ਰਭੂ ਨੇ। ਪੁਰਬਿ ਵੀਚਾਰੋਵਾ-ਪੂਰਬਲੇ ਸਮੇਂ ਵਿਚ ਕੀਤੇ ਕਰਮਾਂ ਦਾ ਵਿਚਾਰ। ਨਿਰਾਲਮੁ-ਨਿਰਪੇਖ। ਬਾਧੀ-ਬੱਝੀ ਹੋਈ। ਕਾਲੁ ਬਿਆਪੈ- ਮੌਤ ਆ ਦਬਾਂਦੀ ਹੈ। ਭਾਇ- ਪਿਆਰ ਵਿਚ। ਵਿਕਾਰੋ-ਵਿਅਰਥ ਕੰਮ। ਉਝੜੁ-ਉਜਾੜ। ਅੰਧ ਗੁਬਾਰੋਵਾ- ਘੁੱਪ ਹਨੇਰਾ। ਪਰਕਾਰੋਵਾ-ਪਰਕਾਰ, ਕਿਸਮ। ਗਲਿ-ਗਲ ਵਿਚ। ਸਿਰਿ- ਸਿਰ ਉੱਤੇ। ਊਭੌ-ਖਲੋਤਾ ਹੋਇਆ। ਇਬ ਕੇ ਰਾਹੇ- ਹੁਣ ਦੇ ਬੀਜੇ ਹੋਏ। ਜੰਮਨਿ ਨਾਹੀ-ਨਹੀਂ ਉੱਗਦੇ। ਰੋਵਹਿ-ਜੋ ਵੈਰਾਗ ਵਿਚ ਆਉਂਦੇ ਹਨ। ਰਵਹਿ-ਜੋ ਨਾਮ ਸਿਮਰਦੇ ਹਨ। ਜਾਣੀਅਹਿ-ਆਦਰ ਪਾਂਦੇ ਹਨ। ਮੁਠੜੀ-ਲੁੱਟੀ ਹੋਈ। ਸੁਪਨੰਤਰੁ-ਸੁਪਨ-ਅੰਤਰੁ, ਇਕ ਹੋਰ ਸੁਪਨਾ। ਸਹਜਿ-ਆਤਮਕ ਅਡੋਲਤਾ ਵਿਚ। ਸੁਭਾਏ- ਸ੍ਰੇਸ਼ਟ ਪ੍ਰੇਮ ਵਿਚ।

## ਰਾਗੁ ਵਡਹੰਸੁ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰ | ਮ | ਗ | ਸ | ਸ | ਨ਼ | ਧ਼ |
| | | | | | | | | ਜਿ | ਨਿ | ਜ | ਗੁ | ਸਿ | ਰ | ਜਿ | S |
| ਸ | ਰ | ਮ | ਪ | ਮ | ਰ | ਮ | ਗ | ਮ | ਪ | ਧ | ਸਂ | ਨ਼ | ਧ | ਪ | - |
| ਸ | ਮਾ | ਇ | S | ਆ | S | S | S | ਸੋ | S | S | S | ਸਾ | ਹਿ | ਬੁ | S |
| ਧ | ਪ | ਮ | ਮ | ਰ | ਮ | ਗ | ਸ | | | | | | | | |
| ਕੁ | ਦ | ਰ | ਤਿ | ਜਾ | ਣੋ | ਵਾ | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਧ | - | ਸਂ | - | ਰਂ | ਸਂ |
| | | | | | | | | ਸ | ਚ | ੜਾ | S | ਦੂ | S | ਰਿ | ਨ |
| ਨ਼ | ਧ | ਪ | - | ਧ | - | ਸਂ | - | ਰਂ | ਮਂ | ਗਂ | ਸਂ | ਨ਼ | ਧ | ਪ | - |
| ਭਾ | S | ਲੀ | S | ਐ | S | S | S | ਘ | S | ਟਿ | S | ਘ | S | ਟਿ | S |
| ਮ | ਪ | ਮ | - | ਰ | ਮ | ਗ | ਸ | | | | | | | | |
| ਸ | ਬ | ਦੁ | S | ਪ | ਛਾ | ਣੋ | ਵਾ | | | | | | | | |
| x | | | | 2 | | | | 0 | | | | 3 | | | |

ਰਾਗੁ ਵਡਹੰਸੁ ਦਖਣੀ

ਤਾਨਾਂ:-

1) ਸਰ ਮਪ ਰਮ ਪਧ ਮਪ ਮ- ਰਮ ਗਸ

2) ਸਰ ਮਪ ਰਮ ਪਧ ਨੁਧ ਪਮ ਰਮ ਗਸ

3) ਰਮ ਪਧ ਸੰਨੁ ਧਪ ਪਧ ਪਮ ਰਮ ਗਸ

4) ਮਪ ਧਸੰ ਨੁਧ ਪਮ ਰਮ ਗਸ ਨੁਧ਼ ਸ-

5) ਸਰ ਮਮ ਰਮ ਪਪ ਮਪ ਧਧ ਸੰਸੰ ਰੰਸੰ ਸੰਰੰ ਸੰਸੰ ਨੁਨੁ ਧਪ
ਧਪ ਮਮ ਰਮ ਗਸ

6) ਸਰ ਮਮ ਧਪ ਮਮ ਰਮ ਗਸ ਮਪ ਧਧ ਸੰਸੰ ਨੁਧ ਨੁਨੁ ਧਪ
ਮਪ ਮਮ ਰਮ ਗਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਜੋੜ ਕੇ ਸੱਮ ਤੇ ਆਉਣਾ ਹੈ।

2) 9ਵੀਂ ਤੋਂ 8ਵੀਂ ਮਾਤਰ ਦੇ ਇੱਕ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

3) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਵਡਹੰਸੁ ਮਹਲਾ ੧ ਦਖਣੀ॥ (੫੮੦-੮੧)

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ॥ ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ॥ ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ॥ ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ॥੧॥ ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ॥ਰਹਾਉ॥ ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ॥ ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ॥ ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥ ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥੨॥ ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ॥ ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ॥ ਭੂਡੜੈ ਨਾਮੁ ਵਿਸਾਰਿਆ ਬੂਡੜੈ

**ਕਿਆ ਤਿਸੁ ਚਾਰੋ॥ ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ॥੩॥ ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ॥ ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ॥ ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ॥ ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ॥੪॥ ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ॥ ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ॥ ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ॥ ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ॥੫॥ ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ॥ ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥ ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ॥ ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ॥੬॥ ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ॥ ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ॥ ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ॥ ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ॥੭॥ ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ॥ ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ॥ ਬਈਅਰਿ ਨਾਮਿ ਸੋੁਹਾਗਣੀ ਸਚੁ ਸਵਾਰਣਹਾਰੋ॥ ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥੮॥੩॥**

ਪਦ ਅਰਥ:-ਸਿਰੰਦਾ-ਸਿਰਜਣਹਾਰ। ਪਰਵਦਗਾਰੋ-ਪਾਲਣਹਾਰ। ਅਲਖ-ਅਦ੍ਰਿਸਟ। ਦੁਇ ਪੁੜ-ਧਰਤੀ ਤੇ ਆਕਾਸ਼। ਘੋਰੁ ਅੰਧਾਰੋ-ਘੁਪ ਹਨੇਰਾ। ਸਿਰਜਿਅਨੁ-ਪੈਦਾ ਕੀਤੇ ਹਨ। ਅਹਿ-ਦਿਨ। ਨਿਸਿ-ਰਾਤ। ਚਲਤੁ-ਜਗਤ-ਤਮਾਸ਼ਾ। ਸਿਰਜੀ-ਪੈਦਾ ਕੀਤੀ। ਮੇਦਨੀ-ਧਰਤੀ। ਬਿਖੁ-ਜ਼ਹਿਰ। ਖਾਣੀ-ਜਗਤ-ਉਤਪੱਤੀ ਦੇ ਚਾਰ ਵਸੀਲੇ (ਅੰਡਜ, ਜੇਰਜ, ਸੇਤਜ, ਉਤਭਜ) ਬਾਣੀ-ਜੀਵਾਂ ਦੀਆਂ ਬੋਲੀਆਂ। ਆਧਾਰੋ-ਆਸਰਾ। ਸਚਿ-ਸਦਾ- ਥਿਰ ਨਾਮ ਵਿਚ ਜੋੜ ਕੇ। ਨਿਬੇੜਣਹਾਰੋ-ਲੇਖਾ ਮੁਕਾਨ ਵਾਲਾ। ਆਵਾ ਗਵਣੁ-ਜਨਮ ਮਰਨ ਦਾ ਗੇੜ। ਥਿਰੁ-ਸਦਾ ਕਾਇਮ ਰਹਿਣ ਵਾਲਾ। ਆਇ ਗਇਆ-ਜੰਮਿਆ ਤੇ ਮਰ ਗਇਆ। ਬਧਿਕੁ-ਮੋਹ ਵਿਚ ਬੱਝਾ ਹੋਇਆ। ਬਿਕਾਰੋ-ਵਿਕਾਰ। ਭੂਡੜੇ-ਭੈੜੇ ਨੇ। ਬੂਡੜੇ-ਡੁੱਬੇ ਹੋਏ ਦਾ। ਚਾਰੋ-ਚਾਰਾ, ਜ਼ੋਰ। ਬਿਖੁ-ਵਿਕਾਰਾਂ ਦਾ ਜ਼ਹਿਰ। ਵਣਜਾਰੋ-ਵਪਾਰੀ। ਜਾਨੀਆ-ਜੀਵ ਆਤਮਾ ਨੂੰ। ਨਉ ਦਰ-ਨੌ ਦਰਵਾਜ਼ੇ। ਠਾਕੇ-ਬੰਦ ਕਰ ਦਿੱਤੇ। ਹੰਸੁ-ਜੀਵਾਤਮਾ। ਗੈਣਾਰੇ-ਆਕਾਸ਼ ਵਿਚ। ਸਾ ਧਨ-ਇਸਤਰੀ, ਕਾਇਆਂ। ਛੁਟੀ-ਇਕੱਲੀ ਰਹਿ ਗਈ। ਮੁਠੀ-ਲੁਟੀ। ਵਿਧਣੀਆ-ਨਿਖਸਮੀ। ਮਿਰਤਕੜਾ-ਲੋਥ। ਅੰਙਨੜੇ-ਵੇਹੜੇ ਵਿਚ। ਮਾਈਏ-ਹੇ ਮਾਏ! ਮਰੁ-ਮੌਤ। ਮਹਲ-ਇਸਤਰੀ। ਦਰ ਬਾਰੇ-ਦਲੀਜ਼ਾਂ ਵਿਚ। ਮਹੇਲੀਹੋ-ਹੇ ਇਸਤਰੀਓ! ਜਲਿ-ਪਾਣੀ। ਮਲਿ-ਮਲ ਕੇ। ਜਾਨੀ-ਪਿਆਰੇ ਸੰਬੰਧੀਆਂ ਨੇ। ਪਟਿ-ਰੇਸ਼ਮ ਨਾਲ। ਅੰਬਾਰੇ-ਕਪੜੇ ਨਾਲ। ਵਾਜੇ ਵਜੇ ਸਚੀ ਬਾਣੀਆ-ਰਾਮ ਨਾਮ ਸਤਿ ਹੈ ਵਾਲੀ ਸਚੀ ਬਾਣੀ ਦੇ ਬੋਲ ਬੋਲੇ ਜਾਣ ਲਗੇ। ਪੰਚ-(ਮਾਂ, ਪਿਉ, ਭਰਾ, ਇਸਤਰੀ, ਪੁੱਤਰ) ਸੰਬੰਧੀ। ਮੁਏ-ਗਮ ਨਾਲ ਮੋਇਆ ਵਰਗੇ ਹੋ ਗਏ। ਝੂਠਿ-ਕੂੜੇ ਮੋਹ ਨੇ। ਮੁਠੀ-ਲੁੱਟਿਆ ਹੈ। ਧਾਵਣੀਆ-ਮਾਇਆ ਦੀ ਦੌੜ-ਭੱਜ ਵਿਚ। ਵਿਧਣਕਾਰੇ-ਨਿਖਸਮੀਆਂ ਵਾਲੀ ਕਾਰ। ਘਰਿ ਘਰਿ-ਹਰੇਕ ਦੇ ਹਿਰਦੇ ਵਿਚ। ਮਹੇਲੀਆ-ਜੀਵ ਇਸਤਰੀਆਂ। ਰੂੜੈ-ਸੁੰਦਰ ਪ੍ਰਭੂ ਦੇ। ਹੇਤਿ-ਪ੍ਰੇਮ ਵਿਚ। ਰਹਸਿਅੜੀ-ਪ੍ਰਸੰਨ। ਵੇਸੁ-ਕਾਂਇਆਂ। ਬਈਅਰਿ-ਇਸਤਰੀ। ਬਿਰਹੜਾ-ਵਿਛੋੜਾ। ਬ੍ਰਹਮ ਬੀਚਾਰੋ-ਪਰਮਾਤਮਾ ਦੇ ਗੁਣਾਂ ਦਾ ਵਿਚਾਰ।

## ਰਾਗੁ ਵਡਹੰਸੁ ਦਖਣੀ ਤੀਨਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਰ | ਮ | ਪ | - | ਧ |
| | | | | | | | | | | | ਸ | s | ਚ | s | ਝਾ |
| ਸੰ | ਨੁ | ਧ | ਪ | ਪ | ਮ | ਰ | ਮ | ਗ | - | ਸ | ਨੁ | - | ਧ | - | ਸ |
| ਸਾ | ਹਿ | ਬੁ | s | ਸ | s | ਚੁ | s | ਤੂ | s | s | ਸ | s | ਚ | s | ਝਾ |
| ਰ | ਮ | ਗ | - | ਰ | ਮ | ਪ | ਧ | ਨੁ | ਧ | ਪ | | | | | |
| ਦੇ | s | ਹਿ | s | ਪਿ | s | ਆ | s | ਰੋ | s | s | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਮ | ਪ | ਧ | ਪ | ਧ |
| | | | | | | | | | | | ਸ | ਚੁ | ਸਿ | ਰੰ | ਦਾ |
| ਸੰ | ਸੰ | ਨੁ | ਧਧ | ਸੰਸੰ | ਸੰ | ਰੰਰੰ | ਮੰਮੰ | ਗੰ | - | ਸੰ | ਸੰ | ਰੰ | ਸੰ | ਨੁ | ਧ |
| ਸ | ਚਾ | ਜਾ | ਣੀਐ | ਸਚ | ਝਾ | ਪਰ | ਵਦ | ਗਾ | s | ਰੋ | ਜਿ | ਨਿ | ਆ | ਪੀ | ਨੈ |
| ਸੰ | ਨੁ | ਧ | ਪਪ | ਮਮ | ਪ | ਮ | ਰਰ | ਮ | ਗ | ਸ | | | | | |
| ਆ | ਪੁ | ਸਾ | ਜਿਆ | ਸਚ | ਝਾ | ਅ | ਲਖ | ਅ | ਪਾ | ਰੋ | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਰ ਮਪ ਰਮ ਪਧ ਮਪ ਧਪ ਸੰਨੁ ਧਪ ਮ- ਰਮ ਗਸ
2) ਰਮ ਪਧ ਸੰਨੁ ਧਪ ਮਪ ਧਪ ਮਪ ਮ- ਰਮ ਗ- ਸਸ
3) ਧਪ ਮਪ ਸੰਨੁ ਧਪ ਪਧ ਮਪ ਮਮ ਰਮ ਗਸ ਨੁਧ ਸਸ
4) ਸਰ ਸਸ ਰਮ ਗ- ਰਮ ਪਧ ਮਪ ਮ- ਰਮ ਗਸ ਪਧ
ਸੰਨੁ ਧਪ ਮ- ਰਮ ਗਸ
5) ਪਧ ਪਧ ਮਪ ਮਮ ਰਮ ਗਸ ਪਧ ਪਧ ਸੰਰੰ ਸੰਸੰ ਨੁਨੁ
ਧਪ ਮਪ ਮਮ ਰਮ ਗਸ

ਤਿਹਾਈਆਂ:-

1) ਪਹਿਲੀ ਤੋਂ ਤੀਜੀ ਮਾਤਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ।

2) 12ਵੀਂ ਤੋਂ 16ਵੀਂ ਮਾਤਰ ਦਾ 5 ਮਾਤਰਾਂ ਦਾ ਮੁਖੜਾ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 12ਵੀਂ ਤੋਂ ਤੀਜੀ ਮਾਤਰ ਦੇ ਟੁਕੜੇ ਨੂੰ 12ਵੀਂ ਮਾਤਰ ਤੋਂ ਦੋ ਵਾਰ ਬਰਾਬਰ ਲੈ ਕੇ ਫਿਰ ਤੀਜੀ ਵਾਰ 12ਵੀਂ ਤੋਂ 16ਵੀਂ ਮਾਤਰ ਲੈ ਕੇ ਸੱਮ ਤੇ ਆਉਣਾ ਹੈ।

(ਵਡਹੰਸ ਕੀ ਵਾਰ ਮਹਲਾ ੪) (੫੮੭-੮੮)

**ਪਉੜੀ॥ ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ॥ ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ॥ ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ॥ ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥ ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ॥੫॥**

ਪਦ ਅਰਥ:-ਬਣਤ-ਰੀਤ, ਮਰਯਾਦਾ। ਜਿਥੈ ਕਿਥੈ- ਹਰ ਥਾਂ। ਪੁਰਾਈ-ਪੂਰੀ ਕੀਤੀ ਹੈ।

## ਰਾਗੁ ਵਡਹੰਸੁ ਦਖਣੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪਧ | ਪ | ਮ | ਰ | ਮਮ | ਗ | ਸਸ | - | ਨ਼ | ਧ਼ | ਸ | - |
| ਤਿS | ਸੁ | ਗੁ | ਰ | ਕਉ | S | ਹਉ | S | ਵਾ | ਰਿ | ਆ | S |
| ਮਮ | ਪ | ਧ | ਸੰ | ਨੁ | ਧ | ਪਧ | ਪ | ਮ | ਰਮ | ਗ | ਸ |
| ਜਿਨਿ | ਹ | ਰਿ | ਕੀ | ਹ | ਰਿ | ਕS | ਥਾ | S | ਸੁS | ਣਾ | ਈ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮਮ | ਮ | ਪ | ਧਧ | ਪ | ਧ | ਸੰ | ਸੰ | ਰੰ | ਨੁ | ਧ | ਸੰ |
| ਤਿਸੁ | ਗੁ | ਰ | ਕਉ | ਸ | ਦ | ਬ | ਲਿ | ਹਾ | ਰ | ਣੈ | S |
| ਰੰ | ਮੰ | ਗੰ | ਸੰ | ਨੁਧ | ਪ | ਮਪ | ਮ | ਰ | ਮ | ਗ | ਸ |
| ਜਿ | ਨਿ | ਹ | ਰਿ | ਸੇS | ਵਾ | ਬS | ਣ | ਤ | ਬ | ਣਾ | ਈ |
| x | | 0 | | 2 | | 0 | | 3 | | 4 | |

ਤਾਨਾਂ:-

1) ਸਰ ਸਸ ਰਮ ਗਸ ਰਮ ਪਧ ਮਪ ਮਮ ਰਮ ਗਸ ਨ਼ੁਧ਼ ਸਸ

2) ਪਧ ਪਪ ਮਪ ਮਮ ਰਮ ਗਸ ਸੰਨੁ ਧਪ ਮਪ ਮਮ ਰਮ ਗਸ

3) ਮਪ ਧਧ ਸੰਨੁ ਧਪ ਪਧ ਪਪ ਸੰਨੁ ਧਪ ਮਪ ਮਮ ਰਮ ਗਸ

## ਰਾਗੁ ਵਡਹੰਸੁ ਦਖਣੀ

**ਤਿਹਾਈਆਂ:-**

1) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਛੇਵੀਂ ਮਾਤਰ ਦਾ ਟੁਕੜਾ ਸੱਮ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਪੰਜਵੀ ਤੋਂ ਛੇਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### (ਵਡਹੰਸ ਕੀ ਵਾਰ ਮਹਲਾ ੪) (੫੯੨-੯੩)

**ਮਃ ੩॥ ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ॥ ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ॥ ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ॥ ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥**

ਪਦ ਅਰਥ:-ਮੋਹਿ-ਮਾਇਆ ਦੇ ਮੋਹ ਵਿੱਚ। ਪਿਆਸਿ-ਤ੍ਰਿਸ਼ਨਾ। ਗੁਣਤਾਸਿ-ਗੁਣਾਂ ਦੇ ਖਜ਼ਾਨੇ ਪ੍ਰਭੂ ਵਿਚ। ਬਿਨਾਸਿ-ਤਬਾਹ ਹੋ ਰਹੇ ਹਨ। ਪੂਰਬਿ-ਮੁੱਢ ਤੋਂ।

### ਰਾਗੁ ਵਡਹੰਸੁ ਦਖਣੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਰ | ਮ | ਗਗ | ਗ | ਸ | ਸ | ਨ਼ | ਧ਼ | ਸ | - |
| ਇ | ਕੋ | ਸਤਿ | ਗੁ | ਰੁ | ਜਾ | ਗ | ਤਾ | S | S |
| ਰਮ | ਪ | ਧਪ | ਧਸਂ | ਨੁਧ | ਪ | ਮ | ਰਮ | ਗ | ਸ |
| ਹੋS | ਰੁ | ਜਗੁ | ਸੂS | ਤਾS | ਮੋ | ਹਿ | ਪਿS | ਆ | ਸਿ |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪਪ | ਧਪ | ਨੁ | ਧ | ਪ | ਧ | ਸਂ | ਸਂ | ਰਂ | ਸਂ |
| ਸਤਿ | ਗੁਰੁ | ਸੇ | ਵ | ਨਿ | ਜਾ | ਗੰ | ਨਿ | ਸੇ | S |
| ਰਂਮਂ | ਗਂਗਂ | ਸਂਸਂ | ਨੁਧ | ਪ | ਧਪ | ਮ | ਰਮ | ਗ | ਸ |
| ਜੋS | ਰਤੇ | ਸਚਿ | ਨਾS | ਮਿ | ਗੁS | ਣ | ਤਾS | S | ਸਿ |
| x | | 2 | | | 0 | | 3 | | |

**ਤਾਨਾਂ:-**

1) ਰਮਪਰ ਮਪਰਮ ਪਧਪਮ ਰਮਗਸ ਪਧਸੰਪ ਧਸੰਪਧ ਸੰਰੰਸੰਸੰ, ਨੁਨੁਧਪ ਧਪਮ- ਰਮਗਸ
2) ਰਮਗਸ ਰਮਪਧ ਮਪਮ- ਰਮਗਸ ਰਮਪਧ ਮਪਧਧ ਸੰਰੰਸੰਸੰ ਨੁਨੁਧਪ ਮਪਮ- ਰਮਗਸ
3) ਧਧਪਧ ਮਪਮਮ ਰਮਗਸ ਧਧਪਧ ਸੰਰੰਸੰਸੰ ਰੰਮੰਗੰਸੰ ਨੁਨੁਧਪ ਪਧਪਪ ਮਪਮ- ਰਮਗਸ

**ਤਿਹਾਈਆਂ:-**

1) ਪਹਿਲੀਆਂ 2 ਮਾਤਰਾਂ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਬੰਦਸ਼ ਅਨੁਸਾਰ ਪਹਿਲੀਆਂ ਦੋ ਮਾਤਰਾਂ ਲੈ ਕੇ 2 ਮਾਤਰਾਂ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) ਚੌਥੀ ਮਾਤਰ ਤੇ 'ਗੁਰ' ਦਾ ਉਚਾਰਨ ਕਰਨਾ ਹੈ। ਪਹਿਲੀ ਤੋਂ ਚੌਥੀ ਮਾਤਰ ਨੂੰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਤੀਜੀ-ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
4) ਬੰਦਸ਼ ਅਨੁਸਾਰ 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਵਡਹੰਸੁ ਮਹਲਾ ੧॥ (੫੮੧-੮੨)

**ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥ ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ॥ ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ॥ ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ॥ ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ॥ ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ॥੧॥ ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ॥ ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ॥ ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ॥ ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ॥ ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ॥ ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ॥੨॥ ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ॥ ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ॥ ਬਹਿ ਸਾਚੈ ਲਿਖਿਆ ਅੰਮ੍ਰਿਤੁ**

**ਬਿਖਿਆ ਜਿਤੁ ਲਾਇਆ ਤਿਤੁ ਲਾਗਾ॥ ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ॥ ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ॥ ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ॥੩॥ ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ॥ ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ॥ ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ॥ ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ॥ ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ॥ ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ॥੪॥੫॥**

ਪਦ ਅਰਥ:-ਬਾਬਾ-ਹੇ ਭਾਈ! ਝੂਠੁ-ਨਾਸਵੰਤ। ਪਸਾਰੋਵਾ-ਪਸਾਰੁ, ਖਿਲਾਰਾ। ਖਰਾ-ਖਾਲਸ, ਨਿਰੋਲ। ਕੂੜਿ-ਮਾਇਆ ਦੇ ਮੋਹ ਵਿਚ। ਲਬਿ-ਲੱਬ ਵਿਚ। ਥਾਇ ਨ ਪਾਸੀ- ਪਰਵਾਨ ਨਹੀਂ ਹੁੰਦਾ। ਥਾਇ-ਥਾਂ ਵਿਚ। ਠਾਓ-ਥਾਂ। ਕਾਓ-ਕਾਂ। ਵਡਾ ਵੇਛੋੜਾ-ਪ੍ਰਮਾਤਮਾ ਨਾਲੋਂ ਲੰਮਾ ਵਿਛੋੜਾ। ਬਿਨਸੈ-ਆਤਮਕ ਮੌਤੇ ਮਰਦਾ ਹੈ। ਸਬਾਏ-ਸਾਰੇ ਜੀਵ। ਰੂਆਏ-ਰੁਆਉਂਦਾ ਹੈ। ਭਾਈਹੋ-ਹੇ ਭਾਈਹੋ! ਗਲਿ ਮਿਲਹ-ਆਓ ਇਕ ਦੂਜੇ ਦੇ ਗਲ ਨਾਲ ਮਿਲੀਏ। ਦੇਹ-ਆਓ ਅਸੀਂ ਦੇਵੀਏ। ਕਰੇਵਹੋ-ਕਰੋ। ਇਕਿ- ਅਨੇਕਾਂ ਜੀਵ। ਨਾਵਹੁ-ਨਾਮ ਤੋਂ। ਖੇਲੋ-ਖੇਲ, ਖੇਡ, ਜੀਵਨ ਖੇਡ। ਮਾਰਗਿ-ਰਸਤੇ ਤੇ। ਨਾਂਗੜਾ-ਨੰਗਾ। ਲੇਖੁ-ਕਰਮ। ਸਾਹਾ-ਸਮਾਂ ਜੋ ਮੌਤ ਲਈ ਨਿਸ਼ਚਿਤ ਹੋ ਚੁੱਕਾ ਹੈ। ਬਿਖਿਆ-ਜ਼ਹਿਰ। ਕਾਮਣਿਆਰੀ-ਜਾਦੂ ਟੂਣੇ ਕਰਨ ਵਾਲੀ (ਮਾਇਆ)। ਹੋਛੀ-ਥੋੜ੍ਹ-ਵਿਤੀ। ਸਾ-ਜਿਵੇਂ। ਨਾ ਮਰਜਾਦੁ-ਮਰਜਾਦਾ-ਰਹਿਤ, ਨੰਗਾ। ਕਲਿ-ਜਗਤ। ਬੰਧਿ-ਬੰਨ੍ਹ ਕੇ। ਜਾਨੀਅੜਾ-ਪਿਆਰਾ ਸੰਬਧੀ। ਪਠਾਇਆ ਹੈ-ਇਥੋਂ ਤੋਰ ਦਿੱਤਾ ਗਿਆ ਹੈ। ਹਾਕਾਰੜਾ-ਸੱਦਾ। ਜਾਣ ਸਿਜਾਣਾ-ਸਿਆਣਿਆਂ ਤੋਂ ਸਿਆਣੇ। ਸਚੁ-ਸਦਾ-ਥਿਰ ਪ੍ਰਭੂ। ਸਮਾਲੇ- ਸਮਾਲਿ, ਚੇਤੇ ਕਰ ਕੇ।

## ਰਾਗੁ ਵਡਹੰਸੁ ਦਖਣੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

ਅਸਥਾਈ | ਅੰਤਰਾ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| ਸੰ | ਨੁ | ਧ | ਪ | ਪ | ਮ | – | ਪ | ਪ | – | ਧ | ਧ | ਸੰਸੰ | ਸੰ |
| ਬਾ | ਬਾ | ਙ | ਆ | ਇ | ਆ | ਙ | ਸ | ਚਾ | ਙ | ਘ | ਰੁ | ਸਚ | ੜੈ |
| ਰ | ਮ | ਮ | ਗ | ਗ | ਸ | – | ਸੰ | ਰੰ | ਸੰ | ਨੁ | ਧ | ਪ | – |
| ਹੈ | ਉ | ਠਿ | ਚ | ਲ | ਣਾ | ਙ | ਸੇ | ਙ | ਵੀ | ਐ | ਙ | ਙ | ਙ |
| ਸਸ | ਨ਼ੁ | ਧ਼ | ਸ | – | ਰ | ਮ | ਸੰ | ਨੁ | ਧ | ਸੰ | ਨੁ | ਧ | ਪ |
| ਇਹੁ | ਜ | ਗੁ | ਝੂ | ਙ | ਠੁ | ਙ | ਸ | ਚੁ | ਙ | ਖ | ਙ | ਰਾ | ਙ |
| ਪ | ਧ | ਮ | ਰ | ਮ | ਗ | ਸ | ਧ | ਪ | ਮ | ਰ | ਮ | ਗ | ਸ |
| ਪ | ਸਾ | ਰੋ | ਵਾ | ਙ | ਙ | ਙ | ਸ | ਚਿ | ਆ | ਰੋ | ਙ | ਵਾ | ਙ |
| x | | | 2 | | 3 | | x | | | 2 | | 3 | |

# ੧੮-ਰਾਗੁ ਤਿਲੰਗ ਕਾਫੀ

ਰਾਗ ਤਿਲੰਗ ਕਾਫੀ ਦਾ ਸਰੂਪ ਰਾਗੁ ਤਿਲੰਗ ਤੇ ਰਾਗ ਕਾਫੀ ਦੇ ਮਿਸ਼ਰਨ ਤੋਂ ਬਣਿਆ ਹੈ। ਭਾਰਤੀ ਸੰਗੀਤ ਵਿਚ ਅਨੇਕਾਂ ਰਾਗ ਪ੍ਰਚਾਰ ਵਿਚ ਹਨ ਜਿਨ੍ਹਾਂ ਦੀ ਰਚਨਾ ਰਾਗਾਂ ਦੇ ਮਿਸ਼ਰਨ ਤੋਂ ਹੈ। ਮਧ ਕਾਲੀਨ ਰਾਗ ਵਰਗੀਕਰਨ ਅਨੁਸਾਰ ਦੋ ਰਾਗਾਂ ਦੇ ਮਿਸ਼ਰਨ ਦੁਆਰਾ ਰਾਗਾਂ ਨੂੰ ਛਾਇਆਲਗ ਦਾ ਨਾਮ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁਖ ਰਾਗਾਂ ਤੋਂ ਬਿਨਾਂ ਰਾਗ ਪ੍ਰਕਾਰ ਤੇ ਮਿਸ਼ਰਤ ਰਾਗਾਂ ਦੀ ਸ਼੍ਰੇਣੀ ਵਿਚ ੩੨ ਹੋਰ ਰਾਗ ਆ ਜਾਂਦੇ ਹਨ। ਰਾਗੁ ਤਿਲੰਗ ਖਮਾਜ ਥਾਟ ਦਾ ਰਾਗ ਹੈ ਜੋ ਭਾਰਤੀ ਸੰਗੀਤ ਦੇ ਸਰਲ ਤੇ ਪ੍ਰਚਲਿਤ ਰਾਗਾਂ ਦੀ ਗਨਣਾਂ ਵਿਚ ਆਉਂਦਾ ਹੈ। ਰਾਗੁ ਤਿਲੰਗ ਦਾ ਪਰੀਚੈ 'ਗੁਰਮਤਿ ਸੰਗੀਤ ਦਰਪਣ' ਭਾਗ ਪਹਿਲਾ ਪੰਨਾ ੩੪੭ ਤੋਂ ਦਿੱਤਾ ਜਾ ਚੁਕਾ ਹੈ ਤੇ ਰਾਗ ਕਾਫੀ ਦਾ ਪਰੀਚੈ ਇਸ ਪੁਸਤਕ ਵਿਚ ਰਾਗੁ ਆਸਾ ਕਾਫੀ ਦੇ ਪਰੀਚੈ ਵਿੱਚ ਦਿੱਤਾ ਗਿਆ ਹੈ। ਰਾਗ ਤਿਲੰਗ ਤੇ ਰਾਗ ਕਾਫੀ ਬਾਰੇ ਵਿਦਵਾਨਾਂ ਦਾ ਮੱਤ ਹੈ ਕਿ ਇਨ੍ਹਾਂ ਰਾਗਾਂ ਦੀ ਉਪਜ ਲੋਕ ਗੀਤਾਂ ਤੇ ਲੋਕ ਧੁਨਾਂ ਦੇ ਅਧਾਰ ਤੋਂ ਹੀ ਹੋਈ ਹੈ। ਅੱਜ ਵੀ ਕਈ ਲੋਕ ਧੁਨਾਂ ਤੋਂ ਇਨ੍ਹਾਂ ਰਾਗਾਂ ਦਾ ਸਪੱਸ਼ਟ ਸਰੂਪ ਨਜ਼ਰ ਆਉਂਦਾ ਹੈ। ਵੈਸੇ ਤਿਲੰਗ ਤੇ ਕਾਫੀ ਦੋਹਾਂ ਰਾਗਾਂ ਵਿਚ ਹੀ ਠੁਮਰੀ ਗਾਇਣ ਜ਼ਿਆਦਾ ਪ੍ਰਚਾਰ ਵਿਚ ਹੈ। ਭਾਰਤੀ ਸੰਗੀਤ ਵਿਚ ਇਨ੍ਹਾਂ ਦੋਹਾਂ ਰਾਗਾਂ ਦਾ ਮਿਸ਼ਰਤ ਸਰੂਪ ਪ੍ਰਚਾਰ ਵਿਚ ਨਹੀਂ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਚ ਰਾਗੁ ਤਿਲੰਗ ਕਾਫੀ ਵਿਚ ਬਾਣੀ ਰਚਿਤ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫ਼ੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਰਾਗੁ ਤਿਲੰਗ ਕਾਫੀ ਦੀ ਰਚਨਾ ਤਿਲੰਗ ਤੇ ਕਾਫੀ ਰਾਗਾਂ ਦੇ ਮਿਸ਼ਰਨ ਤੋਂ ਇਸ ਪ੍ਰਕਾਰ ਮੰਨੀ ਹੈ। ਇਸ ਵਿਚ ਦੋ ਗੰਧਾਰ, ਦੋ ਨਿਸ਼ਾਦ ਤੇ ਹੋਰ ਸਵਰ ਸ਼ੁਧ ਲਗਦੇ ਹਨ। ਆਰੋਹ ਵਿਚ ਗੰਧਾਰ ਤੇ ਨਿਸ਼ਾਦ ਸ਼ੁਧ ਅਤੇ ਅਵਰੋਹ ਵਿਚ ਗੰਧਾਰ ਨਿਸ਼ਾਦ ਕੋਮਲ ਦਾ ਪ੍ਰਯੋਗ ਹੈ। ਜਾਤੀ ਔੜਵ-ਸੰਪੂਰਨ, ਵਾਦੀ ਸ਼ੁਧ ਗੰਧਾਰ, ਸੰਵਾਦੀ ਸ਼ੁਧ ਨਿਸ਼ਾਦ ਤੇ ਗਾਇਣ ਸਮਾਂ ਰਾਤ ਦਾ ਦੂਜਾ ਪਹਿਰ ਹੈ। ਆਰੋਹ- ਸਗ, ਮਪ, ਨਸੰ। ਅਵਰੋਹ-ਸੰਨੁ ਧਪ, ਮਗ ਮਗੁ, ਰ ਸ। ਮੁਖ ਅੰਗ- ਨੁ ਪ ਗ ਮ ਗ, ਮ ਗੁ ਰਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਇਸ ਰਾਗ ਦਾ ਥਾਟ-ਉਪਥਾਟ-ਖਮਾਜ ਕਾਫੀ, ਜਾਤੀ-ਔੜਵ-ਵਕਰ ਸੰਪੂਰਨ, ਵਾਦੀ-ਪੰਚਮ, ਸੰਵਾਦੀ-ਸ਼ੜਜ ਤੇ ਸਮਾਂ ਮੱਧ ਰਾਤ ਹੈ। ਆਰੋਹ- ਸ ਗ ਮ ਪ ਨ ਸੰ। ਅਵਰੋਹ-

ਸੰਨੁ ਪ, ਮਗੁ ਮਗੁ ਰ ਸ। ਪਕੜ- ਗ ਮ ਪ ਨੁ ਪ, ਪ ਧ ਮ ਪ ਮ ਗੁ, ਮ ਗੁ ਰ ਸ।

ਰਾਗੁ ਤਿਲੰਗ ਕਾਫੀ ਦੇ ਦਿੱਤੇ ਸਰੂਪ ਤਕਰੀਬਨ ਮਿਲਦੇ ਜੁਲਦੇ ਹੀ ਹਨ। ਇੱਥੇ ਵੀ ਰਾਗ ਤਿਲੰਗ ਦਾ ਆਰੋਹ ਤੇ ਰਾਗ ਕਾਫੀ ਦਾ ਅਵਰੋਹ ਜੋੜ ਕੇ ਰਾਗ ਤਿਲੰਗ ਕਾਫੀ ਦਾ ਸਰੂਪ ਦਿੱਤਾ ਜਾ ਰਿਹਾ ਹੈ। ਇਹ ਦੋਹਾਂ ਰਾਗਾਂ ਦਾ ਇਕ ਸੁੰਦਰ ਤੇ ਮਧੁਰ ਮਿਸ਼ਰਨ ਹੈ। ਤਿਲੰਗ ਦੇ ਸਰੂਪ ਗ ਮ ਪ ਨੁ ਪ ਤੋਂ ਬਾਦ ਪ ਮ ਗੁ ਰ, ਸਵਰ ਜੋੜਨ ਨਾਲ ਕਾਫੀ ਦਾ ਸਰੂਪ ਸਪੱਸ਼ਟ ਛਾ ਜਾਂਦਾ ਹੈ। ਗ ਮ ਪਨ ਸੰ ਤਿਲੰਗ ਤੋਂ ਬਾਅਦ ਸੰ ਰੰ ਨੁ ਧ ਪ ਸਵਰ ਲਗਾਨ ਨਾਲ ਕਾਫੀ ਦਾ ਸਰੂਪ ਬਣ ਜ਼ਾਂਦਾ ਹੈ। ਗ ਮ ਪਨੁ ਪ, ਤਿਲੰਗ ਫਿਰ ਪਧ ਮਪ ਮਗੁ, ਮ ਗੁ ਰ, ਸ ਕਾਫੀ। ਇਸ ਪ੍ਰਕਾਰ ਸਵਰਾਂ ਦੇ ਮਿਸ਼ਰਨ ਨਾਲ ਰਾਗ ਤਿਲੰਗ ਕਾਫੀ ਦਾ ਆਪਣਾ ਇਕ ਵਖਰਾ ਹੀ ਸਰੂਪ ਬਣਦਾ ਜਾਂਦਾ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਰਾਗੁ ਤਿਲੰਗ ਕਾਫੀ ਦਾ ਪ੍ਰਵਾਣਿਤ ਸਰੂਪ 'ਗੁਰਮਤਿ ਸੰਗੀਤ ਵਿਸ਼ੇਸ਼ ਅੰਕ' ਵਿੱਚ ਦਿੱਤਾ ਗਿਆ ਹੈ। ਇਥੇ ਵੀ ਇਹੀ ਸਰੂਪ ਆਰੋਹ ਵਿੱਚ ਤਿਲੰਗ ਤੇ ਅਵਰੋਹ ਵਿੱਚ ਕਾਫੀ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਤਿਲੰਗ ਨੂੰ ਮੁੱਖ ਰਾਗਾਂ ਵਿੱਚੋਂ ਚੌਦਵਾਂ ਸਥਾਨ ਪ੍ਰਾਪਤ ਹੈ। ਮਿਸ਼ਰਤ ਰਾਗਾਂ ਵਿੱਚ ਰਾਗ ਕਾਫੀ ਦਾ ਚਾਰ ਰਾਗਾਂ ਵਿੱਚ ਮਿਸ਼ਰਨ ਹੈ। ਪਹਿਲਾ ਆਸਾ ਕਾਫੀ ਦੂਜਾ ਰਾਗੁ ਤਿਲੰਗ ਕਾਫੀ ਹੈ ਜੋ ਰਾਗੁ ਤਿਲੰਗ ਮੁਖ ਰਾਗ ਦੇ ਅਧੀਨ ਰਖਿਆ ਗਿਆ ਹੈ। ਸ਼ਬਦ ਰਚਨਾ ਵਿੱਚ ਪੰਨਾ ੭੨੬-੨੭ ਤਿਲੰਗ ਮਹਲਾ ੯ ਕਾਫੀ ਸ਼ਬਦ ਅੰਕ ॥੨॥੧॥ ਤੋਂ ॥੩॥੩॥ ਤਿੰਨ ਸ਼ਬਦ ਹਨ।

**ਪਰੀਚੈ:-**

ਰਾਗੁ - ਤਿਲੰਗ ਕਾਫੀ ਥਾਟ - ਉਪਥਾਟ-ਖਮਾਜ ਕਾਫੀ
ਸਵਰ- ਦੋਵੇਂ ਗੰਧਾਰ ਦੋਵੇਂ ਨਿਸ਼ਾਦ ਹੋਰ ਸਭ ਸ਼ੁਧ
ਵਰਜਿਤ ਸਵਰ - ਆਰੋਹ ਵਿਚ ਰਿਸ਼ਭ ਤੇ ਧੈਵਤ
ਜਾਤੀ -ਔੜਵ-ਸੰਪੂਰਨ ਵਾਦੀ-ਗੰਧਾਰ ਸ਼ੁਧ
ਸੰਵਾਦੀ-ਨਿਸ਼ਾਦ ਸ਼ੁਧ ਸਮਾਂ - ਰਾਤ ਦਾ ਦੂਜਾ ਪਹਿਰ
ਆਰੋਹ- ਸ ਗ, ਮ ਪ, ਨ ਸੰ
ਅਵਰੋਹ- ਸੰ ਨੁ ਧ ਪ, ਮ ਪ ਮ ਗੁ, ਰ, ਸ
ਮੁਖ ਅੰਗ- ਗ ਮ ਪ ਨੁ ਪ, ਮ ਪ ਮ ਗੁ, ਮ ਗੁ ਰ, ਸ

**ਸਵਰ ਵਿਸਥਾਰ:-**

1) ਸ, ਨ਼ ਨ਼ ਸ, ਸ ਗ ਗ ਮ, ਮ ਗੁ ਰ - ਸ, ਗ ਮ ਪ, ਮ ਗੁ ਰ, ਗ ਗ ਮ ਪ, ਮ ਗੁ ਰ, ਸ ਨ਼ ਸ, ਸ ਨੁ਼ ਧ਼ ਪ਼, ਧ਼ ਨੁ਼ ਧ਼ ਪ਼, ਨ਼ ਨ਼ ਸ, ਸ ਗ ਮ, ਗ ਮ ਪ, ਗ ਮ ਪ ਨੁ ਪ, ਧ ਪ ਮ ਪ, ਮ ਪ ਮ ਗੁ ਰ, ਮ ਗੁ ਰ, ਗੁ ਰ ਸ

2) ਸ ਗ, ਗ ਮ ਪ, ਪ ਨ਼ ਪ, ਪ ਧ ਮ ਪ ਮ ਗ਼ ਰ, ਗ਼ ਰ ਸ, ਗ ਮ ਪ ਨ਼ ਪ, ਗ ਮ ਪ ਨ ਸੰ, ਨ ਸੰ, ਸੰ ਨ਼ ਧ ਪ, ਪ ਨ਼ ਧ ਪ, ਗ ਮ ਪ ਨ਼ ਪ, ਪ ਨ਼ ਧ ਪ, ਧ ਪ ਮ ਪ, ਮ ਪ ਮ ਗ਼ ਰ, ਮ ਗ਼ ਰ, ਗ਼ ਰ ਸ।

3) ਗ ਮ ਪ ਨ਼ ਪ, ਗ ਮ ਪ ਨ ਸੰ, ਪ ਨ ਸੰ, ਰੰ ਗ਼ੰ – ਰੰ ਸੰ, ਸੰ ਨ਼ ਧ ਪ, ਧ ਨ਼ ਧ ਪ, ਗ ਮ ਪ ਨ ਸੰ, ਰੰ – ਗ਼ੰ ਰੰ ਸੰ, ਸੰ ਗੰ ਮੰ ਪੰ, ਮੰ ਗ਼ੰ ਰੰ ਸੰ, ਗੰ ਮੰ ਪੰ, ਮੰ ਪੰ ਮੰ ਗ਼ੰ ਰੰ, ਮੰ ਗ਼ੰ ਰੰ, ਗ਼ੰ ਰੰ – ਸੰ, ਪ ਨ ਸੰ ਨ ਸੰ, ਨ਼ ਧ ਪ ਮ ਪ, ਗ ਮ ਪ ਨ਼ ਪ, ਸੰ ਨ਼ ਧ ਪ, ਨ਼ ਧ ਪ ਮ ਪ, ਗ ਮ ਪ ਨ਼ ਪ, ਧ ਪ ਮ ਪ ਮ ਗ਼, ਮ ਪ ਮ ਗ਼ ਰ, ਮ ਗ਼ ਰ, ਗ਼ ਰ ਸ, ਨ਼ ਸ।

## ਤਿਲੰਗ ਮਹਲਾ ੯ ਕਾਫੀ (੭੨੬)

**ੴ ਸਤਿਗੁਰ ਪ੍ਰਸਾਦਿ॥ ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥੧॥ਰਹਾਉ॥ ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥ ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥੧॥ ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥੨॥੧॥**

ਪਦ ਅਰਥ:-ਤਉ-ਤਾਂ। ਨਿਸਿ-ਰਾਤ। ਦਿਨਿ ਮੈ-ਦਿਨ ਵਿਚ। ਨਿਸਿ ਦਿਨਿ ਮੈ- ਰਾਤ ਦਿਨ ਵਿਚ, ਰਾਤ ਦਿਨ ਇੱਕ ਕਰ ਕੇ। ਪ੍ਰਾਨੀ-ਹੇ ਮਨੁੱਖ! ਅਉਧ-ਉਮਰ। ਬਿਹਾਤੁ ਹੈ-ਬੀਤਦੀ ਜਾ ਰਹੀ ਹੈ। ਜਿਉ-ਜਿਵੇਂ। ਫੂਟੈ ਘਟ-ਫੁੱਟੇ ਹੋਏ ਘੜੇ ਵਿਚੋਂ। ਕਾਹਿ-ਕਿਉਂ? ਗਾਵਹੀ-ਗਾਵਹਿ, ਤੂੰ ਗਾਂਦਾ। ਮੂਰਖ-ਹੇ ਮੂਰਖ! ਅਗਿਆਨਾ-ਹੇ ਗਿਆਨ-ਹੀਣ! ਲਾਲਚਿ-ਲਾਲਚ ਵਿਚ। ਲਾਗਿ ਕੈ-ਫਸ ਕੇ। ਮਰਨੁ-ਮੌਤ। ਅਜਹੂ-ਅਜੇ ਭੀ। ਜੋ-ਜੇ। ਗਾਵੈ-ਗਾਣੇ ਸ਼ੁਰੂ ਕਰ ਦੇਵੇ। ਕਹੁ-ਆਖ। ਨਾਨਕ-ਹੇ ਨਾਨਕ! ਤਿਹ ਭਜਨ ਤੇ-ਉਸ ਪਰਮਾਤਮਾ ਦੇ ਭਜਨ ਨਾਲ। ਤਿਹ-ਤਿਸੁ। ਨਿਰਭੈ ਪਦੁ- ਉਹ ਆਤਮਕ ਦਰਜਾ ਜਿਥੇ ਕੋਈ ਡਰ ਨਹੀਂ ਪੋਹ ਸਕਦਾ। ਪਾਵੈ-ਪ੍ਰਾਪਤ ਕਰ ਲੈਂਦਾ ਹੈ।

### ਰਾਗੁ ਤਿਲੰਗ ਕਾਫੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | – | ਗ | ਮ | ਪ | – | ਗਗ | ਮ |
| | | | | | | | | ਚੇ | ਤ | ਤ | ਨਾ | ਹੈ | ਤ | ਤਉ | ਤ |
| ਪ | ਧ | ਮ | ਪ | ਗ਼ | – | ਰ | ਸ | ਸ | – | ਨ਼ | ਸ | ਗ | ਮ | ਪ | ਨ |
| ਚੇ | ਤ | ਤ | ਤ | ਲੈ | ਤ | ਤ | ਤ | ਨਿ | ਤ | ਸਿ | ਤ | ਦਿ | ਨਿ | ਮੈ | ਤ |
| ਸੰਸੰ | ਨ਼ | ਧ | ਪ | ਮਗ਼ | ਰ | ਮਗ਼ | ਰਸ | | | | | | | | |
| ਪ੍ਰਾ | ਤ | ਤ | ਤ | ਨੀਤ | ਤ | ਤਤ | ਤਤ | | | | | | | | |
| x | | | | 2 | | | | 0 | | | | 3 | | | |

ਰਾਗੁ ਤਿਲੰਗ ਕਾਫੀ

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਗ | ਮ | ਪਨੁ | ਪ | ਨਨ | - | ਸਂ | - |
| | | | | | | | | ਛਿ | ਨੁ | ਛਿS | ਨੁ | ਅਉ | S | ਧ | S |
| ਰਂ | ਗੁਂ | ਰਂ | ਸਂ | ਨੁ | ਧ | ਪ | - | ਪ | - | ਨ | - | ਸਂ | ਸਂ | ਨ | ਸਂ |
| ਬਿ | ਹਾ | ਤੁ | S | ਹੈ | S | S | S | ਫੂ | S | ਟੈ | S | ਘ | ਟ | ਜਿ | ਉ |
| ਨੁ | ਧ | ਪ | ਮਪ | ਗੁ | ਮਗੁ | ਰ | ਸ | | | | | | | | |
| ਪਾ | S | S | SS | ਨੀ | SS | S | S | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਗ ਮਪ ਗਮ ਪਨੁ ਪਮ ਗੁਰ ਮਗੁ ਰਸ
2) ਗਮ ਪਨੁ ਪ- ਗਮ ਪ- ਧਪ ਮਗੁ ਰਸ
3) ਗਮ ਪਨ ਸਂ- ਨਸਂ ਨੁਧ ਪ- ਮਗੁ ਰਸ
4) ਗਮ ਪਨ ਸਂ- ਨੁਧ ਪਮ ਗੁਰ ਮਗੁ ਰਸ
5) ਸਗ ਮਪ ਮਗੁ ਰਸ ਗਮ ਪਨੁ ਧਪ ਮਪ ਨਸਂ ਰਂਸਂ ਨੁਨੁ ਧਪ ਮਗੁ ਰ- ਮਗੁ ਰਸ
6) ਸਗ ਮਪ ਗਮ ਪਨੁ ਪ- ਧਪ ਮਗੁ ਰਸ ਗਮ ਪਨ ਮਪ ਨਸਂ ਨੁਨੁ ਧਪ ਮਗੁ ਰਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨਾਲ ਜੋੜ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 8ਵੀਂ ਮਾਤਰ ਦੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਇਕ ਵਾਰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਤਿਲੰਗ ਮਹਲਾ ੯॥ (੭੨੭)

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥ ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥੧॥ਰਹਾਉ॥ ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥ ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥੧॥ ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥ ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥੨॥ ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥ ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥੩॥੩॥

ਪਦ ਅਰਥ:-ਜਸੁ-ਸਿਫ਼ਤਿ ਸਾਲਾਹ। ਸੰਗੀ-ਸਾਥੀ। ਅਉਸਰੁ-ਸਮਾ। ਬੀਤਿਓ ਜਾਤੁ ਹੈ-ਲੰਘਦਾ ਜਾ ਰਿਹਾ ਹੈ। ਮੇਰੋ ਕਹਿਓ-ਮੇਰਾ ਆਖਿਆ, ਮੇਰਾ ਬਚਨ। ਸੰਪਤਿ-ਧਨ-ਪਦਾਰਥ। ਸਿਉ-ਨਾਲ। ਨੇਹੁ-ਪਿਆਰ। ਫਾਸ-ਫਾਹੀ। ਜਬ-ਜਦੋਂ। ਗਲਿ-ਗਲ ਵਿਚ। ਪਰੀ-ਪੈਂਦੀ ਹੈ। ਸਭ-ਹਰੇਕ ਚੀਜ਼। ਪਰਾਇਓ-ਬਿਗਾਨੀ। ਜਾਨਿ ਕੈ- ਜਾਣਦਾ ਹੋਇਆ। ਬੂਝ ਕੈ-ਸਮਝਦਾ ਹੋਇਆ। ਬਾਵਰੇ-ਹੇ ਝੱਲੇ! ਤੈ ਬਿਗਾਰਿਓ-ਤੂੰ ਵਿਗਾੜ ਲਿਆ ਹੈ। ਕਾਜੁ-ਕੰਮ। ਕਰਤ-ਕਰਦਾ। ਸੁਕਚਿਓ-ਸੰਗਦਾ। ਗਰਬੁ-ਅਹੰਕਾਰ। ਨਿਵਾਰਿਓ-ਦੂਰ ਕੀਤਾ। ਜਿਹ ਬਿਧਿ-ਜਿਸ ਤਰੀਕੇ ਨਾਲ। ਗੁਰ-ਗੁਰੂ ਨੇ। ਰੇ-ਹੇ। ਪੁਕਾਰਿ ਕੈ-ਉਚੀ ਬੋਲ ਕੇ। ਗਹੁ-ਫੜ। ਪ੍ਰਭ ਸਰਨਾਈ-ਪ੍ਰਭੂ ਦੀ ਸਰਨ।

## ਰਾਗੁ ਤਿਲੰਗ ਕਾਫੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪਪ | ਗਮ | ਪ | ਗਮ | ਪਨ | ਸੰ | ਨੁਧ | ਪ | ਮਪ | ਗੁ | ਰ | ਸ |
| ਹਰਿ | ਜS | ਸੁ | ਰੇS | ਮS | ਨਾ | ਗਾS | S | ਇS | ਲੈ | S | S |
| ਨੁਸ | ਗ | ਮ | ਪਨੁ | ਪ | - | ਪਮ | ਗੁ | ਰ | ਮਗੁ | ਰ | ਸ |
| ਜੋS | S | S | ਸੰS | ਗੀ | S | ਹੈS | S | S | ਤੇS | ਰੋ | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਗਮ | ਪਨੁ | ਪ | ਮਪ | ਨ | ਸੰ | ਰੰਗੁੰ | ਮੰਗੁੰ | ਰੰਸੰ | ਨੁ | ਧ | ਪ |
| ਅਉ | ਸS | ਰੁ | ਬੀS | ਤਿ | ਓ | ਜਾS | SS | ਤੁS | ਹੈ | S | S |
| ਗਮ | ਪ | ਨ | ਸੰ | ਨ | ਸੰ | ਸੰਨੁ | ਧ | ਪ | ਮਗੁ | ਰ | ਸ |
| ਕਹਿ | ਓ | S | ਮਾ | S | ਨ | ਲੈS | S | S | ਮੇS | ਰੋ | S |
| x | | 0 | | 2 | | 0 | | 3 | | 4 | |

**ਤਾਨਾਂ:-**

1) ਗਮ ਪਨੁ ਪ- ਗਮ ਪਨ ਸੰਨੁ ਧਪ ਮਗੁ ਪਮ ਗਰੁ ਮਗੁ ਰਸ

2) ਗਮ ਪਨ ਸੰ- ਨਸੰ ਰੰਗੁੰ ਰੰਸੰ ਨੁਨੁ ਧਪ ਮਪ ਮਗੁ ਮਗੁ ਰਸ

3) ਗਮ ਪਨ ਸੰਪ ਨਸੰ ਪਨ ਸੰਗੁੰ ਰੰਸੰ ਨੁਧ ਪ- ਮਪ ਮਗੁ ਰਸ

**ਤਿਹਾਈਆਂ:-**

1) ਪਹਿਲੀ ਤੋਂ ਛੇਵੀਂ ਮਾਤਰ ਨੂੰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

• ਰਾਗੁ ਤਿਲੰਗ ਕਾਫੀ

## ਤਿਲੰਗ ਮਹਲਾ ੯॥ (੭੨੬-੨੭)

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥੧॥ਰਹਾਉ॥ ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥ ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥੧॥ ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ॥ ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥੨॥੨॥**

ਪਦ ਅਰਥ:-ਜਾਗ ਲੇਹੁ-ਹੋਸ਼ ਕਰ, ਸੁਚੇਤ ਰਹੋ। ਕਹਾ-ਕਿਉਂ? ਗਾਫਲ-ਗਾਫ਼ਲ, ਬੇ-ਫ਼ਿਕਰ। ਸੰਗ ਹੀ-ਸੰਗਿ ਹੀ, ਨਾਲ ਹੀ। ਸੰਗਿ-ਨਾਲ। ਸੁਤ-ਪੁੱਤਰ। ਬੰਧ ਜਨ-ਰਿਸ਼ਤੇਦਾਰ। ਹਿਤੁ-ਪਿਆਰ। ਜਾ ਸਿਉ-ਜਿੰਨ੍ਹਾਂ ਨਾਲ। ਜੀਉ-ਜਿੰਦ। ਛੂਟਿਓ-ਨਿਕਲ ਜਾਂਦੀ ਹੈ। ਦੇਹ ਤੇ- ਸਰੀਰ ਵਿਚੋਂ। ਤੇ-ਤੋਂ, ਵਿਚੋਂ। ਡਾਰਿ ਦੀਨਾ-ਸੁੱਟ ਦਿੱਤਾ। ਅਗਨਿ ਮੈ-ਅੱਗ ਵਿਚ। ਜੀਵਤ ਲਉ-ਜ਼ਿੰਦਗੀ ਤਕ। ਬਿਉਹਾਰੁ-ਵਰਤਣ-ਵਿਹਾਰ। ਜਗ ਕਉ-ਜਗਤ ਨੂੰ। ਜਾਨਉ-ਜਾਨਹੁ, ਸਮਝੋ। ਸਮਾਨਉ-ਸਮਾਨ, ਵਰਗਾ।

## ਰਾਗੁ ਤਿਲੰਗ ਕਾਫੀ ਫਰੋਦਸਤ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਗ | ਮ | ਪ | ਨ | ਸਂ | - | ਨੁ | ਧਪ | ਮ | ਗੁ | ਰ | ਗੁ | ਰ | ਸ |
| ਜਾ | ਗ | ਲੇ | ਹੁ | ਰੇ | S | ਮ | ਨਾS | ਜਾ | S | ਗ | ਲੇ | S | ਹੁ |
| ਨ਼ | ਸ | ਗ | ਮ | ਪ | ਨੁ | ਪ | ਪ | ਮਪ | ਮ | ਗੁ | ਮਗੁ | ਰ | ਸ |
| ਕ | S | ਹਾ | S | ਗਾ | S | ਫ | ਲ | ਸੋS | S | ਇ | ਆS | S | S |
| X | | 0 | | 2 | | 3 | | 4 | | | 5 | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਗ | ਮ | ਪ | ਨ | ਸਂ | ਸਂ | ਨ | ਸਂ | ਗੁਂ | ਰਂ | ਸਂ | ਨੁ | ਧ | ਪ |
| ਜੋ | S | ਤ | ਨੁ | ਉ | ਪ | ਜਿ | ਆ | ਸੰ | S | ਗ | ਹੀ | S | S |
| ਨ | - | ਸਂ | - | ਨੁ | ਧ | ਪ | - | ਮ | ਗੁ | ਰ | ਮਗੁ | ਰ | ਸ |
| ਸੋ | S | ਭੀ | S | ਸੰ | ਗਿ | ਨ | S | ਹੋ | S | ਇ | ਆS | S | S |
| X | | 0 | | 2 | | 3 | | 4 | | | 5 | | |

ਤਾਨਾਂ:-

1) ਗਮ ਪਨੁ ਪ- ਮਪ ਮਗੁ ਰਸ ਗਮ ਪਨ ਸਂ- ਨਸਂ ਨੁਨੁ ਧਪ
ਮਗੁ ਰਸ

2) ਸਗ ਮਪ ਨੁਪ ਮਪ ਧਪ ਮਗੁ ਮਗੁ ਰਸ ਗਮ ਪਨ ਸਂਨੁ ਧਪ
ਮਗੁ ਰਸ

3) ਗਮ ਪਨ ਸਂ- ਨਸਂ ਰਂਗੁਂ ਰਂਸਂ ਨੁਨੁ ਧਪ ਗਮ ਪਨੁ ਪ- ਮਪ
ਮਗੁ ਰਸ

**ਤਿਹਾਈਆਂ:-**

1) ਪਹਿਲੀ ਤੋਂ ਚੌਥੀ ਮਾਤਰ ਬੰਦਸ਼ ਅਨੁਸਾਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਚੌਥੀ ਮਾਤਰ ਨੂੰ ਦੂਜੀ ਤੋਂ ਪੰਜਵੀਂ ਮਾਤਰ ਤੇ ਲੈ ਕੇ ਫਿਰ 6ਵੀਂ ਤੋਂ 8ਵੀਂ ਮਾਤਰ ਤੇ 'ਰੇ ਮ ਨਾ' ਦਾ ਉਚਾਰਨ ਫਿਰ ਇਸੇ ਟੁਕੜੇ ਨੂੰ 2 ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
3) ਅਸਥਾਈ ਦੀ ਪਹਿਲੀ ਲਾਈਨ ਬੰਦਸ਼ ਅਨੁਸਾਰ ਲੈ ਕੇ ਇਕ ਮਾਤਰ ਬਿਸਰਾਮ ਫਿਰ 9ਵੀਂ ਤੋਂ 14ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

ਸ਼ਬਦ- 'ਜਾਗ ਲੇਹੁ ਰੇ ਮਨਾ ਜਾਗ ਲੇਹੁ' ਫਰੋਦਸਤ ਤਾਲ ਵਾਲਾ ਹੈ।

## ਰਾਗੁ ਤਿਲੰਗ ਕਾਫੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਗਮ | ਪਨੁ | ਪ | ਨ | ਸੰ | ਨੁਧ | ਪ | ਮਗੁ | ਰ | ਸ |
| ਜਾਗ | ਲੇਹੁ | ਰੇ | ਮ | ਨਾ | ਜਾS | ਗ | ਲੇS | ਹੁ | S |
| ਨ਼ | ਸ | ਗਮ | ਪਨੁ | ਪ | ਧਪ | ਮਪ | ਗੁਰ | ਮਗੁ | ਰਸ |
| ਕ | ਹਾ | ਗਾS | ਫS | ਲ | ਸੋS | SS | ਇS | ਆS | SS |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਗਮ | ਪਪ | ਨਨ | ਨ | ਸੰ | ਰੰਗੁੰ | ਰੰਸੰ | ਨੁ | ਧ | ਪ |
| ਜੋS | ਤਨੁ | ਉਪ | ਜਿ | ਆ | ਸੰS | ਗS | ਹੀ | S | S |
| ਨ | ਨ | ਸੰ | ਸੰਨੁ | ਧਪ | ਮਪ | ਮਗੁ | ਰ | ਮਗੁ | ਰਸ |
| ਸੋ | ਭੀ | ਸੰ | ਗਿS | ਨS | ਹੋS | SS | ਇ | ਆS | SS |
| x | | 2 | | | 0 | | 3 | | |

**ਤਾਨਾਂ:-**

1) ਸਗਮਪ ਗਮਪਨੁ ਪ-ਧਪ ਮਪਮਗੁ ਮਗੁਰਸ ਗਮਪਨ ਸੰਰੰਗੁੰਰੰ ਸੰਨੁਧਪ ਪਧਮਪ ਮਗੁਰਸ
2) ਗਮਪਗ ਮਪਗਮ ਪਨੁਪ- ਧਪਮਗੁ ਮਗੁਰਸ ਪਨਸੰਪ ਨਸੰਪਨ ਸੰਰੰਗੁੰਰੰ ਸੰਨੁਧਪ ਮਗੁਰਸ

ਰਾਗੁ ਤਿਲੰਗ ਕਾਫੀ

3) ਸਗਮਪ ਮਗੁਰਸ ਗਮਪਨੁ ਪ-ਮਪ ਮਗੁਰਸ ਗਮਪਨ ਸੰ-ਨਸੰ ਰੰਗੁੰਰੰਸੰ ਨੁਧਪ- ਮਗੁਰਸ

ਤਿਹਾਈਆਂ:-

1) ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਤੀਜੀ ਮਾਤਰ ਦੇ 'ਰੇ' ਨੂੰ ਇਕ ਮਾਤਰ ਲੰਬਾ ਕਰ ਕੇ ਪਹਿਲੀ ਤੋਂ ਚੌਥੀ ਮਾਤਰ ਦਾ ਇਹ ਟੁਕੜਾ ਬਰਾਬਰ ਲੈ ਕੇ ਫਿਰ ਚੌਥੀ-ਪੰਜਵੀਂ ਮਾਤਰ ਦੇ ਦੋ ਮਾਤਰਾਂ ਦੇ ਟੁਕੜੇ 'ਮ ਨਾ' ਨੂੰ ਪੰਜਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## (ਤ੍ਵ ਪ੍ਰਸਾਦਿ॥ ਕਬਿੱਤ) ਅਕਾਲ ਉਸਤਤ

**ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥**
**ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥**
**ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥**
**ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥੧੬॥੮੬॥**

ਪਦ ਅਰਥ:-ਦੇਹੁਰਾ-ਮੰਦਰ, ਦੇਵ ਅਸਥਾਨ। ਅਦੇਵ-ਦੈਂਤ। ਜੱਛ-ਦੇਵਤਿਆਂ ਦੇ ਸਾਜ਼ ਵਜੰਤ੍ਰੀ। ਗੰਧ੍ਰਬ-ਇੰਦਰ ਸਭਾ ਦੇ ਗਵੱਈਏ। ਬਾਨ-ਬਨਾਵਟ, ਬਣਤਰੁ, ਬੋਲੀ। ਖਾਕ-ਮਿੱਟੀ, ਸੁਆਹ। ਬਾਦ-ਪੌਣ। ਆਤਸ-ਅਗਨੀ। ਆਬ-ਪਾਣੀ। ਬਨਾਉ-ਬਨਾਵਟ।

## ਰਾਗੁ ਤਿਲੰਗ ਕਾਫੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਗਗ | ਮ | ਪ | ਨ | ਨ | ਸੰ | ਸੰ | ਪਪ | ਗ | ਮ | ਪ | ਨ | ਸੰ | ਸੰ |
| ਦੇਹੁ | ਰਾ | ਮ | ਸੀ | ਤ | ਸੋ | ਈ | ਦੇਵ | ਤਾ | ਅ | ਦੇ | ਵ | ਜੱ | ਛ |
| ਨੁ | ਧ | ਪ | ਮ | ਗੁਗੁ | ਰ | ਸ | ਗੁੰ | ਰੰਰੰ | ਸੰ | ਨੁਨੁ | ਧ | ਪ | ਪ |
| ਪੂ | ਜਾ | ਔ | ਨਿ | ਵਾਜ | ਓ | ਈ | ਗੰ | ਧ੍ਰ | ਬ | ਤੁਰ | ਕ | ਹਿੰ | ਦੂ |
| ਪ | ਗ | ਮ | ਪ | ਨੁ | ਪਪ | ਮਪ | ਪਪ | ਗਮ | ਪ | ਗ | ਮ | ਪ | ਪ |
| ਮਾ | ਨ | ਸ | ਸ | ਬੈ | ਏਕ | ਪੈS | ਨਿਆਰੇ | ਨਿਆ | ਰੇ | ਦੇ | ਸ | ਨ | ਕੇ |
| ਮ | ਗੁ | ਰ | ਮ | ਗੁਗੁ | ਰਰ | ਸ | ਮ | ਗੁ | ਰ | ਮਮ | ਗੁ | ਰ | ਸ |
| ਅ | ਨੇ | ਕ | ਕੋ | ਭ੍ਰ | ਮਾਉ | ਹੈ | ਭੇ | ਸ | ਕੋ | ਪ੍ਰ | ਭਾ | ਉ | ਹੈ |
| x | | | 2 | | 3 | | x | | | 2 | | 3 | |

# ੧੯-ਰਾਗੁ ਸੂਹੀ ਕਾਫੀ

ਰਾਗੁ ਸੂਹੀ ਕਾਫੀ ਦਾ ਸਰੂਪ ਰਾਗੁ ਸੂਹੀ ਤੇ ਰਾਗ ਕਾਫੀ ਦੇ ਮਿਸ਼ਰਨ ਤੋਂ ਬਣਿਆ ਹੈ। ਭਾਰਤੀ ਸੰਗੀਤ ਵਿੱਚ ਰਾਗੁ ਸੂਹੀ ਪ੍ਰਚਾਰ ਵਿਚ ਨਹੀਂ ਹੈ। ਰਾਗ ਕਾਨੜਾ ਦਾ ਇਕ ਪ੍ਰਕਾਰ ਰਾਗ ਸੂਹਾ ਹੈ ਜੋ ਕੁਝ ਕਠਿਨ ਰਾਗ ਹੈ ਤੇ ਪ੍ਰਚਾਰ ਵਿਚ ਵੀ ਹੈ ਪਰ ਰਾਗੁ ਸੂਹੀ ਇੱਕ ਵੱਖਰਾ ਰਾਗ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਰਾਗੁ ਸੂਹੀ ਵਿੱਚ ਰਚਿਤ ਬਾਣੀ ਨੂੰ ੩੧ ਮੁੱਖ ਰਾਗਾਂ ਵਿੱਚ ਅਸਥਾਨ ਦਿੱਤਾ ਹੈ। ਰਾਗੁ ਸੂਹੀ ਦਾ ਪਰੀਚੈ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਵਿੱਚ ਪੰਨਾ 370 ਤੋਂ ਪਹਿਲਾਂ ਹੀ ਦਿੱਤਾ ਜਾ ਚੁਕਾ ਹੈ। ਇਥੇ ਦੂਜਾ ਰਾਗ ਕਾਫੀ ਹੈ ਜੋ ਭਾਰਤੀ ਸੰਗੀਤ ਦੇ ਦਸ ਥਾਟਾਂ ਵਿੱਚੋਂ ਕਾਫੀ ਥਾਟ ਦਾ ਆਸ਼੍ਰਿਯ ਰਾਗ ਹੈ। ਰਾਗ ਕਾਫੀ ਦਾ ਪਰੀਚੈ ਇਸ ਪੁਸਤਕ ਦੇ ਆਸਾ ਕਾਫੀ ਰਾਗ ਦੇ ਪਰੀਚੈ ਵਿੱਚ ਦਿੱਤਾ ਗਿਆ ਹੈ। ਰਾਗ ਸੂਹੀ ਕਾਫੀ ਦਾ ਮਿਸ਼ਰਤ ਸਰੂਪ ਭਾਰਤੀ ਸੰਗੀਤ ਵਿਚ ਪ੍ਰਚਾਰ ਵਿਚ ਨਹੀਂ ਹੈ ਪਰ ਗੁਰਮਤਿ ਸੰਗੀਤ ਵਿਚ ਇਹ ਰਾਗ ਮਿਸ਼ਰਤ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਰਚਿਤ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫ਼ੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਰਾਗ ਸੂਹੀ ਕਾਫੀ ਦਾ ਵਰਨਣ ਇਸ ਪ੍ਰਕਾਰ ਦਿੱਤਾ ਹੈ। ਉਹਨਾਂ ਇਸ ਰਾਗ ਵਿੱਚ ਕਾਫੀ ਅੰਗ ਨੂੰ ਜ਼ਿਆਦਾ ਪ੍ਰਬਲ ਮੰਨਿਆ ਹੈ। ਇਸ ਰਾਗ ਵਿੱਚ ਗੰਧਾਰ ਨਿਸ਼ਾਦ ਕੋਮਲ ਤੇ ਹੋਰ ਸਵਰ ਸ਼ੁਧ ਹਨ। ਇਸ ਦਾ ਵਾਦੀ ਮਧਿਅਮ ਤੇ ਸੰਵਾਦੀ ਸ਼ੜਜ ਹੈ। ਇਸ ਦੇ ਆਰੋਹ ਵਿਚ ਧੈਵਤ ਸਵਰ ਵਰਜਿਤ ਕਰਨ ਦੀ ਪ੍ਰੱਥਾ ਹੈ ਤੇ ਅਵਰੋਹ ਵਿਚ ਸਤ ਹੀ ਸਵਰ ਲਗਦੇ ਹਨ। ਜਾਤੀ ਸ਼ਾੜਵ-ਸੰਪੂਰਨ ਤੇ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਆਰੋਹ- ਸ ਰ ਗੁ, ਮ ਪ ਨੁ ਸਂ। ਅਵਰੋਹ-ਸਂ ਨੁ ਧ ਪ, ਮ ਗੁ, ਰ ਸ। ਮੁਖ ਅੰਗ- ਨੁ ਪ, ਧਪ ਮਪ, ਗੁ ਰ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਥਾਟ-ਕਾਫੀ, ਜਾਤੀ ਸ਼ਾੜਵ-ਸ਼ਾੜਵ, ਵਾਦੀ-ਮਧਿਅਮ, ਸੰਵਾਦੀ-ਸ਼ੜਜ ਤੇ ਸਮਾਂ-ਦਿਨ ਦਾ ਦੂਜਾ ਪਹਿਰ ਹੈ। ਆਰੋਹ- ਸ ਰ ਗੁ, ਮ ਪ ਨੁ ਸਂ। ਅਵਰੋਹ- ਸਂ ਨੁ ਪ ਮ ਗੁ ਰ ਸ। ਪਕੜ- ਨੁ ਪ, ਮ ਪ ਗੁ, ਰ ਸ।

ਰਾਗੁ ਸੂਹੀ ਕਾਫੀ ਇਥੇ ਰਾਗ ਸੂਹੀ ਤੇ ਰਾਗ ਕਾਫੀ ਦੋ ਰਾਗਾਂ ਦਾ ਮਿਸ਼ਰਨ ਹੈ। ਆਰੋਹ ਵਿੱਚ ਸੂਹੀ ਰਾਗ ਤੇ ਅਵਰੋਹ ਵਿਚ ਕਾਫੀ ਰਾਗ ਹੈ। ਕੁਝ ਸਵਰ-ਸਮੂਹ

ਦੁਆਰਾ ਰਾਗ ਦਾ ਸਰੂਪ ਜਾਗਦਾ ਹੈ। ਰ ਗ ਮ ਪ, ਮ ਪ ਮ ਗੁ ਰ, ਰ ਗ ਮ ਪ ਨ ਧ ਨ ਸੰ, ਨੁ ਧ ਪ, ਧ ਨ ਸੰ, ਸੰ ਰੰ ਨੁ ਧ ਪ, ਮ ਗੁ ਰ ਸ। ਇਸ ਤਰ੍ਹਾਂ ਰਾਗੁ ਸੂਹੀ ਤੇ ਰਾਗੁ ਕਾਫੀ ਦੇ ਮਿਸ਼ਰਨ ਦੁਆਰਾ ਇਸ ਰਾਗ ਦਾ ਸਰੂਪ ਬਣਦਾ ਜਾਂਦਾ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਇਹੀ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ। ਇਹੀ ਸਰੂਪ ਇਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਸੂਹੀ ਨੂੰ ਪੰਦਰਵਾਂ ਅਸਥਾਨ ਪ੍ਰਾਪਤ ਹੈ। ਰਾਗੁ ਸੂਹੀ ਮੁਖ ਰਾਗ ਦੇ ਅੰਤਰਗਤ ਰਾਗੁ ਸੂਹੀ ਕਾਫੀ ਮਿਸ਼ਰਤ ਰਾਗ ਵਿਚ ਬਾਣੀ ਰਚਿਤ ਹੈ। ਸ਼ਬਦ ਤਰਤੀਬ ਇਸ ਪ੍ਰਕਾਰ ਹੈ। ਸੂਹੀ ਮਹਲਾ ੧ ਕਾਫੀ ਘਰ ੧੦ ਪੰਨਾ ੭੫੧ ਤੋਂ ੭੫੩ ਸ਼ਬਦ ਅੰਕ ॥੮॥੧॥੩॥ ਤੋਂ ॥੮॥੩॥੫॥ ਤਿੰਨ ਸ਼ਬਦ ਹਨ। ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ ਪੰਨਾ ੭੬੧ ਤੋਂ ੭੬੨ ਸ਼ਬਦ ਅੰਕ ॥੮॥੧॥੪॥ ਤੋਂ ॥੮॥੨॥੫॥੧੬॥ ਦੋ ਸ਼ਬਦ ਹਨ।

**ਪਰੀਚੈ:-**

| | |
|---|---|
| ਰਾਗੁ - ਸੂਹੀ ਕਾਫੀ | ਥਾਟ - ਉਪਥਾਟ-ਬਿਲਾਵਲ ਕਾਫੀ |
| ਸਵਰ- ਗੰਧਾਰ, ਨਿਸ਼ਾਦ ਕੋਮਲ ਹੋਰ ਸ਼ੁਧ | ਵਰਜਿਤ ਸਵਰ- ਕੋਈ ਨਹੀਂ |
| ਜਾਤੀ - ਸੰਪੂਰਨ | ਵਾਦੀ- ਪੰਚਮ |
| ਸੰਵਾਦੀ - ਸ਼ੜਜ | ਸਮਾਂ - ਦਿਨ ਦਾ ਦੂਜਾ ਪਹਿਰ |
| ਆਰੋਹ - ਸ ਰ ਗ ਮ ਪ, ਨ ਧ ਨ ਸੰ | ਅਵਰੋਹ-ਸੰ ਨੁ ਧ ਪ, ਮ ਪ ਮ ਗੁ ਰ, ਸ |

ਮੁਖ ਅੰਗ- ਸ ਰ ਗ ਮ ਪ, ਮ ਪ ਮ ਗੁ ਰ, ਸ

**ਸਵਰ ਵਿਸਥਾਰ:-**

1) ਸ ਰ ਸ, ਧ਼ ਨ਼ ਸ, ਸ ਨ਼ੁ ਧ਼ ਪ਼, ਪ਼ ਨ਼ ਧ਼ ਨ਼ ਸ, ਸ ਰ ਗ ਮ, ਰ ਗ ਮ ਪ, ਪ ਧ ਮ ਪ, ਮ ਗੁ ਰ, ਪ ਮ ਗੁ ਰ, ਮ ਗੁ ਰ ਸ, ਧ਼ ਨ਼ ਸ।

2) ਸ, ਰ ਗ ਮ, ਰ ਗ ਮ ਪ, ਮ ਪ ਧ ਪ, ਨੁ ਧ ਪ, ਧ ਪ ਮ ਪ ਮ ਗੁ ਰ, ਰ ਗ ਮ ਪ, ਪ ਨ ਧ ਨ ਸੰ, ਧ ਨ ਸੰ, ਸੰ ਨੁ ਧ ਪ, ਪ ਨ ਧ ਨ ਸੰ, ਨੁ ਧ ਪ, ਪ ਧ ਮ ਪ, ਮ ਪ ਮ ਗੁ ਰ, ਮ ਗੁ ਰ, ਗੁ ਰ ਸ।

3) ਰ ਗ ਮ ਪ, ਪ ਨੁ ਧ ਪ ਮ ਗੁ ਰ, ਰ ਗ ਮ ਪ, ਨ ਧ ਨ ਸੰ, ਧ ਨ ਸੰ ਰੰ ਸੰ, ਰੰ ਗੰ ਮੰ ਪੰ, ਮੰ ਪੰ ਮੰ ਗੁੰ ਰੰ, ਗੁੰ ਰੰ ਸੰ, ਧ ਨ ਸੰ, ਰੰ ਸੰ, ਸੰ ਨੁ ਧ ਪ, ਪ ਧ ਮ ਪ, ਸੰ ਨੁ ਧ ਪ ਮ ਪ, ਮ ਪ ਮ ਗੁ ਰ, ਮ ਗੁ ਰ, ਗੁ ਰ ਸ।

**ਸੂਹੀ ਮਹਲਾ ੧॥** (੭੫੨-੫੩)

ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ॥ ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ॥੧॥ ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ॥ ਰਹਉ ਸਾਹਿਬ ਕੀ ਟੇਕ ਨ ਮੋਹੈ

**ਮੋਹਣੀ॥੧॥ਰਹਾਉ॥ ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ॥ ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ॥੨॥ ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ॥ ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ॥੩॥ ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ॥ ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ॥੪॥ ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ॥ ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ॥੫॥ ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ॥ ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ॥੬॥ ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ॥ ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ॥੭॥ ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ॥ ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ॥੮॥੩॥੫॥**

ਪਦ ਅਰਥ:-ਅਹਿ-ਦਿਨ। ਨਿਸਿ-ਰਾਤ। ਧਾਰਿ-ਕਰ ਕੇ। ਲਕੁਟੀ-ਛੋਟੀ ਲੱਕੜੀ, ਡੰਗੋਰੀ, ਸੋਟੀ। ਟੋਹਣੀ-ਜਿਸ ਨਾਲ ਟੋਹ ਟੋਹ ਕੇ ਰਸਤਾ ਲੱਭਿਆ ਜਾ ਸਕੇ। ਮੋਹਣੀ-ਮੋਹ ਲੈਣ ਵਾਲੀ। ਜਹ-ਜਿਧਰ, ਜਿਥੇ। ਭਾਲਿ-ਢੂੰਢ ਕੇ। ਨਿਹਾਲਿਆ-ਵੇਖ ਲਿਆ ਹੈ। ਸੇਵੀ-ਮੈਂ ਸਿਮਰਾਂ। ਸਤਿਗੁਰ ਭਾਇ-ਗੁਰੂ ਦੇ ਅਨੁਸਾਰ ਰਹਿ ਕੇ। ਭੰਜਨਾ-ਨਾਸ ਕਰਨ ਵਾਲਾ। ਜਨਮਤ ਹੀ-ਜੰਮਦਿਆਂ ਹੀ। ਮਰਣਾ-ਆਤਮਕ ਮੌਤ। ਹਉ-ਮੈਂ। ਤੁਧ ਹੀ-ਤੂੰ ਹੀ। ਥਾਪਿ-ਪੈਦਾ ਕਰ ਕੇ। ਉਥਾਪਿ-ਨਾਸ ਕਰਦਾ ਹੈ। ਨਿਵਾਜਿਆ-ਆਦਰ ਮਾਣ ਦਿੱਤਾ। ਦੇਹੀ-ਸਰੀਰ। ਭਸਮ-ਸੁਆਹ। ਰੁਲਾਇ-ਮਿਲਾ ਕੇ। ਕਹ-ਕਿਥੇ? ਵਿਸਮਾਦੁ-ਹੈਰਾਨੀ, ਅਸਚਰਜਤਾ। ਹਦੂਰਿ-ਅੰਗ-ਸੰਗ, ਹਾਜ਼ਰ।

## ਰਾਗੁ ਸੂਹੀ ਕਾਫੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਸ | ਧ਼ | ਨ਼ | ਸ | ਰ | ਗ | ਮ |
| | | | | | | | | ਮੈ | ਅੰ | ਧੁ | ਲੇ | ਹ | ਰਿ | ਨਾ | ਮੁ |
| ਪ | ਪ | ਮ | ਪ | ਗੁ | ਗੁ | ਰ | ਸ | ਨ | ਧਧ | ਨ | ਸੰਸੰ | ਨੁ | ਧ | ਪ | ਪ |
| ਲ | ਕੁ | ਟੀ | S | ਟੋ | ਹ | ਣੀ | S | ਰ | ਹਉ | ਸਾ | ਹਿਬ | ਕੀ | S | ਟੇ | ਕ |
| ਮ | ਪ | ਗੁ | ਰ | ਮ | ਗੁ | ਰ | ਸ | | | | | | | | |
| ਨ | S | ਮੋ | ਹੈ | ਮੋ | ਹ | ਣੀ | S | | | | | | | | |
| X | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | ਪਪ | ਨ | ਧ | ਨ | ਨਨ | ਸੰ | ਸੰ |
| | | | | | | | | ਮ | ਨਹੁ | ਨ | S | ਨਾ | ਮੁਵਿ | ਸਾ | ਰਿ |
| ਗੁੰ | ਰੰ | ਸੰ | ਸੰ | ਨੁ | ਧ | ਪ | ਪ | ਧ | ਨ | ਸੰ | ਸੰਸੰ | ਨੁਨੁ | ਧ | ਪ | ਪ |
| ਅ | ਹਿ | ਨਿ | ਸਿ | ਧਿ | ਆ | ਈ | ਐ | ਜਿ | ਉ | ਰਾ | ਖਹਿ | ਕਿਰ | ਪਾ | ਧਾ | ਰਿ |
| ਪ | ਧ | ਮ | ਪ | ਮ | ਗੁ | ਰ | ਸ | | | | | | | | |
| ਤਿ | ਵੈ | ਸੁ | ਖੁ | ਪਾ | ਈ | ਐ | S | | | | | | | | |
| X | | | | 2 | | | | 0 | | | | 3 | | | |

ਰਾਗੁ ਸੂਹੀ ਕਾਫੀ

ਤਾਨਾਂ:-

1) ਸਰ ਗਮ ਰਗ ਮਪ ਨੁਨੁ ਧਪ ਮਗੁ ਰਸ
2) ਰਗ ਮਪ ਨਧ ਨਸੰ ਨੁਧ ਪਮ ਗੁਰ ਸ-
3) ਪਪ ਨਧ ਨਸੰ ਰੰਸੰ ਨੁਧ ਪ- ਮਗੁ ਰਸ
4) ਸਰ ਗਮ ਰਗ ਮਪ ਮਗੁ ਰਸ ਰਗ ਮਪ ਨਧ ਨਸੰ ਗੁੰਗੁੰ ਰੰਸੰ ਨੁਨੁ ਧਪ ਮਗੁ ਰਸ
5) ਰਗ ਮਪ ਧਨ ਸੰਧ ਨਸੰ ਧਨ ਸੰਰੰ ਗੁੰਰੰ ਸੰਨੁ ਧਪ ਪਧ ਮਪ ਮਗੁ ਰ- ਗੁਰ ਸ-

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪੂਰੀ ਅਸਥਾਈ ਦੀ ਪਹਿਲੀ ਮਾਤਰ ਤੋਂ ਦੁਗੁਨ ਲੈ ਕੇ ਫਿਰ 9ਵੀਂ ਤੋਂ ਚੌਥੀ ਮਾਤਰ ਦੇ 12 ਮਾਤਰਾਂ ਦੇ ਟੁਕੜੇ ਨੂੰ ਦੋ ਵਾਰ ਦੁਗੁਨ ਵਿੱਚ ਲੈ ਕੇ ਤੀਜੀ ਵਾਰ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।
3) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਸੂਹੀ ਮਹਲਾ ੧॥ (੭੫੨)

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥੧॥ ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ॥੧॥ਰਹਾਉ॥ ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ॥ ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ॥੨॥ ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ॥ ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ॥੩॥ ਦੇਹੀ ਹੋਵਗਿ ਖਾਕੁ ਪਵਣੁ ਉਡਾਈਐ॥ ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ॥੪॥ ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ॥ ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ॥੫॥ ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ॥ ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ॥੬॥ ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ॥ ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ॥੭॥ ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ॥ ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ॥੮॥੨॥੪॥

ਪਦ ਅਰਥ:-ਆਰਣਿ-ਭੱਠੀ ਵਿਚ। ਭੰਨਿ-ਭੰਨ ਕੇ, ਗਾਲ ਕੇ। ਸਾਕਤੁ-ਰੱਬ ਨਾਲੋਂ ਟੁੱਟਾ ਹੋਇਆ ਮਨੁੱਖ, ਮਾਇਆ ਵੇੜ੍ਹਿਆ ਜੀਵ। ਭਵੈ-ਭਟਕਦਾ ਹੈ, ਭੌਂਦਾ ਹੈ। ਭਵਾਈਐ-(ਜੂਨਾਂ ਵਿਚ) ਪਾਇਆ ਜਾਂਦਾ ਹੈ। ਆਵੈ ਜਾਇ-ਜੰਮਦਾ

ਮਰਦਾ ਹੈ। ਗੁਰਮੁਖਿ-ਗੁਰੂ ਦੀ ਸਰਨ ਪਿਆ ਮਨੁੱਖ। ਮੇਲਹਿ-ਤੂੰ ਮਿਲਾਂਦਾ ਹੈਂ। ਦੇਹਿ-ਜੋ ਤੂੰ ਦੇਂਦਾ ਹੈ। ਥਾਪਿ-ਰਚ ਕੇ। ਉਥਾਪਿ-ਨਾਸ ਕਰ ਕੇ। ਦਰਿ-ਅੰਦਰ, ਵਿਚ। ਬੀਨਾਈਐ-ਬੀਨਾਈ, ਨਿਗਾਹ, ਨਜ਼ਰ। ਹੋਵਗਿ-ਹੋ ਜਾਇਗੀ। ਪਵਣੁ-ਸੁਆਸ। ਅਉਤਾਕੁ-ਬੈਠਕ। ਦਿਹੁ ਦੀਵੀ-ਦਿਨ ਦੀਵੀ, ਚਿੱਟਾ ਦਿਨ ਹੁੰਦਿਆ ਭੀ। ਅੰਧ ਘੋਰੁ-ਘੁੱਪ ਹਨੇਰਾ। ਘਬੁ-ਘਰ ਦਾ ਮਾਲ। ਮੁਹਾਈਐ-ਲੁੱਟਿਆ ਜਾਂਦਾ ਹੈ। ਗਰਬਿ-ਅਹੰਕਾਰ ਵਿਚ। ਮੁਸੈ-ਚੁਰਾਂਦਾ ਹੈ। ਰੂਆਈਐ-ਸ਼ਿਕਾਇਤ ਕੀਤੀ ਜਾਏ। ਆਗਿ-ਤ੍ਰਿਸਨਾ-ਅੱਗ। ਦੀਪਾਈਐ-ਚਮਕਦੀ ਹੈ। ਨਿਹਕਾਮੁ-ਵਾਸਨਾ-ਰਹਿਤ। ਦਿਹੈ-ਦਿਨੇ। ਮੰਨਿ-ਮਨਿ, ਮਨ ਵਿਚ।

## ਰਾਗੁ ਸੂਹੀ ਕਾਫੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਸਰ | ਗ | ਮ | ਰਗ | ਮ | ਪ | ਨੁ | ਧ | ਪ | ਮਗੁ | ਰ | ਸ |
| ਬਿਨੁ | ਬੂ | ਝੇ | ਸਭੁ | ਦੁ | ਖੁ | ਦੁ | ਖੁ | ਕ | ਮਾS | ਵ | ਣਾ |
| ਧ਼ਧ਼ | ਨ਼ | ਸ | ਰ | ਗ | ਮ | ਪ | ਮਗੁ | ਰ | ਮਗੁ | ਰਰ | ਸ |
| ਹਉ | ਮੈ | ਆ | ਵੈ | ਜਾ | ਇ | ਭ | ਰS | ਮਿ | ਭੁS | ਲਾਵ | ਣਾ |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪਪ | ਪ | ਨਨ | ਧਧ | ਨ | ਨ | ਸੰ | ਸੰ | ਸੰ | ਗੁੰ | ਰੰ | ਸੰ |
| ਜਿਉ | ਆ | ਰਣਿ | ਲੋਹਾ | ਪਾ | ਇ | ਭੰ | ਨਿ | ਘ | ੜਾ | ਈ | ਐ |
| ਧਧ | ਨ | ਸੰਸੰ | ਧ | ਨ | ਸੰਸੰ | ਨੁ | ਧ | ਪ | ਮਗੁ | ਰ | ਸ |
| ਤਿਉ | ਸਾ | ਕਤੁ | ਜੋ | ਨੀ | ਪਾਇ | ਭ | ਵੈ | ਭ | ਵਾS | ਈ | ਐ |
| X | | 0 | | 2 | | 0 | | 3 | | 4 | |

**ਤਾਨਾਂ :-**

1) ਸਰ ਗਮ ਰਗ ਮਪ ਨਧ ਨਸੰ ਨੁਨੁ ਧਪ ਮਪ ਮਗੁ ਮਗੁ ਰਸ
2) ਰਗ ਮਪ ਨਧ ਨਸੰ ਧਨ ਸੰਰੰ ਸੰਨੁ ਧਪ ਪਨੁ ਧਪ ਮਗੁ ਰਸ
3) ਰਗ ਮਰ ਗਮ ਰਗ ਮਪ ਨਧ ਨਸੰ ਨੁਨੁ ਧਪ ਮਪ ਮਗੁ ਰਸ

**ਤਿਹਾਈਆਂ:-**

1) ਪਹਿਲੀ ਤੋਂ ਛੇਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਪੰਜਵੀਂ-ਛੇਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਤੀਜੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

ਰਾਗੁ ਸੂਹੀ ਕਾਫੀ

3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਸੂਹੀ ਮਹਲਾ ੧ ਕਾਫੀ ਘਰੁ ੧੦ ੧ੴ ਸਤਿਗੁਰ ਪ੍ਰਸਾਦਿ॥ (੭੫੧-੫੨)**

**ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥ ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥੧॥ ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥ ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ॥੧॥ਰਹਾਉ॥ ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ॥ ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ॥੨॥ ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ॥ ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ॥੩॥ ਮੂਰਖ ਮਨ ਸਮਝਾਇ ਆਖਉ ਕੇਤੜਾ ॥ ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ॥੪॥ ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ॥ ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ॥੫॥ ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ॥੬॥ ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ॥੭॥ ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥ ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ॥੮॥੧॥੩॥**

ਪਦ ਅਰਥ:-ਦੁਲੰਭੁ-ਦੁਰਲੱਭ, ਬੜੀ ਮੁਸ਼ਕਲ ਨਾਲ ਮਿਲਣ ਵਾਲਾ। ਪਾਇਆ-ਕਦਰ ਪਾਈ। ਚੁਲੰਭੁ-ਗੂੜ੍ਹਾ ਲਾਲ। ਵਖਰੁ-ਵਪਾਰ ਦਾ ਸੌਦਾ। ਪਤਿ-ਇਜ਼ੱਤ। ਦਰਬਾਰਿ-ਪ੍ਰਭੂ ਦੀ ਹਜ਼ੂਰੀ ਵਿਚ। ਭੈ-ਡਰ-ਅਦਬ ਵਿਚ। ਰਤਾ-ਰੰਗਿਆ ਗਿਆ। ਤੂ ਵਸੈ-'ਤੂ ਹੀ ਤੂ' ਦਾ ਬੋਲ ਵੱਸ ਪਏ। ਰਸਿ-(ਨਾਮ) ਅੰਮ੍ਰਿਤ ਨਾਲ। ਰਸੈ ਭਿੱਜਦਾ ਹੈ। ਕੇਤੜਾ-ਕਿਤਨਾ ਕੁ? ਗੁਰਮੁਖਿ-ਗੁਰੂ ਦੇ ਸਨਮੁਖ ਹੋ ਕੇ। ਰੰਗੇਤੜਾ-ਰੰਗਿਆ ਜਾ। ਰਿਦੈ-ਹਿਰਦੇ ਵਿਚ। ਸਮਾਲਿ-ਸਾਂਭ। ਸੰਤਾਪਣਾ-ਕਲੇਸ਼ ਦੇ ਸਕਣਾ। ਰੰਗੁ-(ਨਾਮ ਦੀ) ਲਾਲੀ। ਮਰਸੀ-ਆਤਮਕ ਜੀਵਨ ਗਵਾ ਬੈਠੇਗਾ। ਵਿਡਾਣਾ-ਓਪਰਾ, ਨਿਖਸਮਾ। ਭੰਗੁ-ਤ੍ਰੋਟ, ਵਿਛੋੜਾ। ਆਣਿਆ-ਲਿਆਂਦਾ। ਨਿਰਬਾਣੁ-ਵਾਸਨਾ-ਰਹਿਤ ਪ੍ਰਭੂ। ਭਾਵਸੀ-ਪਸੰਦ ਆਵੇ। ਗਾਵਸੀ-ਗਾਂਦਾ ਰਹਾਂ।

## ਰਾਗੁ ਸੂਹੀ ਕਾਫੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪ | ਨ | ਧਧ | ਨਨ | ਸੰਸੰ | ਨੁ | ਧਧ | ਪ | ਮਗੁ | ਰਸ |
| ਚ | ਲੈ | ਜਨ | ਮੁਸ | ਵਾਰਿ | ਵ | ਖਰੁ | ਸ | ਚੁS | ਲੈS |
| ਧ਼ਨ਼ | ਸਸ | ਰਗ | ਮ | ਪ | ਮਪ | ਗੁਗੁ | ਰਰ | ਮਗੁ | ਰਸ |
| ਪਤਿ | ਪਾਏ | ਦਰ | ਬਾ | ਰਿ | ਸਤਿ | ਗੁਰ | ਸਬ | ਦਿS | ਭੈS |
| X | | 2 | | | 0 | | 3 | | |

## ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਪਪ | ਨਨ | ਧਧ | ਨਨ | ਸੰਰੰ | ਸੰਸੰ | ਗੰ | ਰੰ | ਸੰ |
| ਮਾ | ਣਸ | ਜਨ | ਮੁਦ | ਲੰਭੁ | ਗੁਰ | ਮੁਖਿ | ਪਾ | ਇ | ਆ |
| ਰੰਗੰ | ਮੰਪੰ | ਗੰ | ਰੰਰੰ | ਸੰਸੰ | ਨੁਧ | ਪਪ | ਮਗੁ | ਰਰ | ਸ |
| ਮਨੁ | ਤਨੁ | ਹੋ | ਇਚੁ | ਲੰਭੁ | ਜੇS | ਸਤਿ | ਗੁਰ | ਭਾਇ | ਆ |
| x | | 2 | | | 0 | | 3 | | |

**ਤਾਨਾਂ :-**

1) ਸਰਗਮ ਰਗਮਪ ਪਨਧਨ ਸੰਰੰਸੰਸੰ ਸੰਰੰਗੰਰੰ ਸੰਸੰਨੁਧ ਪਨੁਧਪ ਮਪਮਗੁ ਪਮਗੁਰ ਮਗੁਰਸ
2) ਰਗਮਪ ਮਗੁਰਸ ਰਗਮਪ ਮਪਮਗੁ ਮਗੁਰਸ ਸਰਗਮ ਰਗਮਪ ਨਧਨਸੰ ਨੁਧਪਪ ਮਗੁਰਸ
3) ਰਗਮਰ ਗਮਰਗ ਮਪਮਗੁ ਮਗੁਰਸ ਰਗਮਪ ਨਧਨਸੰ ਸੰਰੰਗੰਰੰ ਸੰਨੁਧਪ ਮਪਮਗੁ ਮਗੁਰਸ

**ਤਿਹਾਈਆਂ:-**

1) ਪਹਿਲੀ ਮਾਤਰ ਤੇ 'ਚਲੈ' ਦਾ ਉਚਾਰਨ ਕਰਕੇ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀਆਂ 5 ਮਾਤਰਾਂ ਬਰਾਬਰ ਲੈ ਕੇ 6ਵੀਂ ਮਾਤਰ ਤੇ ਨਸੰ ਸਵਰਾਂ ਤੇ 'ਵਖਰੁ' ਦਾ ਉਚਾਰਨ ਤੇ ਇਕ ਮਾਤਰ ਬਿਸਰਾਮ ਫਿਰ 'ਵਖਰੁ' ਦਾ ਉਚਾਰਨ ਤੇ ਬਿਸਰਾਮ ਫਿਰ 'ਵਖਰੁ' ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਛੇਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ੴ ਸਤਿਗੁਰ ਪ੍ਰਸਾਦਿ॥ ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ

(੭੬੧)

ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ॥ ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ॥੧॥ ਹਉ ਨਾ ਛੋਡਉ ਕੰਤ ਪਾਸਰਾ॥ ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ॥੧॥ਰਹਾਉ॥ ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ॥ ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥੨॥ ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥ ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥੩॥ ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ॥ ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ॥੪॥

## ਰਾਗੁ ਸੂਹੀ ਕਾਫੀ

**ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ॥ ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ॥੫॥ ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ॥ ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ॥੬॥ ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ॥ ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ॥੭॥ ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ॥ ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ॥ ੮॥੧॥੪॥**

ਪਦ ਅਰਥ:-ਭੁਲੀ-ਮੈਂ ਭੁੱਲੀ, ਮੈਂ ਭੁੱਲਾਂ ਕਰਦੀ ਰਹੀ ਹਾਂ। ਚੁਕੀ-ਚੁੱਕੀ, ਮੈਂ ਉਕਾਈਆਂ ਕਰਦੀ ਰਹੀ ਹਾਂ। ਸਾਈਂ-ਹੇ ਖਸਮ ਪ੍ਰਭੂ! ਭੀ-ਤਾਂ ਭੀ। ਤਹਿੰਜੀ-ਤੇਰੀ। ਕਾਢੀਆ-ਅਖਵਾਦੀ ਹਾਂ। ਨੇਹੁ-ਪਿਆਰ। ਦੂਜਾਣੇ-ਕਿਸੇ ਹੋਰ ਨਾਲ। ਝੂਰਿ ਮਰਹੁ-ਉਹ ਬੇਸ਼ੱਕ ਝੂਰ ਮਰਨ। ਵਾਢੀਆ-ਪਤੀ ਤੋਂ ਵਿਛੁੜੀਆਂ ਹੋਈਆਂ, ਛੁੱਟੜਾਂ। ਪਾਸਰਾ-ਸੋਹਣਾ ਪਾਸਾ। ਰੰਗੀਲਾ-ਆਨੰਦ ਸਰੂਪ। ਮਹਿੰਜਾ-ਮੇਰਾ। ਸੈਣੁ-ਸਨਬੰਧੀ। ਮਾਣੀਆ-ਮਾਣ। ਸੁਖੇ-ਸੁਖ ਵਿਚ। ਤੁਠਾ-ਪ੍ਰਸੰਨ ਹੋਇਆ। ਕ੍ਰਿਪਾ ਨਿਧਾਨ-ਹੇ ਕਿਰਪਾ ਦੇ ਖ਼ਜ਼ਾਨੇ! ਮੂ-ਮੈਂ। ਦਾਤੜੀ-ਸੋਹਣੀ ਦਾਤਿ। ਰਖਾ-ਰੱਖਾਂ, ਮੈਂ ਰੱਖਦੀ ਹਾਂ। ਸਮਾਲਿ-ਸਾਂਭ ਕੇ। ਪਾਵ-ਪੈਰ। ਜੁਲਾਈ-ਮੈਂ ਤੋਰਾਂ। ਪੰਧ ਤਉ-ਤੇਰੇ ਰਸਤੇ ਉਤੇ। ਥੀਵੈ-ਹੋ ਜਾਏ। ਕਿਤੀ-ਕਿਤਨੇ ਹੀ, ਅਣਗਿਣਤ। ਪਿਰੀਏ-ਹੇ ਪਿਆਰੇ। ਰੋਮ ਨ ਪੁਜਨਿ-ਤੇਰੇ ਇਕ ਰੋਮ ਦੀ ਵਡਿਆਈ ਤਕ ਨਹੀਂ ਅਪੜ ਸਕਦੇ। ਸਾਹੀ ਹੂ ਸਾਹੁ-ਸ਼ਾਹਾਂ ਦਾ ਪਾਤਸ਼ਾਹ। ਮੰਞਹੁ-ਮੇਰੇ ਨਾਲੋਂ। ਵਧਾਣੀਆ-ਵਧੀਆ, ਚੰਗੀਆ। ਹਿਕ ਭੋਰੀ-ਇਕ ਰਤਾ ਭਰ ਹੀ। ਨਦਰਿ-ਮੇਹਰ ਦੀ ਨਿਗਾਹ ਨਾਲ। ਨਿਹਾਲਿ-ਵੇਖ। ਕਿਲਵਿਖ-ਪਾਪ। ਵੰਞਨ੍ਹਿ-ਚਲੇ ਜਾਂਦੇ ਹਨ। ਸੁਭਾਇ-ਪ੍ਰੇਮ ਵਿਚ।।੩।।

## ਰਾਗੁ ਸੂਹੀ ਕਾਫੀ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪਪ | ਮ | ਪ | ਰ | ਗ | ਮਮ | ਪ | ਨੁ | ਧ | ਪ | ਮ | ਗੁ | ਰ | ਸ |
| ਹਉ | S | ਨਾ | ਛੋ | S | ਡਉ | S | ਕੰ | S | ਤ | ਪਾ | ਸ | ਰਾ | S |
| ਪ | ਨ | ਧ | ਨ | ਨ | ਸੰ | – | ਸੰ | ਨੁ | ਧ | ਨੁ | ਧ | ਪ | – |
| ਸ | ਦਾ | S | ਰੰ | ਗੀ | ਲਾ | S | ਲਾ | S | ਲੁ | ਪਿ | ਆ | ਰਾ | S |
| ਧ | ਧ | ਨ | ਸੰ | ਨੁ | ਧ | ਪ | ਮ | ਗੁ | ਰ | ਗੁ | ਰ | ਸ | – |
| ਏ | ਹੁ | S | ਮ | ਹਿੰ | ਜਾ | S | ਆ | S | ਸ | ਰਾ | S | S | S |
| X | | | 2 | | | | 0 | | | 4 | | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | – | – | ਨ | ਧ | ਨ | – | ਸੰ | ਸੰ | ਸੰ | ਗੁੰ | ਰੰ | ਸੰ | – |
| ਜੇ | S | S | ਭੁ | S | ਲੀ | S | ਜੇ | ਚੁ | ਕੀ | ਸਾ | S | ਈਂ | S |
| ਧ | ਨ | – | ਸੰ | ਸੰ | ਰੰ | ਸੰ | ਸੰ | – | ਸੰ | ਨੁ | ਧ | ਪ | – |
| ਭੀ | S | S | ਤ | ਹਿੰ | ਜੀ | S | ਕਾ | S | ਢੀ | ਆ | S | S | S |
| ਪ | ਨ | ਧ | ਨ | ਸੰ | ਰੰ | ਸੰ | ਸੰ | ਗੁੰ | ਗੁੰ | ਰੰ | – | ਸੰ | – |
| ਜਿ | ਨ੍ਹਾ | S | ਨੇ | S | ਹੁ | S | ਦੂ | ਜਾ | ਣੇ | ਲ | S | ਗਾ | S |
| ਧ | ਨ | ਸੰ | ਨੁ | ਧ | ਪ | ਪ | ਪ | ਮ | ਪ | ਮ | ਗੁ | ਰ | ਸ |
| ਝੂ | S | ਰਿ | ਮ | S | ਰ | ਹੁ | ਸੇ | ਵਾ | ਢੀ | ਆ | S | S | S |
| X | | | 2 | | | | 0 | | | 4 | | | |

## ਸੂਹੀ ਮਹਲਾ ੫॥ (੭੬੧-੬੨)

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥੧॥ ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ॥੧॥ਰਹਾਉ॥ ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ॥ ਸੁਖੁ ਨ ਪਾਇਨ੍ਹਿ ਮੂਲਿ ਨਾਮ ਵਿਛੁੰਨਿਆ॥੨॥ ਮੇਰੀ ਮੇਰੀ ਧਾਰਿ ਬੰਧਨਿ ਬੰਧਿਆ॥ ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ॥੩॥ ਸੋਧਤ ਸੋਧਤ ਸੋਧਿ ਤਤੁ ਬੀਚਾਰਿਆ॥ ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ॥੪॥ ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ॥੫॥ ਜਿਨ੍ਹ ਕਉ ਭਏ ਦਇਆਲ ਤਿਨ੍ਹ ਸਾਧੂ ਸੰਗੁ ਭਇਆ॥ ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ਹੀ ਜਨੀ ਜਪਿ ਲਇਆ॥੬॥ ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ॥ ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ॥੭॥ ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥੮॥੨॥੫॥੧੬॥**

ਪਦ ਅਰਥਃ-ਪੁਕਾਰਨਿ-ਉੱਚੀ ਉੱਚੀ ਦੱਸਦੇ ਹਨ। ਗਾਲ੍ਹੀ-ਗੱਲਾਂ। ਹੋਛੀਆ-ਹੋਛੀਆਂ, ਥੋਥੀਆਂ। ਨਿਧਾਨੁ-ਖ਼ਜ਼ਾਨਾ। ਅਪਾਰੁ-ਬੇਅੰਤ। ਮਨਿ-ਮਨ ਵਿਚ। ਸਾਧੂ ਸੰਗਿ-ਗੁਰੂ ਦੀ ਸੰਗਤਿ ਵਿਚ। ਮੋਹਿ-ਮੋਹ ਵਿਚ। ਬਾਦਿ-ਝਗੜੇ ਵਿਚ। ਅਹੰਕਾਰਿ-ਅਹੰਕਾਰ ਵਿਚ। ਸਰਪਰ-ਜ਼ਰੂਰ। ਰੁੰਨਿਆ-ਰੋਂਦੇ ਹਨ। ਨ ਪਾਇਨ੍ਹਿ-ਨਹੀਂ ਪਾਂਦੇ। ਮੂਲਿ-ਬਿਲਕੁਲ। ਵਿਛੁੰਨਿਆ-ਵਿਛੁੜੇ ਹੋਏ। ਮੇਰੀ ਮੇਰੀ ਧਾਰਿ-ਮਾਇਆ ਦੀ ਮਮਤਾ ਦੇ ਖਿਆਲ ਮਨ ਵਿਚ ਟਿਕਾ ਕੇ। ਬੰਧਨਿ-ਬੰਧਨ ਵਿਚ। ਨਰਕਿ-ਨਰਕ ਵਿਚ। ਸੁਰਗਿ-ਸੁਰਗ ਵਿਚ, ਸੁਖ ਵਿਚ। ਅਵਤਾਰ-ਜਨਮ। ਸੋਧਤ-ਵਿਚਾਰ ਕਰਦਿਆਂ। ਸੋਧਿ-ਵਿਚਾਰ ਕਰ ਕੇ। ਤਤੁ-ਅਸਲੀਅਤ। ਹਾਰਿਆ-ਹਾਰਦੇ ਹਨ। ਆਵਹਿ ਜਾਹਿ-ਸੰਸਾਰ ਵਿਚ ਆਉਂਦੇ ਜਾਂਦੇ ਹਨ। ਵਾਦਿ-ਵਿਅਰਥ। ਭਰਮਤੇ-ਭਟਕਦੇ ਹਨ। ਕੋਟਿ-ਕ੍ਰੋੜਾਂ। ਅਸੰਖ-ਅਣਗਿਣਤ। ਅਨੰਤ-ਬੇਅੰਤ।

## ਰਾਗੁ ਸੂਹੀ ਕਾਫੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਪ | ਪ | ਪ | ਨ | ਧਧ | ਨ | ਸੰ | ਪ | ਨਨ | ਧ | ਨ | ਨ | ਸੰਸੰ | ਸੰ |
| ਨਾ | ਮੁ | ਨਿ | ਧਾ | ਨੁਅ | ਪਾ | ਰੁ | ਸਿ | ਮ੍ਰਿ | ਤਿ | ਬੇ | ਦ | ਪੁਰਾ | ਣ |
| ਨੁ | ਧ | ਪ | ਮ | ਗੁ | ਰ | ਸ | ਸੰ | ਗੁੰ | ਰੰਰੰ | ਸੰ | ਨੁ | ਧ | ਪ |
| ਭ | ਗ | ਤਾ | ਮ | ਨਿ | ਵ | ਸੈ | ਪੁ | ਕਾ | ਰਨਿ | ਪੋ | ਥੀ | ਆ | S |
| ਸ | ਧ਼ | ਨ਼ | ਸਸ | ਰ | ਗਗ | ਮਮ | ਧਧ | ਨ | ਸੰ | ਨੁ | ਧ | ਪ | ਪ |
| ਜ | ਨ | ਮ | ਮਰ | ਣ | ਮੋਹੁ | ਦੁਖੁ | ਨਾਮ | ਬਿ | ਨਾ | ਸ | ਭਿ | ਕੂ | ੜੁ |
| ਪ | ਮ | ਗੁ | ਮ | ਗੁ | ਰ | ਸ | ਪ | ਮ | ਪ | ਗੁ | ਗੁ | ਰ | ਸ |
| ਸਾ | ਧੂ | S | ਸੰ | ਗਿ | ਨ | ਸੈ | ਗਾ | ਲ੍ਹੀ | S | ਹੋ | ਛੀ | ਆ | S |
| X | | | 2 | | 3 | | X | | | 2 | | 3 | |

# ੨੦-ਰਾਗੁ ਸੂਹੀ ਲਲਿਤ

ਰਾਗੁ ਸੂਹੀ ਲਲਿਤ ਦੋ ਰਾਗਾਂ ਰਾਗੁ ਸੂਹੀ ਤੇ ਰਾਗ ਲਲਿਤ ਦਾ ਮਿਸ਼ਰਨ ਹੈ। ਸੂਹੀ ਰਾਗ ਭਾਰਤੀ ਸੰਗੀਤ ਵਿੱਚ ਪ੍ਰਚਾਰ ਵਿਚ ਨਹੀਂ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਸੂਹੀ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ, ਭਗਤ ਕਬੀਰ, ਭਗਤ ਰਵਿਦਾਸ ਤੇ ਸ਼ੇਖ ਫ਼ਰੀਦ ਦੀ ਬਾਣੀ ਰਚਿਤ ਹੈ। ਰਾਗੁ ਸੂਹੀ ਦਾ ਵਰਨਣ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਵਿਚ ਪਹਿਲਾਂ ਹੀ ਪੰਨਾ ੩੭੦ ਤੋਂ ਦਿੱਤਾ ਜਾ ਚੁਕਾ ਹੈ। ਦੂਜਾ ਲਲਿਤ ਰਾਗ ਭਾਰਤੀ ਸੰਗੀਤ ਦੇ ਕਠਿਨ ਪਰ ਪ੍ਰਚਲਿਤ ਤੇ ਮਧੁਰ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਪੰਡਿਤ ਅੱਪਾ ਤੁਲਸੀ ਦੇ 'ਰਾਗ ਚੰਦ੍ਰਿਕਾਸਾਰ' ਅਨੁਸਾਰ 'ਦਵੈ ਮਧਿਅਮ ਕੋਮਲ ਰਿਸ਼ਭ ਪੰਚਮ ਸਵਰ ਬਰਜੋਈ।। ਸ ਮ ਸੰਵਾਦੀ ਵਾਦਿਤੇ ਲਲਿਤ ਰਾਗ ਸ਼ੁਭ ਹੋਈ'। ਉਹਨਾਂ ਨੇ ਆਪਣੇ ਗ੍ਰੰਥ 'ਰਾਗ ਕਲਪਦੁਰਮਾਂਕਰੇ' ਤੇ 'ਰਾਗ ਚੰਦ੍ਰਿਕਾ', ਵਿਚ ਵੀ ਲਲਿਤ ਰਾਗ ਦਾ ਐਸਾ ਹੀ ਵਰਨਣ ਦਿੱਤਾ ਹੈ। ਪੰਡਿਤ ਭਾਤਖੰਡੇ ਨੇ 'ਅਭਿਨਵ ਰਾਗ ਮੰਜਰੀ' ਵਿਚ ਵੀ ਰਾਗ ਲਲਿਤ ਦਾ ਐਸਾ ਹੀ ਵਰਨਣ ਦਿੱਤਾ ਹੈ। ਵੈਸੇ ਰਾਗ ਲਲਿਤ ਦੇ ਧੈਵਤ ਸ਼ੁਧ ਮਾਰਵਾ ਥਾਟ ਤੇ ਧੈਵਤ ਕੋਮਲ ਭੈਰਵ ਥਾਟ ਇਹ ਦੋਵੇਂ ਸਰੂਪ ਹੀ ਪ੍ਰਚਾਰ ਵਿੱਚ ਹਨ।

ਰਾਗ ਲਲਿਤ ਦੇ ਸਰੂਪ ਬਾਰੇ ਮੱਧ ਕਾਲ ਦੇ ਗ੍ਰੰਥਕਾਰਾਂ ਵਿੱਚੋਂ ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿੱਚ ਧਨਾਸਰੀ ਠਾਠ ਤੋਂ ਲਲਿਤ ਨੂੰ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੁਲ ਨੇ 'ਚੰਦ੍ਰੋਦਯ' ਵਿੱਚ ਮਾਲਵਗੌਡ ਮੇਲ ਤੋਂ ਸ਼ੁਧ ਲਲਿਤ ਨੂੰ ਜਨਯ ਜਨਕ ਰਾਗ, 'ਰਾਗ ਮਾਲਾ' ਵਿੱਚ ਦੇਸ਼ਕਾਰ ਰਾਗ ਦੀ ਲਲਿਤ ਰਾਗਣੀ ਤੇ 'ਰਾਗ ਮੰਜਰੀ' ਵਿੱਚ ਗੌਡੀ ਮੇਲ ਤੋਂ ਸ਼ੁਧ ਲਲਿਤ ਜਨਯ ਰਾਗ ਮੰਨਿਆ ਹੈ। ਸ਼੍ਰੀਕੰਠ ਨੇ 'ਰਸ-ਕੌਮੁਦੀ' ਵਿੱਚ ਮਾਲਵਗੌਡ ਮੇਲ ਤੋਂ ਲਲਿਤ ਨੂੰ ਜਨਯ ਜਨਕ ਰਾਗ ਮੰਨਿਆ ਹੈ। ਪੰਡਿਤ ਭਾਵਭਟ ਨੇ 'ਅਨੂਪ ਬਿਲਾਸ' ਵਿੱਚ ਲਲਿਤਾ ਰਾਗ ਦਾ ਵਰਨਣ ਦਿੱਤਾ ਹੈ। ਰਾਮਾਮਾਤਯ ਨੇ 'ਸਵਰਮੇਲਕਲਾਨਿਧੀ' ਵਿਚ ਮਾਲਵਗੌਡ ਮੇਲ ਤੋਂ ਲਲਿਤਾ ਨੂੰ ਜਨਯ ਰਾਗ, ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' ਵਿਚ ਮਾਲਵਗੌਡ ਮੇਲ ਤੋਂ ਸ਼ੁਧ ਲਲਿਤ ਨੂੰ ਜਨਯ ਰਾਗ, ਪੰਡਿਤ ਵਿਅੰਕਟਮੁਖੀ ਨੇ 'ਚਤੁਰਦੰਡਪ੍ਰਕਾਸ਼ਿਕਾ' ਵਿਚ ਗੌਲ ਮੇਲ ਤੋਂ ਲਲਿਤਾ ਜਨਕ ਜਨਯ ਰਾਗ ਤੇ ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ 'ਸੰਗੀਤ ਸਾਰਾਮ੍ਰਿਤ' ਵਿੱਚ ਮਾਲਵਗੌਡ ਮੇਲ ਤੋਂ ਲਲਿਤ ਨੂੰ ਜਨਯ ਰਾਗ ਮੰਨਿਆ ਹੈ। ਪਟਨਾ ਦੇ ਮੁਹੰਮਦ

ਰਜ਼ਾ ਨੇ 'ਨਗ਼ਮਾਤੇ ਆਸਫ਼ੀ' (੧੮੧੩) ਵਿੱਚ ਰਾਗ ਹਿੰਡੋਲ ਦੀ ਲਲਿਤ ਰਾਗਣੀ ਮੰਨੀ ਹੈ।

ਆਧੁਨਿਕ ਕਾਲ ਦੇ ਵਿਦਵਾਨ ਲੇਖਕਾਂ ਵਿੱਚੋਂ ਸ਼੍ਰੀ ਵਿਮਲਾਕਾਂਤ ਰਾਏ ਚੌਧਰੀ ਨੇ 'ਰਾਗ ਵਿਯਾਕਰਣ' ਵਿਚ ਰਾਗ ਲਲਿਤ ਦੇ ਤਿੰਨ ਸਰੂਪ ਦਿੱਤੇ ਹਨ। ਪਹਿਲੇ ਸਰੂਪ ਅਨੁਸਾਰ ਦੋਨੋਂ ਮਧਿਅਮ ਤੇ ਰਿਸ਼ਵ ਧੈਵਤ ਕੋਮਲ ਦਾ ਪ੍ਰਯੋਗ ਹੈ। ਪੰਚਮ ਵਰਜਿਤ ਤੇ ਜਾਤੀ ਵਕਰ ਸ਼ਾੜਵ ਹੈ। ਮ-ਸ ਦਾ ਸੰਵਾਦ ਹੈ। ਆਰੋਹ- ਨ਼ ਰੁ ਗ ਮ ਮ̍ ਮ ਗ ਮ̍ ਧੁ ਸਂ। ਅਵਰੋਹ-ਰੁਂ ਨ ਧੁ ਮ̍ ਮ ਮ̍ ਗ ਰੁ ਸ। ਆਰੋਹ ਮੰਦਰ ਨ਼ ਤੋਂ ਰੁ ਤੇ ਅਵਰੋਹ ਰੁਂ ਤਾਰ ਤੋਂ ਨ ਲੈਣਾ ਹੈ। ਸ ਦਾ ਲੰਘਨ ਆਰੋਹ ਅਵਰੋਹ ਵਿਚ ਕੀਤਾ ਜਾਂਦਾ ਹੈ। ਲਲਿਤ ਦੇ ਦੂਜੇ ਸਰੂਪ ਵਿਚ ਧੁ ਕੋਮਲ ਦਾ ਨਹੀਂ ਸਗੋਂ ਧ ਸ਼ੁਧ ਦਾ ਪ੍ਰਯੋਗ ਹੈ। ਆਰੋਹ- ਨ਼ ਰੁ ਗ ਮ ਮ̍ ਧ ਸਂ। ਅਵਰੋਹ- ਰੁਂ ਨ ਧ ਮ̍ ਮ ਮ̍ ਗ ਰੁ ਸ। ਰਾਗ ਦਾ ਹੋਰ ਚਲਨ ਪਹਿਲੇ ਸਰੂਪ ਜੈਸਾ ਹੀ ਹੈ। ਲਲਿਤ ਦੇ ਤੀਜੇ ਸਰੂਪ ਵਿਚ ਦੋਨੋਂ ਮਧਿਅਮ ਦੋਨੋਂ ਧੈਵਤ ਦਾ ਪ੍ਰਯੋਗ ਹੈ। ਆਰੋਹ ਵਿਚ ਕੋਮਲ ਤੇ ਅਵਰੋਹ ਵਿਚ ਸ਼ੁਧ ਧੈਵਤ ਹੈ। ਪੰਚਮ ਵਰਜਿਤ ਤੇ ਜਾਤੀ ਵਕਰ ਔੜਵ-ਸ਼ਾੜਵ ਹੈ ਤੇ ਸਮਾਂ ਸਵੇਰ ਦਾ ਚਾਰ ਤੋਂ ਸਾਢੇ ਪੰਜ ਵਜੇ ਹੈ। ਆਰੋਹ- ਸ ਰੁ ਗ ਮ ਮ̍ ਗ ਮ ਧੁ ਸਂ। ਅਵਰੋਹ-ਸਂ ਨ ਧ ਮ ਮ̍ ਗ ਰੁ ਮ̍ ਗ ਰੁ ਸ। ਵਾਦੀ-ਮ, ਸੰਵਾਦੀ-ਸ ਹੈ। ਵੈਸੇ ਇਹ ਸਰੂਪ ਪ੍ਰਚਾਰ ਵਿਚ ਨਹੀਂ ਹੈ।

ਰਾਗ ਲਲਿਤ ਦੇ ਸਰੂਪ ਬਾਰੇ ਪੰਡਿਤ ਭਾਤਖੰਡੇ ਦੇ 'ਕ੍ਰਮਿਕ ਪੁਸਤਕ ਮਾਲਕਾ' ਭਾਗ-੪ ਅਨੁਸਾਰ ਰਾਗ ਲਲਿਤ ਮਾਰਵਾ ਥਾਟ ਦਾ ਰਾਗ ਹੈ। ਪੰਚਮ ਵਰਜਿਤ ਤੇ ਜਾਤੀ ਸ਼ਾੜਵ-ਸ਼ਾੜਵ ਹੈ। ਵਾਦੀ ਸ਼ੁਧ ਮਧਿਅਮ ਤੇ ਸੰਵਾਦੀ ਸ਼ੜਜ ਹੈ। ਉਤਰਾਂਗ ਪ੍ਰਧਾਨ ਰਾਗ ਹੋਣ ਕਾਰਨ ਸਮਾਂ ਰਾਤ ਦਾ ਅੰਤਮ ਪਹਿਰ ਹੈ। ਦੋਵੇਂ ਮਧਿਅਮ ਦਾ ਪ੍ਰਯੋਗ ਹੀ ਇਸ ਰਾਗ ਦੀ ਪਹਿਚਾਨ ਬਣਾਉਂਦਾ ਹੈ। ਧ ਮ̍ ਧ ਮ̍ ਮ ਦਾ ਪ੍ਰਯੋਗ ਕਰਨ ਨਾਲ ਰਾਗ ਦਾ ਸਰੂਪ ਜਾਗਦਾ ਹੈ। ਆਰੋਹ- ਨ਼ਰੁਗਮ, ਮ̍ਮਗ, ਮ̍ਧਸਂ। ਅਵਰੋਹ- ਰੁਂਨਧ ਮ̍ਧਮ̍ਮਗ, ਰੁ, ਸ। ਪਕੜ- ਨ਼ਰੁਗਮ, ਧਮ̍ਧਮ̍ਮ ਗ। ਸ੍ਰੀ ਵੀ.ਐਸ. ਨਿਗਮ ਦੇ 'ਸੰਗੀਤ ਕੌਮਦੀ' ਭਾਗ-ਤੀਜਾ ਅਨੁਸਾਰ ਰਾਗ ਲਲਿਤ, ਥਾਟ-ਮਾਰਵਾ, ਸਵਰ ਦੋਨੋਂ ਮਧਿਅਮ, ਰਿਸ਼ਭ ਕੋਮਲ ਹੋਰ ਸਭ ਸ਼ੁਧ, ਵਰਜਿਤ ਸਵਰ-ਪੰਚਮ, ਜਾਤੀ-ਸ਼ਾੜਵ-ਸ਼ਾੜਵ ਤੇ ਸਮਾਂ ਰਾਤ ਦਾ ਅੰਤਮ ਪਹਿਰ ਹੈ। ਇਹ ਉਤਰਾਂਗ ਵਾਦੀ ਰਾਗ ਹੈ। ਮ-ਸ ਦਾ ਸੰਵਾਦ ਤੇ ਸੰਧੀ ਪ੍ਰਕਾਸ਼ ਰਾਗ ਹੈ। ਪੰਡਿਤ ਰਾਮ ਕ੍ਰਿਸ਼ਨ ਵਿਆਸ ਦੇ 'ਰਾਗ-ਪ੍ਰਭਾਕਰ' ਅਨੁਸਾਰ ਰਾਗ ਲਲਿਤ ਮਾਰਵਾ ਥਾਟ ਦਾ ਰਾਗ ਹੈ ਤੇ ਹੋਰ ਸਰੂਪ ਵੀ 'ਕ੍ਰਮਿਕ ਪੁਸਤਕ ਮਾਲਿਕਾ' ਤੇ ਸੰਗੀਤ ਕੌਮਦੀ ਜੈਸਾ ਹੀ ਹੈ।

ਪੰਡਿਤ ਵੀ.ਐਨ. ਪਟਵਰਧਨ ਨੇ 'ਰਾਗ ਵਿਗਿਆਨ' ਤੀਜਾ-ਭਾਗ ਵਿਚ ਰੁ ਧੁ

## ਰਾਗੁ ਸੂਹੀ ਲਲਿਤ

ਕੋਮਲ ਦੋਨੋ-ਮਧਿਅਮ, ਪੰਚਮ ਵਰਜਿਤ ਵਾਲਾ ਲਲਿਤ ਦਾ ਸਰੂਪ ਮੰਨਿਆ ਹੈ। ਜਾਤੀ-ਸ਼ਾੜਵ, ਵਾਦੀ-ਮਧਿਅਮ, ਸੰਵਾਦੀ-ਸ਼ੜਜ, ਸਮਾਂ-ਰਾਤ ਦਾ ਅੰਤਮ ਪਹਿਰ ਹੈ। ਆਰੋਹ-ਨ਼ ਰੁ ਗ ਮ ਧੁ ਨ ਸਂ। ਅਵਰੋਹ-ਸਂ ਨ ਰੁਂ ਨ ਧੁ ਮ ਧੁ ਮ ਮ ਗ ऽ ਰੁ, ਮ ਗ ਰੁ ਸ। ਮੁਖ ਅੰਗ-ਨ਼ ਰੁ ਗ ਮ ਮ ਮ ਗ, ਮ ਗ ਰੁ ਸ। ਇਸ ਰਾਗ ਵਿਚ ਵਾਦੀ ਸਵਰ ਮਧਿਅਮ ਹੈ ਫਿਰ ਵੀ ਗੰਧਾਰ ਦਾ ਬਹੁਤ ਮਹੱਤਵ ਹੈ। ਅਲਾਪ ਤੇ ਤਾਨਾਂ ਦਾ ਨਿਆਸ ਗੰਧਾਰ ਤੇ ਕੀਤਾ ਜਾਂਦਾ ਹੈ। ਲਲਿਤ ਰਾਗ ਦਾ ਤੀਵਰ ਮਧਿਅਮ ਸ਼ੁਧ ਮਧਿਅਮ ਤੋਂ ਕੁਝ ਉੱਚਾ ਤੇ ਤੀਵਰਤਰ ਮਧਿਅਮ ਤੋਂ ਇਕ ਸ਼ਰੁਤੀ ਘਟ ਹੁੰਦਾ ਹੈ। ਆਰੋਹ ਵਿਚ ਤੀਵਰ ਮਧਿਅਮ ਤੇ ਅਵਰੋਹ ਵਿੱਚ ਦੋਨੋਂ ਮਧਿਅਮ ਸਾਥ ਸਾਥ ਮ ਮ ਗ ਲਏ ਜਾਂਦੇ ਹਨ। ਕੋਈ ਕੋਈ ਧਰੁਪਦ ਗਾਇਕ ਸ਼ੁਧ ਧੈਵਤ ਦਾ ਵੀ ਪ੍ਰਯੋਗ ਕਰਦੇ ਹਨ। ਇਹ ਰਾਗ ਉਤਰਾਂਗ ਪ੍ਰਧਾਨ ਹੈ ਤੇ ਭਗਤੀ ਰਸ ਲਈ ਇਸਦਾ ਵਿਸ਼ੇਸ਼ ਪ੍ਰਯੋਗ ਮੰਨਿਆ ਜਾਂਦਾ ਹੈ।

ਰਾਗ ਲਲਿਤ ਦੇ ਥਾਟ ਤੇ ਸਰੂਪ ਬਾਰੇ ਵਿਦਵਾਨ ਇਕ-ਮੱਤ ਨਹੀਂ ਹਨ। ਪੰਡਿਤ ਭਾਤਖੰਡੇ ਨੇ ਲਲਿਤ ਸ਼ੁਧ ਧੈਵਤ ਦੇ ਪ੍ਰਯੋਗ ਨਾਲ ਮਾਰਵਾ ਥਾਟ ਦਾ ਰਾਗ ਮੰਨਿਆ ਹੈ। ਸ਼੍ਰੀ ਵੀ.ਐਸ. ਨਿਗਮ ਨੇ 'ਸੰਗੀਤ ਕੌਮਦੀ' ਵਿੱਚ ਲਲਿਤ ਨੂੰ ਮਾਰਵਾ ਥਾਟ ਦਾ ਸ਼ੁਧ ਧੈਵਤ ਪ੍ਰਯੋਗ ਵਾਲਾ ਰਾਗ ਮੰਨਿਆ ਹੈ। ਪੰਡਿਤ ਰਾਮ ਕ੍ਰਿਸ਼ਨ ਵਿਆਸ ਦੇ 'ਰਾਗ ਪ੍ਰਭਾਕਰ' ਦੇ ਵਿਸ਼ੇਸ਼ ਪਰੀਚੈ ਅਨੁਸਾਰ ਲਲਿਤ ਰਾਗ ਮਾਰਵਾ ਥਾਟ ਦਾ ਰਾਗ ਨਹੀਂ ਮੰਨਿਆ ਜਾ ਸਕਦਾ ਕਿਉਂ ਜੋ ਮਾਰਵਾ ਵਿਚ ਸ਼ੁਧ ਮਧਿਅਮ ਦਾ ਪ੍ਰਯੋਗ ਨਹੀਂ ਪਰ ਇਥੇ ਲਲਿਤ ਵਿਚ ਸ਼ੁਧ ਮਧਿਅਮ ਰਾਗ ਦਾ ਪ੍ਰਾਣ ਸਵਰ ਹੈ। ਪੂਰਵਾਂਗ ਵਿਚ ਆਰੋਹ-ਨ਼ਰੁਗਮਮਮ ਤੇ ਅਵਰੋਹ ਵਿਚ ਰੁਂ ਨ ਧੁ ਮ ਮ ਦਾ ਪ੍ਰਯੋਗ ਹੈ। ਡਾਕਟਰ ਗੀਤਾ ਬੈਨਰਜੀ 'ਰਾਗ ਸ਼ਾਸਤਰ' ਪ੍ਰਥਮ-ਭਾਗ ਵਿਚ ਕਥਨ ਕਰਦੇ ਹਨ ਕਿ ਰਾਗ ਲਲਿਤ ਇਕ ਪ੍ਰਾਚੀਨ ਰਾਗ ਹੈ ਤੇ ਸ਼ਾਸਤਰਕਾਰਾਂ ਨੇ ਇਸ ਦਾ ਸਰੂਪ ਵੀ ਵੱਖ-ਵੱਖ ਮੰਨਿਆ ਹੈ। ਕਿਸਨੇ ਸੰਪੂਰਨ ਜਾਤੀ ਕਿਸੇ ਨੇ ਸ਼ਾੜਵ ਤੇ ਕਿਸੇ ਨੇ ਔੜਵ ਜਾਤੀ ਵੀ ਮੰਨੀ ਹੈ। ਵਿਦਵਾਨਾਂ ਦਾ ਸਵਰਾਂ ਦੇ ਪ੍ਰਯੋਗ ਬਾਰੇ ਵੀ ਮਤ-ਭੇਦ ਹੈ। ਕਈਆਂ ਨੇ ਕੇਵਲ ਸ਼ੁਧ ਮਧਿਅਮ ਤੇ ਕਈਆਂ ਨੇ ਕੇਵਲ ਤੀਵਰ ਮਧਿਅਮ ਤੇ ਹੋਰਨਾਂ ਨੇ ਸ਼ੁਧ ਤੇ ਤੀਵਰ ਦੋਨੋਂ ਮਧਿਅਮ ਦਾ ਪ੍ਰਯੋਗ ਕੀਤਾ ਹੈ। ਇਸ ਤਰ੍ਹਾਂ ਹੀ ਕਈਆਂ ਨੇ ਸ਼ੁਧ ਧੈਵਤ ਤੇ ਕਈਆਂ ਨੇ ਕੋਮਲ ਧੈਵਤ ਦਾ ਪ੍ਰਯੋਗ ਮੰਨਿਆ ਹੈ। ਕਈਆਂ ਨੇ ਥਾਟ ਮਾਰਵਾ ਤੇ ਕਈਆਂ ਨੇ ਭੈਰਵ ਤੇ ਹੋਰਨਾਂ ਨੇ ਪੂਰਵੀ ਥਾਟ ਵੀ ਮੰਨਿਆ ਹੈ। ਵੈਸੇ ਉਤਰੀ ਭਾਰਤ ਵਿਚ ਜਿੰਨੇ ਵੀ ਗਾਇਨ ਵਾਦਨ ਦੇ ਘਰਾਣੇ ਜਿਵੇਂ ਗਵਾਲੀਅਰ, ਆਗਰਾ, ਦਿਲੀ, ਜੈਪੁਰ, ਪਟਿਆਲਾ, ਕਿਰਾਨਾ ਆਦਿ ਸਭ ਕੋਮਲ ਧੈਵਤ ਦੇ ਪ੍ਰਯੋਗ ਨਾਲ ਹੀ ਲਲਿਤ ਦਾ ਸਰੂਪ ਮੰਨਦੇ ਹਨ। ਆਰੋਹ- ਨ਼ ਰੁ ਗ ਮ, ਮ ਮ ਗ, ਮ ਧੁ ਨ ਧੁ ਸਂ। ਅਵਰੋਹ- ਸਂ ਰੁਂ ਨ ਧੁ, ਮ ਧੁ ਮ

ਮ ਗ, ਮ॑ ਗ ਰੁ ਸ। ਮੁਖ ਸਵਰ-ਸਮੂਹ- ਨ਼ ਰੁ ਗ ਮ ਮ॑ (ਮ) ਗ, ਮ॑ ਧੁ ਮ॑ ਮ ਗ, ਮ॑ ਗ ਰੁ ਸ।

ਇਹਨਾਂ ਸਾਰੇ ਵਿਦਵਾਨਾਂ ਦੇ ਦਿੱਤੇ ਸਰੂਪਾਂ ਤੋਂ ਇਹ ਗਲ ਸਪੱਸ਼ਟ ਹੋ ਜਾਂਦੀ ਹੈ ਕਿ ਰੁ ਧੁ ਕੋਮਲ ਤੇ ਦੋਨੋ ਮਧਿਅਮ ਵਾਲਾ ਲਲਿਤ ਦਾ ਸਰੂਪ ਹੀ ਜ਼ਿਆਦਾ ਪ੍ਰਚਾਰ ਵਿਚ ਹੈ। ਇਹ ਵੀ ਗਲ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਸਰੂਪ ਦਸ ਥਾਟਾਂ ਵਿੱਚੋਂ ਕਿਸੇ ਵੀ ਥਾਟ ਦੇ ਅੰਤਰਗਤ ਨਹੀਂ ਆਉਂਦਾ। ਥਾਟ ਵਿਚ ਸਵਰ ਦਾ ਇਕ ਰੂਪ ਹੀ ਪ੍ਰਯੋਗ ਹੁੰਦਾ ਹੈ, ਪਰ ਇਥੇ ਮਧਿਅਮ ਸਵਰ ਦੇ ਦੋਨੋਂ ਰੂਪ ਮ॑ ਮ ਗ ਇਕੱਠੇ ਪ੍ਰਯੋਗ ਹੁੰਦੇ ਹਨ। ਜੇ ਮ॑ ਧੁ ਮ॑ ਗ ਰੁ ਦਾ ਪ੍ਰਯੋਗ ਵੇਖੀਐ ਤਾਂ ਇਸ ਨੂੰ ਪੂਰਵੀ ਥਾਟ ਦਾ ਰਾਗ .ਮੰਨਨਾ ਚਾਹੀਦਾ ਹੈ ਪਰ ਮ ਸਵਰ ਇਸ ਰਾਗ ਦਾ ਮੁਖ ਸਵਰ ਹੈ ਜੋ ਛਡਿਆ ਨਹੀਂ ਜਾ ਸਕਦਾ ਤੇ ਮ॑ ਮ ਗ ਦੇ ਪ੍ਰਯੋਗ ਨਾਲ ਪੂਰਵੀ ਵੀ ਅਲੋਪ ਹੋ ਜਾਂਦਾ ਹੈ। ਇਸ ਰਾਗ ਦਾ ਅਪਣਾ ਇਕ ਵੱਖਰਾ ਥਾਟ ਹੀ ਮੰਨਿਆ ਜਾ ਸਕਦਾ ਹੈ। ਜਿਥੋਂ ਤੱਕ ਦੋਨੋ ਮਧਿਅਮ ਦਾ ਪ੍ਰਯੋਗ ਹੈ ਅਸਲ ਵਿਚ ਉਹੀ ਸਰੂਪ ਲਲਿਤ ਦਾ ਹੈ। ਕੇਦਾਰਾ ਵਿਚ ਵੀ ਦੋਨੋ ਮਧਿਅਮ ਮ॑ ਪ ਮ ਹਨ, ਪੂਰਵੀ ਵਿਚ ਮ॑ ਗ ਮ ਗ, ਮ॑ ਗ ਰੁ ਸ ਹਨ, ਪਰ ਇਸ ਸਰੂਪ ਵਿਚ ਨ਼ ਰੁ ਗ ਮ ਮ॑ ਮ ਫਿਰ ਨ ਰੁੰ ਨ ਧੁ ਮ॑ ਧੁ ਮ॑ ਮ ਇਹ ਕੇਵਲ ਲਲਿਤ ਦਾ ਸਰੂਪ ਹੀ ਪ੍ਰਗਟ ਕਰਦੇ ਹਨ। ਰਾਗ ਬਸੰਤ ਪੂਰਵੀ ਥਾਟ ਵਿਚ ਸ ਮ ਮ॑ ਮ ਗ ਮ॑ ਧੁ ਰੁੰ ਸੰ ਲਿਆ ਜਾਂਦਾ ਹੈ ਤੇ ਇਥੈ ਬਸੰਤ ਲਲਿਤ ਅੰਗ ਕਿਹਾ ਜਾਂਦਾ ਹੈ। ਵੈਸੇ ਇਹ ਸਵਰ ਬਸੰਤ ਵਿਚ ਨਾ ਵੀ ਲਏ ਜਾਣ ਤਾਂ ਵੀ ਬਸੰਤ ਦਾ ਸਰੂਪ ਬਣਿਆ ਰਹਿੰਦਾ ਹੈ। ਲਲਿਤ ਰਾਗ ਵਿਚ ਦੋਨੋਂ ਮਧਿਅਮ ਦੇ ਇਕੱਠੇ ਪ੍ਰਯੋਗ ਨਾਲ ਰਾਗ ਜਾਗਦਾ ਹੈ। ਆਰੋਹ ਤੇ ਅਵਰੋਹ ਵਿੱਚ ਇਹ ਚਲਨ ਛਡਿਆ ਹੀ ਨਹੀਂ ਜਾ ਸਕਦਾ ਉਤੱਰੀ ਸੰਗੀਤ ਵਿਚ ਸੂਹੀ ਲਲਿਤ ਦਾ ਮਿਸ਼ਰਤ ਸਰੂਪ ਪ੍ਰਚਾਰ ਵਿਚ ਨਹੀਂ ਹੈ, ਪਰ ਗੁਰਬਾਣੀ ਸੰਗੀਤ ਵਿਚ ਇਸ ਮਿਸ਼ਰਤ ਰਾਗ ਵਿਚ ਬਾਣੀ ਰਚਿਤ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਹਿਬ ਰਾਗ ਰਤਨਾਵਲੀ' ਅਨੁਸਾਰ ਰਾਗ ਸੂਹੀ ਲਲਿਤ ਵਿੱਚ ਦੋ ਰਿਸ਼ਭ ਦੋ ਮਧਿਅਮ ਦੋ ਧੈਵਤ ਤੇ ਬਾਕੀ ਸਵਰ ਸ਼ੁਧ ਲਗਦੇ ਹਨ। ਇਸ ਦੀ ਜਾਤੀ ਸੰਪੂਰਨ-ਸ਼ਾੜਵ ਹੈ। ਇਸ ਰਾਗ ਦਾ ਗਾਇਣ ਸਮਾਂ ਦਿਨ ਦਾ ਚੌਥਾ ਪਹਿਰ, ਮਧਿਅਮ ਵਾਦੀ ਤੇ ਸ਼ੜਜ ਸੰਵਾਦੀ ਹੈ। ਆਰੋਹ- ਸ ਰ ਗ ਮ ਪ, ਨ ਧ ਨ ਸੰ। ਅਵਰੋਹ- ਸੰ ਰੁੰ ਸੰ, ਨਧੁ, ਮ॑ਧੁ ਮ॑ ਮ ਗ, ਮ॑ ਗ, ਰੁ ਸ। ਮੁਖ ਅੰਗ- ਪ ਨਧ ਨਸੰ, ਰੁੰ ਨਧੁ ਮ॑ ਮ ਗ, ਮ॑ਗ, ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਰਾਗ ਸੂਹੀ ਲਲਿਤ ਦਾ ਥਾਟ-ਪੂਰਵੀ-ਬਿਲਾਵਲ, ਜਾਤੀ-ਸੰਪੂਰਨ-ਵਕਰ ਸ਼ਾੜਵ, ਸਮਾਂ-ਰਾਤ ਦਾ

### ਰਾਗੁ ਸੂਹੀ ਲਲਿਤ

ਚੌਥਾ ਪਹਿਰ, ਵਾਦੀ ਮਧਿਅਮ ਤੇ ਸੰਵਾਦੀ-ਸ਼ੜਜ ਹੈ। ਆਰੋਹ- ਸ, ਨ਼ ਰੁ ਗ ਮ, ਮ ਮ̍ ਧੁ, ਗ ਪ ਧ ਨ ਸਂ। ਅਵਰੋਹ-ਸਂ, ਰੁਂ ਨ ਧੁ, ਮ̍ ਮ ਗ, ਮ̍ ਗ ਰੁ ਸ। ਮੁਖ ਅੰਗ- ਸ ਨ਼ ਰੁ ਗ ਮ̍, ਧੁ ਮ̍ ਮ ਗ, ਰੁਂ ਨ ਧੁ ਮ̍ ਮ ਗ। ਸੰਤ ਸਰਵਨ ਸਿੰਘ ਗੰਧਰਵ ਦੇ 'ਸੁਰ ਸਿਮਰਨ ਸੰਗੀਤ' ਭਾਗ-੬ ਅਨੁਸਾਰ ਰਾਗ-ਸੂਹੀ ਲਲਿਤ, ਥਾਟ-ਮਾਰਵਾ, ਸਵਰ ਰ ਮ ਧ ਦੋਵੇਂ ਰੂਪ, ਹੋਰ ਸਭ ਸ਼ੁਧ। ਵਾਦੀ-ਮ, ਸੰਵਾਦੀ-ਸ, ਵਰਜਿਤ ਸਵਰ-ਕੋਈ ਨਹੀਂ, ਜਾਤੀ ਸੰਪੂਰਨ-ਸੰਪੂਰਨ। ਗਾਉਣ ਦਾ ਸਮਾਂ-ਰਾਤ ਦਾ ਚੌਥਾ ਪਹਿਰ। ਆਰੋਹ-ਸ, ਨ਼ ਰੁ ਗ, ਮ ਮ̍ ਧੁ ਨ ਸਂ, ਪ ਧ ਨ ਸਂ ਰਂ ਸਂ। ਅਵਰੋਹ-ਸਂ ਨ ਧੁ ਮ̍, ਮ ਗ, ਮ̍ ਗ ਰੁ ਸ। ਪਕੜ- ਨ਼ ਰੁ ਗ ਮ, ਮ̍ ਮ, ਸਂ ਨ ਧ ਮ̍, ਮ ਗ ਮ ਮ̍ ਮ ਧੁ ਮ̍, ਮ ਗ ਰ ਸ, ਨ਼ ਰੁ ਗ ਮ।

ਇਥੇ ਰਾਗੁ ਸੂਹੀ ਲਲਿਤ ਵਿਚ ਆਰੋਹ ਵਿਚ ਪਹਿਲਾ ਰਾਗੁ ਸੂਹੀ, ਅਵਰੋਹ ਵਿਚ ਦੂਜਾ ਰਾਗ ਲਲਿਤ ਨੂੰ ਜੋੜ ਦਿੱਤਾ ਗਿਆ ਹੈ। ਰਾਗ ਨਿਰਣਾਇਕ ਕਮੇਟੀ ਵੱਲੋਂ ਇਹੀ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ। ਇਥੇ ਵੀ ਰਾਗੁ ਸੂਹੀ ਲਲਿਤ ਦਾ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਸੂਹੀ ਨੂੰ ਪੰਦਰਵਾਂ ਅਸਥਾਨ ਪ੍ਰਾਪਤ ਹੈ। ਇਸ ਮੁਖ ਰਾਗ ਦੇ ਅੰਤਰਗਤ ਰਾਗੁ ਸੂਹੀ ਲਲਿਤ ਵਿਚ ਸ਼ਬਦ ਰਚਨਾ ਇਸ ਪ੍ਰਕਾਰ ਹੈ। ਸੂਹੀ ਕਬੀਰ ਜੀਉ ਲਲਿਤ ਤੇ ਸੂਹੀ ਲਲਿਤ ਕਬੀਰ ਜੀਉ ਪੰਨਾ ੭੯੩ ਸ਼ਬਦ ਅੰਕ ॥੪॥੪॥ ਤੋਂ ॥੪॥੫॥ ਦੋ ਸ਼ਬਦ ਹਨ। ਤੀਜਾ ਸ਼ਬਦ ਸ਼ੇਖ ਫਰੀਦ ਜੀ ਸੂਹੀ ਲਲਿਤ ਪੰਨਾ ੭੯੪ ਸ਼ਬਦ ਅੰਕ ॥੩॥੨॥ ਹੈ।

**ਪਰੀਚੈ:-**

ਰਾਗੁ - ਸੂਹੀ ਲਲਿਤ — ਥਾਟ - ਉਪਥਾਟ-ਬਿਲਾਵਲ ਭੈਰਵ

ਸਵਰ- ਦੋਨੋਂ ਰਿਸ਼ਭ, ਦੋਨੋ ਮਧਿਅਮ, ਦੋਨੋ ਧੈਵਤ, ਹੋਰ ਸ਼ੁਧ

ਵਰਜਿਤ ਸਵਰ - ਅਵਰੋਹ ਵਿਚ ਪੰਚਮ — ਜਾਤੀ - ਸੰਪੂਰਨ-ਸ਼ਾੜਵ

ਵਾਦੀ- ਮਧਿਅਮ - ਸੰਵਾਦੀ-ਸ਼ੜਜ — ਸਮਾਂ - ਦਿਨ ਦਾ ਦੂਜਾ ਪਹਿਰ

ਆਰੋਹ - ਸ ਰ ਗ ਮ ਪ, ਨ ਧ ਨ ਸਂ

ਅਵਰੋਹ- ਸਂ ਰੁਂ ਨ ਧੁ ਮ̍ ਧੁ ਮ̍ ਮ ਗ, ਮ̍ ਗ ਰੁ ਸ।

ਮੁਖ ਅੰਗ- ਪ ਨ ਧ ਨ ਸਂ, ਰੁਂ ਨ ਧੁ, ਮ̍ ਮ ਗ, ਮ̍ ਗ ਰੁ ਸ।

**ਸਵਰ ਵਿਸਥਾਰ:-**

1) ਸ, ਧ਼ ਨ਼ ਸ, ਰੁ ਨ਼ ਧੁ਼, ਧੁ਼ ਮ਼̍ ਮ਼, ਪ਼ ਨ਼ ਧ਼ ਨ਼ ਸ, ਸ ਰ ਗ ਮ, ਰ ਗ ਮ ਪ, ਧੁ ਮ̍ ਧੁ ਮ̍ ਮ, ਰ ਗ ਮ ਪ, ਧੁ ਮ̍ ਮ ਗ, ਮ̍ ਗ ਰੁ ਸ।

2) ਸ, ਰ ਗ ਮ ਪ, ਪ ਨ ਧ ਨ ਸੰ, ਧ ਨ ਸੰ ਰੰ ਸੰ, ਰੁੰ ਨ ਧੁ, ਧੁ ਮ॑ ਮ ਗ, ਰ ਗ ਮ ਪ, ਧੁ ਮ॑ ਧ ਮ॑ ਮ, ਮ॑ ਮ ਗ, ਧੁ ਮ॑ ਮ ਗ, ਮ॑ ਗ ਰੁ ਸ।

3) ਪ ਨ ਧ ਨ ਸੰ, ਰੁੰ ਨ ਧੁ ਮ॑ ਮ, ਮ ਪ ਧ ਨ ਸੰ, ਰੰ ਗੰ ਮੰ ਪੰ, ਧੁੰ ਮੰ॑ ਮੰ, ਮੰ॑ ਮੰ ਗੰ, ਮੰ॑ ਗੰ ਰੁੰ ਸੰ, ਧ ਨ ਸੰ ਰੰ ਸੰ, ਰੁੰ ਨ ਧੁ ਮ॑ ਮ, ਧੁ ਮ॑ ਮ ਗ, ਰ ਗ ਮ ਪ, ਧੁ ਮ॑ ਮ, ਮ॑ ਮ ਗ, ਮ॑ ਗ ਰੁ ਸ।

## ਸੂਹੀ ਕਬੀਰ ਜੀਉ ਲਲਿਤ॥ (੭੯੩)

**ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ॥ ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥ ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ॥ ਬਿਰਥਾ ਜਨਮੁ ਗਵਾਇਆ॥੧॥ਰਹਾਉ॥ ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ॥ ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ॥੨॥ ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ॥ ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥੩॥ ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ॥ ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ॥੪॥੪॥**

ਪਦ ਅਰਥ:-ਸ੍ਰਵਨ-ਕੰਨ। ਸੁਨਿ ਥਾਕੇ-ਸੁਣ ਸੁਣ ਕੇ ਥੱਕ ਗਏ ਹਨ, ਸੁਣਨੋਂ ਰਹਿ ਗਏ ਹਨ, ਕਮਜ਼ੋਰ ਹੋ ਗਏ ਹਨ। ਸੁੰਦਰਿ ਕਾਇਆ-ਸੁਹਣਾ ਸਰੀਰ। ਜਰਾ-ਬੁਢੇਪਾ। ਹਾਕ-ਸੱਦਾ, ਅਵਾਜ਼। ਦੀ-ਦਿੱਤੀ। ਥਾਕਸਿ-ਥੱਕੇਗੀ। ਬਾਵਰੇ-ਹੇ ਕਮਲੇ! ਤੈ-ਤੂੰ। ਪ੍ਰਾਨੀ-ਹੇ ਜੀਵ! ਘਟ-ਸਰੀਰ। ਸਾਸਾ-ਪ੍ਰਾਣ। ਘਟੁ ਜਾਇ-ਸਰੀਰ ਨਾਸ ਹੋ ਜਾਏ। ਭਾਉ-ਪਿਆਰ। ਜਿਸ ਕਉ ਅੰਤਰਿ-ਜਿਸ ਮਨੁੱਖ ਦੇ ਮਨ ਵਿਚ। ਸਬਦੁ-ਸਿਫ਼ਤਿ-ਸਾਲਾਹ ਦੀ ਬਾਣੀ। ਚੂਕੈ-ਮੁੱਕ ਜਾਂਦੀ ਹੈ। ਚਉਪੜਿ-ਜ਼ਿੰਦਗੀ ਰੂਪ ਚੌਪੜ ਦੀ ਖੇਡ। ਜਿਣਿ-ਜਿੱਤ ਕੇ। ਢਾਲੇ-ਸੁੱਟਦਾ ਹੈ, ਢਾਲਦਾ ਹੈ। ਜਾਨਿ-ਜਾਣ ਕੇ, ਸਮਝ ਸੋਚ ਕੇ, ਸਾਂਝ ਬਣਾ ਕੇ। ਭਜਹਿ-ਸਿਮਰਦੇ ਹਨ। ਅਬਿਗਤ-ਅਦ੍ਰਿਸ਼ਟ ਪ੍ਰਭੂ। ਢਾਲਿ ਜੁ ਜਾਨਹਿ ਪਾਸਾ-ਜੋ ਸਿਮਰਨ-ਰੂਪ ਪਾਸਾ ਸੁਟਣਾ ਜਾਣਦੇ ਹਨ।

## ਰਾਗੁ ਸੂਹੀ ਲਲਿਤ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰਗ | ਮ | ਪ | ਨ | ਧ | ਨ | ਸੰ |
| | | | | | | | | ਬਾ | ਵS | ਰੇ | ਤੈ | ਗਿ | ਆ | ਨ | S |
| ਰੁੰ | ਰੁੰ | ਨ | ਧੁ | ਮ॑ | ਧੁ | ਮ॑ | ਮ | ਰ | ਗ | ਮ | ਪ | ਧੁ | ਧੁ | ਮ॑ | ਮ |
| ਬੀ | ਚਾ | ਰੁ | S | ਨ | ਪਾ | ਇ | ਆ | ਬਿ | ਰ | ਥਾ | S | ਜ | ਨ | ਮੁ | S |
| ਰੁੰ | ਨ | ਧੁ | ਮ॑ਮ | ਗ | ਮ॑ਗ | ਰੁ | ਸ | | | | | | | | |
| ਗ | ਵਾ | ਇ | SS | ਆ | SS | S | S | | | | | | | | |
| X | | | | 2 | | | | 0 | | | | 3 | | | |

ਰਾਗੁ ਸੂਹੀ ਲਲਿਤ

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | - | ਨ | ਧ | ਨ | - | ਸੰ | - |
| | | | | | | | | ਥਾ | S | ਕੇ | S | ਨੈ | S | ਨ | S |
| ਸੰਸੰ | ਸੰਸੰ | ਸੰ | ਰੁੰ | ਨ | ਧੁ | ਮ̍ | ਮ | ਪ | ਧ | ਨ | ਸੰ | ਰੁੰ | - | ਨ | ਧੁ |
| ਸੂ | ਵਨ | ਸੁ | ਨਿ | ਥਾ | S | ਕੇ | S | ਥਾ | S | ਕੀ | S | ਸੁੰ | S | ਦ | ਰਿ |
| ਧੁ | - | ਮ | ਮ | ਗ | ਮ̍ਗ | ਰੁ | ਸ | | | | | | | | |
| ਕਾ | S | ਇ | S | ਆ | SS | S | S | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਰ ਗਮ ਰਗ ਮਪ ਧੁ- ਮ̍ਮ ਗਰੁ ਸ-
2) ਪਧ ਨਸੰ ਧਨ ਸੰ- ਰੁੰਨ ਧੁਮ̍ ਮਗ ਰੁਸ
3) ਪਧ ਨਸੰ ਰੁੰਰੁੰ ਨਧੁ ਮਧੁ ਮ̍ਮ ਗਰੁ ਸ-
4) ਰਗ ਮ̍ਰ ਗਮ ਰਗ ਮਪ ਧਨ ਸੰ- ਨਸੰ ਰੁੰਰੁੰ ਨਨ ਧੁਧੁ ਮ̍ਮ
ਧੁ- ਮ̍ਮ ਗ- ਰੁਸ
5) ਰਗ ਮ̍ਪ ਧਨ ਸੰਧ ਨਸੰ ਧਨ ਸੰਸੰ ਨਸੰ ਰੁੰਰੁੰ ਗੰਰੁੰ ਨਨ ਧੁਮ̍
ਧੁਧੁ ਮ̍ਮ ਮ̍ਗ ਰੁਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਨਾਲ ਬਰਾਬਰ ਜੋੜ ਕੇ ਸੱਮ ਤੇ ਆਉਣਾ ਹੈ।
2) ਅਸਥਾਈ ਦੇ ਦੋਹਾਂ ਚੱਕਰਾਂ ਦੀ ਦੁਗੁਨ ਪਹਿਲੀ ਮਾਤਰ ਤੋਂ ਲੈ ਕੇ ਫਿਰ 9ਵੀਂ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਦੋ ਵਾਰ ਦੁਗੁਨ ਵਿੱਚ ਲੈ ਕੇ ਫਿਰ ਤੀਜੀ ਵਾਰ ਨੌਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਸੂਹੀ ਮਹਲਾ ੫॥ (੭੪੩-੪੪)

ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ॥ ਮਿਥਿਆ ਮੋਹ ਬੰਧਹਿ ਨਿਤ ਪਾਰਚ॥੧॥ ਮਾਧਵੇ ਭਜੁ ਦਿਨ ਨਿਤ ਰੈਣੀ॥ ਜਨਮੁ ਪਦਾਰਥੁ ਜੀਤਿ ਹਰਿ ਸਰਣੀ॥੧॥ਰਹਾਉ॥ ਕਰਤ ਬਿਕਾਰ ਦੋਊ ਕਰ ਝਾਰਤ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ॥੨॥ ਭਰਣ ਪੋਖਣ ਸੰਗਿ ਅਉਧ ਬਿਹਾਣੀ॥ ਜੈ ਜਗਦੀਸ ਕੀ ਗਤਿ ਨਹੀ ਜਾਣੀ॥੩॥ ਸਰਣਿ ਸਮਰਥ ਅਗੋਚਰ ਸੁਆਮੀ॥ ਉਧਰੁ ਨਾਨਕ ਪ੍ਰਭ ਅੰਤਰਜਾਮੀ॥੪॥੨੭॥੩੩॥

ਪਦ ਅਰਥ:-ਬਹਤੀ ਜਾਤ-ਉਮਰ ਦੀ ਨਦੀ ਵਹਿੰਦੀ ਜਾ ਰਹੀ ਹੈ। ਦ੍ਰਿਸਟਿ-ਨਿਗਾਹ, ਧਿਆਨ। ਮਿਥਿਆ-ਨਾਸਵੰਤ। ਪਾਰਚ-ਬਾਨ੍ਹਣੂ। ਬੰਧਹਿ-ਤੂੰ ਬੰਨ੍ਹਦਾ ਹੈ। ਮਾਧਵੇ-ਪਰਮਾਤਮਾ ਨੂੰ। ਭਜੁ-ਸਿਮਰਦਾ ਰਹੁ। ਰੈਣੀ-ਰਾਤ। ਜੀਤਿ-ਜਿੱਤ ਲੈ। ਦੋਊ ਕਰ- ਦੋਵੇਂ ਹੱਥ। ਦੋਊ ਕਰ ਝਾਰਤ-ਦੋਵੇਂ ਹੱਥ ਝਾੜਦਿਆਂ, ਦੋਵੇਂ ਹੱਥ ਧੋ ਕੇ ਅੱਗਾ ਪਿਛਾ ਸੋਚਣ ਤੋਂ ਬਿਨਾਂ। ਰਿਦ-ਹਿਰਦੇ ਵਿਚ। ਤਿਲੁ-ਰਤਾ ਭਰ ਸਮੇਂ ਲਈ। ਭਰਣ ਪੋਖਣ- ਪਾਲਣ ਪੋਸਣ। ਸੰਗਿ-ਨਾਲ। ਅਉਧ-ਉਮਰ। ਜੈ ਜਗਦੀਸ-ਪਰਮਾਤਮਾ ਦੀ ਸਿਫ਼ਤ ਸਾਲਾਹ। ਗਤਿ-ਆਤਮਕ ਅਵਸਥਾ, ਆਤਮਕ ਆਨੰਦ ਦੀ ਅਵਸਥਾ। ਸਮਰਥ-ਹੇ ਸਭ ਤਾਕਤਾਂ ਦੇ ਮਾਲਕ! ਅਗੋਚਰ-ਹੇ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲੇ! ਉਧਰੁ-ਬਚਾ ਲੈ।

## ਰਾਗੁ ਸੂਹੀ ਲਲਿਤ ਏਕ ਤਾਲ ਮਾਤਰਾਂ–12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰ | ਗ | ਮ | ਰਗ | ਮ | ਪ | ਧੁ | ਧੁ | ਮ | ਗ | ਰੁ | ਸ |
| ਮਾ | ਧ | ਵੇ | ਭS | ਜੁ | S | ਦਿ | ਨ | ਨਿ | ਤ | ਰੈ | ਣੀ |
| ਪ | ਨਧ | ਨ | ਸੰ | ਧਨ | ਸੰਸੰ | ਰੁੰ | ਨ | ਧੁ | ਮਮ | ਗਰੁ | ਸ |
| ਜ | ਨS | ਮੁ | ਪ | ਦਾS | ਰਥੁ | ਜੀ | ਤਿ | ਹ | ਰਿS | ਸਰ | ਣੀ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪਪ | ਪ | ਨ | ਧ | ਨ | ਸੰ | ਰੁੰਰੁੰ | ਸੰ | ਰੁੰਗੰ | ਰੁੰ | ਰੁੰ | ਸੰ |
| ਬਹ | ਤੀ | ਜਾ | ਤ | ਕ | ਦੇ | ਦ੍ਰਿਸ | ਟਿ | ਨS | ਧਾ | ਰ | ਤ |
| ਧ | ਨ | ਸੰ | ਨ | ਰੁੰਨ | ਧੁ | ਧੁ | ਮਮ | ਮਮ | ਮਗ | ਰੁ | ਸ |
| ਮਿ | ਥਿ | ਆ | ਮੋ | ਹS | S | ਬੰ | ਧਹਿ | ਨਿਤ | ਪਾS | ਰ | ਚ |
| x | | 0 | | 2 | | 0 | | 3 | | 4 | |

**ਤਾਨਾਂ:–**

1) ਸਰ ਗਮ ਰਗ ਮਪ ਨਧ ਨਸੰ ਰੁੰਰੁੰ ਨਧੁ ਮਧੁ ਮਮ ਗਗ ਰੁਸ

2) ਰਗ ਮਪ ਨਧ ਨਸੰ ਨਰੁੰ ਨਨ ਧੁਧੁ ਮਧੁ ਮਮ ਗਗ ਮਗ ਰੁਸ

3) ਰਗ ਮਰ ਗਮ ਪਪ ਧਨ ਸੰਸੰ ਰੁੰਰੁੰ ਨਧੁ ਮਧੁ ਮਮ ਮਗ ਰੁਸ

**ਤਿਹਾਈਆਂ:–**

1) ਪਹਿਲੀ ਤੋਂ ਤੀਜੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) ਪਹਿਲੀ ਤੋਂ ਛੇਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ ਚੌਥੀ ਤੋਂ ਛੇਵੀਂ

ਮਾਤਰ ਦੇ ਟੁਕੜੇ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਤਾਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਸੂਹੀ ਲਲਿਤ ਕਬੀਰ ਜੀਉ॥ (੭੯੩)

**ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥ ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥੧॥ ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥ ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥੧॥ਰਹਾਉ॥ ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ॥ ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ॥੨॥ ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ॥ ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥੩॥ ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥ ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ॥੪॥੫॥**

ਪਦ ਅਰਥ:-ਕੋਟੁ-ਕਿਲ੍ਹਾ। ਸਿਕਦਾਰਾ-ਚੌਧਰੀ। ਪੰਚੇ-ਕਾਮਾਦਿਕ ਪੰਜ ਵਿਕਾਰ। ਹਾਲਾ-ਹਲ ਦੀ ਕਮਾਈ ਉੱਤੇ ਸਰਕਾਰੀ ਵਸੂਲੀ, ਮਾਮਲਾ। ਦੁਖਾਲਾ-ਔਖਾ। ਹਰਿ ਕੇ ਲੋਗਾ-ਹੇ ਸੰਤ ਜਨੋ! ਮੋ ਕਉ-ਮੈਨੂੰ। ਨੀਤਿ-ਸਦਾ। ਡਸੈ-ਡੰਗ ਮਾਰਦਾ ਹੈ। ਭੁਜਾ-ਬਾਂਹ। ਪਹਿ- ਪਾਸ। ਤਿਨਿ-ਉਸ ਗੁਰੂ ਨੇ। ਨਉ-ਕੰਨ ਨੱਕ ਆਦਿਕ ਨੌਂ ਸੋਤਰ। ਡਾਡੀ-ਜਰੀਬ ਕਸ਼। ਦਸ-ਪੰਜ ਗਿਆਨ ਇੰਦ੍ਰੇ ਤੇ ਪੰਜ ਕਰਮ-ਇੰਦ੍ਰੇ। ਮੁੰਸਫ-ਨਿਆਂ ਕਰਨ ਵਾਲੇ। ਧਾਵਹਿ-ਦੌੜ ਕੇ ਆਉਂਦੇ ਹਨ। ਰਈਅਤਿ-ਪਰਜਾ, ਭਲੇ ਗੁਣ। ਡੋਰੀ-ਜਰੀਬ। ਬਹੁ-ਬਹੁਤੀ। ਬਿਸਟਾਲਾ-ਗੰਦ ਦੀ ਕਮਾਈ, ਵੱਢੀ। ਬਹਤਰਿ ਘਰ-ਬਹੱਤਰ ਕੋਠੜੀਆਂ ਵਾਲਾ ਸਰੀਰ। ਲਿਖਾਈ-ਰਾਹਦਾਰੀ ਲਿਖ ਕੇ ਦੇ ਦਿੱਤੀ ਹੈ। ਸੋਧਿਆ-ਪੜਤਾਲ ਕੀਤੀ ਹੈ। ਬਾਕੀ-ਦੇਣ ਵਾਲੀ ਰਕਮ। ਰਿਜਮ-ਰਤਾ ਭੀ। ਬਿਬੇਕੋ-ਪੂਰਨ ਗਿਆਨਵਾਨ।

## ਰਾਗੁ ਸੂਹੀ ਲਲਿਤ ਫਰੋਦਸਤ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪਪ | ਰ | ਗ | ਮ | ਰ | ਗਗ | ਮ | ਪ | ਧ਼ | ਮੰ | ਮ | ਗਗ | ਰੁ | ਸ |
| ਹਰਿ | ਕੇ | ਲੋ | ਗਾ | ਮੋ | ਕਉ | ਨੀ | ਤਿ | ਡ | ਸੈ | S | ਪਟ | ਵਾ | ਰੀ |
| ਪ | ਪਪ | ਪ | ਪ | ਨ | ਧ | ਨ | - | ਸੰਸੰ | ਰੁੰਰੁੰ | ਨ | ਧ਼ | ਮੰ | ਮ |
| ਊ | ਪਰਿ | ਭੁ | ਜਾ | ਕ | ਰਿ | ਮੈ | S | ਗੁਰ | ਪਹਿ | ਪੁ | ਕਾ | ਰਿ | ਆ |
| ਪ | ਧ | ਨਨ | ਸੰ | ਨ | ਰੁੰ | ਨ | ਧ਼ | ਮੰ | ਮ | ਗ | ਮੰਗ | ਰੁ | ਸ |
| ਤਿ | ਨਿ | ਹਉ | S | ਲੀ | S | ਆ | S | ਉ | ਬਾ | S | ਰੀS | S | S |
| x | | 0 | | 2 | | 3 | | 4 | | | 5 | | |

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਪ | ਨ | ਧ | ਨਨ | ਧਨ | ਸੰ | ਸੰ | ਸੰ | ਸੰ | ਸੰ | ਰੁੰਗੰ | ਰੁੰ | ਸੰ |
| ਏ | ਕੁ | ਕੋ | ਟੁ | ਪੰਚ | ਸਿਕ | ਦਾ | ਰਾ | ਪੰ | ਚੇ | ਮਾ | ਗਹਿ | ਹਾ | ਲਾ |
| ਨਨ | -ਧ | ਨ | ਸੰ | ਰੁੰਰੁੰ | ਨ | ਧੁ | ਮੰ | ਧੁਧੁ | ਮੰ | ਮ | ਗ | ਰੁ | ਸ |
| ਜਿਮੀ | ऽਨਾ | ਹੀ | ਮੈ | ਕਿਸੀ | ਕੀ | ਬੋ | ਈ | ਐਸਾ | ਦੇ | ਨੁ | ਦੁ | ਖਾ | ਲਾ |
| x | | 0 | | 2 | | 3 | | 4 | | | 5 | | |

**ਤਾਨਾਂ:-**

1) ਰਗ ਮਪ ਨਧ ਨਸੰ ਧਨ ਸੰਸੰ ਨਰੁੰ ਸੰਸੰ ਨਰੁੰ ਨਨ ਧੁਮੰ ਮੰਮ ਗਗ ਰੁਸ
2) ਰਗ ਮਰ ਗਮ ਰਗ ਮਪ ਧਨ ਸੰਸੰ ਰੁੰਰੁੰ ਗੰਰੁੰ ਨਨ ਧੁਮ ਮਮ ਗਗ ਰੁਸ
3) ਧਨ ਸੰਧ ਨਸੰ ਪਧ ਨਸੰ ਰੁੰਰੁੰ ਗੰਰੁੰ ਸੰਸੰ ਨਰੁੰ ਨਧੁ ਮਮ ਧੁਧੁ ਮੰਗ ਰੁਸ

**ਤਿਹਾਈਆਂ:-**

1) ਪਹਿਲੀ ਤੋਂ ਛੇਵੀਂ ਮਾਤਰ ਦੇ ਟੁਕੜੇ ਨੂੰ ਬੰਦਸ਼ ਅਨੁਸਾਰ ਬਰਾਬਰ ਲੈ ਕੇ 2 ਮਾਤਰਾਂ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਅਠਵੀਂ ਮਾਤਰ ਬੰਦਸ਼ ਅਨੁਸਾਰ ਲੈ ਕੇ ਇਕ ਮਾਤਰ ਬਿਸਰਾਮ ਫਿਰ 7ਵੀਂ-8ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) ਅਸਥਾਈ ਦਾ ਪਹਿਲਾ ਚੱਕਰ ਲੈ ਕੇ ਇਕ ਮਾਤਰ ਬਿਸਰਾਮ ਫਿਰ 9ਵੀਂ ਤੋਂ 14ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਸੂਹੀ ਲਲਿਤ॥ (੭੯੪)

**ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥ ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥੧॥ਰਹਾਉ॥ ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥ ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥੨॥ ਕਹੈ ਫਰੀਦੁ ਸਹੇਲੀਹੋ ਸਹੁ ਅਲਾਇਸੀ॥ ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥੩॥੨॥**

ਪਦ ਅਰਥ:-ਬੇੜਾ-ਨਾਮ ਸਿਮਰਨ ਰੂਪੀ ਬੇੜਾ। ਬੰਧਿ ਨ ਸਕਿਓ-ਤਿਆਰ ਨਾਹ ਕਰ ਸਕਿਆ। ਬੰਧਨ ਕੀ ਵੇਲਾ-ਤਿਆਰ ਕਰਨ ਦੀ ਉਮਰੇ। ਭਰਿ-ਭਰ ਕੇ। ਦੁਹੇਲਾ-ਔਖਾ। ਹਥੁ ਨ ਲਾਇ ਕਸੁੰਭੜੈ-ਭੈੜੇ ਕਸੁੰਭੇ ਨੂੰ ਹੱਥ ਨ ਲਾ, ਚੰਦ੍ਰੀ ਮਾਇਆ ਨਾਲ ਮਨ ਨ ਜੋੜੀ ਰੱਖ। ਜਲਿ ਜਾਸੀ-ਸੜ ਜਾਇਗਾ, ਕਸੁੰਭੇ ਦਾ ਰੰਗ ਬਹੁਤਾ ਚਿਰ ਰਹਿਣ ਵਾਲਾ ਨਹੀਂ, ਮਾਇਆ ਦੀ ਮੌਜ ਥੋੜੇ ਦਿਨ ਹੀ ਰਹਿੰਦੀ ਹੈ। ਢੋਲਾ-ਹੇ ਮਿੱਤਰ! ਆਪੀਨ੍ਹੈ-ਆਪਣੇ ਆਪ ਵਿਚ। ਪਤਲੀ-ਕਮਜ਼ੋਰ ਆਤਮਕ ਜੀਵਨ ਵਾਲੀਆਂ। ਕੇਰੇ ਬੋਲਾ-ਨਿਰਾਦਰੀ ਦੇ ਬਚਨ। ਦੁਧਾ ਥਣੀ-ਉਹ ਅਵਸਥਾ ਜਦੋਂ ਇਸਤਰੀ ਦੇ ਥਣਾਂ ਵਿੱਚ ਦੁੱਧ ਆਉਂਦਾ ਹੈ, ਪਤੀ-ਮਿਲਾਪ। ਅਲਾਇਸੀ-ਬੁਲਾਏਗਾ, ਸੱਦੇਗਾ। ਹੰਸੁ-ਜੀਵ-ਆਤਮਾ। ਡੁੰਮਣਾ-ਦੁਚਿੱਤਾ। ਥੀਸੀ-ਹੋ ਜਾਏਗਾ।

## ਰਾਗੁ ਸੂਹੀ ਲਲਿਤ ਜੈ ਤਾਲ ਮਾਤਰਾਂ-13 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਪ | ਪ | ਨ | ਧ | ਨ | ਸੰ | ਸੰ | ਸੰ | ਰੁੰ | ਨ | ਧੁ | ਮੰਧੁ | ਮੰਮ |
| ਹ | ਥੁ | ਨ | ਲਾ | ਇ | ਕ | ਸੁੰ | S | ਭ | ੜੈ | S | SS | SS |
| ਰਗ | ਮ | ਪ | ਧਨ | ਸੰ | ਰੁੰ | ਨ | ਧੁ | ਮੰ | ਮ | ਗ | ਮੰਗ | ਰੁਸ |
| ਜS | ਲਿ | ਜਾ | SS | ਸੀ | ਢੋ | S | S | S | ਲਾ | S | SS | SS |
| x | | | | | 2 | | | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਪ | - | ਨ | ਧ | ਨ | ਸੰ | ਧ | ਨ | ਸੰ | ਰੁੰ | ਗਂ | ਰੁੰ | ਸੰ |
| ਬੇ | S | ੜਾ | S | S | ਬੰ | S | ਧਿ | ਨ | ਸ | ਕਿ | ਓ | S |
| ਧ | ਨ | ਸੰ | - | ਸੰ | ਰੁੰ | - | ਨ | ਧੁ | ਮੰ | ਮੰਧੁ | ਮੰ | ਮ |
| ਬੰ | S | ਧ | S | ਨ | ਕੀ | S | S | S | ਵੇ | SS | ਲਾ | S |
| ਪ | ਪ | ਨਨ | ਧ | ਨ | ਸੰ | - | ਸੰ | - | ਰੁੰ | ਰੁੰਗਂ | ਰੁੰ | ਸੰ |
| ਭ | ਰਿ | ਸਰ | ਵ | ਰੁ | ਜ | S | ਬ | S | ਊ | ਛS | ਲੈ | S |
| ਧ | ਨ | ਸੰ | - | - | ਰੁੰ | ਨ | ਧੁ | ਮੰਮ | ਗ | ਮੰਗ | ਰੁ | ਸ |
| ਤ | S | ਬ | S | S | ਤ | ਰ | ਣੁ | SS | ਦੁ | ਹੇS | ਲਾ | S |
| x | | | | | 2 | | | | 3 | | 4 | |

**ਤਾਨਾਂ:-**

1) ਸਰਗਮ ਰਗਮਪ ਧਨਸੰਰੰ ਸੰ-ਨਸੰ ਧਨਸੰਸੰ ਰੁੰਰੁੰਗਂਰੁੰ ਨਰੁੰਨਧੁ ਧੁਨਧੁਮੰ ਮੰਧੁਮੰਮ ਧੁਧੁਮੰਧੁ ਮੰਧੁਮੰਮ ਮੰਮਗ- ਮੰਗਰੁਸ
2) ਰਗਮਰ ਗਮਰਗ ਸਰਗਮ ਰਗਮਪ ਧਨਸੰਧ ਨਸੰਧਨ ਸੰਸੰਨਸੰ ਰੁੰਗਂਰੁੰਸੰ ਨਰੁੰਨਧੁ ਧੁਨਧੁਮੰ ਮੰਧੁਮੰਮ ਗ-ਮੰਗ ਰੁਗਰੁਸ

**ਤਿਹਾਈਆਂ:-**

1) ਬੰਦਸ਼ ਅਨੁਸਾਰ ਪਹਿਲੀਆਂ 5 ਮਾਤਰਾਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਤੀਜੀ ਤੋਂ 5ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਦੂਜੀ ਮਾਤਰ ਤੇ 'ਹਥੁ' ਦਾ ਉਚਾਰਨ ਕਰਕੇ ਦੂਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ

ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 6ਵੀਂ-12ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ। 12ਵੀਂ ਮਾਤਰ ਤੇ ਮ॑ਮ ਦਾ ਲਗਾਉ ਦੇਣਾ ਹੈ।

## ਸੂਹੀ ਮਹਲਾ ੫॥ (੭੪੩)

**ਪ੍ਰਾਤਹਕਾਲਿ ਹਰਿ ਨਾਮੁ ਉਚਾਰੀ॥ ਈਤ ਊਤ ਕੀ ਓਟ ਸਵਾਰੀ ॥੧॥ ਸਦਾ ਸਦਾ ਜਪੀਐ ਹਰਿ ਨਾਮ॥ ਪੂਰਨ ਹੋਵਹਿ ਮਨ ਕੇ ਕਾਮ॥੧॥ਰਹਾਉ॥ ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ॥ ਜੀਵਤ ਮਰਤ ਨਿਹਚਲੁ ਪਾਵਹਿ ਥਾਉ॥੨॥ ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ॥ ਖਾਤ ਖਰਚਤ ਸੁਖਿ ਅਨਦਿ ਵਿਹਾਵੈ॥੩॥ ਜਗਜੀਵਨ ਪੁਰਖੁ ਸਾਧਸੰਗਿ ਪਾਇਆ॥ ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ॥੪॥੨੪॥੩੦॥**

ਪਦ ਅਰਥਃ-ਕਾਲਿ-ਸਮੇਂ ਵਿਚ। ਪ੍ਰਾਤਹ-ਪ੍ਰਭਾਤ, ਸਵੇਰ। ਪ੍ਰਾਤਹਕਾਲਿ-ਅੰਮ੍ਰਿਤ ਵੇਲੇ। ਉਚਾਰੀ-ਉਚਾਰਿਆ ਕਰ। ਈਤ ਊਤ ਕੀ-ਇਸ ਲੋਕ ਤੇ ਪਰਲੋਕ ਦੀ। ਓਟ-ਆਸਰਾ। ਸਵਾਰੀ-ਸਵਾਰਿ, ਸੋਹਣਾ ਬਣਾ ਲੈ। ਜਪੀਐ-ਜਪਣਾ ਚਾਹੀਦਾ ਹੈ। ਹੋਵਹਿ-ਹੋ ਜਾਂਦੇ ਹਨ। ਮਨ ਕੇ ਕਾਮ-ਮਨ ਦੇ ਚਿਤਵੇ ਹੋਏ ਕੰਮ। ਅਬਿਨਾਸੀ-ਨਾਸ-ਰਹਿਤ। ਰੈਣਿ-ਰਾਤ। ਗਾਉ-ਗਾਇਆ ਕਰ। ਜੀਵਤ ਮਰਤ-ਦੁਨੀਆਂ ਦੀ ਕਾਰ ਕਰਦਿਆਂ ਨਿਰਮੋਹ ਰਿਹਾਂ। ਪਾਵਹਿ-ਤੂੰ ਪ੍ਰਾਪਤ ਕਰ ਲਏਂਗਾ। ਸਾਹੁ-ਨਾਮ-ਧਨ ਦਾ ਮਾਲਕ। ਸੇਵਿ-ਸਰਨ ਪਿਆ ਰਹੁ। ਤੋਟਿ-ਘਾਟ਼ਾ। ਖਾਤ ਖਰਚਤ-ਵਰਤਦਿਆਂ ਤੇ ਵੰਡਦਿਆਂ। ਸੁਖਿ-ਸੁਖ ਵਿਚ। ਵਿਹਾਵੈ-ਉਮਰ ਬੀਤਦੀ ਹੈ। ਪੁਰਖੁ-ਸਰਬ-ਵਿਆਪਕ ਪ੍ਰਭੂ। ਸੰਗਿ-ਸੰਗਤ ਵਿਚ। ਪ੍ਰਸਾਦਿ-ਕਿਰਪਾ ਨਾਲ।

### ਰਾਗੁ ਸੂਹੀ ਲਲਿਤ ਰੂਪਕ ਤਾਲ ਮਾਤਰਾਂ-7 ਮੱਧ ਲੈਅ

ਅਸਥਾਈ | ਅੰਤਰਾ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| ਸੰ | ਧ | ਨ | ਸੰ | - | ਧਨ | ਸੰ | ਪਪ | ਪ | ਪ | ਨ | ਧ | ਨ | ਸੰ |
| ਸ | ਦਾ | ऽ | ਸ | ऽ | ਦਾऽ | ऽ | ਪ੍ਰਾ | ਤ | ਹ | ਕਾ | ऽ | ਲਿ | ऽ |
| ਨਰੁੰ | ਨ | ਧੁ | ਮ॑ | ਧੁ | ਮ॑ | ਮ | ਸੰਸੰ | ਸੰ | ਸੰ | ਰੁੰ | ਰੁੰਗੰ | ਰੁੰ | ਸੰ |
| ਜऽ | ਪੀ | ਐ | ਹ | ਰਿ | ਨਾ | ਮ | ਹਰਿ | ਨਾ | ਮੁ | ਉ | ਚਾऽ | ਰੀ | ऽ |
| ਰ | ਗ | ਮ | ਗ | ਮ | ਪ | ਪ | ਪ | ਧਨ | ਸੰ | ਧ | ਨ | ਸੰ | - |
| ਪੂ | ਰ | ਨ | ਹੋ | ऽ | ਵ | ਹਿ | ਈ | ਤऽ | ऽ | ਊ | ਤ | ਕੀ | ऽ |
| ਧੁ | ਮ॑ | ਮ | ਗ | ਰੁ | ਸ | - | ਨਰੁੰ | ਨ | ਧੁ | ਮ॑ਮ | ਗ | ਮ॑ਗ | ਰੁਸ |
| ਮ | ਨ | ਕੇ | ਕਾ | ऽ | ਮ | ऽ | ਓऽ | ऽ | ਟ | ਸऽ | ਵਾ | ਰੀऽ | ऽऽ |
| x | | | 2 | | 3 | | x | | | 2 | | 3 | |

# ੨੧-ਰਾਗੁ ਬਿਲਾਵਲੁ ਦਖਣੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਦਖਣੀ ਰਾਗਾਂ ਵਿੱਚ ਬਾਣੀ ਰਚਿਤ ਹੈ। ਗਉੜੀ ਦਖਣੀ, ਵਡਹੰਸੁ ਦਖਣੀ ਤੇ ਇਹ ਤੀਜਾ ਰਾਗ ਬਿਲਾਵਲੁ ਦਖਣੀ ਹੈ। ਇਹਨਾਂ ਦਖਣੀ ਰਾਗਾਂ ਵਿਚ ਬਾਣੀ ਦੀ ਰਚਨਾ ਕਰ ਕੇ ਗੁਰੂ ਸਾਹਿਬ ਨੇ ਭਾਰਤੀ ਸੰਗੀਤ ਵਿਚ ਉੱਤਰੀ ਤੇ ਦਖਣੀ ਪੱਧਤੀ ਵਿੱਚ ਨੇੜਤਾ ਲਿਆਂਦੀ ਹੈ।

ਮੱਧ ਕਾਲ ਦੇ ਦਖਣੀ ਸੰਗੀਤ ਪੱਧਤੀ ਦੇ ਗ੍ਰੰਥਕਾਰਾਂ ਵਿੱਚੋਂ ਰਾਮਾਮਾਤਯ ਨੇ 'ਸਵਰਮੇਲਕਲਾਨਿਧੀ' ਵਿੱਚ ਸ੍ਰੀ ਮੇਲ ਤੋਂ ਵੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ ਤੇ ਸ੍ਰੀ ਮੇਲ ਦੇ ਹਿੰਦੁਸਤਾਨੀ ਸਵਰ ਇਸ ਪ੍ਰਕਾਰ ਹਨ- ਸ ਰ ਗੁ ਮ ਪ ਧ ਨੁ ਸੰ। ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' ਵਿੱਚ ਮਲਾਰੀ ਮੇਲ ਤੋਂ ਵੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ ਤੇ ਮਲਾਰੀ ਮੇਲ ਦੇ ਹਿੰਦੁਸਤਾਨੀ ਸਵਰ ਇਸ ਪ੍ਰਕਾਰ ਹਨ - ਸ ਰ ਗ ਮ ਪ ਧ ਨ ਸੰ। ਪੰਡਿਤ ਵਿਅੰਕਟਮੁਖੀ ਨੇ 'ਚਤੁਰਦੰਡਪ੍ਰਕਾਸ਼ਿਕਾ' ਵਿੱਚ ਸ੍ਰੀ ਰਾਗ ਮੇਲ ਜਨਕ ਤੋਂ ਵਿਲਾਵਲੀ ਨੂੰ ਜਨਯ ਰਾਗ ਮੰਨਿਆ ਹੈ ਤੇ ਸ੍ਰੀ ਮੇਲ ਦੇ ਉੱਤਰੀ ਸਵਰ ਇਸ ਪ੍ਰਕਾਰ ਹਨ - ਸ ਰ ਗ ਮ ਪ ਧ (ਪੰਚ ਸ਼ਰੁਤੀ) ਕੌਸ਼ਕ ਨ। ਮਹਾਰਾਜਾ ਤੁਲਾਜੀਰਾਵਭੌਂਸਲੇ ਨੇ 'ਸੰਗੀਤ ਸਾਰਾਮ੍ਰਿਤ' ਵਿੱਚ ਵੇਲਾਵਲੀ ਜਨਕ ਮੇਲ ਤੋਂ ਵੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ ਤੇ ਵਿਲਾਵਲੀ ਮੇਲ ਦੇ ਸਵਰ ਇਸ ਪ੍ਰਕਾਰ ਹਨ- ਸ ਰ ਗੁ ਮ ਪ ਧ ਨ ਸੰ।

ਦਖਣੀ ਰਾਗਾਂ ਦੇ ਸਰੂਪਾਂ ਬਾਰੇ ਹੋਰ ਗ੍ਰੰਥਾਂ ਵਿੱਚ ਇਸ ਪ੍ਰਕਾਰ ਵਰਨਣ ਮਿਲਦਾ ਹੈ। ਸੰਗੀਤ ਕਾਰਯਾਲਯ ਹਾਥਰਸ ਤੋਂ ਪ੍ਰਕਾਸ਼ਿਤ 'ਰਾਗ ਕੋਸ਼' ਵਿਚ ਦਖਣੀ ਰਾਗਾਂ ਦੇ ਦਿੱਤੇ ਸਰੂਪਾਂ ਵਿਚ ਪੰਨਾ ੫੩ ਤੇ ਲੜੀ ਨੰ. ੩੫੬ ਤੇ ਰਾਗ ਵੇਲਾਵਲੀ ਨੂੰ ਗੌਰੀਮਨੋਹਰੀ ਮੇਲ ਜਨਯ ਰਾਗ ਮੰਨਿਆ ਹੈ। ਸਵਰ ਇਸ ਪ੍ਰਕਾਰ ਹਨ - ਆਰੋਹ-ਸ ਰ ਮ ਪ ਧ ਸੰ ਅਵਰੋਹ-ਸੰ ਨ ਧ ਪ ਮ ਗ ਰ ਸ। ਕਰਣਾਟਕ ਸੰਗੀਤ ਅੰਕ ਜਨਵਰੀ ੧੯੬੩ ਪੰਨਾ ੧੮੭ ਲੜੀ ਨੰ. ੭੫੦ ਅਨੁਸਾਰ ਰਾਗ ਵੇਲਾਵਲੀ, ਮੇਲ-ਗੌਰੀਮਨੋਹਰੀ ਤੇ ਸਵਰ ਇਸ ਪ੍ਰਕਾਰ ਹਨ। ਆਰੋਹ- ਸ ਰ ਗ ਮ ਪ ਧ ਸੰ। ਅਵਰੋਹ-ਸੰ ਨ ਧ ਪ ਮ ਗ ਰ ਸ। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਦੇ 'ਰਾਗ ਵਿਯਾਕਰਨ' ਪੰਨਾ ੬੪ ਲੜੀ ਨੰ. ੭੨੬ ਤੇ ਵੇਲਾਵਲੀ ਦਾ ਵਰਨਣ ਇਸ ਤਰ੍ਹਾਂ ਦਿੱਤਾ ਹੈ। ਮੇਲ-ਗੌਰੀਮਨੋਹਰੀ, ਆਰੋਹ-ਸ ਰ ਮ ਪ ਧ ਸੰ। ਅਵਰੋਹ-ਸੰ ਨ ਧ ਪ ਮ ਗੁ ਰ ਸ। ਉਹਨਾਂ ਗੌਰੀਮਨੋਹਰੀ ਮੇਲ ਦੇ ਸਵਰ ਉੱਤਰ ਭਾਰਤੀਯ ਪ੍ਰਯੋਗ ਅਨੁਸਾਰ ਪੰਨਾ ੨੩ ਤੇ ਇਸ ਪ੍ਰਕਾਰ ਦਿੱਤੇ ਹਨ। ਸ ਰ ਗੁ ਮ ਪ ਧ ਨ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ

ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗੁ ਬਿਲਾਵਲੁ ਦਖਣੀ ਵਿਚ ਕੋਮਲ ਗੰਧਾਰ ਹੋਰ ਸਵਰ ਸ਼ੁਧ ਹਨ। ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ ਤੇ ਜਾਤੀ ਔੜਵ-ਸੰਪੂਰਨ ਹੈ। ਵਾਦੀ-ਧੈਵਤ, ਸੰਵਾਦੀ-ਰਿਸ਼ਭ ਤੇ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਆਰੋਹ-ਸ ਰ, ਮ ਪ ਧ, ਸੰ। ਅਵਰੋਹ- ਸੰ ਨ ਧ, ਪ ਮ ਗੁ, ਰ ਸ। ਮੁਖ ਅੰਗ- ਰ ਮ ਪ ਧ, ਮਪ, ਧ ਮ ਗੁ ਰ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਰਾਗੁ ਬਿਲਾਵਲ ਦਖਣੀ ਦਾ ਸਰੂਪ ਪ੍ਰੋਫ਼ੈਸਰ ਤਾਰਾ ਸਿੰਘ ਦੇ ਦਿੱਤੇ ਸਰੂਪ ਨਾਲ ਮਿਲਦਾ ਜੁਲਦਾ ਹੀ ਹੈ।

ਇਥੇ ਦਖਣੀ ਰਾਗਾਂ ਦੇ ਸਰੂਪਾਂ ਲਈ ਉਸੇ ਰਾਗ ਦੇ ਦਖਣੀ ਸਰੂਪ ਨੂੰ ਹੀ ਅਧਾਰ ਮੰਨਿਆ ਗਿਆ ਹੈ। ਰਾਗੁ ਬਿਲਾਵਲੁ ਦਖਣੀ ਦੇ ਸਰੂਪ ਲਈ ਵੇਲਾਵਲੀ ਦਾ ਦਖਣੀ ਸਰੂਪ ਹੀ ਲਿਆ ਗਿਆ ਹੈ, ਰਾਗ ਨਿਰਣਾਇਕ ਕਮੇਟੀ ਵੱਲੋਂ ਰਾਗੁ ਬਿਲਾਵਲੁ ਦਖਣੀ ਦਾ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਦਿੱਤਾ ਗਿਆ ਹੈ। ਇਥੇ ਵੀ ਗ ਕੋਮਲ ਤੇ ਹੋਰ ਸਵਰ ਸ਼ੁਧ ਵਾਲਾ ਪ੍ਰਵਾਣਿਤ ਸਰੂਪ ਹੀ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਬਿਲਾਵਲੁ ਨੂੰ ੧੬ਵਾਂ ਅਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਚਿਤ ਦਖਣੀ ਰਾਗ ਪ੍ਰਕਾਰਾਂ ਵਿਚ ਪਹਿਲਾ ਗਉੜੀ ਦਖਣੀ ਫਿਰ ਵਡਹੰਸੁ ਦਖਣੀ ਤੇ ਬਿਲਾਵਲੁ ਮੁਖ ਰਾਗ ਦੇ ਅੰਤਰਗਤ ਤੀਜਾ ਰਾਗੁ ਬਿਲਾਵਲੁ ਦਖਣੀ ਆਉਂਦਾ ਹੈ। ਸ਼ਬਦ ਰਚਨਾ ਵਿਚ ਬਿਲਾਵਲੁ ਮਹਲਾ ੧ ਛੰਤ ਦਖਣੀ ਦੇ ਸਿਰਲੇਖ ਹੇਠ ਪੰਨਾ ੮੪੩ ਤੋਂ ੮੪੪ ਤੱਕ ਸ਼ਬਦ ਅੰਕ ॥੪॥੧॥ ਤੋਂ ॥੪॥੨॥ ਤਕ ਦੋ ਸ਼ਬਦਾਂ ਦੀ ਰਚਨਾ ਹੈ।

**ਪਰੀਚੈ:-**

ਰਾਗੁ - ਬਿਲਾਵਲੁ ਦਖਣੀ　　ਸਵਰ- ਗੰਧਾਰ ਕੋਮਲ ਹੋਰ ਸਭ ਸ਼ੁਧ

ਵਰਜਿਤ ਸਵਰ - ਆਰੋਹ ਵਿਚ ਗੰਧਾਰ ਤੇ ਨਿਸ਼ਾਦ

ਜਾਤੀ - ਔੜਵ-ਸੰਪੂਰਨ　　ਵਾਦੀ- ਰਿਸ਼ਭ

ਸੰਵਾਦੀ-ਪੰਚਮ　　ਸਮਾਂ - ਦਿਨ ਦਾ ਤੀਜਾ ਪਹਿਰ

ਆਰੋਹ - ਸ ਰ ਮ ਪ ਧ ਸੰ　　ਅਵਰੋਹ- ਸੰ ਨ ਧ ਪ, ਮ ਗੁ ਰ ਸ

ਮੁਖ ਅੰਗ- ਸ ਰ, ਮ ਪ, ਮ ਗੁ ਰ, ਸ।

**ਸਵਰ ਵਿਸਥਾਰ:-**

1) ਸ ਰ ਸ, ਨ਼ ਸ, ਨ਼ ਧ਼ ਪ਼, ਧ਼ ਸ, ਸ ਰ, ਮ ਪ, ਮ ਗੁ ਰ, ਸ ਰ ਮ ਪ, ਧ ਪ, ਧ ਮ ਪ, ਮ ਪ ਧ ਪ, ਮ ਪ ਮ ਗੁ ਰ, ਪ ਮ ਗੁ ਰ, ਸ ਰ ਮ ਪ, ਮ ਗੁ ਰ ਸ।
2) ਸ ਰ ਸ, ਰ ਮ ਗੁ ਰ ਸ, ਰ ਮ ਪ, ਮ ਪ ਧ ਪ, ਪ ਧ ਮ ਪ, ਧ ਪ ਮ ਗੁ ਰ, ਰ ਮ ਪ ਧ ਪ, ਪ ਧ ਨ ਧ ਪ, ਪ ਧ ਪ, ਪ ਧ ਸੰ, ਨ ਧ ਪ, ਪ ਧ ਨ ਧ ਪ, ਧ ਪ ਮ ਪ, ਰ ਮ ਪ ਮ ਗੁ, ਪ ਮ ਗੁ ਰ, ਮ ਗੁ ਰ ਸ।

## ਰਾਗੁ ਬਿਲਾਵਲੁ ਦਖਣੀ

3) ਮ ਪ ਧ ਪ, ਪ ਧ ਸੰ, ਸੰ ਰੰ ਸੰ, ਸੰ ਰੰ ਮੰ ਗੁੰ ਰੰ ਸੰ, ਰੰ ਮੰ ਪੰ, ਪੰ ਮੰ ਗੁੰ, ਮੰ ਗੁੰ ਰੰ ਸੰ, ਸੰ ਨ ਧ ਪ, ਪ ਧ ਪ, ਧ ਪ ਮ ਪ, ਪ ਧ ਮ ਪ, ਪ ਮ ਗੁ ਰ, ਰ ਮ ਪ, ਮ ਪ ਮ ਗੁ, ਪ ਮ ਗੁ ਰ, ਮ ਗੁ ਰ ਸ, ਨ਼ ਧ਼ ਪ਼ ਧ਼ ਸ।

### ਬਿਲਾਵਲੁ ਮਹਲਾ ੧॥ (੮੪੩-੪੪)

**ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ॥ ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ॥ ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ॥ ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ॥੧॥**

ਪਦ ਅਰਥ:-ਮੈ ਮਨਿ-ਮੇਰੇ ਮਨ ਵਿਚ। ਘਣਾ-ਬਹੁਤ। ਸਾਚਿ-ਸਦਾ-ਥਿਰ ਹਰਿ-ਨਾਮ ਵਿਚ (ਟਿਕ ਕੇ)। ਵਿਗਾਸੀ-ਖਿੜ ਰਹੀ ਹਾਂ। ਅਵਿਗਤੋ-ਅਦ੍ਰਿਸਟ। ਜੀਐ-ਜਿੰਦ ਦੇਣ ਵਾਲਾ। ਅਵਰੁ-ਹੋਰ। ਗਿਆਨੁ-ਧਰਮ-ਚਰਚਾ। ਧਿਆਨੁ-ਸਮਾਧੀ ਆਦਿਕ ਦਾ ਉੱਦਮ। ਭਵਨੀ-ਤੀਰਥ-ਜਾਤ੍ਰਾ। ਹਠੁ-ਹਠ (ਦੇ ਆਸਰੇ ਕੀਤੇ) ਯੋਗ- ਆਸਣ। ਸਚੁ-ਸਦਾ-ਥਿਰ ਰਹਿਣ ਵਾਲਾ ਪਰਮਾਤਮਾ। ਗਹਿ ਰਹੇ-ਟਿਕਾ ਲਿਆ ਹੈ।

### ਰਾਗੁ ਬਿਲਾਵਲੁ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ | ਪ | ਧ | ਪ | ਸੰ | ਨ | ਧ | ਪ |
| | | | | | | | | ਮੈ | S | ਮ | ਨਿ | ਚਾ | ਉ | ਘ | ਣਾ |
| ਪ | - | ਮ | ਪ | ਮ | ਗੁ | ਰ | ਸ | ਧ਼ | ਸ | ਰਰ | ਰ | ਮ | ਪ | ਧ | ਪ |
| ਸਾ | S | ਚਿ | ਵਿ | ਗਾ | ਸੀ | ਰਾ | ਮ | ਮੋ | ਹੀ | ਪ੍ਰੇ | ਮ | ਪਿ | S | ਰੇ | S |
| ਸੰਸੰ | ਨ | ਧ | ਪ | ਮਪ | ਮਗੁ | ਰ | ਸ | | | | | | | | |
| ਪ੍ਰ | ਭਿ | ਅ | ਬਿ | ਨਾS | ਸੀS | ਰਾ | ਮ | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪਪ | ਪ | ਮ | ਪਪ | ਧ | ਧ | ਪ | ਧਧ |
| | | | | | | | | ਅਵਿ | ਗ | ਤੋ | ਹਰਿ | ਨਾ | ਥੁ | ਨਾ | ਥਹ |
| ਸੰ | ਰੰ | ਸੰ | ਨ | ਧ | ਸੰ | ਰੰ | ਸੰ | ਰੰਰੰ | ਮੰ | ਗੁੰਗੁੰ | ਰੰ | ਸੰਸੰ | ਨਨ | ਧ | ਪ |
| ਤਿ | ਸੈ | ਭਾ | ਵੈ | ਸੋ | S | ਥੀ | ਐ | ਕਿਰ | ਪਾ | ਲੁਸ | ਦਾ | ਦਇ | ਆਲੁ | ਦਾ | ਤਾ |
| ਮ | ਪ | ਮਗੁ | ਰਰ | ਮਗੁ | ਰਸ | ਧ਼ | ਸ | | | | | | | | |
| ਜੀ | ਆ | ਅੰS | ਦਰਿ | ਤੂੰS | SS | ਜੀ | ਐ | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਰ ਮਰ ਮਪ ਧਪ ਸੰਨ ਧਪ ਮਗੁ ਰਸ

2) ਮਪ ਧਪ ਸੰਨ ਧਪ ਪਧ ਮਪ ਮਗੁ ਰਸ

3) ਪਧ ਮਪ ਸੰਨ ਧਪ ਮਪ ਧਪ ਮਗੁ ਰਸ

4) ਸਰ ਮਰ ਮਪ ਧਪ ਮਗੁ ਰਸ ਮਪ ਧਪ ਸੰਸੰ ਰੰਸੰ ਸੰਰੰ ਸੰਨ ਧਪ ਮਪ ਮਗੁ ਰਸ

5) ਮਪ ਧਮ ਪਧ ਮਪ ਧਪ ਮਪ ਸੰਰੰ ਸੰਸੰ ਸੰਨ ਧਪ ਪਧ ਮਪ ਮਗੁ ਰਸ ਧ਼ਪ਼ ਸਸ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) 9ਵੀਂ ਤੋਂ 8ਵੀਂ ਮਾਤਰ ਦੇ ਇਕ ਚੱਕਰ ਨੂੰ ਸੱਮ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

3) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ ਚੌਥੀ ਮਾਤਰ ਤੇ S ਦਾ ਲਗਾਉ ਹੈ।

**(ਬਿਲਾਵਲੁ ਮਹਲਾ ੧॥) (੮੪੪)**

**ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ॥੩॥**

ਪਦ ਅਰਥ:-ਜਾਗੁ-ਸਾਵਧਾਨ ਰਹੁ। ਸਲੋਨੜੀਏ-ਹੇ ਸੋਹਣੇ ਨੇਤ੍ਰਾਂ ਵਾਲੀ ਜੀਵ ਇਸਤਰੀਏ! ਅਕਥ ਕਹਾਣੀ-ਅਕੱਥ ਪ੍ਰਭੂ ਦੀ ਸਿਫ਼ਤਿ-ਸਾਲਾਹ। ਅਕਥ- ਜਿਸ ਦਾ ਸਹੀ ਸਰੂਪ ਬਿਆਨ ਨਾਂਹ ਕੀਤਾ ਜਾ ਸਕੇ। ਪਦੁ-ਆਤਮਕ ਦਰਜਾ। ਨਿਰਬਾਣੀ-ਵਾਸ਼ਨਾ-ਰਹਿਤ। ਤ੍ਰਿਭਵਣ ਸੋਝੀ-ਸਾਰੇ ਜਗਤ ਵਿਚ ਵਿਆਪਕ ਪ੍ਰਭੂ ਦੀ ਸੂਝ। ਅਤੀਤੁ-ਵਿਰੱਕਤ, ਮਾਇਆ ਦੇ ਮੋਹ ਤੋਂ ਪਰੇ। ਅਪਰੰਪਰਿ-ਪਰੇ ਤੋਂ ਪਰੇ ਪ੍ਰਭੂ ਵਿਚ। ਰਾਤਾ-ਮਸਤ। ਸਾਰਿਆ-ਸੰਭਾਲਦਾ ਹੈ। ਉਰਿ-ਹਿਰਦੇ ਵਿਚ। ਧਾਰਿਆ-ਵਸਾਈ ਰੱਖਦਾ ਹੈ।

ਰਾਗੁ ਬਿਲਾਵਲੁ ਦਖਣੀ

## ਰਾਗੁ ਬਿਲਾਵਲੁ ਦਖਣੀ ਸੂਲ ਤਾਲ ਮਾਤਰਾਂ-10 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸ | ਰ | ਮ | ਪ | ਧ | ਪ | ਮ | ਗੁ | ਰ | ਸ |
| ਜਾ | S | ਗੁ | S | ਸ | ਲੋ | ਨ | ਝੀ | ਏ | S |
| ਰ | ਮ | ਪ | ਧ | ਮ | ਪ | ਸਂ | ਨ | ਧ | ਪ |
| ਬੋ | ਲੈ | ਗੁ | ਰ | ਬਾ | ਣੀ | ਰਾ | S | ਮ | S |
| ਮ | ਪ | ਧ | ਪ | ਸਂ | ਰਂ | ਸਂ | ਨ | ਧ | ਪ |
| ਜਿ | ਨਿ | ਸੁ | ਣਿ | ਮੰ | ਨਿ | ਅ | ਝੀ | S | S |
| ਮ | ਪ | ਧ | ਪ | ਮ | ਗੁ | ਰ | ਸ | ਧ਼ | ਸ |
| ਅ | ਕ | ਥ | S | ਕ | ਹਾ | ਣੀ | S | ਰਾ | ਮ |
| x | | 0 | | 2 | | 3 | | 0 | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਪ | ਮ | ਪ | ਧ | ਧ | ਸਂਸਂ | ਰਂਰਂ | ਸਂ | ਸਂ |
| ਅ | ਕ | ਥ | ਕ | ਹਾ | ਣੀ | ਪਦੁ | ਨਿਰ | ਬਾ | ਣੀ |
| ਧ | ਸਂਸਂ | ਰਂ | ਸਂਸਂ | ਰਂ | ਮਂ | ਗੁਂ | ਰਂ | ਸਂ | - |
| ਕੋ | ਵਿਰ | ਲਾ | ਗੁਰ | ਮੁ | ਖਿ | ਬੂ | ਝ | ਏ | S |
| ਸਂਸਂ | ਰਂਰਂ | ਸਂ | ਨ | ਧ | ਪ | ਮ | ਪਪ | ਧ | ਪ |
| ਓਹੁ | ਸਬ | ਦਿ | ਸ | ਮਾ | ਏ | ਆ | ਪੁਗ | ਵਾ | ਏ |
| ਪਪ | ਪ | ਮ | ਪ | ਮ | ਗੁ | ਰ | ਸ | ਧ਼ | ਸ |
| ਤ੍ਰਿ | ਭ | ਵ | ਣ | ਸੋ | ਝੀ | ਸੂ | ਝ | ਏ | S |
| x | | 0 | | 2 | | 3 | | 0 | |

ਤਾਨਾਂ:-

1) ਸਰ ਮਰ ਮਪ ਧਪ ਸਂਨ ਧਪ ਮਪ ਧਪ ਮਗੁ ਰਸ
2) ਪਧ ਮਪ ਸਂਨ ਧਪ ਸਂਰਂ ਸਂਨ ਧਪ ਮਪ ਮਗੁ ਰਸ
3) ਪਧ ਮਪ ਮਗੁ ਰਸ ਸਂਰਂ ਸਂਨ ਧਪ ਮਪ ਮਗੁ ਰਸ

ਤਿਹਾਈਆਂ:-

1) ਪਹਿਲੀ ਤੋਂ ਤੀਜੀ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 5ਵੀਂ ਤੋਂ 9ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। 9ਵੀਂ ਮਾਤਰ ਤੇ ਰਸ ਦਾ ਲਗਾਉ ਦੇਣਾ ਹੈ।
3) 5ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਤੀਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ ਤੀਜੀ ਮਾਤਰ ਦੇ 'ਗੁ' ਨੂੰ ਦੂਜੀ ਮਾਤਰ ਤੇ ਉਚਾਰਨ ਕਰਨਾ ਹੈ।

**(ਬਿਲਾਵਲੁ ਮਹਲਾ ੧॥)** (੮੪)

**ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ॥ ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ॥ ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ॥ ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ॥ ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ॥੨॥**

ਪਦ ਅਰਥ:-ਭਿੰਨੜੀ-ਭਿੱਜੀ ਹੋਈ। ਰੈਣਿ-ਰਾਤ। ਸੁਹਾਏ-ਸੁਹਾਵਣੇ, ਸੁਖ ਦੇਣ ਵਾਲੇ। ਸੂਤੜੀਏ-ਸੁੱਤੀ ਜੀਵ ਇਸਤ੍ਰੀਏ। ਪਿਰਮੁ-ਪ੍ਰਭੂ ਦਾ ਪ੍ਰੇਮ। ਜਗਾਏ-ਸੁਚੇਤ ਕਰਦਾ ਹੈ। ਹਾਣਿ-ਸਾਲ, ਵਰ੍ਹਾ। ਨਵ ਹਾਣਿ-ਨਵੀਂ ਉਮਰ ਵਾਲੀ, ਵਿਕਾਰਾਂ ਤੋਂ ਬਚੀ ਹੋਈ। ਧਨ-ਜੀਵ-ਇਸਤਰੀ। ਸਬਦਿ-ਗੁਰੂ ਦੇ ਸ਼ਬਦ ਦੀ ਰਾਹੀਂ। ਜਾਗੀ-ਸੁਚੇਤ ਹੁੰਦੀ ਹੈ। ਪਿਰ ਭਾਣੀਆ-ਪ੍ਰਭੂ ਨੂੰ ਪਿਆਰੀ ਲਗਦੀ ਹੈ। ਤਜਿ-ਤਿਆਗ ਕੇ। ਕੂੜੁ-ਝੂਠ। ਚਾਕਰੀ-ਖ਼ੁਸ਼ਾਮਦ, ਮੁਥਾਜੀ। ਲੋਕਾਣੀਆ-ਲੋਕਾਂ ਦੀ। ਨੀਸਾਣਿਆ-ਪਰਵਾਨਾ, ਰਾਹਦਾਰੀ। ਨਦਰਿ-ਮਿਹਰ ਦੀ ਨਿਗਾਹ। ਤੁਧੁ ਭਾਣਿਆ-ਜੇ ਤੈਨੂੰ ਚੰਗਾ ਲੱਗੇ।

## ਰਾਗੁ ਬਿਲਾਵਲੁ ਦਖਣੀ ਫਰੋਦਸਤ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਰ | ਰ | ਮ | ਪ | ਧ | ਪ | ਮ | ਗੁ | ਮਮ | ਗੁ | ਰ | ਸਸ | ਧ਼ | ਸ |
| ਭਿੰ | ਨ | ੜੀ | ऽ | ਰੈ | ਣਿ | ਭ | ਲੀ | ਦਿਨ | ਸ | ਸੁ | ਹਾਏ | ਰਾ | ਮ |
| ਮ | ਮ | ਪ | ਧ | ਸੰ | ਨ | ਧ | ਪ | ਮਮ | ਪ | ਮ | ਗੁਗੁ | ਰ | ਸ |
| ਨਿ | ਜ | ਘ | ਰਿ | ਸੂ | ਤ | ੜੀ | ਏ | ਪਿਰ | ਮੁ | ਜ | ਗਾਏ | ਰਾ | ਮ |
| x | | 0 | | 2 | | 3 | | 4 | | | 5 | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪ | ਪ | ਮ | ਪ | ਧ | ਪ | ਧ | ਸੰ | ਸੰ | ਨ | ਧ | ਸੰ | ਰੰ | ਸੰ |
| ਨ | ਵ | ਹਾ | ਣਿ | ਨ | ਵ | ਧ | ਨ | ਸ | ਬ | ਦਿ | ਜਾ | ऽ | ਗੀ |
| ਸੰ | ਰੰ | ਮੰ | ਗੁੰ | ਰੰ | ਸੰ | ਨ | ਧ | ਪ | - | ਮ | ਗੁ | ਰ | ਸ |
| ਆ | ਪ | ਣੇ | ऽ | ਪਿ | ऽ | ਰ | ऽ | ਭਾ | ऽ | ਣੀ | ਆ | ऽ | ऽ |
| x | | 0 | | 2 | | 3 | | 4 | | | 5 | | |

ਤਾਨਾਂ:-

1) ਸਰ ਮਪ ਰਮ ਪਧ ਮਪ ਧਧ ਸੰਰੰ ਸੰਸੰ ਸੰਰੰ ਸੰਨ ਧਪ ਮਪ ਮਗੁ ਰਸ

2) ਮਪ ਧਪ ਸੰਨ ਧਪ ਮਪ ਧਪ ਸੰਰੰ ਸੰਨ ਧਪ ਮਪ ਮਗੁ ਰਸ ਧ਼ਧ਼ ਸਸ

3) ਮਪ ਧਮ ਪਧ ਮਪ ਧਪ ਮਪ ਮਗੁ ਰਸ ਪਧ ਸੰਨ ਧਪ ਮਪ ਮਗੁ ਰਸ

ਤਿਹਾਈਆਂ:-

1) ਪਹਿਲੀ ਤੋਂ ਚੌਥੀ ਮਾਤਰ ਬੰਦਸ਼ ਅਨੁਸਾਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

ਰਾਗੁ ਬਿਲਾਵਲੁ ਦਖਣੀ

2) ਪਹਿਲੀ ਤੋਂ ਅਠਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 7ਵੀਂ-8ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

3) ਪਹਿਲੀ ਲਾਈਨ ਦਾ ਪੂਰਾ ਚੱਕਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 9ਵੀਂ ਤੋਂ 14ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਬਿਲਾਵਲੁ ਮਹਲਾ ੧ ਛੰਤ ਦਖਣੀ ੧ੴ ਸਤਿਗੁਰ ਪ੍ਰਸਾਦਿ॥ (੮੪੩)**

**ਮੁੰਧ ਨਵੇਲੜੀਆ ਗੋਇਲਿ ਆਈ ਰਾਮ॥ ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ॥ ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ॥ ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ॥ ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ॥ ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ॥੧॥**

ਪਦ ਅਰਥ:-ਮੁੰਧ-ਜਵਾਨ ਲੜਕੀ ਜਿਸ ਨੂੰ ਅਜੇ ਆਪਣੀ ਜਵਾਨੀ ਦਾ ਅਹਿਸਾਸ ਨਹੀਂ ਹੈ। ਨਵੇਲੜੀਆ-ਨਵੀਂ, ਵਿਕਾਰਾਂ ਤੋਂ ਬਚੀ ਹੋਈ। ਗੋਇਲਿ-ਗੋਇਲ ਵਿਚ, ਚਾਰ ਦਿਨ ਦੇ ਵਸੇਬੇ ਵਾਲੇ ਜਗਤ ਵਿਚ। ਮਟੁਕੀ-ਚਾਟੀ। ਸਹਜਿ-ਆਤਮਿਕ ਅਡੋਲਤਾ ਵਿਚ। ਸਬਦਿ-ਗੁਰੂ ਦੇ ਸ਼ਬਦ ਰਾਹੀਂ। ਸੀਗਾਰੀਆ-ਸਿੰਗਾਰ ਕੀਤਾ ਹੈ, ਆਪਣਾ ਜੀਵਨ ਸੋਹਣਾ ਬਣਾਇਆ ਹੈ। ਕਰ ਜੋੜਿ-ਹੱਥ ਜੋੜ ਕੇ। ਨਵੇਲ-ਨਵੀਂ, ਵਿਕਾਰਾਂ ਤੋਂ ਬਚੀ ਹੋਈ। ਦੇਖਿ ਪਿਰੁ-ਪ੍ਰਭੂ ਪਤੀ ਨੂੰ ਵੇਖ ਕੇ। ਸਾਧਾਰਿਆ-ਆਧਾਰ-ਸਹਿਤ ਹੋ ਜਾਂਦੀ ਹੈ, ਪ੍ਰਭੂ ਦਾ ਆਸਰਾ ਹਿਰਦੇ ਵਿਚ ਬਣਾਂਦੀ ਹੈ।

## ਰਾਗੁ ਬਿਲਾਵਲੁ ਦਖਣੀ ਮਹੇਸ਼ ਤਾਲ ਮਾਤਰਾਂ-9 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਪ | ਮ | ਪ | ਧ | ਰਮ | ਪਧ | ਮਗੁ | ਰ | ਸ |
| ਮੁੰ | ਧ | ਨ | ਵੇ | ਲS | ੜੀS | ਆ | S | S |
| ਮਪ | ਧ | ਸੰ | ਨ | ਧ | ਪ | ਮ | ਗੁ | ਰਸ |
| ਗੋS | ਇ | ਲਿ | S | ਆ | ਈ | ਰਾ | S | ਮS |
| x | | | | 2 | | 3 | | |

### ਅੰਤਰਾ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਮ | ਪ | ਧ | ਪਧ | ਸੰ | ਰੰਸੰ | ਮੰਗੁੰ | ਰੰ | ਸੰ |
| ਮ | ਟੁ | ਕੀ | SS | ਡਾ | ਰਿS | ਧS | ਰੀ | S |
| ਸੰ | ਨ | ਸੰਨ | ਧਪ | ਮ | ਗੁ | ਮਗੁ | ਰ | ਸ |
| ਹ | ਰਿ | ਲਿS | ਵS | ਲਾ | ਈ | ਰਾS | S | ਮ |
| x | | | | 2 | | 3 | | |

**ਤਾਨਾਂ:-**

1) ਪਧਪਮ ਮਪਮਗੁ ਰਸਧ਼ਸ ਸਰਮਪ ਧਪਮਪ ਸੰਰੰਸੰਨ ਧਪਮਪ ਪਧਪਮ ਗੁਗੁਰਸ
2) ਸਰਮਪ ਮਗੁਰਸ ਸਰਮਪ ਧਪਮਪ ਮਗੁਰਸ ਸਰਮਪ ਧਸੰਰੰਸੰ ਸੰਨਧਪ ਮਗੁਰਸ
3) ਮਪਪਮ ਪਪਮਪ ਧਪਮਪ ਮਗੁਰਸ ਪਧਧਪ ਧਧਪਧ ਸੰਰੰਸੰਸੰ ਸੰਨਧਪ ਮਗੁਰਸ

**ਤਿਹਾਈਆਂ:-**

1) ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਦੂਜੀ-ਤੀਜੀ ਮਾਤਰ ਤੇ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਤੀਜੀ ਮਾਤਰ ਤੇ 'S' ਲਗਾ ਕੇ ਪਹਿਲੀ ਤੋਂ ਤੀਜੀ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਤੀਜੀ ਤੋਂ 7ਵੀਂ ਮਾਤਰ ਦੇ ਟੁਕੜੇ ਨੂੰ ਚੌਥੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

**(ਬਿਲਾਵਲੁ ਮਹਲਾ ੧॥) (੮੪੪)**

**ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ॥ ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ॥ ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ॥ ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥ ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ॥੪॥੨॥**

ਪਦ ਅਰਥ:- ਮਹਲਿ-ਮਹੱਲ ਵਿਚ, ਪ੍ਰਭੂ ਚਰਨਾਂ ਵਿਚ। ਬੁਲਾਇੜੀਏ-ਪਹੁੰਚੀ ਹੋਈ ਜੀਵ-ਇਸਤਰੀਏ! ਭਗਤਿ ਸਨੇਹੀ-ਭਗਤੀ ਨਾਲ ਪਿਆਰ ਕਰਨ ਵਾਲਾ। ਰਹਸੀ-ਪ੍ਰਸੰਨ। ਸੀਝਸਿ-ਸਫਲ ਹੋ ਜਾਂਦੀ ਹੈ। ਰੀਝੈ-ਖੁਸ਼ ਹੁੰਦੀ ਹੈ। ਸੀਝੈ-ਕਾਮਯਾਬ ਹੁੰਦੀ ਹੈ। ਡੀਗਿ-ਡਿੱਗ ਕੇ। ਡੋਲਿ-ਡੋਲ ਕੇ। ਆਧਾਰੁ-ਆਸਰਾ। ਤਾਣੁ-ਬਲ, ਸਹਾਰਾ। ਤਕੀਆ-ਆਸਰਾ। ਝਗਰੁ-(ਮਾਇਆ ਦੇ ਮੋਹ ਦੀ) ਖਹ ਖਹ। ਨਿਬੇਰਓ-ਮੁਕਾ ਲੈਂਦਾ ਹੈ।

**ਰਾਗੁ ਬਿਲਾਵਲੁ ਦਖਣੀ ਰੂਪਕ ਤਾਲ ਮਾਤਰਾਂ-7 ਮੱਧ ਲੈਅ**

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਸਸ | ਰ | ਮ | ਪ | ਪ | ਸੰਨ | ਧਪ | ਪ | ਮ | ਪ | ਧ | ਪ | ਧ | ਸੰ |
| ਮਹ | ਲਿ | ਬੁ | ਲਾ | ਇ | ੜੀS | ਏS | ਮ | ਨੁ | S | ਮਾ | ਰਿ | ਰੀ | ਝੈ |
| ਪਪ | ਧ | ਪ | ਮ | ਗੁ | ਰ | ਸ | ਨ | ਸੰ | ਨ | ਧ | ਸੰ | ਰੰ | ਸੰ |
| ਭਗ | ਤਿ | ਸ | ਨੇ | ਹੀ | ਰਾ | ਮ | ਸ | ਬ | ਦਿ | ਸੀ | S | ਝੈ | S |
| ਰਰ | ਮ | ਪ | ਧ | ਧ | ਸੰਸੰ | ਸੰ | ਸੰਸੰ | ਨ | ਧ | ਸੰ | ਨ | ਧ | ਪ |
| ਗੁਰ | ਮ | ਤਿ | ਮ | ਨਿ | ਰਹ | ਸੀ | ਤ੍ਰੈ | ਲੋ | ਕ | ਨਾ | S | ਥੁ | S |
| ਨ | ਧ | ਪ | ਮ | ਗੁ | ਰ | ਸ | ਮ | ਪ | ਮ | ਗੁ | - | ਰ | ਸ |
| ਸੀ | ਝ | ਸਿ | ਦੇ | ਹੀ | ਰਾ | ਮ | ਪ | ਛਾ | ਣ | ਏ | S | S | S |
| X | | | 2 | | 3 | | X | | | 2 | | 3 | |

# ੨੨-ਰਾਗੁ ਬਿਲਾਵਲੁ ਮੰਗਲ

ਰਾਗੁ ਬਿਲਾਵਲੁ ਮੰਗਲ ਬਾਰੇ ਭਾਰਤੀ ਸੰਗੀਤ ਦੇ ਕਿਸੇ ਵੀ ਗ੍ਰੰਥਕਾਰ ਨੇ ਕੋਈ ਜ਼ਿਕਰ ਨਹੀਂ ਕੀਤਾ ਹੈ। ਗੁਰਮਤਿ ਸੰਗੀਤ ਵਿੱਚ ਇਹ ਰਾਗ ਅਤਿ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿੱਚ ਹੀ ਰਖਿਆ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਮੰਗਲ ਸ਼ਬਦ ਦਾ ਅਰਥ, ਆਨੰਦ, ਖੁਸ਼ੀ, ਖੁਸ਼ੀ ਦਾ ਗੀਤ, 'ਮੰਗਲ ਗਾਵਹੁ ਨਾਰੇ' 'ਮੰਗਲ ਸਾਜ ਭਇਆ ਪ੍ਰਭ ਅਪਣਾ ਗਾਇਆ ਰਾਮ', ਹੋਰ ਵੀ ਕਈ ਅਰਥ ਉਹਨਾਂ ਇਤਿਹਾਸਿਕ ਪੱਖ ਜੋੜ ਕੇ ਕੀਤੇ ਹਨ। ਪਰ ਉਹਨਾਂ ਰਾਗੁ ਬਿਲਾਵਲੁ ਮੰਗਲ ਨੂੰ ਰਾਗ ਦਾ ਨਾਮ ਦੇਣ ਬਾਰੇ ਜ਼ਿਕਰ ਨਹੀਂ ਕੀਤਾ। ਪ੍ਰੋਫੈਸਰ ਸਾਹਿਬ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਪੋਥੀ ਛੇਵੀਂ ਪੰਨਾ ੨੬੭ ਤੇ 'ਛੰਤ ਬਿਲਾਵਲ ਮਹਲਾ ੪ ਮੰਗਲ' (ਪੰ. ੮੪੪) ਤੇ ਪੋਥੀ ਪੰਨਾ ੨੮੪ ਬਿਲਾਵਲ ਮਹਲਾ ੫ ਛੰਤ ਮੰਗਲ (ਪੰ. ੮੪੭) ਇਹਨਾਂ ਦੋਹਾਂ ਹੀ ਥਾਵਾਂ ਤੇ ਮੰਗਲ ਦੇ ਸਿਰਲੇਖ ਬਾਰੇ ਰਾਗੁ ਬਿਲਾਵਲੁ ਮੰਗਲ ਦਾ ਨਾਮ ਨਹੀਂ ਦਿੱਤਾ। ਬਾਬਾ ਸੁੱਚਾ ਸਿੰਘ ਜੀ ਮੁੱਖੀ ਜਵੱਦੀ ਟਕਸਾਲ ਦਾ ਦ੍ਰਿੜ ਸੰਕਲਪ ਸੀ ਕਿ ੧੯੯੨ ਦੇ ਦੂਜੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾ ਲੁਧਿਆਣਾ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਵਿਚ ਹੀ ਸ਼ਬਦਾਂ ਦਾ ਗਾਇਨ ਹੋਵੇ ਪਰ ਉਸ ਸਮਾਗਮ ਸਮੇਂ ਬਿਲਾਵਲੁ ਮੰਗਲ ਰਾਗ ਦਾ ਗਾਇਣ ਨਹੀਂ ਹੋ ਸਕਿਆ। ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਰਾਗ ਦੇ ਸਰੂਪ ਬਾਰੇ ਉਸ ਸਮੇਂ ਕੋਈ ਨਿਰਣੈ ਨਹੀਂ ਲਿਆ ਤੇ ਇਸ ਰਾਗ ਦਾ ਗਾਇਨ ਪ੍ਰਚਾਰ ਵਿਚ ਵੀ ਨਾ ਆ ਸਕਿਆ।

ਰਾਗੁ ਬਿਲਾਵਲੁ ਮੰਗਲ ਦੇ ਸਰੂਪ ਬਾਰੇ ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਪ੍ਰੋਫ਼ੈਸਰ ਤਾਰਾ ਸਿੰਘ ਨੇ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿਚ ਇਸ ਰਾਗ ਦਾ ਪਰੀਚੇ ਤੇ ਇੱਕ ਬੰਦਸ਼ ਵੀ ਦਿੱਤੀ ਹੈ। ਉਹਨਾਂ ਬਿਲਾਵਲੁ ਮੰਗਲ ਨੂੰ ਇਕ ਸੁਤੰਤਰ ਰਾਗ ਮੰਨਿਆ ਹੈ, ਜੋ ਮੱਧ ਕਾਲ ਵਿਚ ਪ੍ਰਚਾਰ ਵਿਚ ਸੀ ਪਰ ਵਿਧੀ ਪੂਰਵਕ ਸਿਖਿਆ ਦੀ ਘਾਟ ਕਾਰਣ ਅਤੇ ਸਵਰ ਲਿਪੀ ਦੇ ਅਭਾਵ ਕਾਰਨ ਇਹ ਰਾਗ ਤੇ ਹੋਰ ਵੀ ਅਨੇਕਾਂ ਰਾਗ ਸਾਥੋਂ ਅਲੋਪ ਹੋ ਗਏ ਹਨ। ਉਹਨਾਂ ਇਸ ਰਾਗ ਨੂੰ ਬਿਲਾਵਲ ਦਾ ਇਕ ਪ੍ਰਕਾਰ ਮੰਨਿਆ ਹੈ। ਉਹ ਲਿਖਦੇ ਹਨ, ਇਸ ਰਾਗ ਦੇ ਸਰੂਪ ਬਾਰੇ ਗ੍ਰੰਥ ਅਧਾਰ ਪ੍ਰਾਪਤ ਨਹੀਂ ਹੁੰਦਾ ਪਰ ਬਜ਼ੁਰਗ ਉਸਤਾਦਾਂ ਤੋਂ ਸੀਨਾ-ਬਾ-ਸੀਨਾ ਮਿਲੀ ਸੰਗੀਤ ਸਿਖਿਆ ਦੇ ਅਧਾਰ ਤੇ ਬਿਲਾਵਲੁ ਮੰਗਲ ਰਾਗ ਦਾ ਸਰੂਪ ਇਸ ਪ੍ਰਕਾਰ

ਬਣਦਾ ਹੈ। ਥਾਟ-ਬਿਲਾਵਲ, ਸਵਰ ਸਭ ਸ਼ੁਧ, ਆਰੋਹ ਵਿਚ ਪੰਚਮ ਵਰਜਿਤ ਤੇ ਜਾਤੀ-ਸ਼ਾੜਵ-ਸੰਪੂਰਨ ਹੈ। ਵਾਦੀ-ਮਧਿਅਮ, ਸੰਵਾਦੀ-ਸ਼ੜਜ ਤੇ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਆਰੋਹ -ਸ ਗ, ਮ ਰ ਸ, ਗ ਮ ਧ, ਨਸੰ। ਅਵਰੋਹ - ਸੰ ਨ ਧ ਪ, ਧ ਮ, ਪ ਗ, ਮ ਰ, ਸ। ਮੁਖ ਅੰਗ - ਗ ਮ ਧ ਪ ਮ, ਪ ਗ, ਮ ਰ, ਸ। ਰਾਗੁ ਬਿਲਾਵਲੁ ਮੰਗਲ ਦਾ ਇਹ ਸਰੂਪ ਜੋ ਉਹਨਾਂ ਦਿੱਤਾ ਹੈ, ਇਹ ਉਹਨਾਂ ਦੇ ਆਪਣੇ ਕਥਨ ਅਨੁਸਾਰ ਆਪਣੀ ਹੀ ਰਚਨਾ ਹੈ ਤੇ ਇਸ ਰਾਗ ਦਾ ਵਰਨਣ ਹੋਰ ਕਿਸੇ ਗ੍ਰੰਥਕਾਰ ਨੇ ਨਹੀਂ ਕੀਤਾ ਹੈ।

ਹੁਣ ਜਦੋਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਕਾਰਾਂ ਤੇ ਮਿਸ਼ਰਤ ਰਾਗਾਂ ਬਾਰੇ ਲਿਖਣ ਲਈ ਯਤਨਸ਼ੀਲ ਹਾਂ, ਮੈਂ ਇਸ ਨੂੰ ਕਿਸੇ ਵੀ ਪੱਖ ਤੋਂ ਅਧੂਰਾ ਨਹੀਂ ਰਹਿਣ ਦੇਣਾ ਚਾਹੁੰਦਾ। ਮੈਂ 'ਰਾਗ ਵਿਗਿਆਨ ਭਾਗ-੭' ਦਾ ਪਹਿਲਾ ਰਾਗ ਮੰਗਲ ਭੈਰਵ ਦਾ ਸਰੂਪ ਦੇਖਿਆ ਹੈ। ਪਟਵਰਧਨ ਜੀ ਨੇ ਇਸ ਰਾਗ ਵਿੱਚ ਧੈਵਤ ਸ਼ੁੱਧ ਦਾ ਪ੍ਰਯੋਗ ਤੇ ਨਿਸ਼ਾਦ ਵਰਜਿਤ ਕਰਕੇ ਸ਼ਾੜਵ ਜਾਤੀ ਦਾ ਰਾਗ ਮੰਨਿਆ ਹੈ, ਜੋ ਭੈਰਵ ਅੰਗ ਦਾ ਇਕ ਬਿਲਕੁਲ ਹੀ ਸੁਤੰਤਰ ਸਰੂਪ ਹੈ। ਰਾਗ ਭੈਰਵ ਵਿੱਚ ਕੇਵਲ ਨਿਸ਼ਾਦ ਵਰਜਿਤ ਕਰਨ ਨਾਲ ਪੁਰਵਾਂਗ ਵਿੱਚ ਭੈਰਵ ਅੰਗ ਪੂਰੀ ਤਰ੍ਹਾਂ ਜਾਗ ਰਿਹਾ ਹੈ ਪਰ ਸਰੂਪ ਵੱਖਰਾ ਬਣ ਜਾਂਦਾ ਹੈ। ਮੈਂ ਵੀ ਰਾਗੁ ਭੈਰਵ ਵਿੱਚ ਨਿਸ਼ਾਦ ਵਰਜਿਤ ਕਰਨ ਵਾਲਾ ਨਿਯਮ ਰਾਗੁ ਬਿਲਾਵਲੁ ਤੇ ਵਰਤ ਰਿਹਾ ਹਾਂ। ਇਥੇ ਬਿਲਾਵਲੁ ਮੰਗਲ ਦੇ ਸਰੂਪ ਲਈ ਰਾਗੁ ਬਿਲਾਵਲੁ ਵਿੱਚੋਂ ਨਿਸ਼ਾਦ ਵਰਜਿਤ ਕਰਕੇ ਇਹ ਸ਼ਾੜਵ ਜਾਤੀ ਦਾ ਰਾਗੁ ਮੰਨਿਆ ਹੈ। ਰਾਗੁ ਬਿਲਾਵਲੁ ਮੰਗਲ ਦਾ ਇੱਕ ਸੁੱਤਤਰ ਤੇ ਵੱਖਰਾ ਸਰੂਪ ਸਥਾਪਿਤ ਕਰਨ ਲਈ ਮੈਂ ਸ਼੍ਰੀ ਵਿਮਲਾਕਾਂਤ ਰਾਏ ਚੌਧਰੀ ਦੇ ਰਾਗ ਵਿਯਾਕਰਣ ਦੇ ੭੦੪ ਰਾਗਾਂ ਦੇ ਦਿੱਤੇ ਸਰੂਪ ਵੇਖੇ ਹਨ। ਇਹਨਾਂ ਵਿੱਚੋਂ ਸ਼ੁਧ ਸਵਰਾਂ ਵਿਚ ਨਿਸ਼ਾਦ ਵਰਜਿਤ ਨਾਲ ਕੇਵਲ ਇਕ ਹੀ ਸਰੂਪ ਰਾਗ ਹੇਮ ਬਿਲਾਵਲ ਮਿਲਦਾ ਹੈ। ਆਰੋਹ - ਸ, ਰ ਗ, ਗ ਮ ਪ ਧ ਪ ਸੰ। ਅਵਰੋਹ - ਸੰ ਪ ਧ ਪ ਗ ਮ ਪ ਗ ਮ ਰ ਸ। ਪਰ ਇਥੇ ਬਿਲਾਵਲ ਮੰਗਲ ਦੇ ਸਰੂਪ ਲਈ ਨਿਸ਼ਾਦ ਵਰਜਿਤ ਕਰਕੇ ਇਸ ਰਾਗ ਦਾ ਆਪਣਾ ਇਕ ਵੱਖਰਾ ਸਰੂਪ ਬਣ ਜਾਂਦਾ ਹੈ, ਜੋ ਇਸ ਪ੍ਰਕਾਰ ਹੈ। ਸ, ਰ ਗ ਮ ਗ, ਰ ਸ ਧ਼ ਸ, ਰ ਗ ਮ ਪ, ਧ ਪ ਮ ਗ, ਰ ਗ ਮ ਪ, ਧ ਸੰ, ਸੰ ਰੰ ਸੰ, ਧ ਸੰ ਧ ਪ ਮ ਗ, ਰ ਗ ਮ ਗ, ਰ ਸ ਧ਼ ਸ। ਇਥੇ ਪੁਰਵਾਂਗ ਵਿੱਚ ਰ ਗ ਮ ਗ ਚਲਣ ਨਾਲ ਬਿਲਾਵਲ ਜਾਗਦਾ ਹੈ ਪਰ ਰ ਸ ਧ਼ ਸ ਦੇ ਪ੍ਰਯੋਗ ਨਾਲ ਬਿਲਾਵਲ ਅਲੋਪ ਹੋ ਜਾਂਦਾ ਹੈ ਤੇ ਭੁਪਾਲੀ ਆ ਜਾਂਦਾ ਹੈ। ਫਿਰ ਰ ਗ ਮ ਪ ਨਾਲ ਬਿਲਾਵਲ ਦਾ ਸਰੂਪ ਬਣਦਾ ਹੈ। ਪਰ ਪ ਧ ਸੰ ਰੰ ਸੰ ਨਾਲ ਬਿਲਾਵਲ ਅਲੋਪ ਹੋ ਜਾਂਦਾ ਹੈ ਤੇ ਦੇਸ਼ਕਾਰ ਦਾ ਝਾਵਲਾ ਪੈਂਦਾ ਹੈ। ਫਿਰ ਪ ਧ ਸੰ, ਧ ਪ ਮ ਗ। ਇਸ ਚਲਨ ਨਾਲ ਨਿਸ਼ਾਦ ਵਰਜਿਤ ਕਰਕੇ ਬਿਲਾਵਲੁ ਮੰਗਲ ਦਾ ਇੱਕ ਵਖਰਾ ਸਰੂਪ ਨਿਰਧਾਰਿਤ ਹੋ ਜਾਂਦਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਬਿਲਾਵਲੁ ਨੂੰ ਸੋਲਵਾਂ ਅਸਥਾਨ ਪ੍ਰਾਪਤ ਹੈ। ਰਾਗੁ ਬਿਲਾਵਲੁ ਮੁਖ ਰਾਗ ਦੇ ਅੰਤਰਗਤ ਰਾਗੁ ਬਿਲਾਵਲੁ ਦਖਣੀ ਤੇ ਰਾਗੁ ਬਿਲਾਵਲੁ ਮੰਗਲ ਦੋ ਰਾਗ ਪ੍ਰਕਾਰਾਂ ਦੀ ਰਚਨਾ ਹੈ। ਇਥੇ ਰਾਗੁ ਬਿਲਾਵਲੁ ਮੰਗਲ ਦੀ ਸ਼ਬਦ-ਰਚਨਾ ਇਸ ਪ੍ਰਕਾਰ ਹੈ। ਛੰਤ ਬਿਲਾਵਲੁ ਮਹਲਾ ੪ ਮੰਗਲ ਪੰਨਾ ੮੪੪ ਤੋਂ ੮੪੫ ਸ਼ਬਦ ਅੰਕ ॥੪॥੧॥੩॥ ਤੋਂ ॥੪॥੨॥੪॥ ਦੋ ਛੰਤ ਤੇ ਫਿਰ ਪੰਨਾ ੮੪੭ ਤੋਂ ੮੪੮ ਬਿਲਾਵਲ ਮਹਲਾ ੫ ਛੰਤ ਮੰਗਲ ਸ਼ਬਦ ਅੰਕ ॥੪॥੧॥੪॥ ਤੋਂ ॥੪॥੨॥੫॥੯॥ ਦੋ ਛੰਤ ਹਨ।

**ਪਰੀਚੇ:-**

| | |
|---|---|
| ਰਾਗੁ - ਬਿਲਾਵਲੁ ਮੰਗਲ | ਥਾਟ - ਬਿਲਾਵਲ |
| ਸਵਰ - ਸਾਰੇ ਸ਼ੁਧ | ਵਰਜਿਤ ਸਵਰ - ਨਿਸ਼ਾਦ |
| ਜਾਤੀ - ਸ਼ਾੜਵ-ਸ਼ਾੜਵ | ਵਾਦੀ - ਧ |
| ਸੰਵਾਦੀ - ਗ | ਸਮਾਂ - ਦਿਨ ਦਾ ਦੂਜਾ ਪਹਿਰ |
| ਆਰੋਹ - ਸ ਰ ਗ, ਮ ਪ, ਧ ਸੰ। | ਅਵਰੋਹ - ਸੰ ਧ ਪ, ਮ ਗ, ਰ ਸ। |

ਮੁਖ ਅੰਗ - ਰ ਗ ਮ ਗ, ਧ ਸੰ ਧ ਪ ਮ ਗ, ਰ, ਸ ਧ਼ ਸ।

**ਸਵਰ ਵਿਸਥਾਰ (ਅਲਾਪ):-**

1) ਸ, ਰ ਸ, ਗ ਰ ਮ ਗ, ਰ ਸ ਧ਼ ਸ, ਧ਼ ਪ਼, ਧ਼ ਸ, ਰ ਗ ਮ ਗ, ਪ ਮ ਗ, ਧ ਪ ਮ ਗ, ਰ ਗ ਮ ਪ ਮ ਗ, ਰ ਸ, ਧ਼ ਸ।

2) ਸ, ਰ ਗ ਮ ਪ, ਧ ਪ ਮ ਗ, ਧ ਪ ਮ ਪ ਮ ਗ, ਰ ਗ ਮ ਪ, ਪ ਧ ਸੰ ਧ ਪ, ਧ ਸੰ ਧ ਪ ਮ ਪ ਮ ਗ, ਰ ਗ ਮ ਪ ਮ ਗ, ਰ ਸ ਧ਼ ਸ।

3) ਗ ਮ ਪ ਮ ਗ, ਗ ਮ ਪ ਧ ਪ, ਧ ਸੰ ਰੰ ਸੰ, ਪ ਧ ਸੰ ਰੰ ਸੰ, ਸੰ ਰੰ ਗੰ ਮੰ ਗੰ, ਰੰ ਗੰ ਮੰ ਪੰ ਮੰ ਗੰ, ਰੰ ਸੰ ਧ ਸੰ, ਸੰ ਰੰ ਸੰ ਧ ਪ, ਧ ਸੰ ਧ ਪ ਮ ਗ, ਧ ਪ ਮ ਪ ਮ ਗ ਰ ਗ, ਮ ਪ ਮ ਗ, ਰ ਸ, ਧ਼ ਸ।

(ਬਿਲਾਵਲੁ ਮਹਲਾ ੫॥) (੮੪੮)

**ਕਿਆ ਗੁਣ ਤੇਰੇ ਕਹਿ ਸਕਉ ਪ੍ਰਭ ਅੰਤਰਜਾਮੀ ਰਾਮ॥ ਸਿਮਰਿ ਸਿਮਰਿ ਨਾਰਾਇਣੈ ਭਏ ਪਾਰਗਰਾਮੀ ਰਾਮ॥ ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ॥ ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ॥੩॥**

ਪਦ ਅਰਥ:- ਪਾਰਗਰਾਮੀ-ਪਾਰ ਲੰਘਣ ਜੋਗੇ। ਪੁਜਾਮੀ-ਪੂਰੀਆਂ ਹੋ ਜਾਂਦੀਆਂ ਹਨ। ਉਧਰੇ-ਵਿਕਾਰਾਂ ਤੋਂ ਬਚ ਜਾਂਦੇ ਹਨ।

## ਰਾਗੁ ਬਿਲਾਵਲੁ ਮੰਗਲ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰ | ਗ | ਮ | ਗ | ਰ | ਸ | ਧ਼ | ਸਰ |
| | | | | | | | | ਕਿ | ਆ | ਗੁ | ਣ | ਤੇ | S | ਰੇ | SS |
| ਗ | - | ਮ | ਗ | ਧ | ਪ | ਮਮ | ਗ | ਰਰ | ਗ | ਮ | ਪਪ | ਧ | - | ਸਂ | - |
| ਕ | S | ਹਿ | S | ਸ | S | ਕਉ | S | ਪ੍ਰ | ਭ | ਅੰ | ਤਰ | ਜਾ | S | ਮੀ | S |
| ਧ | ਪ | ਮ | ਗ | ਰਗ | ਮਪ | ਮਗ | ਰਸ | | | | | | | | |
| ਰਾ | S | S | S | ਮS | SS | SS | SS | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਧ | - | ਸਂ | ਸਂ | ਰਂ | ਸਂ |
| | | | | | | | | ਸਿ | ਮ | ਰਿ | S | ਸਿ | ਮ | ਰਿ | S |
| [illegible] | - | ਰਂਗਂ | ਮਂਗਂ | ਰਂ | - | ਸਂ | - | ਸਂ | ਰਂ | ਸਂ | ਸਂ | ਧ | ਧ | ਪ | - |
| ਨਾ | S | ਰਾS | ਇS | ਣੈ | S | S | S | ਭ | ਏ | ਪਾ | ਰ | ਗ | ਰਾ | ਮੀ | S |
| ਮ | ਗ | ਰ | ਗ | ਰਗ | ਮਗ | ਰਸ | ਧ਼ਸ | | | | | | | | |
| ਰਾ | S | S | S | ਮS | SS | SS | SS | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਰ ਗਮ ਰਗ ਮਪ ਧਸਂ ਧਪ ਮਗ ਰਸ

2) ਰਗ ਮਪ ਧਪ ਮਗ ਰਗ ਮਗ ਰਸ ਧ਼ਸ

3) ਰਗ ਮਪ ਧਸਂ ਧਪ ਮਗ ਰਗ ਮਗ ਰਸ

4) ਸਰ ਗਮ ਰਗ ਮਪ ਧਪ ਮਗ ਰਸ ਧ਼ਸ

5) ਸਰ ਗਰ ਮਗ ਰਗ ਮਪ ਧਪ ਧਸਂ ਧਪ ਧਸਂ ਰਂਗਂ ਮਂਗਂ ਰਂਸਂ
ਧਪ ਮਗ ਰਸ ਧ਼ਸ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦਾ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) 9ਵੀਂ ਤੋਂ 12ਵੀਂ ਮਾਤਰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦਾ ਟੁਕੜਾ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 9ਵੀਂ ਤੋਂ 8ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਬਿਲਾਵਲੁ ਮਹਲਾ ੫॥ (੮੪੮)**

**ਹਰਿ ਖੋਜਹੁ ਵਡਭਾਗੀਹੋ ਮਿਲਿ ਸਾਧੂ ਸੰਗੇ ਰਾਮ॥ ਗੁਨ ਗੋਵਿਦ ਸਦ ਗਾਈਅਹਿ ਪਾਰਬ੍ਰਹਮ ਕੈ ਰੰਗੇ ਰਾਮ॥ ਸੋ ਪ੍ਰਭੁ ਸਦ ਹੀ ਸੇਵੀਐ ਪਾਈਅਹਿ ਫਲ ਮੰਗੇ ਰਾਮ॥ ਨਾਨਕ ਪ੍ਰਭ ਸਰਨਾਗਤੀ ਜਪਿ ਅਨਤ ਤਰੰਗੇ ਰਾਮ॥੧॥**

ਪਦ ਅਰਥ:-ਵਡਭਾਗੀਹੋ-ਹੇ ਵਡ੍ਹੇ ਭਾਗਾਂ ਵਾਲਿਓ! ਮਿਲਿ-ਮਿਲ ਕੇ। ਸੇਵੀਐ-ਸੇਵਾ ਭਗਤੀ ਕਰਨੀ ਚਾਹੀਦੀ ਹੈ। ਪਾਈਅਹਿ-ਮਿਲ ਜਾਂਦੇ ਹਨ। ਪ੍ਰਭ ਸਰਣਾਗਤੀ-ਪ੍ਰਭੂ ਦੀ ਸਰਨ ਪਿਆ ਰਹੁ। ਅਨਤ-ਅਨੰਤ, ਅਨੇਕਾਂ। ਤਰੰਗੇ-ਲਹਿਰਾਂ। ਅਨਤ ਤਰੰਗੇ-ਅਨੇਕਾਂ ਲਹਰਾਂ ਦਾ ਮਾਲਕ ਪ੍ਰਭੂ।

## ਰਾਗੁ ਬਿਲਾਵਲੁ ਮੰਗਲ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸਂ | - | ਧ | ਪ | ਮ | ਗ | ਰ | ਗ |
| | | | | | | | | ਹ | S | ਰਿ | S | ਖੋ | S | ਜ | ਹੁ |
| ਪ | ਮ | ਗ | ਰ | ਸ | ਧ਼ | ਸ | - | ਸ | ਰ | ਗ | ਮ | ਰ | ਗ | ਮ | ਪ |
| ਵ | ਡ | ਭਾ | ਗੀ | ਹੋ | S | S | S | ਮਿ | S | ਲਿ | S | ਸਾ | S | ਧੂ | S |
| ਧ | ਸਂ | ਧ | ਪ | ਧ | ਪ | ਮ | ਗ | | | | | | | | |
| ਸਂ | S | ਗੇ | S | ਰਾ | S | ਮ | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | - | ਧ | ਪ | ਧ | - | ਪ | ਧ |
| | | | | | | | | ਗੁ | S | ਨ | S | ਗੋ | S | ਵਿ | ਦ |
| ਸਂ | ਰਂ | ਸਂ | - | ਧ | ਧ | ਸਂ | ਸਂ | ਰਂ | ਗਂ | ਮਂ | ਗਂ | ਰਂਰਂ | ਰਂ | ਸਂ | - |
| ਸ | S | ਦ | S | ਗਾ | ਈ | ਅ | ਹਿ | ਪਾ | S | ਰ | S | ਬ੍ਰਹ | ਮ | ਕੈ | S |
| ਧ | ਸਂ | ਧ | ਪ | ਮ | ਗ | ਰਸ | ਧ਼ਸ | | | | | | | | |
| ਰਂ | S | ਗੇ | S | ਰਾ | S | ਮS | SS | | | | | | | | |
| x | | | | 2 | | | | 0 | | | | 3 | | | |

ਤਾਨਾਂ ਤੇ ਤਿਹਾਈਆਂ ਪਹਿਲੀ ਤੀਨ ਤਾਲ ਬੰਦਸ਼ ਵਾਲੀਆਂ ਹਨ।

## ਛੰਤ ਬਿਲਾਵਲੁ ਮਹਲਾ ੪ ਮੰਗਲ ੴ ਸਤਿਗੁਰ ਪ੍ਰਸਾਦਿ॥ (੮੪੪)

**ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ॥ ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ॥ ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ॥ ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ॥੧॥**

ਪਦ ਅਰਥ:-ਸੇਜੈ-ਸੇਜ ਉੱਤੇ। ਰਲੀਆ-ਰਲੀਆਂ ਮਿਲਾਪ ਦਾ ਸੁਆਦ। ਵਡਭਾਗੀਆ-ਵੱਡੇ ਭਾਗਾਂ ਵਾਲੀਆਂ। ਮਸਤਕਿ-ਮੱਥੇ ਉੱਤੇ। ਮਾਣਾ-ਮਾਣਕ, ਮੋਤੀ। ਸੋਹਾਗੁ-ਖਸਮ। ਭਾਣਾ-ਪਿਆਰਾ ਲੱਗਾ।

## ਰਾਗੁ ਬਿਲਾਵਲੁ ਮੰਗਲ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰ | ਗ | ਮ | ਪ | ਧਧ | ਸੰ | ਧ | ਪ | ਮ | ਗ | ਰ | ਸ |
| ਮੇ | ਰਾ | ਹ | ਰਿ | ਪ੍ਰ | ਭੁ | ਸੇ | ਜੈ | ਆ | ਇ | ਆ | S |
| ਸ | ਧ਼ | ਸ | ਰ | ਗ | ਮ | ਰ | ਗ | ਧਸੰ | ਧਪ | ਮਗ | ਰਸ |
| ਮ | ਨੁ | ਸੁ | ਖਿ | ਸ | ਮਾ | ਣਾ | S | ਰਾS | SS | ਮS | SS |
| x | | 0 | | 2 | | 0 | | 3 | | 4 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਪ | ਧ | ਧ | ਸੰ | ਸੰ | ਰੰਰੰ | ਸੰ | ਗੰਰੰ | ਮੰਗੰ | ਰੰ | ਸੰ |
| ਗੁ | ਰਿ | ਤੁ | ਠੈ | ਹ | ਰਿ | ਪ੍ਰ | ਭੁ | ਪਾS | ਇS | ਆ | S |
| ਧ | ਸੰ | ਧ | ਪ | ਮ | ਗ | ਰਗ | ਮ | ਪ | ਮਗ | ਰ | ਸ |
| ਰੰ | ਗਿ | ਰ | ਲੀ | ਆ | S | ਮਾS | S | ਣਾ | ਰਾS | S | ਮ |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਰ ਗਰ ਗਮ ਪਮ ਧਪ ਮਗ ਧਸੰ ਧਪ ਮਪ ਮਗ ਰਸ ਧ਼ਸ
2) ਰਗ ਮਪ ਧਪ ਮਗ ਰਸ ਰਗ ਮਪ ਧਸੰ ਰੰਸੰ ਧਪ ਮਗ ਰਸ
3) ਗਰ ਮਗ ਰਸ ਗਰ ਮਗ ਧਪ ਮਗ ਰਸ ਧਸੰ ਧਪ ਮਗ ਰਸ

**ਤਿਹਾਈਆਂ:-**

1) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ 8ਵੀਂ ਮਾਤਰ ਬਰਾਬਰ ਲੈ ਕੇ ਫਿਰ 7ਵੀਂ-8ਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਾਤਰ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

### (ਛੰਤ ਬਿਲਾਵਲੁ ਮਹਲਾ ੪ ਮੰਗਲ) (੮੪੪)

**ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ॥ ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ॥ ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ॥ ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ॥੨॥**

ਪਦ ਅਰਥ:-ਆਪੈ-ਆਤਮਾ ਵਿਚ। ਆਪੁ-ਆਪਾ-ਭਾਵ। ਜਾਪੈ-ਜਪਦਾ ਹੈ। ਰਾਪੈ-ਰੰਗਿਆ ਜਾਂਦਾ ਹੈ। ਹਰਿ ਰਸਿ-ਹਰਿ ਨਾਮ-ਰਸ ਦੀ ਬਰਕਤਿ ਨਾਲ। ਧ੍ਰਾਪੈ-ਰੱਜਿਆ ਰਹਿੰਦਾ ਹੈ।

### ਰਾਗੁ ਬਿਲਾਵਲੁ ਮੰਗਲ ਆੜਾ ਚਾਰਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਧ | ਸੰ | ਧ | ਪ | ਮ | ਗ | ਰ | ਗ | ਮ | ਪ | ਮ | ਗ | ਰ | ਸ |
| ਨਿੰ | ਮਾ | ਣਿ | ਆ | S | S | ਹ | ਰਿ | ਮਾ | ਣੁ | ਹੈ | S | S | S |
| ਰ | ਗ | ਮ | ਪਪ | ਮ | ਗ | ਧ | ਪ | ਮ | ਗ | ਰ | ਸ | ਧ਼ | ਸ |
| ਹ | ਰਿ | S | ਪ੍ਰ | S | ਭੁ | ਹ | ਰਿ | ਆ | ਪੈ | ਰਾ | S | ਮ | S |
| x | | 2 | | 0 | | 3 | | 0 | | 4 | | 0 | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਪ | - | ਧ | - | ਧ | ਸੰ | - | ਰੰ | ਸੰ | ਰੰਗੰ | ਮੰਗੰ | ਰੰ | ਸੰ |
| ਗੁ | ਰ | S | ਮੁ | S | ਖਿ | ਆ | S | ਪੁ | S | ਗS | ਵਾS | ਇ | ਆ |
| ਸੰ | ਰੰ | ਸੰ | ਧ | ਧ | ਪ | ਧ | ਸੰ | ਧ | ਪ | ਮ | ਗ | ਰ | ਸ |
| ਨਿ | ਤ | ਹ | ਰਿ | ਹ | ਰਿ | ਜਾ | S | ਪੈ | S | ਰਾ | S | ਮ | S |
| x | | 2 | | 0 | | 3 | | 0 | | 4 | | 0 | |

ਤਾਨਾਂ:-

1) ਸਰ ਗਰ ਮਗ ਰਸ ਰਗ ਮਪ ਧਪ ਮਗ ਰਗ ਮਪ ਧਸੰ ਧਪ ਮਗ ਰਸ
2) ਧਪ ਮਗ ਰਗ ਮਪ ਮਗ ਰਸ ਰਗ ਮਪ ਧਸੰ ਰੰਗੰ ਰੰਸੰ ਧਪ ਮਗ ਰਸ
3) ਰਗ ਮਪ ਧਪ ਮਗ ਰਸ ਰਗ ਮਪ ਧਸੰ ਰੰਗੰ ਮੰਗੰ ਰੰਸੰ ਧਪ ਮਗ ਰਸ

ਤਿਹਾਈਆਂ:-

1) ਪਹਿਲੀ ਤੋਂ 8ਵੀਂ ਮਾਤਰ ਸੱਮ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਰਾਮ ਫਿਰ 7ਵੀਂ-8ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਅਸਥਾਈ ਦਾ ਪਹਿਲਾ ਚੱਕਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 9ਵੀਂ ਤੋਂ 14ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

3) ਪਹਿਲੀ ਤੋਂ ਚੌਥੀ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ 7ਵੀਂ ਤੋਂ 14ਵੀਂ ਮਾਤਰ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਬਿਲਾਵਲੁ ਮਹਲਾ ੪ ਸਲੋਕੁ॥ (੮੪੫)

**ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ॥ ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ॥੧॥**

ਪਦ ਅਰਥਃ-ਲੋੜਿ ਲਹੁ-ਲੱਭ ਲਵੋ। ਮਨਿ-ਮਨ ਵਿਚ। ਵਸੈ-ਆ ਵੱਸਦਾ ਹੈ। ਵਡਵਾਗੁ-ਵਡ੍ਹੇ ਭਾਗਾਂ ਵਾਲਾ। ਗੁਰਿ ਪੂਰੈ-ਪੂਰੇ ਗੁਰੂ ਨੇ। ਲਿਵ-ਸੁਰਤਿ, ਲਗਨ।।

## ਰਾਗੁ ਬਿਲਾਵਲੁ ਮੰਗਲ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸੰਸੰ | ਧਪ | ਮਪ | ਧਪ | ਮਗ | ਰਗ | ਮਗ | ਰ | ਸ | ਧ਼ਸ |
| ਹਰਿ | ਪ੍ਰਭੁ | ਸS | ਜS | ਣੁS | ਲੋS | ਡ਼ਿS | ਲ | ਹੁ | SS |
| ਰਸ | ਧ਼ਸ | ਰਗ | ਮ | ਗ | ਧਸੰ | ਧਪ | ਮਪ | ਮ | ਗ |
| ਮS | ਨਿS | ਵS | ਸੈ | S | ਵS | ਡS | ਭਾS | S | ਗੁ |
| x | | 2 | | | 0 | | 3 | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪ | ਪ | ਧ | - | ਸੰ | ਸੰਰੰ | ਸੰ | ਰੰਗੰ | ਮੰਗੰ | ਰੰਸੰ |
| ਗੁ | ਰਿ | ਪੂ | S | ਰੈ | ਵੇS | ਖਾ | ਲਿS | ਆS | SS |
| ਸੰਰੰ | ਸੰਸੰ | ਧਸੰ | ਧਪ | ਮਗ | ਧਪ | ਮਗ | ਰ | ਗਰ | ਸ |
| ਨਾS | ਨਕ | ਹS | ਰਿS | SS | ਲਿS | ਵS | ਲਾ | SS | ਗੁ |
| x | | 2 | | | 0 | | 3 | | |

ਤਾਨਾਂ:-

1) ਸਰਗਾਮ ਰਗਾਮਪ ਧਪਮਗ ਮਗਰਸ ਰਗਾਮਪ ਧਸੰਰੰਸੰ ਧਪਮਗ ਰਗਾਮਪ ਧਪਮਗ ਰਸਧ਼ਸ

2) ਸਰਗਰ ਗਾਮਪਮ ਰਗਾਮਪ ਮਗਰਸ ਰਗਾਮਪ ਧਸੰਰੰਸੰ ਰੰਗੰਮੰਗੰ ਰੰਰੰਸੰਸੰ ਧਸੰਧਪ ਮਗਰ਼ਸ

**ਤਿਹਾਈਆਂ:-**

1) ਪਹਿਲੀਆਂ 2 ਮਾਤਰਾਂ ਦਾ ਟੁਕੜਾ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਮਾਤਰ ਤੇ ਪਹਿਲੀ-ਦੂਜੀ ਮਾਤਰ ਦਾ ਟੁਕੜਾ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਨੂੰ ਬਰਾਬਰ ਜੋੜ ਕੇ ਇਸ ਤਰ੍ਹਾਂ ਇਹ 4 ਮਾਤਰਾਂ ਸੱਮ ਤੋਂ ਲੈ ਕੇ ਫਿਰ 6ਵੀਂ-7ਵੀਂ ਮਾਤਰ ਨੂੰ 5ਵੀਂ ਮਾਤਰਾਂ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**(ਛੰਤ॥) (੮੪੫)**

**ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ॥ ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ॥ ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ॥ ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ॥੪॥੨॥੪॥**

ਪਦ ਅਰਥ:-ਹਮ-ਅਸੀਂ ਜੀਵ। ਮੁਗਧ-ਮੂਰਖ, ਬੇ-ਸਮਝ। ਧਨੁ ਧੰਨੁ-ਸਲਾਹੁਣ-ਜੋਗ। ਜਿਨਿ-ਜਿਸ ਗੁਰੂ ਨੇ। ਉਰ-ਹਿਰਦਾ। ਸਲਾਹਿ-ਸਿਫਤ ਕਰਿਆ ਕਰ। ਬਲਿਹਾਰੀ-ਸਦਕੇ।

## ਰਾਗੁ ਬਿਲਾਵਲੁ ਮੰਗਲ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਸੰਸੰ | ਧ | ਪਪ | ਧਧ | ਪ | ਮ | ਗ | ਪਪ | ਧ | ਧ | ਸੰ | - | ਰੰ | ਸੰ |
| ਹਮ | ਮੂ | ਰਖ | ਮੁ | ਗ | ਧ | ऽ | ਧਨੁ | ਧੰ | ਨੁ | ਗੁ | ऽ | ਰੂ | ऽ |
| ਰ | ਗ | ਮ | ਗਰ | ਸ | ਧ਼ | ਸ | ਰੰ | ਗੰ | ਮੰ | ਗੰ | ਰੰ | ਸੰ | - |
| ਮਿ | ਲਾ | ਇ | ਆऽ | ऽ | ऽ | ऽ | ਸਾ | ਬਾ | ਸਿ | ਹੈ | ऽ | ऽ | ऽ |
| ਸ | ਰ | ਸ | ਧ਼ | ਸ | ਰ | ਗ | ਸੰ | ਰੰ | ਸੰ | ਧਧ | - | ਪ | - |
| ਹ | ऽ | ਰਿ | ਕਿ | ਰ | ਪਾ | ऽ | ਜਿ | ऽ | ਨਿ | ਹਉ | ऽ | ਮੈ | ऽ |
| ਮ | ਪ | ਮ | ਗ | ਰ | ਸ | - | ਰਗ | ਮ | ਗ | ਰ | ਸ | ਧ਼ | ਸ |
| ਧਾ | ऽ | ਰੀ | ਰਾ | ऽ | ਮ | ऽ | ਮਾऽ | ऽ | ਰੀ | ਰਾ | ऽ | ਮ | ऽ |
| X | | | 2 | | 3 | | X | | | 2 | | 3 | |

# ੨੩-ਰਾਗੁ ਬਿਲਾਵਲੁ ਗੋਂਡ

ਰਾਗੁ ਬਿਲਾਵਲੁ ਗੋਂਡ ਦੇ ਨਾਮ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਰਾਗੁ ਦਾ ਰਾਗੁ ਬਿਲਾਵਲੁ ਤੇ ਰਾਗੁ ਗੋਂਡ ਦੇ ਮਿਸ਼ਰਨ ਤੋਂ ਸਰੂਪ ਬਣਦਾ ਹੈ। ਉੱਤਰੀ ਸੰਗੀਤ ਵਿੱਚ ਰਾਗੁ ਬਿਲਾਵਲੁ ਦਾ ਸਰੂਪ ਸਾਰੇ ਸ਼ੁਧ ਸਵਰਾਂ ਤੇ ਆਧਾਰਿਤ ਹੈ ਤੇ ਇਸ ਨੂੰ ਮੁਖ ਰਾਗ ਮੰਨਿਆ ਜਾਂਦਾ ਹੈ। ਰਾਗੁ ਬਿਲਾਵਲੁ ਦਾ ਵਿਵਰਣ 'ਗੁਰਮਤਿ ਸੰਗੀਤ ਦਰਪਣ' ਭਾਗ-ਦੂਜਾ ਵਿਚ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਦੂਜਾ ਰਾਗ ਗੋਂਡ ਹੈ ਜੋ ਭਾਰਤੀ ਸੰਗੀਤ ਦੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਤੇ ਬਹੁਤ ਘਟ ਸੁਣਨ ਗੋਚਰਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਵਿਚ ਬਾਣੀ ਰਚਿਤ ਹੈ। ਰਾਗੁ ਗੋਂਡ ਦਾ ਪਰੀਚੈ 'ਗੁਰਮਤਿ ਸੰਗੀਤ ਦਰਪਣ' ਭਾਗ-ਦੂਜਾ ਵਿਚ ਪੰਨਾ ੩੫ ਤੋਂ ਪਹਿਲਾਂ ਹੀ ਦਿੱਤਾ ਜਾ ਚੁਕਾ ਹੈ। ਰਾਗੁ ਬਿਲਾਵਲੁ ਗੋਂਡ ਦਾ ਮਿਸ਼ਰਤ ਸਰੂਪ ਭਾਰਤੀ ਸੰਗੀਤ ਵਿਚ ਪ੍ਰਚਾਰ ਵਿਚ ਨਹੀਂ ਹੈ ਪਰ ਗੁਰਮਤਿ ਸੰਗੀਤ ਦੇ ਕੁਝ ਵਿਦਵਾਨਾਂ ਨੇ ਇਸ ਮਿਸ਼ਰਤ ਰਾਗ ਬਾਰੇ ਜਾਣਕਾਰੀ ਦਿੱਤੀ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋ. ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿੱਚ ਰਾਗੁ ਬਿਲਾਵਲੁ ਗੋਂਡ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਹੈ। ਇਸ ਰਾਗ ਵਿੱਚ ਦੋ ਨਿਸ਼ਾਦ ਬਾਕੀ ਸਵਰ ਸ਼ੁਧ ਲਗਦੇ ਹਨ। ਇਸ ਦੀ ਜਾਤੀ ਵਕਰ ਸੰਪੂਰਨ ਹੈ। ਵਾਦੀ ਗੰਧਾਰ ਤੇ ਧੈਵਤ ਸੰਵਾਦੀ ਹੈ ਤੇ ਗਾਇਣ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਵਿੱਚ ਗ ਰ ਮ ਗ ਦੇ ਪ੍ਰਯੋਗ ਨਾਲ ਗੋਂਡ ਸਾਰੰਗ ਦੀ ਝਲਕ ਵੀ ਦਿਖਾਈ ਦਿੰਦੀ ਹੈ। ਇਸ ਰਾਗ ਨੂੰ ਅਲਹੀਆ ਬਿਲਾਵਲ ਤੋਂ ਵੱਖ ਕਰਨ ਲਈ ਪ ਗ ਪ ਪ ਨੁ ਨੁ ਧ ਧ ਪ ਪ ਗਮ ਰਮ ਗ ਅਤੇ ਗ ਪ ਸੰ ਧਸੰ ਤੇ ਮਗ ਰ ਗ ਮ ਗ ਰ ਨ਼ ਰ ਸ ਦਾ ਪ੍ਰਯੋਗ ਕੀਤਾ ਜਾਂਦਾ ਹੈ। ਆਰੋਹ - ਸ, ਗ ਮ ਗ ਰ, ਮ ਗ, ਗ ਪ ਧ ਨ ਸੰ। ਅਵਰੋਹ ਸੰ, ਨ ਸੰ, ਧ ਪ, ਗ ਪ ਮ ਗ, ਰ ਗ ਮ ਗ ਰ, ਨ਼ ਰ ਸ। ਮੁਖ ਅੰਗ- ਗ ਪ ਨੁ ਨੁ ਧ ਪ, ਗ ਮ ਗ ਰ ਮ ਗ, ਰ, ਨ਼ ਰ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਰਾਗੁ ਬਿਲਾਵਲੁ ਗੋਂਡ, ਥਾਟ-ਬਿਲਾਵਲ, ਜਾਤੀ-ਵਕਰ ਸੰਪੂਰਨ, ਸਮਾਂ- ਦਿਨ ਦਾ ਦੂਜਾ ਪਹਿਰ, ਵਾਦੀ-ਗੰਧਾਰ, ਸੰਵਾਦੀ-ਧੈਵਤ ਤੇ ਪ੍ਰਕ੍ਰਿਤੀ ਗੰਭੀਰ ਹੈ। ਆਰੋਹ-ਸ ਰ ਗ, ਰ ਮ, ਗ ਪ ਨ ਧ ਸੰ। ਅਵਰੋਹ-ਸੰ ਨ ਧ ਪ ਮ ਗ, ਰ ਗ ਮ ਗ, ਮ ਰ ਸ। ਮੁਖ ਅੰਗ-ਸ ਰ ਗ ਰ ਗ, ਮ ਗ ਮ ਰ ਸ, ਸ ਨ਼ ਧ਼ ਪ਼ ਨ਼ ਸ।

ਰਾਗੁ ਬਿਲਾਵਲੁ ਗੋਂਡ ਦਾ ਸਰੂਪ ਆਰੋਹ ਵਿੱਚ ਬਿਲਾਵਲੁ ਤੇ ਅਵਰੋਹ ਵਿੱਚ ਗੋਂਡ ਰਾਗ ਨਿਰਣਾਇਕ ਕਮੇਟੀ ਵਲੋਂ ਸਵੀਕਾਰਿਆ ਗਿਆ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਵੀ ਐਸਾ ਹੀ ਸਰੂਪ ਦਿੱਤਾ ਗਿਆ ਹੈ, ਇੱਥੇ ਵੀ ਰਾਗੁ ਬਿਲਾਵਲੁ ਗੋਂਡ ਦਾ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਗੋਂਡ ਨੂੰ ਸਤਾਰਵਾਂ ਅਸਥਾਨ ਪ੍ਰਾਪਤ ਹੈ। ਰਾਗੁ ਗੋਂਡ ਮੁਖ ਰਾਗ ਦੇ ਅੰਤਰਗਤ ਬਿਲਾਵਲੁ ਗੋਂਡ ਦੇ ਸਿਰਲੇਖ ਹੇਠ ਪੰਨਾ ੮੭੪-੭੫ ਤੇ ਭਗਤ ਨਾਮਦੇਉ ਜੀਉ ਦੇ ਇਕ ਸ਼ਬਦ, 'ਆਜੁ ਨਾਮੇ ਬੀਠਲੁ ਦੇਖਿਆ' ਦੀ ਰਚਨਾ ਹੈ।

**ਪਰੀਚੈ:-**

| | |
|---|---|
| ਰਾਗੁ - ਬਿਲਾਵਲੁ ਗੋਂਡ | ਸਵਰ- ਸਾਰੇ ਸ਼ੁਧ |
| ਵਰਜਿਤ ਸਵਰ - ਕੋਈ ਨਹੀਂ | ਜਾਤੀ - ਸੰਪੂਰਨ-ਵਕਰ ਸੰਪੂਰਨ |
| ਵਾਦੀ- ਗੰਧਾਰ ਸੰਵਾਦੀ-ਧੈਵਤ | ਸਮਾਂ - ਦਿਨ ਦਾ ਤੀਜਾ ਪਹਿਰ |

ਆਰੋਹ - ਸ ਰ ਗ, ਮ ਪ, ਧ ਨ ਸੰ।

ਅਵਰੋਹ- ਸੰ ਨ ਧ ਨ ਪ, ਮ ਗ ਰ ਮ ਗ, ਪ ਰ ਸ

ਮੁਖ ਅੰਗ- ਸ ਰ ਗ ਮ ਪ, ਗ ਰ ਮ ਗ, ਪ ਰ ਸ

**ਸਵਰ ਵਿਸਥਾਰ:-**

1) ਸ, ਸ ਰ ਸ, ਸ ਰ ਗ, ਰ ਗ ਮ, ਗ ਮ ਪ, ਪ ਰ ਸ, ਸ ਨ਼ ਧ਼ ਨ਼ ਪ਼, ਧ਼ ਨ਼ ਸ, ਪ਼ ਧ਼ ਨ਼ ਸ, ਰ ਗ ਮ ਪ, ਪ ਧ ਪ, ਧ ਨ ਪ, ਮ ਗ ਰ ਮ ਗ, ਪ ਰ ਸ।
2) ਸ, ਰ ਗ ਮ ਪ, ਧ ਨ ਪ, ਧ ਨ ਸੰ, ਧ ਨ ਸੰ ਰੰ ਸੰ, ਸੰ ਨ ਧ ਨ ਪ, ਰ ਗ ਮ ਪ, ਪ ਧ ਪ, ਧ ਨ ਪ, ਧ ਪ, ਮ ਗ ਰ ਮ ਗ, ਪ ਰ ਸ
3) ਪ ਧ ਨ ਸੰ, ਧ ਨ ਸੰ ਰੰ ਸੰ, ਗੰ ਰੰ ਮੰ ਗੰ, ਪੰ ਰੰ ਸੰ, ਸੰ ਨ ਧ ਨ ਪ, ਧ ਨ ਸੰ, ਸੰ ਰੰ ਸੰ, ਨ ਧ ਨ ਪ, ਧ ਨ ਪ, ਧ ਪ ਮ ਗ, ਗ ਰ ਮ ਗ, ਪ ਰ ਸ।

**ਬਿਲਾਵਲੁ ਗੋਂਡ॥** (੮੭੪-੮੭੫)

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥ਰਹਾਉ॥ ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥ ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥ ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥ ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥੨॥ ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥

**ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥੩॥ ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥**

ਪਦ ਅਰਥ:- ਆਜੁ-ਅੱਜ, ਇਸ ਜਨਮ ਵਿਚ। ਬੀਠਲੁ-ਪ੍ਰਮਾਤਮਾ। ਸਮਝਾਊ-ਮੈਂ ਸਮਝਾਵਾਂ। ਤੁਮਰੀ ਗਾਇਤ੍ਰੀ-ਇਕ ਬੜਾ ਪਵਿੱਤਰ ਮੰਤਰ (ਜੋ ਗਊ ਦੀ ਜੂਨ ਵਿਚ ਆ ਗਿਆ ਸੀ) ਲੋਧੇ-ਜੱਟਾਂ ਦੀ ਇੱਕ ਜਾਤ ਦਾ ਨਾਉਂ ਹੈ। ਠੇਗਾ-ਸੋਟਾ। ਲਾਂਗਤ-ਲੰਙਾ ਲੰਙਾ ਕੇ। ਮਹਾਦੇਉ-ਸ਼ਿਵ। ਧਉਲੇ-ਚਿੱਟੇ। ਮੋਦੀ-ਭੰਡਾਰੀ। ਵਾ ਕਾ- ਉਸ ਦਾ। ਸਰਬਰ-ਲੜਾਈ। ਜੋਇ-ਇਸਤਰੀ। ਤੁਰਕੁ-ਮੁਸਲਮਾਨ। ਜਹ-ਜਿਸ ਦਾ। ਦੇਹੁਰਾ-ਮੰਦਰ।

## ਰਾਗੁ ਬਿਲਾਵਲੁ ਗੋਂਡ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰ | ਗ | ਮ | ਪ | ਧ | ਪ | ਮ |
| | | | | | | | | ਆ | S | ਜੁ | S | ਨਾ | S | ਮੇ | S |
| ਗ | ਰ | ਮ | ਗ | ਪ | ਰ | ਸ | - | ਧ਼ | ਨ਼ | ਸ | ਸ | ਰ | ਗ | ਮ | ਪ |
| ਬੀ | S | ਠ | ਲੁ | ਦੇ | ਖਿ | ਆ | S | ਮੂ | S | ਰ | ਖ | ਕੋ | S | S | S |
| ਨ | ਧ | ਨ | ਪ | ਰਗ | ਮਪ | ਰ | ਸ | | | | | | | | |
| ਸ | ਮ | ਝਾ | ਊ | ਰੇS | SS | S | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | - | ਧ | ਨ | ਸੰ | ਸੰ | ਰੰ | ਸੰ |
| | | | | | | | | ਪਾਂ | S | ਡੇ | S | ਤੁ | ਮ | ਰੀ | S |
| ਗੰਰੰ | ਮੰਗੰ | ਰੰ | ਸੰ | ਨਨ | ਧ | ਨ | ਪ | ਧ | ਨ | ਸੰ | ਰੰ | ਸੰ | ਨਧ | ਨ | ਪ |
| ਗਾS | SS | ਇ | S | ਤ੍ਰੀ | S | S | S | ਲੋ | S | ਧੇ | S | ਕਾ | SS | ਖੇ | ਤੁ |
| ਗ | ਰ | ਮ | ਗ | ਰਗ | ਮਪ | ਰ | ਸ | | | | | | | | |
| ਖਾ | S | ਤੀ | S | ਥੀS | SS | S | S | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਰ ਗਮ ਰਗ ਮਪ ਧਮ ਪਗ ਮਰ ਸ-

2) ਰਗ ਮਪ ਨਧ ਨਪ ਧਮ ਗਮ ਰਸ ਨ਼ਸ

## ਰਾਗੁ ਬਿਲਾਵਲੁ ਗੋਂਡ

3) ਧਨ ਸੰਰੰ ਸੰਨ ਧਪ ਨਧ ਨਪ ਧਮ ਗਮ

4) ਰਗ ਮਪ ਧਮ ਪਗ ਮਰ ਸ- ਰਗ ਮਪ ਧਨ ਸੰਰੰ ਸੰਨ ਧਪ
ਨਪ ਧਮ ਗਮ ਰਸ

5) ਪਧ ਨਸੰ ਧਨ ਸੰਰੰ ਸੰ- ਨਧ ਨਪ ਗਮ ਸੰਰੰ ਗੰਮੰ ਪੰਰੰ ਸੰ-
ਨਧ ਨਪ ਗਮ ਰਸ

**ਤਿਹਾਈਆਂ:-**

1) ਸੱਮ ਤੋਂ 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਜੋੜ ਕੇ ਸੱਮ ਤੇ ਆਉਣਾ ਹੈ।
2) ਬੰਦਸ਼ ਅਨੁਸਾਰ 9ਵੀਂ ਤੋਂ 12ਵੀਂ ਮਾਤਰ ਸੱਮ ਤੋਂ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਗੋਂਡ॥** (੮੭੩)

**ਨਾਦ ਭ੍ਰਮੇ ਜੈਸੇ ਮਿਰਗਾਏ॥ ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ॥੧॥ ਐਸੇ ਰਾਮਾ ਐਸੇ ਹੇਰਉ॥ ਰਾਮੁ ਛੋਡਿ ਚਿਤੁ ਅਨਤ ਨ ਫੇਰਉ॥੧॥ਰਹਾਉ॥ ਜਿਉ ਮੀਨਾ ਹੇਰੈ ਪਸੂਆਰਾ॥ ਸੋਨਾ ਗਢਤੇ ਹਿਰੈ ਸੁਨਾਰਾ ॥੨॥ ਜਿਉ ਬਿਖਈ ਹੇਰੈ ਪਰ ਨਾਰੀ॥ ਕਉਡਾ ਡਾਰਤ ਹਿਰੈ ਜੁਆਰੀ॥੩॥ ਜਹ ਜਹ ਦੇਖਉ ਤਹ ਤਹ ਰਾਮਾ॥ ਹਰਿ ਕੇ ਚਰਨ ਨਿਤ ਧਿਆਵੈ ਨਾਮਾ॥੪॥੨॥**

ਪਦ ਅਰਥ:- ਨਾਦ-ਆਵਾਜ਼, ਘੰਡੇਹੇੜੇ ਦੀ ਅਵਾਜ਼। ਭ੍ਰਮੇ-ਭਟਕਦਾ ਹੈ, ਦੌੜਦਾ ਹੈ। ਮਿਰਗਾਏ-ਮਿਰਗ, ਹਰਨ। ਵਾ ਕੋ-ਉਸ ਨਾਦ ਦਾ। ਹੇਰਉ-ਮੈਂ ਵੇਖਦਾ ਹਾਂ। ਅਨਤ-ਹੋਰ ਪਾਸੇ। ਨ ਫੇਰਉ-ਮੈਂ ਨਹੀਂ ਫੇਰਦਾ। ਮੀਨਾ-ਮੱਛੀਆਂ। ਪਸੂਆਰਾ-ਮਾਹੀਗੀਰ, ਝੀਵਰ। ਗਢਤੇ-ਘੜਦਿਆਂ। ਹਿਰੈ-ਹੇਰੈ, ਗਹੁ ਨਾਲ ਤੱਕਦਾ ਹੈ। ਬਿਖਈ-ਵਿਸ਼ੱਈ ਮਨੁੱਖ। ਡਾਰਤ-ਸੁੱਟਦਿਆਂ। ਜਹ ਜਹ-ਜਿੱਧਰ ਜਿੱਧਰ।

## ਰਾਗੁ ਬਿਲਾਵਲੁ ਗੋਂਡ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰ | ਗ | ਮ | ਪ | ਧ | ਮ | ਪ | ਗ | ਮ | ਰ | ਪਪ | ਰਸ |
| ਐ | S | ਸੇ | S | ਰਾ | ਮਾ | ਐ | ਸੇ | ਹੇ | S | ਰਉ | SS |
| ਪ | ਧ | ਨ | ਸੰ | ਰੰ | ਸੰ | ਨ | ਧ | ਨ | ਪ | ਧ | ਮਮ |
| ਰਾ | ਮੁ | ਛੋ | ਡਿ | ਚਿ | ਤੁ | ਅ | ਨ | ਤ | ਨ | ਫੇ | ਰਉ |
| x | | 0 | | 2 | | 0 | | 3 | | 4 | |

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | - | ਧ | ਨਨ | ਸੰ | ਰੰ | ਸੰ | ਸੰ | ਗੰਰੰ | ਮੰਗੰ | ਪੰਰੰ | ਸੰ |
| ਨਾ | ऽ | ਦ | ਭੂ | ਮੇ | ऽ | ਜੈ | ਸੇ | ਮਿऽ | ਰऽ | ਗਾऽ | ਏ |
| ਧਧ | ਨ | ਸੰ | ਸੰ | ਨ | ਧ | ਨ | ਪ | ਧ | ਮ | ਗ | ਮ |
| ਪ੍ਰਾ | ਨ | ਤ | ਜੇ | ਵਾ | ਕੋ | ਧਿ | ਆ | ਨੁ | ਨ | ਜਾ | ਏ |
| x | | 0 | | 2 | | 0 | | 3 | | 4 | |

ਤਾਨਾਂ:-

1) ਸਰ ਗਮ ਰਗ ਮਪ ਧਨ ਸੰਸੰ ਨਧ ਨਪ ਧਮ ਗਮ ਪਪ ਰਸ

2) ਪਧ ਨਸੰ ਧਨ ਸੰਰੰ ਸੰਸੰ ਨਸੰ ਨਧ ਨਪ ਗਰ ਮਗ ਪਰ ਸ-

3) ਰਗ ਮਗ ਰਗ ਮਪ ਧਨ ਸੰਰੰ ਸੰ- ਨਸੰ ਨਧ ਨਪ ਧਮ ਗਮ

ਤਿਹਾਈਆਂ:-

1) ਪਹਿਲੀ ਤੋਂ ਛੇਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਪੰਜਵੀਂ-ਛੇਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਸ਼ਬਦ-'ਆਜੁ ਨਾਮੇ ਬੀਠਲੁ ਦੇਖਿਆ' ਤੀਨ ਤਾਲ ਬੰਦਸ਼ ਵਾਲਾ ਹੈ।

## ਰਾਗੁ ਬਿਲਾਵਲੁ ਗੋਂਡ ਜਗਪਾਲ ਤਾਲ ਮਾਤਰਾਂ-11 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| ਪ | ਪ | ਧ | ਨ | ਸੰ | ਨ | ਧ | ਨ | ਪ | ਧਮ | ਗਮ |
| ਆ | ਜੁ | ਨਾ | ऽ | ਮੇ | ਬੀ | ਠ | ਲੁ | ਦੇ | ਖਿऽ | ਆऽ |
| ਰ | ਗ | ਮ | ਪ | - | ਮਗ | ਰਮ | ਗ | ਪ | ਰ | ਸ |
| ਮੂ | ਰ | ਖ | ਕੋ | ऽ | ਸऽ | ਮऽ | ਝਾ | ਊ | ਰੇ | ऽ |
| x | | | | | 2 | | 3 | | 4 | |

ਰਾਗੁ ਬਿਲਾਵਲੁ ਗੋਂਡ

## ਅੰਤਰਾ

| | | | | | | | | | | |
|---|---|---|---|---|---|---|---|---|---|---|
| ਪ | ਪ | ਧ | ਨ | ਸੰ | ਸੰ | - | ਸੰਰੰ | ਸੰ | ਨਧ | ਨਪ |
| ਪਾਂ | ਡੇ | ਤੁ | ਮ | ਰੀ | ਗਾ | S | ਇS | S | ਤ੍ਰੀ | SS |
| ਧ | ਨ | ਸੰ | ਨਧ | ਨਪ | ਰਗ | ਰਮ | ਗ | ਪ | ਰ | ਸ |
| ਲੋ | ਧੇ | ਕਾ | ਖੇS | ਤੁS | ਖਾS | SS | ਤੀ | S | ਥੀ | S |
| x | | | | | 2 | | 3 | | 4 | |

**ਤਾਨਾਂ:-**

1) ਸਰਗਮ ਰਗਮਪ ਧਮਪਗ ਮਰਸ- ਰਗਮਪ ਧਨਸੰਸੰ ਧਨਸੰਨ ਸੰਰੰਸੰਸੰ ਨਧਨਪ ਧਮਗਮ ਪਰਸਸ

2) ਧਨਸੰਧ ਨਸੰਧਨ ਸੰਰੰਸੰ- ਰੰਗੰਮੰਪੰ ਰੰਰੰਸੰ- ਸੰਨਧਨ ਸੰਰੰਸੰਨ ਧਪਨਧ ਨਪਧਮ ਗਮਪਪ ਰਰਸਸ

**ਤਿਹਾਈਆਂ:-**

1) ਪਹਿਲੀ ਤੋਂ 5ਵੀਂ ਮਾਤਰ ਦਾ ਟੁਕੜਾ ਸੱਮ ਤੋਂ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) 6ਵੀਂ ਤੋਂ 8ਵੀਂ ਮਾਤਰ ਦਾ ਟੁਕੜਾ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

3) ਪਹਿਲਾਂ ਚੌਥੀ-ਪੰਜਵੀ ਮਾਤਰ ਦੇ ਟੁਕੜੇ ਨੂੰ ਚੌਥੀ ਮਾਤਰ ਤੇ ਲੈਣਾ ਹੈ। ਆ ਜ ਨਾ Sਮੇ ਇਹ 4 ਮਾਤਰਾਂ ਸੱਮ ਤੋਂ ਬਰਾਬਰ ਲੈ ਕੇ ਫਿਰ 6ਵੀਂ ਤੋਂ 11ਵੀਂ ਮਾਤਰ ਦਾ ਟੁਕੜਾ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਗੋਂਡ॥ (੮੭੦)

ਨਰੂ ਮਰੈ ਨਰੁ ਕਾਮਿ ਨ ਆਵੈ॥ ਪਸੂ ਮਰੈ ਦਸ ਕਾਜ ਸਵਾਰੈ॥੧॥ ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥ ਮੈ ਕਿਆ ਜਾਨਉ ਬਾਬਾ ਰੇ॥੧॥ਰਹਾਉ॥ ਹਾਡ ਜਲੇ ਜੈਸੇ ਲਕਰੀ ਕਾ ਤੂਲਾ॥ ਕੇਸ ਜਲੇ ਜੈਸੇ ਘਾਸ ਕਾ ਪੂਲਾ॥੨॥ ਕਹੁ ਕਬੀਰ ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥੩॥੨॥

ਪਦ ਅਰਥ:-ਨਰੁ-ਮਨੁੱਖ। ਦਸ ਕਾਜ-ਕਈ ਕੰਮ। ਤੂਲਾ-ਗੱਠਾ। ਘਾਸ-ਘਾਹ। ਪੂਲਾ-ਮੁੱਠਾ। ਜਾਗੈ-ਮੰਦੇ ਕਰਮਾਂ ਵਲੋਂ ਜਾਗ ਆਉਂਦੀ ਹੈ। ਡੰਡੁ-ਡੰਡਾ। ਮੂੰਡ ਮਹਿ-ਸਿਰ ਉੱਤੇ।

## ਰਾਗੁ ਬਿਲਾਵਲੁ ਗੋਂਡ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਰ | ਗ | ਮ | ਗਗ | ਮ | ਪ | ਪਪ | ਪ | ਧ | ਨ | ਸੰ | - | ਰੰ | ਸੰ |
| ਅ | ਪ | ਨੇ | ਕਰ | ਮ | ਕੀ | ਗਤਿ | ਨ | ਰੂ | S | ਮ | S | ਰੈ | S |
| ਗਰ | ਮ | ਗ | ਪ | - | ਰਰ | ਸ | ਸੰਰੰ | ਗੰ | ਮੰ | ਰੰ | - | ਸੰ | ਸੰ |
| ਮੈS | ਕਿ | ਆ | ਜਾ | S | ਨਉ | S | ਨਰੁ | ਕਾ | ਮਿ | ਨ | S | ਆ | ਵੈ |
| ਪ | ਧ | ਨ | ਸੰ | - | ਨਨ | ਸੰ | ਪ | ਧ | ਨ | ਸੰ | ਨਧ | ਨ | ਪ |
| ਮੈ | ਕਿ | ਆ | ਜਾ | S | ਨਉ | S | ਪ | ਸੂ | S | ਮ | SS | ਰੈ | S |
| ਨ | ਧ | ਨ | ਪ | ਧ | ਮ | ਗਮ | ਮਗ | ਰਮ | ਗ | ਪ | ਰ | ਸ | - |
| ਬਾ | S | ਬਾ | ਰੇ | S | S | SS | ਦਸ | ਕਾS | ਜ | ਸ | ਵਾ | ਰੈ | S |
| x | | | 2 | | 3 | | x | | | 2 | | 3 | |

# ੨੪-ਰਾਗੁ ਰਾਮਕਲੀ ਦਖਣੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਦਖਣੀ ਰਾਗਾਂ ਵਿੱਚ ਬਾਣੀ ਦੀ ਰਚਨਾ ਹੈ। ਗਉੜੀ ਦਖਣੀ, ਵਡਹੰਸੁ ਦਖਣੀ, ਬਿਲਾਵਲੁ ਦਖਣੀ ਤੇ ਇਹ ਚੌਥਾ ਰਾਗ ਰਾਮਕਲੀ ਦਖਣੀ ਹੈ। ਮੱਧ ਕਾਲ ਦੇ ਦਖਣੀ ਸੰਗੀਤ ਪੱਧਤੀ ਦੇ ਗ੍ਰੰਥਕਾਰਾਂ ਵਿੱਚੋਂ 'ਸਵਰ ਮੇਲ ਕਲਾਲਿਧੀ' ਦੇ ਕਰਤਾ ਰਾਮਾਮਾਤਯ ਨੇ ਆਪਣੇ ਗ੍ਰੰਥ ਵਿੱਚ ਸ਼ੁਧਰਾਮਕ੍ਰੀ ਮੇਲ ਤੋਂ ਸ਼ੁਧਰਾਮਕ੍ਰੀ ਜਨਯ ਰਾਗ ਮੰਨਿਆ ਹੈ। ਸ਼ੁਧਰਾਮਕ੍ਰਿਆ ਮੇਲ ਦੇ ਸਵਰ ਸ ਰੁ ਗ ਮ॑ ਪ ਧੁ ਨ ਸੰ ਉਹਨਾਂ ਇਸ ਪ੍ਰਕਾਰ ਦਿੱਤੇ ਹਨ। ਪੰਡਿਤ ਸੋਮਨਾਥ ਦੇ 'ਰਾਗ ਵਿਬੋਧ' ਅਨੁਸਾਰ ਸ਼ੁਧਰਾਮਕ੍ਰੀ ਮੇਲ ਹੈ ਤੇ ਸ਼ੁਧਰਾਮਕ੍ਰੀ ਮੇਲ ਦੇ ਹਿੰਦੁਸਤਾਨੀ ਸਵਰ ਸ ਰੁ ਗ ਮ॑ ਪ ਧੁ ਨ ਸੰ ਇਸ ਪ੍ਰਕਾਰ ਦਿੱਤੇ ਹਨ। ਉਹਨਾਂ ਮਾਲਵਗੌਡ ਮੇਲ ਤੋਂ ਰਾਮਕ੍ਰੀ ਜਨਯ ਰਾਗ ਵੀ ਮੰਨਿਆ ਹੈ ਤੇ ਮਾਲਵਗੌਂਡ ਮੇਲ ਦੇ ਹਿੰਦੁਸਤਾਨੀ ਸਵਰ ਇਸ ਪ੍ਰਕਾਰ ਦਿੱਤੇ ਹਨ ਸ ਰੁ ਗ ਮ ਪ ਧੁ ਨ ਸੰ। ਪੰਡਿਤ ਵਿਅੰਕਟਮੁਖੀ ਦੇ 'ਚਤੁਰਦੰਡਪ੍ਰਕਾਸ਼ਿਕਾ' ਅਨੁਸਾਰ ਸ਼ੁਧਰਾਮਕ੍ਰਿਆ ਮੇਲ ਜਨਕ ਤੋਂ ਸ਼ੁਧਰਾਮਕ੍ਰਿਆ ਜਨਯ ਰਾਗ ਹੈ। ਸ਼ੁਧਰਾਮਕ੍ਰੀ ਮੇਲ ਵਿੱਚ ਅੰਤਰ ਗ ਤੇ ਹੋਰ ਸਭ ਸਵਰ ਸ਼ੁਧ ਲਗਦੇ ਹਨ। ਮਹਾਰਾਜਾ ਤੁਲਾਜੀਰਾਵ ਭੌਂਸਲੇ ਦੇ 'ਸੰਗੀਤ ਸਾਰਾਮ੍ਰਿਤ' ਅਨੁਸਾਰ ਸ਼ੁਧ ਰਾਮਕ੍ਰੀ ਜਨਕ ਮੇਲ ਤੋਂ ਸ਼ੁਧ ਰਾਮਕ੍ਰੀ ਜਨਯ ਰਾਗ ਹੈ। ਇਹਨਾਂ ਨੇ ਸ਼ੁਧਰਾਮਕ੍ਰੀ ਜਨਯ ਮੇਲ ਦੇ ਸਵਰ ਸ ਰੁ ਗ ਮ॑ ਪ ਧੁ ਨ ਸੰ ਇਸ ਪ੍ਰਕਾਰ ਦਿੱਤੇ ਹਨ।

ਰਾਗੁ ਰਾਮਕਲੀ ਦਖਣੀ ਦੇ ਸਰੂਪ ਬਾਰੇ ਹੋਰ ਗ੍ਰੰਥਾਂ ਵਿਚੋਂ ਇਸ ਪ੍ਰਕਾਰ ਵਰਨਣ ਮਿਲਦਾ ਹੈ। ਸੰਗੀਤ ਕਾਰਯਾਲਯ ਹਾਥਰਸ ਦੇ 'ਰਾਗ-ਕੋਸ਼' ਪੰਨਾ ੬੪ ਤੇ ਦਖਣੀ ਰਾਗਾਂ ਦੇ ਦਿੱਤੇ ਸਰੂਪਾਂ ਦੀ ਲੜੀ ਨੰਬਰ ੬੯੭ ਤੇ ਰਾਮਕ੍ਰਿਯਾ ਰਾਗ ਨੂੰ ਕਾਮਵਰਧਨੀ ਮੇਲ-ਜਨਯ ਰਾਗ ਮੰਨਿਆ ਹੈ। ਆਰੋਹ- ਸ ਰ ਗ ਮ ਪ ਧ ਨ ਸੰ। ਅਵਰੋਹ- ਸੰ ਨ ਧ ਪ ਮ ਗ ਰ ਸ ਇਸ ਪ੍ਰਕਾਰ ਹੈ। ਕਰਨਾਟਕ ਸੰਗੀਤ ਅੰਕ ਜਨਵਰੀ ੧੯੬੩ ਪੰਨਾ ੧੮੪ ਲੜੀ ਨੰ. ੬੭੩ ਰਾਗ ਰਾਮਕ੍ਰਿਯਾ, ਮੇਲ ਕਾਮਵਰਧਨੀ, ਆਰੋਹ- ਸ ਰ ਗ ਮ ਪ ਧ ਨ ਸੰ। ਅਵਰੋਹ- ਸੰ ਨ ਸੰ ਧ ਪ ਮ ਧ ਮ ਗ ਰ ਸ। ਸ਼੍ਰੀ ਵਿਮਲਾਕਾਂਤ ਰਾਏ ਚੌਧਰੀ ਦੇ 'ਰਾਗ ਵਿਯਾਕਰਣ' ਵਿਚ ਦਖਣੀ ਸੰਗੀਤ ਪੱਧਤੀ ਦੇ ਰਾਗਾਂ ਦੇ ਵਰਣਿਤ ਸਰੂਪਾਂ ਵਿਚ ਪੰਨਾ ੬੦ ਲੜੀ ਨੰ. ੬੫੪ ਰਾਮਕ੍ਰਿਯਾ ਰਾਗ ਦਾ ਵਰਨਣ ਇਸ ਪ੍ਰਕਾਰ ਦਿੱਤਾ ਹੈ। ਮੇਲ-ਕਾਮਵਰਧਨੀ, ਆਰੋਹ - ਸ ਰੁ ਗ ਮ॑ ਪ ਧੁ ਨ ਸੰ। ਅਵਰੋਹ - ਸੰ

ਨ ਧੁ ਪ ਮੰ ਗ ਰੁ ਸ। ਕਾਮਵਰਧਨੀ ਮੇਲ ਦੇ ਉਤਰੀ ਸੰਗੀਤ ਪੱਧਤੀ ਅਨੁਸਾਰ ਪੰਨਾ ੨੪ ਲੜੀ ਨੰ. ੫੧ ਤੇ ਸਵਰ ਸ ਰੁ ਗ ਮੰ ਪ ਧੁ ਨ ਇਸ ਪ੍ਰਕਾਰ ਹਨ।

ਗੁਰਮਤਿ ਸੰਗੀਤ ਦੇ ਖੋਜੀਆਂ ਵਿੱਚੋਂ ਡਾਕਟਰ ਚਰਨ ਸਿੰਘ ਦੇ 'ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ' ਪੰਨਾ ੨੭ ਅਨੁਸਾਰ 'ਰਾਮਕਰੀ' ਤੇ ਰਾਮਕਲੀ ਤਾਂ ਇਕੋ ਗਲ ਹੈ ਪ੍ਰੰਤੂ ਰਾਮਗਿਰੀ ਇਕ ਹੋਰ ਰਾਗਣੀ ਹੈ। ਦਖਣੀ ਰਾਮਕਲੀ ਕੇਵਲ ਗੁਰਮਤਿ ਸੰਗੀਤ ਵਿਚ ਹੀ ਹੈ ਹੋਰਨਾਂ ਮਤਾਂ ਵਿੱਚ ਨਹੀਂ। ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿਚ ਰਾਗ ਰਾਮਕਲੀ ਦਖਣੀ ਦੇ ਸਰੂਪ ਦਾ ਆਧਾਰ ਹੈਦਰਾਬਾਦ ਦਖਣ ਦੇ ਪ੍ਰਸਿੱਧ ਸੰਗੀਤ ਆਚਾਰੀਆ ਪੰਡਿਤ ਅੱਪਾ ਸ਼ਾਸਤਰੀ ਦੇ ਰਚਿਤ ਸੰਸਕ੍ਰਿਤ ਗ੍ਰੰਥ 'ਰਾਗ ਕਲਪਦ੍ਰਮ' ਤੇ 'ਚੰਦ੍ਰਕਾਯਮ' ਹਨ। ਉਹਨਾਂ ਨੇ 'ਚੰਦ੍ਰਕਾਯਮ' ਵਿਚ ਇਸ ਰਾਗ ਦਾ ਸਰੂਪ ਇਸ ਪ੍ਰਕਾਰ ਦਿੱਤਾ ਹੈ। 'ਧਾਵਾਦਨੀ ਰਿ ਸੰਵਾਦਿ ਯਥੋ ਰਿਮਧ ਕੋਮਲਾ।। ਮਨਿ ਵਰਜਿਤਾ ਰੋਹੇ ਪ੍ਰੋਕਤਾ ਰਾਮਕਲੀ ਬੁਧੈ।' ਰਾਗ ਰਾਮਕਲੀ ਦਖਣੀ ਵਿੱਚ ਰਿਸ਼ਭ ਧੈਵਤ ਕੋਮਲ ਹੋਰ ਸਭ ਸਵਰ ਸ਼ੁਧ ਹਨ। ਇਸ ਰਾਗ ਦਾ ਵਾਦੀ ਧੈਵਤ ਸੰਵਾਦੀ ਰਿਸ਼ਭ ਹੈ। ਆਰੋਹ ਵਿਚ ਮਧਿਅਮ ਤੇ ਨਿਸ਼ਾਦ ਵਰਜਿਤ ਹਨ ਤੇ ਜਾਤੀ ਔੜਵ-ਸੰਪੂਰਨ ਹੈ ਤੇ ਸਮਾਂ ਪ੍ਰਾਤਹ ਕਾਲ ਹੈ। ਆਰੋਹ- ਸ, ਰੁ, ਗਪ ਧੁ, ਸਂ। ਅਵਰੋਹ- ਸਂ, ਨ ਧੁ ਪ ਮ ਗ ਰੁ ਰੁ ਸ। ਮੁਖ ਅੰਗ- ਸ ਰੁ, ਗ ਪ ਧੁ ਧੁ ਪ, ਮ ਗ ਰੁ ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਰਾਗੁ ਰਾਮਕਲੀ ਦਖਣੀ ਦਾ ਸਰੂਪ ਪ੍ਰੋਫ਼ੈਸਰ ਤਾਰਾ ਸਿੰਘ ਦੇ ਇਸ ਦਿੱਤੇ ਸਰੂਪ ਜੈਸਾ ਹੀ ਹੈ।

ਰਾਗ ਨਿਰਣਾਇਕ ਕਮੇਟੀ ਨੇ ਰਾਗ ਦੇ ਦਖਣੀ ਸਰੂਪਾਂ ਤੋਂ ਹੀ ਗੁਰਮਤਿ ਸੰਗੀਤ ਦੇ ਦਖਣੀ ਰਾਗਾਂ ਦੇ ਸਰੂਪਾਂ ਨੂੰ ਅਧਾਰ ਮੰਨਿਆ ਹੈ। ਇਥੇ ਵਿਦਵਾਨਾਂ ਨੇ ਦੋ ਵੱਖ-ਵੱਖ ਸਰੂਪ ਇਕ ਰੁ ਧੁ ਕੋਮਲ ਮੰ ਤੀਵਰ ਵਾਲਾ ਤੇ ਦੂਜਾ ਆਰੋਹ ਵਿਚ ਬਿਭਾਸ ਤੇ ਅਵਰੋਹ ਵਿਚ ਭੈਰਵ ਵਾਲਾ ਮੰਨਿਆਂ ਹੈ, ਪਹਿਲੇ ਸਰੂਪ ਲਈ ਜ਼ਿਆਦਾ ਵਿਦਵਾਨ ਸਹਿਮਤ ਹਨ ਪਰ ਇਹਨਾਂ ਦੋਹਾਂ ਸਰੂਪਾਂ ਵਿਚ ਹੀ ਅੱਗੇ ਬੰਦਸ਼ਾਂ ਦਿਤੀਆਂ ਜਾ ਰਹੀਆਂ ਹਨ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਰਾਮਕਲੀ ਨੂੰ ਅਠਾਰਵਾਂ ਅਸਥਾਨ ਪ੍ਰਾਪਤ ਹੈ। ਇਥੇ ਮੁੱਖ ਰਾਗ ਰਾਮਕਲੀ ਦੇ ਅੰਤਰਗਤ ਰਾਮਕਲੀ ਦਖਣੀ ਵਿੱਚ ਬਾਣੀ ਰਚਿਤ ਹੈ। ਸ਼ਬਦ ਰਚਨਾ ਵਿੱਚ ਰਾਮਕਲੀ ਦਖਣੀ ਮਹਲਾ ੧ ਦੇ ਸਿਰਲੇਖ ਹੇਠ ਪੰਨਾ ੯੦੭ ਤੇ ਅਸਟਪਦੀਆਂ ਦੀ ਰਚਨਾ ਵਿੱਚ ਪਹਿਲਾ ਸ਼ਬਦ ੧੦ ਪਦਿਆਂ ਦਾ ਸ਼ਬਦ ਅੰਕ ।।੧੦।।੮।। ਹੈ ਤੇ ਦੂਜਾ ਸ਼ਬਦ ੨੫ ਪਦਿਆਂ ਦਾ ਸ਼ਬਦ ਅੰਕ ।।੨੫।।੯।। ਹੈ।

## ਰਾਗੁ ਰਾਮਕਲੀ ਦਖਣੀ

**ਪਰੀਚੈ:-**

ਰਾਗੁ - ਰਾਮਕਲੀ ਦਖਣੀ　　　　ਮੇਲ -ਕਾਮਵਰਧਨੀ

ਸਵਰ - ਰਿਸ਼ਭ ਧੈਵਤ ਕੋਮਲ ਮਧਿਅਮ ਤੀਵਰ ਹੋਰ ਸ਼ੁਧ

ਵਰਜਿਤ ਸਵਰ - ਕੋਈ ਨਹੀਂ　　　　ਜਾਤੀ - ਸੰਪੂਰਨ-ਸੰਪੂਰਨ

ਵਾਦੀ- ਧੈਵਤ　ਸੰਵਾਦੀ- ਰਿਸ਼ਭ　　　　ਸਮਾਂ - ਸਵੇਰ

ਆਰੋਹ - ਸ ਰੁ, ਗ ਮ॑ ਪ ਧੁ, ਨ ਸੰ　　　　ਅਵਰੋਹ- ਸੰ ਨ ਧੁ, ਪ ਮ॑ ਗ ਰੁ ਰੁ ਸ

ਮੁਖ ਅੰਗ- ਸ ਰੁ, ਗ ਮ॑ ਪ ਧੁ ਧੁ ਪ, ਮ॑ ਗ ਰੁ ਰੁ ਸ

**ਸਵਰ ਵਿਸਥਾਰ:-**

1) ਸ, ਰੁ ਰੁ ਸ, ਨ਼ ਧ਼ੁ ਧ਼ੁ ਪ਼, ਪ਼ ਧ਼ੁ ਪ਼, ਪ਼ ਧ਼ੁ ਨ਼ ਸ, ਸ ਰੁ ਰੁ, ਗ ਰੁ, ਗ ਮ॑ ਪ, ਪ ਧੁ ਧੁ ਪ, ਪ ਧੁ ਪ, ਧੁ ਪ ਮ॑ ਗ, ਗ ਮ॑ ਪ ਧੁ ਪ, ਮ॑ ਪ ਮ॑ ਗ, ਮ॑ ਗ ਰੁ, ਮ॑ ਗ ਰੁ ਸ

2) ਸ ਰੁ ਸ, ਸ ਰੁ ਗ ਗ ਮ॑ ਪ ਧੁ ਪ, ਗ ਮ॑ ਪ ਧੁ, ਨ ਧੁ ਪ, ਪ ਧੁ ਪ ਮ॑ ਗ, ਗ ਮ॑ ਪ ਧੁ ਧੁ ਪ, ਮ॑ ਪ ਧੁ ਪ, ਨ ਧੁ ਪ, ਪ ਧੁ ਨ ਸੰ, ਧੁ ਨ ਸੰ ਰੁੰ ਸੰ, ਸੰ ਨ ਧੁ ਪ, ਪ ਧੁ ਪ, ਗ ਮ॑ ਪ ਧੁ ਪ, ਨ ਧੁ ਪ, ਧੁ ਪ ਮ॑ ਗ, ਪ ਧੁ ਪ ਮ॑ ਗ, ਮ॑ ਗ ਰੁ, ਸ

3) ਪ ਧੁ ਪ, ਪ ਧੁ ਨ ਧੁ ਪ, ਪ ਧੁ ਨ ਸੰ, ਧੁ ਨ ਸੰ ਰੁੰ ਸੰ, ਸੰ ਰੁੰ ਗੰ ਰੁੰ, ਗੰ ਮ॑ੰ ਪੰ ਧੁੰ ਪੰ, ਧੁੰ ਪੰ ਮ॑ੰ ਗੰ, ਮ॑ੰ ਗੰ ਰੁੰ ਸੰ। ਸੰ ਨ ਧੁ ਪ, ਪ ਧੁ ਪ, ਧੁ ਪ ਮ॑ ਪ, ਮ॑ ਗ, ਪ ਮ॑ ਗ ਰੁ, ਮ॑ ਗ ਰੁ ਸ।

### ਰਾਮਕਲੀ ਦਖਣੀ ਮਹਲਾ ੧॥　　　　(੯੦੭)

**ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ॥੧॥ ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥ ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ॥੧॥ਰਹਾਉ॥ ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ॥੨॥ ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ॥੩॥ ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ॥੪॥ ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ॥੫॥ ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ ॥੬॥ ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ॥੭॥ ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ॥੮॥ ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ॥੯॥ ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ॥੧੦॥੮॥**

ਪਦ ਅਰਥ:-ਸਾਚੁ-ਸਦਾ-ਥਿਰ ਪ੍ਰਭੂ। ਲੀਣਾ-ਮਸਤ। ਦਇਆਲੁ-ਦਇਆ ਦਾ ਸੋਮਾ। ਅਹਿਨਿਸਿ-ਦਿਨ-ਰਾਤ। ਗਗਨ-ਅਕਾਸ਼। ਗਗਨ ਪੁਰਿ-ਆਕਾਸ਼ ਮੰਡਲ ਵਿਚ, ਉੱਚੀ ਆਤਮਕ ਅਵਸਥਾ ਵਿਚ। ਸਮੈ-ਇਕੋ ਜਿਹੀ, ਸਰਿ-ਬਰਾਬਰ। ਅਨਹਤ ਸਬਦਿ-ਉਸ ਸ਼ਬਦ (ਦੀ ਧੁਨ) ਵਿਚ ਜੋ ਇਕ-ਰਸ ਹੋ ਰਿਹਾ ਹੈ। ਸਤੁ-ਉਚਾ ਆਚਰਨ। ਕੁਪੀਨ-ਲੰਗੋਟੀ।

ਰਸੀਣਾ-ਰਸੀ ਹੋਈ ਹੈ। ਰਚੁ ਰਾਚੇ-ਜਗਤ ਰਚਨਾ ਰਚੀ ਹੈ। ਲਖਨੁ-ਬਿਆਨ। ਦੀਪਕ-ਦੀਵੇ ਤੋਂ। ਤ੍ਰਿਭਵਣ-ਤਿੰਨਾਂ ਭਵਨਾਂ ਵਿਚ। ਨਿਰਭਉ ਤਾੜੀ-ਨਿਡਰਤਾ ਦੀ ਤਾੜੀ। ਕਿੰਗੁਰੀ ਵਾਈ-ਕਿੰਗਰੀ (ਆਤਮਕ ਜੀਵਨ ਦੀ ਰੌ) ਵਜਾਅ ਦਿੱਤੀ ਹੈ। ਸਖਾਈ-ਸਾਖੀ, ਮਿੱਤਰ।

## ਰਾਗੁ ਰਾਮਕਲੀ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਗ | ਮ॑ | ਪ | - | ਧੁ |
| | | | | | | | | | | | ਮੇ | ਰਾ | ਗੁ | S | ਰੁ |
| ਪਪ | ਪ | ਧੁ | ਪ | ਮ॑ | ਗ | ਪ | ਮ॑ | ਗ | ਰੁ | ਸ | ਸ | ਰੁ | ਗ | ਮ॑ | ਪ |
| ਦਇ | ਆ | ਲੁ | S | ਸੁ | ਦਾ | ਰੰ | ਗਿ | ਲੀ | S | ਣਾ | ਅ | ਹਿ | ਨਿ | S | ਸਿ |
| ਧੁ | ਨ | ਧੁ | ਪ | ਮ॑ | ਪ | ਧੁ | ਪ | ਮ॑ | - | ਗ | ਪ | ਧੁ | ਨ | - | ਸੰ |
| ਰ | S | ਹੈ | S | ਏ | ਕ | ਲਿ | ਵ | ਲਾ | S | ਗੀ | ਸਾ | S | ਚੇ | S | S |
| ਨ | ਧੁ | ਪ | - | ਮ॑ | ਪ | ਮ॑ | ਗ | ਰੁ | - | ਸ | | | | | |
| ਦੇ | S | ਖਿ | S | ਪ | S | ਤੀ | S | ਣਾ | S | S | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਪ | ਧੁ | ਮ॑ | - | ਪ |
| | | | | | | | | | | | ਜ | ਤੁ | ਸ | S | ਤੁ |
| ਧੁ | ਨ | ਸੰ | ਸੰ | ਧੁ | ਨ | ਸੰ | ਸੰਰੁੰ | ਨ | ਨ | ਸੰ | ਸੰ | ਰੁੰ | ਨ | ਸੰ | ਨ |
| ਸੰ | S | ਜ | ਮੁ | ਸਾ | S | ਚੁ | ਦ੍ਰਿ | ੜਾ | ਇ | ਆ | ਸਾ | S | ਚ | S | S |
| ਧੁ | ਧੁ | ਪ | - | ਧੁ | ਪ | ਮ॑ | ਗ | ਰੁ | - | ਸ | | | | | |
| ਸ | ਬ | ਦਿ | S | ਰ | ਸਿ | ਲੀ | S | ਣਾ | S | S | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਰੁ ਗਮ॑ ਪਧੁ ਮ॑ਪ ਧੁਨ ਧੁਪ ਮ॑ਗ ਰੁਸ
2) ਮ॑ਪ ਧੁਪ ਧੁਨ ਸੰਨ ਧੁਪ ਮ॑ਗ ਰੁਰੁ ਸ-
3) ਮ॑ਪ ਧੁਪ ਮ॑ਗ ਰੁਸ ਧੁਨ ਸੰਨ ਧੁਪ ਮ॑ਗ ਧੁਪ ਮ॑ਗ ਰੁਸ
4) ਗਮ॑ ਪਧੁ ਨਧੁ ਪਮ॑ ਗਰੁ ਸ- ਗਮ॑ ਪਧੁ ਨਸੰ ਰੁੰਸੰ ਨਧੁ ਪਮ॑ ਧੁਪ ਮ॑ਗ ਰੁਰੁ ਸ-
5) ਸਰੁ ਗਰੁ ਸਰੁ ਗਮ॑ ਪਧੁ ਪਮ॑ ਗਰੁ ਸਰੁ ਗਮ॑ ਪਧੁ ਨਸੰ ਰੁੰਸੰ ਨਧੁ ਪਮ॑ ਗਰੁ ਸ-

## ਰਾਗੁ ਰਾਮਕਲੀ ਦਖਣੀ

**ਤਿਹਾਈਆਂ:-**

1) 12ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਬੰਦਸ਼ ਅਨੁਸਾਰ ਪਹਿਲੀ ਤੋਂ ਤੀਜੀ ਮਾਤਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 12ਵੀਂ ਤੋਂ ਤੀਜੀ ਮਾਤਰ ਦੋ ਵਾਰ ਬਰਾਬਰ ਲੈ ਕੇ ਫਿਰ 12ਵੀਂ ਤੋਂ 16ਵੀਂ ਮਾਤਰ ਲੈ ਕੇ ਸੱਮ ਤੇ ਆਉਣਾ ਹੈ।

**(ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ) (੯੭੨)**

**ਚੰਦੁ ਸੂਰਜੁ ਦੁਇ ਜੋਤਿ ਸਰੂਪੁ॥ ਜੋਤੀ ਅੰਤਰਿ ਬ੍ਰਹਮੁ ਅਨੂਪੁ॥੧॥ ਕਹੁ ਰੇ ਗਿਆਨੀ ਬ੍ਰਹਮ ਬੀਚਾਰੁ॥ ਜੋਤੀ ਅੰਤਰਿ ਧਰਿਆ ਪਸਾਰੁ॥੧॥ਰਹਾਉ॥ ਹੀਰਾ ਦੇਖਿ ਹੀਰੇ ਕਰਉ ਆਦੇਸੁ॥ ਕਹੈ ਕਬੀਰੁ ਨਿਰੰਜਨ ਅਲੇਖੁ॥੨॥੨॥੧੧॥**

ਪਦ ਅਰਥ:-ਦੁਇ-ਦੋਵੇਂ। ਜੋਤਿ ਸਰੂਪੁ-ਨੂਰ ਦਾ ਸਰੂਪ। ਜੋਤੀ ਅੰਤਰਿ-ਹਰੇਕ ਚਾਨਣ ਦੇਣ ਵਾਲੀ ਸ਼ੈ ਦੇ ਅੰਦਰ। ਅਨੂਪੁ-ਜਿਸ ਵਰਗਾ ਹੋਰ ਕੋਈ ਨਹੀਂ, ਬੇ-ਮਿਸਾਲ। ਰੇ ਗਿਆਨੀ-ਹੇ ਗਿਆਨਵਾਨ ਮਨੁੱਖ! ਬ੍ਰਹਮ ਬੀਚਾਰੁ-ਪ੍ਰਮਾਤਮਾ ਦੀ ਵਿਚਾਰ। ਧਰਿਆ-ਬਣਾਇਆ। ਪਸਾਰੁ-ਜਗਤ-ਰਚਨਾ। ਦੇਖਿ-ਦੇਖ ਕੇ। ਹੀਰਾ-ਚਮਕਦਾ ਕੀਮਤੀ ਪੱਥਰ। ਕਰਉ-ਕਰਉਂ, ਮੈਂ ਕਰਦਾ ਹਾਂ। ਆਦੇਸੁ-ਨਮਸਕਾਰ। ਅਲੇਖੁ-ਜਿਸ ਦੇ ਗੁਣ ਬਿਆਨ ਨਾਂਹ ਕੀਤੇ ਜਾ ਸਕਣ।

### ਰਾਗੁ ਰਾਮਕਲੀ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | ਗ | ਮ̍ | ਪ | ਧੁ | ਪ | ਮ̍ | ਗ |
| | | | | | | | | ਕ | ਹੁ | ਰੇ | S | ਗਿ | ਆ | ਨੀ | S |
| ਰੁਰੁ | ਰੁ | ਗ | ਰੁ | ਸ | ਸ | ਰੁ | ਸ | ਸ | ਰੁ | ਗ | ਮ̍ | ਪ | ਧੁ | ਨ | ਸਂ |
| ਬ੍ਰ | ਹ | ਮ | S | ਬੀ | ਚਾ | ਰੁ | S | ਜੋ | S | ਤੀ | S | ਅੰ | S | ਤ | ਰਿ |
| ਨ | ਧੁ | ਪ | – | ਮ̍ | ਗ | ਰੁ | ਸ | | | | | | | | |
| ਧ | ਰਿ | ਆ | S | ਪ | ਸਾ | ਰੁ | S | | | | | | | | |
| x | | | | 2 | | | | 0 | | | | 3 | | | |

#### ਅੰਤਰਾ

| 9 | 10 | 11 | 12 | 13 | 14 | 15 | 16 |
|---|---|---|---|---|---|---|---|
| ਪ | – | ਧੁ | ਪ | ਧੁ | ਧੁਧੁ | ਨ | ਨ |
| ਚੰ | S | ਦੂ | S | ਸੂ | ਰਜੁ | ਦੁ | ਇ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸੰ | - | ਰੇਂ | ਸੰ | ਧੁ | ਨ | ਸੰ | - | ਸੰ | ਰੇਂ | ਸੰ | - | ਨ | ਧੁ | ਪ | ਪ |
| ਜੋ | S | ਤਿ | S | ਸ | ਰੂ | ਪੁ | S | ਜੋ | S | ਤੀ | S | ਅੰ | S | ਤ | ਰਿ |
| ਮਮ | ਪ | ਧੁ | ਪ | ਮ | ਗ | ਰੁ | ਸ | | | | | | | | |
| ਬ੍ | ਹ | ਮੁ | S | ਅ | ਨੂ | ਪੁ | S | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਰੁ ਗਮ ਪਧੁ ਪਮ ਧੁਪ ਮਗ ਰੁਸ ਨੁਸ
2) ਗਮ ਪਧੁ ਨਸੰ ਨਧੁ ਪਮ ਧੁਪ ਮਗ ਰੁਸ
3) ਮਪ ਧੁਪ ਮਗ ਰੁਸ ਨਨ ਧੁਪ ਮਗ ਰੁਸ
4) ਸਰੁ ਗਮ ਪਧੁ ਪਮ ਗਰੁ ਸਰੁ ਗਮ ਪਧੁ ਨਸੰ ਰੁੰਸੰ ਨਨ ਧੁਪ
ਮਗ ਧੁਪ ਮਗ ਰੁਸ
5) ਪਧੁ ਮਪ ਮਗ ਰੁਸ ਨਨ ਧੁਪ ਮਪ ਮਗ ਰੁਸ ਸੰਰੁੰ ਨਸੰ ਨਨ
ਧੁਪ ਮਪ ਮਗ ਰੁਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਜੋੜ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 8ਵੀਂ ਮਾਤਰ ਦੇ ਪੂਰੇ ਇੱਕ ਚੱਕਰ ਨੂੰ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਮਃ ੫॥ (ਰਾਮਕਲੀ ਕੀ ਵਾਰ ਮਹਲਾ ੫) (੯੫੭)

**ਮੇਰੈ ਅੰਤਰਿ ਲੋਚਾ ਮਿਲਣ ਕੀ ਕਿਉ ਪਾਵਾ ਪ੍ਰਭ ਤੋਹਿ॥ ਕੋਈ ਐਸਾ ਸਜਣੁ ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ ॥ ਗੁਰਿ ਪੂਰੈ ਮੇਲਾਇਆ ਜਤ ਦੇਖਾ ਤਤ ਸੋਇ॥ ਜਨ ਨਾਨਕ ਸੋ ਪ੍ਰਭੁ ਸੇਵਿਆ ਤਿਸੁ ਜੇਵਡੁ ਅਵਰੁ ਨ ਕੋਇ॥੨॥**

ਪਦ ਅਰਥ:-ਲੋਚਾ-ਤਾਂਘ। ਪਾਵਾ-ਪਾਵਾਂ, ਮਿਲਾਂ। ਤੋਹਿ-ਤੈਨੂੰ। ਲੋੜਿ ਲਹੁ-ਲੱਭ ਦਿਉ। ਮੋਹਿ-ਮੈਨੂੰ। ਗੁਰਿ ਪੂਰੈ-ਪੂਰੇ ਗੁਰੂ ਨੇ। ਜਤ-ਜਿਧਰ। ਤਤ-ਉਧਰ। ਸੇਵਿਆ-ਸਿਮਰਿਆ ਹੈ। ਜੇਵਡੁ-ਜੇਡਾ, ਬਰਾਬਰ ਦਾ।

## ਰਾਗੁ ਰਾਮਕਲੀ ਦਖਣੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਸ | ਰੁ | ਗ | ਮ̍ | ਗ | ਗ | ਮ̍ | ਪ | ਮ̍ | ਗ | ਰੁ | ਸ |
| ਮੇ | ਰੈ | ਅੰ | S | ਤ | ਰਿ | ਲੋ | ਚਾ | ਮਿ | ਲ | ਣ | ਕੀ |
| ਮ̍ | ਪ | ਧੁ | ਪ | ਸੰਸੰ | ਨ | ਧੁ | ਪ | ਮ̍ | ਗ | ਰੁ | ਸ |
| ਕਿ | ਉ | ਪਾ | ਵਾ | ਪ੍ਰ | S | ਭ | S | ਤੋ | S | ਹਿ | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਪ | ਧੁ | ਪ | ਧੁ | ਨ | ਸੰ | - | ਰੁੰ | ਗੰ | ਰੁੰ | ਸੰ |
| ਕੋ | ਈ | ਐ | ਸਾ | ਸ | ਜ | ਣੁ | S | ਲੋ | ਝ | ਲ | ਹੁ |
| ਸੰ | ਨ | ਧੁ | ਪ | ਮ̍ਮ̍ | ਪ | ਧੁ | ਪ | ਮ̍ | ਗ | ਰੁ | ਸ |
| ਜੋ | S | ਮੇ | ਲੇ | ਪ੍ਰੀ | S | ਤ | ਮੁ | ਮੋ | S | ਹਿ | S |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਰੁ ਗਰੁ ਗਮ̍ ਧੁਪ ਮ̍ਗ ਰੁਸ ਮ̍ਪ ਧੁਪ ਧੁਨ ਧੁਪ ਮ̍ਗ ਰੁਸ
2) ਮ̍ਪ ਧੁਪ ਮ̍ਪ ਧੁਨ ਧੁਪ ਮ̍ਪ ਧੁਨ ਸੰਨ ਧੁਪ ਮ̍ਗ ਰੁਰੁ ਸਸ
3) ਪਧੁ ਪਪ ਮ̍ਗ ਰੁਸ ਸੰਰੁੰ ਸੰਨ ਧੁਪ ਮ̍ਪ ਧੁਪ ਮ̍ਗ ਰੁਰੁ ਸਸ

**ਤਿਹਾਈਆਂ:-**

1) ਤੀਜੀ ਤੋਂ 6ਵੀਂ ਮਾਤਰ ਦੇ 4 ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਅਠਵੀਂ ਮਾਤਰ ਨੂੰ ਬੰਦਸ਼ ਅਨੁਸਾਰ ਬਰਾਬਰ ਲੈ ਕੇ 7ਵੀਂ-8ਵੀਂ ਮਾਤਰ ਨੂੰ ਦੋ ਵਾਰ ਹੋਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਸ਼ਬਦ-'ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ' ਤੀਨ ਤਾਲ ਬੰਦਸ਼ ਵਾਲਾ ਹੈ।

## ਰਾਗੁ ਰਾਮਕਲੀ ਦਖਣੀ ਮੱਤ ਤਾਲ ਮਾਤਰਾਂ-9 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਪਪ | ਧਪ | ਨਨ | ਧ | ਪ | ਮਪ | ਮਗ | ਰ | ਸ |
| ਮੇਰਾ | ਗੁਰੁ | ਦਇ | ਆ | ਲੁ | ਸਦਾ | ਰੰਗਿ | ਲੀ | ਣਾ |
| ਸਰ | ਗਮ | ਪ | ਧ | ਪ | ਧਨ | ਸੰਨ | ਧ | ਪ |
| ਅਹਿ | ਨਿਸਿ | ਰ | ਹੈ | S | ਏਕ | ਲਿਵ | ਲਾ | ਗੀ |
| ਪਧ | ਨਸੰ | ਨ | ਧ | ਪ | ਮਗ | ਰ | - | ਸ |
| ਸਾS | ਚੇS | ਦੇ | S | ਖਿ | ਪS | ਤੀ | S | ਣਾ |
| x | | 2 | | | 3 | | | |

### ਅੰਤਰਾ

| | | | | | | | | |
|---|---|---|---|---|---|---|---|---|
| ਪਧ | ਪਪ | ਧ | ਨ | ਸੰ | ਸੰਸੰ | ਰੰਰੰ | ਰੰਗੰ | ਰੰਸੰ |
| ਜਤੁ | ਸਤੁ | ਸੰ | ਜ | ਮੁ | ਸਾਚੁ | ਦ੍ਰਿ | ੜਾਇ | ਆS |
| ਸੰਰੰ | ਸੰ | ਨ | ਧ | ਪ | ਧਪ | ਮਗ | ਰ | ਸ |
| ਸਾS | ਚ | ਸ | ਬ | ਦਿ | ਰS | ਸਿS | ਲੀ | ਣਾ |
| x | | 2 | | | 3 | | | |

**ਤਾਨਾਂ:-**

1) ਸਰਗਰ ਗਮਪਪ ਮਗਰਸ ਸਰਗਰ ਗਮਪਧ ਨਸੰਨਧ ਪਧਪਮ ਧਪਮਪ ਮਗਰਸ

2) ਮਪਧਪ ਮਗਰਸ ਮਪਧਪ ਧਨਧਪ ਧਨਸੰਨ ਧਪਧਨ ਸੰਰੰਸੰਨ ਧਪਮਪ ਮਗਰਸ

3) ਧਪਮਪ ਮਗਰਸ ਧਪਮਪ ਧਨਧਪ ਮਪਮਗ ਰਸਧਨ ਸੰਨਧਪ ਧਪਮਪ ਮਗਰਸ

**ਤਿਹਾਈਆਂ:-**

1) ਪਹਿਲੀਆਂ 2 ਮਾਤਰਾਂ ਦੂਜੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) ਤੀਜੀ ਤੋਂ ਪੰਜਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 6ਵੀਂ ਤੋਂ 9ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਰਾਗੁ ਰਾਮਕਲੀ ਦਖਣੀ

**ਸਲੋਕੁ ਮਃ ੫॥(ਰਾਮਕਲੀ ਕੀ ਵਾਰ ਮਹਲਾ ੫) (੯੫੭)**

**ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ॥ ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ ॥ ਇਕਸੁ ਸਤਿਗੁਰ ਬਾਹਰਾ ਧ੍ਰਿਗੁ ਜੀਵਣੁ ਸੰਸਾਰਿ॥ ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ ਜਿਨ ਸਦ ਹੀ ਵਰਤੈ ਨਾਲਿ ॥੧॥**

ਪਦ ਅਰਥ:-ਮੈ-ਮੈਨੂੰ। ਹਉ-ਮੈਂ। ਤਿਸੁ-ਉਸ ਨੂੰ। ਬਾਹਰਾ-ਬਾਝੋਂ। ਧ੍ਰਿਗੁ-ਫਿਟਕਾਰ-ਜੋਗ। ਸੰਸਾਰਿ-ਜਗਤ ਵਿਚ। ਮਿਲਾਇਓਨੁ-ਮਿਲਾਇਆ ਹੈ ਉਸ ਪ੍ਰਭੂ ਨੇ। ਵਰਤੈ-ਰਹਿੰਦਾ ਹੈ।

## ਰਾਗੁ ਰਾਮਕਲੀ ਦਖਣੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਧੁਧੁ | ਪ | ਪਪ | ਮ̍ਮ̍ | ਗ | ਰੁ | ਸ | ਪਪ | ਧੁ | ਪ | ਧੁ | ਨ | ਸੰ | - |
| ਸੁਣਿ | ਸ | ਜਣ | ਪ੍ਰੀ | ऽ | ਤ | ਮ | ਹਉ | ਤਿ | ਸੁ | ਦੇ | ऽ | ਵਾ | ऽ |
| ਸ | ਰੁ | ਰੁ | ਗ | ਮ̍ | ਧੁ | ਪ | ਰੁੰ | ਗੰ | ਰੁੰ | ਸੰ | ਨ | ਧੁ | ਪ |
| ਮੇ | ऽ | ਰਿ | ਆ | ऽ | ऽ | ऽ | ਮ | ऽ | ਨੁ | ਆ | ਪ | ਣਾ | ऽ |
| ਧੁ | ਨ | ਸੰ | ਨ | ਧੁ | ਪ | - | ਧੁ | ਨ | ਸੰ | ਨ | ਧੁ | ਪ | - |
| ਮੈ | ਸ | ਤਿ | ਗੁ | ऽ | ਰੁ | ऽ | ਨਿ | ऽ | ਤ | ਹਿ | ਰ | ਦੈ | ऽ |
| ਮ̍ | ਗ | ਰੁ | ਮ̍ | ਗ | ਰੁ | ਸ | ਧੁ | ਪ | - | ਮ̍ | ਗ | ਰੁ | ਸ |
| ਦੇ | ਹੁ | ऽ | ਦਿ | ਖਾ | ਲਿ | ऽ | ਰ | ਖਾ | ऽ | ਸ | ਮਾ | ਲਿ | ऽ |
| x | | | 2 | | 3 | | x | | | 2 | | 3 | |

## ਰਾਗੁ ਰਾਮਕਲੀ ਦਖਣੀ (ਦੂਜਾ ਪ੍ਰਕਾਰ)

**ਸਵਰ - ਰੁ ਧੁ ਕੋਮਲ ਹੋਰ ਸ਼ੁਧ, ਜਾਤੀ ਔੜਵ- ਸੰਪੂਰਨ। ਵਾਦੀ-ਧੈਵਤ ਸੰਵਾਦੀ-ਰਿਸ਼ਭ, ਸਮਾਂ - ਪ੍ਰਾਤਹ ਕਾਲ, ਆਰੋਹ- ਸ ਰੁ ਗ ਪ ਧੁ ਸੰ ਅਵਰੋਹ- ਸੰ ਨ ਧੁ ਪ ਮ ਗ ਰੁ ਸ। ਮੁਖ ਅੰਗ - ਗ ਪ ਧੁ - ਪ, ਮ ਗ ਰੁ - ਸ।**

**ਸਲੋਕ ਮਹਲਾ ੫॥ (ਰਾਮਕਲੀ ਕੀ ਵਾਰ ਮਹਲਾ ੫) (੯੬੧)**

**ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥ ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥੧॥**

ਪਦ ਅਰਥ:-ਵਿਹਾਵੇ-ਬੀਤ ਜਾਏ। ਚੁਕਨਿ-ਮੁੱਕਦੇ। ਹਾਵੇ-ਹਾਹੁਕੇ।

## ਰਾਗੁ ਰਾਮਕਲੀ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰੁ | ਗ | ਪਪ | ਧੁ | ਪ | ਮ | ਗ |
| | | | | | | | | ਹੋ | ਹੁ | S | ਕ੍ਰਿ | ਪਾ | S | ਲ | S |
| ਰੁ | ਰੁ | ਗ | ਪ | ਮ | ਗ | ਰੁ | ਸ | ਗ | ਪ | ਧੁ | - | ਪ | ਧੁ | ਸਂ | - |
| ਸੁ | ਆ | ਮੀ | S | ਮੇ | S | ਰੇ | S | ਸੰ | S | ਤਾਂ | S | ਸੰ | S | ਗਿ | S |
| ਨ | ਧੁ | ਪ | - | ਮ | ਗ | ਰੁ | ਸ | | | | | | | | |
| ਵਿ | S | ਹਾ | S | ਵੇ | S | S | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | - | ਧੁ | ਪ | ਗ | ਪ | ਧੁ | - |
| | | | | | | | | ਭੁ | S | ਧ | ਹੁ | ਭੁ | S | ਲੇ | S |
| ਸਂ | ਸਂਸਂ | ਸਂ | ਸਂ | ਰੁਂ | ਰੁਂ | ਸਂ | - | ਧੁ | ਸਂ | ਰੁਂ | ਸਂ | ਨ | ਧੁ | ਪ | - |
| ਸਿ | ਜਮਿ | ਜ | ਮਿ | ਮ | ਰ | ਦੇ | S | ਤਿ | S | ਨ | S | ਕ | ਦੇ | ਨ | S |
| ਧੁ | ਪ | ਮ | ਗ | ਰੁ | - | ਸ | - | | | | | | | | |
| ਚੁ | ਕ | ਨਿ | S | ਹਾ | S | ਵੇ | S | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਰੁ ਗਰੁ ਗਪ ਧੁਪ ਧੁਪ ਮਗ ਰੁਰੁ ਸ-
2) ਸਰੁ ਗਪ ਧੁਪ ਧੁਸਂ ਨਨ ਧੁਪ ਮਗ ਰੁਸ
3) ਗਪ ਧੁਪ ਧੁਧੁ ਸਂਨ ਧੁਪ ਮਗ ਰੁਰੁ ਸਸ
4) ਗਪ ਧੁਪ ਮਗ ਰੁਸ ਗਪ ਧੁਪ ਧੁਸਂ ਰੁਂਸਂ ਨਨ ਧੁਪ ਮਗ ਰੁਸ ਧੁਪ ਮਗ ਰੁਰੁ ਸ-

**ਤਿਹਾਈਆਂ:-**

1) ਅਸਥਾਈ ਦਾ ਪਹਿਲਾ ਚੱਕਰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 5ਵੀਂ ਤੋਂ 8ਵੀਂ ਮਾਤਰ ਨੂੰ ਦੋ ਵਾਰ ਹੋਰ ਲੈ ਕੇ ਫਿਰ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ ਚੌਥੀ ਮਾਤਰ ਦੇ 12 ਮਾਤਰਾਂ ਦੇ ਟੁਕੜੇ ਨੂੰ ਦੁਗੁਨ ਵਿਚ ਪਹਿਲੀ ਮਾਤਰ ਤੋਂ ਦੋ ਵਾਰ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿਚ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਰਾਗੁ ਰਾਮਕਲੀ ਦਖਣੀ

### ਸਲੋਕ ਮਃ ੫॥ (ਰਾਮਕਲੀ ਕੀ ਵਾਰ ਮਹਲਾ ੫) (੯੬੩)

**ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ॥ ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ॥੧॥**

ਪਦ ਅਰਥ:-ਰੰਗਿ ਕਸੁੰਭੈ-ਕਸੁੰਭੇ ਫੁਲ ਵਰਗੀ ਮਾਇਆ ਦੇ ਰੰਗ ਵਿਚ। ਕੀਮ-ਕੀਮਤ, ਕਦਰ। ਅਢੁ-ਅੱਧੀ ਦਮੜੀ। ਨ ਲਹਦੀ-ਮੈਂ ਨਹੀਂ ਲੈਂਦੀ, ਮੈਂ ਨਹੀਂ ਹਾਂ।।

### ਰਾਗੁ ਰਾਮਕਲੀ ਦਖਣੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਗ | ਰੁਰੁ | ਸਸ | ਰੁ | ਗ | ਪਪ | ਧੁ | ਪ | ਮ | ਗਗ | ਰੁਰੁ | ਸ |
| ਮਿ | ਤ੍ਰੁ | ਪਿਆ | ਰਾ | ਨਾ | ਨਕ | ਜੀ | ਮੈ | ਛ | ਡਿਗ | ਵਾਇ | ਆ |
| ਗ | ਪ | ਧੁ | - | ਸੰ | ਨ | ਧੁ | ਪ | ਮ | ਗ | ਰੁ | ਸ |
| ਰੰ | S | ਗਿ | S | ਕ | ਸੁੰ | ਭੈ | S | ਭੁ | S | ਲੀ | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪਪ | ਧੁ | ਗ | ਪ | ਧੁ | ਧੁ | ਸੰ | ਸੰ | ਸੰ | ਰੁੰ | ਸੰਸੰ | ਸੰ |
| ਤਉ | ਸ | ਜ | ਣ | ਕੀ | ਮੈ | ਕੀ | ਮ | ਨ | S | ਪਉ | ਦੀ |
| ਸੰਸੰ | ਰੁੰ | ਸੰ | ਨ | ਧੁ | ਪ | ਮ | ਗ | ਰੁ | - | ਸਸ | ਸ |
| ਹਉ | S | ਤੁ | ਧੁ | ਬਿ | ਨੁ | ਅ | ਢੁ | ਨ | S | ਲਹ | ਦੀ |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਰੁ ਗਰੁ ਸਰੁ ਗਪ ਮਗ ਰੁਸ ਸਰੁ ਗਪ ਧੁਪ ਮਗ ਮਗ ਰੁਸ
2) ਗਪ ਧੁਪ ਮਗ ਰੁਸ ਗਪ ਧੁਪ ਧੁਸੰ ਰੁੰਸੰ ਨਨ ਧੁਪ ਮਗ ਰੁਸ
3) ਗਪ ਧੁਗ ਪਧੁ ਗਪ ਧੁਪ ਮਗ ਰੁਸ ਨਨ ਧੁਪ ਗਪ ਮਗ ਰੁਸ

**ਤਿਹਾਈਆਂ:-**

1) ਪਹਿਲੀ ਤੋਂ 8ਵੀਂ ਮਾਤਰ ਬਰਾਬਰ ਲੈ ਕੇ ਫਿਰ 7ਵੀਂ ਤੋਂ 8ਵੀਂ ਮਾਤਰ ਨੂੰ ਦੋ ਵਾਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

# ੨੫-ਰਾਗੁ ਨਟ

ਰਾਗੁ ਨਟ ਭਾਰਤੀ ਸੰਗੀਤ ਦੇ ਕਠਿਨ ਤੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਮੱਧ ਕਾਲ ਦੇ ਸ਼ਾਸਤਰਕਾਰਾਂ ਵਿੱਚੋਂ ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿੱਚ ਮੇਘ ਠਾਠ ਤੋਂ ਸ਼ੁਧ ਨਾਟ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੁਲ ਨੇ 'ਚੰਦ੍ਰੋਦਯ' ਵਿੱਚ ਸ਼ੁਧ ਨਾਟ ਮੇਲ ਤੋਂ ਸ਼ੁਧ ਨਾਟ ਜਨਯ ਰਾਗ ਮੰਨਿਆ ਹੈ। ਇਹਨਾਂ 'ਰਾਗ ਮੰਜਰੀ' ਵਿੱਚ ਵੀ ਸ਼ੁਧ ਨਾਟ ਮੇਲ ਤੋਂ ਸ਼ੁਧ ਨਾਟ ਜਨਯ ਰਾਗ ਮੰਨਿਆ ਹੈ। ਸ੍ਰੀਕੰਠ ਨੇ 'ਰਸ ਕੌਮੁਦੀ' ਵਿੱਚ ਸ਼ੁਧ ਨਾਟ ਮੇਲ ਤੋਂ ਸ਼ੁਧ ਨਾਟ ਜਨਯ ਰਾਗ ਮੰਨਿਆ ਹੈ। ਭਾਵਭਟ ਨੇ 'ਅਨੂਪ ਬਿਲਾਸ' ਵਿੱਚ ੬੭ ਰਾਗਾਂ ਦਾ ਜ਼ਿਕਰ ਕੀਤਾ ਹੈ ਤੇ ਇਹਨਾਂ ਰਾਗਾਂ ਵਿੱਚ ਰਾਗ ਨਟ ਦਾ ਵੀ ਨਾਮ ਦਿੱਤਾ ਹੈ। ਰਾਮਾ ਮਾਤਯ ਨੇ 'ਸਵਰ ਮੇਲ ਕਲਾਨਿਧੀ' ਵਿੱਚ ਸ਼ੁਧ ਨਾਟ ਮੇਲ ਤੋਂ ਸ਼ੁਧ ਨਾਟ ਜਨਯ ਰਾਗ ਮੰਨਿਆ ਹੈ। ਪੰਡਿਤ ਸੋਮਨਾਥ ਨੇ ਆਪਣੇ ਗ੍ਰੰਥ 'ਰਾਗ ਵਿਬੋਧ' ਵਿਚ ਸ਼ੁਧ ਨਾਟ ਮੇਲ ਤੋਂ ਸ਼ੁਧ ਨਾਟ ਜਨਯ ਰਾਗ ਮੰਨਿਆ ਹੈ। ਪੰਡਿਤ ਵਿਯੰਕਟਮੁਖੀ ਨੇ 'ਚਤੁਰਦੰਡਪ੍ਰਕਾਸ਼ਿਕਾ' ਵਿਚ ਨਾਟ ਮੇਲ ਜਨਕ ਤੋਂ ਨਾਟ ਨੂੰ ਜਨਯ ਰਾਗ ਮੰਨਿਆ ਹੈ। ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ ਆਪਣੇ ਗ੍ਰੰਥ 'ਸੰਗੀਤ ਸਾਰਾਮ੍ਰਿਤ' ਵਿੱਚ ਸ਼ੁਧ ਨਾਟ ਮੇਲ ਤੋਂ ਸ਼ੁਧ ਨਾਟ ਜਨਯ ਰਾਗ ਮੰਨਿਆ ਹੈ।

ਪੰਡਿਤ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਕਾ' ਭਾਗ-੫ ਪੰਨਾ ੧੭੯ ਤੇ ਬਿਲਾਵਲ ਥਾਟ ਦੇ ਰਾਗਾਂ ਵਿੱਚ ਨਟ ਦਾ ਪਰੀਚੈ ਦਿੱਤਾ ਹੈ। ਨਟ ਜਾਂ ਨਾਟ ਬਿਲਾਵਲ ਥਾਟ ਤੋਂ ਉਤਪੰਨ ਹੁੰਦਾ ਹੈ। ਇਸ ਦੇ ਅਵਰੋਹ ਵਿਚ ਧੈਵਤ ਤੇ ਗੰਧਾਰ ਸਵਰ ਵਕਰ ਹੁੰਦੇ ਹਨ। ਆਰੋਹ ਸੰਪੂਰਨ ਤੇ ਅਵਰੋਹ ਵਿੱਚ ਕਿਤੇ ਕਿਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਹੁੰਦਾ ਹੈ। ਵਾਦੀ ਮਧਿਅਮ ਤੇ ਸੰਵਾਦੀ ਸ਼ੜਜ ਹੈ। ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਵਿਚ ਮਧਿਅਮ ਸਵਰ ਗੰਧਾਰ ਦੀ ਸੰਗਤੀ ਨਾਲ ਖੁਲ ਕੇ ਜ਼ੋਰਦਾਰ ਲਗਦਾ ਹੈ। ਜਿਵੇਂ ਸ, ਗਮ, ਮ, ਮਪਮ, ਗਮ ਆਦਿ। ਰਗਮਪ, ਸਰਸ ਇਹ ਸਵਰ ਰਾਗ ਵਾਚਕ ਹਨ। ਉਠਾਵ-ਸ, ਗ, ਮ, ਪਗਮ, ਰਗਮਪ, ਮਗ, ਮਰ, ਸ।ਚਲਨ- ਸ, ਗ, ਗਮ, ਮ, ਪਮ, ਗ, ਗ, ਮ, ਪ, ਸੰਧਨਪ, ਮਗ, ਰ, ਗ, ਮਪ, ਸਰਸ। ਰਾਗ ਨਟ ਇਕ ਸੁੰਤਤਰ ਰਾਗ ਹੈ। ਇਹ ਰਾਗ ਹੋਰ ਕਈ ਰਾਗਾਂ ਦੇ ਮਿਸ਼ਰਨ ਦੁਆਰਾ ਪ੍ਰਚਾਰ ਵਿੱਚ ਹੈ ਜਿਵੇਂ ਨਟ ਬਿਹਾਗ ਕਾਮੋਦ ਨਾਟ ਕੇਦਾਰ ਨਾਟ ਆਦਿ।

## ਰਾਗੁ ਨਟ

ਰਾਗ ਨਟ ਦੇ ਸਰੂਪ ਬਾਰੇ ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ 'ਚੰਦ੍ਰਿਕਾ ਸਾਰ' ਸਲੋਕ ਨੰ. ੭੫ ਅਨੁਸਾਰ ਰਾਗ ਨਟ ਇਸ ਪ੍ਰਕਾਰ ਹੈ, 'ਕੋਮਲ ਮਧਿਅਮ ਤੀਖ ਸਬ ਉਤਰਤ ਧਗ ਨ ਲਖਾਏ।। ਸਮ ਸੰਵਾਦੀ ਵਾਦੀ ਤੇ ਨਟ ਛਬੀ ਦੇਤ ਦਿਖਾਏ'। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਦੇ 'ਰਾਗ ਵਿਯਾਕਰਣ' ਅਨੁਸਾਰ, ਰਾਗ-ਨਟ, ਸਵਰ-ਦੋਵੇਂ ਨਿਸ਼ਾਦ ਹੋਰ ਸਭ ਸ਼ੁਧ, ਜਾਤੀ-ਸੰਪੂਰਨ-ਵਕਰ ਸੰਪੂਰਨ, ਵਾਦੀ-ਮ, ਸੰਵਾਦੀ-ਸ। ਸਮਾਂ ਸ਼ਾਮ ਸਤ ਤੋਂ ਦਸ ਵਜੇ। ਆਰੋਹ- ਸ ਰ ਗ ਮ ਪ ਧ ਨ ਸੰ। ਅਵਰੋਹ-ਸੰ ਧ ਨੁ ਪ ਮ ਗ ਮ ਰ ਸ। ਪਕੜ - ਸ ਗ ਮ ਪ, ਧ ਪ, ਮ ਗ ਮ ਰ, ਰ ਗ ਮ ਪ, ਧ ਨ ਸੰ, ਨੁ ਧ ਨੁ ਪ, ਧ ਮ ਪ, ਮ ਗ ਮ ਰ ਸ। ਆਰੋਹ ਸਰਲ ਹੈ ਤੇ ਸ਼ੁਧ ਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਆਰੋਹ ਸ ਤੋਂ ਆਰੰਭ ਕਰਨ ਸਮੇਂ ਰ ਨੂੰ ਵਰਜਿਤ ਵੀ ਕੀਤਾ ਜਾ ਸਕਦਾ ਹੈ ਜਿਵੇਂ ਸ ਗ ਮ ਪ, ਪਰ ਆਰੋਹ ਰ ਤੋਂ ਵੀ ਆਰੰਭ ਕੀਤਾ ਜਾ ਸਕਦਾ ਹੈ ਜਿਵੇਂ ਰ ਗ ਮ ਪ। ਅਵਰੋਹ ਵਿਚ ਕੋਮਲ ਨੁ ਦਾ ਵਕਰ ਪ੍ਰਯੋਗ ਹੈ ਜਿਵੇਂ ਸੰ ਧ ਨੁ ਪ ਮ ਗ ਮ ਰ ਸ। ਕਿਤੇ ਕਿਤੇ ਅਵਰੋਹ ਵਿੱਚ ਨੁ ਦਾ ਪ੍ਰਯੋਗ ਛਡਿਆ ਵੀ ਜਾ ਸਕਦਾ ਹੈ। ਜਿਵੇਂ ਸੰ ਧ ਪ। ਪ ਤੋਂ ਸੰ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ ਜਿਵੇਂ ਰ ਗ ਮ ਪ ਸੰ ਰੰ ਸੰ। 'ਰਾਗ ਕੋਸ਼' ਅਨਸਾਰ ਰਾਗ ਨਟ ਥਾਟ ਬਿਲਾਵਲ ਦਾ ਰਾਗ ਹੈ। ਜਾਤੀ-ਸੰਪਰਨ-ਔੜਵ, ਵਾਦੀ-ਮ, ਸੰਵਾਦੀ-ਸ, ਸਮਾਂ-ਰਾਤ ਦਾ ਦੂਜਾ ਪਹਿਰ ਹੈ। ਆਰੋਹ-ਸ ਰ ਗ ਮ ਪ ਧ ਨ ਸੰ। ਅਵਰੋਹ-ਸੰ ਨ ਪ ਮ ਰ ਸ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਡਾਕਟਰ ਚਰਨ ਸਿੰਘ ਦੇ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੰਨਾ ੨੭ ਅਨੁਸਾਰ, ਹਮੀਰ ਕਲਿਯਾਨ ਦੇ ਮੇਲ ਕਰਕੇ ਨਟ ਬਣਦਾ ਹੈ। ਡਾਕਟਰ ਭਾਈ ਵੀਰ ਸਿੰਘ ਦੇ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੰਨਾ ੩੧ ਅਨੁਸਾਰ ਰਾਗ ਮਾਲਾ ਵਿਚ ਨਟ ਨੂੰ ਮੇਘ ਰਾਗ ਦਾ ਪੁਤਰ ਕਰਕੇ ਲਿਖਿਆ ਹੈ। 'ਜਬਲੀਧਰ ਨਟ ਅਉ ਜਲਧਾਰਾ'।। 'ਬੁਧ ਪ੍ਰਕਾਸ਼ ਦਰਪਣ' ਵਿੱਚ ਮੇਘ ਦਾ ਪੁਤਰ ਲਿਖਿਆ ਹੈ। ਇਕ ਨਟ ਦੀਪਕ ਦੀ ਰਾਗਣੀ ਵੀ ਲਿਖੀ ਹੈ, ਜੋ ਸੰਪੂਰਨ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਰਾਗ ਨਟ ਬਿਲਾਵਲ ਥਾਟ ਆਰੋਹੀ ਵਿਚ ਸਤ ਅਵਰੋਹੀ ਵਿਚ ਛੇ ਸੁਰ ਦਾ ਰਾਗ ਹੈ। ਇਸ ਵਿਚ ਮਧਮ ਵਾਦੀ ਤੇ ਰਿਸ਼ਭ ਸੰਵਾਦੀ ਹੈ। ਇਸ ਵਿੱਚ ਗੰਧਾਰ ਤੇ ਧੈਵਤ ਬਹੁਤ ਕੋਮਲ ਲਗਦੇ ਹਨ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਆਰੋਹੀ- ਸ ਰ ਗ ਮ ਪ ਧ ਨ ਸੰ। ਅਵਰੋਹੀ- ਸੰ ਨ ਧ ਪ ਮ ਰ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਸਰਦਾਰ ਗਿਆਨ ਸਿੰਘ ਐਬਟਾਬਾਦ ਦੇ 'ਗੁਰਬਾਣੀ ਸੰਗੀਤ' ਅਨੁਸਾਰ ਰਾਗ ਨਟ, ਠਾਠ-ਬਿਲਾਵਲ, ਜਾਤੀ-ਸੰਪੂਰਨ-ਔੜਵ, ਵਾਦੀ-ਮ, ਸੰਵਾਦੀ-ਸ, ਸਮਾਂ-ਰਾਤ ਦਾ ਦੂਜਾ ਪਹਿਰ ਹੈ। ਆਰੋਹ-ਸਮ, ਰ ਗ

ਮ ਪ ਨਿ ਧ ਸਂ। ਅਵਰੋਹ-ਸੰਨਸੰ ਧ, ਪ, ਮਗਮ, ਰ ਸ। ਪਕੜ-ਸਗ, ਮ, ਪਗਮ, ਰਗਮਪ, ਮਗ, ਮ, ਸਰਸ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੇ 'ਪ੍ਰਾਚੀਨ ਰੀਤ ਰਤਨਾਵਲੀ' ਅਨੁਸਾਰ ਰਾਗ-ਨਟ, ਬਿਲਾਵਲ ਅੰਗ, ਜਾਤੀ-ਸੰਪੂਰਨ-ਔੜਵ, ਵਾਦੀ-ਮ, ਸੰਵਾਦੀ-ਸ, ਸਮਾਂ-ਰਾਤ ਦਾ ਦੂਜਾ ਪਹਿਰ, ਬੀਰ ਰਸ ਗਾਉਣ ਵਾਸਤੇ ਹੈ। ਆਰੋਹੀ- ਸ ਗ ਮ ਪ, ਪਮਮ, ਮਪ, ਧਨਸੰ। ਅਵਰੋਹੀ-ਸੰ ਧ, ਨ ਪ, ਮ ਪ ਮ ਗ ਮ, ਸ ਰਸ। ਪ੍ਰਿੰਸੀਪਲ ਦਿਆਲ ਸਿੰਘ ਦੇ 'ਗੁਰਮਤਿ ਸੰਗੀਤ ਸਾਗਰ' ਭਾਗ-੪ ਅਨੁਸਾਰ ਰਾਗ ਨਟ, ਥਾਟ-ਬਿਲਾਵਲ, ਜਾਤੀ-ਵਕਰ ਸੰਪੂਰਨ, ਵਾਦੀ-ਮ,ਸੰਵਾਦੀ-ਸ ਤੇ ਸਮਾਂ ਰਾਤ ਦਾ ਦੂਜਾ ਪਹਿਰ। ਵਿਸ਼ੇਸ਼-ਅਵਰੋਹ ਵਿਚ ਧ ਗ ਸਵਰ ਵਕਰ ਰਹਿਣਗੇ। ਆਰੋਹ- ਸ, ਰ ਗ ਮ, ਪ, ਧ ਨ ਸੰ। ਅਵਰੋਹ- ਸੰ, ਨ ਧ ਨ ਪ, ਮ, ਗ ਮ ਰ ਸ। ਮੁਖ ਅੰਗ- ਸ, ਗ ਮ, ਪ ਗ ਮ, ਰ ਗ ਮ ਪ, ਗਮ - ਰ ਸ। ਇਸ ਵਿਚ ਗੰਧਾਰ ਸੁਰ ਦੇ ਸੰਜੋਗ ਨਾਲ ਮਧਮ ਪ੍ਰਬਲ ਰਹਿੰਦਾ ਹੈ। ਚਲਣ- ਸ, ਗਮ, ਮਪ ਮ, ਪ, ਧਨਸੰ, ਨਧ, ਨਪ, ਗਮ, ਰਗ ਮਪ, ਸਰਸ। ਮਧਮ ਤੇ ਵਿਸ਼ੇਸ਼ ਨਿਆਸ ਕਰਨਾ ਹੈ। ਸੰਤ ਸਰਵਣ ਸਿੰਘ ਗੰਧਰਵ ਦੇ 'ਸੁਰ ਸਿਮਰਣ ਸੰਗੀਤ' ਭਾਗ-੭ ਅਨੁਸਾਰ, ਰਾਗ ਸ਼ੁਧ ਨਾਟ, ਥਾਟ-ਬਿਲਾਵਲ, ਸਵਰ-ਦੋਵੇਂ ਨ, ਵਾਦੀ-ਮ, ਸੰਵਾਦੀ-ਸ, ਵਰਜਿਤ ਸਵਰ-ਅਵਰੋਹ ਵਿਚ ਗ-ਧ। ਜਾਤੀ-ਸੰਪੂਰਨ-ਵਕਰ ਔੜਵ, ਗਉਣ ਦਾ ਸਮਾਂ-ਰਾਤ ਦਾ ਦੂਜਾ ਪਹਿਰ ਹੈ। ਆਰੋਹ- ਸ ਰ ਗ ਮ, ਪ ਧ ਨ ਸੰ। ਅਵਰੋਹ- ਸੰ ਨ ਪ, ਧ ਨੁ ਪ, ਮ ਰ ਸ। ਪਕੜ- ਸ, ਰ ਗ ਮ, ਮ, ਪ ਮ, ਗ, ਗ, ਮ ਪ, ਸੰ ਧ ਨੁ ਪ, ਮ ਗ ਰ, ਗ ਮ ਪ, ਸ ਰ ਸ। ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗ-ਨਟ, ਥਾਟ-ਬਿਲਾਵਲ, ਜਾਤੀ-ਵਕਰ ਸੰਪੂਰਨ, ਵਾਦੀ-ਮਧਿਅਮ, ਸੰਵਾਦੀ-ਸ਼ੜਜ, ਸਮਾਂ- ਰਾਤ ਦਾ ਦੂਜਾ ਪਹਿਰ ਹੈ। ਮਧਿਅਮ ਸਵਰ ਪ੍ਰਬਲ ਰਹਿੰਦਾ ਹੈ। ਆਰੋਹ- ਸ, ਗ ਮ, ਪ ਗ ਮ, ਰ ਗ ਮ ਪ, ਧ ਨ ਸੰ। ਅਵਰੋਹ-ਸੰ ਧ, ਨ ਪ, ਮ ਗ, ਰਗ, ਮ ਪ, ਸਰ, ਸ। ਮੁਖ ਅੰਗ- ਸ, ਗ ਗ ਮ, ਪ ਗ ਮ, ਰ ਗ ਮ ਪ ਗ, ਸ ਰ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਬਿਲਾਵਲ ਥਾਟ, ਜਾਤੀ ਸੰਪੂਰਨ-ਔੜਵ ਤੇ ਆਰੋਹ ਵਿਚ ਸ ਗ, ਗ ਮ, ਮ ਪ, ਮ, ਗ ਮ, ਰ ਸ ਵਿਸ਼ੇਸ਼ ਸੁਰ ਸੰਗਤੀ ਇਸ ਰਾਗ ਵਿਚ ਲਈ ਜਾਂਦੀ ਹੈ।

ਰਾਗੁ ਨਟ ਨੂੰ ਇਕ ਸੁਤੰਤਰ ਰਾਗ ਹੀ ਮੰਨਣਾ ਠੀਕ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਸ਼ੁਧ ਸਵਰਾਂ ਵਾਲਾ ਸੰਪੂਰਨ-ਵਕਰ ਸੰਪੂਰਨ ਜਾਤੀ ਦਾ ਸਰੂਪ ਹੀ ਪ੍ਰਵਾਣਿਆ ਗਿਆ ਹੈ। ਇਹੀ ਪ੍ਰਵਾਣਿਤ ਸਰੂਪ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ

ਦਿੱਤਾ ਗਿਆ ਹੈ। ਇੱਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਨਟ ਨਾਰਾਇਣ ਨੂੰ ਮੁਖ ਰਾਗਾਂ ਦੀ ਲੜੀ ਵਿੱਚ ਉਨੀਵਾਂ ਅਸਥਾਨ ਪ੍ਰਾਪਤ ਹੈ। ਇਸ ਮੁਖ ਰਾਗ ਦੇ ਅੰਤਰਗਤ ਪੰਨਾ ੯੮੦ ਨਟ ਪੜਤਾਲ ਮਹਲਾ ੫ ਦੇ ਸਿਰਲੇਖ ਹੇਠ ਸ਼ਬਦ ਅੰਕ ।।੨।।੧।।੧੦।।੧੯।। ਇਕ ਸ਼ਬਦ ਹੈ ਤੇ ਨਟ ਅਸਟਪਦੀਆ ਮਹਲਾ ੪ ਦੇ ਸਿਰਲੇਖ ਹੇਠ ਪੰਨਾ ੯੮੦ ਤੋਂ ੯੮੩ ਸ਼ਬਦ ਅੰਕ ।।੮।।੧।। ਤੋਂ ।।੮।।੬।। ਛੇ ਸ਼ਬਦ ਹਨ।

**ਪਰੀਚੈ:-**

ਰਾਗੁ - ਨਟ
ਥਾਟ - ਬਿਲਾਵਲ
ਸਵਰ - ਸਭ ਸ਼ੁਧ
ਵਰਜਿਤ ਸਵਰ - ਕੋਈ ਨਹੀਂ
ਜਾਤੀ - ਸੰਪੂਰਨ-ਵਕਰ ਸੰਪੂਰਨ
ਵਾਦੀ- ਮਧਿਅਮ
ਸੰਵਾਦੀ - ਸ਼ੜਜ
ਸਮਾਂ - ਰਾਤ ਦਾ ਦੂਜਾ ਪਹਿਰ।

ਆਰੋਹ - ਸ, ਗ ਮ, ਪ ਗ ਮ, ਰ ਗ ਮ ਪ, ਧ ਨ ਸੰ

ਅਵਰੋਹ- ਸੰ ਧ, ਨ ਪ, ਮ ਗ, ਰ ਗ, ਮ ਪ, ਸ ਰ ਸ

ਮੁਖ ਅੰਗ- ਸ ਗ ਮ, ਮ ਪ ਮ, ਗ ਮ, ਰ ਗ ਮ ਪ, ਮ ਗ ਮ, ਸ ਰ ਸ।

**ਸਵਰ ਵਿਸਥਾਰ:-**

1) ਸ, ਸ ਰ, ਰ ਗ ਮ, ਮ ਪ ਮ, ਰ ਗ ਮ ਪ ਮ, ਧ ਪ ਮ ਪ ਮ, ਗ ਮ ਰ ਗ ਮ, ਸ ਰ ਗ ਮ, ਰ ਗ ਮ ਪ ਮ, ਸ ਰ ਸ, ਸ ਧ਼ ਨ਼ ਪ਼, ਪ਼ ਧ਼ ਨ਼ ਸ, ਧ਼ ਪ਼, ਧ਼ ਨ਼ ਸ।

2) ਸ, ਰ ਗ ਮ, ਪ ਰ ਗ ਮ ਪ, ਧ ਪ ਮ, ਪ ਧ ਪ ਮ, ਪ ਮ ਗ ਮ, ਰ ਗ ਮ ਪ, ਪ ਧ ਨ ਪ, ਪ ਧ ਨ ਸੰ, ਧ ਨ ਸੰ ਰੰ ਸੰ, ਸੰ ਧ ਨ ਪ, ਸੰ ਧ ਪ, ਧ ਪ ਮ ਪ ਮ, ਰ ਗ ਮ, ਪ ਮ ਗ ਮ, ਸ ਰ ਸ।

3) ਪ ਧ ਨ ਸੰ, ਪ ਨ ਧ ਨ ਸੰ, ਪ ਸੰ ਰੰ ਸੰ, ਰੰ ਗੰ ਮੰ, ਰੰ ਗੰ ਮੰ ਪੰ, ਮੰ ਪੰ ਮੰ, ਰੰ ਗੰ ਮੰ, ਗੰ ਮੰ ਰੰ ਸੰ, ਸੰ ਧ ਨ ਪ, ਧ ਪ ਮ ਪ ਮ, ਰ ਗ ਮ ਪ ਮ, ਸ ਰ ਸ ਧ਼ ਨ਼ ਸ।

### ਨਟ ਮਹਲਾ ੪॥ (੯੮੩)

ਮੇਰੇ ਮਨ ਭਜੁ ਠਾਕੁਰ ਅਗਮ ਅਪਾਰੇ॥ ਹਮ ਪਾਪੀ ਬਹੁ ਨਿਰਗੁਣੀਆਰੇ ਕਰਿ ਕਿਰਪਾ ਗੁਰਿ ਨਿਸਤਾਰੇ॥੧॥ਰਹਾਉ॥ ਸਾਧੂ ਪੁਰਖ ਸਾਧ ਜਨ ਪਾਏ ਇਕ ਬਿਨਉ ਕਰਉ ਗੁਰ ਪਿਆਰੇ॥ ਰਾਮ ਨਾਮੁ ਧਨੁ ਪੂਜੀ ਦੇਵਹੁ ਸਭੁ ਤਿਸਨਾ ਭੂਖ ਨਿਵਾਰੇ ॥੧॥ ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰੁ ਮੀਨ ਇਕ ਇੰਦ੍ਰੀ ਪਕਰਿ ਸਘਾਰੇ॥ ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ

ਨਿਵਾਰੇ॥੨॥ ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ॥ ਰਾਮ ਨਾਮੁ ਪੜਹੁ ਗਤਿ ਪਾਵਹੁ ਸਤਸੰਗਤਿ ਗੁਰਿ ਨਿਸਤਾਰੇ॥੩॥ ਪ੍ਰੀਤਮ ਪ੍ਰੀਤਿ ਲਗੀ ਪ੍ਰਭ ਕੇਰੀ ਜਿਵ ਸੂਰਜੁ ਕਮਲੁ ਨਿਹਾਰੇ॥ ਮੇਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ॥੪॥ ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ॥ ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ॥੫॥ ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ॥ ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ॥੬॥ ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥ ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ॥੭॥ ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈ ਰਾਖਹੁ ਕਿਰਪਾ ਧਾਰੇ॥ ਨਾਨਕ ਮੈ ਧਰ ਅਵਰ ਨ ਕਾਈ ਮੈ ਸਤਿਗੁਰੁ ਗੁਰੁ ਨਿਸਤਾਰੇ॥੮॥੬॥ਛਕਾ ੧॥

ਪਦ ਅਰਥ:-ਭਜੁ-ਸਿਮਰ, ਯਾਦ ਕਰ। ਅਗਮ-ਅਪਹੁੰਚ। ਨਿਰਗੁਣੀਆਰੇ-ਗੁਣਾਂ ਤੋਂ ਸੱਖਣੇ। ਨਿਸਤਾਰੇ-ਨਿਸਤਾਰ, ਪਾਰ ਲੰਘਾ ਲੈ। ਬਿਨਉ-ਬੇਨਤੀ। ਪੂਜੀ-ਪੂੰਜੀ, ਸਰਮਾਇਆ, ਰਾਸਿ। ਨਿਵਾਰੇ-ਦੂਰ ਕਰ ਦੇਵੇ। ਪਚੈ-ਸੜਦਾ ਹੈ। ਪਤੰਗੁ-ਭੰਭਟ। ਮ੍ਰਿਗ-ਹਰਨ। ਭ੍ਰਿੰਗ-ਭੌਰਾ। ਕੁੰਚਰ-ਹਾਥੀ। ਮੀਨ-ਮੱਛੀ। ਇੰਦ੍ਰੀ-(ਭਾਵ) ਵਿਕਾਰ-ਵਾਸ਼ਨਾ। ਸਘਾਰੇ-ਜਾਨੋ ਮਾਰ ਦਿੱਤੇ। ਪੰਚ ਭੂਤ-ਕਾਮਾਦਿਕ ਪੰਚ ਦੈਂਤ। ਸਬਲ-ਬਲਵਾਨ, ਬਲ ਵਾਲੇ ਬਲੀ। ਗਤਿ-ਉੱਚੀ ਆਤਮਕ ਅਵਸਥਾ। ਕੇਰੀ-ਦੀ। ਨਿਹਾਰੇ-ਵੇਖਦਾ ਹੈ। ਮੇਰ-ਪਹਾੜ। ਉਨਵੈ-(ਵਰ੍ਹਨ ਵਾਸਤੇ) ਝੁਕਦਾ ਹੈ। ਘਨ-ਬਹੁਤ। ਘਨਹਾਰੇ-ਬੱਦਲ। ਸਾਕਤ-ਪਰਮਾਤਮਾ ਨਾਲੋਂ ਟੁੱਟਾ ਹੋਇਆ ਮਨੁੱਖ। ਬਿਸੁਕਾਰੇ-ਜ਼ਹਰੀਲੇ। ਸੇਤੀ-ਨਾਲ। ਬਿਖੁ-ਜ਼ਹਰ। ਖਾਰੇ-ਖਾਰਾ, ਕੌੜਾ। ਪਰਉਪਕਾਰੇ-ਦੂਜਿਆਂ ਦੀ ਭਲਾਈ ਲਈ ਕੀਤੇ ਬਚਨ। ਬਿਗਸੈ-ਖਿੜ ਪੈਂਦਾ ਹੈ। ਸੁਆਨੁ-ਕੁੱਤਾ। ਹਲਕੁ-ਹਲਕਾਇਆ। ਬਿਗਾਰੇ-ਵਿਗਾੜਦਾ ਹੈ। ਦੀਬਾਨਿ-ਕਚਹਿਰੀ। ਖੜਗੁ-ਤਲਵਾਰ। ਧਰ-ਆਸਰਾ। ਨਿਸਤਾਰੇ-ਪਾਰ ਲੰਘਾਦਾ ਹੈ।

## ਰਾਗੁ ਨਟ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਸ | ਗਗ | ਗਗ | ਮ | - | ਮ | ਪ |
| | | | | | | | | ਮੇ | ਰੇ | ਮਨ | ਭਜੁ | ਠਾ | ਸ | ਕੁ | ਰ |
| ਮ | ਮ | ਗ | ਮ | ਸ | ਰ | ਸ | - | ਰ | ਗ | ਮ | ਪ | ਧ | ਨ | ਸਂ | ਸਂ |
| ਅ | ਗ | ਮ | ਸ | ਅ | ਪਾ | ਰੇ | ਸ | ਹ | ਸ | ਮ | ਸ | ਪਾ | ਪੀ | ਬ | ਹੁ |
| ਸਂ | ਧ | ਨ | ਪ | ਮ | ਪ | ਮ | - | ਸਂ | - | ਧ | ਪ | ਮ | ਗ | ਮ | - |
| ਨਿ | ਰ | ਗੁ | ਣੀ | ਆ | ਸ | ਰੇ | ਸ | ਕ | ਸ | ਰਿ | ਸ | ਕਿ | ਰ | ਪਾ | ਸ |
| ਰ | ਗ | ਮ | ਪ | ਮਗ | ਮ | ਸਰ | ਸ | | | | | | | | |
| ਗੁ | ਰਿ | ਨਿ | ਸ | ਤਾਸ | ਸ | ਰੇਸ | ਸ | | | | | | | | |
| x | | | | 2 | | | | 0 | | | | 3 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | - | ਸੰ | - | ਸੰ | ਰੰ | ਸੰ | - |
| | | | | | | | | ਸਾ | S | ਧੂ | S | ਪੁ | ਰ | ਖ | S |
| ਸੰ | ਸੰ | ਗੰ | ਗੰ | ਮੰ | ਰੰ | ਸੰ | - | ਸੰ | ਧ | ਨ | ਪ | ਮ | ਪਪ | ਮ | ਮਮ |
| ਸਾ | ਧ | ਜ | ਨ | ਪਾ | S | ਏ | S | ਇ | S | ਕ | S | ਬਿ | ਨਉ | ਕ | ਰਉ |
| ਰ | ਗ | ਮ | ਪ | ਸ | ਰ | ਸ | - | | | | | | | | |
| ਗੁ | S | ਰ | S | ਪਿ | ਆ | ਰੇ | S | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਰ ਸਸ ਗਗ ਮਪ ਮਗ ਮਪ ਸਰ ਸਸ
2) ਰਗ ਮਪ ਧਨ ਸੰ- ਧਨ ਪਪ ਸਰ ਸਸ
3) ਧਨ ਸੰਸੰ ਧਨ ਪਪ ਮਗ ਮਪ ਸਰ ਸ-
4) ਧਨ ਸੰਧ ਨਸੰ ਧਨ ਸੰਸੰ ਰੰਸੰ ਧਨ ਪਪ ਮਪ ਮਮ ਧਪ ਮਮ ਮਪ ਮਮ ਸਰ ਸਸ
5) ਰਗ ਮਪ ਧਪ ਮਪ ਧਨ ਸੰਰੰ ਸੰਸੰ ਰੰਸੰ ਰੰਗੰ ਮੰਪੰ ਸੰਰੰ ਸੰਸੰ ਧਨ ਪਪ ਸਰ ਸਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਲੈ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 8ਵੀਂ ਮਾਤਰ ਦੇ ਪੂਰੇ ਇੱਕ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੋ ਵਾਰ ਹੋਰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਨਟ ਮਹਲਾ ੪॥ (੯੮੨)

ਰਾਮ ਗੁਰ ਸਰਨਿ ਪ੍ਰਭੂ ਰਖਵਾਰੇ॥ ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ॥੧॥ਰਹਾਉ॥ ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ ਮਨਿ ਸਰਧਾ ਕਰਿ ਹਰਿ ਧਾਰੇ॥

**ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ॥੧॥ ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ॥ ਏਕੁ ਪੁਰਖੁ ਇਕੁ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ॥੨॥ ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ ਸਭੁ ਚੇਰੀ ਜਗਤੁ ਸਮਾਰੇ॥ ਆਪਿ ਦਇਆਲੁ ਦਇਆ ਦਾਨੁ ਦੇਵੈ ਵਿਚਿ ਪਾਥਰ ਕੀਰੇ ਕਾਰੇ॥੩॥ ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ॥ ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ॥੪॥ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥ ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ॥ ਜਿਉ ਜਨ ਚੰਦ੍ਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ॥੬॥ ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭ ਜਨ ਕੇ ਸਾਸ ਨਿਹਾਰੇ॥ ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ ਜਗੁ ਨਿਸਤਾਰੇ॥੭॥ ਆਪਨ ਆਪਿ ਆਪਿ ਪ੍ਰਭੁ ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ॥ ਜਨ ਨਾਨਕ ਆਪੇ ਆਪਿ ਸਭੁ ਵਰਤੈ ਕਰਿ ਕ੍ਰਿਪਾ ਆਪਿ ਨਿਸਤਾਰੇ॥੮॥੪॥**

ਪਦ ਅਰਥ:-ਰਾਮ-ਹੇ ਰਾਮ! ਪ੍ਰਭੂ-ਹੇ ਪ੍ਰਭੂ! ਰਖਵਾਰੇ-ਤੂੰ ਰਾਖਾ ਬਣਦਾ ਹੈ। ਕੁੰਚਰੁ-ਗਜ, ਹਾਥੀ। ਤਦੂਐ-ਤੰਦੂਏ ਨੇ। ਪਕਰਿ-ਫੜ ਕੇ। ਊਪਰੁ-ਉੱਚਾ। ਨਿਸਤਾਰੇ-ਬਚਾ ਲਿਆ। ਅਤਿ ਨੀਕੇ-ਬਹੁਤ ਸੋਹਣੇ। ਮਨਿ-ਮਨ ਵਿਚ। ਭਾਵੈ-ਭਾਉਂਦਾ ਹੈ। ਪੈਜ-ਇੱਜ਼ਤ। ਸਭੁ-ਹਰ ਥਾਂ। ਪਸਾਰੇ-ਖਿਲਾਰਾ। ਨਿਹਾਰੇ-ਵੇਖਦਾ ਹੈ। ਰਵਿਆ-ਵਿਆਪਕ ਹੈ। ਠਾਈ-ਥਾਵਾਂ ਵਿਚ। ਸਭੁ ਜਗਤੁ-ਸਾਰਾ ਸੰਸਾਰ। ਚੇਰੀ-ਦਾਸੀ। ਸਮਾਰੇ-ਸੰਭਾਲਦਾ ਹੈ। ਦਾਨੁ ਦੇਵੈ-ਦਾਨ ਦੇਂਦਾ ਹੈ। ਕੀਰੇ ਕਾਰੇ-ਕੀਰੇ ਕਰੇ, ਕੀੜੇ ਪੈਦਾ ਕੀਤੇ। ਵਾਸੁ-ਸੁਗੰਧੀ। ਮੁਸਕਾਈ-ਕਸਤੂਰੀ ਦੀ। ਭ੍ਰਮਿ-ਭੁਲੇਖੇ ਵਿਚ। ਮਿਰਗੁ-ਹਿਰਨ। ਸਿੰਙ੍ਹਾਰੇ-ਸਿੰਙ ਮਾਰਦਾ ਫਿਰਦਾ ਹੈ, ਸੁੰਘਦਾ ਫਿਰਦਾ ਹੈ। ਬਨੁ ਬਨੁ-ਹਰੇਕ ਜੰਗਲ। ਫਿਰਿ-ਫਿਰ ਕੇ, ਭਟਕ ਕੇ। ਗੁਰਿ ਪੂਰੈ-ਪੂਰੇ ਗੁਰੂ ਨੇ। ਘਰਿ-ਘਰ ਵਿਚ। ਅੰਮ੍ਰਿਤੁ-ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਸਾਰੇ-ਸਾਂਭ ਰਖਦਾ ਹੈ। ਪਰਤਖਿ-ਯਕੀਨੀ ਤੌਰ ਤੇ। ਖਾਵਾਰੇ-ਖਾਂਦਾ ਹੈ। ਚੰਦ੍ਹਾਂਸੁ-ਇਕ ਰਾਜੇ ਦਾ ਲੜਕਾ। ਲੂਕੀ-ਅੱਗ ਨਾਲ। ਜਾਰੇ-ਧ੍ਰਿਸਟ ਬੁਧੀ ਆਪਣੇ ਹੀ ਲੜਕੇ ਨੂੰ ਭੁਲੇਖੇ ਨਾਲ ਸਾੜਦਾ ਹੈ। ਰਿਦ-ਹਿਰਦੇ ਵਿਚ। ਨਿਹਾਰੇ-ਤੱਕਦਾ ਹੈ। ਸ੍ਰਿਸਟਿ-ਜਗਤ ਦੁਨੀਆਂ। ਨਿਸਤਾਰੇ-ਪਾਰ ਲੰਘਾਂਦਾ ਹੈ।

## ਰਾਗੁ ਨਟ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਰ | ਗ | ਮ | ਪ | ਮਮ | ਮ | ਪਪ | ਮ | ਸ | ਰ | ਸ | ਸ |
| ਰਾ | ਮ | ਗੁ | ਰ | ਸਰ | ਨਿ | ਪ੍ਰ | ਭੂ | ਰ | ਖ | ਵਾ | ਰੇ |
| ਸ | ਸ | ਗ | ਗਗ | ਮਮ | ਪ | ਗ | ਮ | ਰ | ਗ | ਮਮ | ਪ |
| ਜਿ | ਉ | ਕੁੰ | ਚਰੁ | ਤਦੂ | ਐ | ਪ | ਕ | ਰਿ | ਚ | ਲਾਇ | ਓ |
| ਸੰ | ਧ | ਨ | ਪ | ਮ | ਗ | ਰਗ | ਮ | ਪ | ਸ | ਰ | ਸ |
| ਕ | ਰਿ | ਊ | s | ਪ | ਰੁ | ਕs | ਢਿ | ਨਿ | ਸ | ਤਾ | ਰੇ |
| x | | 0 | | 2 | | 0 | | 3 | | 4 | |

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪਪ | ਪ | ਸੰ | ਸੰ | ਰੰ | ਸੰ | ਰੰਗੰ | ਮੰਪੰ | ਸੰ | ਰੰ | ਸੰ | ਸੰ |
| ਪ੍ਰ | ਭ | ਕੇ | ਸੇ | ਵ | ਕ | ਬਹੁ | ਤੁS | ਅ | ਤਿ | ਨੀ | ਕੇ |
| ਸੰ | ਧ | ਨ | ਪ | ਰ | ਗ | ਮ | ਪ | ਸ | ਰ | ਸ | ਸ |
| ਮ | ਨਿ | ਸ | ਰ | ਧਾ | S | ਕ | ਰਿ | ਹ | ਰਿ | ਧਾ | ਰੇ |
| x | | 0 | | 2 | | 0 | | 3 | | 4 | |

**ਤਾਨਾਂ:-**

| | | | | | | | | | | | | |
|---|---|---|---|---|---|---|---|---|---|---|---|---|
| 1) | ਸਰ | ਗਮ | ਰਗ | ਮਪ | ਧਪ | ਮਪ | ਧ- | ਨਪ | ਗਮ | ਪਪ | ਸਰ | ਸਸ |
| 2) | ਰਗ | ਮਪ | ਧਪ | ਮਪ | ਧਨ | ਸੰਸੰ | ਧਨ | ਪਪ | ਮਪ | ਮਪ | ਸਰ | ਸਸ |
| 3) | ਰਗ | ਮਪ | ਧਨ | ਪਪ | ਧਨ | ਸੰਰੰ | ਸੰਧ | ਨਪ | ਧਪ | ਮਪ | ਸਰ | ਸਸ |
| 4) | ਪਧ | ਨਸੰ | ਧਪ | ਮਪ | ਰਗ | ਮਪ | ਧਪ | ਮਪ | ਰਗ | ਮਪ | ਸਰ | ਸਸ |

**ਤਿਹਾਈਆਂ:-**

1) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਛੇਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

### ਨਟ ਅਸਟਪਦੀਆ ਮਹਲਾ ੪ ੧ੴ ਸਤਿਗੁਰ ਪ੍ਰਸਾਦਿ॥ (੯੮੦-੮੧)

ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ॥ ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮੑਾਰੇ॥੧॥ਰਹਾਉ॥ ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ॥ ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ॥੧॥ ਮਧਸੂਦਨ ਜਗਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ॥ ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈ ਸਾਧੂ ਚਰਨ ਪਖਾਰੇ॥੨॥ ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭੁ ਏਕੋ ਪੁਰਖੁ ਨਿਰਾਰੇ॥ ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ॥੩॥ ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ॥ ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮੑਾਰੇ॥੪॥ ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ॥ ਜੋ ਗੁਰਮੁਖਿ

**ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ॥੫॥ ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ॥ ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ॥੬॥ ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਾਰੇ॥ ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ॥੭॥ ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ ਮੋ ਕਉ ਹਰਿ ਜਨ ਮੇਲਿ ਪਿਆਰੇ॥ ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ॥੮॥੧॥**

ਪਦ ਅਰਥ:-ਰਾਮ-ਹੇ ਰਾਮ! ਮਨਿ-ਮਨ ਵਿਚ। ਤਨਿ-ਤਨ ਵਿਚ। ਰਹਿ ਨ ਸਕਉ-ਮੈਂ ਰਹਿ ਨਹੀਂ ਸਕਦਾ। ਸੇਵਾ-ਭਗਤੀ। ਗੁਰਮਤਿ-ਗੁਰੂ ਦੀ ਮਤ ਲੈ ਕੇ। ਸਮ੍ਾਰੇ-ਮੈਂ ਸੰਭਾਲਿਆ ਹੈ। ਮੈ-ਮੈਨੂੰ। ਦਇਆਲ-ਦਇਆਵਾਨ। ਮਧਸੂਦਨ-ਹੇ ਪ੍ਰਮਾਤਮਾ! ਜਗਜੀਵਨ-ਹੇ ਜਗਤ ਦੇ ਆਸਰੇ! ਮਾਧੋ-ਹੇ ਮਾਇਆ ਦਾ ਪਤੀ! ਅਗਮ-ਹੇ ਅਪੰਹੁਚ! ਅਪਾਰੇ-ਹੇ ਬੇਅੰਤ! ਬਿਨਉ-ਬੇਨਤੀ। ਕਰਉ-ਕਰਉ, ਮੈਂ ਕਰਦਾ ਹਾਂ। ਆਗੈ-ਸਾਹਮਣੇ, ਪਾਸ। ਸਾਧੂ-ਗੁਰੂ। ਪਖਾਰੇ-ਧੋਵਾਂ। ਸਹਸ-ਹਜ਼ਾਰਾਂ। ਨੇਤ੍ਰ-ਅੱਖਾਂ। ਨਿਰਾਰੇ-ਨਿਰਾਲਾ, ਨਿਰਲੇਪ। ਮੂਰਤਿ-ਸਰੂਪ, ਸਰੀਰ। ਦਮੋਦਰੁ-ਪ੍ਰਮਾਤਮਾ। ਉਰਿ-ਹਿਰਦੇ ਵਿਚ। ਅਤਿ-ਬਹੁਤ। ਗਟਕ-ਗਟ ਗਟ ਕਰਕੇ, ਬੜੇ ਸੁਆਦ ਨਾਲ। ਸਮ੍ਾਰੇ-ਸੰਭਾਲਦਾ ਹੈ। ਭਾਇ ਦੂਜੈ-ਮਾਇਆ ਦੇ ਪਿਆਰ ਵਿਚ। ਨਿਵਾਰੇ-ਦੂਰ ਕਰ ਲਏ। ਬਿਕਾਰੇ-ਫਜ਼ੂਲ। ਪਨਿਹਾਰੇ-ਪਾਣੀ ਭਰਨ ਵਾਲੇ।

## ਰਾਗੁ ਨਟ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸਸ | ਗਗ | ਮਮ | ਪ | ਗਮ | ਰਗ | ਮਪ | ਸ | ਰ | ਸ |
| ਰਾਮ | ਮੇਰੇ | ਮਨਿ | ਤ | ਨਿS | ਨਾS | ਮੁS | ਅ | ਧਾ | ਰੇ |
| ਰਗ | ਮਮ | ਪਪ | ਨਨ | ਧਧ | ਨ | ਸੰ | ਧ | ਨ | ਸੰ |
| ਖਿਨੁ | ਪਲੁ | ਰਹਿ | ਨਸ | ਕਉ | ਬਿ | ਨੁ | ਸੇ | S | ਵਾ |
| ਸੰ | ਧ | ਨਨ | ਪ | ਪ | ਮਗ | ਮਪ | ਸ | ਰ | ਸ |
| ਮੈ | S | ਗੁਰ | ਮ | ਤਿ | ਨਾS | ਮੁS | ਸ | ਮ੍ਾ | ਰੇ |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪਪ | ਧਪ | ਨਨ | ਧ | ਨ | ਸੰਸੰ | ਸੰਸੰ | ਰੰ | ਰੰ | ਸੰਸੰ |
| ਹਰਿ | ਹਰਿ | ਹਰਿ | ਹ | ਰਿ | ਹਰਿ | ਮਨਿ | ਧਿ | ਆ | ਵਹੁ |
| ਰੰਗੰ | ਮੰਪੰ | ਸੰਸੰ | ਰੰ | ਸੰ | ਧ | ਨਪ | ਮਪ | ਸਰ | ਸ |
| ਮੈS | SS | ਹਰਿ | ਹ | ਰਿ | ਨਾ | ਮੁS | ਧਿS | ਆS | ਰੇ |
| x | | 2 | | | 0 | | 3 | | |

ਤਾਨਾਂ:-

1) ਸਰਸਸ ਰਗਮਮ ਮਪਮਪ ਧਪਮਪ ਪਧਨਸਂ ਸਂਰਂਸਂਸਂ ਧਧਨਪ ਮਪਮਮ ਰਗਮਪ ਸਰਸਸ

2) ਸਰਗਮ ਰਗਮਪ ਪਧਪਪ ਰਗਮਪ ਸਰਸਸ ਰਗਮਪ ਧਨਸਂਸਂ ਧਨਪਪ ਮਪਮਪ ਸਰਸਸ

3) ਰਗਮਪ ਮਪਮਮ ਸਰਸਸ ਧਨਸਂਸਂ ਰਂਗਂਮਂਪਂ ਸਂਰਂਸਂਸਂ ਧਨਪਪ ਮਪਮਮ ਰਗਮਪ ਸਰਸਸ

ਤਿਹਾਈਆਂ:-

1) ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੇ ਲੈਣਾ ਹੈ।
2) ਪਹਿਲੀ ਤੋਂ ਤੀਜੀ ਮਾਤਰ ਨੂੰ ਦੂਜੀ ਮਾਤਰ ਤੋਂ ਲੈ ਕੇ ਇਕ ਮਾਤਰ ਬਿਸਰਾਮ, ਫਿਰ ਦੂਜੀ-ਤੀਜੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਨਟ ਪੜਤਾਲ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥ (੯੮੦)

ਕੋਊ ਹੈ ਮੇਰੋ ਸਾਜਨੁ ਮੀਤੁ॥ ਹਰਿ ਨਾਮੁ ਸੁਨਾਵੈ ਨੀਤ॥ ਬਿਨਸੈ ਦੁਖੁ ਬਿਪਰੀਤਿ॥ ਸਭੁ ਅਰਪਉ ਮਨੁ ਤਨੁ ਚੀਤੁ॥੧॥ਰਹਾਉ॥ ਕੋਈ ਵਿਰਲਾ ਆਪਨ ਕੀਤ॥ ਸੰਗਿ ਚਰਨ ਕਮਲ ਮਨੁ ਸੀਤ॥ ਕਰਿ ਕਿਰਪਾ ਹਰਿ ਜਸੁ ਦੀਤ॥੧॥ ਹਰਿ ਭਜਿ ਜਨਮੁ ਪਦਾਰਥੁ ਜੀਤ॥ ਕੋਟਿ ਪਤਿਤ ਹੋਹਿ ਪੁਨੀਤ ॥ ਨਾਨਕ ਦਾਸ ਬਲਿ ਬਲਿ ਕੀਤ॥੨॥੧॥੧੦॥੧੯॥

ਪਦ ਅਰਥ:-ਕੋਊ-ਕੋਈ ਵਿਰਲਾ। ਨੀਤ-ਸਦਾ। ਬਿਨਸੈ-ਨਾਸ ਹੋ ਜਾਂਦਾ ਹੈ। ਬਿਪਰੀਤਿ-ਉਲਟੀ ਪ੍ਰੀਤ, ਮਾੜੇ ਪਾਸੇ ਦੀ ਪ੍ਰੀਤ। ਚੀਤੁ-ਚਿੱਤ। ਕੀਤ-ਕੀਤਾ ਹੈ। ਸੀਤ-ਸੀਤਾ ਹੋਇਆ ਹੈ, ਜੋੜਿਆ ਹੈ। ਕਰਿ-ਕਰ ਕੇ। ਦੀਤ-ਦਿੱਤਾ ਹੈ। ਜਨਮੁ ਪਦਾਰਥੁ-ਕੀਮਤੀ ਮਨੁੱਖਾ ਜੀਵਨ। ਜੀਤ-ਜਿੱਤਿਆ, ਕਾਮਯਾਬ ਬਣਾਇਆ। ਕੋਟਿ-ਕ੍ਰੋੜਾਂ। ਪਤਿਤ-ਵਿਕਾਰਾਂ ਵਿਚ ਡਿੱਗੇ ਹੋਏ, ਵਿਕਾਰੀ। ਪੁਨੀਤ-ਪਵਿੱਤਰ। ਬਲਿ ਕੀਤ-ਸਦਕੇ ਕੀਤਾ।

## ਰਾਗੁ ਨਟ ਪੜਤਾਲ

**ਹਰ ਅੰਤਰੇ ਤੋਂ ਬਾਅਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਆਉਣਾ ਹੈ।**

### ਅਸਥਾਈ ਚਾਰ ਤਾਲ ਮਾਤਰਾਂ-12 ਵਿਲੰਭਿਤ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਪ | ਸ | ਰਗ | ਮ | ਪ | ਮ | ਮ | ਪ | ਮ | ਪ | ਮ |
| ਕੋ | ਊ | ਹੈ | ਮੇS | S | ਰੋ | ਸਾ | ਜ | ਨੁ | ਮੀ | S | ਤੁ |
| ਪ | - | ਪ | ਧ | ਨ | ਸੰ | ਸੰ | ਧ | ਧ | ਨ | ਪ | ਪ |
| ਹ | S | ਰਿ | ਨਾ | S | ਮੁ | ਸੁ | ਨਾ | ਵੈ | ਨੀ | S | ਤ |
| ਸੰ | ਸੰ | ਸੰ | ਧ | ਨ | ਪ | ਮ | ਪ | ਮ | ਮ | ਗ | ਮ |
| ਬਿ | ਨ | ਸੈ | ਦੁ | S | ਖੁ | ਬਿ | S | ਪ | ਰੀ | S | ਤਿ |
| ਧ | ਪ | ਮ | ਮ | ਗ | ਮਮ | ਰਗ | ਮ | ਪ | ਸ | ਰ | ਸ |
| ਸ | S | ਭੁ | ਅ | ਰ | ਪਉ | ਮਨੁ | ਤ | ਨੁ | ਚੀ | S | ਤੁ |
| x | | 0 | | 2 | | 0 | | 3 | | 4 | |

### ਅੰਤਰਾ ਜੈ ਤਾਲ ਮਾਤਰਾਂ-13 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਪ | ਨ | ਧ | ਨ | ਨ | ਸੰ | - | ਸੰ | ਸੰ | ਰੰ | - | ਸੰ | - |
| ਕੋ | ਈ | ਵਿ | ਰ | ਲਾ | ਆ | S | ਪ | ਨ | ਕੀ | S | ਤ | S |
| ਸੰ | ਸੰ | ਗੰ | ਮੰ | ਪੰ | ਸੰ | ਸੰ | ਸੰ | ਧਧ | ਨ | - | ਪ | - |
| ਸੰ | ਗਿ | ਚ | ਰ | ਨ | ਕ | ਮ | ਲ | ਮਨੁ | ਸੀ | S | ਤ | S |
| ਸੰ | ਸੰ | ਧ | ਨ | ਪ | ਮ | ਪ | ਮ | ਪ | ਸ | - | ਰ | ਸ |
| ਕ | ਰਿ | ਕਿ | ਰ | ਪਾ | ਹ | ਰਿ | ਜ | ਸੁ | ਦੀ | S | ਤ | S |
| x | | | | | 2 | | | | 3 | | 4 | |

### ਦੂਜਾ ਅੰਤਰਾ ਫਰੋਦਸਤ ਤਾਲ ਮਾਤਰਾਂ-14 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪ | ਪ | ਸੰ | ਸੰ | ਸੰ | ਸੰ | ਰੰ | ਸੰ | ਸੰ | ਧ | ਧਧ | ਨ | ਪ | ਪ |
| ਹ | ਰਿ | ਭ | ਜਿ | ਜ | ਨ | ਮੁ | S | ਪ | ਦਾ | ਰਖੁ | ਜੀ | S | ਤ |
| ਰੰ | ਗੰ | ਮੰ | ਪੰ | ਸੰ | ਸੰ | ਰੰ | ਸੰ | ਸੰ | - | ਸੰ | ਧ | ਨ | ਪ |
| ਕੋ | S | ਟਿ | S | ਪ | ਤਿ | ਤ | S | ਹੋ | S | ਹਿ | ਪੁ | ਨੀ | ਤ |
| ਸੰ | ਧ | ਨ | ਪ | ਮ | ਪ | ਮ | ਮ | ਮਗ | ਮ | ਪ | ਸ | ਰ | ਸ |
| ਨਾ | S | ਨ | ਕ | ਦਾ | ਸ | ਬ | ਲਿ | ਬS | S | ਲਿ | ਕੀ | S | ਤ |
| x | | 0 | | 2 | | 3 | | 4 | | | 5 | | |

ਰਾਗੁ ਨਟ

**ਲੈਅਕਾਰੀਆਂ:-**

1) ਇਕਗੁਨ-ਦੁਗੁਨ-ਪਹਿਲੀ ਮਾਤਰ ਤੋਂ ਅਸਥਾਈ ਨੂੰ ਬਰਾਬਰ ਲੈ ਕੇ ਫਿਰ ਪਹਿਲੇ ਚੱਕਰ ਦੀ ਦੁਗੁਨ ਫਿਰ 7ਵੀਂ ਤੋਂ 12ਵੀਂ ਮਾਤਰ ਦੀ ਦੋ ਵਾਰ ਦੁਗੁਨ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

2) ਦੁਗੁਨ-ਚੌਗੁਨ-ਪਹਿਲੇ ਚੱਕਰ ਦੀ ਦੁਗੁਨ 6 ਮਾਤਰਾਂ ਵਿੱਚ ਫਿਰ ਪਹਿਲੇ ਚੱਕਰ ਦੀ ਚੌਗੁਨ ਤਿੰਨ ਮਾਤਰਾਂ ਵਿੱਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ ਦੋ ਵਾਰ ਚੌਗੁਨ ਵਿੱਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

3) ਤਿਗੁਨ-ਅਸਥਾਈ ਦੇ ਪਹਿਲੇ ਚੱਕਰ ਦੀ ਦੋ ਵਾਰ ਤਿਗੁਨ 4+4 = 8 ਮਾਤਰਾਂ ਵਿੱਚ ਫਿਰ 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 2 ਵਾਰ ਤਿਗੁਨ 4 ਮਾਤਰਾਂ ਵਿੱਚ ਲੈ ਕੇ ਸੱਮ ਤੇ ਪਹਿਲੀ ਲੈਅ ਤੇ ਆਉਣਾ ਹੈ।

4) ਤਿਗੁਨ-ਛੇਗੁਨ-ਅਸਥਾਈ ਦੇ ਪਹਿਲੇ ਦੋ ਚੱਕਰਾਂ ਨੂੰ ਤਿਗੁਨ 8 ਮਾਤਰਾਂ ਵਿੱਚ ਲੈ ਕੇ ਫਿਰ ਪਹਿਲੇ ਚੱਕਰ ਦੀ ਛੇਗੁਨ 2 ਮਾਤਰਾਂ ਵਿੱਚ ਫਿਰ 7ਵੀਂ ਤੋਂ 12ਵੀਂ ਮਾਤਰ ਨੂੰ 2 ਵਾਰ ਛੇਗੁਨ 2 ਮਾਤਰਾਂ ਵਿੱਚ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਨਟ ਮਹਲਾ ੪॥ (੯੮੨-੮੩)

ਰਾਮ ਕਰਿ ਕਿਰਪਾ ਲੇਹੁ ਉਬਾਰੇ॥ ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ॥੧॥ਰਹਾਉ॥ ਕਰਿ ਕਿਰਪਾ ਜਾਚਿਕ ਜਨ ਤੇਰੇ ਇਕੁ ਮਾਗਉ ਦਾਨੁ ਪਿਆਰੇ॥ ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ ਹਰਿ ਗੁਰੁ ਮੇਲਿ ਸਵਾਰੇ॥੧॥ ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ॥ ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ॥੨॥ ਨਿਤ ਨਿਤ ਕਾਇਆ ਮਜਨੁ ਕੀਆ ਨਿਤ ਮਲਿ ਮਲਿ ਦੇਹ ਸਵਾਰੇ॥ ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ॥੩॥ ਮਟਕਿ ਮਟਕਿ ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ॥ ਗੁਰਮੁਖਿ ਸੇਵਾ ਮੇਰੇ ਪ੍ਰਭ ਭਾਈ ਮੈ ਸਤਿਗੁਰ ਅਲਖੁ ਲਖਾਰੇ॥੪॥ ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ॥ ਸੰਤ ਜਨਾ ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ ॥੫॥ ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ॥ ਸਰਧਾ ਸਰਧਾ ਉਪਾਇ ਮਿਲਾਏ ਮੋ ਕਉ ਹਰਿ ਗੁਰ ਗੁਰਿ ਨਿਸਤਾਰੇ॥੬॥ ਪਵਨ ਸੂਤੁ ਸਭੁ ਨੀਕਾ ਕਰਿਆ ਸਤਿਗੁਰਿ ਸਬਦੁ ਵੀਚਾਰੇ॥ ਨਿਜ ਘਰਿ ਜਾਇ ਅੰਮ੍ਰਿਤ ਰਸੁ

**ਪੀਆ ਬਿਨੁ ਨੈਨਾ ਜਗਤੁ ਨਿਹਾਰੇ॥੭॥ ਤਉ ਗੁਨ ਈਸ ਬਰਨਿ ਨਹੀ ਸਾਕਉ ਤੁਮ ਮੰਦਰ ਹਮ ਨਿਕ ਕੀਰੇ॥ ਨਾਨਕ ਕ੍ਰਿਪਾ ਕਰਹੁ ਗੁਰ ਮੇਲਹੁ ਮੈ ਰਾਮੁ ਜਪਤ ਮਨੁ ਧੀਰੇ॥੮॥੫॥**

ਪਦ ਅਰਥ:-ਰਾਮ-ਹੇ ਮੇਰੇ ਰਾਮ! ਲੇਹੁ ਉਬਾਰੇ-ਉਬਾਰਿ ਲੇਹੁ, ਮੈਨੂੰ ਬਚਾ ਲੈ। ਪਕਰਿ-ਫੜ ਕੇ। ਆਨੀ-ਲਿਆਂਦੀ। ਲਾਜ-ਸ਼ਰਮ। ਲਾਜ ਨਿਵਾਰੇ-ਨਗਨ ਹੋਣ ਦੀ ਸ਼ਰਮ ਤੋਂ ਬਚਾਇਆ। ਜਾਚਿਕ-ਮੰਗਤੇ। ਮਾਗਉ-ਮੈਂ ਮੰਗਦਾ ਹਾਂ। ਨਿਤ-ਸਦਾ। ਸਰਧਾ-ਤਾਂਘ। ਸਤਿਗੁਰ ਕੀ ਸਰਧਾ-ਗੁਰੂ ਨੂੰ ਮਿਲਣ ਦੀ ਤਾਂਘ। ਮੋ ਕਉ-ਮੈਨੂੰ। ਸਾਕਤ ਕਰਮ-ਪ੍ਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ ਦੇ ਕੰਮ। ਮਥੀਐ-ਰਿੜਕੀਦਾ ਹੈ। ਝੋਲ ਝੁਲਾਰੇ-ਮੁੜ ਮੁੜ ਰਿੜਕਦਾ ਹੈ। ਪਰਮ ਪਦੁ-ਸਭ ਤੋਂ ਉੱਚੀ ਆਤਮਕ ਅਵਸਥਾ। ਕਢਿ-ਕੱਢ ਕੇ। ਗਟਕਾਰੇ-ਗਟਕਾਰੇ ਮਾਰਦਾ ਹੈ, ਸੁਆਦ ਲਾ ਲਾ ਕੇ ਖਾਂਦਾ ਹੈ। ਕਾਇਆ-ਸਰੀਰ। ਮਜਨੁ-ਇਸ਼ਨਾਨ। ਫੋਕਟ-ਵਿਅਰਥ। ਮਟਕਿ ਮਟਕਿ-ਮੌਜ ਨਾਲ, ਆਤਮਕ ਅਡੋਲਤਾ ਨਾਲ। ਸਾਰੇ-ਸੰਭਾਲ। ਨਾਰੀ-ਇਸਤਰੀ। ਰੇਨੁ-ਚਰਨ-ਧੂੜ। ਗ੍ਰਾਮ-ਪਿੰਡ। ਭਾਰੇ-ਲੱਭ ਲਿਆ। ਉਪਾਇ-ਪੈਦਾ ਕਰਕੇ। ਮਿਲਾਏ-ਜੋੜ। ਨਿਸਤਾਰੇ-ਪਾਰ ਲੰਘਾ ਲੈ। ਪਵਨ ਸੂਤੁ-ਸੁਆਸਾਂ ਦਾ ਧਾਗਾ। ਨੀਕਾ-ਸੋਹਣਾ। ਨਿਜ ਘਰਿ-ਅੰਤਰ-ਆਤਮੇ। ਨਿਹਾਰੇ-ਵੇਖ ਕੇ। ਈਸ-ਹੇ ਈਸ਼ੁਰ! ਨਿਕ-ਨਿੱਕੇ। ਕੀਰੇ-ਕੀੜੇ। ਧੀਰੇ-ਟਿਕ ਜਾਏ।

## ਰਾਗੁ ਨਟ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪ | ਨ | ਧ | ਨ | ਨ | ਸੰਸੰ | ਸੰ | ਸੰ | ਧ | - | ਨ | ਪ | ਮਪ | ਮ |
| ਰਾ | S | ਮ | ਕ | ਰਿ | ਕਿਰ | ਪਾ | ਲੇ | ਹੁ | S | ਉ | ਬਾ | ਰੇS | S |
| ਮ | ਪ | ਮ | ਧ | ਪ | ਮ | - | ਮਮ | ਗਮ | ਪ | ਸਸ | ਰ | ਸ | ਸ |
| ਜਿ | ਉ | S | ਪ | ਕ | ਰਿ | S | ਦ੍ਰੋ | ਪS | ਤੀ | ਦੁਸ | ਟਾਂ | ਆ | ਨੀ |
| ਧ | ਨ | ਸੰ | ਧ | - | ਨ | ਪ | ਮ | ਗ | ਮ | ਪ | ਸ | ਰ | ਸ |
| ਹ | ਰਿ | S | ਹ | S | ਰਿ | S | ਲਾ | S | ਜ | ਨਿ | ਵਾ | ਰੇ | S |
| x | | | 2 | | | | 0 | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪ | ਪ | - | ਸੰ | ਸੰ | ਰੰ | ਸੰ | ਰੰਗੰ | ਮੰ | ਪੰ | ਸੰ | ਸੰ | ਰੰ | ਸੰ |
| ਕ | ਰਿ | S | ਕਿ | ਰ | ਪਾ | S | ਜਾS | ਚਿ | ਕ | ਜ | ਨ | ਤੇ | ਰੇ |
| ਸੰ | ਧ | - | ਨ | ਪ | ਮਮ | ਪ | ਮ | ਗ | ਮ | ਪ | ਪ | ਰ | ਸ |
| ਇ | ਕੁ | S | ਮਾ | S | ਗਉ | S | ਦਾ | S | ਨੁ | ਪਿ | ਆ | ਰੇ | S |
| x | | | 2 | | | | 0 | | | 3 | | | |

# ੨੬-ਰਾਗੁ ਮਾਰੂ ਕਾਫੀ

ਰਾਗੁ ਮਾਰੂ ਕਾਫੀ ਦਾ ਸਰੂਪ ਰਾਗੁ ਮਾਰੂ ਤੇ ਰਾਗ ਕਾਫੀ ਦੋ ਰਾਗਾਂ ਦੇ ਮਿਸ਼ਰਨ ਤੋਂ ਬਣਿਆ ਹੈ। ਮਾਰੂ ਰਾਗ ਭਾਰਤੀ ਸੰਗੀਤ ਵਿੱਚ ਅਤਿ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਸੰਗੀਤ ਗ੍ਰੰਥਾਂ ਵਿੱਚ ਕਿਤੇ ਕਿਤੇ ਮਾਰੂ ਦਾ ਨਾਮ ਮਿਲਦਾ ਹੈ। ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿੱਚ ਕਰਣਾਟ ਥਾਟ ਤੇ ਕੇਦਾਰ ਥਾਟ ਤੋਂ ਮਾਰੂ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੁਲ ਨੇ 'ਰਾਗ ਮੰਜਰੀ' ਵਿਚ ਗੌਡੀ ਮੇਲ ਤੋਂ ਮਾਰੂ ਜਨਯ ਰਾਗ ਮੰਨਿਆ ਹੈ। ਅੱਜ ਕਿਸੇ ਸੰਗੀਤ ਮਹਿਫਲ ਜਾਂ ਸੰਗੀਤ ਸੰਮੇਲਨ ਵਿੱਚ ਇਸ ਰਾਗ ਦਾ ਗਾਇਨ ਵਾਦਨ ਸੁਨਣ ਗੋਚਰਾ ਨਹੀਂ ਹੈ ਅਤੇ ਨਾ ਹੀ ਗਾਇਨ ਜਾਂ ਵਾਦਨ ਦੇ ਕਿਸੇ ਘਰਾਣੇ ਨੇ ਇਸ ਰਾਗ ਨੂੰ ਅਪਣਾਇਆ ਹੈ। ਗੁਰਮਤਿ ਸੰਗੀਤ ਵਿਚ ਮਾਰੂ ਰਾਗ ਜ਼ਰੂਰ ਪ੍ਰਚਾਰ ਵਿੱਚ ਚਲਿਆ ਆ ਰਿਹਾ ਹੈ। ਕਿਸੇ ਪ੍ਰਾਣੀ ਦੇ ਅੰਤਿਮ ਸੰਸਕਾਰ ਤੇ ਅੰਤਿਮ ਅਰਦਾਸ ਸਮੇਂ ਰਾਗੁ ਮਾਰੂ ਤੇ ਰਾਗੁ ਵਡਹੰਸੁ ਵਿਚ ਸ਼ਬਦ ਕੀਰਤਨ ਕਰਨਾ ਇਕ ਪੁਰਾਤਨ ਪ੍ਰੱਥਾ ਚਲੀ ਆ ਰਹੀ ਹੈ। ਮਹਿਤਾਬੇ ਮੌਸੀਕੀ ਸਵਰਗਵਾਸੀ ਪੰਡਿਤ ਦਲੀਪ ਚੰਦਰ ਬੇਦੀ ਨੇ ਮਾਰੂ ਦਾ ਸਰੂਪ ਜੋ ਉਹਨਾਂ ਭਾਈ ਸ਼ੈਲ ਤੇ ਹੋਰ ਰਬਾਬੀਆਂ ਪਾਸੋਂ ਗ਼ਾਲਬਨ ੧੯੨੮ ਵਿੱਚ ਸੁਣਿਆ, ਉਸਦਾ ਗਾਇਨ ਕਰਕੇ ਤੇ ਫਿਰ ੧੪-੮-੯੧ ਨੂੰ ਉਸ ਦਾ ਲਿਖਤੀ ਸਰੂਪ ਵੀ ਉਹਨਾਂ ਤੋਂ ਪ੍ਰਾਪਤ ਹੋਇਆ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਜੋ ੧੯੯੧ ਵਿੱਚ ਬਾਬਾ ਸੁੱਚਾ ਸਿੰਘ ਦੀ ਅਗਵਾਈ ਤੇ ਬੀਬੀ ਜਸਬੀਰ ਕੌਰ ਖਾਲਸਾ ਦੀ ਦੇਖ ਰੇਖ ਵਿੱਚ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਲੁਧਿਆਣਾ ਵਿਖੇ ਆਰੰਭ ਹੋਈ ਤੇ ੩੧ ਮੁੱਖ ਰਾਗਾਂ ਵਿਚ ਕੀਰਤਨ ਸਮਾਗਮ ਕਈ ਗੁਰ ਅਸਥਾਨਾਂ ਤੇ ਕਰਵਾਏ ਗਏ ਤੇ ਰਾਗ ਮਾਰੂ ਦਾ ਗਾਇਣ ਵੀ ਪ੍ਰਚਾਰ ਵਿਚ ਆਇਆ। ਰਾਗੁ ਮਾਰੂ ਦਾ ਵਿਸ਼ੇਸ਼ ਪਰੀਚੈ 'ਗੁਰਮਤਿ ਸੰਗੀਤ ਦਰਪਣ ਭਾਗ-ਦੂਜਾ' ਪੰਨਾ ੧੪੧ ਤੋਂ ਪਹਿਲਾਂ ਹੀ ਦਿੱਤਾ ਜਾ ਚੁਕਾ ਹੈ।

ਇਥੇ ਦੂਜਾ ਰਾਗ ਕਾਫੀ ਹੈ ਜੋ ਉਤਰੀ ਸੰਗੀਤ ਵਿੱਚ ਕਾਫੀ ਥਾਟ ਦਾ ਆਸ਼੍ਰਿਯ ਰਾਗ ਹੈ ਤੇ ਪ੍ਰਚਾਰ ਵਿੱਚ ਵੀ ਹੈ। ਰਾਗ ਕਾਫੀ ਵਿਸ਼ੇਸ਼ ਕਰਕੇ ਠੁਮਰੀ ਤੇ ਟੱਪਾ ਗਾਇਣ ਲਈ ਬਹੁਤ ਮਕਬੂਲ ਮੰਨਿਆ ਜਾਂਦਾ ਹੈ। ਰਾਗ ਕਾਫੀ ਬਾਰੇ ਵਰਨਣ ਇਸ ਪੁਸਤਕ ਦੇ ਰਾਗੁ ਆਸਾ ਕਾਫੀ ਦੇ ਪਰੀਚੈ ਵਿੱਚ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਰਾਗੁ ਮਾਰੂ ਕਾਫੀ ਦਾ ਮਿਸ਼ਰਤ ਸਰੂਪ ਬਹੁਤ ਹੀ ਘੱਟ ਪ੍ਰਚਾਰ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਵਿਚ ਰਚਿਤ ਬਾਣੀ ਉਪਲੱਬਧ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗ-ਮਾਰੂ ਕਾਫੀ, ਥਾਟ-ਕਾਫੀ, ਸਵਰ-ਦੋ ਗੰਧਾਰ, ਦੋ ਨਿਸ਼ਾਦ, ਆਰੋਹ ਵਿੱਚ ਸ਼ੁਧ ਤੇ ਅਵਰੋਹ ਵਿਚ ਕੋਮਲ, ਹੋਰ ਸਵਰ ਸ਼ੁਧ ਹਨ। ਵਾਦੀ-ਸ਼ੁਧ ਗੰਧਾਰ, ਸੰਵਾਦੀ-ਸ਼ੁਧ ਨਿਸ਼ਾਦ, ਵਰਜਿਤ ਸਵਰ-ਆਰੋਹ ਵਿੱਚ ਰਿਸ਼ਭ ਧੈਵਤ, ਜਾਤੀ-ਔੜਵ-ਸੰਪੂਰਨ ਤੇ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਵਿਚ ਖਮਾਜ ਅਤੇ ਕਾਫੀ ਰਾਗ ਦੀ ਰੰਗਤ ਦ੍ਰਿਸ਼ਟੀ ਗੋਚਰ ਹੁੰਦੀ ਹੈ। ਆਰੋਹ- ਸ ਨ਼ ਸ, ਗ ਮ ਪ, ਨ ਸੰ। ਅਵਰੋਹ- ਸੰਨੁ ਧਪ, ਧ ਮ ਪ ਗ, ਮਗੁ, ਸਰ, ਸ। ਮੁਖ ਅੰਗ- ਸਗ ਮਪ, ਗਮਧਪ, ਧਮਪਗ, ਮਗੁ, ਸਰ ਸ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਰਾਗ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਮੰਨਿਆ ਹੈ। ਵਾਦੀ-ਪੰਚਮ, ਸੰਵਾਦੀ-ਸ਼ੜਜ ਹੈ। ਰਾਗ ਦਾ ਹੋਰ ਸਰੂਪ ਪ੍ਰੋਫ਼ੈਸਰ ਤਾਰਾ ਸਿੰਘ ਦੇ ਦਿੱਤੇ ਸਰੂਪ ਜੈਸਾ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਕਾਫੀ ਦੇ ਮਿਸ਼ਰਤ ਰਾਗਾਂ ਦੀ ਲੜੀ ਵਿੱਚ ਆਸਾ ਕਾਫੀ, ਤਿਲੰਗ ਕਾਫੀ, ਸੂਹੀ ਕਾਫੀ ਤੇ ਇਹ ਚੌਥਾ ਰਾਗੁ ਮਾਰੂ ਕਾਫੀ ਵਿਚ ਬਾਣੀ ਰਚਿਤ ਹੈ। ਰਾਗ ਨਿਰਣਾਇਕ ਕਮੇਟੀ ਵੱਲੋਂ ਇਸ ਰਾਗ ਦਾ ਸਥਾਪਿਤ ਸਰੂਪ ਆਰੋਹ ਵਿਚ ਮਾਰੂ ਤੇ ਅਵਰੋਹ ਵਿਚ ਕਾਫੀ ਨੂੰ ਜੋੜਨ ਨਾਲ ਹੀ ਬਣਦਾ ਹੈ। ਸੋ ਇਹੀ ਪ੍ਰਵਾਣਿਤ ਸਰੂਪ ਇਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਮਾਰੂ ਨੂੰ ਇੱਕਵਾਂ ਅਸਥਾਨ ਪ੍ਰਾਪਤ ਹੈ। ਮਾਰੂ ਮੁਖ ਰਾਗ ਦੇ ਅੰਤਰਗਤ ਮਾਰੂ ਕਾਫੀ ਮਹਲਾ ੧ ਘਰੁ ੨ ਦੇ ਸਿਰਲੇਖ ਹੇਠ ਪੰਨਾ ੧੦੧੪ ਤੋਂ ੧੦੧੬ ਸ਼ਬਦ ਅੰਕ ॥੮॥੧॥੯॥ ਤੋਂ ॥੭॥੩॥੧੧ ਤਿੰਨ ਸ਼ਬਦਾਂ ਦੀ ਰਚਨਾ ਹੈ।

**ਪਰੀਚੇ:-**

ਰਾਗੁ-ਮਾਰੂ ਕਾਫੀ — ਥਾਟ-ਉਪਥਾਟ-ਖਮਾਜ ਕਾਫੀ

ਸਵਰ-ਦੋਵੇਂ ਗੰਧਾਰ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ ਹੋਰ ਸਭ ਸ਼ੁਧ

ਵਰਜਿਤ ਸਵਰ-ਕੋਈ ਨਹੀਂ — ਜਾਤੀ-ਸੰਪੂਰਨ

ਵਾਦੀ-ਪੰਚਮ — ਸੰਵਾਦੀ-ਸ਼ੜਜ — ਸਮਾਂ-ਰਾਤ ਦਾ ਪਹਿਲਾ ਪਹਿਰ।

ਆਰੋਹ- ਸ ਗ ਮ ਪ, ਪ ਧੁ ਮੰ ਪ, ਧੁ ਨ ਧੁ ਪ, ਧ ਨ ਸੰ

ਅਵਰੋਹ- ਸੰ ਨੁ ਧ ਪ, ਧ ਪ ਮ ਗੁ ਰ, ਮ ਗੁ ਰ ਸ

ਮੁਖ ਅੰਗ- (ਪਕੜ) ਸ ਗ ਮ ਪ, ਧੁ ਨ ਧੁ ਪ, ਨੁ ਧ ਪ, ਮ ਗੁ ਰ, ਸ

## ਰਾਗੁ ਮਾਰੂ ਕਾਫੀ

**ਸਵਰ ਵਿਸਥਾਰ:-**

1) ਸ, ਸ ਗ ਮ ਪ, ਗ ਮ ਪ, ਪ ਧੁ ਮ॑ ਪ, ਪ ਮ ਗੁ ਰ, ਮ ਗੁ ਰ ਸ, ਨੁ਼ ਧ਼ ਪ਼, ਪ਼ ਧੁ਼ ਮ਼॑ ਪ਼, ਧ਼ ਨ਼ ਸ, ਸ ਗ ਮ ਪ, ਧੁ ਪ ਮ॑ ਪ, ਧ ਪ ਮ ਗੁ ਰ, ਗ ਮ ਪ, ਮ ਗੁ ਰ, ਸ

2) ਸ ਗ ਮ ਪ, ਗ ਮ ਪ ਧੁ ਮ॑ ਪ, ਧ ਪ ਮ ਪ, ਮ ਗੁ ਰ, ਗ ਮ ਪ, ਧੁ ਨ ਧੁ ਪ, ਪ ਧੁ ਮ॑ ਪ, ਪ ਧ ਨ ਸਂ, ਧ ਨ ਸਂ, ਸਂ ਨੁ ਧ ਪ, ਧ ਪ ਮ ਪ, ਪ ਧੁ ਨ ਧੁ ਪ, ਧ ਪ ਮ ਪ, ਮ ਗੁ ਰ, ਮ ਗੁ ਰ ਸ।

3) ਗ ਮ ਪ, ਧੁ ਨ ਧੁ ਪ, ਪ ਧ ਨ ਸਂ, ਧ ਨ ਸਂ, ਗੁਂ ਰਂ ਸਂ, ਸਂ ਗਂ ਮਂ ਪਂ, ਮਂ ਪਂ ਮਂ ਗੁਂ ਰਂ ਸਂ, ਪ ਧ ਨ ਸਂ, ਸਂ ਨੁ ਧ ਪ, ਪ ਧ ਮ ਪ ਮ ਗੁ ਰ, ਗ ਮ ਪ ਧੁ ਨ ਧੁ ਪ, ਮ ਪ ਮ ਗੁ ਰ, ਪ ਮ ਗੁ ਰ ਸ।

### ਮਾਰੂ ਮਹਲਾ ੧॥ (੧੦੧੫)

**ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ॥ ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ॥੧॥ ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ॥ ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ॥੧॥ਰਹਾਉ॥ ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ॥ ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ॥੨॥ ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ॥ ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ॥੩॥ ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ॥ ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ॥੪॥ ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ॥ ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ॥੫॥ ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ॥ ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ॥੬॥ ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ॥ ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ॥੭॥ ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ॥੮॥੨॥੧੦॥**

ਪਦ ਅਰਥ:-ਸਸੁੜੀਆਹ-ਪਿਆਰੀਆਂ ਸੱਸਾਂ। ਸੇ-ਉਹ। ਸਚਾ-ਸਦਾ ਥਿਰ ਰਹਿਣ ਵਾਲਾ। ਸਹੀਆਹ-ਸਹੇਲੀਆਂ, ਸਤਸੰਗੀ। ਭਵਿ-ਭੌਂ ਭੌਂ ਕੇ। ਗੁਰਿ-ਗੁਰੂ ਨੇ। ਮੇਲਿਮੁ-ਮੈਨੂੰ ਮਿਲਾਇਆ। ਦਿਤਮੁ ਮਿਲਾਇ- ਮੈਨੂੰ ਮਿਲਾ ਦਿੱਤਾ। ਦੇਰ-ਦਰਾਣੀਆਂ। ਵੰਞਨਿ-ਚਲੀਆਂ ਜਾਂਦੀਆਂ ਹਨ। ਪੂਰ-ਬੇੜੀ ਦੇ ਮੁਸਾਫਰਾਂ ਦੇ ਪੂਰ। ਪਹੀਆਹ-ਮੁਸਾਫਰਾਂ ਦੇ। ਪਹੀ-ਰਾਹੀ, ਪਾਂਧੀ। ਮਾਮਾਣੀਆ-ਮਾਮੀਆਂ। ਤੈ-ਅਤੇ। ਭਾਇਰ-ਭਰਾ। ਸਾਥ-ਕਾਫਲੇ। ਲਡੇ-ਲੱਦੇ ਜਾ ਰਹੇ ਹਨ। ਨਾਠੀਆ-ਪਰਾਹੁਣਾ। ਘਣੀ-ਬਹੁਤ। ਰੰਗਾਵਲੋ-ਰੰਗਿਆ ਹੋਇਆ। ਸਹੁ-ਖਸਮ। ਰਵੰਤੁ-ਮਿਲਾਂਦਾ ਹੈ। ਰੁਤੀ-ਰੁਤਾਂ। ਜਿਤੁ-ਜਿਸ ਜਿਸ ਰੁਤ ਵਿਚ। ਸਾਧਨ-ਜੀਵ-ਇਸਤਰੀ। ਸੁਖਿ-ਸੁਖ ਵਿਚ। ਡੇਹੁ-ਦਿਨ। ਪਤਣਿ-ਪੱਤਣ ਉੱਤੇ। ਪਾਤਣੀ-ਮਲਾਹ। ਵੰਞਹੁ-ਲੰਘ ਜਾਓ। ਧ੍ਰੁਕਿ-ਦੌੜ ਕੇ। ਵਿਲਾੜਿ-ਛਾਲ ਮਾਰ ਕੇ। ਪਵੰਦੜੇ-ਪੈਂਦੇ, ਅੱਪੜੇ। ਡਿਠੁ-ਵੇਖੇ ਹਨ। ਬੋਹਿਥਿ-ਜਹਾਜ਼ ਵਿਚ। ਚਾੜਿ-ਚੜ੍ਹ ਕੇ, ਚੜਿ। ਹਿਕਨੀ-ਕਈ ਜੀਵ ਰਾਹੀਆਂ ਨੇ। ਭਾਰੇ-ਪਾਪਾਂ ਦੇ ਭਾਰ ਨਾਲ ਭਾਰੇ। ਭਰ ਨਾਲਿ-ਸਮੁੰਦਰ ਵਿਚ ਡੁਬ ਗਏ। ਵਣੰਜਿਆ-ਵਪਾਰ ਕੀਤਾ। ਮਾਰੀਐ-ਮਾਰਨੀ ਚਾਹੀਦੀ ਹੈ। ਜੇਹੜਾ-ਜੇਹਾ, ਵਰਗਾ। ਸੋਇ-ਉਹ ਮਨੁੱਖ ਜਿਹੜਾ ਹਊਮੈ ਮਾਰਦਾ ਹੈ।

## ਰਾਗੁ ਮਾਰੂ ਕਾਫੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪਪ | ਧੁ | ਮ̍ | ਪਪ | ਮ | ਗ | ਮ | ਪ |
| | | | | | | | | ਬਲਿ | ਹਾ | ਰੀ | ਗੁਰ | ਆ | ਪ | ਣੇ | S |
| ਪ | ਮ | ਗੁ | ਰ | ਮ | ਗੁ | ਰ | ਸ | ਮਮ | ਗਗ | ਮ | ਪ | ਧੁ | ਨ | ਧੁ | ਪ |
| ਸ | ਦ | ਬ | ਲਿ | ਹਾ | ਰੈ | ਜਾ | ਉ | ਗੁਰ | ਬਿਨੁ | ਏ | ਤਾ | ਭ | ਵਿ | ਥ | ਕੀ |
| ਪਪ | ਧਧ | ਮ | ਪਪ | ਮਮ | ਗੁਗੁ | ਰ | ਸ | | | | | | | | |
| ਗੁਰਿ | ਪਿਰੁ | ਮੇ | ਲਿਮੁ | ਦਿਤ | ਮੁਮਿ | ਲਾ | ਇ | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਧੁ | ਮ̍ | ਪ | ਧੁ | ਨ | ਧੁਧੁ | ਨ |
| | | | | | | | | ਨਾ | S | ਭੈ | ਣਾ | ਭ | ਰ | ਜਾਈ | ਆ |
| ਸੰ | ਨ | ਸੰ | – | ਗੁੰ | ਰੰ | ਸੰ | ਸੰਸੰ | ਪ | ਧ | ਨ | ਸੰ | ਨੁ | ਧ | ਪ | ਪ |
| ਨਾ | S | ਸੇ | S | ਸ | ਸੁ | ਝੀ | ਆਹ | ਸ | ਚਾ | ਸਾ | ਕੁ | ਨ | ਤੁ | ਟ | ਈ |
| ਪ | ਮ | ਗੁ | ਰ | ਮਗੁ | ਰ | ਸ | ਸ | | | | | | | | |
| ਗੁ | ਰੁ | ਮੇ | ਲੇ | ਸS | ਹੀ | ਆ | ਹ | | | | | | | | |
| x | | | | 2 | | | | 0 | | | | 3 | | | |

**ਤਾਨਾਂ:-**

1) ਸਗ ਮਪ ਧੁਨ ਧੁਪ ਪਮ ਗੁਰ ਮਗੁ ਰਸ
2) ਗਮ ਪਧੁ ਮ̍ਪ ਧਨ ਸੰਨੁ ਧਪ ਮਗੁ ਰਸ
3) ਪਧੁ ਮ̍ਪ ਧਨ ਸੰਨੁ ਧਪ ਮਗੁ ਮਗੁ ਰਸ
4) ਗਮ ਪਗ ਮਪ ਗਮ ਪਧ ਨਸੰ ਰੰਸੰ ਨਸੰ ਨੁਨੁ ਧਪ ਮਪ ਧਪ
ਮਪ ਮਗੁ ਮਗੁ ਰਸ
5) ਸਗ ਮਪ ਧੁਪ ਮ̍ਪ ਗਮ ਪਧੁ ਨਨ ਧੁਪਧਨ ਸੰਨੁ ਧਪ ਮਪ
ਮਗੁ ਰਰ ਮਗੁ ਰਸ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਇਕ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਰਾਗੁ ਮਾਰੂ ਕਾਫੀ

3) 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ੴ ਸਤਿਗੁਰ ਪ੍ਰਸਾਦਿ॥ (੧੦੧੪-੧੫)

**ਮਾਰੂ ਕਾਫੀ ਮਹਲਾ ੧ ਘਰੁ ੨॥ ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ॥ ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ॥੧॥ ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ॥ ਹਉ ਘੋਲਿ ਘੁਮਾਈ ਖੰਨੀਐ ਕੀਤੀ ਹਿਕ ਭੋਰੀ ਨਦਰਿ ਨਿਹਾਲਿ॥੧॥ਰਹਾਉ॥ ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ॥ ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ॥੨॥ ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ॥ ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ॥੩॥ ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ॥ ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ॥੪॥ ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ॥ ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ॥੫॥ ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ॥ ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ॥੬॥ ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ॥ ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ॥੭॥ ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ॥ ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ ॥੮॥੧॥੯॥**

ਪਦ ਅਰਥ:-ਆਵਉ-ਮੈਂ ਆਉਂਦੀ ਹਾਂ। ਵੰਞਉ-ਮੈਂ ਜਾਂਦੀ ਹਾਂ। ਡੁੰਮਣੀ-ਦੁਚਿੱਤੀ ਹੋ ਕੇ। ਕਿਤੀ-ਕਿਤਨੇ ਹੀ। ਨ ਲਹੈ-ਨਹੀਂ ਲੈ ਸਕਦੀ। ਵਾਢੀ-ਪਰਦੇਸਣ। ਮੈਡਾ-ਮੇਰਾ। ਰਤਾ-ਰੰਗਿਆ ਹੋਇਆ ਹੈ। ਪਿਰ-ਪਤੀ। ਹਉ-ਮੈਂ। ਘੋਲਿ ਘੁਮਾਈ-ਵਾਰਨੇ ਜਾਂਦੀ ਹਾਂ। ਖੰਨੀਐ ਕੀਤੀ-ਟੋਟੇ ਟੋਟੇ ਹੁੰਦੀ ਹਾਂ। ਹਿਕ-ਇਕ। ਭੋਰੀ-ਰਤਾ ਕੁ ਸਮਾ। ਨਦਰਿ-ਮੇਹਰ ਦੀ ਨਿਗਾਹ ਨਾਲ। ਨਿਹਾਲਿ-ਵੇਖ। ਪੇਈਅੜੈ-ਪੇਕੇ ਘਰ ਵਿਚ, ਇਸ ਜਨਮ ਵਿਚ। ਡੋਹਾਗਣੀ-ਦੁਹਾਗਣ, ਮੰਦੇ ਭਾਗਾਂ ਵਾਲੀ, ਵਿਛੁੜੀ ਹੋਈ। ਸਾਹੁਰੜੈ-ਸਹੁਰੇ ਘਰ ਵਿਚ। ਮੁਠੜੀ-ਮੈਂ ਠੱਗੀ ਗਈ ਹਾਂ। ਸੰਮਲਾ-ਮੈਂ ਸੰਭਾਲ ਲਵਾਂ। ਘਰਿ-ਪਤੀ-ਪ੍ਰਭੂ ਦੇ ਘਰ ਵਿਚ। ਸੁਖਿ-ਸੁਖ ਨਾਲ। ਸਵੰਧਿ-ਸੌਂਦੀਆਂ ਹਨ, ਸ਼ਾਂਤ ਚਿੱਤ ਰਹਿੰਦੀਆਂ ਹਨ। ਗੁਣਤਾਸੁ-ਗੁਣਾਂ ਦਾ ਖਜ਼ਾਨਾ ਪ੍ਰਭੂ। ਨਿਹਾਲੀ-ਤੁਲਾਈ। ਕਾਪੜੁ-ਕੱਪੜਾ। ਅੰਗਿ-ਸਰੀਰ ਉਤੇ। ਮੁਤੀ-ਛੱਡੀਆਂ ਹੋਈਆਂ, ਛੁੱਟੜ। ਡੁਖੀ-ਦੁੱਖਾਂ ਵਿਚ। ਚਖਉ-ਮੈਂ ਚੱਖਾਂ। ਸਾਡੜੇ-ਸੁਆਦਲੇ ਪਦਾਰਥ। ਵੇਸ-ਪਹਿਰਾਵੇ। ਕਰੇਉ-ਮੈਂ ਕਰਾਂ। ਜੋਬਨੁ-ਜਵਾਨੀ, ਬਾਦਿ-ਵਿਅਰਥ। ਗਇਅਮੁ-ਗਿਆ। ਵਾਢੀ-ਛੁਟੜ। ਸਚੇ ਸੰਦਾ-ਸਦਾ-ਥਿਰ ਪਤੀ-ਪ੍ਰਭੂ ਦਾ। ਸਦੜਾ-ਪਿਆਰ ਭਰਿਆ ਸੁਨੇਹਾ। ਅੰਜਨੁ-ਸੁਰਮਾ। ਡੇਖਣਹਾਰੁ-ਉਹ ਪ੍ਰਮਾਤਮਾ ਜੋ ਸਭ ਜੀਵਾਂ ਦੀ ਸੰਭਾਲ ਕਰਨ ਦੇ ਸਮੱਰਥ ਹੈ। ਗਰਬੁ-ਅਹੰਕਾਰ। ਨਿਵਾਰਿ-ਦੂਰ ਕਰਕੇ। ਭਾਵਨਿ-ਜੋ ਪਸੰਦ ਆ ਜਾਂਦੀਆਂ ਹਨ। ਜੇਹੀਆ-ਵਰਗੀਆਂ। ਨਾਹੁ-ਖਸਮ-ਪ੍ਰਭੂ। ਸਚੈ-ਸਦਾ-ਥਿਰ ਪ੍ਰਭੂ ਵਿਚ। ਰਤੜੀਆਹ-ਰੰਗੀਆਂ ਰਹਿੰਦੀਆਂ ਹਨ।

## ਰਾਗੁ ਮਾਰੂ ਕਾਫੀ ਤੀਨ ਤਾਲ ਮਾਤਰਾਂ-16 ਮੱਧ ਲੈਅ

## ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਸ | ਗ | - | ਮ | ਮ |
| | | | | | | | | | | | ਮੈ | ਡਾ | S | ਮ | ਨੁ |
| ਪ | ਧੁ | ਮੰ | ਪ | ਨੁ | ਧਧ | ਪ | ਮਮ | ਗੁ | ਰ | ਸ | ਗਗ | - | ਮ | - | ਪ |
| ਰ | ਤਾ | S | S | ਆ | ਪਨ | ੜੇ | ਪਿਰ | ਨਾ | S | ਲਿ | ਹਉ | S | ਘੋ | S | ਲਿ |
| ਪ | ਪ | ਧੁ | ਪ | ਪ | ਧੁ | ਨ | - | ਧੁ | - | ਪ | ਧ | - | ਨ | - | ਸੰ |
| ਘੁ | ਮਾ | ਈ | S | ਖੰ | ਨੀ | ਐ | S | ਕੀ | S | ਤੀ | ਹਿ | S | ਕ | S | S |
| ਨੁ | ਧ | ਪ | - | ਮ | ਗੁ | ਰ | - | ਗੁ | ਰ | ਸ | | | | | |
| ਭੋ | S | ਰੀ | S | ਨ | ਦ | ਰਿ | S | ਨਿ | ਹਾ | ਲਿ | | | | | |
| X | | | | 2 | | | | 0 | | | | 3 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਪ | ਪਪ | ਧ | - | ਨਨ |
| | | | | | | | | | | | ਆ | ਵਉ | ਵੰ | S | ਵਉ |
| ਸੰ | ਸੰ | ਸੰ | - | ਸੰ | ਗੁੰ | ਰੰ | ਸੰਸੰ | ਨੁ | ਧ | ਪ | ਪ | ਧੁਧੁ | ਮੰ | - | ਪ |
| ਡੂੰ | ਮ | ਣੀ | S | ਕਿ | ਤੀ | ਮਿ | ਤ੍ਰ | ਕ | ਰੇ | ਉ | ਸਾ | ਧਨ | ਢੋ | S | ਈ |
| ਧੁ | ਨ | ਧੁ | ਪ | ਮ | ਗੁ | ਰ | ਮ | ਗੁ | ਰ | ਸ | | | | | |
| ਨ | ਲ | ਹੈ | S | ਵਾ | ਢੀ | ਕਿ | ਉ | ਧੀ | ਰੇ | ਉ | | | | | |
| x | | | | 2 | | | | 0 | | | | 3 | | | |

**ਤਿਹਾਈਆਂ:-**

1) 12ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 12ਵੀਂ ਤੋਂ 16ਵੀਂ ਮਾਤਰ ਦੇ ਮੁਖੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 15ਵੀਂ-16ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਮੁਖੜਾ ਲੈ ਕੇ ਸੱਮ ਤੇ ਆਉਣਾ ਹੈ।
3) 12ਵੀਂ ਤੋਂ ਤੀਜੀ ਮਾਤਰ ਦਾ ਟੁਕੜਾ 12ਵੀਂ ਮਾਤਰ ਤੋਂ ਦੋ ਵਾਰ ਬਰਾਬਰ ਲੈ ਕੇ ਫਿਰ 12ਵੀਂ ਤੋਂ 16ਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਮਾਰੂ ਮਹਲਾ ੧॥ (੧੦੧੫-੧੬)

ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥ ਬਾਬਾ ਮੂਰਖੁ ਹਾ ਨਾਵੈ ਬਲਿ ਜਾਉ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ॥੧॥ ਰਹਾਉ ॥ ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥੨॥ ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ॥ ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ॥੩॥ ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥ ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ॥ ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ॥੫॥ ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ॥ ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ॥੬॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ॥ ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥

ਪਦ ਅਰਥ:-ਨਾ ਜਾਣਾ-ਮੈਂ ਨਹੀਂ ਸਮਝਦਾ। ਰੰਗੇ-ਪ੍ਰੇਮ ਰੰਗ ਵਿਚ ਹੀ। ਰਾਤਾ-ਰੰਗਿਆ ਹੋਇਆ। ਅਨਦਿਨੁ-ਹਰ ਰੋਜ਼। ਵਖਾਣਾ-ਮੈਂ ਸਿਮਰਦਾ ਹਾਂ। ਬਾਬਾ-ਹੇ ਪ੍ਰਭੂ! ਹਾ-ਮੈਂ ਹਾਂ। ਨਾਵੈ-ਨਾਮ ਤੋਂ। ਜਾਉ-ਮੈਂ ਜਾਂਦਾ ਹਾਂ। ਦਾਨਾ-ਸਭ ਦੇ ਦਿਲਾਂ ਦੀ ਜਾਣਨ ਵਾਲਾ। ਬੀਨਾ-ਸਭ ਜੀਵਾਂ ਦੇ ਕੰਮਾਂ ਨੂੰ ਵੇਖਣ ਵਾਲਾ। ਨਾਮਿ-ਨਾਮ ਦੀ ਰਾਹੀਂ। ਤਰਾਉ-ਤਰਉ,

## ਰਾਗੁ ਮਾਰੂ ਕਾਫੀ

ਮੈਂ ਪਾਰ ਲੰਘ ਸਕਦਾ ਹਾਂ। ਮੂਰਖਾ ਸਿਰਿ ਮੂਰਖੁ-ਸਭ ਤੋਂ ਵਡਾ ਮੂਰਖ। ਜਿ-ਜਿਹੜਾ। ਦੁਆਰੈ-ਦਰ ਤੇ। ਪਲੈ ਨ ਪਾਇ-ਨਹੀਂ ਮਿਲ ਸਕਦਾ। ਭਾਣੈ-ਰਜ਼ਾ ਵਿਚ, ਮਰਜ਼ੀ ਵਿਚ। ਮਨਿ-ਮਨ ਵਿਚ। ਅਹਿ-ਦਿਨ। ਨਿਸਿ-ਰਾਤ। ਲਿਵ ਲਾਇ-ਸੁਰਤਿ ਜੋੜ ਕੇ। ਪਾਸੈ-ਚਉਪੜ ਦੀ ਖੇਡ। ਏਕਾ ਸਾਰੀ-ਇਕੋ ਮਾਇਆ ਦੀ ਤ੍ਰਿਸ਼ਨਾ ਦੀ ਨਰਦ। ਜਗਿ-ਜਗਤ ਵਿਚ। ਭਰਮਿ-ਭਟਕਣਾ ਵਿਚ। ਭੁਲਾਣਾ-ਭੁੱਲਾ ਹੋਇਆ। ਪੜਹਿ-ਪੜ੍ਹਦੇ ਹਨ। ਗਾਵਾਰੀ-ਮੂਰਖਾਂ ਦੀ ਵਿੱਦਿਆ। ਨਾਉ-ਪ੍ਰਮਾਤਮਾ ਦਾ ਨਾਮ। ਸਮਾਲਹਿ-ਸਾਂਭਦੇ ਹਨ, ਚੇਤੇ ਰੱਖਦੇ ਹਨ। ਬਿਖੁ-ਜ਼ਹਿਰ। ਲੇਖਾਰੀ-ਵਿਦਵਾਨ। ਕੰਠੇ-ਦਰਿਆ ਕੇ ਕੰਢੇ। ਬਾਗਾ-ਚਿੱਟੇ ਕਪੜੇ। ਝਰੈ-ਝੜਦਾ ਹੈ। ਤਿਸੈ ਕੀ-ਤ੍ਰਿਸ਼ਨਾ ਦੀ। ਪੈਸੇ-ਪੈਂਦਾ ਹੈ, ਕਾਬੂ ਆ ਜਾਂਦਾ ਹੈ। ਜਰੈ-ਸੜਦਾ ਹੈ। ਰਯਤਿ-ਪਰਜਾ, ਜਨਤਾ। ਸਬਾਏ-ਸਾਰੇ। ਦੁਹੁ ਅੰਤਰਿ-ਜ਼ਿਮੀ-ਆਸਮਾਨ ਦੇ ਅੰਦਰ, ਇਸ ਦੁਨੀਆਂ ਵਿਚ। ਜਾਸੀ-ਨਾਸ ਹੋ ਜਾਇਗਾ। ਨਿਵਾਸੀ-ਨਿਵਾਸ ਰੱਖਣਾ ਵਾਲਾ, ਸੁਰਤਿ ਜੋੜੀ ਰੱਖਣ ਵਾਲਾ।

## ਰਾਗੁ ਮਾਰੂ ਕਾਫੀ ਜਗਪਾਲ ਤਾਲ ਮਾਤਰਾਂ-11 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| ਮਗ | ਮਪ | ਧੁ | ਮੰਮੰ | ਪ | ਮਪ | ਮਗੁ | ਰਰ | ਮਗੁ | ਰ | ਸ |
| ਬਾS | ਬਾS | ਮੂ | ਰਖੁ | ਹਾ | ਨਾS | ਵੈS | ਬਲਿ | ਜਾS | ਉ | S |
| ਪਧੁ | ਨਧੁ | ਪਪ | ਧਨ | ਸੰਸੰ | ਸੰਸੰ | ਨੁਧ | ਪ | ਮਪ | ਮਗੁ | ਰਸ |
| ਤੂS | ਕਰ | ਤਾਤੂ | ਦਾਨਾ | ਬੀਨਾ | ਤੇਰੈ | ਨਾS | ਮਿ | ਤS | ਰਾS | ਉS |
| x | | | | | 2 | | 3 | | 4 | |

### ਅੰਤਰਾ

| | | | | | | | | | | |
|---|---|---|---|---|---|---|---|---|---|---|
| ਪਧੁ | ਮੰਪ | ਧੁਧੁ | ਨਨ | ਪਪ | ਧ | ਨ | ਸੰ | ਗੁੰ | ਰੰ | ਸੰ |
| ਨਾS | ਜਾਣਾ | ਮੂਰ | ਖੁਹੈ | ਕੋਈ | ਨਾ | ਜਾ | ਣਾ | ਸਿ | ਆ | ਣਾ |
| ਸੰਰੰ | ਸੰਸੰ | ਧਨ | ਧਨ | ਸੰਸੰ | ਨੁਧ | ਪਪ | ਮਪ | ਗੁ | ਰ | ਸ |
| ਸਦਾ | ਸਾਹਿ | ਬਕੈ | ਰੰਗੇ | ਰਾਤਾ | ਅਨ | ਦਿਨੁ | ਨਾਮੁ | ਵ | ਖਾ | ਣਾ |
| x | | | | | 2 | | 3 | | 4 | |

**ਤਾਨਾਂ:-**

1) ਸਗਮਪ ਮਗੁਰਸ ਗਮਪਧੁ ਮੰਮੰਪਪ ਪਮਗੁਰ ਮਗੁਰਸ ਮਗਮਪ ਧਨਸੰਸੰ ਨੁਨੁਧਪ ਮਪਮਗੁ ਮਗੁਰਸ
2) ਗਮਪਗ ਮਪਗਮ ਪਧੁਮੰਪ ਨੁਨੁਧਪ ਧਪਮਪ ਮਗੁਰਸ ਮਪਧੁਨ ਧੁਧੁਮੰਪ ਧਨਸੰਨੁ ਧਪਮਪ ਮਗੁਰਸ

**ਤਿਹਾਈਆਂ:-**

1) ਬੰਦਸ਼ ਅਨੁਸਾਰ ਪਹਿਲੀ ਤੋਂ ਪੰਜਵੀਂ ਮਾਤਰ ਬਰਾਬਰ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।

2) ਬੰਦਸ਼ ਅਨੁਸਾਰ ਪਹਿਲੀ ਤੋਂ ਸੱਤਵੀਂ ਮਾਤਰ ਬਰਾਬਰ ਲੈ ਕੇ ਫਿਰ 6ਵੀਂ-7ਵੀਂ ਮਾਤਰ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 11ਵੀਂ ਮਾਤਰ ਦੇ 6 ਮਾਤਰਾਂ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ 5ਵੀਂ ਮਾਤਰ ਦੇ 'ਹਾ' ਨੂੰ ਚੌਥੀ ਮਾਤਰ ਤੇ ਲੈਣਾ ਹੈ।

## ਮਾਰੂ ਮਹਲਾ ੯॥ (੧੦੦੮)

**ਅਬ ਮੈ ਕਹਾ ਕਰਉ ਰੀ ਮਾਈ॥ ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਾਈ॥੧॥ਰਹਾਉ॥ ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ॥ ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ॥੧॥ ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ ॥ ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ॥੨॥੨॥**

ਪਦ ਅਰਥ:-ਅਬ-ਹੁਣ, ਜਵਾਨੀ ਦਾ ਸਮਾ ਲੰਘਾ ਕੇ। ਕਹਾ-ਕੀਹ? ਕਰਉ-ਕਰਉਂ, ਮੈਂ ਕਰਾਂ। ਰੀ ਮਾਈ-ਹੇ ਮਾਂ। ਸਗਲ-ਸਾਰਾ। ਬਿਖਿਅਨ ਸਿਉ-ਵਿਸ਼ੇ-ਵਿਕਾਰਾਂ ਨਾਲ। ਕਨ੍ਾਈ-ਕਨ੍ਈਆ, ਪ੍ਰਮਾਤਮਾ। ਫਾਸ-ਫਾਹੀ। ਕਾਲ-ਮੌਤ। ਗਰ ਮਹਿ-ਗਲ ਵਿਚ। ਮੇਲੀ-ਪਾ ਦਿੱਤੀ। ਯਾ ਸੰਕਟ ਮਹਿ- ਇਸ ਬਿਪਤਾ ਵਿਚ। ਕੋ-ਕੌਣ? ਸਹਾਈ-ਮਦਦਗਾਰ। ਸੰਪਤਿ-ਸੰਪਤੀ, ਧਨ-ਪਦਾਰਥ। ਕਰਿ ਮਾਨੀ- ਕਰ ਕੇ ਮੰਨੀ ਸੀ, ਸਮਝ ਲਈ ਹੋਈ ਸੀ। ਪਰਾਈ-ਬਿਗਾਨੀ। ਸੋਚ-ਪਛਤਾਵਾ। ਮਨਿ-ਮਨ ਵਿਚ।

### ਰਾਗੁ ਮਾਰੂ ਕਾਫੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਗ | ਮ | ਪ | ਧੁ | – | ˈਮ | ਪ | [illegible] | [illegible] | [illegible] | ਧ | ਨ | ਸੰ | ਸੰ |
| ਅ | ਬ | ਮੈ | ਕ | S | ਹਾ | S | [illegible] | [illegible] | [illegible] | [illegible] | ਸ | ਜ | ਬ |
| ਪ | ਮਮ | ਗੁ | ਮ | ਗੁ | ਰ | ਸ | ਰੁ | [illegible] | [illegible] | [illegible] | ਧ | ਪ | – |
| ਕ | ਰਉ | ਰੀ | ਮਾ | S | ਈ | S | ਗ | [illegible] | [illegible] | [illegible] | S | ਲੀ | S |
| ਸ | ਗ | ਮ | ਪ | ਧੁ | ˈਮ | ਪ | ਪ | ਧੁ | | [illegible] | ˈਮ | ਪ | ਪ |
| ਸ | ਗ | ਲ | ਜ | ਨ | ਮੁ | S | ਤਿ | ਹ | [illegible] | [illegible] | ਧਿ | ਸ | ਭ |
| ਨੁਨੁ | ਧ | ਪ | ਮ | ਗੁ | ਰਰ | ਸ | ਮ | ਗੁ | ਰ | [illegible] | ਗੁ | ਰ | ਸ |
| ਬਿਖਿ | ਅ | ਨ | ਸਿ | ਉ | ਖੋਇ | ਆ | ਬਿ | ਸ | S | [illegible] | S | ਈ | S |
| ਪ | ਧ | ਨ | ਧ | ਨ | ਸੰ | ਸੰ | | | | | | | |
| ਸਿ | ਮ | ਰਿ | ਓ | S | ਨਾ | ਹਿ | | | | | | | |
| ਨੁ | ਧ | ਪ | ਮ | ਗੁ | ਰ | ਸ | | | | | | | |
| ਕ | ਨ੍ਾ | S | ਈ | S | S | S | | | | | | | |
| x | | | 2 | | 3 | | x | | | 2 | | 3 | |

# ੨੭-ਰਾਗੁ ਮਾਰੂ ਦਖਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਛੇ ਦਖਣੀ ਰਾਗਾਂ ਵਿਚ ਬਾਣੀ ਦੀ ਰਚਨਾ ਹੈ। ਗਉੜੀ ਦਖਣੀ, ਵਡਹੰਸੁ ਦਖਣੀ, ਬਿਲਾਵਲੁ ਦਖਣੀ, ਰਾਮਕਲੀ ਦਖਣੀ ਤੇ ਮਾਰੂ ਦਖਣੀ ਇਹ ਪੰਜਵਾਂ ਰਾਗ ਹੈ। ਰਾਗ ਦੇ ਨਾਮ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਰਾਗ ਉਤਰੀ ਸੰਗੀਤ ਪੱਧਤੀ ਦਾ ਨਹੀਂ ਸਗੋਂ ਦਖਣੀ ਪੱਧਤੀ ਦਾ ਰਾਗ ਹੈ। ਸੋ ਇਹਨਾਂ ਰਾਗਾਂ ਦੇ ਸਰੂਪਾਂ ਲਈ ਇਹਨਾਂ ਦੇ ਦੱਖਣੀ ਸੰਗੀਤ ਦੇ ਸਰੂਪਾਂ ਨੂੰ ਹੀ ਆਧਾਰ ਮੰਨਿਆ ਗਿਆ ਹੈ।

ਦਖਣੀ ਪੱਧਤੀ ਦੇ ਵਿਦਵਾਨਾਂ ਵਿਚੋਂ ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ 'ਸੰਗੀਤ ਸਾਰਾਮ੍ਰਿਤ' ਵਿੱਚ ਮਾਲਵਗੋਂਡ ਜਨਕ ਮੇਲ ਤੋਂ ਮਾਰੂਵ ਜਨਯ ਰਾਗ ਮੰਨਿਆ ਹੈ। ਮਾਲਵਗੌਂਡ ਮੇਲ ਦੇ ਸਵਰ ਇਸ ਪ੍ਰਕਾਰ ਹਨ ਸ ਰੁ ਗ ਮ ਪ ਧੁ ਨ ਸਂ। ਸੰਗੀਤ ਕਾਰਯਾਲਯ ਹਾਥਰਸ ਵੱਲੋਂ ਪ੍ਰਕਾਸ਼ਿਤ 'ਰਾਗ ਕੋਸ਼' ਵਿਚ ਰਾਗ ਮਾਰੂਵ ਮਾਯਾਮਾਲਵਗੌੜ ਮੇਲ ਜਨਯ ਰਾਗ ਹੈ। ਪੰਨਾ ੪੮ ਲੜੀ ਨੰ. ੧੬੬ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ। ਸ ਗ ਮ ਪ ਧ ਨ ਧ ਪ ਸਂ - ਸਂ ਨ ਧ ਪ ਮ ਧ ਮ ਪ ਮ ਗ ਰ ਸ। ਕਰਣਾਟਕ ਸੰਗੀਤ ਅੰਕ ਜਨਵਰੀ ੧੯੬੩ ਦੇ ਪੰਨਾ ੧੮੦ ਤੇ ਲੜੀ ਨੰ. ੫੯੩ ਰਾਗ ਮਾਰੂਵ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ। ਸ ਗ ਮ ਪ ਨ ਸਂ - ਸਂ ਨ ਧ ਮ ਪ ਮ ਗ ਰ ਸ। ਇਹ ਮਾਯਾਮਾਲਵਗੌਲਮ ਮੇਲ ਦਾ ਰਾਗ ਹੈ। 'ਰਾਗ ਵਿਯਾਕਰਣ' ਦੇ ਕਰਤਾ ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ ੯੬੨ ਦਖਣੀ ਰਾਗਾਂ ਦਾ ਸੰਖੇਪ ਵਰਨਣ ਦਿੱਤਾ ਹੈ। ਪੰਨਾ ੫੭ ਲੜੀ ਨੰ. ੫੮੫ ਰਾਗ ਮਾਰੂਵ ਦਾ ਵਰਨਣ ਇਸ ਪ੍ਰਕਾਰ ਹੈ। ਆਰੋਹ- ਸ ਗ ਮ ਪ ਧੁ ਨ ਧੁ ਪ ਸਂ। ਅਵਰੋਹ- ਸਂ ਨ ਧੁ ਪ ਮ ਧੁ ਮ ਪ ਮ ਗ ਰੁ ਸ। ਇਸ ਰਾਗ ਦਾ ਮੇਲ ਨੰ. ੧੫ ਮਾਯਾਮਾਲਵਗੌੜ ਹੈ। ਰਾਗ ਵਿਯਾਕਰਣ ਦੇ ਪੰਨਾ ੨੩ ਅਨੁਸਾਰ ਮਾਯਾਮਾਲਵਗੌੜ ਮੇਲ ਦੇ ਉਤਰੀ ਸੰਗੀਤ ਪੱਧਤੀ ਅਨੁਸਾਰ ਸਵਰ ਇਸ ਪ੍ਰਕਾਰ ਹਨ। ਸ ਰੁ ਗ ਮ ਪ ਧੁ ਨ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗ ਮਾਰੂ ਦਖਣੀ ਦੀ ਰਚਨਾ 'ਮਾਯਾਮਾਲਵਗੌਲ ਮੇਲ' ਤੋਂ ਮੰਨੀ ਜਾਂਦੀ ਹੈ ਜੋ ਉੱਤਰੀ ਪੱਧਤੀ ਦੇ ਭੈਰਵ ਥਾਟ ਦੇ ਸਮਾਨ ਹੈ। ਸਵਰ-ਰਿਸ਼ਭ ਧੈਵਤ ਕੋਮਲ ਹੋਰ ਸਵਰ ਸ਼ੁਧ ਹਨ। ਆਰੋਹ ਵਿਚ ਰਿਸ਼ਭ ਵਰਜਿਤ ਤੇ ਜਾਤੀ-ਸ਼ਾੜਵ-ਸੰਪੂਰਨ ਹੈ। ਵਾਦੀ-ਧੈਵਤ, ਸੰਵਾਦੀ-ਰਿਸ਼ਭ ਤੇ ਗਾਇਣ ਸਮਾਂ - ਸਵੇਰ ਦਾ ਪਹਿਲਾ ਪਹਿਰ ਹੈ। ਆਰੋਹ - ਸ ਗ, ਮ ਪ ਧੁਨ ਧੁ ਪ ਸਂ। ਅਵਰੋਹ- ਸਂਨ ਧੁ, ਪ,

ਮ ਧੁ ਮ ਪ, ਮ ਗ ਰੁ ਸ। ਮੁੱਖ ਅੰਗ- ਨ ਧੁ, ਪ ਮ ਧੁ, ਮ ਪ, ਮ ਗ ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਮਾਰੂ ਦਖਣੀ ਦਾ ਸਰੂਪ ਪ੍ਰੋਫ਼ੈਸਰ ਤਾਰਾ ਸਿੰਘ ਦੇ ਦਿੱਤੇ ਸਰੂਪ ਜੈਸਾ ਹੀ ਹੈ।

ਰਾਗ ਨਿਰਣਾਇਕ ਕਮੇਟੀ ਵੱਲੋਂ ਰਾਗ ਮਾਰੂ ਦੇ ਦਖਣੀ ਰੂਪ ਨੂੰ ਹੀ ਰਾਗ ਮਾਰੂ ਦਖਣੀ ਦੇ ਸਰੂਪ ਦਾ ਅਧਾਰ ਮੰਨਿਆ ਗਿਆ ਹੈ। ਸੋ ਉਹੀ ਸਰੂਪ ਗੁਰਮਤਿ ਸੰਗਤਿ ਵਿਸ਼ੇਸ਼ ਅੰਕ ਵਿੱਚ ਦਿੱਤਾ ਗਿਆ ਹੈ ਤੇ ਉਹੀ ਸਰੂਪ ਇਥੇ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਮਾਰੂ ਮੁੱਖ ਰਾਗ ਨੂੰ ਇੱਕਵਾਂ ਅਸਥਾਨ ਪ੍ਰਾਪਤ ਹੈ। ਰਾਗੁ ਮਾਰੂ ਦੇ ਅੰਤਰਗਤ ਮਾਰੂ ਕਾਫੀ ਮਿਸ਼ਰਤ ਰਾਗ ਤੇ ਦੂਜਾ ਮਾਰੂ ਦਖਣੀ ਦੋ ਹੋਰ ਰਾਗਾਂ ਵਿੱਚ ਬਾਣੀ ਦੀ ਰਚਨਾ ਹੈ। ਮਾਰੂ ਸੋਹਲੇ ਦੀ ਇਹ ਸ਼ਬਦ ਲੜੀ ਪੰਨਾ ੧੦੨੦ ਤੋਂ ਆਰੰਭ ਹੁੰਦੀ ਹੈ। ਪੰਨਾ ੧੦੩੩ ਤੇ ਮਾਰੂ ਦਖਣੀ ਮਹਲਾ ੧ ਸ਼ਬਦ ਅੰਕ ॥੧੬॥੧॥੧੩ ਤੋਂ ਆਰੰਭ ਹੋ ਕੇ ਪੰਨਾ ੧੦੩੮ ਸ਼ਬਦ ਅੰਕ ॥੧੫॥੫॥੧੭॥ ਇਹ ਪੰਜ ਸ਼ਬਦ ਮਾਰੂ ਦਖਣੀ ਰਾਗ ਦੀ ਰਚਨਾ ਬਣਦੀ ਹੈ। ਕਿਉਂ ਜੋ ਇਸ ਤੋਂ ਬਾਅਦ ਪੰਨਾ ੧੦੩੯ ਅਗਲਾ ਸ਼ਬਦ ਅੰਕ ॥੧੫॥੧॥੧੮ ਤੋਂ ਸ਼ੁਰੂ ਹੋ ਜਾਂਦਾ ਹੈ।

**ਪਰੀਚੈ:-**

ਰਾਗੁ - ਮਾਰੂ ਦਖਣੀ — ਮੇਲ - ਮਾਯਾਮਾਲਵਗੌੜ

ਸਵਰ - ਰਿਸ਼ਭ ਧੈਵਤ ਕੋਮਲ ਬਾਕੀ ਸ਼ੁਧ — ਵਰਜਿਤ ਸਵਰ - ਆਰੋਹ ਵਿਚ ਰਿਸ਼ਭ

ਜਾਤੀ - ਸ਼ਾੜਵ-ਸੰਪੂਰਨ — ਵਾਦੀ- ਧੈਵਤ

ਸੰਵਾਦੀ - ਰਿਸ਼ਭ — ਸਮਾਂ - ਦਿਨ ਦਾ ਪਹਿਲਾ ਪਹਿਰ।

ਆਰੋਹ - ਸ ਗ, ਮ ਪ, ਧੁ ਨ ਧੁ ਪ ਸੰ

ਅਵਰੋਹ- ਸੰ ਨ ਧੁ, ਪ, ਮ ਧੁ ਮ ਪ, ਮ ਗ ਰੁ ਸ

ਮੁਖ ਅੰਗ- ਨ ਧੁ, ਪ ਮ ਧੁ ਮ ਪ, ਮ ਗ ਰੁ ਸ

**ਸਵਰ ਵਿਸਥਾਰ:-**

1) ਸ ਰੁ ਸ, ਸ ਗ ਰੁ ਸ, ਨ਼ ਧ਼ੁ ਪ਼, ਮ਼ ਧ਼ੁ ਮ਼ ਪ਼, ਮ਼ ਪ਼ ਧ਼ੁ ਨ਼ ਧ਼ੁ ਪ਼, ਸ, ਸ ਰੁ ਸ, ਗ ਰੁ ਸ, ਸ ਗ ਮ ਪ, ਮ ਪ ਧੁ ਪ, ਮ ਧੁ ਮ ਪ, ਮ ਗ ਰੁ ਸ।

2) ਸ ਰੁ ਸ, ਸ ਗ ਮ ਪ, ਮ ਪ ਧੁ ਪ, ਮ ਧੁ ਮ ਪ, ਨ ਧੁ, ਪ ਸੰ, ਸੰ ਨ ਧੁ, ਪ, ਮ ਧੁ ਮ ਪ, ਧੁ ਮ ਪ, ਮ ਧੁ ਮ ਪ, ਮ ਗ ਰੁ ਸ।

3) ਪ, ਮ ਧੁ ਪ, ਨ ਧੁ ਪ, ਸੰ, ਸੰ ਰੁੰ ਸੰ, ਸੰ ਗੰ ਮੰ ਗੰ ਰੁੰ ਸੰ, ਰੁੰ ਸੰ ਨ, ਸੰ ਨ ਧੁ, ਪ, ਮ ਧੁ ਪ, ਮ ਧੁ, ਮ ਪ ਗ ਮ ਪ, ਧੁ ਮ ਪ, ਮ ਪ, ਮ ਗ ਰੁ, ਸ, ਨ਼ ਧ਼ੁ ਪ਼, ਸ।

## ਮਾਰੂ ਮਹਲਾ ੧ ਦਖਣੀ॥ (੧੦੩੩-੩੪)

ਕਾਇਆ ਨਗਰੁ ਨਗਰ ਗੜ ਅੰਦਰਿ॥ ਸਾਚਾ ਵਾਸਾ ਪੁਰਿ ਗਗਨੰਦਰਿ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥੧॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥੨॥ ਭੀਤਰਿ ਕੋਟ ਗੁਫਾ ਘਰ ਜਾਈ॥ ਨਉ ਘਰ ਥਾਪੇ ਹੁਕਮਿ ਰਜਾਈ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥੩॥ ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ॥੪॥ ਧਰਤਿ ਉਪਾਇ ਧਰੀ ਧਰਮ ਸਾਲਾ॥ ਉਤਪਤਿ ਪਰਲਉ ਆਪਿ ਨਿਰਾਲਾ॥ ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ॥੫॥ ਭਾਰ ਅਠਾਰਹ ਮਾਲਣਿ ਤੇਰੀ॥ ਚਉਰੁ ਢੁਲੈ ਪਵਣੈ ਲੈ ਫੇਰੀ॥ ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ॥੬॥ ਪੰਖੀ ਪੰਚ ਉਡਰਿ ਨਹੀ ਧਾਵਹਿ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥ ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ॥੮॥ ਪਸਰੀ ਕਿਰਣਿ ਜੋਤਿ ਉਜਿਆਲਾ॥ ਕਰਿ ਕਰਿ ਦੇਖੈ ਆਪਿ ਦਇਆਲਾ॥ ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ॥੯॥ ਅਨਹਦੁ ਵਾਜੈ ਭ੍ਰਮੁ ਭਉ ਭਾਜੈ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ॥ ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ॥੧੦॥ ਆਦਿ ਨਿਰੰਜਨੁ ਨਿਰਮਲੁ ਸੋਈ॥ ਅਵਰੁ ਨ ਜਾਣਾ ਦੂਜਾ ਕੋਈ॥ ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ॥੧੧॥ ਅੰਮ੍ਰਿਤੁ ਪੀਆ ਸਤਿਗੁਰਿ ਦੀਆ॥ ਅਵਰੁ ਨ ਜਾਣਾ ਦੂਆ ਤੀਆ॥ ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ॥੧੨॥ ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ॥ ਕੋਇ ਨ ਜਾਣੈ ਤੇਰਾ ਚੀਰਾ॥ ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ॥੧੩॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ॥ ਵੇਪਰਵਾਹ ਅਖੁਟ ਭੰਡਾਰੈ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ॥੧੪॥ ਆਪੇ ਦੇਖਿ ਦਿਖਾਵੈ ਆਪੇ॥ ਆਪੇ ਥਾਪਿ ਉਥਾਪੇ ਆਪੇ॥ ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ॥੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ॥ ਦੇਖਹਿ ਆਪਿ ਬੈਸਿ ਬਿਜ ਮੰਦਰਿ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ॥੧੬॥੧॥੧੩॥

ਪਦ ਅਰਥ:-ਕਾਇਆ-ਸਰੀਰ। ਗੜ-ਗੜ੍ਹ, ਕਿਲ੍ਹੇ। ਸਾਚਾ-ਸਦਾ-ਥਿਰ ਰਹਿਣ ਵਾਲਾ। ਪੁਰਿ-ਸ਼ਹਿਰ ਵਿਚ। ਗਗਨੰਦਰਿ-ਗਗਨ ਅੰਦਰਿ, ਅਕਾਸ਼ ਵਿਚ, ਦਿਮਾਗ਼ ਵਿਚ। ਨਿਰਮਾਇਲੁ-ਨਿਰਮਲ, ਪਵਿੱਤਰ। ਆਪੁ-ਆਪਣੇ ਆਪ ਨੂੰ। ਉਪਾਇਦਾ-

ਪ੍ਰਗਟ ਕਰਦਾ ਹੈ, ਟਿਕਾਂਦਾ ਹੈ। ਹਟਨਾਲੇ-ਬਜ਼ਾਰ। ਬਜਰ ਕਪਾਟ-ਕਰੜੇ ਦਰਵਾਜ਼ੇ। ਜੜਿ ਜਾਣੈ-ਬੰਦ ਕਰਨੇ ਜਾਣਦਾ ਹੈ। ਘਰ ਜਾਈ-ਘਰ ਦੀ ਥਾਂ। ਨਉ ਘਰ-ਨੌਂ ਗੋਲਕਾਂ। ਦਸਵੈ-ਦਸਵੇਂ ਘਰ ਵਿਚ। ਨਿਵਰੈ-ਬੁੱਝ ਜਾਂਦੀ ਹੈ। ਜਲ ਨਿਧਿ-ਸਮੁੰਦਰ ਵਿਚ। ਧਰਮ ਸਾਲਾ-ਧਰਮ ਕਮਾਣ ਦੀ ਥਾਂ। ਉਤਪਤਿ-ਪੈਦਾਇਸ਼। ਪਰਲਉ-ਨਾਸ। ਪਵਣੈ-ਸੁਆਸਾਂ ਦਾ। ਭਾਰ ਅਠਾਰਹ-ਸਾਰੀ ਬਨਸਪਤੀ। ਢੁਲੈ-ਝੁਲਦਾ ਹੈ। ਸਸਿ-ਚੰਦ੍ਰਮਾ। ਸੂਰੁ-ਸੂਰਜ। ਪੰਖੀ ਪੰਚ-ਪੰਜ ਗਿਆਨ ਇੰਦ੍ਰੇ ਪੰਛੀ। ਉਡਰਿ-ਉੱਡ ਕੇ। ਰਵੈ- ਸਿਮਰਦਾ ਹੈ। ਝਿਲਮਿਲ-ਬੜੀ ਚਮਕ ਨਾਲ। ਝਿਲਕੈ-ਲਿਸ਼ਕਦਾ ਹੈ। ਗੈਣਾਰਾ-ਆਕਾਸ਼। ਅਕਥੀ-ਉਹ ਅਵਸਥਾ ਜਿਸ ਦਾ ਬਿਆਨ ਨਾ ਹੋ ਸਕੇ। ਕਥਉ-ਮੈਂ ਦੱਸਦਾ ਹਾਂ। ਰੁਣ ਝੁਣਕਾਰੁ-ਇਕ-ਰਸ ਮਿੱਠੀ ਮਿੱਠੀ ਆਵਾਜ਼। ਵਾਇਦਾ-ਵਜਾਂਦਾ ਹੈ। ਅਨਹਦੁ-ਲਗਾਤਾਰ। ਛਾਜੈ-ਛਾ ਰਿਹਾ ਹੈ, ਪਸਰ ਰਿਹਾ ਹੈ, ਵਿਆਪਕ ਹੈ। ਨਿਰੰਜਨੁ-ਮਾਇਆ ਦੇ ਪ੍ਰਭਾਵ ਤੋਂ ਰਹਿਤ। ਗਹਿਰ-ਡੂੰਘਾ। ਗੰਭੀਰਾ ਵਡੇ ਜਿਗਰੇ ਵਾਲਾ। ਚੀਰਾ-ਪੱਲਾ, ਪਾਟ, ਖਿਲਾਰਾ। ਜਾਚੈ-ਮੰਗਦੀ ਹੈ। ਕਰਮਿ-ਬਖਸ਼ਿਸ਼ ਦੀ ਰਾਹੀਂ। ਭੰਡਾਰੇ-ਖਜ਼ਾਨੇ ਵਿਚ। ਉਥਾਪੇ-ਨਾਸ ਕਰਦਾ ਹੈ, ਉਖੇੜਦਾ ਹੈ। ਬਿਜ ਮੰਦਰਿ-ਪੱਕੇ ਮੰਦਰ ਵਿਚ।

## ਰਾਗੁ ਮਾਰੂ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ | ਧੁ | ਮ | ਪ | ਨ | ਧੁ | ਪ | - |
| | | | | | | | | ਕਾ | ਇ | ਆ | S | ਨ | ਗ | ਰੁ | S |
| ਮ | ਧੁਧੁ | ਮ | ਪ | ਮ | ਗ | ਰੁ | ਸ | ਸ | ਗ | ਰੁ | ਸ | ਮ | ਗ | ਰੁ | - |
| ਨ | ਗਰ | ਗ | ਝ | ਅੰ | S | ਦ | ਰਿ | ਸਾ | S | ਚਾ | S | ਵਾ | S | ਸਾ | S |
| ਨ | ਧੁ | ਪ | ਪ | ਮ | ਧੁ | ਮ | ਪ | ਮ | ਪ | ਧੁ | ਧੁ | ਨ | ਧੁ | ਪ | - |
| ਪੁ | ਰਿ | ਗ | ਗ | ਨੰ | S | ਦ | ਰਿ | ਅ | ਸ | ਥਿ | ਰੁ | ਥਾ | S | ਨੁ | S |
| ਸੰ | ਸੰ | ਰੁੰ | ਸੰ | ਨ | ਧੁ | ਪ | ਪ | ਮ | ਪ | ਨ | ਧੁ | ਪ | - | ਮ | ਪ |
| ਸ | ਦਾ | ਨਿ | ਰ | ਮਾ | S | ਇ | ਲੁ | ਆ | S | ਪੇ | S | ਆ | S | ਪੁ | S |
| ਮ | ਧੁ | ਮ | ਪ | ਮ | ਗ | ਰੁ | ਸ | | | | | | | | |
| ਉ | S | ਪਾ | ਇ | ਦਾ | S | S | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | - | ਮ | ਪ | ਮ | ਧੁ | ਪ | - |
| | | | | | | | | ਅੰ | S | ਦ | ਰਿ | ਕੋ | S | ਟ | S |
| ਸੰ | ਸੰ | ਸੰ | ਸੰ | ਸੰ | ਰੁੰ | ਸੰ | - | ਸੰ | - | ਸੰ | ਗੰ | ਮੰ | ਗੰ | ਰੁੰ | ਸੰ |
| ਛ | ਜੇ | ਹ | ਟ | ਨਾ | S | ਲੇ | S | ਆ | S | ਪੇ | S | ਲੇ | S | ਵੈ | S |
| ਰੁੰ | ਸੰ | ਨ | ਸੰ | ਨ | ਧੁ | ਪ | - | ਮ | ਧੁ | ਮ | ਪ | ਮ | ਗ | ਰੁ | ਸ |
| ਵ | ਸ | ਤੁ | S | ਸ | ਮਾ | ਲੇ | S | ਬ | ਜ | ਰ | S | ਕ | ਪਾ | ਟ | S |

ਰਾਗੁ ਮਾਰੂ ਦਖਣੀ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸ | ਗ | ਮ | ਪ | ਮ | ਧੁ | ਮ | ਪ | ਨ | ਧੁ | ਪ | - | ਸਂ | ਨ | ਸਂ | ਨ |
| ਜ | ੜੇ | ਜ | ੜਿ | ਜਾ | ऽ | ਣੈ | ऽ | ਗੁ | ऽ | ਰ | ऽ | ਸ | ਬ | ਦੀ | ऽ |
| ਧੁ | - | ਪ | ਪ | ਮ | ਗ | ਰੁ | ਸ | | | | | | | | |
| ਖੋ | ऽ | ਲਾ | ਇ | ਦਾ | ऽ | ऽ | ऽ | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਗ ਰੁਸ ਮਗ ਰੁਸ ਮਧੁ ਮਪ ਮਗੁ ਰੁਸ

2) ਮਧੁ ਮਪ ਨਧੁ ਪ- ਮਪ ਮਪ ਮਗ ਰੁਸ

3) ਸਰੁ ਸਗ ਰੁਸ ਨਧੁ ਪਮ ਧੁਪ ਮਗ ਰੁਸ

4) ਮਧੁ ਮਪ ਸਂਨ ਧੁਪ ਮਧੁ ਮਪ ਮਗ ਰੁਸ

5) ਮਗ ਰੁਸ ਮਧੁ ਮਪ ਮਗ ਰੁਸ ਮਧੁ ਮਪ ਸਂਰੁਂ ਸਂਨ ਧੁਪ ਮਪ ਨਧੁ ਪਪ ਮਗ ਰੁਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 9ਵੀਂ ਤੋਂ 8ਵੀਂ ਮਾਤਰ ਦੇ ਪੂਰੇ ਇੱਕ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

4) 9ਵੀਂ ਤੋਂ 8ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਮਾਰੂ ਮਹਲਾ ੧॥ (੧੦੩੪-੩੫)

ਦਰਸਨੁ ਪਾਵਾ ਜੇ ਤੁਧੁ ਭਾਵਾ॥ ਭਾਇ ਭਗਤਿ ਸਾਚੇ ਗੁਣ ਗਾਵਾ॥ ਤੁਧੁ ਭਾਣੇ ਤੂ ਭਾਵਹਿ ਕਰਤੇ ਆਪੇ ਰਸਨ ਰਸਾਇਦਾ॥੧॥ ਸੋਹਨਿ ਭਗਤ ਪ੍ਰਭੂ ਦਰਬਾਰੇ॥ ਮੁਕਤੁ ਭਏ ਹਰਿ ਦਾਸ ਤੁਮਾਰੇ॥ ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ॥੨॥ ਈਸਰੁ ਬ੍ਰਹਮਾ ਦੇਵੀ ਦੇਵਾ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ॥ ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ॥੩॥ ਵਿਣੁ ਜਾਣਾਏ ਕੋਇ ਨ ਜਾਣੈ॥ ਜੋ ਕਿਛੁ ਕਰੇ ਸੁ ਆਪਣ ਭਾਣੈ॥ ਲਖ

**ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ॥੪॥ ਜੋ ਤਿਸੁ ਭਾਵੈ ਸੋ ਨਿਹਚਉ ਹੋਵੈ॥ ਮਨਮੁਖੁ ਆਪੁ ਗਣਾਏ ਰੋਵੈ॥ ਨਾਵਹੁ ਭੁਲਾ ਠਉਰ ਨ ਪਾਏ ਆਇ ਜਾਇ ਦੁਖੁ ਪਾਇਦਾ॥੫॥ ਨਿਰਮਲ ਕਾਇਆ ਊਜਲ ਹੰਸਾ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ॥ ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ॥੬॥ ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥ ਭੋਗਹੁ ਰੋਗ ਸੁ ਅੰਤਿ ਵਿਗੋਵੈ॥ ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ॥੭॥ ਗਿਆਨ ਵਿਹੂਣੀ ਭਵੈ ਸਬਾਈ॥ ਸਾਚਾ ਰਵਿ ਰਹਿਆ ਲਿਵ ਲਾਈ॥ ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ॥੮॥ ਅਟਲੁ ਅਡੋਲੁ ਅਤੋਲੁ ਮੁਰਾਰੇ॥ ਖਿਨ ਮਹਿ ਢਾਹੇ ਫੇਰਿ ਉਸਾਰੇ॥ ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ ਸਬਦਿ ਭੇਦਿ ਪਤੀਆਇਦਾ॥੯॥ ਹਮ ਦਾਸਨ ਕੇ ਦਾਸ ਪਿਆਰੇ॥ ਸਾਧਿਕ ਸਾਚ ਭਲੇ ਵੀਚਾਰੇ॥ ਮੰਨੇ ਨਾਉ ਸੋਈ ਜਿਣਿ ਜਾਸੀ ਆਪੇ ਸਾਚੁ ਦ੍ਰਿੜਾਇਦਾ॥੧੦॥ ਪਲੈ ਸਾਚੁ ਸਚੇ ਸਚਿਆਰਾ॥ ਸਾਚੇ ਭਾਵੈ ਸਬਦੁ ਪਿਆਰਾ॥ ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ ਸਾਚੇ ਹੀ ਪਤੀਆਇਦਾ॥੧੧॥ ਵਡਾ ਵਡਾ ਆਖੈ ਸਭੁ ਕੋਈ॥ ਗੁਰ ਬਿਨੁ ਸੋਝੀ ਕਿਨੈ ਨ ਹੋਈ॥ ਸਾਚਿ ਮਿਲੈ ਸੋ ਸਾਚੇ ਭਾਏ ਨਾ ਵੀਛੁੜਿ ਦੁਖੁ ਪਾਇਦਾ॥੧੨॥ ਧੁਰਹੁ ਵਿਛੁੰਨੇ ਧਾਹੀ ਰੁੰਨੇ॥ ਮਰਿ ਮਰਿ ਜਨਮਹਿ ਮੁਹਲਤਿ ਪੁੰਨੇ॥ ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ॥੧੩॥ ਆਪੇ ਕਰਤਾ ਆਪੇ ਭੁਗਤਾ॥ ਆਪੇ ਤ੍ਰਿਪਤਾ ਆਪੇ ਮੁਕਤਾ॥ ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ॥੧੪॥ ਦਾਨਾ ਕੈ ਸਿਰਿ ਦਾਨੁ ਵੀਚਾਰਾ॥ ਕਰਣ ਕਾਰਣ ਸਮਰਥੁ ਅਪਾਰਾ॥ ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ॥੧੫॥ ਸੇ ਗੁਣ ਗਾਵਹਿ ਸਾਚੇ ਭਾਵਹਿ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ॥ ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ॥੧੬॥੨॥੧੪॥**

ਪਦ ਅਰਥ:-ਪਾਵਾ-ਪਾਵਾਂ, ਮੈਂ ਪਾ ਸਕਾਂ। ਭਾਵਾ-ਭਾਵਾਂ, ਮੈਂ ਚੰਗਾ ਲੱਗਾਂ। ਭਾਇ-ਪ੍ਰੇਮ ਨਾਲ। ਭਾਣੇ-ਚੰਗੇ ਲੱਗੇ। ਭਾਵਹਿ-ਚੰਗਾ ਲਗਦਾ ਹੈਂ। ਕਰਤੇ-ਹੇ ਕਰਤਾਰ! ਰਸਨ-ਜੀਭ। ਰਸਾਇਦਾ-ਰਸੀਲੀ ਬਣਾਂਦਾ ਹੈਂ। ਮੁਕਤੁ-ਵਿਕਾਰਾਂ ਤੋਂ ਸੁਤੰਤਰ। ਹਰਿ-ਹੇ ਹਰੀ! ਆਪੁ-ਆਪਾ-ਭਾਵ। ਗਵਾਇ-ਗਵਾ ਕੇ। ਅਨਦਿਨੁ-ਹਰ ਰੋਜ਼। ਈਸਰੁ-ਸ਼ਿਵ। ਤਪੇ-ਤਪ ਕਰਨ ਵਾਲੇ। ਭਾਣੈ-ਮਰਜ਼ੀ ਨਾਲ, ਰਜ਼ਾ ਵਿਚ। ਸਾਹ-ਸੁਆਸ। ਨਿਹਚਉ-ਜ਼ਰੂਰ। ਗਣਾਏ-ਵਡ੍ਹਾ ਜਤਾਂਦਾ ਹੈ। ਨਾਵਹੁ-ਨਾਮ ਤੋਂ। ਹੰਸਾ-ਜੀਵ। ਅੰਸਾ-ਮਾਇਆ-ਰਹਿਤ ਪ੍ਰਭੂ ਦੀ ਅੰਸ਼। ਅੰਮ੍ਰਿਤੁ ਕਰਿ--ਅੰਮ੍ਰਿਤ ਦੀ ਬਰਕਤਿ ਨਾਲ। ਪੀਵੈ-ਪੀ ਲੈਂਦਾ ਹੈ। ਬਾਹੁੜਿ-ਮੁੜ, ਫਿਰ। ਸਾਦਹੁ-ਸੁਆਦ ਤੋਂ। ਵਿਗੋਵੈ-ਖੁਆਰ ਹੁੰਦਾ ਹੈ। ਹਰਖਹੁ-ਖੁਸ਼ੀ ਤੋਂ। ਵਿਹੂਣੀ-ਸੱਖਣੀ। ਸਬਾਈ-ਸਾਰੀ ਲੁਕਾਈ। ਫੇਰਿ-ਮੁੜ, ਫਿਰ। ਮਿਤਿ-ਮਰਯਾਦਾ, ਮਾਪ, ਮਿਣਤੀ। ਭੇਦਿ-ਵਿੱਝ ਕੇ। ਜਿਣਿ-ਜਿੱਤ ਕੇ। ਸਾਚੁ-ਸਦਾ-ਥਿਰ ਪ੍ਰਭੂ ਨੂੰ। ਵੀਛੁੜਿ-ਵਿਛੁੜ ਕੇ। ਧੁਰਹੁ-ਮੁੱਢ ਤੋਂ ਹੀ। ਧਾਹੀ-ਢਾਹਾਂ ਮਾਰ ਕੇ। ਮੁਹਲਤਿ-ਜ਼ਿੰਦਗੀ ਦਾ ਸਮਾਂ। ਪੁੰਨੇ -ਪੁੱਗ ਜਾਣ ਤੇ। ਤ੍ਰਿਪਤਾ-ਰੱਜਿਆ ਹੋਇਆ। ਮੁਕਤਾ-ਭੋਗਾਂ ਤੋਂ ਸੁੰਤਤਰ। ਮੁਕਤੀਸਰੁ-ਮੁਕਤੀ-ਈਸਰ, ਮੁਕਤੀ ਦਾ ਮਾਲਕ।। ਚੁਕਾਇਦਾ-ਮੁਕਾ ਦੇਂਦਾ ਹੈ। ਦਾਨਾ ਕੈ ਸਿਰਿ-ਸਭ ਦਾਨਾਂ ਦੇ ਸਿਰ ਤੇ, ਸਭ ਬਖਸ਼ਿਸ਼ਾਂ ਤੋਂ ਵਧੀਆ। ਸੇ-ਉਹ ਬੰਦੇ। ਤੇ-ਤੋਂ। ਮਿਲਿ-ਮਿਲ ਕੇ।

## ਰਾਗੁ ਮਾਰੂ ਦਖਣੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਨ | ਧੁ | ਪ | ਮ | ਧੁ | ਪ | ਮ | ਪ | ਪ | ਮਗ | ਰੁ | ਸ |
| ਦ | ਰ | ਸ | ਨੁ | ਪਾ | ਵਾ | ਜੇ | ਤੁ | ਧੁ | ਭਾS | S | ਵਾ |
| ਸ | ਰੁ | ਸ | ਗ | ਰੁ | ਸ | ਮ | ਧੁ | ਮ | ਪ | ਧੁ | ਪ |
| ਭਾ | S | ਇ | ਭ | ਗ | ਤਿ | ਸਾ | ਚੇ | ਗੁ | ਣ | ਗਾ | ਵਾ |
| ਮ | ਧੁ | ਪ | ਨ | ਧੁ | ਪ | ਸੰ | ਰੁੰ | ਸੰਸੰ | ਨ | ਧੁ | ਪ |
| ਤੁ | ਧੁ | ਭਾ | ਣੇ | ਤੂ | S | ਭਾ | S | ਵਹਿ | ਕ | ਰ | ਤੇ |
| ਮ | ਧੁ | ਧੁ | ਮ | ਪ | ਪ | ਮ | ਗ | ਰੁ | ਗ | ਰੁ | ਸ |
| ਆ | S | ਪੇ | ਰ | ਸ | ਨ | ਰ | ਸਾ | ਇ | ਦਾ | S | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਧੁ | ਪ | ਸੰਨ | ਧੁ | ਪ | ਸੰਸੰ | ਸੰ | ਸੰ | ਰੁੰ | ਰੁੰ | ਸੰ |
| ਸੋ | ਹ | ਨਿ | ਭS | ਗ | ਤ | ਪ੍ਰ | ਭੂ | ਦ | ਰ | ਬਾ | ਰੇ |
| ਸੰ | ਗੰ | ਮੰ | ਗੰ | ਰੁੰ | ਸੰ | ਨਨ | ਧੁ | ਪ | ਮਧੁ | ਮ | ਪ |
| ਮੁ | ਕ | ਤੁ | ਭ | ਏ | S | ਹਰਿ | ਦਾ | ਸ | ਤੁS | ਮਾ | ਰੇ |
| ਗ | - | ਮ | ਪ | ਧੁ | ਧੁ | ਨ | ਧੁ | ਪ | ਸੰ | ਸੰ | ਸੰ |
| ਆ | S | ਪੁ | ਗ | ਵਾ | ਇ | ਤੇ | ਰੈ | ਰੰ | ਗਿ | ਰਾ | ਤੇ |
| ਸੰ | ਨ | ਧੁ | ਪ | ਮ | ਧੁ | ਮ | ਪ | ਪ | ਮਗ | ਰੁ | ਸ |
| ਅ | ਨ | ਦਿ | ਨੁ | ਨਾ | ਮੁ | ਧਿ | ਆ | ਇ | ਦਾS | S | S |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਗ ਰੁਸ ਮਧੁ ਮਪ ਮਗ ਰੁਸ ਮਧੁ ਪਨ ਧੁਪ ਮਪ ਮਗ ਰੁਸ

2) ਮਧੁ ਪਨ ਧੁਪ ਮਪ ਸੰਰੁੰ ਸੰਨ ਧੁਪ ਮਪ ਮਧੁ ਮਪ ਮਗ ਰੁਸ

3) ਮਧੁ ਮਪ ਮਗ ਰੁਸ ਮਧੁ ਮਪ ਨਧੁ ਪ- ਮਧੁ ਮਪ ਮਗ ਰੁਸ

**ਤਿਹਾਈਆਂ:-**

1) ਪਹਿਲੀ ਤੋਂ 6ਵੀਂ ਮਾਤਰ ਤਕ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) ਪਹਿਲੀ ਤੋਂ ਚੌਥੀ ਮਾਤਰ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਮ ਕਰਨਾ ਹੈ।

### ਮਾਰੂ ਮਹਲਾ ੧॥ (੧੦੩੬-੩੭)

ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ॥ ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ॥੧॥ ਨਉ ਘਰ ਥਾਪੇ ਥਾਪਣਹਾਰੈ॥ ਦਸਵੈ ਵਾਸਾ ਅਲਖ ਅਪਾਰੈ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ॥੨॥ ਰਵਿ ਸਸਿ ਦੀਪਕ ਜੋਤਿ ਸਬਾਈ॥ ਆਪੇ ਕਰਿ ਵੇਖੈ ਵਡਿਆਈ॥ ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ॥੩॥ ਗੜ ਮਹਿ ਹਾਟ ਪਟਣ ਵਾਪਾਰਾ॥ ਪੂਰੈ ਤੋਲਿ ਤੋਲੈ ਵਣਜਾਰਾ॥ ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ॥੪॥ ਕੀਮਤਿ ਪਾਈ ਪਾਵਣਹਾਰੈ॥ ਵੇਪਰਵਾਹ ਪੂਰੇ ਭੰਡਾਰੈ॥ ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ॥੫॥ ਨਦਰਿ ਕਰੇ ਪੂਰਾ ਗੁਰੁ ਭੇਟੈ॥ ਜਮ ਜੰਦਾਰੁ ਨ ਮਾਰੈ ਫੇਟੈ॥ ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ॥੬॥ ਆਪੇ ਵਰਖੈ ਅੰਮ੍ਰਿਤ ਧਾਰਾ॥ ਰਤਨ ਜਵੇਹਰ ਲਾਲ ਅਪਾਰਾ॥ ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ॥੭॥ ਪ੍ਰੇਮ ਪਦਾਰਥੁ ਲਹੈ ਅਮੋਲੋ॥ ਕਬ ਹੀ ਨ ਘਾਟਸਿ ਪੂਰਾ ਤੋਲੋ॥ ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ॥੮॥ ਸਚਾ ਸਉਦਾ ਵਿਰਲਾ ਕੋ ਪਾਏ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥ ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ॥੯॥ ਹੁਕਮੇ ਆਇਆ ਹੁਕਮਿ ਸਮਾਇਆ॥ ਹੁਕਮੇ ਦੀਸੈ ਜਗਤੁ ਉਪਾਇਆ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥੧੦॥ ਹੁਕਮੇ ਧਰਤੀ ਧਉਲ ਸਿਰਿ ਭਾਰੰ॥ ਹੁਕਮੇ ਪਉਣ ਪਾਣੀ ਗੈਣਾਰੰ॥ ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ॥੧੧॥ ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥੧੨॥ ਹੁਕਮਿ ਉਪਾਏ ਦਸ ਅਉਤਾਰਾ॥ ਦੇਵ ਦਾਨਵ ਅਗਣਤ ਅਪਾਰਾ॥ ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥੧੩॥ ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ॥ ਆਪਿ ਨਾਥੁ ਨਥੰੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ॥੧੪॥ ਕਾਇਆ ਕੋਟੁ ਗੜੈ ਮਹਿ ਰਾਜਾ॥ ਨੇਬ ਖਵਾਸ ਭਲਾ ਦਰਵਾਜਾ॥ ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ॥੧੫॥ ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ॥ ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ॥੧੬॥੪॥੧੬॥

# ਰਾਗੁ ਮਾਰੂ ਦਖਣੀ

ਪਦ ਅਰਥ:-ਆਪੁ-ਆਪਣੇ ਆਪ ਨੂੰ। ਨਿਰਾਲਾ-ਵੱਖਰਾ, ਨਿਰਲੇਪ। ਸਾਚਾ-ਸਦਾ-ਥਿਰ ਪ੍ਰਭੂ। ਬੰਧਨੁ-ਮੇਲ। ਕੋਟੁ-ਕਿਲ੍ਹਾ। ਘਰ-ਗੋਲਕਾਂ। ਥਾਪਣਹਾਰੈ-ਬਣਾਣ ਦੀ ਸਮੱਰਥਾ ਰੱਖਣ ਵਾਲੇ ਨੇ। ਦਸਵੈ-ਦਸਵੇਂ ਘਰ ਵਿਚ, ਦਸਵੇਂ ਦੁਆਰ ਵਿਚ। ਅਪਾਰੈ-ਅਪਾਰ ਪ੍ਰਭੂ ਦਾ। ਸਾਇਰ-ਸਮੁੰਦਰ। ਸਪਤ-ਸੱਤ। ਸਪਤ ਸਾਇਰ-ਸੱਤ ਸਮੁੰਦਰ। ਜਲਿ ਨਿਰਮਲਿ-ਨਿਰਮਲ ਜਲ ਨਾਲ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਬੰਦਾ। ਰਵਿ-ਸੂਰਜੁ। ਸਸਿ-ਚੰਦ੍ਰਮਾ। ਦੀਪਕ-ਦੀਵੇ। ਸਬਾਈ-ਸਾਰੀ। ਗੜ-ਕਿਲ੍ਹਾ। ਪਟਣ-ਸ਼ਹਿਰ। ਤੋਲਿ-ਤੋਲ ਨਾਲ। ਵਿਸਾਹੇ-ਖ਼੍ਰੀਦਦਾ ਹੈ। ਭੰਡਾਰੈ-ਖ਼ਜ਼ਾਨੇ ਵਿਚ। ਕਲਾ-ਸਤਿਆ। ਭੇਟੈ-ਮਿਲਦਾ ਹੈ। ਜੰਦਾਰੁ-ਅਵੈੜਾ, ਜ਼ਾਲਮ। ਫੇਟੈ-ਫੇਟ, ਸੱਟ। ਬਿਗਾਸੀ-ਖਿੜਦਾ ਹੈ। ਲਹੈ-ਲੱਭ ਲੈਂਦਾ ਹੈ। ਸਚੋ-ਸਚ ਹੀ, ਸਦਾ-ਥਿਰ ਨਾਮ ਹੀ। ਕੋ-ਕੋਈ ਬੰਦਾ। ਸਮਾਇਦਾ-ਲੀਨ ਹੋ ਜਾਂਦਾ ਹੈ। ਸਮਾਇਆ-ਮਰ ਗਿਆ। ਮਛੁ-ਮਾਤ-ਲੋਕ। ਪਇਆਲਾ-ਪਾਤਾਲ। ਕਲਾ-ਸੱਤਿਆ। ਧਉਲ-ਬਲਦ। ਗੈਣਾਰੰ-ਆਕਾਸ਼। ਸਿਵ ਸ਼ਕਤੀ ਘਰਿ-ਸ਼ਿਵ ਦੀ ਸ਼ਕਤੀ ਦੇ ਘਰ ਵਿਚ। ਆਡਾਣੇ-ਖਿਲਾਰੇ ਹੋਏ ਹਨ। ਗਿਰਾਸ-ਗਿਰਾਹੀ। ਫੁਨਿ-ਮੁੜ, ਅਤੇ। ਦਾਨਵ-ਦੈਂਤ, ਰਾਖਸ਼। ਪੈਝੈ-ਆਦਰ ਪਾਂਦਾ ਹੈ। ਗੁਦਾਰੇ-ਗੁਜ਼ਾਰੇ। ਕੋਟੁ-ਕਿਲ੍ਹਾ। ਨੇਬ-ਨਾਇਬ। ਖਵਾਸ-ਦਰਬਾਰੀ, ਮੁਸਾਹਿਬ। ਭਲਾ-ਚੰਗਾ, ਸੋਹਣਾ। ਕਾਰੀ-ਕਰਿੰਦੇ। ਸੰਜਮੁ-ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕਣ ਦਾ ਉੱਦਮ। ਜਗਜੀਵਨੁ-ਜਗਤ ਦਾ ਜੀਵਨ ਪ੍ਰਭੂ।

## ਰਾਗੁ ਮਾਰੂ ਦਖਣੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਮ | ਧੁ | ਮ | ਪ | ਪ | ਮ | ਗਗ | ਰੁ | ਰੁ | ਸ |
| ਆ | ਪੇ | ਆ | ऽ | ਪੁ | ੳ | ਪਾਇ | ਨਿ | ਰਾ | ਲਾ |
| ਸ | ਗ | ਰੁ | - | ਸ | ਨ | ਧੁ | ਪਪ | ਮਗ | ਰੁਸ |
| ਸਾ | ਚਾ | ਬਾ | ऽ | ਨੁ | ਕੀ | ਓ | ਦਇ | ਆऽ | ਲਾऽ |
| x | | 2 | | | 0 | | 3 | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪਪ | ਪ | ਮ | ਧੁ | ਮਪ | ਨਨ | ਧੁਪ | ਸੰ | ਰੁੰ | ਸੰ |
| ਪਉ | ਣ | ਪਾ | ऽ | ਣੀऽ | ਅਗ | ਨੀਕਾ | ਬੰ | ਧ | ਨੁ |
| ਸੰਸੰ | ਨ | ਧੁ | - | ਪ | ਮਧੁ | ਮਪ | ਮਗ | ਰੁ | ਸ |
| ਕਾਇ | ਆ | ਕੋ | ऽ | ਟੁ | ਰऽ | ਚਾਇ | ਦਾऽ | ऽ | ऽ |
| x | | 2 | | | 0 | | 3 | | |

ਤਾਨਾਂ:-

1) ਸਗਮਪ ਮਗਰੁਸ ਮਧੁਮਪ ਮਗਰੁਸ ਮਪਧੁਨ ਧੁਪਮਪ ਸੰਨਧੁਪ ਮਧੁਮਪ ਮਪਮਗ ਰੁਰੁਸਸ

2) ਗਗਮਪ ਮਧੁਮਪ ਮਗਰੁਸ ਮਧੁਮਪ ਨਧੁਪਪ ਸੰਰੁੰਸੰਸੰ ਨਨਧੁਪ ਨਧੁਮਪ ਧੁਮਪਪ ਮਗਰੁਸ

3) ਮਧੁਮਪ ਮਪਮਗ ਰੁਸਨਨ ਧੁਪਮਧੁ ਮਪਮਪ ਮਗਰੁਸ ਨਧੁਪਪ ਸੰਨਧੁਪ ਮਧੁਮਪ, ਮਗਰੁਸ

**ਤਿਹਾਈਆਂ:-**

1) ਪਹਿਲੀਆਂ ਦੋ ਮਾਤਰਾਂ ਨੂੰ ਇਕ ਮਾਤਰ ਵਿਚ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਚੌਥੀ ਮਾਤਰ ਤੇ 'ਪੁ' ਦਾ ਉਚਾਰਨ ਲੈ ਕੇ ਫਿਰ 5ਵੀਂ ਮਾਤਰ ਤੋਂ 6ਵੀਂ-7ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 10ਵੀਂ ਮਾਤਰਾਂ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਡਖਣੇ ਮ: ੫॥ (ਮਾਰੂ ਵਾਰ ਮਹਲਾ ੫ ਡਖਣੇ ਮ: ੫॥) (੧੦੯੪)

**ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥ ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥**

ਪਦ ਅਰਥ:-ਹਿਕ-ਇਕ। ਭੋਰੀ-ਰਤਾ ਭਰ। ਮਹਿੰਜਾ-ਮੇਰਾ। ਪਸੀ-ਮੈਂ ਵੇਖਾ। ਜਾਨੀ-ਹੇ ਪਿਆਰੇ!

### ਰਾਗੁ ਮਾਰੂ ਦਖਣੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਮ | ਧੁ | - | ਮ | - | ਪਪ | - | ਮ | ਪ | - | ਧੁ | ਨ | ਧੁ | ਪ |
| ਜੇ | ਤੂ | S | ਮਿ | S | ਤ੍ਰੁ | S | ਜੀ | ਉ | S | ਮ | ਹਿੰ | ਜਾ | S |
| ਮ | ਗ | ਗ | ਰੁ | - | ਸ | - | ਸੰਸੰ | - | - | ਰੁੰ | ਰੁੰ | ਸੰ | - |
| ਅ | ਸਾ | ਡ | ੜਾ | S | S | S | ਤਉ | S | S | ਮੋ | ਹਿ | ਆ | S |
| ਪ | ਧੁ | ਪ | ਸੰ | ਨ | ਧੁ | ਪ | ਸੰ | ਗੰ | ਮੰ | ਗੰ | ਰੁੰ | ਸੰ | - |
| ਹਿ | ਕ | S | ਭੋ | S | ਰੀ | S | ਕ | ਦਿ | S | ਪ | S | ਸੀ | S |
| ਧੁ | ਮ | ਪ | ਮ | ਗ | ਰੁ | ਸ | ਨ | ਧੁ | ਪ | ਮ | ਗ | ਰੁ | ਸ |
| ਨਾ | S | S | ਵੇ | ਛੋ | ੜਿ | S | ਜਾ | ਨੀ | S | ਤੋ | S | ਹਿ | S |
| x | | | 2 | | 3 | | x | | | 2 | | 3 | |

# ੨੮-ਰਾਗੁ ਬਸੰਤੁ ਹਿੰਡੋਲ

ਰਾਗੁ ਬਸੰਤੁ ਹਿੰਡੋਲ ਦਾ ਸਰੂਪ ਰਾਗੁ ਬਸੰਤੁ ਤੇ ਰਾਗੁ ਹਿੰਡੋਲ ਦੇ ਮਿਸ਼ਰਨ ਤੋਂ ਬਣਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗੁ ਬਸੰਤੁ ਹਿੰਡੋਲ ਵਿਚ ਬਾਣੀ ਉਪਲਬਧ ਹੈ ਤੇ ਸ਼ਬਦ ਕੀਰਤਨ ਵਿਚ ਵੀ ਇਸ ਰਾਗ ਦਾ ਗਾਇਣ ਪ੍ਰਚਾਰ ਵਿਚ ਹੈ। ਭਾਰਤੀ ਸੰਗੀਤ ਵਿਚ ਬਸੰਤ ਦਾ ਮਿਸ਼ਰਤ ਰੂਪ ਬਸੰਤ ਬਹਾਰ ਤੇ ਹੋਰ ਕੁਝ ਰਾਗਾਂ ਦਾ ਵੀ ਪ੍ਰਚਾਰ ਵਿਚ ਹੈ। ਰਾਗ ਬਸੰਤ ਭਾਰਤੀ ਸੰਗੀਤ ਵਿੱਚ ਸਦੀਆਂ ਪੁਰਾਣਾ ਤੇ ਬਹੁਤ ਪਸੰਦੀਦਾ ਰਾਗ ਮੰਨਿਆ ਜਾਂਦਾ ਹੈ। ਮੱਧ ਕਾਲ ਦੇ ਰਾਗ ਰਾਗਨੀ ਵਰਗੀਕਰਣ ਵਿੱਚ ਸ਼ਿਵ ਮੱਤ ਤੇ ਕਲੀਨਾਥ ਮਤ ਨੇ ਬਸੰਤ ਨੂੰ ਪੁਰਸ਼ ਰਾਗ ਮੰਨਿਆ ਹੈ। ਬਸੰਤ ਰਾਗ ਬਾਰੇ ਕਈ ਗ੍ਰੰਥਕਾਰਾਂ ਨੇ ਵਿਸਥਾਰ ਸਹਿਤ ਵਰਣਨ ਕੀਤਾ ਹੈ। ਰਾਗ ਬਸੰਤੁ ਪੂਰਵੀ ਥਾਟ ਦਾ ਹੀ ਪ੍ਰਚਲਿਤ ਹੈ, ਪਰ ਗੁਰਮਤਿ ਸੰਗੀਤ ਵਿੱਚ ਬਿਲਾਵਲ ਥਾਟ ਦਾ ਹੀ ਪ੍ਰਵਾਣਿਤ ਹੈ ਤੇ ਇਸ ਦਾ ਵਿਵਰਨ 'ਗੁਰਮਤਿ ਸੰਗੀਤ ਦਰਪਣ' ਭਾਗ-ਦੂਜਾ ਪੰਨਾ ੨੪੬ ਤੋਂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ।

ਰਾਗੁ ਬਸੰਤੁ ਹਿੰਡੋਲ ਦਾ ਦੂਜਾ ਰਾਗ ਹਿੰਡੋਲ ਵੀ ਭਾਰਤੀ ਸੰਗੀਤ ਦੇ ਪੁਰਾਣੇ ਰਾਗਾਂ ਦੀ ਗਨਣਾ ਵਿੱਚ ਆਉਂਦਾ ਹੈ। ਮੱਧ ਕਾਲ ਵਿੱਚ ਪ੍ਰਚਲਿਤ ਰਾਗ ਰਾਗਨੀ ਵਰਗੀਕਰਣ ਵਿੱਚ ਭਰਤ ਮਤ, ਹਨੂਮਾਨ ਮਤ ਤੇ ਸਿਧ ਸਾਰਸੁਤ ਮੱਤ ਵਿਚ ਹਿੰਡੋਲ ਨੂੰ ਪੁਰਸ਼ ਰਾਗ ਮੰਨਿਆ ਹੈ। ਮੱਧ ਕਾਲ ਦੇ ਗ੍ਰੰਥਕਾਰਾਂ ਵਿੱਚੋਂ ਪੰਡਿਤ ਲੋਚਨ ਨੇ 'ਰਾਗ ਤਰੰਗਣੀ' ਵਿੱਚ ਕਰਣਾਟ ਠਾਠ ਤੋਂ ਹਿੰਡੋਲ ਨੂੰ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੁਲ ਨੇ 'ਚੰਦ੍ਰੋਦਯ' ਵਿੱਚ ਹਿੰਦੋਲ ਮੇਲ ਤੋਂ ਹਿੰਦੋਲ ਨੂੰ ਜਨਯ ਰਾਗ ਮੰਨਿਆ ਹੈ ਫਿਰ ਇਹਨਾਂ ਨੇ ਰਾਗ-ਰਾਗਨੀ ਵਰਗੀਕਰਣ ਸਵੀਕਾਰ ਕਰਦਿਆਂ ਹੋਇਆਂ 'ਰਾਗ ਮਾਲਾ' ਵਿੱਚ ਹਿੰਡੋਲ ਨੂੰ ਪੁਰਸ਼ ਰਾਗ ਮੰਨਿਆ ਹੈ ਤੇ 'ਰਾਗ ਮੰਜਰੀ' ਵਿੱਚ ਹਿੰਦੋਲ ਮੇਲ ਤੋਂ ਹਿੰਦੋਲ ਨੂੰ ਜਨਯ ਰਾਗ ਮੰਨਿਆ ਹੈ। ਰਾਮਾਮਾਤਯ ਨੇ 'ਸਵਰਮੇਲ ਕਲਾਨਿਧੀ' ਵਿੱਚ ਹਿੰਦੋਲ ਮੇਲ ਤੋਂ ਹਿੰਦੋਲ ਨੂੰ ਜਨਯ ਰਾਗ ਮੰਨਿਆ ਹੈ। ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' ਵਿੱਚ ਬਸੰਤ ਮੇਲ ਤੋਂ ਹਿੰਦੋਲ ਜਨਯ ਰਾਗ ਮੰਨਿਆ ਹੈ। ਮਹਾਰਾਜਾ ਤੁਲਾਜੀਰਾਵ ਭੋਂਸਲੇ ਨੇ 'ਸੰਗੀਤ ਸਾਰਾਮ੍ਰਿਤ' ਵਿੱਚ ਭੈਰਵੀ ਜਨਯ ਮੇਲ ਤੋਂ ਹਿੰਦੋਲ ਨੂੰ ਜਨਯ ਰਾਗ ਮੰਨਿਆ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ 'ਨਗ਼ਮਾਤੇ ਆਸਫ਼ੀ' 'ਸੰਨ ੧੮੧੩' ਵਿੱਚ ੬ ਰਾਗ ਤੇ ੩੬ ਰਾਗਨੀਆਂ ਦਾ ਸਿੱਧਾਂਤ ਦਿੱਤਾ ਤੇ ਉਸ ਵਿੱਚ ਵੀ

ਹਿੰਡੋਲ ਨੂੰ ਰਾਗ ਮੰਨਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮਾਲਾ ਦੇ ਸਿਰਲੇਖ ਹੇਠ 'ਪੁਨਿ ਆਇਅਉ ਹਿੰਡੋਲ' ਨੂੰ ਰਾਗ ਮੰਨਿਆ ਹੈ।

ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ 'ਚੰਦ੍ਰਿਕਾ ਸਾਰ' ਅਨੁਸਾਰ 'ਜਹਾਂ ਰਿਖਭ ਪੰਚਮ ਨਹੀ ਸਭ ਤੀਖੇ ਸੁਰ ਜਾਨ। ਧ ਗ ਵਾਦੀ ਸੰਵਾਦੀ ਤੇ ਰਾਗ ਹਿੰਡੋਲ ਪਛਾਨ' ਪੰਡਿਤ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਕਾ ਭਾਗ-੪' ਪੰਨਾ ੧੭੫ ਤੇ ਰਾਗ ਹਿੰਦੋਲ ਨੂੰ ਕਲਿਯਾਨ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ ਪੰਚਮ ਵਰਜਿਤ, ਜਾਤੀ-ਔੜਵ-ਔੜਵ, ਵਾਦੀ-ਧੈਵਤ, ਸੰਵਾਦੀ-ਗੰਧਾਰ, ਗਾਇਨ ਸਮਾਂ-ਦਿਨ ਦਾ ਪਹਿਲਾ ਪਹਿਰ ਤੇ ਨਿਸ਼ਾਦ ਦਾ ਵਕਰ ਪ੍ਰਯੋਗ ਹੈ। ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਹੈ। ਆਰੋਹ- ਸ ਗ, ਮ ਧ ਨ ਧ, ਸੰ। ਅਵਰੋਹ- ਸੰ, ਨਧ, ਮ ਗ, ਸ। ਪਕੜ - ਸ, ਗ, ਮ ਧ ਨ ਧ ਮ ਗ, ਸ। ਸ਼੍ਰੀ ਵਿਮਲਾਕਾਂਤ ਰਾਏ ਨੇ 'ਰਾਗ ਵਿਯਾਕਰਣ' ਵਿਚ ਰਾਗ ਹਿੰਦੋਲ ਦੇ ਦੋ ਸਰੂਪ ਮੰਨੇ ਹਨ। ਪਹਿਲਾ ਸਰੂਪ ਸਵਰ- ਮ ਤੀਵਰ ਹੋਰ ਸ਼ੁਧ, ਵਰਜਿਤ ਸਵਰ-ਰਿਸ਼ਭ ਤੇ ਪੰਚਮ, ਜਾਤੀ-ਵਕਰ ਔੜਵ, ਵਾਦੀ - ਧ, ਸੰਵਾਦੀ-ਗ। ਆਰੋਹ- ਸ ਗ ਮ ਧ ਨ ਧ ਸੰ। ਅਵਰੋਹ-ਸੰ ਨ ਧ ਮ ਗ ਸ। ਸਮਾਂ- ੧੧-੩੦ ਤੋਂ ੧ ਵਜੇ ਰਾਤ। ਦੂਜਾ ਸਰੂਪ ਜਾਤੀ-ਵਕਰ ਔੜਵ-ਸੰਪੂਰਨ, ਆਰੋਹ-ਸ ਗ ਮ ਧ ਨ ਧ ਮ ਗ ਮ ਧ ਸੰ। ਅਵਰੋਹ- ਰੇਂ ਨ ਧ ਮ ਗ ਪ ਗ ਰੁ ਸ, ਵਾਦੀ-ਧ ਸੰਵਾਦੀ-ਗ। ਇਹ ਸਰੂਪ ਪ੍ਰਚਾਰ ਵਿੱਚ ਨਹੀਂ ਹੈ।

ਪੰਡਿਤ ਵਿਣਾਇਕ ਨਾਰਾਇਣ ਪਟਵਰਧਨ ਦੇ 'ਰਾਗ ਵਿਗਿਯਾਨ' ਭਾਗ-੧ ਅਨੁਸਾਰ ਰਾਗ-ਹਿੰਡੋਲ, ਮਧਿਅਮ-ਤੀਵਰ ਹੋਰ ਸਵਰ ਸ਼ੁਧ ਤੇ ਰਿਸ਼ਭ ਪੰਚਮ ਵਰਜਿਤ ਹਨ। ਜਾਤੀ-ਔੜਵ, ਵਾਦੀ-ਧੈਵਤ, ਸੰਵਾਦੀ-ਗੰਧਾਰ, ਸਮਾਂ-ਮੱਧ ਰਾਤ ਤੋਂ ਬਾਅਦ। ਆਰੋਹ- ਸ ਗ ਮ ਧ ਮ ਧ ਸੰ। ਅਵਰੋਹ- ਸੰ ਨ ਧ ਮ ਗ, ਮ ਗ ਸ। ਮੁਖ ਅੰਗ- ਧ ਧ ਨ ਮ ਧ ਸੰ ਨ ਧ ਮ ਗ। ਇਹ ਰਾਗ ਉਤਰਾਂਗ ਪ੍ਰਧਾਨ ਹੈ ਤੇ ਨਿਸ਼ਾਦ ਦਾ ਪ੍ਰਯੋਗ ਘੱਟ ਕੀਤਾ ਜਾਂਦਾ ਹੈ। ਡਾਕਟਰ ਗੀਤਾ ਬੈਨਰਜੀ ਦੇ 'ਰਾਗ ਸ਼ਾਸਤਰ' ਭਾਗ-੨ ਅਨੁਸਾਰ ਰਾਗ ਹਿੰਡੋਲ, ਥਾਟ-ਕਲਿਯਾਣ, ਹੋਰ ਸਭ ਚਲਨ ਵਾਦੀ, ਸੰਵਾਦੀ ਆਦਿ ਪਹਿਲੇ ਦਿੱਤੇ ਪਰੀਚੈ ਦੀ ਤਰ੍ਹਾ ਹੈ। ਆਰੋਹ- ਸ ਗ ਮ ਧ, ਨ ਧ ਸੰ। ਅਵਰੋਹ-ਸੰ ਨ ਧ, ਮ ਗ ਸ। ਮੁਖ ਸਵਰ-ਸਮੂਹ- ਸ ਗ, ਮ ਧ, ਮ ਗ, ਮ ਗ ਸ। ਸ੍ਰੀ ਵੀ.ਐਸ. ਨਿਗਮ ਦੇ 'ਸੰਗੀਤ ਕੌਮਦੀ' ਭਾਗ-੩ ਵਿੱਚ ਰਾਗ ਹਿੰਡੋਲ ਨੂੰ ਕਲਿਆਣ ਥਾਟ ਦਾ ਔੜਵ ਜਾਤੀ ਦਾ ਰਾਗ ਮੰਨਿਆ ਹੈ। ਮ ਤੀਵਰ ਹੋਰ ਸਵ੍ਰ ਸ਼ੁਧ, ਰ ਪ ਵਰਜਿਤ, ਜਾਤੀ-ਔੜਵ੍, ਧ-ਵਾਦੀ ਗ-ਸੰਵਾਦੀ ਹੈ। ਆਰੋਹ-ਸ ਗ, ਮ ਧ ਨ ਧ, ਸੰ। ਅਵਰੋਹ-ਸੰ, ਨ ਧ, ਮ ਗ, ਸ। ਭਾਰਤੀ ਸੰਗੀਤ ਦੇ ਹੋਰ ਵਿਦਵਾਨਾਂ ਵੀ ਹਿੰਡੋਲ ਨੂੰ ਕਲਿਆਣ ਥਾਟ ਦੀ ਉਪਜ ਹੀ ਮੰਨਿਆ ਹੈ। ਵੈਸੇ ਉੱਤਰੀ ਸੰਗੀਤ ਵਿਚ ਬਸੰਤ ਹਿੰਡੋਲ ਦਾ ਮਿਸ਼ਰਤ ਸਰੂਪ ਪ੍ਰਚਾਰ ਵਿਚ ਜ਼ਿਆਦਾ ਨਹੀਂ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿੱਚੋਂ ਭਾਈ ਸਾਹਿਬ ਡਾਕਟਰ ਚਰਨ ਸਿੰਘ ਦੇ

## ਰਾਗੁ ਬਸੰਤੁ ਹਿੰਡੋਲ

'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੰਨਾ ੩੫ ਅਨੁਸਾਰ ਜਿਸ ਰਾਗ ਨੂੰ ਸੁਣ ਕੇ ਦੇਵਤਿਆਂ ਦਾ ਚਿੱਤ ਸੁਖ ਰੂਪੀ ਹਿੰਡੋਲੇ ਵਿੱਚ ਝੂਮੇ ਉਸ ਦਾ ਨਾਉ ਹਿੰਡੋਲ ਰਾਗ ਹੈ। 'ਸਵਰ ਤਾਲ ਸਮੂਹ' ਅਨੁਸਾਰ ਵਾਦੀ-ਗੰਧਾਰ, ਸੰਵਾਦੀ-ਧੈਵਤ, ਬਿਬਾਦੀ-ਰਿਸ਼ਭ ਤੇ ਪੰਚਮ ਹਨ, ਖੁਸ਼ੀ ਪੈਦਾ ਕਰਦਾ ਹੈ। ਲੀਲਾਵਤੀ, ਪੰਚਮ, ਪੂਰੀਆ ਮਿਲ ਕੇ ਹਿੰਡੋਲ ਬਣਦਾ ਹੈ। 'ਨਾਦ ਬਿਨੋਦ' ਅਨੁਸਾਰ ਪੰਜਾਂ ਸੁਰਾਂ ਦਾ ਰਾਗ ਹੈ। ਬਸੰਤ, ਮਾਲਕੌਂਸ, ਪੰਚਮ ਤਿੰਨੇ ਮਿਲ ਕੇ ਹਿੰਡੋਲ ਬਣਦਾ ਹੈ। 'ਬੁਧ ਪ੍ਰਕਾਸ਼ ਦਰਪਣ' ਅਨੁਸਾਰ 'ਲਲਿਤ ਬਿਲਾਵਲ ਭੈਰੋ ਪੰਚਮ ਪੂਰੀਆ ਸਾਥ ਮਿਲਾਵੈ।। ਤਬ ਹਿੰਡਲ ਪਰ ਪੂਰਨ ਸੋਹੈ ਪਹਿਰ ਚੜੇ ਦਿਨ ਗਾਓ'।। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ-ਕੋਸ਼' ਅਨੁਸਾਰ ਹਿੰਡੋਲ ਰਾਗ ਕਲਿਆਣ ਥਾਟ ਦਾ ਔੜਵ ਜਾਤੀ ਦਾ ਰਾਗ ਹੈ। ਰਿਸ਼ਭ ਪੰਚਮ ਵਰਜਿਤ, ਧੈਵਤ ਵਾਦੀ, ਗੰਧਾਰ ਸੰਵਾਦੀ, ਮਧਿਅਮ ਤੀਵਰ ਹੋਰ ਸਵਰ ਸ਼ੁਧ, ਵੇਲਾ ਰਾਤ ਦਾ ਪਹਿਲਾ ਪਹਿਰ। ਆਰੋਹ- ਸ ਗ ਮ̍ ਧ ਨ ਸੰ। ਅਵਰੋਹ- ਸੰ ਨ ਧ ਮ̍ ਗ ਸ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਡੋਲ ਰਾਗ ਵੱਖਰਾ ਨਹੀਂ ਪਰ ਬਸੰਤ ਨਾਲ ਮਿਲ ਕੇ ਲਿਖਿਆ ਹੈ। ਰਾਗ ਹਿੰਡੋਲ ਛੇ ਮੁੱਖ ਰਾਗਾਂ ਦੀ ਗਿਣਤੀ ਵਿੱਚੋਂ ਇਕ ਹੈ।

ਗੁਰਮਤਿ ਸੰਗੀਤ ਦੇ ਕੁਝ ਗਾਇਕ ਗ੍ਰੰਥਕਾਰਾਂ ਨੇ ਰਾਗੁ ਬਸੰਤੁ ਹਿੰਡੋਲ ਦੇ ਮਿਸ਼ਰਤ ਸਰੂਪ ਦਾ ਵਰਨਣ ਦਿੱਤਾ ਹੈ। ਪ੍ਰੋਫੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗੁ ਬਸੰਤੁ ਹਿੰਡੋਲ ਦੀ ਰਚਨਾ ਥਾਟ ਉਪਥਾਟ ਪੱਧਤੀ ਅਨੁਸਾਰ ਪੂਰਵੀ ਅਤੇ ਮਾਰਵਾ ਥਾਟ ਤੋਂ ਹੋਈ ਹੈ। ਸਵਰ-ਰਿਸ਼ਭ ਕੋਮਲ, ਦੋ ਮਧਿਅਮ, ਦੋ ਧੈਵਤ, ਹੋਰ ਸਵਰ ਸ਼ੁਧ, ਵਾਦੀ-ਸ਼ੜਜ, ਸੰਵਾਦੀ-ਪੰਚਮ ਤੇ ਸਮਾਂ-ਰਾਤ ਦਾ ਤੀਜਾ ਪਹਿਰ। ਆਰੋਹ ਵਿਚ ਰਿਸ਼ਭ ਪੰਚਮ ਵਰਜਿਤ ਹਨ ਤੇ ਜਾਤੀ - ਔੜਵ-ਵਕਰ ਸੰਪੂਰਨ ਹੈ। ਆਰੋਹ - ਸ ਮ, ਮ ਗ, ਮ̍ ਧ ਨ ਧ ਸੰ। ਅਵਰੋਹ- ਸੰ ਰੁੰ ਨ ਧੁ, ਪ, ਮ̍ਗ, ਮ̍ਗ, ਮ̍ਗ ਰੁ ਸ। ਮੁਖ ਅੰਗ- ਮ̍ ਧ ਨ ਧ ਸੰ, ਰੁੰ ਨ ਧੁ ਪ, ਮ̍ ਗ, ਮ̍ ਗ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਦਾ ਸਰੂਪ ਪ੍ਰੋਫੈਸਰ ਤਾਰਾ ਸਿੰਘ ਦੇ ਦਿੱਤੇ ਸਰੂਪ ਅਨੁਸਾਰ ਹੀ ਹੈ। ਸੰਤ ਸਰਵਣ ਸਿੰਘ ਗੰਧਰਵ ਦੇ 'ਸੁਰ ਸਿਮਰਣ ਸੰਗੀਤ ਭਾਗ-੭' ਅਨੁਸਾਰ ਰਾਗ-ਬਸੰਤ ਹਿੰਡੋਲ, ਠਾਟ-ਮਾਰਵਾ, ਸਵਰ- ਰੁ ਕੋਮਲ ਮ̍ ਤੀਵਰ, ਵਰਜਿਤ ਸਵਰ- ਆਰੋਹ ਵਿਚ ਪ ਨ, ਜਾਤੀ-ਔੜਵ-ਸੰਪੂਰਨ ਤੇ ਸਮਾਂ - ਅੱਧੀ ਰਾਤ ਤੋਂ ਬਾਅਦ। ਆਰੋਹ-ਸ ਰੁ ਗ, ਮ̍ ਧ ਸੰ। ਅਵਰੋਹ-ਸੰ ਨ ਧ ਮ̍, ਗ ਮ̍ ਗ, ਰੁ ਸ। ਪਕੜ-ਸ ਰੁ ਨ਼ ਸ, ਸ ਮ, ਗ ਮ̍, ਗ ਰੁ ਸ। ਪ੍ਰਿੰਸੀਪਲ ਦਿਆਲ ਸਿੰਘ ਦੇ 'ਗੁਰਮਤਿ ਸੰਗੀਤ ਸਾਗਰ' ਭਾਗ-ਤੀਜਾ ਅਨੁਸਾਰ ਰਾਗ-ਬਸੰਤੁ ਹਿੰਡੋਲ, ਵਾਦੀ-ਤਾਰ ਸੰ, ਸੰਵਾਦੀ-ਸ਼ੁੱਧ ਮਧਮ, ਠਾਟ-ਮਾਰਵਾ, ਜਾਤੀ-ਓਡਵ-ਖਾਡਵ, ਸਮਾਂ-ਬਸੰਤ

ਰੁੱਤ ਜਾਂ ਰਾਤ ਦਾ ਤੀਜਾ ਪਹਿਰ। ਵਿਸ਼ੇਸ਼ਃ ਸ-ਮ ਤੇ ਮ̍-ਨ ਦੀ ਸੁਰ-ਸੰਗਤੀ ਅਤੇ ਦੋਵੇਂ ਮੱਧਮਾਂ ਦਾ ਪ੍ਰਯੋਗ। ਆਰੋਹ- ਸ ਗ, ਮ̍ ਧ, ਨ ਮ̍ ਧ, ਸੰ। ਅਵਰੋਹ- ਸੰ ਨ ਧ, ਮ̍ਗ, ਮ̍ਗ, ਰੁਸ। ਪਕੜ- ਮ̍ਧ, ਸੰ, ਨਧਨਮ̍ਧ, ਮ̍ਗ, ਮ̍ਗ-ਸ, ਸਮ ਮ̍ਮ ਮ̍ਮਗ, ਨਧ, ਮ̍ਗ, ਮ̍ਗਰੁਸ। ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਦੇ 'ਪ੍ਰਾਚੀਨ ਰੀਤ ਰਤਨਾਵਲੀ' ਅਨੁਸਾਰ ਰਾਗੁ-ਬਸੰਤ ਹਿੰਡੋਲ, ਕਲਿਆਣ ਅੰਗ, ਜਾਤੀ-ਔੜਵ, ਵਾਦੀ-ਸੰ, ਸੰਵਾਦੀ-ਗ, ਸਮਾਂ ਬਸੰਤ ਰੁਤ, ਆਰੋਹੀ- ਸ ਗ ਮ̍ ਧ ਨ ਧ ਸੰ। ਅਵਰੋਹੀ- ਸੰ ਨ ਧ ਮ̍ ਗ ਸ। ਅਲਾਪ- ਸੰ ਨਧ ਨਧ, ਮ̍ਗ, ਮ̍ ਧ ਸੰ, ਗੰਗੰਸੰ, ਨਧਮ̍ਧ, ਸੰ ਨ ਮ̍ਗ ਸ ਗ, ਧ, ਮ̍ ਧ ਨ ਧ ਸੰ। ਸਰਦਾਰ ਗਿਆਨ ਸਿੰਘ ਐਬਟਾਬਾਦ ਦੇ 'ਗੁਰਬਾਣੀ ਸੰਗੀਤ' ਅਨੁਸਾਰ ਰਾਗ-ਬਸੰਤੁ ਹਿੰਡੋਲ, ਠਾਠ-ਮਾਰਵਾ, ਜਾਤੀ-ਖਾਡਵ, ਵਾਦੀ-ਧ, ਸੰਵਾਦੀ-ਗ, ਸਮਾਂ- ਰਾਤ ਦਾ ਚੌਥਾ ਪਹਿਰ ਜਾਂ ਬਸੰਤੁ ਰੁੱਤ ਸਮੇਂ ਤੇ ਸਵਰ-ਮ ਦੋਵੇਂ। ਆਰੋਹ- ਸ ਨ਼ ਰੁ ਸ, ਸ ਗ ਮ̍ ਧ ਸੰ। ਸੰ ਨ ਰੁੰ ਨ ਧ, ਮ̍ ਗ, ਮ̍ ਗ ਰੁ ਸ। ਪਕੜ-ਸ ਮ, ਮ̍ ਮ ਗ ਧ ਮ̍ ਧ, ਮ̍ ਗ ਰੁ ਸ।

ਗੁਰਮਤਿ ਸੰਗੀਤ ਦੇ ਇਨ੍ਹਾਂ ਸਭ ਵਿਦਵਾਨਾਂ ਰਾਗ ਬਸੰਤ ਪੂਰਵੀ ਜਾਂ ਮਾਰਵਾ ਥਾਟ ਦਾ ਰਾਗ ਮੰਨ ਕੇ ਹਿੰਡੋਲ ਨੂੰ ਜੋੜ ਕੇ ਰਾਗੁ ਬਸੰਤੁ ਹਿੰਡੋਲ ਦਾ ਸਰੂਪ ਮੰਨਿਆ ਹੈ। ਪਰ ਗੁਰਮਤਿ ਸੰਗੀਤ ਵਿੱਚ ਬਿਲਾਵਲ ਥਾਟ ਦੇ ਰਾਗੁ ਬਸੰਤੁ ਨੂੰ ਹੀ ਇਕ ਪੁਰਾਤਨ ਪ੍ਰੰਪਰਾਗਤ ਸਰੂਪ ਜਾਣ ਕੇ ਰਾਗ ਨਿਰਣਾਇਕ ਕਮੇਟੀ ਨੇ ਪ੍ਰਵਾਣਿਤ ਕੀਤਾ ਹੈ। ਵੈਸੇ ਵੀ ਇਸ ਕਮੇਟੀ ਨੇ ਮਿਸ਼ਰਤ ਰਾਗਾਂ ਦੇ ਸਰੂਪਾਂ ਲਈ ਪਹਿਲੇ ਰਾਗ ਦਾ ਆਰੋਹ ਤੇ ਦੂਜੇ ਰਾਗ ਦਾ ਅਵਰੋਹ ਜੋੜਨ ਨਾਲ ਮਿਸ਼ਰਤ ਰਾਗ ਦਾ ਸਰੂਪ ਮੰਨਿਆਂ ਹੈ। ਸੋ ਇਥੇ ਆਰੋਹ ਬਸੰਤੁ ਦਾ ਤੇ ਅਵਰੋਹ ਹਿੰਡੋਲ ਦਾ ਜੋੜਨ ਨਾਲ ਰਾਗੁ ਬਸੰਤੁ ਹਿੰਡੋਲ ਦਾ ਸਰੂਪ ਬਣ ਜਾਂਦਾ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਐਸਾ ਹੀ ਸਰੂਪ ਦਿੱਤਾ ਗਿਆ ਹੈ, ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬः-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗੁ ਤਰਤੀਬ ਵਿਚ ਰਾਗੁ ਬਸੰਤੁ ਨੂੰ ੨੫ਵਾਂ ਅਸਥਾਨ ਪ੍ਰਾਪਤ ਹੈ। ਇਸ ਮੁਖ ਰਾਗ ਦੇ ਅੰਤਰਗਤ ਰਾਗੁ ਬਸੰਤੁ ਹਿੰਡੋਲ ਵਿਚ ਬਾਣੀ ਦੀ ਰਚਨਾ ਇਸ ਪ੍ਰਕਾਰ ਹੈ। ਮਹਲਾ ੧ ਬਸੰਤੁ ਹਿੰਡੋਲ ਘਰੁ ੨ ਦੇ ਸਿਰਲੇਖ ਹੇਠ ਪੰਨਾ ੧੧੭੦ ਤੋਂ ੧੧੭੨ ਸ਼ਬਦ ਅੰਕ॥੪॥੧॥੯॥ ਤੋਂ ॥੪॥੪॥੧੨॥ ੪ ਸ਼ਬਦ ਤੇ ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ਪੰਨਾ ੧੧੯੦-੯੧ ਸ਼ਬਦ ਅੰਕ ॥੮॥੧॥੮॥ ਇਕ ਸ਼ਬਦ ਹੈ। ਬਸੰਤੁ ਹਿੰਡੋਲ ਮਹਲਾ ੩ ਘਰੁ ੨ ਪੰਨਾ ੧੧੭੭ ਸ਼ਬਦ ਅੰਕ॥੪॥੧॥੧੮॥੧੨॥੧੮॥੩੦॥ ਇਕ ਸ਼ਬਦ ਹੈ। ਬਸੰਤੁ ਹਿੰਡੋਲ ਮਹਲਾ ੪ ਘਰੁ ੨ ਪੰਨਾ ੧੧੭੮ ਤੋਂ ੧੧੭੯ ਸ਼ਬਦ ਅੰਕ

## ਰਾਗੁ ਬਸੰਤੁ ਹਿੰਡੋਲ

॥੪॥੧॥੩ ਤੋਂ ੪॥੫॥੭॥੧੨॥੧੮॥੭॥੩੭॥ ੫ ਸ਼ਬਦ ਤੇ ਬਸੰਤੁ ਹਿੰਡੋਲੁ ਘਰੁ ੨ ਮਹਲਾ ੪ ਪੰਨਾ ੧੧੯੧-੯੨ ਸ਼ਬਦ ਅੰਕ ॥੮॥੧॥੯॥ ਇਕ ਸ਼ਬਦ ਹੈ। ਬਸੰਤੁ ਮਹਲਾ ੫ ਘਰੁ ੨ ਹਿੰਡੋਲ ਪੰਨਾ ੧੧੮੫-੧੧੮੬ ਸ਼ਬਦ ਅੰਕ ॥੪॥੧॥੧੯॥ ਤੋਂ ॥੪॥੩॥੨੧॥ ੩ ਸ਼ਬਦ ਹਨ। ਰਾਗੁ ਬਸੰਤੁ ਹਿੰਡੋਲ ਮਹਲਾ ੯ ਪੰਨਾ ੧੧੮੬ ਤੋਂ ੧੧੮੭ ਸ਼ਬਦ ਅੰਕ॥੨॥੧॥ ਤੋਂ ॥੩॥੫॥ ੫ ਸ਼ਬਦ ਹਨ। ਭਗਤ ਬਾਣੀ ਵਿੱਚ ਭਗਤ ਕਬੀਰ ਜੀ ਦਾ ਬਸੰਤੁ ਹਿੰਡੋਲੁ ਘਰੁ ੨ ਦੇ ਸਿਰਲੇਖ ਹੇਠ ਪੰਨਾ ੧੧੯੫ ਸ਼ਬਦ ਅੰਕ ॥੪॥੧॥੭॥ ਇਕ ਸ਼ਬਦ ਹੈ।

### ਪਰੀਚੈ:-

ਰਾਗੁ - ਬਸੰਤੁ ਹਿੰਡੋਲ
ਥਾਟ-ਉਪਥਾਟ - ਬਿਲਾਵਲ ਕਲਿਆਨ
ਸਵਰ - ਦੋਵੇਂ ਮਧਿਅਮ ਹੋਰ ਸਭ ਸ਼ੁਧ
ਵਰਜਿਤ ਸਵਰ - ਰਿਸ਼ਭ, ਪੰਚਮ
ਜਾਤੀ - ਵਕਰ ਸ਼ਾੜਵ-ਔੜਵ
ਵਾਦੀ- ਮਧਿਅਮ
ਸੰਵਾਦੀ - ਸ਼ੜਜ
ਸਮਾਂ-ਸਵੇਰੇ ਤੇ ਬਸੰਤੁ ਰੁੱਤ ਵਿਚ ਹਰ ਸਮੇਂ
ਆਰੋਹ - ਸ ਗ ਮ, ਮ ਪ ਮ, ਗ ਮ ਧ ਨ ਸੰ
ਅਵਰੋਹ- ਸੰ ਨ ਧ ਮ̍ ਗ, ਸ
ਮੁਖ ਅੰਗ- ਸ ਗ ਮ, ਮ ਪ ਮ, ਗਮ ਧ ਨ ਧ ਮ̍ ਗ, ਮ̍ ਗ ਸ।

### ਸਵਰ ਵਿਸਥਾਰ:-

1) ਸ, ਸ ਗ ਮ, ਮ ਪ ਮ, ਗ ਮ ਧ ਮ̍ ਗ, ਗ ਮ ਧ ਨ ਧ ਮ̍ ਗ, ਧ ਮ̍ ਗ, ਮ̍ ਗ ਸ, ਸ ਨ਼ ਧ਼, ਸ ਨ਼ ਧ਼ ਨ਼ ਧ਼, ਮ਼ ਧ਼ ਨ਼ ਸ।
2) ਸ ਗ ਮ, ਮ ਪ ਮ, ਗ ਮ ਪ ਮ, ਗ ਮ ਧ ਨ ਧ ਮ̍ ਗ, ਗ ਮ ਧ ਨ ਧ ਮ̍ ਗ, ਧ ਨ ਸੰ ਨ ਧ ਮ̍ ਗ, ਗ ਮ ਧ ਨ ਸੰ, ਗ ਮ ਧ ਨ ਧ ਮ̍ ਗ, ਸੰ ਨ ਧ ਨ ਧ, ਧ ਨ ਧ ਮ̍ ਗ, ਗ ਮ̍ ਗ, ਧ ਮ̍ ਗ, ਮ̍ ਗ ਮ̍ ਗ ਸ।
3) ਗ ਮ ਪ ਮ, ਗ ਮ ਧ ਨ ਧ, ਗ ਮ ਧ ਨ ਸੰ, ਧ ਨ ਸੰ, ਧ ਨ ਸੰ ਨ ਧ, ਗ ਮ ਧ ਨ ਸੰ, ਧ ਨ ਸੰ, ਸੰ ਗੰ ਮ̍ ਗੰ ਸੰ, ਸੰ ਨ ਧ ਮ̍ ਗ, ਗ ਮ ਧ ਨ ਧ, ਸੰ ਨ ਧ ਨ ਧ, ਧ ਨ ਧ ਮ̍ ਗ, ਗ ਮ̍ ਗ, ਧ ਮ̍ ਗ, ਮ̍ ਗ ਸ, ਧ਼ ਨ਼ ਸ।

## ਬਸੰਤੁ ਮਹਲਾ ੯॥ (੧੧੮੬)

**ਮਾਈ ਮੈ ਧਨੁ ਪਾਇਓ ਹਰਿ ਨਾਮੁ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥੧॥ ਰਹਾਉ॥ ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥ ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥੧॥ ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥੨॥ ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ॥ ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥੩॥੩॥**

ਪਦ ਅਰਥ:-ਮਾਈ-ਹੇ ਮਾਂ! ਪਾਇਓ- (ਗੁਰੂ ਪਾਸੋਂ) ਲੱਭ ਲਿਆ ਹੈ। ਧਾਵਨ ਤੇ- ਦੌੜ-ਭੱਜ ਕਰਨ ਤੋਂ। ਛੂਟਿਓ- ਬਚ ਗਿਆ ਹੈ। ਕਰਿ-ਕਰ ਕੇ। ਮਾਇਆ ਮਮਤਾ-ਮਾਇਆ ਦੀ ਮਮਤਾ, ਮਾਇਆ ਜੋੜਨ ਦੀ ਲਾਲਸਾ। ਪਰਸਿ ਨ ਸਾਕੈ- (ਮੈਨੂੰ) ਛੁਹ ਨਹੀਂ ਸਕਦੇ, ਮੇਰੇ ਨੇੜੇ ਨਹੀਂ ਢੁਕਦੇ, ਮੇਰੇ ਉੱਤੇ ਆਪਣਾ ਜ਼ੋਰ ਨਹੀਂ ਪਾ ਸਕਦੇ। ਗਹੀ-ਫੜੀ। ਸੰਸਾ-ਸਹਿਮ। ਚੂਕਾ-ਮੁੱਕ ਗਿਆ ਹੈ। ਬਿਨਾਸੀ-ਮੁੱਕ ਗਈ ਹੈ। ਜਾ ਕਉ-ਜਿਸ ਉੱਤੇ। ਦਇਆਲੁ-ਦਇਆਵਾਨ। ਕਿਰਪਾ ਨਿਧਿ-ਕਿਰਪਾ ਦਾ ਖਜ਼ਾਨਾ ਪ੍ਰਭੂ। ਸੰਪੈ-ਧਨ। ਕੋਊ-ਕੋਈ ਵਿਰਲਾ ਹੀ। ਗੁਰਮੁਖਿ-ਗੁਰੂ ਦੀ ਸਰਨ ਪੈ ਕੇ।

### ਰਾਗੁ ਬਸੰਤੁ ਹਿੰਡੋਲ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | ਮ | ਪ | ਮ | ਗ | ਮ | ਧ | ਨ |
| | | | | | | | | ਮਾ | S | ਈ | S | ਮੈ | S | ਧ | ਨੁ |
| ਸੰਸੰ | ਸੰ | ਨ | ਧ | ਨ | ਧ | ਮ̍ | ਗ | ਸ | ਗ | ਮ | ਪ | ਮ | - | ਗ | ਮ |
| ਪਾਇਓ | | ਹ | ਰਿ | ਨਾ | S | ਮੁ | S | ਮ | S | ਨੁ | S | ਮੇ | S | ਰੋ | S |
| ਧ | ਧ | ਮ̍ | ਗ | ਮ̍ | ਗ | ਸ | - | ਗ | ਮ | ਧ | ਨ | ਸੰ | - | ਨ | ਧ |
| ਧਾ | ਵ | ਨ | ਤੇ | ਛੂ | ਟਿ | ਓ | S | ਕ | ਰਿ | ਬੈ | S | ਠੋ | S | S | S |
| ਸੰ | ਨ | ਧ | ਮ̍ | ਗ | ਮ̍ | ਗ | ਸ | | | | | | | | |
| ਬਿ | ਸ | ਰਾ | S | ਮੁ | S | S | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | ਮ | ਧ | - | ਨ | ਨ | ਧ | ਨ |
| | | | | | | | | ਮਾ | ਇ | ਆ | S | ਮ | ਮ | ਤਾ | S |
| ਸੰ | ਸੰ | ਸੰ | - | ਧ | ਨ | ਸੰ | - | ਗੰ | ਮ̍ੰ | ਗੰ | ਸੰ | ਸੰ | ਸੰ | ਨ | ਧ |
| ਤ | ਨ | ਤੇ | S | ਭਾ | S | ਗੀ | S | ਉ | ਪ | ਜਿ | ਓ | ਨਿ | ਰ | ਮ | ਲ |
| ਸੰ | ਨ | ਧ | ਮ̍ | ਗ | ਮ̍ | ਗ | ਸ | | | | | | | | |
| ਗਿ | S | ਆ | S | ਨੁ | S | S | S | | | | | | | | |
| x | | | | 2 | | | | 0 | | | | 3 | | | |

## ਰਾਗੁ ਬਸੰਤੁ ਹਿੰਡੋਲ

**ਤਾਨਾਂ:-**

1) ਸਗ ਮਪ ਮ- ਗਮ ਧ- ਮਗ ਮਗ ਸ-
2) ਗਮ ਧਨ ਸੰਨ ਧ- ਸੰਨ ਧਮ ਗਮ ਗਸ
3) ਗਮ ਗਮ ਪਮ ਗਮ ਧਨ ਧਮ ਗਮ ਗਸ ਗਮ ਧਨ ਸੰਨ ਧਨ
   ਧ- ਮਗ ਮਗ ਸ-
4) ਗਮ ਧਗ ਮਧ ਗਮ ਧਨ ਧਮ ਗਮ ਗਸ ਧਨ ਸੰਧ ਨਸੰ ਧਨ
   ਸੰਨ ਧਮ ਗਮ ਗਸ
5) ਗਮ ਧਨ ਸੰਨ ਧਮ ਗਮ ਗਸ ਗਮ ਧਨ ਸੰਗੰ ਮੰਗੰ ਸੰਨ ਧਮ
   ਸੰਨ ਧਮ ਗਗ ਸਸ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ ਦੂਜੀ ਮਾਤਰ ਦੇ 10 ਮਾਤਰਾਂ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਫਿਰ 15ਵੀਂ ਤੋਂ ਦੂਜੀ ਮਾਤਰ ਦਾ ਟੁਕੜਾ ਫਿਰ 15ਵੀਂ-16ਵੀਂ ਮਾਤਰ ਲੈ ਕੇ ਸੱਮ ਤੇ ਆਉਣਾ ਹੈ।
3) ਅਸਥਾਈ ਦੇ ਪਹਿਲੇ ਚੱਕਰ 9ਵੀਂ ਤੋਂ 8ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਦੁਗਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਦੁਗੁਨ ਵਿੱਚ ਤਿੰਨ ਵਾਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਬਸੰਤੁ ਹਿੰਡੋਲ ਮਹਲਾ ੫॥ (੧੧੮੬)

**ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ॥੧॥ ਪਿਤਾ ਪਾਰਬ੍ਰਹਮ ਪ੍ਰਭ ਧਨੀ॥ ਮੋਹਿ ਨਿਸਤਾਰਹੁ ਨਿਰਗੁਨੀ॥੧॥ਰਹਾਉ॥ ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ॥੨॥ ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਗਨੀ॥੩॥ ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ॥੪॥੩॥੨੧॥**

ਪਦ ਅਰਥ:-ਮੂਲੁ-ਜਗਤ ਦਾ ਮੂਲ-ਪ੍ਰਭੂ। ਆਪੁ-ਆਪਣਾ ਆਪ। ਭਰਮਿ-ਭਟਕਣਾ ਵਿਚ। ਬਿਆਪੀ-ਫਸੀ ਹੋਈ। ਅਹੰ ਮਨੀ-ਹਉਮੈ (ਦੇ ਕਾਰਨ)। ਮੋਹਿ-ਮੈਨੂੰ। ਮੋਹਿ ਨਿਰਗੁਨੀ-ਮੈਨੂੰ ਗੁਣ-ਹੀਨ ਨੂੰ। ਓਪਤਿ-ਉਤਪਤੀ। ਪਰਲਉ-ਨਾਸ। ਨਾਮ ਰੰਗਿ-ਨਾਮ ਦੇ ਪਿਆਰ ਵਿਚ। ਰਾਤੇ-ਰੰਗੇ ਹੋਏ। ਕਲਿ ਮਹਿ- ਮਨੁੱਖਾ ਜਨਮ ਵਿਚ ਜਿਥੇ ਬੇਅੰਤ ਵਿਕਾਰ ਹੱਲੇ ਕਰਦੇ ਰਹਿੰਦੇ ਹਨ। ਸੇ-ਉਹ ਮਨੁੱਖ। ਗਨੀ-ਮੈਂ ਗਿਣਦਾ ਹਾਂ। ਤਰੀਐ-ਪਾਰ ਲੰਘਿਆ ਜਾ ਸਕਦਾ ਹੈ। ਬਚਨੀ-ਬਚਨਾਂ ਦੀ ਰਾਹੀਂ।

## ਰਾਗੁ ਬਸੰਤੁ ਹਿੰਡੋਲ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | ਗ | ਮ | ਧ | ਨ |
| | | | | | | | | | | | | ਪਿ | S | ਤਾ | S |
| ਸਂ | ਸਂ | ਨਨ | ਧ | ਸਂਸਂ | ਨ਼ | ਧ | ਮ̍ | ਧ | ਮ̍ | ਗ | ਸ | ਸ | ਗ | ਮ | ਪ |
| ਪਾ | ਰ | ਬ੍ਰਹ | ਮ | ਪ੍ਰ | S | ਭ | S | ਧ | S | ਨੀ | S | ਮੋ | S | ਹਿ | S |
| ਮ | ਮ | ਗ | ਮਮ | ਧ | - | ਮ̍ | ਗ | ਮ̍ | ਗ | ਸ | - | | | | |
| ਨਿ | ਸ | ਤਾ | ਰਹੁ | ਨਿ | S | ਰ | S | ਗੁ | S | ਨੀ | S | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | ਗ | ਮ | ਧ | ਨ |
| | | | | | | | | | | | | ਮੂ | S | ਲੁ | ਨ |
| ਸਂ | - | ਸਂ | - | ਧ | ਨ | ਸਂ | ਨ | ਧ | ਨ | ਧ | - | ਸਂ | ਸਂ | ਗਂ | ਮ̍ |
| ਬੂ | S | ਝੈ | S | ਆ | ਪੁ | ਨ | S | ਸੂ | S | ਝੈ | S | ਭ | ਰ | ਮਿ | S |
| ਗਂ | ਗਂ | ਸਂ | - | ਸਂ | ਨ | ਧ | ਮ̍ | ਧ | ਮ̍ | ਗ | ਸ | | | | |
| ਬਿ | ਆ | ਪੀ | S | ਅ | S | ਹੰ | S | ਮ | S | ਨੀ | S | | | | |
| x | | | | 2 | | | | 0 | | | | 3 | | | |

**ਤਿਹਾਈਆਂ:-**

1) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਮੁਖੜੇ ਨੂੰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 13ਵੀਂ ਤੋਂ 12ਵੀਂ ਮਾਤਰ ਦੇ ਪੂਰੇ ਚੱਕਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਮੁਖੜੇ ਨੂੰ ਦੁਗੁਨ ਵਿੱਚ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 13ਵੀਂ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ 13ਵੀਂ ਮਾਤਰ ਤੋਂ ਦੋ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦਾ ਮੁਖੜਾ ਇਕ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਮਹਲਾ ੧ ਬਸੰਤੁ ਹਿੰਡੋਲ ਘਰੁ ੨ ੧ੴ ਸਤਿਗੁਰ ਪ੍ਰਸਾਦਿ॥ (੧੧੭੦-੭੧)

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥੧॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ॥ ਕਾਚੀ ਢਹਗਿ

## ਰਾਗੁ ਬਸੰਤੁ ਹਿੰਡੋਲ

**ਦਿਵਾਲ ਕਾਹੇ ਗਚੁ ਲਾਵਹੁ॥੧॥ਰਹਾਉ॥ ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ॥੨॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ॥੩॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥**

ਪਦ ਅਰਥ:-ਸਾਲ ਗ੍ਰਾਮ-ਵਿਸ਼ਨੂੰ ਦੀ ਮੂਰਤੀ। ਬਿਪ-ਹੇ ਵਿਪ੍ਰ! ਹੇ ਬ੍ਰਾਹਮਣ! ਪੂਜਿ-ਪੂਜਾ ਕਰ ਕੇ। ਮਨਾਵਹੁ-ਪ੍ਰਸੰਨ ਕਰੋ। ਸੁਕ੍ਰਿਤੁ-ਨੇਕ ਆਚਰਣ, ਨੇਕ ਕਮਾਈ। ਜਪਿ-ਜਪ ਕੇ। ਬਾਂਧਹੁ-ਤਿਆਰ ਕਰੋ। ਦਇਆਲਾ-ਹੇ ਦਿਆਲ ਪ੍ਰਭੂ! ਕਾਹੇ ਸਿੰਚਹੁ-ਕਿਉਂ ਕਲੱਰ ਨੂੰ ਸਿੰਜਦੇ ਹੋ? ਪਾਣੀ ਦੇਣ ਦਾ ਕੋਈ ਲਾਭ ਨਹੀਂ। ਢਹਗਿ-ਢਹਿ ਜਾਏਗੀ। ਗਚੁ-ਚੂਨੇ ਦਾ ਪਲਸਤਰ।। ਹਰਿਹਟ-ਹਰ੍ਹਟ। ਤਿਸੁ ਭੀਤਰਿ-ਉਸ ਹੱਥੀਂ ਕੀਤੀ ਸੇਵਾ ਵਿਚ। ਮਨੁ ਜੋਵਹੁ-ਮਨ ਜੋੜੋ। ਬਸੋਲੇ-ਰੰਬੇ। ਕਿਰਤੁ-ਕੀਤਾ ਹੋਇਆ ਕੰਮ, ਕੀਤੀ ਮਿਹਨਤ। ਨ ਮੇਟਿਆ ਜਾਈ - ਵਿਅਰਥ ਨਹੀਂ ਜਾਇਗੀ। ਫੁਨਿ-ਮੁੜ ਪਰਤ ਕੇ। ਪ੍ਰਣਵਤਿ-ਬੇਨਤੀ ਕਰਦਾ ਹੈ।

## ਰਾਗੁ ਬਸੰਤੁ ਹਿੰਡੋਲ ਸੂਲ ਫਾਕ ਤਾਲ ਮਾਤਰਾਂ-10 ਵਿਲਭਿੰਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸ | - | ਗ | - | ਮ | ਮ | ਪ | ਮ | ਮ | ਮ |
| ਕਾ | S | ਹੇ | S | ਕ | ਲ | ਰਾ | ਸਿੰ | ਚ | ਹੁ |
| ਗ | ਮ | ਧ | - | ਸਂ | ਨ | ਧ | ਨ | ਧ | ਧ |
| ਜ | ਨ | ਮੁ | S | ਗ | S | ਵਾ | S | ਵ | ਹੁ |
| ਗ | ਮ | ਧ | ਨ | ਸਂਸਂ | ਸਂ | ਸਂ | ਧ | ਨ | ਸਂ |
| ਕਾ | S | ਚੀ | S | ਢਹ | ਗਿ | ਦਿ | ਵਾ | S | ਲ |
| ਸਂ | ਨ | ਧ | - | ਮੀ | ਗ | ਮੀ | ਗ | ਸ | ਸ |
| ਕਾ | S | ਹੇ | S | ਗ | ਚੁ | ਲਾ | S | ਵ | ਹੁ |
| X | | 0 | | 2 | | 3 | | 0 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਗ | ਮ | ਧਧ | ਨਧ | ਸਂਸਂ | ਸਂ | ਸਂ | ਧ | ਨ | ਸਂਸਂ |
| ਸਾ | ਲ | ਗ੍ਰਾ | ਮS | ਬਿਪ | ਪੂ | ਜਿ | ਮ | ਨਾ | ਵਹੁ |
| ਸਂ | - | ਨਨ | ਧ | ਧ | ਨ | ਸਂ | ਨ | ਧ | ਧ |
| ਸੁ | S | ਕ੍ਰਿ | ਤੁ | ਤੁ | ਲ | ਸੀ | ਮਾ | S | ਲਾ |
| ਸਂ | ਸਂ | ਗਂ | ਗਂ | ਮਂ | ਗਂ | ਸਂ | ਨ | ਧ | ਧਧ |
| ਰਾ | ਮ | ਨਾ | ਮੁ | ਜ | ਪਿ | ਬੇ | ੜਾ | ਬਾਂ | ਧਹੁ |
| ਸਂਸਂ | ਨ | ਧ | ਧਧ | ਮੀ | ਗ | ਮੀ | ਗ | ਸ | - |
| ਦਇ | ਆ | ਕ | ਰਹੁ | ਦ | ਇ | ਆ | S | ਲਾ | S |
| X | | 0 | | 2 | | 3 | | 0 | |

**ਤਾਨਾਂ:-**

| | | | | | | | | | | |
|---|---|---|---|---|---|---|---|---|---|---|
| 1) | ਗਮ | ਧਨ | ਸਂ- | ਧਨ | ਸਂਨ | ਧ- | ਮ̍ਧ | ਮ̍ਗ | ਮ̍ਗ | ਸਸ |
| 2) | ਧਨ | ਸਂਧ | ਨਸਂ | ਧਨ | ਸਂਨ | ਧ- | ਮ̍ਧ | ਮ̍ਗ | ਮ̍ਗ | ਸ- |
| 3) | ਗਮ | ਧਨ | ਸਂਨ | ਧਨ | ਧਮ̍ | ਗਮ̍ | ਗਗ | ਮ̍ਗ | ਮ̍ਗ | ਸ- |

**ਤਿਹਾਈਆਂ:-**

1) 5ਵੀਂ ਤੋਂ 10ਵੀਂ ਮਾਤਰ ਦੇ 6 ਮਾਤਰਾਂ ਦੇ ਟੁਕੜੇ ਨੂੰ ਤੀਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ ਪਹਿਲੀਆਂ 4 ਮਾਤਰਾਂ ਨੂੰ ਦੁਗੁਨ ਵਿੱਚ 2 ਮਾਤਰਾਂ ਵਿੱਚ ਲੈਣਾ ਹੈ।
2) ਬੰਦਸ਼ ਅਨੁਸਾਰ ਪਹਿਲੀ ਲਾਈਨ ਗਾ ਕੇ ਇਕ ਮਾਤਰ ਬਿਸਰਾਮ ਫਿਰ 8ਵੀਂ ਤੋਂ 10ਵੀਂ ਮਾਤਰ ਦਾ ਟੁਕੜਾ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) 5ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

## ਬਸੰਤੁ ਮਹਲਾ ੫ ਹਿੰਡੋਲ॥ (੧੧੮੫-੮੬)

**ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ॥ ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ॥੧॥ ਤੇਰਿਆ ਭਗਤਾ ਕਉ ਬਲਿਹਾਰਾ॥ ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ॥੧॥ਰਹਾਉ॥ ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ॥ ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ॥੨॥ ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ॥ ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ॥੩॥ ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ॥ ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ॥੪॥੨॥੨੦॥**

ਪਦ ਅਰਥ:-ਤੂਹੈ-ਤੂੰ ਹੀ। ਜਾਣਹਿ-ਜਾਣਦਾ ਹੈਂ। ਜਾਣੈ-ਜਾਣਦਾ ਹੈ। ਸੋਈ-ਉਹੀ ਮਨੁੱਖ। ਕਉ-ਨੂੰ, ਤੋਂ। ਬਲਿਹਾਰਾ-ਸਦਕੇ। ਸੁਹਾਵਾ-ਸੋਹਣਾ। ਪ੍ਰਭ-ਹੇ ਪ੍ਰਭੂ! ਆਪਾਰਾ-ਬੇਅੰਤ। ਦਾਨਾ-ਸਿਆਣਾ। ਕੋ-ਕੋਈ। ਸਮਰਥੁ-ਸਭ ਤਾਕਤਾਂ ਦਾ ਮਾਲਕ। ਕਿਆ ਜਾਣਾ-ਮੈਂ ਕੀਹ ਜਾਣਦਾ ਹਾਂ? ਮਹਲੁ-ਟਿਕਾਣਾ। ਅਗੋਚਰੁ-ਜੀਵਾਂ ਦੇ ਗਿਆਨ ਇੰਦ੍ਰੀਆਂ ਤੋਂ ਪਰੇ। ਬਿਖਮੁ-ਔਖਾ। ਭਾਣਾ-ਰਜ਼ਾ। ਦੁਆਰੈ-ਦਰ ਤੇ। ਮੁਗਧ-ਮੂਰਖ। ਅਜਾਣਾ-ਅੰਞਾਣ।

## ਰਾਗੁ ਬਸੰਤੁ ਹਿੰਡੋਲ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਸ | ਗ | ਮ | ਪ | ਮਮ | ਮ | ਧਧ | - | ਮ॑ | ਗ | ਸ | ਸ |
| ਤੇ | ਰਿ | ਆ | S | ਭਗ | ਤਾ | ਕਉ | S | ਬ | ਲਿ | ਹਾ | ਰਾ |
| ਗ | ਮ | ਧ | ਨ | ਸੰ | ਸੰ | ਧ | ਨ | ਸੰਸੰ | ਨ | ਧ | ਧ |
| ਥਾ | S | ਨੁ | ਸੁ | ਹਾ | ਵਾ | ਸ | ਦਾ | ਪ੍ਰ | ਭ | ਤੇ | ਰਾ |
| ਸੰ | ਨ | ਧ | ਨ | ਧ | ਧ | ਮ॑ | ਗ | ਮ॑ | ਗ | ਸ | - |
| ਰੰ | S | ਗ | S | ਤੇ | ਰੇ | ਆ | S | ਪਾ | S | ਰਾ | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਗ | ਮ | ਧ | ਨ | ਸੰਸੰ | ਸੰਸੰ | ਸੰ | ਨ | ਧ | ਨ | ਸੰ | ਸੰਸੰ |
| ਤੇ | S | ਰੀ | S | ਕੁਦ | ਰਤਿ | ਤੂ | S | ਹੈ | S | ਜਾ | ਣਹਿ |
| ਧਧ | - | ਨ | ਨ | ਸੰ | ਸੰ | ਧ | ਨ | ਸੰ | ਨ | ਧ | - |
| ਅਉ | S | ਰੁ | ਨ | ਦੂ | ਜਾ | ਜਾ | S | S | S | ਣੈ | S |
| ਸੰ | ਸੰ | ਗੰ | ਮੰ॑ | ਗੰਗੰ | ਸੰ | ਸੰ | ਨਨ | ਧ | ਨ | ਧਧ | ਧ |
| ਜਿ | ਸ | ਨੋ | S | ਕ੍ਰਿ | ਪਾ | ਕ | ਰਹਿ | ਮੇ | ਰੇ | ਪਿਆ | ਰੇ |
| ਸੰ | ਨ | ਧ | - | ਮ॑ | ਗ | ਗ | ਮ॑ | ਗ | - | ਸ | - |
| ਸੋ | S | ਈ | S | ਤੁ | ਝੈ | ਪ | S | ਛਾ | S | ਣੈ | S |
| x | | 0 | | 2 | | 0 | | 3 | | 4 | |

ਤਾਨਾਂ:-

1) ਸਗ ਮਪ ਮ- ਗਮ ਧਨ ਧ- ਧਨ ਸੰਨ ਧ- ਮ॑ਧ ਮ॑ਗ ਸਸ
2) ਗਮ ਗਮ ਧਨ ਸੰਨ ਧਨ ਧਮ॑ ਮ॑ਧ ਮ॑ਗ ਗਮ॑ ਗਗ ਮ॑ਗ ਸਸ
3) ਧਨ ਸੰਧ ਨਸੰ ਧਨ ਸੰਗੰ ਮ॑ਗੰ ਸੰਨ ਧ- ਮ॑ਧ ਮ॑ਗ ਮ॑ਗ ਸ-

ਤਿਹਾਈਆਂ:-

1) ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਸੱਮ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ। ਚੌਥੀ ਮਾਤਰ ਤੇ ਪਮ ਦਾ ਲਗਾਉ ਦੇਣਾ ਹੈ।
2) ਬੰਦਸ਼ ਅਨੁਸਾਰ ਪਹਿਲੀ ਤੋਂ ਛੇਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਬਸੰਤੁ ਹਿੰਡੋਲ ਮਹਲਾ ੧॥ (੧੧੭੧)

**ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥ ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥੧॥ ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥ ਕਿਨ ਬਿਧਿ ਪਾਵਉ ਪ੍ਰਾਨਪਤੀ॥੧॥ਰਹਾਉ॥ ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥੨॥ ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥੩॥ ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥੪॥੩॥੧੧॥**

ਪਦ ਅਰਥ:-ਰਾਜਾ-ਹੁਕਮ ਚਲਾਣ ਵਾਲਾ, ਮਨ। ਬਾਲਕੁ-ਅੰਞਾਣ। ਕਾਚੀ-ਕੱਚੀ, ਮਿੱਟੀ ਆਦਿਕ ਦੀ ਬਣੀ ਹੋਈ ਜੋ ਬਾਹਰੋਂ ਆਏ ਵੈਰੀਆਂ ਦੇ ਹੱਲੇ ਦਾ ਟਾਕਰਾ ਨਾਹ ਕਰ ਸਕੇ। ਦੁਸਟਾ-ਦੁਰਜਨ, ਭੈੜੇ। ਦੁਇ ਮਾਈ-ਦੋ ਮਾਵਾਂ, ਬੁਧੀ ਅਤੇ ਅਵਿੱਦਿਆ) ਦੁਇ ਬਾਪਾ-ਦੋ ਬਾਪ (ਪ੍ਰਮਾਤਮਾ ਤੇ ਮਾਇਆ ਵੇੜ੍ਹਿਆ ਜੀਵਾਤਮਾ) ਪੜੀਅਹਿ-ਪੜ੍ਹੇ ਜਾਂਦੇ ਹਨ, ਦੱਸੇ ਜਾਂਦੇ ਹਨ। ਪੰਡਿਤਾ-ਹੇ ਪੰਡਿਤ! ਕਿਨ ਬਿਧਿ-ਕਿਸ ਤਰੀਕੇ ਨਾਲ? ਪਾਵਉ-ਮੈਂ ਪਾ ਸਕਾਂ। ਭੀਤਰਿ-(ਬਨਾਸਪਤੀ ਦੇ) ਅੰਦਰ। ਮਉਲੀ-ਮੌਲਦੀ ਰਹਿੰਦੀ ਹੈ, ਹਰੀ ਭਰੀ ਰਹਿੰਦੀ ਹੈ। ਸਾਗਰੁ-ਸਮੁੰਦਰ। ਪੰਡੈ-ਪੰਡ ਵਿਚ ਮਾਇਕ ਵਾਸ਼ਨਾਂ ਦਾ ਸਮੁੰਦਰ ਲੁਕਿਆ ਪਿਆ ਹੈ। ਚੰਦੁ-ਸੀਤਲਤਾ। ਸੂਰਜੁ-ਰੱਬੀ ਤੇਜ। ਗਿਆਨੁ-ਸਮਝ। ਰਵੰਤਾ-ਸਿਮਰਦਾ। ਜਾਣੀਐ-ਸਮਝਣਾ ਚਾਹੀਦਾ ਹੈ। ਇਕ ਮਾਈ-ਇਕ ਮਾਂ ਅਵਿੱਦਿਆ ਨੂੰ। ਭੋਗੁ ਕਰੇਇ-ਖਾ ਜਾਏ, ਮੁਕਾ ਦੇਵੇ। ਸੰਗ੍ਰਹੇਇ-ਇਕੱਠਾ ਕਰਦਾ ਹੈ। ਸੇਤੀ-ਨਾਲ। ਖਿਨੁ-ਖਿਨ ਵਿਚ। ਮਾਸਾ-ਤੋਲੇ ਤਾ ਬਾਰ੍ਹਵਾਂ ਹਿੱਸਾ।

### ਰਾਗੁ ਬਸੰਤੁ ਹਿੰਡੋਲ ਫਰੋਦਸਤ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਗ | ਮ | ਧ | ਨ | ਸੰ | ਸੰ | ਨ | ਧ | ਧਧ | ਮ̍ | ਗ | ਮ̍ | ਗ | ਸ |
| ਸੁ | ਆ | ਮੀ | ऽ | ਪੰ | ਡਿ | ਤਾ | ऽ | ਤੁਮ੍ | ਦੇ | ਹੁ | ਮ | ਤੀ | ऽ |
| ਸ | ਸ | ਗ | ਗ | ਮ | ਪ | ਮਮ | - | ਧਧ | - | ਮ̍ | ਗ | ਗ | ਸ |
| ਕਿ | ਨ | ਬਿ | ਧਿ | ਪਾ | ऽ | ਵਉ | ऽ | ਪ੍ਰਾ | ऽ | ਨ | ਪ | ਤੀ | ऽ |
| x | | 0 | | 2 | | 3 | | 4 | | | 5 | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਸੰ | - | ਧ | ਨ | ਸੰ | - | ਸੰ | ਸੰ | ਧ | ਧ | ਨ | ਸੰ | - | ਸੰ |
| ਰਾ | ऽ | ਜਾ | ऽ | ਬਾ | ऽ | ਲ | ਕੁ | ਨ | ਗ | ਰੀ | ਕਾ | ऽ | ਚੀ |
| ਗੰ | ਮ̍ੰ | ਗੰ | ਸੰ | ਸੰ | - | ਨ | ਧ | ਮ̍ | ਗ | ਮ̍ | ਗ | - | ਸ |
| ਦੁ | ਸ | ਟਾ | ऽ | ਨਾ | ऽ | ਲਿ | ऽ | ਪਿ | ਆ | ऽ | ਰੋ | ऽ | ऽ |
| x | | 0 | | 2 | | 3 | | 4 | | | 5 | | |

## ਰਾਗੁ ਬਸੰਤੁ ਹਿੰਡੋਲ

**ਤਾਨਾਂ:-**

1) ਗਮ ਧਨ ਸੰ- ਧਨ ਸੰਨ ਧਮੰ ਗਗ ਸਸ ਧਨ ਸੰਨ ਧ- ਮੰਧ ਮੰਗ ਸਸ

2) ਧਨ ਸੰਧ ਨਸੰ ਧਨ ਸੰਨ ਧ- ਗਮ ਧਨ ਸੰਨ ਧਮ ਗ- ਮੰਧ ਮੰਗ ਸ-

3) ਗਮ ਧਨ ਸੰਨ ਧ- ਧਨ ਸੰਸੰ ਗੰਗੰ ਸੰ- ਸੰਨ ਧਮ ਧਮ ਗਗ ਮੰਗ ਸਸ

**ਤਿਹਾਈਆਂ:-**

1) ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ। ਪਹਿਲਾਂ ਚੌਥੀ ਮਾਤਰ ਤੇ ਨਸੰ ਦਾ ਲਗਾਉ ਦੇਣਾ ਹੈ।

2) ਬੰਦਸ਼ ਅਨੁਸਾਰ ਪਹਿਲੀਆਂ ਤਿੰਨ ਮਾਤਰਾਂ ਲੈ ਕੇ ਤੀਜੀ ਮਾਤਰ ਤੇ ਧਨ ਦਾ ਲਗਾਉ ਹੈ ਫਿਰ ਚੌਥੀ ਮਾਤਰ ਤੋਂ 5ਵੀਂ ਤੋਂ 7ਵੀਂ ਮਾਤਰ ਦਾ ਟੁਕੜਾ ਫਿਰ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ। 7ਵੀਂ ਮਾਤਰ ਤੇ ਨਧ ਦਾ ਲਗਾਉ ਦੇਣਾ ਹੈ।

3) ਬੰਦਸ਼ ਅਨਸਾਰ 9ਵੀਂ ਤੋਂ 14ਵੀਂ ਮਾਤਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

### ਬਸੰਤੁ ਹਿੰਡੋਲੁ ਘਰੁ ੨ ੴ ਸਤਿਗੁਰ ਪ੍ਰਸਾਦਿ॥ (੧੧੯੫)

**ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ॥੧॥ ਕਹੁ ਪੰਡਿਤ ਸੂਚਾ ਕਵਨੁ ਠਾਉ॥ ਜਹਾਂ ਬੈਸਿ ਹਉ ਭੋਜਨੁ ਖਾਉ॥੧॥ ਰਹਾਉ॥ ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥੨॥ ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ॥ ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ॥੩॥ ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥੭॥**

ਪਦ ਅਰਥ:-ਜੂਠੀ-ਅਪਵਿੱਤਰ। ਫਲ ਲਾਗੇ-ਲੱਗੇ ਹੋਏ ਫਲ, ਬਾਲ-ਬੱਚੇ। ਆਵਹਿ-ਜੰਮਦੇ ਹਨ। ਅਭਾਗੇ-ਬਦ-ਨਸੀਬ। ਕਵਨੁ ਠਾਉ-ਕਿਹੜਾ ਥਾਂ? ਬੈਸਿ-ਬੈਠ ਕੇ। ਜਿਹਬਾ-ਜੀਭ। ਕਰਨ-ਕੰਨ। ਲੂਠੇ-ਹੇ ਸੜੇ ਹੋਏ! ਅਗਨਿ ਕੇ ਲੂਠੇ-ਅਹੰਕਾਰ ਦੀ ਅੱਗ ਨਾਲ ਸੜੇ ਹੋਏ। ਕਾਰਾ-ਚੌਂਕੇ ਦੀਆਂ ਬਾਹਰਲੀਆਂ ਲਕੀਰਾਂ। ਕਹਿ-ਆਖਦਾ ਹੈ। ਤੇਈ-ਉਹੀ।

## ਰਾਗੁ ਬਸੰਤੁ ਹਿੰਡੋਲ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸ | ਗ | ਮ | ਪ | ਮ | ਗਮ | ਧ | ਮਮ | ਗਗ | ਸ |
| ਕ | ਹੁ | ਪੰ | ਡਿ | ਤ | ਸੂS | ਚਾ | ਕਵ | ਨੁਠਾ | ਉ |
| ਧਨ | ਸੰ | ਧਨ | ਸੰਨ | ਧਧ | ਮ | ਗਗ | ਮਗ | ਮਗ | ਸ |
| ਜS | ਹਾਂ | ਬੈS | ਸਿS | ਹਉ | ਭੇ | ਜਨੁ | ਖਾS | SS | ਉ |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਗ | ਮ | ਧ | ਨ | ਧਨ | ਸੰ | ਸੰ | ਧ | ਨ | ਸੰ |
| ਮਾ | ਤਾ | ਜੂ | S | ਠੀS | ਪਿ | ਤਾ | ਭੀ | ਜੂ | ਠਾ |
| ਸੰ | ਗੰ | ਮੰਗੰ | ਸੰ | - | ਸੰਨ | ਧ | ਮਗ | ਮਗ | ਸ |
| ਜੂ | ਠੇ | ਹੀS | S | S | ਫS | ਲ | ਲਾS | SS | ਗੇ |
| x | | 2 | | | 0 | | 3 | | |

**ਤਾਨਾਂ:-**

1) ਸਗਮਪ ਮਮਗਮ ਧਧਮਗ ਸਸਗਮ ਧਨਧ- ਧਨਸੰਨ ਧਧਮਗ ਸੰਸੰਨਧ ਧਮਗਗ ਮਗਸ-
2) ਗਮਧਨ ਧ-ਮਧ ਨਸੰਧਨ ਸੰ-ਨਸੰ ਗੰਮੰਗੰਗੰ ਸੰਸੰਨਸੰ ਸੰਨਧਮੰ ਧਧਮਗ ਗਮਗਗ ਮਗਸਸ

**ਤਿਹਾਈਆਂ:-**

1) ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੇ ਦੁਗੁਨ ਵਿਚ ਇਕ ਮਾਤਰ ਵਿੱਚ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ 5ਵੀਂ ਮਾਤਰ ਬਰਾਬਰ ਲੈ ਕੇ ਫਿਰ ਛੇਵੀਂ ਮਾਤਰ ਤੇ 'ਸੂਚਾ' ਦਾ ਉਚਾਰਨ ਫਿਰ ਇਕ ਮਾਤਰ ਬਿਸਰਾਮ ਫਿਰ 'ਸੂਚਾ' ਦਾ ਉਚਾਰਨ ਤੇ ਬਿਸਰਾਮ ਫਿਰ 'ਸੂਚਾ' ਦਾ ਉਚਾਰਨ ਲੈ ਕੇ ਸੱਮ ਤੇ ਆਉਣਾ ਹੈ।

ਰਾਗੁ ਬਸੰਤੁ ਹਿੰਡੋਲ

3) ਬੰਦਸ਼ ਅਨੁਸਾਰ 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

ਸ਼ਬਦ - 'ਪਿਤਾ ਪਾਰਬ੍ਰਹਮ ਪ੍ਰਭ ਧਨੀ' ਤੀਨ ਤਾਲ ਬੰਦਸ਼ ਵਾਲਾ ਹੈ।

## ਰਾਗੁ ਬਸੰਤੁ ਹਿੰਡੋਲ ਦੀਪਚੰਦੀ ਤਾਲ ਮਾਤਰਾਂ-14 ਚਲੰਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਗ | ਮ | - | ਪ | - | ਮ | - | ਧ | - | ਧ | ਨਨ | - | ਸੰ | - |
| ਪਿ | ਤਾ | s | s | s | s | s | ਪਾ | s | ਰ | ਬ੍ਰਹ | s | ਮ | s |
| ਨਨ | - | - | ਧ | - | ਮ̍ | - | ਗ | - | - | ਮ̍ | - | ਗ | - |
| ਪ੍ਰ | s | s | ਭ | s | s | s | ਧ | s | s | ਨੀ | s | s | s |
| ਸੰ | - | ਸੰ | ਨ | - | ਧ | - | ਨ | - | - | ਧ | - | ਮ̍ | - |
| ਮੋ | s | ਹਿ | ਨਿ | s | ਸ | s | ਤਾ | s | s | ਰ | s | ਹੁ | s |
| ਗ | - | - | ਗ | ਗ | ਮ̍ | - | ਗ | - | - | ਸ | - | - | - |
| s | s | s | ਨਿ | ਰ | ਗੁ | - | ਨੀ | s | s | s | s | s | s |
| x | | | 2 | | | | 3 | | | 4 | | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਸੰ | - | - | ਧ | - | ਨ | - | ਸੰ | - | - | ਸੰ | - | - | - |
| ਮੂ | s | s | ਲੁ | s | ਨ | s | ਬੂ | s | s | ਝੇ | s | s | s |
| ਗ | - | ਮ | ਧ | - | ਨ | - | ਸੰ | - | - | ਸੰ | - | - | - |
| ਆ | s | s | ਪੁ | - | ਨ | s | ਸੂ | s | s | ਝੇ | s | s | s |
| ਗੰ | ਗੰ | - | ਗੰ | - | ਮ̍ | - | ਗੰ | ਗੰ | - | ਸੰ | - | - | - |
| ਭ | ਰ | s | ਮਿ | s | s | s | ਬਿ | ਆ | s | ਪੀ | s | s | s |
| ਸੰ | - | - | ਨ | - | ਧ | - | ਨ | - | - | ਧ | - | - | - |
| ਅ | s | s | ਹੰ | s | s | s | ਮ | s | s | ਨੀ | s | s | s |
| ਸੰ | ਨ | - | ਧ | - | - | - | ਨ | ਧ | - | ਮ̍ | - | ਗ | - |
| ਭ | ਰ | s | ਮਿ | s | s | s | ਬਿ | ਆ | s | ਪੀ | s | s | s |
| ਗ | - | - | ਮ̍ | - | ਗ | - | ਮ̍ | - | ਗ | ਸ | - | - | - |
| ਅ | s | s | ਹੰ | s | s | s | ਮ | s | s | ਨੀ | s | s | s |
| x | | | 2 | | | | 3 | | | 4 | | | |

## ਬਸੰਤੁ ਮਹਲਾ ੫ ਘਰੁ ੨ ਹਿੰਡੋਲ ੴ ਸਤਿਗੁਰ ਪ੍ਰਸਾਦਿ॥ (੧੧੮੫)

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧॥ਰਹਾਉ॥ ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥ ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥ ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ॥ ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ॥੪॥੧॥੧੯॥**

ਪਦ ਅਰਥ:-ਹੋਇ ਇਕਤ੍ਰ-ਇਕੱਠੇ ਹੋ ਕੇ। ਦੁਬਿਧਾ-ਮੇਰ-ਤੇਰ, ਵਿਤਕਰੇ। ਲਿਵ ਲਾਇ-ਸੁਰਤੀ ਜੋੜ ਕੇ। ਜੋੜੀ-ਜੋਟੀਦਾਰ, ਸਾਥੀ। ਹੋਵਹੁ ਜੋੜੀ-ਸਾਥੀ ਬਣੋ। ਜੋੜੀ- ਹਰਿ ਨਾਮ ਸਿਮਰਨ ਦਾ ਚੌਪੜ ਖੇਡਣ ਵਾਲੇ ਸਾਥੀ। ਗੁਰਮੁਖਿ-ਗੁਰੂ ਦੀ ਰਾਹੀਂ, ਗੁਰੂ ਦੀ ਸਰਨ ਪੈ ਕੇ। ਸਫਾ ਵਿਛਾਇ-ਸਫਾ ਵਿਸ਼ਾ ਕੇ। ਬੈਸਹੁ-ਬੈਠੋ। ਇਨ ਬਿਧਿ-ਇਸ ਤਰੀਕੇ ਨਾਲ। ਪਾਸਾ ਢਾਲਹੁ-ਪਾਸਾ ਸੁੱਟੋ। ਪੀਰ-ਪੀੜ। ਕਰਮ ਧਰਮ-ਧਰਮ ਦੇ ਕਰਮ, ਨੇਕ ਕੰਮ। ਚਉਪੜਿ-ਚਉਪੜ ਦੀ ਖੇਡ। ਸਾਜਹੁ-ਬਣਾਓ। ਸਤੁ-ਉੱਚਾ ਆਚਰਨ। ਸਾਰੀ-ਨਰਦ। ਐਸੀ-ਅਜਿਹੀ। ਪਰਭਾਤੇ-ਅੰਮ੍ਰਿਤ ਵੇਲੇ। ਸੋਏ-ਸੁੱਤੇ ਹੋਏ ਭੀ। ਬਿਖੜੇ-ਔਖੇ। ਖੇਲੈ-ਜਗਤ ਖੇਡ ਖੇਡਦਾ ਹੈ। ਰਚਨੁ ਰਚਾਇਆ-ਰਚਨਾ ਰਚੀ ਹੈ। ਜਿਣਿ-ਜਿੱਤ ਕੇ।

### ਰਾਗੁ ਬਸੰਤੁ ਹਿੰਡੋਲ ਰੂਪਕ ਤਾਲ ਮਾਤਰਾਂ-7 ਮੱਧ ਲੈਅ

ਅਸਥਾਈ — ਅੰਤਰਾ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| ਗਮ | ਧ | ਨ | ਸੰ | ਨ | ਧ | - | ਸੰ | ਧ | ਨ | ਸੰ | ਸੰ | ਨਨ | ਸੰ |
| ਇਨ੍ | ਬਿ | ਧਿ | ਪਾ | S | ਸਾ | S | ਹੋ | ਇ | S | ਇ | ਕ | ਤ੍ਰ | S |
| ਧ | ਮ॑ | ਗਗ | ਮ॑ | ਗ | ਸ | - | ਗ | ਮ | ਧ | ਨ | ਨ | ਸੰ | ਸੰ |
| ਢਾ | S | ਲਹੁ | ਬੀ | S | ਰ | S | ਮਿ | ਲ | ਹੁ | ਮੇ | ਰੇ | ਭਾ | ਈ |
| ਸਸ | ਗ | ਗ | ਮ | ਪ | ਮ | - | ਸੰ | ਗੰ | ਮੰ॑ | ਗੰ | - | ਸੰ | - |
| ਗੁਰ | ਮੁ | ਖਿ | ਨਾ | S | ਮੁ | S | ਦੁ | ਬਿ | ਧਾ | ਦੂ | S | ਰਿ | S |
| ਧ | ਨਨ | ਸੰਸੰ | ਧ | ਨ | ਸੰ | - | ਸੰ | ਨ | ਧ | ਧ | ਨ | ਧ | ਧ |
| ਜ | ਪਹੁ | ਦਿਨੁ | ਰਾ | S | ਤੀ | S | ਕ | ਰ | ਹੁ | ਲਿ | ਵ | ਲਾ | ਇ |
| ਸੰ | - | ਸੰ | ਸੰ | ਨ | ਧ | - | ਧ | ਨ | ਸੰ | ਧ | ਨ | ਧ | - |
| ਅੰ | S | ਤ | ਕਾ | S | ਲਿ | S | ਦੁ | ਬਿ | ਧਾ | ਦੂ | S | ਰਿ | S |
| ਮ॑ਮ॑ | ਮ॑ | ਗ | ਮ॑ | ਗ | ਸ | - | ਮ॑ | ਗ | ਗ | ਮ॑ | ਗ | ਸ | ਸ |
| ਨਹ | ਲਾ | ਗੈ | ਪੀ | S | ਰ | S | ਕ | ਰ | ਹੁ | ਲਿ | ਵ | ਲਾ | ਇ |
| x | | | 2 | | 3 | | x | | | 2 | | 3 | |

# ੨੯-ਰਾਗੁ ਕਲਿਆਨੁ ਭੋਪਾਲੀ

ਰਾਗੁ ਕਲਿਆਨੁ ਭੋਪਾਲੀ ਦਾ ਸਰੂਪ ਰਾਗੁ ਕਲਿਆਨੁ ਤੇ ਰਾਗ ਭੋਪਾਲੀ ਦੇ ਮਿਸ਼ਰਨ ਤੋਂ ਬਣਿਆ ਹੈ। ਭਾਰਤੀ ਸੰਗੀਤ ਵਿੱਚ ਰਾਗ ਕਲਿਆਨ ਬਹੁਤ ਹੀ ਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਸਪਤਕ ਦੇ ਸੱਤ ਸ਼ੁਧ ਸਵਰਾਂ ਵਿੱਚ ਕੇਵਲ ਇਕ ਹੀ ਸਵਰ ਮਧਿਅਮ ਸ਼ੁਧ ਦੀ ਬਜਾਏ ਮਧਿਅਮ ਤੀਵਰ ਦੇ ਪ੍ਰਯੋਗ ਨਾਲ ਰਾਗ ਕਲਿਆਨੁ ਦਾ ਇਕ ਐਸਾ ਸਰੂਪ ਬਣ ਜਾਂਦਾ ਹੈ ਜਿਸ ਦਾ ਆਪਣਾ ਇਕ ਵੱਖਰਾ ਹੀ ਰਸ ਭਰਪੂਰ ਚਲਨ ਹੈ। ਰਾਗ ਕਲਿਆਨੁ ਵਿੱਚ ਮਧਿਅਮ ਤੀਵਰ ਦੇ ਵੱਖ ਵੱਖ ਸਵਰ-ਸਮੂਹ ਬਹੁਤ ਹੀ ਸੁੰਦਰ ਵਾਤਾਵਰਨ ਪੈਦਾ ਕਰਦੇ ਹਨ। ਨ਼ ਰ ਗ, ਮ̍ ਗ, ਗ ਰ ਮ̍ ਗ, ਰ ਗ ਰ ਮ̍ ਗ, ਰ ਮ̍ ਗ ਰ, ਗ ਮ̍ ਗ ਗ ਮ̍ ਪ ਮ̍ ਗ, ਗ ਮ̍ ਪ ਧ ਮ̍ ਪ ਮ̍ ਗ, ਮ̍ ਪ ਮ̍ ਧ ਪ ਮ̍ ਗ, ਮ̍ ਧ ਪ, ਮ̍ ਧ ਨ, ਮ̍ ਨ ਧ ਪ, ਮ̍ ਪ ਰ - ਸ। ਹੋਰ ਵੀ ਐਸੇ ਹੀ ਕਈ ਸਵਰ-ਸਮੂਹ ਇਸ ਰਾਗ ਦੀ ਸੁੰਦਰਤਾ ਦੇ ਪ੍ਰਤੀਕ ਹਨ। ਸੰਗੀਤ ਸਾਧਕ ਨਿਤ ਅੰਮ੍ਰਿਤ ਵੇਲੇ ਸ਼ੁਧ ਸਵਰਾਂ ਤੇ ਭੈਰਵ ਦੇ ਸਵਰਾਂ ਦੀ ਸਾਧਨਾ ਕਰਦੇ ਹਨ ਤੇ ਸ਼ਾਮ ਸਮੇਂ ਕਲਿਆਨ ਦੇ ਸਵਰਾਂ ਦੀ ਸਾਧਨਾ ਕਰਦੇ ਹਨ। ਰਾਗੁ ਕਲਿਆਨ ਬਾਰੇ 'ਗੁਰਮਤਿ ਸੰਗੀਤ ਦਰਪਣ' ਭਾਗ-ਦੂਜਾ ਵਿੱਚ ਪਹਿਲਾਂ ਹੀ ਪਰੀਚੈ ਦਿੱਤਾ ਜਾ ਚੁਕਾ ਹੈ। ਇਸ ਦਾ ਸਾਧਾਰਨ ਪਰੀਚੈ ਇਸ ਪ੍ਰਕਾਰ ਹੈ। ਰਾਗੁ-ਕਲਿਆਨ, ਜਾਤੀ- ਸੰਪੂਰਨ, ਸਵਰ-ਮਧਿਅਮ ਤੀਵਰ ਹੋਰ ਸਭ ਸ਼ੁਧ, ਵਾਦੀ-ਗੰਧਾਰ, ਸੰਵਾਦੀ-ਨਿਸ਼ਾਦ ਤੇ ਸਮਾਂ ਰਾਤ ਦਾ ਪਹਿਲਾ ਪਹਿਰ। ਆਰੋਹ- ਨ਼ ਰ ਗ, ਮ̍ ਪ, ਮ̍ ਧ ਨ ਸੰ। ਅਵਰੋਹ - ਸੰ ਨ ਧ ਪ, ਮ̍ ਗ ਰ ਸ। ਪਕੜ - ਨ਼ ਰ ਗ, ਰ ਗ, ਰ ਮ̍ ਗ, ਪ ਰ ਸ।

ਰਾਗੁ ਕਲਿਆਨੁ ਭੋਪਾਲੀ ਦਾ ਦੂਜਾ ਰਾਗ ਭੂਪਾਲੀ ਉਤਰੀ ਸੰਗੀਤ ਦੇ ਪ੍ਰਚਲਿਤ ਤੇ ਸੁਖੈਨ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਆਮ ਤੌਰ ਤੇ ਸੰਗੀਤ ਵਿਦਿਆਰਥੀਆਂ ਨੂੰ ਅਲੰਕਾਰਾਂ ਦੇ ਅਭਿਆਸ ਤੋਂ ਬਾਦ ਰਾਗ ਭੂਪਾਲੀ ਤੋਂ ਹੀ ਸੰਗੀਤ ਸਿੱਖਿਆ ਦਾ ਆਰੰਭ ਕੀਤਾ ਜਾਂਦਾ ਹੈ। ਮੱਧ ਕਾਲ ਦੇ ਗ੍ਰੰਥਕਾਰਾਂ ਵਿੱਚੋਂ ਪੰਡਿਤ ਲੋਚਨ ਨੇ 'ਰਾਗ ਤਰੰਗਣੀ' ਵਿੱਚ ਕੇਦਾਰ ਠਾਠ ਤੋਂ ਰਾਗ ਭੂਪਾਲੀ ਨੂੰ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੁਲ ਨੇ 'ਚੰਦ੍ਰੋਦਯ' ਵਿੱਚ ਕੇਦਾਰ ਮੇਲ ਤੋਂ ਭੂਪਾਲੀ ਨੂੰ ਜਨਯ ਰਾਗ ਮੰਨਿਆ ਹੈ। ਫਿਰ ਇਨ੍ਹਾਂ ਰਾਗ-ਰਾਗਨੀ ਵਰਗੀਕਰਣ ਦੇ ਸਿੱਧਾਂਤ ਨੂੰ ਸਵੀਕਾਰ

ਕਰਦਿਆਂ 'ਰਾਗ ਮਾਲਾ' ਵਿੱਚ ਰਾਗ ਹਿੰਡੋਲ ਨੂੰ ਪੁਰਸ਼ ਰਾਗ ਤੇ ਭੂਪਾਲੀ ਨੂੰ ਇਸ ਦੀ ਇਸਤਰੀ ਰਾਗਨੀ ਮੰਨਿਆ ਹੈ। ਫਿਰ ਇਹਨਾਂ ਨੇ 'ਰਾਗ ਮੰਜਰੀ' ਵਿਚ ਕੇਦਾਰ ਮੇਲ ਤੋਂ ਭੂਪਾਲੀ ਨੂੰ ਇਸ ਦਾ ਜਨਯ ਰਾਗ ਮੰਨਿਆ ਹੈ। 'ਅਨੂਪ ਬਿਲਾਸ' ਦੇ ਕਰਤਾ ਭਾਵਭਟ ਨੇ ੬੭ ਰਾਗਾਂ ਦੇ ਨਾਮ ਆਪਣੇ ਗ੍ਰੰਥ ਵਿੱਚ ਦਿੱਤੇ ਹਨ ਤੇ ਰਾਗ ਭੂਪਾਲੀ ਵੀ ਉਹਨਾਂ ਵਿੱਚੋਂ ਇਕ ਰਾਗ ਹੈ। ਰਾਮਾਮਾਤਯ ਨੇ ਆਪਣੇ ਗ੍ਰੰਥ 'ਸਵਰ ਮੇਲ ਕਲਾਨਿਧੀ' ਵਿੱਚ ਹਿੰਡੋਲ ਮੇਲ ਤੋਂ ਭੂਪਾਲ ਨੂੰ ਜਨਯ ਰਾਗ ਮੰਨਿਆ ਹੈ। ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' ਵਿੱਚ ਮਲਾਰੀ ਮੇਲ ਤੋਂ ਭੂਪਾਲੀ ਨੂੰ ਜਨਯ ਰਾਗ ਮੰਨਿਆ ਹੈ। ਵਿਅੰਕਟਮੁਖੀ ਨੇ 'ਚਤੁਰਦੰਡਪ੍ਰਕਾਸ਼ਿਕਾ' ਵਿਚ ਭੂਪਾਲ ਮੇਲ ਜਨਕ ਤੋਂ ਭੂਪਾਲ ਨੂੰ ਜਨਯ ਰਾਗ ਮੰਨਿਆ ਹੈ।

ਪੰਡਿਤ ਅੱਪਾ ਤੁਲਸੀ ਦੁਆਰਾ 'ਰਾਗ ਚੰਦ੍ਰਿਕਾ ਸਾਰ' ਵਿੱਚ ਭੂਪਾਲੀ ਦਾ ਵਿਵਰਨ ਇਸ ਪ੍ਰਕਾਰ ਹੈ। 'ਆਰੋਹੀ ਅਵਰੋਹੀ ਮੇਂ ਸੁਰ ਮਨ ਕੀਨੇ ਤਿਆਗ। ਧ-ਗ ਸੰਵਾਦੀ ਵਾਦਿਤੇ ਕਹੇ ਭੂਪਾਲੀ ਰਾਗ।' ਪੰਡਿਤ ਭਾਤਖੰਡੇ ਦੇ 'ਕ੍ਰਮਿਕ ਪੁਸਤਕ ਮਾਲਿਕਾ' ਭਾਗ ਤੀਜਾ ਅਨੁਸਾਰ ਰਾਗ ਭੂਪਾਲੀ ਕਲਿਆਨ ਥਾਟ ਦਾ ਰਾਗ ਹੈ। ਮਧਿਅਮ ਤੇ ਨਿਸ਼ਾਦ ਵਰਜਿਤ ਹਨ। ਜਾਤੀ-ਔੜਵ-ਔੜਵ, ਵਾਦੀ-ਗੰਧਾਰ, ਸੰਵਾਦੀ-ਧੈਵਤ ਤੇ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਆਰੋਹ- ਸ ਰ ਗ ਪ, ਧ, ਸਂ। ਅਵਰੋਹ - ਸਂ, ਧ ਪ, ਗ, ਰ, ਸ। ਪਕੜ- ਗ, ਰ, ਸ ਧ਼, ਸ ਰ ਗ, ਪ ਗ, ਧ ਪ ਗ, ਰ, ਸ। ਸ਼੍ਰੀ ਵਿਮਲਾਕਾਂਤ ਰਾਏ ਚੌਧਰੀ ਦੇ 'ਰਾਗ ਵਿਯਾਕਰਨ', ਪਟਵਰਧਨ ਜੀ ਦੇ 'ਰਾਗ ਵਿਗਿਯਾਨ' ਭਾਗ-ਦੂਜਾ ਅਨੁਸਾਰ ਤੇ ਹੋਰ ਵੀ ਤਕਰੀਬਨ ਸਾਰੇ ਹੀ ਵਿਦਵਾਨ ਰਾਗ ਭੂਪਾਲੀ ਦੇ ਇਸ ਸਰੂਪ ਬਾਰੇ ਇਕ-ਮੱਤ ਹਨ। ਰਾਗ ਵਿਯਾਕਰਣ ਦੇ ਕਰਤਾ ਨੇ ਭੂਪ ਕਲਿਆਨ ਦਾ ਨਾਮ ਵੀ ਦਿੱਤਾ ਹੈ ਪਰ ਭੂਪਾਲੀ, ਭੂਪ ਜਾਂ ਭੂਪ ਕਲਿਆਨ ਇਹ ਸਭ ਇੱਕ ਹੀ ਰਾਗ ਦੇ ਵੱਖ-ਵੱਖ ਨਾਮ ਮੰਨੇ ਜਾਂਦੇ ਹਨ। ਕਈ ਪ੍ਰਚਲਿਤ ਲੋਕ ਧੁਨਾਂ ਵਿੱਚੋਂ ਰਾਗ ਭੂਪਾਲੀ ਦਾ ਸਰੂਪ ਪਰਤੱਖ ਨਜ਼ਰ ਆਉਂਦਾ ਹੈ। ਖਾਂ ਸਾਹਿਬ ਬੜੇ ਗੁਲਾਮ ਅਲੀ ਤੇ ਹੋਰ ਵੀ ਵਿਦਵਾਨ ਰਾਗ ਭੂਪਾਲੀ ਦੀ ਉਪਜ ਹੀ ਲੋਕ ਧੁਨਾਂ ਤੇ ਅਧਾਰਿਤ ਮੰਨਦੇ ਹਨ। ਰਾਗ ਭੂਪਾਲੀ ਦੇ ਨਿਕਟਵਰਤੀ ਰਾਗ ਦੇਸ਼ਕਾਰ ਹੈ ਜਿਸ ਵਿੱਚ ਪ੍ਰਯੋਗ ਹੋਣ ਵਾਲੇ ਸਵਰ ਵੀ ਭੂਪਾਲੀ ਵਾਲੇ ਹੀ ਹਨ ਪਰ ਇਸ ਉਤਰਾਂਗ ਪਰਧਾਨ ਰਾਗ ਵਿਚ ਧ ਵਾਦੀ ਗ ਸੰਵਾਦੀ ਹੈ ਤੇ ਭੂਪਾਲੀ ਵਿੱਚ ਗ ਵਾਦੀ ਤੇ ਧ ਸੰਵਾਦੀ ਹੈ। ਸ ਧ਼ ਸ ਰ ਗ, ਗ ਪ ਗ, ਗ ਪ ਧ ਪ ਗ, ਧ ਪ ਗ ਰ, ਗ ਪ ਧ ਸਂ ਧ ਪ ਗ ਰ ਸ ਐਸੇ ਹੀ ਸਵਰ ਸਮੂਹ ਦੁਆਰਾ ਰਾਗ ਭੂਪਾਲੀ ਦਾ ਸਰੂਪ ਜਾਗਦਾ ਰਹਿੰਦਾ ਹੈ। ਰਾਗੁ ਕਲਿਆਨ ਭੋਪਾਲੀ ਦਾ ਮਿਸ਼ਰਤ ਸਰੂਪ ਉੱਤਰੀ ਸੰਗੀਤ ਵਿਚ ਪ੍ਰਚਾਰ ਵਿਚ ਨਹੀਂ ਹੈ। ਪਰ ਗੁਰਮਤਿ ਸੰਗੀਤ ਵਿਚ ਇਸ ਰਾਗ ਵਿਚ ਰਚਿਤ ਬਾਣੀ ਉਪਲਬੱਧ ਹੈ।

## ਰਾਗੁ ਕਲਿਆਨੁ ਭੋਪਾਲੀ

ਭਾਰਤੀ ਸੰਗੀਤ ਦੇ ਰਾਗਾਂ ਵਿੱਚ ਆਮ ਕਰਕੇ ਆਰੋਹ ਵਿੱਚੋਂ ਘਟ ਸਵਰ ਤੇ ਅਵਰੋਹ ਵਿੱਚ ਆਰੋਹ ਜਿੰਨੇ ਜਾਂ ਇਸ ਤੋਂ ਜ਼ਿਆਦਾ ਸਵਰਾਂ ਦਾ ਪ੍ਰਯੋਗ ਹੁੰਦਾ ਹੈ। ਇਥੇ ਰਾਗੁ ਕਲਿਆਨੁ ਭੋਪਾਲੀ ਵਿੱਚ ਆਰੋਹ ਸੰਪੂਰਨ ਤੇ ਅਵਰੋਹ ਔੜਵ ਹੈ। ਗੁਰਮਤਿ ਸੰਗੀਤ ਦੇ ਇਸ ਰਾਗ ਦੀ ਇਕ ਆਪਣੀ ਹੀ ਵਿਲੱਖਣਤਾ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗ ਕਲਿਆਨੁ ਭੋਪਾਲੀ ਵਿੱਚ ਮਧਿਅਮ ਤੀਵਰ, ਹੋਰ ਸਵਰ ਸ਼ੁਧ, ਜਾਤੀ-ਵਕਰ ਸੰਪੂਰਨ, ਵਾਦੀ-ਗੰਧਾਰ, ਸੰਵਾਦੀ-ਨਿਸ਼ਾਦ, ਤੇ ਗਾਉਣ ਸਮਾਂ-ਰਾਤ ਦਾ ਪਹਿਲਾ ਪਹਿਰ ਹੈ। ਆਰੋਹ-ਸ, ਨ਼ ਧ਼ ਨ਼ ਰ ਗ, ਮ̍ ਪ, ਗ ਮ̍ ਧ ਨ ਸਂ। ਅਵਰੋਹ- ਸਂ ਨ ਧ ਪ, ਮ̍ ਗ, ਪ ਗ, ਰ ਸ। ਮੁੱਖ ਅੰਗ- ਨ਼ ਧ਼ ਨ਼ ਰ ਗ, ਪ ਮ̍ ਗ, ਪ ਗ ਰ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਕਲਿਆਨੁ ਭੋਪਾਲੀ ਰਾਗ ਦਾ ਆਰੋਹ ਕਲਿਆਨ ਤੇ ਅਵਰੋਹ ਭੋਪਾਲੀ ਜੈਸਾ ਹੀ ਹੈ। ਰਾਗ ਨਿਰਣਾਇਕ ਕਮੇਟੀ ਵਲੋਂ ਇਸ ਰਾਗ ਦਾ ਪ੍ਰਵਾਣਿਤ ਸਰੂਪ ਆਰੋਹ ਕਲਿਆਨ ਤੇ ਅਵਰੋਹ ਭੋਪਾਲੀ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਦਿੱਤਾ ਗਿਆ ਹੈ। ਇੱਥੇ ਵੀ ਉਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗੁ ਤਰਤੀਬ ਵਿਚ ਰਾਗੁ ਕਲਿਆਨ ਨੂੰ 29ਵਾਂ ਅਸਥਾਨ ਪ੍ਰਾਪਤ ਹੈ। ਇਸ ਮੁੱਖ ਰਾਗ ਦੇ ਅੰਤਰਗਤ ਕਲਿਆਨੁ ਭੋਪਾਲੀ ਮਹਲਾ ੪ ਪੰਨਾ ੧੩੨੧ ਸ਼ਬਦ ਅੰਕ ॥੨॥੧॥੭॥ ਇਕ ਹੀ ਸ਼ਬਦ ਦੀ ਰਚਨਾ ਹੈ।

**ਪਰੀਚੈ:-**

ਰਾਗੁ - ਕਲਿਆਨੁ ਭੋਪਾਲੀ ਥਾਟ - ਕਲਿਆਨ

ਸਵਰ - ਮਧਿਅਮ ਤੀਵਰ ਹੋਰ ਸਭ ਸ਼ੁਧ

ਵਰਜਿਤ ਸਵਰ - ਅਵਰੋਹ ਵਿਚ ਮਧਿਅਮ ਤੇ ਨਿਸ਼ਾਦ

ਜਾਤੀ - ਸੰਪੂਰਨ-ਔੜਵ ਵਾਦੀ- ਗੰਧਾਰ

ਸੰਵਾਦੀ - ਨਿਸ਼ਾਦ ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ, ਨ਼ ਰ ਗ, ਮ̍ ਪ, ਮ̍ ਧ ਨ ਸਂ।

ਅਵਰੋਹ- ਸਂ ਧ ਪ ਗ, ਰ, ਸ।

ਮੁਖ ਅੰਗ- ਸ, ਨ਼ ਰ ਗ, ਰ ਗ ਮ̍ ਪ, ਪ ਧ ਪ ਗ, ਧ ਪ ਗ ਰ, ਗ ਰ ਸ।

**ਸਵਰ ਵਿਸਥਾਰ:-**

1) ਸ, ਨ਼ ਨ਼ ਸ, ਨ਼ ਰ ਸ, ਸ ਧ਼ ਪ਼, ਮ਼̍ ਧ਼ ਪ਼, ਮ਼̍ ਧ਼ ਨ਼ ਧ਼ ਨ਼ ਸ, ਸ ਰ ਸ, ਰ

ਗ ਰ, ਨ਼ ਰ ਗ ਰ ਗ, ਗ ਮ̍ ਪ, ਗ ਮ̍ ਪ ਧ ਪ, ਮ̍ ਧ ਪ, ਧ ਪ ਗ, ਗ ਮ̍
ਪ ਮ̍ ਧ ਪ, ਪ ਧ ਪ ਗ, ਰ ਗ ਮ̍ ਪ, ਧ ਪ ਗ, ਧ ਪ ਗ ਰ, ਗ ਰ ਸ।

2) ਨ਼ ਰ ਗ, ਮ̍ ਪ, ਗ ਮ̍ ਧ ਪ, ਧ ਪ ਗ, ਮ̍ ਧ ਨ, ਮ̍ ਧ ਪ, ਧ ਪ ਗ ਰ, ਗ
ਮ̍ ਪ, ਮ̍ ਧ ਨ, ਧ ਨ ਸਂ, ਪ ਸਂ - ਰਂ ਸਂ, ਸਂ ਧ ਪ, ਮ̍ ਧ ਨ ਸਂ, ਸਂ ਧ ਪ, ਸਂ
ਰਂ ਸਂ, ਮ̍ ਧ ਨ ਸਂ, ਸਂ ਧ ਪ ਗ, ਪ ਧ ਪ ਗ, ਗ ਮ̍ ਪ, ਮ̍ ਪ, ਧ ਪ ਗ ਰ,
ਗ ਰ ਸ, ਧ਼ ਨ਼ ਰ ਸ।

3) ਗ ਮ̍ ਪ, ਮ̍ ਧ ਪ, ਮ̍ ਪ ਗ ਮ̍ ਧ ਪ, ਪ - ਧ ਪ ਗ, ਪ ਧ ਪ ਗ, ਮ̍ ਧ
ਮ̍ ਨ, ਧ ਨ ਸਂ, ਨ ਰਂ ਸਂ, ਨ ਰਂ ਗਂ, ਨ ਰਂ ਗਂ ਮ̍ਂ ਰਂ ਗਂ, ਗਂ ਮ̍ਂ ਪਂ, ਧਂ ਪਂ ਗਂ
ਰਂ, ਗਂ ਰਂ ਸਂ, ਸਂ ਰਂ ਸਂ, ਧ ਨ ਸਂ, ਸਂ ਧ ਪ, ਗ ਮ̍ ਧ ਪ, ਸਂ ਰਂ ਸਂ ਧ ਪ, ਧ ਨ
ਸਂ, ਸਂ ਧ ਪ ਗ, ਧ ਪ ਗ ਰ, ਗ ਰ ਸ, ਧ਼ ਨ਼ ਰ ਸ।

## ਕਲਿਆਨੁ ਭੋਪਾਲੀ ਮਹਲਾ ੪ ੴ ਸਤਿਗੁਰ ਪ੍ਰਸਾਦਿ॥ (੧੩੨੧)

**ਪਾਰਬ੍ਰਹਮੁ ਪਰਮੇਸੁਰੁ ਸੁਆਮੀ ਦੂਖ ਨਿਵਾਰਣੁ ਨਾਰਾਇਣੇ॥ ਸਗਲ ਭਗਤ ਜਾਚਹਿ ਸੁਖ ਸਾਗਰ ਭਵ ਨਿਧਿ ਤਰਣ ਹਰਿ ਚਿੰਤਾਮਣੇ॥੧॥ਰਹਾਉ॥ ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ॥ ਤੇ ਨਿਰਭਉ ਜਿਨ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ॥੧॥ ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵ ਨਿਧਿ ਪਾਰਿ ਪਰੇ॥ ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ॥੨॥੧॥੭॥**

ਪਦ ਅਰਥ:- ਪਰਮੇਸੁਰੁ-ਸਭ ਤੋਂ ਉੱਚਾ ਮਾਲਕ। ਦੂਖ ਨਿਵਾਰਣੁ-ਦੁੱਖਾਂ ਦਾ ਨਾਸ ਕਰਨ ਵਾਲਾ। ਜਾਚਹਿ-ਮੰਗਦੇ ਹਨ। ਸੁਖ ਸਾਗਰ-ਹੇ ਸੁਖਾਂ ਦੇ ਸਮੁੰਦਰ! ਭਵ ਨਿਧਿ-ਸੰਸਾਰ-ਸਮੁੰਦਰ। ਤਰਣ-ਜਹਾਜ਼। ਭਵ ਨਿਧਿ ਤਰਣ-ਹੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਣ ਵਾਲੇ ਜਹਾਜ਼! ਚਿੰਤਾਮਣੇ-ਹੇ ਹਰੇਕ ਜੀਵ ਦੀ ਮਨੋਕਾਮਨਾ ਪੂਰੀ ਕਰਨ ਵਾਲੇ! ਜਗਦੀਸ-ਹੇ ਜਗਤ ਦੇ ਈਸ਼੍ਵਰ! ਦਮੋਦਰ-(ਦਾਮ-ਰੱਸੀ, ਉਧਰ-ਪੇਟ, ਲੱਕ। ਜਿਸ ਦੇ ਲਕ ਦੁਆਲੇ ਤੜਾਗੀ ਹੈ) ਹੇ ਪ੍ਰਭੂ! ਗੁਰਮਤਿ-ਗੁਰੂ ਦੀ ਮਤਿ ਉੱਤੇ ਤੁਰ ਕੇ। ਮੁਰਾਰਿ-(ਮੁਰ ਦੈਂਤ ਦਾ ਵੈਰੀ) ਹੇ ਦੈਂਤ-ਦਮਨ! ਮੁਕੰਦੇ-ਹੇ ਮੁਕਤੀ ਦਾਤੇ! ਪੈਜ-ਲਾਜ, ਇਜ਼ੱਤ।

## ਰਾਗੁ ਕਲਿਆਨੁ ਭੋਪਾਲੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਸ | ਸ | ਰਰ | ਗ | ਮ̍ |
| | | | | | | | | | | | ਪਾ | ਰ | ਬ੍ਰ | ਹ | ਮੁ |
| ਪ | ਪ | ਗ | ਮ̍ | ਪ | ਧ | ਪ | ਗ | ਰ | - | ਸ | ਨ਼ | ਰ | ਗ | ਮ̍ | ਪ |
| ਪ | ਰ | ਮੇ | S | ਸੁ | ਰੁ | ਸੁ | ਆ | ਮੀ | S | S | ਦੂ | S | ਖ | S | S |
| ਮ̍ | ਧ | ਨ | ਸਂ | ਧ | ਪ | ਗ | ਰ | ਗ | ਰ | ਸ | | | | | |
| ਨਿ | ਵਾ | ਰ | ਣੁ | ਨਾ | S | ਰਾ | ਇ | ਣੇ. | S | S | | | | | |
| X | | | | 2 | | | | 0 | | | | 3 | | | |

ਰਾਗੁ ਕਲਿਆਨੁ ਭੋਪਾਲੀ

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਮ̍ | ਪ | ਮ̍ | ਧ | ਨ |
| | | | | | | | | | | | ਸ | ऽ | ਗ | ऽ | ਲ |
| ਸਂ | ਨ | ਰਂ | ਸਂ | ਸਂ | ਰਂਰਂ | ਸਂ | ਸਂ | ਧ | ਧ | ਪ | ਨ | ਰਂ | ਸਂ | ਰਂ | ਸਂ |
| ਭ | ਗ | ਤ | ऽ | ਜਾ | ਚਹਿ | ਸੁ | ਖ | ਸਾ | ਗ | ਰ | ਭ | ਵ | ਨਿ | ऽ | ਧਿ |
| ਧ | ਨ | ਸਂ | - | ਸਂ | ਸਂ | ਧ | ਪ | ਗ | ਰ | ਗ | | | | | |
| ਤ | ਰ | ਣ | ऽ | ਹ | ਰਿ | ਚਿੰ | ਤਾ | ਮ | ऽ | ਣੇ | | | | | |
| X | | | | 2 | | | | 0 | | | | 3 | | | |

ਤਾਨਾਂ:-

1) ਸਰ ਗਮ̍ ਪਧ ਪ- ਧਪ ਗਰ ਗਰ ਸ-
2) ਗਮ̍ ਪਧ ਪ- ਧਨ ਸਂਸਂ ਧਪ ਗਗ ਰਸ
3) ਧਨ ਸਂਰਂ ਸਂ- ਗਂਰਂ ਸਂਸਂ ਧਪ ਗਤ ਸ-
4) ਗਮ̍ ਪਧ ਪ- ਮ̍ਧ ਨਸਂ ਧਨ ਸਂਰਂ ਸਂ- ਗਂਗਂ ਰਂਸਂ ਧਧ ਪਗ ਧਪ ਗਰ ਗਰ ਸ-
5) ਨ਼ਰ ਗਗ ਰਗ ਮ̍ਮ̍ ਗਮ̍ ਪਧ ਮ̍ਧ ਨਸਂ ਸਂਸਂ ਧਪ ਧਧ ਪਗ ਪਪ ਗਰ ਗਗ ਰਸ

ਤਿਹਾਈਆਂ:-

1) ਪਹਿਲੀ ਤੋਂ ਨੌਵੀਂ ਮਾਤਰ ਨੂੰ ਦੂਜੀ ਮਾਤਰ ਤੋਂ ਬਰਾਬਰ ਲੈ ਕੇ ਫਿਰ 7ਵੀਂ ਤੋਂ 9ਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਹੋਰ ਗਾ ਕੇ ਸੱਮ ਤੇ ਆਉਣਾ ਹੈ।
2) 12ਵੀਂ ਤੋਂ 16ਵੀਂ ਮਾਤਰ ਦੇ 5 ਮਾਤਰਾਂ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ
3) ਮੁਖੜਾ ਲੈ ਕੇ ਪਹਿਲੀ ਤੋਂ ਤੀਜੀ ਮਾਤਰ ਤੇ 'ਪਰ ਮੇ ਸੁਰੁ' ਦਾ ਉਚਾਰਨ ਤਿੰਨ ਮਾਤਰਾਂ ਵਿੱਚ ਫਿਰ ਇਹੀ ਮੁਖੜਾ ਤੇ ਤਿੰਨ ਮਾਤਰਾਂ ਦਾ ਟੁਕੜਾ ਫਿਰ ਮੁਖੜਾ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

(ਸੱਵਈਏ ਮਹਲੇ ਚਉਥੇ ਕੇ ੪) (੧੪੦੩)

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥ ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥ ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥ ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥ ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥੧॥੧੧॥

ਪਦ ਅਰਥ:-ਸੇਵਕ ਕੈ-ਸੇਵਕਾਂ ਦੇ (ਹਿਰਦੇ-ਰੂਪ ਘਰ ਵਿਚ)। ਭਰਪੂਰ-ਨਕਾ-ਨਕ, ਵਿਆਪਕ। ਜੁਗੁ ਜੁਗੁ-ਸਦਾ। ਵਾਹ-ਧੰਨ ਹੈਂ ਤੂੰ। ਸਦਕਾ-ਬਰਕਤਿ। ਸਲਾਮਤਿ-ਥਿਰ, ਅਟੱਲ। ਸਿਰੇ-ਪੈਦਾ ਕੀਤੇ। ਅਗਨਤ-ਬੇਅੰਤ। ਮੋਹੁ ਮਨ ਮਦ ਕਾ-ਮਨ ਦੇ ਅਹੰਕਾਰ ਦਾ ਮੋਹ। ਤਦ ਕਾ- ਤਦੋਂ ਤੋਂ, ਜਦੋਂ ਪੈਦਾ ਕੀਤੀ।

## ਰਾਗੁ ਕਲਿਆਨੁ ਭੋਪਾਲੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਨ਼ | ਰ | ਗ | ਮ॑ | ਰ | ਗ | ਮ॑ | ਪ |
| | | | | | | | | ਵਾ | S | ਹ | S | ਗੁ | S | ਰੂ | S |
| ਧ | ਧ | ਪ | ਗ | ਰ | ਰ | ਸ | - | ਮ॑ | ਧ | ਨ | ਸੰ | ਧ | ਨ | ਸੰ | - |
| ਤੇ | ਰਾ | ਸ | ਭੁ | ਸ | ਦ | ਕਾ | S | ਸੇ | S | ਵ | ਕ | ਕੈ | S | S | S |
| ਸੰ | ਸੰ | ਧ | ਪ | ਗ | ਗ | ਰ | ਸ | | | | | | | | |
| ਭ | ਰ | ਪੂ | ਰ | ਜੁ | ਗੁ | ਜੁ | ਗੁ | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਮ॑ | ਪ | ਮ॑ | ਧ | ਨਨ | - | ਸੰ | - |
| | | | | | | | | ਨਿ | ਰੰ | ਕਾ | ਰੁ | ਪ੍ਰ | S | ਭੁ | S |
| ਸੰ | ਰੰ | ਸੰ | - | ਗੰ | ਰੰ | ਸੰ | ਸੰ | ਨ | ਰੰ | ਗੰ | - | ਰੰ | - | ਸੰ | - |
| ਸ | S | ਦਾ | S | ਸ | ਲਾ | ਮ | ਤਿ | ਕ | ਹਿ | ਨ | S | ਸ | S | ਕੈ | S |
| ਸੰ | ਸੰ | ਧ | ਪ | ਧਪ | ਗਰ | ਗਰ | ਸ | | | | | | | | |
| ਕੋ | ਊ | ਤੂ | S | ਕS | ਦS | ਕਾS | S | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਨ਼ਰ ਗਮ॑ ਪਧ ਮ॑ਪ ਧਪ ਗਰ ਗਰ ਸ-
2) ਗਮ॑ ਪਧ ਮ॑ਪ ਸੰਸੰ ਧਧ ਪਗ ਰਰ ਸ-
3) ਮ॑ਧ ਨਸੰ ਰੰਸੰ ਧਨ ਸੰਰੰ ਸੰਸੰ ਗੰਰੰ ਰੰਸੰ ਸੰਰੰ ਸੰਸੰ ਧਧ ਪਗ
ਧਪ ਗਰ ਗਗ ਰਸ
4) ਧਨ ਸੰਧ ਨਸੰ ਧਨ ਸੰਰੰ ਸੰਸੰ ਮ॑ਧ ਨਸੰ ਸੰਰੰ ਗੰਰੰ ਸੰਸੰ ਧਪ
ਧਪ ਗਰ ਗਗ ਰਸ

## ਰਾਗੁ ਕਲਿਆਨੁ ਭੋਪਾਲੀ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਜੋੜ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 8ਵੀਂ ਮਾਤਰ ਦੇ ਪੂਰੇ ਇੱਕ ਚੱਕਰ ਨੂੰ ਪਹਿਲੀ ਤੋਂ ਅਠਵੀਂ ਮਾਤਰ ਤਕ ਦੁਗੁਨ ਵਿਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਦੀ ਤਿੰਨ ਵਾਰ ਦੁਗੁਨ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੀ ਦੁਗੁਨ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਸਵਯੇ ਸ੍ਰੀ ਮੁਖਬਾਕੵ ਮਹਲਾ ੫ ੴ ਸਤਿਗੁਰ ਪ੍ਰਸਾਦਿ॥ (੧੩੮੭)**

**ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ॥ ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ॥ ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ॥ ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ॥ ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ॥ ਸੀਲ ਧਰਮ ਦਯਾ ਸੁਚ ਨਾਸੑਿ ਆਇਓ ਸਰਨਿ ਜੀਅ ਕੇ ਦਾਨੀ॥ ਕਾਰਨ ਕਰਨ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ॥੧॥**

ਪਦ ਅਰਥ:-ਕਾਚੀ-ਨਾ ਥਿਰ ਰਹਿਣ ਵਾਲੀ। ਦੇਹ-ਸਰੀਰ। ਮੋਹ ਬਾਂਧੀ-ਮੋਹ ਨਾਲ ਬੱਝੀ ਹੋਈ। ਫੁਨਿ-ਫਿਰ। ਕਠੋਰ-ਨਿਰਦਈ। ਕੁਚੀਲ-ਗੰਦਾ ਰਹਿਣ ਵਾਲਾ। ਕੁਗਿਆਨੀ-ਮੂੜ, ਮੂਰਖ। ਧਾਵਤ ਭ੍ਰਮਤ-ਭਟਕਦਾ ਫਿਰਦਾ ਹਾਂ। ਗਤਿ-ਭੇਦ, ਉੱਚੀ ਆਤਮਕ ਅਵਸਥਾ। ਜੋਬਨ-ਜਵਾਨੀ। ਬਿਚਰਤ-ਮੈਂ ਭਟਕ ਰਿਹਾ ਹਾਂ। ਬਿਕਲ-ਵਿਆਕੁਲ। ਅਪਵਾਦ-ਬੁਰੇ ਬਚਨ, ਕੌੜੇ ਬੋਲ। ਹਿਤਾਨੀ-ਪਿਆਰੇ ਲਗਦੇ ਹਨ। ਬਲਬੰਚ ਉਪਾਵਾ-ਠੱਗੀ ਦੇ ਉਪਾਵ। ਕਰਤ-ਮੈਂ ਕਰਦਾ ਹਾਂ। ਪੇਖਤ-ਤੂੰ ਵੇਖਦਾ ਹੈਂ। ਸੁਨਤ-ਸੁਣਦਾ ਹੈਂ। ਪ੍ਰਭ-ਹੇ ਪ੍ਰਭੂ! ਸੀਲ-ਚੰਗਾ ਸੁਭਾਉ। ਸੁਚ-ਪਵਿੱਤਰਤਾ। ਨਾਸੑਿ -ਨਹੀਂ ਹੈ। ਕਾਰਣ ਕਰਣ-ਹੇ ਸ੍ਰਿਸ਼ਟੀ ਦੇ ਮੂਲ! ਸਿਰੀਧਰ-ਹੇ ਮਾਇਆ ਦੇ ਪਤੀ!

### ਰਾਗੁ ਕਲਿਆਨੁ ਭੋਪਾਲੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਗਾ | ਮ̍ | ਪ | ਧ | ਮ̍ | ਪ | ਪ | ਧ | ਪ | ਗਾ | ਰਰ | ਸ |
| ਰਾ | S | ਖਿ | S | ਲੇ | ਹੁ | ਨਾ | ਨ | ਕ | ਕੇ | ਸੁਆ | ਮੀ |
| ਮ̍ | ਧ | ਨ | ਸੰ | ਰੰ | ਸੰ | ਧਧ | ਪ | ਗ | ਰਰ | ਗਰ | ਸ |
| ਕਾ | ਰ | ਣ | ਕ | ਰ | ਣ | ਸਮ | ਰ | ਥ | ਸਿਰੀ | ਧS | ਰ |
| x | | 0 | | 2 | | 0 | | 3 | | 4 | |

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮ | ਪ | ਮ | ਧ | ਨ | ਸਂ | ਸਂ | ਰਂ | ਗਂ | ਰਂ | ਸਂ | ਸਂ |
| ਕਾ | ਙ | ਚੀ | ਙ | ਦੇ | ਹ | ਮੋ | ਹ | ਫੁ | ਨਿ | ਬਾਂ | ਧੀ |
| ਧ | ਨ | ਸਂ | ਰਂ | ਸਂ | ਸਂ | ਧ | ਪ | ਗ | ਗ | ਰਰ | ਸ |
| ਸ | ਠ | ਕ | ਠੋ | ਙ | ਰ | ਕੁ | ਚੀ | ਲ | ਕੁ | ਗਿਆ | ਨੀ |
| x | | 0 | | 2 | | 0 | | 3 | | 4 | |

**ਤਾਨਾਂ:-**

1) ਨ਼ਰ ਗਮ ਰਗ ਮਪ ਮਧ ਨਸਂ ਸਂਰਂ ਸਂਸਂ ਧਪ ਗਰ ਗਰ ਸ-
2) ਗਮ ਪਧ ਮਧ ਨਸਂ ਨਰਂ ਸਂਸਂ ਗਂਰਂ ਸਂਸਂ ਧਧ ਪਗ ਰਰ ਸ-
3) ਗਮ ਪਧ ਮਪ ਧਨ ਸਂਰਂ ਸਂਸਂ ਗਂਗਂ ਰਂਸਂ ਧਪ ਗਰ ਗਰ ਸ-

**ਤਿਹਾਈਆਂ:-**

1) ਬੰਦਸ਼ ਅਨੁਸਾਰ ਪਹਿਲੀ ਤੋਂ ਛੇਵੀਂ ਮਾਤਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ ਚੋਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

(ਸਲੋਕ ਭਗਤ ਕਬੀਰ ਜੀਉ ਕੇ) (੧੩੭੨)

**ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥ ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥੧੪੬॥ ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥ ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥੧੪੭॥ ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥ ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥੧੪੮॥ ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥ ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥**

ਪਦ ਅਰਥ:-ਰੋੜਾ-ਰੋੜ, ਇੱਟ ਦਾ ਟੋਟਾ। ਬਾਟ-ਰਸਤਾ, ਪਹਿਆ। ਤਜਿ-ਛੱਡ ਕੇ। ਤਾਹਿ-ਉਸੇ ਨੂੰ। ਪੰਥੀ-ਰਾਹੀ, ਮੁਸਾਫਿਰ। ਧਰਨੀ-ਧਰਤੀ। ਖੇਹ-ਮਿੱਟੀ। ਸਰਬੰਗ-ਸਾਰੇ ਅੰਗਾਂ ਨਾਲ ਮੇਲ ਰਖਣ ਵਾਲਾ। ਸੀਰਾ-ਸੀਤਲ, ਠੰਡਾ।

## ਰਾਗੁ ਕਲਿਆਨੁ ਭੋਪਾਲੀ ਆਡਾ ਚਾਰ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਨ̣ | ਰ | ਗ | ਮ̍ | ਧ | ਪ | ਧ | ਪ | ਗ | ਰ | ਗ | ਰ | ਸ | - |
| ਤ | ਜਿ | ਮ | ਨ | ਕਾ | S | ਅ | S | ਭਿ | S | ਮਾ | S | ਨੁ | S |
| ਮ̍ | ਧ | ਨ | ਧ | ਨ | ਸੰ | ਧ | ਧ | ਪ | ਪ | ਗ | ਰ | ਗ | - |
| ਕ | ਬੀ | ਰ | ਰੋ | ੜਾ | S | ਹੋ | ਇ | ਰ | ਹੁ | ਬਾ | ਟ | ਕਾ | S |
| x | | 2 | | 0 | | 3 | | 0 | | 4 | | 0 | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਮ̍ | ਧ | ਪ | ਮ̍ | ਧ | ਨ | ਸੰ | - | ਸੰ | - | ਸੰ | ਰੰ | ਸੰ | - |
| ਐ | S | ਸਾ | ਕੋ | S | ਈ | ਦਾ | S | ਸੁ | S | ਹੋ | S | ਇ | S |
| ਨ | ਰੰ | ਗੰ | - | ਰੰ | ਸੰ | ਧ | - | ਪ | - | ਗ | ਰ | ਗਰ | ਸ |
| ਤਾ | S | ਹਿ | S | ਮਿ | ਲੈ | ਭ | S | ਗ | S | ਵਾ | S | ਨੁS | S |
| x | | 2 | | 0 | | 3 | | 0 | | 4 | | 0 | |

**ਤਾਨਾਂ:-**

1) ਨ̣ਰ ਗਗ ਰਗ ਮ̍ਮ̍ ਗਮ̍ ਪਪ ਮ̍ਧ ਨਸੰ ਧਧ ਪਗ ਪਪ ਗਰ ਗਗ ਰਸ
2) ਗਮ̍ ਪਧ ਮ̍ਪ ਗਮ̍ ਧਨ ਸੰਰੰ ਸੰਸੰ ਰੰਸੰ ਧਪ ਧਪ ਗਗ ਰਰ ਗਗ ਰਸ
3) ਮ̍ਧ ਨਸੰ ਧਨ ਸੰਰੰ ਸੰਸੰ ਰੰਸੰ ਗੰਗੰ ਰੰਸੰ ਸੰਰੰ ਸੰਸੰ ਧਪ ਗਰ ਗਗ ਰਸ

**ਤਿਹਾਈਆਂ:-**

1) ਪਹਿਲੀ ਤੋਂ 6ਵੀਂ ਮਾਤਰ ਦਾ ਟੁਕੜਾ ਬੰਦਸ਼ ਅਨੁਸਾਰ ਲੈ ਕੇ ਫਿਰ ਤੀਜੀ ਤੋਂ 6ਵੀਂ ਮਾਤਰ ਦਾ ਟੁਕੜਾ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਬੰਦਸ਼ ਅਨੁਸਾਰ ਪਹਿਲੀ ਤੋਂ ਚੌਥੀ ਮਾਤਰ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੇ ਕੇ ਸੱਮ ਤੇ ਆਉਣਾ ਹੈ।
3) ਪਹਿਲੀਆਂ 4 ਮਾਤਰਾਂ ਦੇ ਸਵਰਾਂ ਤੇ 'ਤ ਜਿ ਮਨ ਕਾ' ਦਾ ਉਚਾਰਨ ਕਰ ਕੇ ਫਿਰ 7ਵੀਂ ਤੋਂ 14ਵੀਂ ਮਾਤਰ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

(ਸਵਈਏ ਮਹਲੇ ਤੀਜੇ ਕੇ ੩) (੧੩੯੫)

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥ ਜਿਹ ਸਿਖਹ

**ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥ ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ॥ ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥੨॥੧੬॥**

ਪਦ ਅਰਥ:-ਕਲਾ ਧਾਰਿ-ਸੱਤਿਆ ਰਚ ਕੇ। ਜਗ ਮਹਿ-ਜਗਤ ਵਿਚ। ਪਰਵਰਿਯਉ-ਪ੍ਰਵਿਰਤ ਹੋਇਆ ਹੈ। ਨਿਰੰਕਾਰਿ-ਨਿਰੰਕਾਰ ਨੇ। ਆਕਾਰੁ-ਅਕਾਰ ਰੂਪ ਹੋ ਕੇ, ਸਰੂਪ ਧਾਰ ਕੇ। ਜਗ ਮੰਡਲਿ-ਜਗਤ ਦੇ ਮੰਡਲ ਵਿਚ। ਜੋਤਿ ਕਰਿਯਉ-ਜੋਤਿ ਪ੍ਰਗਟਾਈ ਹੈ। ਭਰਪੂਰੁ-ਵਿਆਪਕ, ਹਾਜ਼ਰ-ਨਾਜ਼ਰ। ਦੀਪਕਿ-ਦੀਵੇ ਨਾਲ। ਦੀਪਾਯਉ-ਜਗਾਇਆ ਹੈ। ਜਿਹ ਸਿਖਹ-ਜਿੰਨ੍ਹਾਂ ਸਿੱਖਾਂ ਨੇ। ਸੰਗ੍ਰਹਿਓ-ਗ੍ਰਹਣ ਕੀਤਾ ਹੈ। ਤਤੁ-ਤੁਰਤ, ਤਤਕਾਲ। ਨਾਨਕ ਕੁਲਿ-ਨਾਨਕ ਦੀ ਕੁਲ ਵਿਚ। ਨਿੰਮਲੁ-ਨਿਰਮਲ। ਅਵਤਰ੍ਹਿਉ-ਅਵਤਾਰ ਹੋਇਆ। ਲਹਣੇ ਸੰਗਿ ਹੁਅ-ਲਹਣੇ ਜੀ ਦੇ ਨਾਲ ਹੋ ਕੇ, ਨਾਲ ਮਿਲ ਕੇ। ਤਾਰਣ ਤਰਣ-ਤਾਰਣ ਲਈ ਜਹਾਜ਼। ਤਰਣ-ਜਹਾਜ਼।

## ਰਾਗੁ ਕਲਿਆਨੁ ਭੋਪਾਲੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪ | ਗਮ | ਪਪ | ਮਧ | ਪ | ਪਧ | ਪਗ | ਰ | ਗਰ | ਸ |
| ਆ | ਪਿS | ਨਰਾ | ਇS | ਣੁ | ਕS | ਲਾS | ਧਾ | SS | ਰਿ |
| ਮ | ਧ | ਨ | ਸੰ | ਨਸੰ | ਧ | ਪ | ਧਪ | ਗਗ | ਰਸ |
| ਜ | ਗ | ਮ | ਹਿ | SS | ਪ | ਰ | ਵਰਿ | ਯਉ | SS |
| x | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਮਪ | ਸੰ | ਰੰ | ਸੰ | ਸੰਰੰ | ਗੰਰੰ | ਸੰ | ਧਪ | ਗ |
| ਨਿ | ਰੰS | ਕਾ | S | ਰਿ | ਆS | SS | ਕਾ | SS | ਰੁ |
| ਮਧ | ਨ | ਸੰ | ਸੰਰੰ | ਸੰ | ਧਪ | ਗਗ | ਰਰ | ਗਰ | ਸ |
| ਜੋS | ਤਿ | ਜ | SS | ਗ | ਮੰS | ਡਲਿ | ਕਰਿ | ਯਉ | S |
| x | | 2 | | | 0 | | 3 | | |

**ਤਾਨਾਂ:-**

1) ਗਮਪਧ ਮਪਗਮ ਪਧਪਗ ਰਰਸਸ ਗਮਪਧ ਮਪਸੰਸੰ ਸੰਰੰਸੰਸੰ ਗੰਗੰਰੰਸੰ ਧਧਪਗ ਰਰਸਸ

2) ਨਰਗਮ ਪਧਮਪ ਮਧਨਸੰ ਨਰੰਸੰਸੰ ਧਨਸੰਰੰ ਸੰਸੰਰੰਸੰ ਸੰਰੰਗੰਰੰ ਸੰਸੰਧਪ ਧਪਗਰ ਗਗਰਸ

ਰਾਗੁ ਕਲਿਆਨੁ ਭੋਪਾਲੀ

**ਤਿਹਾਈਆਂ:-**

1) ਪਹਿਲੀ-ਦੂਜੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੇ ਲੈ ਕੇ ਫਿਰ ਦੂਜੀ ਮਾਤਰ ਤੋਂ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਚੌਥੀ ਮਾਤਰ ਤੇ 'ਇਣੁ' ਦਾ ਉਚਾਰਨ ਕਰਨਾ ਹੈ। ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਇੱਕ ਮਾਤਰ ਬਿਸਰਾਮ ਫਿਰ ਤੀਜੀ ਤੋਂ ਚੌਥੀ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਸ਼ਬਦ - 'ਪਾਰਬ੍ਰਹਮੁ ਪਰਮੇਸੁਰੁ ਸੁਆਮੀ' ਤੀਨਤਾਲ ਬੰਦਸ਼ ਵਾਲਾ ਹੈ।

## ਰਾਗੁ ਕਲਿਆਨੁ ਭੋਪਾਲੀ ਜੈ ਤਾਲ ਮਾਤਰਾਂ-13 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ਗਮ | ਪ | ਗਗ | ਮ | ਪ | ਮਧ | ਨਸੰ | ਧ | ਪ | ਗ | ਰ | ਗਰ | ਸ |
| ਪਾS | ਰ | ਬ੍ਰ | ਹ | ਮੁ | ਪਰ | ਮੇS | ਸੁ | ਰੁ | ਸੁ | ਆ | ਮੀS | S |
| ਨ਼ | ਰ | ਗ | ਮ | ਪ | ਧਨ | ਸੰ | ਸੰਰੰ | ਸੰ | ਧਪ | ਗਰ | ਗਰ | ਸ |
| ਦੂ | S | ਖ | S | S | ਨਿS | ਵਾ | ਰS | ਣੁ | ਨਾS | ਰਾS | ਇS | ਣੇ |
| x | | | | | 2 | | | | 3 | | 4 | |

### ਅੰਤਰਾ

| | | | | | | | | | | | | |
|---|---|---|---|---|---|---|---|---|---|---|---|---|
| ਪ | ਗਮ | ਪ | ਮਧ | ਪ | ਸੰ | - | ਸੰਰੰ | ਸੰ | ਗੰਰੰ | ਸੰ | ਧ | ਪਗ |
| ਸ | ਗਲ | ਭ | ਗS | ਤ | ਜਾ | S | ਚਹਿ | S | ਸੁS | ਖ | ਸਾ | ਗਰ |
| ਮਧ | ਨਸੰ | ਨਰੰ | ਗੰਰੰ | ਸੰ | ਸੰਰੰ | ਸੰਸੰ | ਧ | ਪ | ਧਪ | ਗਰ | ਗਰ | ਸ |
| ਭS | ਵS | ਨਿS | SS | ਧਿ | ਤS | ਰਣ | ਹ | ਰਿ | ਚਿੰS | ਤਾS | ਮS | ਣੇ |
| x | | | | | 2 | | | | 3 | | 4 | |

**ਤਾਨਾਂ:-**

1) ਨ਼ਰਗਮ ਪਧਮਪ ਧਪਗਰ ਗਰਸ- ਗਮਪਧ ਮਧਨਨ ਪਧਨਸੰ ਸੰਰੰਸੰਸੰ
ਸੰਰੰਗੰਰੰ ਸੰਸੰਧਪ ਧਧਪਗ ਪਪਗਰ ਗਗਰਸ
2) ਗਮਪਧ ਮਪਗਮ ਧਪਗਰ ਗਗਰਸ ਪਧਮਪ ਧਨਸੰਸੰ ਪਧਮਪ ਸੰਰੰਸੰਸੰ
ਗੰਰੰਗੰਰੰਸੰ ਸੰਰੰਸੰਸੰ ਧਪਗਗ ਪਪਗਰ ਗਰਸਸ

**ਤਿਹਾਈਆਂ:-**

1) ਪਹਿਲੀ ਤੋਂ 5ਵੀਂ ਮਾਤਰ ਬੰਦਸ਼ ਅਨੁਸਾਰ ਗਾ ਕੇ ਫਿਰ 6ਵੀਂ ਤੋਂ 9ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ 2 ਮਾਤਰਾਂ ਵਿੱਚ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

2) ਅਸਥਾਈ ਦੀ ਪਹਿਲੀ ਲਾਈਨ 6ਵੀਂ ਮਾਤਰ ਤੋਂ ਆਰੰਭ ਕਰਕੇ 5ਵੀਂ ਮਾਤਰ ਤੱਕ ਪੂਰੀ ਲੈ ਕੇ ਫਿਰ 10ਵੀਂ ਤੋਂ 13ਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।

**(ਸਵਈਏ ਮਹਲੇ ਚਉਥੇ ਕੇ ੪) (੧੪੦੩-੦੪)**

**ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥ ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ॥ ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥ ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥੪੨॥**

ਪਦ ਅਰਥ:-ਖੇਲੁ-ਖੇਡ। ਮੇਲੁ-ਮੇਲਾ, ਤੱਤਾਂ ਦਾ ਮਿਲਾਪ। ਰਚਨਾ-ਸ੍ਰਿਸ਼ਟੀ। ਥਲਿ-ਥਲ ਵਿਚ। ਗਗਨਿ-ਅਕਾਸ਼ ਉਤੇ। ਪਯਾਲਿ-ਪਾਤਾਲ ਵਿਚ। ਪੂਰਿ ਰਹ੍ਯਾ-ਵਿਆਪਕ ਹੈਂ। ਜਾ ਕੇ- ਜਿਸ ਦੇ। ਮਾਨਹਿ-ਸੇਉਂਦੇ ਹਨ, ਮੰਨਦੇ ਹਨ। ਰੁਦ੍ਰਾਦਿਕ-ਸਿਵ ਆਦਿਕ। ਜਚਨਾ-ਮੰਗਦੇ ਹਨ। ਗੁਰ ਪ੍ਰਸਾਦਿ-ਹੇ ਗੁਰੂ! ਤੇਰੀ ਕਿਰਪਾ ਨਾਲ। ਪਰਮਾਰਥੁ-ਉੱਚੀ ਪਦਵੀ। ਸੇਤੀ-ਨਾਲ। ਖਚਨਾ-ਜੁੜ ਜਾਂਦਾ ਹੈ।

## ਰਾਗੁ ਕਲਿਆਨੁ ਭੋਪਾਲੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

**ਅਸਥਾਈ** **ਅੰਤਰਾ**

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| ਧ | ਨ | ਸੰ | ਧ | ਧ | ਪ | ਪ | ਮ̍ | ਧਧ | ਧਧ | ਨ | ਨ | ਧ | ਨ |
| ਕੀ | ਆ | S | ਖੇ | ਲੁ | ਬ | ਡ | ਤੂ | ਜਲਿ | ਥਲਿ | ਗ | ਗ | ਨਿ | S |
| ਮ̍ | ਧ | ਪ | ਗ | ਰ | ਗਰ | ਸ | ਸੰ | ਰੰ | ਸੰ | ਗੰ | ਰੰ | ਸੰ | ਸੰ |
| ਮੇ | S | ਲੁ | ਤ | ਮਾ | ਸਾS | S | ਪ | ਯਾ | ਲਿ | ਪੂ | ਰਿ | ਰ | ਹ੍ਯਾ |
| ਮ̍ | ਧ | - | ਮ̍ | ਧ | ਨ | - | ਧ | ਨਨ | ਸੰ | ਨ | ਰੰ | ਸੰ | ਸੰ |
| ਵਾ | ਹਿ | S | ਗੁ | S | ਰੂ | S | ਅੰ | ਮ੍ਰਿ | ਤ | ਤੇ | S | ਮੀ | ਠੇ |
| ਸੰ | ਧ | ਪਪ | ਗ | ਗ | ਰ | ਸ | ਧ | ਧ | ਪ | ਗ | ਰ | ਗਰ | ਸ |
| ਤੇ | ਰੀ | ਸਭ | ਰ | ਚ | ਨਾ | S | ਜਾ | ਕੇ | S | ਬ | ਚ | ਨਾS | S |
| X | | | 2 | | 3 | | X | | | 2 | | 3 | |

# ੩੦-ਰਾਗੁ ਪਰਭਾਤੀ ਬਿਭਾਸ

ਰਾਗੁ ਪ੍ਰਭਾਤੀ ਬਿਭਾਸ ਦਾ ਸਰੂਪ ਰਾਗੁ ਪ੍ਰਭਾਤੀ ਤੇ ਰਾਗ ਬਿਭਾਸ ਦੇ ਮਿਸ਼ਰਨ ਤੋਂ ਬਣਿਆ ਹੈ। ਰਾਗੁ ਪ੍ਰਭਾਤੀ ਭਾਰਤੀਯ ਸੰਗੀਤ ਵਿੱਚ ਪ੍ਰਚਾਰ ਵਿਚ ਨਹੀਂ ਹੈ, ਪਰ ਰਾਗ ਪ੍ਰਭਾਤ, ਪ੍ਰਭਾਤ ਭੈਰਵ ਤੇ ਪ੍ਰਭਾਤ ਪਟਤੋੜੀ ਐਸੇ ਕੁਝ ਰਾਗਾਂ ਬਾਰੇ ਵਰਨਣ ਸੰਗੀਤ ਗ੍ਰੰਥਾਂ ਵਿੱਚ ਜ਼ਰੂਰ ਮਿਲਦਾ ਹੈ। ਰਾਗ ਪ੍ਰਭਾਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਰਚਿਤ ਹੈ ਤੇ ਇਸ ਰਾਗ ਬਾਰੇ ਵਰਨਣ 'ਗੁਰਮਤਿ ਸੰਗੀਤ ਦਰਪਣ' ਭਾਗ-ਦੂਜਾ ਵਿੱਚ ਪੰਨਾ ੪੩੧ ਤੋਂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਗੁਰਮਤਿ ਸੰਗੀਤ ਵਿੱਚ ਰਾਗੁ ਪ੍ਰਭਾਤੀ ਦੇ ਦੋ ਸਰੂਪ ਪ੍ਰਚਾਰ ਵਿਚ ਹਨ, ਇਕ ਭੈਰਵ ਥਾਟ ਦਾ ਤੇ ਦੂਜਾ ਸਰੂਪ ਕਲਿਆਨ ਥਾਟ ਦਾ। ਭੈਰਵ ਅੰਗ ਦੇ ਰਾਗੁ ਪ੍ਰਭਾਤੀ ਵਿੱਚ ਸਵਰ ਰਿਸ਼ਭ ਧੈਵਤ ਕੋਮਲ, ਮਧਿਅਮ ਦੋਨੋਂ, ਵਾਦੀ-ਮਧਿਅਮ, ਸੰਵਾਦੀ-ਸ਼ੜਜ, ਜਾਤੀ-ਸੰਪੂਰਨ, ਸਮਾਂ-ਦਿਨ ਦਾ ਪਹਿਲਾ ਪਹਿਰ ਹੈ। ਆਰੋਹ- ਸ ਰੁ ਗ ਮ ਮ̍ ਗ, ਮ ਪ ਧੁ ਨ ਸੰ। ਅਵਰੋਹ- ਸੰ ਨ ਧੁ ਪ ਮ, ਮ̍ ਮ ਗ ਰੁ ਰੁ ਸ। ਮੁਖ ਅੰਗ (ਪਕੜ)- ਸ, ਰੁਸ, ਧੁ̣ ਨ̣ ਸ, ਗ ਮ ਧੁ ਪ, ਮ ਗ, ਗ ਮ ਮ̍ ਗ, ਰੁ ਸ। ਰਾਗੁ ਪ੍ਰਭਾਤੀ ਦਾ ਦੂਜਾ ਸਰੂਪ ਕਲਿਆਨ ਥਾਟ ਦਾ ਹੈ ਤੇ ਜ਼ਿਆਦਾ ਪ੍ਰਚਲਿਤ ਮੰਨਿਆ ਜਾਂਦਾ ਹੈ ਜੋ ਇਸ ਪ੍ਰਕਾਰ ਹੈ। ਰਾਗੁ-ਪ੍ਰਭਾਤੀ, ਥਾਟ-ਕਲਿਆਨ, ਸਵਰ-ਸਾਰੇ ਸ਼ੁਧ, ਵਰਜਿਤ ਸਵਰ-ਆਰੋਹ ਵਿਚ ਮਧਿਅਮ ਤੇ ਨਿਸ਼ਾਦ ਤੇ ਅਵਰੋਹ ਵਿਚ ਮਧਿਅਮ, ਜਾਤੀ-ਔੜਵ-ਸ਼ਾੜਵ, ਵਾਦੀ-ਸ਼ੜਜ, ਸੰਵਾਦੀ-ਪੰਚਮ। ਸਮਾਂ-ਦਿਨ ਦਾ ਪਹਿਲਾ ਪਹਿਰ। ਆਰੋਹ- ਸ ਰ ਗ, ਪ ਨਧ ਸੰ। ਅਵਰੋਹ- ਸੰ ਨ ਧ ਨ - ਪ ਗ ਰ ਸ। ਮੁਖ ਅੰਗ - (ਪਕੜ) ਪ ਧ ਸੰ ਨ ਧ ਨ - ਪ, ਗ ਪ ਨ ਧ - ।

ਰਾਗੁ ਪਰਭਾਤੀ ਬਿਭਾਸ ਦਾ ਦੂਜਾ ਰਾਗ ਬਿਭਾਸ ਹੈ ਜੋ ਭਾਰਤੀ ਸੰਗੀਤ ਦੇ ਕੁਝ ਕਠਿਨ ਪਰ ਪ੍ਰਚਲਿਤ ਰਾਗਾਂ ਦੀ ਗਣਨਾ ਵਿੱਚ ਆਉਂਦਾ ਹੈ। 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੬ ਪੰਨਾ ੮੦ ਤੇ ਪੰਡਿਤ ਭਾਤਖੰਡੇ ਨੇ ਮਾਰਵਾ ਮੇਲ ਜੱਨਯ ਪ੍ਰਕਾਰ ਰਾਗ ਵਿਭਾਸ ਦਾ ਵਿਵਰਨ ਇਸ ਪ੍ਰਕਾਰ ਦਿੱਤਾ ਹੈ। ਜਾਤੀ ਸੰਪੂਰਨ, ਵਾਦੀ ਧੈਵਤ, ਸੰਵਾਦੀ ਗੰਧਾਰ ਤੇ ਸਵੇਰੇ ਗਾਇਆ ਜਾਂਦਾ ਹੈ। ਗਪ ਤੇ ਮ̍ਧ ਸਵਰ ਸੰਗਤੀਆਂ ਰਸਦਾਇਕ ਹਨ। ਪੰਚਮ ਤੇ ਠਹਿਰਾਉ ਗੰਭੀਰਤਾ ਪ੍ਰਗਟ ਕਰਦਾ ਹੈ। ਦੇਸ਼ਕਾਰ ਤੇ ਗੌਰੀ ਦੇ ਮਿਸ਼ਰਨ ਨਾਲ ਰਾਗ ਦਾ ਸਰੂਪ ਬਣਦਾ ਹੈ। ਉਠਾਵ - ਨ̣, ਰੁਗ, ਮ̍ਗ, ਰੁਸ, ਗਪ, ਗਪਧ, ਮ̍ਗ, ਪਗ ਰੁਸ। ਇਕ ਹੋਰ ਸਰੂਪ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੫ ਪੰਨਾ

੪੪੬ ਤੇ ਰਾਗ ਵਿਭਾਸ (ਪੂਰਵੀ ਠਾਠ) ਦਾ ਦਿੱਤਾ ਹੈ। ਪੂਰਵੀ ਠਾਠ, ਜਾਤੀ-ਸੰਪੂਰਨ, ਮਧਿਅਮ ਤੇ ਨਿਸ਼ਾਦ ਦੁਰਬਲ ਹਨ। ਨਿਸ਼ਾਦ ਅਵਰੋਹ ਵਿਚ ਲਿਆ ਜਾਂਦਾ ਹੈ। ਵਾਦੀ-ਧੈਵਤ, ਸੰਵਾਦੀ ਰਿਸ਼ਭ ਹੈ ਤੇ ਪੰਚਮ ਤੇ ਠਹਿਰਾਉ ਨਾਲ ਰਾਗ ਸਪਸ਼ਟ ਹੋ ਜਾਂਦਾ ਹੈ। ਇਹ ਇਕ ਬਿਲਕੁਲ ਹੀ ਅਪ੍ਰਚਲਿਤ ਸਰੂਪ ਹੈ। ਵਿਭਾਸ ਦਾ ਤੀਜਾ ਸਰੂਪ ਭੈਰਵ ਥਾਟ ਦਾ ਹੈ ਜੋ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੫ ਦੇ ਪੰਨਾ ੩੮੯ ਤੇ ਦਿੱਤਾ ਗਿਆ ਹੈ। ਥਾਟ-ਭੈਰਵ, ਮਧਿਅਮ ਤੇ ਨਿਸ਼ਾਦ ਵਰਜਿਤ ਹਨ ਤੇ ਜਾਤੀ-ਔੜਵ ਹੈ। ਵਾਦੀ ਧੈਵਤ ਤੇ ਸੰਵਾਦੀ ਗੰਧਾਰ ਹੈ। ਕੋਈ ਕੋਈ ਰਿਸ਼ਭ ਨੂੰ ਸੰਵਾਦੀ ਵੀ ਮੰਨਦੇ ਹਨ। ਇਹ ਉਤਰਾਂਗ ਪ੍ਰਧਾਨ ਰਾਗ ਹੈ ਤੇ ਗਾਇਨ ਸਮਾਂ ਅੰਮ੍ਰਿਤ ਵੇਲਾ ਹੈ। ਇਸ ਦੀ ਪ੍ਰਕ੍ਰਿਤੀ ਸ਼ਾਂਤ ਤੇ ਗੰਭੀਰ ਹੈ। ਗ ਪ ਦੀ ਸੰਗਤੀ ਚੰਗੀ ਲਗਦੀ ਹੈ। ਉਠਾਵ- ਧੁ, ਪ, ਗਪ, ਗਰੁਸ, ਗਪ, ਧੁ, ਪ, ਸੰ, ਧੁ, ਪ। ਭੈਰਵ ਥਾਟ ਦਾ ਇਹ ਪ੍ਰਕਾਰ ਹੀ ਜ਼ਿਆਦਾ ਪ੍ਰਚਲਿਤ ਹੈ। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ 'ਰਾਗ ਵਿਯਾਕਰਣ' ਵਿਚ ਰਾਗ ਵਿਭਾਸ ਦੇ ਚਾਰ ਸਰੂਪ ਦਿੱਤੇ ਹਨ। ਪਹਿਲਾ-ਔੜਵ ਜਾਤੀ - ਸ ਰੁ ਗ ਪ ਧੁ ਸੰ - ਸੰ ਧੁ ਪ ਗ ਰੁ ਸ। ਧੁ - ਰੁ ਦਾ ਸੰਵਾਦ ਹੈ। ਦੂਜਾ-ਔੜਵ-ਵਕਰ ਸੰਪੂਰਨ- ਸ ਰੁ ਗ ਪ ਧੁ ਸੰ - ਸੰ ਨ ਧ ਪ ਮੰ ਪ ਗ ਰੁ ਸ। ਪ-ਸੰ ਦਾ ਸੰਵਾਦ ਹੈ। ਤੀਜਾ-ਔੜਵ-ਸੰਪੂਰਨ - ਸ ਰੁ ਗ ਪ ਧ ਸੰ - ਸੰ ਨ ਧ ਪ ਮੰ ਗ ਰੁ ਸ। ਧ-ਗ ਦਾ ਸੰਵਾਦ ਹੈ। ਚੌਥਾ-ਔੜਵ-ਸ਼ਾੜਵ- ਸ ਰ ਗ ਪ ਧ ਸੰ - ਸੰ ਨ ਧ ਪ ਗ ਰ ਸ। ਧ - ਗ ਦਾ ਸੰਵਾਦ ਹੈ।

ਪੰਡਿਤ ਅੱਪਾ ਤੁਲਸੀ ਦੁਆਰਾ 'ਰਾਗ ਚੰਦ੍ਰਿਕਾਸਾਰ' ਅਨੁਸਾਰ ਰਾਗ ਵਿਭਾਸ ਭੈਰਵ ਥਾਟ ਦਾ ਸਰੂਪ ਇਸ ਤਰ੍ਹਾਂ ਹੈ। 'ਕੋਮਲ ਰਿਖਬ ਰੁ ਧੈਵਤਹਿ ਸੁਰ ਮਨਿ ਬਿਨਾ ਉਦਾਸ। ਵਾਦੀ ਧ ਰਿ ਸੰਵਾਦਿ ਹੈ, ਔੜਵ ਰਾਗ ਵਿਭਾਸ।।੧੨।।' ਪਟਵਰਧਨ ਜੀ ਨੇ 'ਰਾਗ ਵਿਗਿਯਾਨ' ਭਾਗ ਤੀਜਾ ਵਿਚ ਭੈਰਵ ਥਾਟ ਵਾਲਾ ਇਹੀ ਪ੍ਰਚਲਿਤ ਸਰੂਪ ਦਿੱਤਾ ਹੈ। ਸ੍ਰੀ ਵੀ.ਐਸ. ਨਿਗਮ ਨੇ 'ਸੰਗੀਤ 'ਕੌਮਦੀ' ਭਾਗ ਤੀਜਾ ਵਿਚ, ਡਾਕਟਰ ਗੀਤਾ ਬੈਨਰਜੀ ਨੇ 'ਰਾਗ ਸ਼ਾਸਤਰ' ਭਾਗ ਦੂਜਾ ਵਿੱਚ ਤੇ ਪੰਡਿਤ ਰਾਮ ਕ੍ਰਿਸ਼ਨ ਵਿਆਸ ਨੇ 'ਰਾਗ ਪ੍ਰਭਾਕਰ' ਵਿਚ ਔੜਵ ਜਾਤੀ ਦਾ ਭੈਰਵ ਥਾਟ ਦਾ ਹੀ ਸਰੂਪ ਦਿੱਤਾ ਹੈ। ਹੋਰ ਵਿਦਵਾਨ ਵੀ ਰਾਗ ਦੇ ਇਸ ਸਰੂਪ ਬਾਰੇ ਇੱਕ-ਮੱਤ ਹਨ।

ਗੁਰਮਤਿ ਸੰਗੀਤ ਦੇ ਗ੍ਰੰਥਕਾਰਾਂ ਵਿਚੋਂ ਪ੍ਰੋ. ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿਚ ਬਿਭਾਸ ਦਾ ਸਰੂਪ ਭੈਰਵ ਥਾਟ ਦਾ ਔੜਵ ਜਾਤੀ ਵਾਲਾ ਹੀ ਦਿੱਤਾ ਹੈ। ਸੰਤ ਸਵਰਣ ਸਿੰਘ ਗੰਧਰਵ ਦੇ 'ਸੁਰ ਸਿਮਰਨ ਸੰਗੀਤ' ਭਾਗ-ਸੱਤਵਾਂ ਪੰਨਾ ੧੮੭ ਤੇ ਰਾਗ ਬਿਭਾਸ ਨੂੰ ਭੈਰਉ ਥਾਟ ਦਾ ਔੜਵ ਜਾਤੀ ਦਾ ਹੀ ਰਾਗ ਮੰਨਿਆ ਹੈ। ਉਹਨਾਂ ਇਕ ਹੋਰ ਸਰੂਪ ਪੰਨਾ ੧੮੮ ਤੇ ਮਾਰਵਾ ਥਾਟ ਦਾ ਵੀ ਮੰਨਿਆ ਹੈ। ਆਰੋਹ- ਸ, ਰੁ ਗ, ਮੰ ਗ, ਪ ਧ ਨ ਧ ਸੰ। ਅਵਰੋਹ- ਸੰ ਨ ਧ, ਮੰ ਧ ਮੰ ਗ ਰੁ

ਰਾਗੁ ਪ੍ਰਭਾਤੀ ਬਿਭਾਸ

ਸ। ਪਕੜ – ਨ਼, ਰੁ ਗ, ਮੰ ਗ, ਰੁ ਸ, ਗ ਪ, ਗ ਪ ਧ, ਮੰ ਗ, ਪ ਗ, ਰੁ ਸ। ਪ੍ਰਿੰਸੀਪਲ ਦਿਆਲ ਸਿੰਘ ਨੇ 'ਗੁਰਮਤਿ ਸੰਗੀਤ ਸਾਗਰ' ਭਾਗ ਚੌਥਾ ਵਿਚ ਰਾਗ ਬਿਭਾਸ ਨੂੰ ਭੈਰਉ ਥਾਟ ਦਾ ਔੜਵ ਜਾਤੀ ਵਾਲਾ ਰਾਗ ਮੰਨਿਆ ਹੈ। ਇਕ ਹੋਰ ਸਰੂਪ ਬਿਲਾਵਲ ਥਾਟ ਦਾ ਵੀ ਮੰਨਿਆ ਹੈ। ਚਲਨ ਇਸ ਪ੍ਰਕਾਰ ਹੈ ਸ, ਗਪ, ਨਿਧ – ਨ ਧ – ਪ, ਧ ਗ, ਪ ਨਿਧ ਸੰ – ਨਧ, ਪ, ਧ ਗ, ਪ ਧ ਪ, ਗ ਪ ਗ, ਰ ਸ। 'ਗੁਰਬਾਣੀ ਸੰਗੀਤ' ਦੇ ਕਰਤਾ ਸਰਦਾਰ ਗਿਆਨ ਸਿੰਘ ਐਬਟਾਬਾਦ ਨੇ ਰਾਗ ਬਿਭਾਸ ਦਾ ਇਕ ਸਰੂਪ ਭੈਰਉ ਥਾਟ ਦਾ ਔੜਵ ਜਾਤੀ ਵਾਲਾ ਦਿੱਤਾ ਹੈ ਤੇ ਦੂਜਾ ਸਰੂਪ ਬਿਲਾਵਲ ਥਾਟ ਦਾ ਹੈ। ਆਰੋਹ – ਸ ਗ, ਪ ਧ, ਧਨ, ਪ, ਸੰ। ਅਵਰੋਹ– ਸੰ ਨ ਧ ਪ ਧ, ਪਗ, ਰਸ। ਪਕੜ – ਪ, ਧਨ, ਪ ਧ, ਗ, ਸ। ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਦੇ 'ਪ੍ਰਾਚੀਨ ਰੀਤ ਰਤਨਾਵਲੀ' ਵਿਚ ਰਾਗ ਬਿਭਾਸ ਦਾ ਇਕ ਸਰੂਪ ਭੈਰਉ ਥਾਟ ਦਾ ਔੜਵ ਜਾਤੀ ਵਾਲਾ ਹੀ ਦਿੱਤਾ ਹੈ। ਦੂਜਾ ਸਰੂਪ ਮਾਰਵਾ ਅੰਗ ਦਾ ਹੈ। ਅਰੋਹੀ– ਸਨ਼ਰੁਸ, ਗਪਗ, ਗ, ਮੰ ਧ, ਨਧਨਨਸੰ। ਅਵਰੋਹ– ਸੰ ਧ ਨ ਧ ਮੰ ਗ, ਪ ਮੰਗ, ਪਗ ਰੁ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਨੇ ਰਾਗ ਪ੍ਰਭਾਤੀ ਤੇ ਰਾਗ ਬਿਭਾਸ ਦੇ ਵੱਖਰੇ ਵੱਖਰੇ ਸਰੂਪ ਦਿੱਤੇ ਹਨ। ਰਾਗ ਪ੍ਰਭਾਤੀ ਬਿਭਾਸ ਦੇ ਉਪਲਬਧ ਸਰੂਪਾਂ ਵਿਚੋਂ ਪ੍ਰੋਫ਼ੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿਚ ਰਾਗ ਪ੍ਰਭਾਤੀ ਬਿਭਾਸ ਦੀ ਉਤਪਤੀ ਭੈਰਵ ਥਾਟ ਤੋਂ ਮੰਨੀ ਹੈ। ਇਸ ਵਿਚ ਰਿਸ਼ਭ ਧੈਵਤ ਕੋਮਲ, ਮਧਿਅਮ ਦੋਵੇਂ ਤੇ ਹੋਰ ਸਵਰ ਸ਼ੁਧ ਹਨ। ਜਾਤੀ ਵਕਰ ਸੰਪੂਰਨ ਤੇ ਸਮਾਂ ਪ੍ਰਾਤਹ ਕਾਲ ਹੈ। ਆਰੋਹ – ਸ, ਰੁ ਗ ਮ, ਮ ਮ ਗ, ਪਗ ਰੁ ਸ, ਗ ਮ ਧੁ ਨ ਸੰ। ਅਵਰੋਹ– ਸੰਨ ਧੁਪ, ਮਮੰ ਗ, ਪਗ ਰੁ ਸ। ਮੁਖ ਅੰਗ– ਸਰੁ ਗਮ, ਮ ਮ ਗ, ਪਗ ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿੱਚ ਰਾਗੁ ਪ੍ਰਭਾਤੀ ਬਿਭਾਸ ਦਾ ਸਰੂਪ ਪ੍ਰੋਫ਼ੈਸਰ ਤਾਰਾ ਸਿੰਘ ਦੇ ਦਿੱਤੇ ਸਰੂਪ ਅਨੁਸਾਰ ਹੀ ਹੈ। ਸੰਤ ਸਰਵਣ ਸਿੰਘ ਗੰਧਰਵ ਦੇ 'ਸੁਰ ਸਿਮਰਨ ਸੰਗੀਤ' ਭਾਗ-੭ ਅਨੁਸਾਰ ਰਾਗ-ਪ੍ਰਭਾਤ ਬਿਭਾਸ, ਥਾਟ-ਭੈਰਉ, ਰੁ ਧੁ ਕੋਮਲ, ਦੋਵੇਂ ਮ, ਮ-ਵਾਦੀ, ਸ-ਸੰਵਾਦੀ। ਵਰਜਿਤ ਸਵਰ-ਕੋਈ ਨਹੀਂ, ਜਾਤੀ-ਸੰਪੂਰਣ-ਸੰਪੂਰਣ, ਗਾਉਣ ਦਾ ਸਮਾ-ਪ੍ਰਾਤਹ ਕਾਲ। ਆਰੋਹ– ਸ ਰੁ ਗ ਮ, ਮੰ ਮ, ਗ ਪ, ਧੁ ਨ ਸੰ। ਅਵਰੋਹ– ਸੰ ਨ ਧੁ ਪ, ਮ ਗ, ਧੁ ਪ, ਗ ਰੁ ਸ। ਪਕੜ – ਸ ਰੁ ਗ ਮ, ਮੰ ਮ ਗ ਮ, ਗ ਪ ਧੁ ਪ, ਗ ਰੁ ਸ। ਇਹਨਾਂ ਗਾਇਕ ਗ੍ਰੰਥਕਾਰਾਂ ਨੇ ਪ੍ਰਭਾਤੀ (ਭੈਰਵ ਅੰਗ) ਬਿਭਾਸ (ਭੈਰਵ ਥਾਟ) ਨਾਲ ਜੋੜ ਕੇ ਪ੍ਰਭਾਤੀ ਬਿਭਾਸ ਦੇ ਇਹ ਸਰੂਪ ਸਾਜੇ ਹਨ। ਇਥੇ ਰਾਗ ਪ੍ਰਭਾਤੀ ਦੇ ਪੁਰਾਤਨ ਪ੍ਰੰਪਰਾਗਤ ਕਲਿਆਨ ਥਾਟ ਸ਼ੁਧ ਸਵਰਾਂ ਵਾਲੇ ਸਰੂਪ ਦੇ ਆਰੋਹ ਨਾਲ ਬਿਭਾਸ (ਭੈਰਵ ਥਾਟ) ਦਾ ਅਵਰੋਹ ਜੋੜ ਕੇ ਰਾਗ ਪ੍ਰਭਾਤੀ ਬਿਭਾਸ ਦਾ ਸਰੂਪ ਦਿੱਤਾ ਜਾ ਰਿਹਾ ਹੈ। ਰਾਗ ਨਿਰਣਾਇਕ ਕਮੇਟੀ ਨੇ ਇਹੀ ਸਰੂਪ ਪ੍ਰਵਾਣਿਤ ਮੰਨਿਆ ਹੈ ਤੇ ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਵੀ ਇਹੀ ਸਰੂਪ ਦਿੱਤਾ ਗਿਆ ਹੈ। ਇਥੇ ਵੀ ਰਾਗ ਪ੍ਰਭਾਤੀ ਬਿਭਾਸ ਦਾ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਪ੍ਰਭਾਤੀ ਨੂੰ ਤੀਹਵਾਂ ਅਸਥਾਨ ਪ੍ਰਾਪਤ ਹੈ। ਇਸ ਮੁਖ ਰਾਗ ਦੇ ਅੰਤਰਗਤ ਰਾਗੁ ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ ਤੇ ਬਿਭਾਸ ਪ੍ਰਭਾਤੀ ਤਿੰਨ ਰਾਗਾਂ ਵਿਚ ਬਾਣੀ ਰਚਿਤ ਹੈ। ਪ੍ਰਭਾਤੀ ਬਿਭਾਸ ਇੱਕ ਮਿਸ਼ਰਤ ਰਾਗੁ ਹੈ ਤੇ ਸ਼ਬਦ ਰਚਨਾ ਇਸ ਪ੍ਰਕਾਰ ਹੈ। ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧ ਪੰਨਾ ੧੩੨੭ ਤੋਂ ੧੩੩੨ ਸ਼ਬਦ ਅੰਕ ॥੪॥੧॥ ਤੋਂ ॥੫॥੧੭॥ ੧੭ ਸ਼ਬਦ, ਪ੍ਰਭਾਤੀ ਅਸਟਪਦੀਆ ਮਹਲਾ ੧ ਬਿਭਾਸ ਪੰਨਾ ੧੩੪੨ ਤੋਂ ੪੩ ਸ਼ਬਦ ਅੰਕ ॥੮॥੧॥ ਤੋਂ ॥੮॥੩॥ ੩ ਸ਼ਬਦ ਹਨ। ਪ੍ਰਭਾਤੀ ਮਹਲਾ ੩ ਬਿਭਾਸ ਪੰਨਾ ੧੩੪੬ ਤੋਂ ੪੭ ਸ਼ਬਦ ਅੰਕ ॥੧੧॥੧॥ ਤੋਂ ॥੮॥੨॥੭॥੨॥੯॥ ੨ ਸ਼ਬਦ ਹਨ। ਪ੍ਰਭਾਤੀ ਮਹਲਾ ੪ ਬਿਭਾਸ ਪੰਨਾ ੧੩੩੫-੩੭ ਸ਼ਬਦ ਅੰਕ ॥੪॥੧॥ ਤੋਂ ॥੪॥੬॥ ੬ ਸ਼ਬਦ, ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪ ਪੰਨਾ ੧੩੩੭ ਸ਼ਬਦ ਅੰਕ ॥੨॥੧॥੭॥ ਇਕ ਸ਼ਬਦ ਹੈ। ਪ੍ਰਭਾਤੀ ਮਹਲਾ ੫ ਬਿਭਾਸ ਪੰਨਾ ੧੩੩੭ ਤੋਂ ੧੩੪੧ ਸ਼ਬਦ ਅੰਕ ॥੪॥੧॥ ਤੋਂ ॥੨॥੧੨॥ ੧੨ ਸ਼ਬਦ, ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ ਪੰਨਾ ੧੩੪੧, ਸ਼ਬਦ ਅੰਕ ॥੪॥੧॥੧੩॥ ੧ ਸ਼ਬਦ ਤੇ ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ ਪੰਨਾ ੧੩੪੧ ਸ਼ਬਦ ਅੰਕ ॥੨॥੧॥੧੪॥ ਤੋਂ ॥੨॥੨॥੧੫॥ ਦੋ ਸ਼ਬਦ ਹਨ।

**ਪਰੀਚੈ:-**

ਰਾਗੁ - ਪ੍ਰਭਾਤੀ ਬਿਭਾਸ      ਥਾਟ - ਉਪਥਾਟ - ਕਲਿਆਣ ਭੈਰਵ

ਸਵਰ - ਦੋਵੇਂ ਰਿਸ਼ਭ, ਦੋਵੇਂ ਧੈਵਤ ਹੋਰ ਸਭ ਸ਼ੁਧ

ਵਰਜਿਤ ਸਵਰ-ਆਰੋਹ ਵਿਚ ਮਧਿਅਮ ਤੇ ਅਵਰੋਹ ਵਿਚ ਮਧਿਅਮ ਤੇ ਨਿਸ਼ਾਦ

ਜਾਤੀ-ਵਕਰ ਸ਼ਾੜਵ-ਔੜਵ      ਵਾਦੀ-ਪੰਚਮ

ਸੰਵਾਦੀ-ਸ਼ੜਜ      ਸਮਾਂ - ਸਵੇਰ ਦਾ

ਆਰੋਹ- ਸ ਰ ਗ, ਪ ਧ - ਨ ਧ ਸੰ।      ਅਵਰੋਹ- ਸੰ ਧੁ ਪ, ਗ ਰੁ ਸ।

ਮੁਖ ਅੰਗ- ਗ ਪ ਨ ਧ - ਪ, ਧੁ ਪ ਗ ਰੁ ਸ।

**ਸਵਰ ਵਿਸਥਾਰ:-**

1) ਸ ਰ ਗ, ਗ ਪ ਧ - ਪ, ਪ ਧੁ ਪ ਗ - ਰੁ ਸ, ਸ ਧ਼ੁ - ਪ਼, ਪ਼ ਧ਼ੁ ਪ਼, ਪ਼ ਧ਼ ਨ਼ ਧ਼, ਪ਼ ਧ਼ ਸ। ਸ ਰ ਗ, ਗ ਪ ਨ ਧ - ਪ, ਧੁ ਪ ਗ, ਪ ਗ ਰੁ ਸ।

2) ਸ ਰ ਗ, ਗ ਪ ਧ - ਪ, ਪ ਧੁ ਪ ਗ, ਗ ਪ ਨ ਧ -, ਪ ਨ ਧ - ਪ ਧ ਸੰ, ਸੰ ਧੁ - ਪ, ਗ ਪ ਧ ਪ ਨ ਧ, ਪ ਧ ਸੰ ਰੁੰ ਸੰ, ਸੰ - ਰੁੰ ਸੰ ਧੁ ਪ, ਸੰ ਧੁ - ਪ, ਧੁ ਪ ਗ, ਗ ਪ ਧ ਪ ਨ ਧ ਪ, ਧੁ ਪ ਗ - ਰੁ ਸ।

### ਰਾਗੁ ਪ੍ਰਭਾਤੀ ਬਿਭਾਸ

3) ਗ ਪ ਧ – ਪ, ਪ ਧ ਨ ਧ – ਸੰ, ਰੁੰ ਗੰ ਰੁੰ – ਸੰ, ਸੰ ਰੰ ਗੰ ਰੰ ਗੰ, ਪੰ ਗੰ ਰੁੰ ਸੰ, ਸੰ – ਰੁੰ ਸੰ, ਧੁ – ਪ, ਗ ਪ ਨ ਧ – ਪ, ਪ – ਧੁ ਪ ਗ, ਧੁ – ਪ ਗ, ਗ – ਪ ਗ ਰੁ, ਗ ਰੁ ਸ, ਧ਼ – ਸ।

## ਪ੍ਰਭਾਤੀ ਮਹਲਾ ੧॥ (੧੩੨੯–੩੦)

**ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ॥ ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਂਈ॥੧॥ ਬੋਲਹੁ ਸਚੁ ਨਾਮੁ ਕਰਤਾਰ॥ ਫੁਨਿ ਬਹੁੜਿ ਨ ਆਵਣ ਵਾਰ॥੧॥ਰਹਾਉ॥ ਊਚਾ ਤੇ ਫੁਨਿ ਨੀਚੁ ਕਰਤੁ ਹੈ ਨੀਚ ਕਰੈ ਸੁਲਤਾਨੁ॥ ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ॥੨॥ ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ॥ ਆਪੇ ਖੇਲ ਕਰੇ ਸਭ ਕਰਤਾ ਐਸਾ ਬੂਝੈ ਕੋਈ॥੩॥ ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥ ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ॥੪॥੯॥**

ਪਦ ਅਰਥ:-ਦਿਸਟਿ-ਦ੍ਰਿਸ਼ਟੀ, ਨਿਗਾਹ,ਨਜ਼ਰ, ਸੁਰਤਿ। ਬਿਕਾਰੀ-ਵਿਕਾਰਾਂ ਵੱਲ। ਬੰਧਨਿ-ਬੰਧਨ ਨਾਲ, ਜਕੜ ਨਾਲ, ਰੱਸੀ ਨਾਲ। ਹਉ-ਮੈਂ। ਤਿਸ ਕੈ-ਉਸ ਬੰਦੇ ਤੋਂ। ਬਲਿ ਜਾਈ-ਮੈਂ ਕੁਰਬਾਨ ਜਾਂਦਾ ਹਾਂ। ਸਾਰ-ਅਸਲੀਅਤ। ਅਜਾਈ-ਵਿਅਰਥ। ਸਚੁ-ਸਦਾ ਕਾਇਮ ਰਹਿਣ ਵਾਲਾ। ਫੁਨਿ-ਮੁੜ। ਸੁਲਤਾਨੁ-ਬਾਦਸ਼ਾਹ। ਜਾਣੁ-ਜਾਣਨਹਾਰ ਪ੍ਰਭੂ ਨੂੰ। ਜਗਿ-ਜਗਤ ਵਿਚ। ਤਾ ਕਉ-ਉਸ ਬੰਦੇ ਨੂੰ। ਕੋ-ਕੋਈ। ਸਬਦਿ-ਗੁਰੂ ਦੇ ਸ਼ਬਦ ਵਿਚ। ਦੁਨੀ ਪਰੀਤਾ-ਦੁਨੀਆਂ ਦੀ ਪ੍ਰੀਤ, ਮਾਇਆ ਦਾ ਮੋਹ। ਤਿਨਿ-ਉਸ ਮਨੁੱਖ ਨੇ।

## ਰਾਗੁ ਪ੍ਰਭਾਤੀ ਬਿਭਾਸ ਤੀਨ ਤਾਲ ਮਾਤਰਾਂ–16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | ਪ | ਨਧ | ਧ | ਸੰ | – | ਧੁ | ਪ |
| | | | | | | | | ਬੋ | S | ਲS | ਹੁ | ਸ | S | ਚੁ | S |
| ਪ | ਧੁ | ਪ | ਪ | ਗ | ਰੁ | ਸ | – | ਸ | ਰ | ਗ | – | ਪ | ਨਧ | ਧ | ਪ |
| ਨਾ | ਮੁ | ਕ | ਰ | ਤਾ | S | ਰ | S | ਫੁ | S | ਨਿ | S | ਬ | ਹੁS | ਝਿ | ਨ |
| ਧੁ | ਪ | ਗ | ਗ | ਪ | ਗ | ਰੁ | ਸ | | | | | | | | |
| ਆ | S | ਵ | ਣ | ਵਾ | S | ਰ | S | | | | | | | | |
| X | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | ਪ | ਨ | ਧ | ਸੰ | ਸੰ | ਰੁੰ | ਸੰ |
| | | | | | | | | ਦਿ | ਸ | ਟਿ | S | ਬਿ | ਕਾ | ਰੀ | S |
| ਸੰ | ਗੰ | ਰੁੰ | ਸੰ | ਧੁ | – | ਪ | – | ਪਪ | ਧ | ਗ | ਪ | ਨ | ਧ | ਪ | – |
| ਬੰ | S | ਧ | ਨਿ | ਬਾਂ | S | ਧੈ | S | ਹਉ | S | ਤਿ | ਸ | ਕੈ | S | S | S |
| ਪ | – | ਧੁ | ਪ | ਗ | – | ਰੁ | ਸ | | | | | | | | |
| ਬ | S | ਲਿ | S | ਜਾ | S | ਈ | S | | | | | | | | |
| X | | | | 2 | | | | 0 | | | | 3 | | | |

**ਤਾਨਾਂ:-**

1) ਸਰ ਗਪ ਧਪ ਗਪ ਧੁਪ ਗਗ ਰੁਰੁ ਸ-
2) ਗਪ ਧਪ ਨਧ ਸੰਸੰ ਧੁਪ ਗਗ ਪਗ ਰੁਸ
3) ਗਪ ਧਪ ਸੰਸੰ ਰੁੰਸੰ ਧੁਪ ਧੁਪ ਗਗ ਰੁਸ
4) ਸਰ ਗਗ ਰਗ ਪਪ ਗਪ ਧੁਪ ਗਰੁ ਸ- ਗਪ ਧਧ ਸੰਰੁੰ ਸੰਸੰ
ਧੁਪ ਗਗ ਰੁਰੁ ਸ-
5) ਸਰ ਗਸ ਰਗ ਸਰ ਗਪ ਧੁਪ ਗਗ ਰੁਸ ਪਧ ਸੰਪ ਧਸੰ ਪਧ
ਸੰਸੰ ਧੁਪ ਗਗ ਰੁਸ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦਾ ਟੁਕੜਾ ਜੋੜ ਕੇ ਸੱਮ ਤੇ ਆਉਣਾ ਹੈ।
2) 9ਵੀਂ ਤੋਂ 8ਵੀਂ ਮਾਤਰ ਦੇ ਇਕ ਪੂਰੇ ਚੱਕਰ ਨੂੰ ਪਹਿਲੀ ਮਾਤਰ ਤੋਂ 8ਵੀਂ ਮਾਤਰ ਤਕ ਦੁੱਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 12ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 9ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਪ੍ਰਭਾਤੀ ਮਹਲਾ ੧॥ (੧੩੨੯)

**ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ॥ ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ॥੧॥ ਕਰਤਾ ਤੂ ਮੇਰਾ ਜਜਮਾਨੁ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥੧॥ ਰਹਾਉ॥ ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ॥ ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ॥੨॥ ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥ ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ॥੩॥ ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ॥ ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ॥੪॥੭॥**

ਪਦ ਅਰਥ:-ਪਰਸਾਦੀ-ਕਿਰਪਾ ਨਾਲ, ਪਰਸਾਦਿ। ਮਾਨੁ-ਆਦਰ। ਆਪਾ ਮਧੇ-ਆਪਣੇ ਅੰਦਰ। ਪਰਗਾਸਿਆ-ਰੌਸ਼ਨ ਹੋ ਜਾਂਦਾ ਹੈ। ਕਰਤਾ-ਹੇ ਕਰਤਾਰ! ਜਜਮਾਨੁ-ਦਾਤਾ। ਦਖਿਣਾ-ਦੱਛਣਾ, ਬ੍ਰਾਹਮਣ ਨੂੰ ਮਾਇਆ ਦੀ ਭੇਟਾ, ਦਾਨ। ਤੈ ਪਹਿ-ਤੈਥੋਂ। ਮਾਂਗਉ-ਮੈਂ ਮੰਗਦਾ ਹਾਂ। ਪੰਚ-ਪੰਜ। ਤਸਕਰ-ਚੋਰ। ਧਾਵਤ-ਦੌੜਦੇ। ਮਨਿ-ਮਨ ਵਿਚ। ਬਿਕਾਰੀ-ਵਿਕਾਰਾਂ ਵਾਲੀ। ਦੁਰਮਤਿ-ਖੋਟੀ ਅਕਲ। ਬ੍ਰਹਮ ਗਿਆਨੁ-ਪ੍ਰਮਾਤਮਾ ਨਾਲ ਜਾਣ-ਪਛਾਣ। ਜਤੁ-ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕਣ ਦਾ ਉੱਦਮ। ਸਤੁ-ਉੱਚਾ ਆਚਰਨ। ਪ੍ਰਾਪਤਿ ਪਾਤੀ-ਪ੍ਰਭੂ ਦੀ ਪ੍ਰਾਪਤੀ ਦਾ ਪਾਤ੍ਰ ਬਣਨਾ, ਪ੍ਰਮਾਤਮਾ ਨਾਲ ਮਿਲਾਪ ਦੀ ਯੋਗਤਾ। ਧਾਨੁ-ਧਨ। ਸਹਜੇ-ਅਡੋਲ ਅਵਸਥਾ ਵਿਚ। ਬਛਰਾ-ਵੱਛਾ (ਮਨ)। ਖੀਰੁ-ਦੂਧ। ਸਰਮ-ਉੱਦਮ। ਰਵਤੁ ਰਹੈ-ਸਿਮਰਦਾ ਰਹੇ।

## ਰਾਗੁ ਪ੍ਰਭਾਤੀ ਬਿਭਾਸ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਗ | ਪ | ਧ | ਪ | ਨ | ਧ | ਪ | ਧੁ | ਪ | ਗ | ਰੁ | ਸ |
| ਕ | ਰ | ਤਾ | S | ਤੂ | S | ਮੇ | ਰਾ | ਜ | ਜ | ਮਾ | ਨੁ |
| ਸ | ਰ | ਗ | ਪ | ਧ | - | ਪਪ | ਧੁ | ਪ | ਗਗ | ਰੁ | ਸਸ |
| ਇ | ਕ | ਦ | ਖਿ | ਣਾ | S | ਹਉ | S | ਤੈ | ਪਹਿ | ਮਾ | ਗਉ |
| ਗ | ਪ | ਨ | ਧ | ਨ | ਧ | ਪ | ਧੁ | ਪ | ਗ | ਰੁ | ਸ |
| ਦੇ | S | ਹਿ | S | ਆ | ਪ | ਣਾ | S | ਨਾ | S | ਮੁ | S |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਗ | ਪ | ਨ | ਧ | ਸਂ | ਸਂ | ਸਂ | ਰੁਂ | ਸਂ | ਧੁ | ਧੁ | ਪ |
| ਗੁ | ਰ | ਪ | ਰ | ਸਾ | ਦੀ | ਵਿ | ਦਿ | ਆ | ਵੀ | ਚਾ | ਰੈ |
| ਗ | ਪ | ਧ | ਪ | ਨ | ਧ | ਪ | ਧੁ | ਪ | ਗ | ਰੁ | ਸ |
| ਪ | ਝਿ | ਪ | ਝਿ | ਪਾ | ਵੈ | ਮਾ | S | S | ਨੁ | S | S |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਰ ਗਗ ਪਪ ਗਪ ਧਪ ਨਧ ਪਧੁ ਪਪ ਧੁਪ ਗਗ ਪਗ ਰੁਸ
2) ਗਪ ਧਪ ਨਧ ਸਂਸਂ ਧਸਂ ਰੁਂਸਂ ਸਂਰੁਂ ਸਂਸਂ ਧੁਪ ਧੁਪ ਗਗ ਰੁਸ
3) ਗਪ ਧਪ ਨਧ ਸਂਸਂ ਧਧ ਸਂਸਂ ਗਂਰੁਂ ਸਂਸਂ ਧੁਪ ਗਗ ਪਗ ਰੁਸ

**ਤਿਹਾਈਆਂ:-**

1) ਪਹਿਲੀ ਤੋਂ ਛੇਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਇਕ ਮਾਤਰ ਬਿਸਰਾਮ ਫਿਰ 5ਵੀਂ-6ਵੀਂ ਮਾਤਰ ਦਾ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਤੋਂ 8ਵੀਂ ਮਾਤਰ ਬੰਦਸ਼ ਅਨੁਸਾਰ ਬਰਾਬਰ ਲੈ ਕੇ ਫਿਰ 7ਵੀਂ-8ਵੀਂ ਮਾਤਰ ਦਾ ਟੁਕੜਾ 2 ਵਾਰ ਹੋਰ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 7ਵੀਂ ਤੋਂ 12ਵੀਂ ਮਾਤਰ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਪ੍ਰਭਾਤੀ ਮਹਲਾ ੫॥ (੧੩੪੦-੪੧)

**ਕੁਰਬਾਣੁ ਜਾਈ ਗੁਰ ਪੂਰੇ ਅਪਨੇ॥ ਜਿਸੁ ਪ੍ਰਸਾਦਿ ਹਰਿ ਹਰਿ ਜਪੁ ਜਪਨੇ॥੧॥ ਰਹਾਉ॥ ਅੰਮ੍ਰਿਤ ਬਾਣੀ ਸੁਣਤ ਨਿਹਾਲ॥ ਬਿਨਸਿ ਗਏ ਬਿਖਿਆ ਜੰਜਾਲ॥੧॥ ਸਾਚ ਸਬਦ ਸਿਉ ਲਾਗੀ ਪ੍ਰੀਤਿ॥ ਹਰਿ ਪ੍ਰਭੁ ਅਪੁਨਾ ਆਇਆ ਚੀਤਿ॥੨॥ ਨਾਮੁ ਜਪਤ ਹੋਆ ਪਰਗਾਸੁ॥ ਗੁਰ ਸਬਦੇ ਕੀਨਾ ਰਿਦੈ ਨਿਵਾਸੁ॥੩॥ ਗੁਰ ਸਮਰਥ ਸਦਾ ਦਇਆਲ॥ ਹਰਿ ਜਪਿ ਜਪਿ ਨਾਨਕ ਭਏ ਨਿਹਾਲ॥੪॥੧੧॥**

ਪਦ ਅਰਥ:-ਜਾਈ-ਜਾਈਂ, ਮੈਂ ਜਾਂਦਾ ਹਾਂ। ਜਿਸੁ ਪ੍ਰਸਾਦਿ-ਜਿਸ ਦੀ ਕਿਰਪਾ ਨਾਲ। ਜਪਨੇ-ਜਪਿਆ ਜਾ ਸਕਦਾ ਹੈ। ਅੰਮ੍ਰਿਤ-ਆਤਮਕ ਜੀਵਨ ਦੇਣ ਵਾਲੀ। ਨਿਹਾਲ-ਪ੍ਰਸੰਨ-ਚਿੱਤ। ਬਿਖਿਆ-ਮਾਇਆ। ਜੰਜਾਲ-ਫਾਹੀਆਂ। ਸਿਉ-ਨਾਲ। ਸਬਦ-ਸਿਫ਼ਤਿ-ਸਾਲਾਹ। ਚੀਤਿ-ਚਿੱਤ ਵਿਚ। ਜਪਤ-ਜਪਦਿਆਂ। ਪਰਗਾਸੁ-ਚਾਨਣ। ਸਬਦੇ-ਸਬਦਿ, ਸਬਦ ਦੀ ਰਾਹੀਂ। ਰਿਦੈ-ਹਿਰਦੇ ਵਿਚ। ਸਮਰਥ-ਸਭ ਤਾਕਤਾਂ ਦਾ ਮਾਲਕ। ਜਪਿ-ਜਪ ਕੇ।

### ਰਾਗੁ ਪ੍ਰਭਾਤੀ ਬਿਭਾਸ ਰੂਪ ਤਾਲ ਮਾਤਰਾਂ-8½ ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 8½ |
|---|---|---|---|---|---|---|---|---|
| ਪਧ | ਗਪ | ਧ | ਨਧ | ਪ | ਧੁਧੁ | ਪਪ | ਗਰੁ | ਸ |
| ਕੁਰ | ਬਾਣੁ | ਜਾ | ਈS | S | ਗੁਰ | ਪੂਰੇ | ਅਪ | ਨੇ |
| ਸਰ | ਗਰ | ਗਪ | ਧ | ਪਪ | ਸੰਸੰ | ਧੁਪ | ਗਰੁ | ਸ |
| ਜਿਸੁ | ਪ੍ਰ | ਸਾS | ਦਿ | ਹਰਿ | ਹਰਿ | ਜਪੁ | ਜਪ | ਨੇ |
| x | | 2 | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 8½ |
|---|---|---|---|---|---|---|---|---|
| ਪ | ਨਧ | ਸੰ | ਧ | ਸੰ | ਰੁੰਰੁੰ | ਸੰ | ਧੁਧੁ | ਪ |
| ਅੰ | ਮ੍ਰਿਤ | ਬਾ | ਣੀ | S | ਸੁਣ | ਤ | ਨਿਹਾ | ਲ |
| ਗਪ | ਧਪ | ਸੰ | ਧੁ | ਪ | ਧੁਧੁ | ਪ | ਗਰੁ | ਸ |
| ਬਿਨ | ਸਿS | ਗ | ਏ | S | ਬਿਖਿ | ਆ | ਜੰਜਾ | ਲ |
| x | | 2 | | | 3 | | | |

**ਤਾਨਾਂ:-**

1) ਸਰਗਪ ਗਪਧਧ ਪ-ਧੁਪ ਗਰੁਸ- ਗਪਧਧ ਸੰਸੰਰੁੰਸੰ ਧੁਪਧੁਪ ਗਗਰੁਰੁ ਸ-

2) ਗਪਧਗ ਪਧਗਪ ਧੁਧੁਪਪ ਗਗਰੁਸ ਪਧਸੰਪ ਧਸੰਪਧ ਸੰਸੰਧੁਪ ਧੁਪਗਗ ਰੁਸ

## ਰਾਗੁ ਪ੍ਰਭਾਤੀ ਬਿਭਾਸ

**ਤਿਹਾਈਆਂ:-**

1) ਪਹਿਲੀਆਂ 2 ਮਾਤਰਾਂ ਨੂੰ ਦੁਗੁਨ ਵਿਚ ਇਕ ਮਾਤਰ ਤੋਂ ਲੈ ਕੇ ਫਿਰ ਦੂਜੀ ਮਾਤਰ ਤੋਂ ਗਾਪ ਧ- ਪ ਇਸ 2½ ਮਾਤਰਾਂ ਦੇ ਟੁਕੜੇ ਤੇ 'ਜਾS ਈS S' ਦਾ ਤਿੰਨ ਵਾਰ ਉਚਾਰਨ ਕਰਕੇ ਸੱਮ ਤੇ ਆਉਣਾ ਹੈ।
2) ਧੁਪ ਗ ਇਸ 1½ ਮਾਤਰਾਂ ਦੇ ਟੁਕੜੇ ਤੇ ਗੁS ਰ ਦਾ ਉਚਾਰਨ 5ਵੀਂ ਮਾਤਰ ਤੋਂ ਤਿੰਨ ਵਾਰ ਕਰਕੇ ਸੱਮ ਤੇ ਆਉਣਾ ਹੈ।
3) 6ਵੀਂ ਤੋਂ 8½ ਮਾਤਰ ਦੇ ਟੁਕੜੇ ਨੂੰ 3½ ਮਾਤਰਾਂ ਦੀ ਬਜਾਏ 4 ਮਾਤਰਾਂ ਵਿਚ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

**ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪ ੧ੴ ਸਤਿਗੁਰ ਪ੍ਰਸਾਦਿ॥** (੧੩੩੭)

**ਜਪਿ ਮਨ ਹਰਿ ਹਰਿ ਨਾਮੁ ਨਿਧਾਨ॥ ਹਰਿ ਦਰਗਹ ਪਾਵਹਿ ਮਾਨ॥ ਜਿਨਿ ਜਪਿਆ ਤੇ ਪਾਰਿ ਪਰਾਨ॥੧॥ਰਹਾਉ॥ ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ॥ ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ॥ ਸੁਨਿ ਮਨ ਗੁਰਮੁਖਿ ਪਾਵਹਿ ਮਾਨੁ॥੧॥ ਜਪਿ ਮਨ ਪਰਮੇਸੁਰੁ ਪਰਧਾਨੁ॥ ਖਿਨ ਖੋਵੈ ਪਾਪ ਕੋਟਾਨ॥ ਮਿਲੁ ਨਾਨਕ ਹਰਿ ਭਗਵਾਨ॥੨॥੧॥੭॥**

ਪਦ ਅਰਥ:-ਜਪਿ-ਜਪਿਆ ਕਰ। ਮਨ- ਹੇ ਮਨ! ਨਿਧਾਨ-ਖਜ਼ਾਨਾ। ਪਾਵਹਿ-ਤੂੰ ਹਾਸਲ ਕਰੇਂਗਾ। ਮਾਨ-ਆਦਰ। ਜਿਨਿ-ਜਿਨਿ ਜਿਨਿ, ਜਿਸ ਜਿਸ ਨੇ। ਤੇ-ਉਹ! ਪਾਰਿ ਪਰਾਨ-ਪਾਰ ਲੰਘ ਗਏ। ਕਰਿ ਧਿਆਨੁ-ਧਿਆਨ ਧਰ ਕੇ, ਧਿਆਨ ਨਾਲ। ਕੀਰਤਿ-ਸਿਫ਼ਤਿ-ਸਾਲਾਹ। ਅਠਸਠਿ-ਅਠਾਹਠ ਤੀਰਥ। ਮਜਾਨੁ-ਮੱਜਨ, ਇਸ਼ਨਾਨ। ਗੁਰਮੁਖਿ-ਗੁਰੂ ਦੀ ਸ਼ਰਨ ਪੈ ਕੇ। ਕੋਟਾਨ ਪਾਪ-ਕ੍ਰੋੜਾਂ ਪਾਪਾਂ। ਮਿਲੁ-ਮਿਲਿਆ ਰਹੁ।

### ਰਾਗੁ ਪ੍ਰਭਾਤੀ ਬਿਭਾਸ ਪੜਤਾਲ

**ਹਰ ਅੰਤਰੇ ਤੋਂ ਬਾਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਆਉਣਾ ਹੈ**

**ਅਸਥਾਈ ਬਿਸ਼ਵਾ ਤਾਲ ਮਾਤਰਾਂ-7¼ ਵਿਲੰਬਿਤ ਲੈਅ**

| 1 | 2 | 3 | 4 | 5 | 6 | 7 | 7¼ |
|---|---|---|---|---|---|---|---|
| ਪਪ | ਗਾਪ | ਨਧ | ਨ | ਧ | ਪਧੁਪਗ | ਪਗਾਰੁਹੁ | ਸ |
| ਜਪਿ | ਮਨ | ਹਰਿ | ਹ | ਰਿ | ਨਾSਮੁS | SਨਿਧਾS | ਨ |
| ਸਰ | ਗਾਰ | ਗਾਪ | ਧ | ਨਧ | ਸੰ--ਧੁ | --ਪ- | ਪ |
| ਹS | ਰਿS | ਦਰ | ਗ | ਹS | ਪਾSSਵ | ਹਿSਮਾS | ਨ |
| ਪ | ਨਧ | ਸੰਸੰ | ਧੁ | ਪ | ਪਧੁਪਗ | ਪਗਾਰੁ- | ਸ |
| ਜਿ | ਨਿS | ਜਪਿ | ਆ | ਤੇ | ਪਾSSਰਿ | SਪਰਾS | ਨ |
| X | | 2 | | | 3 | | |

## ਅੰਤਰਾ ਜਗਪਾਲ ਤਾਲ ਮਾਤਰਾਂ-11 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| ਪਧ | ਗ | ਪਪ | ਧਧ | ਨਧ | ਸੰ | ਸੰ | ਰੁੰਰੁੰ | ਸੰ | ਗੰਰੁੰ | ਸੰ |
| ਸੁS | ਨਿ | ਮਨ | ਹਰਿ | ਹਰਿ | ਨਾ | ਮੁ | ਕਰਿ | ਧਿ | ਆS | ਨੁ |
| ਸੁਨਿ | ਮਨ | ਹਰਿ | ਕੀS | ਰਤਿ | ਅਠ | ਸ | ਠਿS | ਮ | ਜਾS | ਨੁ |
| ਪਧ | ਗਗ | ਪਪ | ਨਧ | ਪ | ਧੁ | ਪ | ਗਗ | ਪਗ | ਰੁ | ਸ |
| ਸੁਨਿ | ਮਨ | ਗੁਰ | ਮੁS | ਖਿ | ਪਾ | S | ਵਹਿ | ਮਾS | S | ਨੁ |
| x | | | | | 2 | | 3 | | 4 | |

## ਦੂਜਾ ਅੰਤਰਾ ਏਕ ਤਾਲ ਮਾਤਰਾਂ-12 ਦੁਗੁਨ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਧ | ਪ | ਨਧ | ਪਪ | ਧ | ਸੰ | ਸੰ | ਸੰ | ਸੰ | ਰੁੰ | ਸੰ |
| ਜ | ਪਿ | ਮ | ਨS | ਪਰ | ਮੇ | ਸੁ | ਰੁ | ਪ | ਰ | ਧਾ | ਨੁ |
| ਪ | ਧ | ਸੰ | ਗੰ | ਰੁੰ | ਸੰ | ਸੰ | - | ਸੰ | ਧੁ | ਧੁ | ਪ |
| ਖਿ | S | ਨ | ਖੋ | S | ਵੈ | ਪਾ | S | ਪ | ਕੋ | ਟਾ | ਨ |
| ਗ | ਪ | ਧ | ਨ | ਧ | ਪ | ਧੁ | ਪ | ਗ | ਰੁ | ਗਰੁ | ਸ |
| ਮਿ | S | ਲੁ | ਨਾ | ਨ | ਕ | ਹ | ਰਿ | ਭ | ਗ | ਵਾS | ਨ |
| x | | 0 | | 2 | | 0 | | 3 | | 4 | |

**ਤਾਨਾਂ:-**

1) ਸਰਗਗ ਗਪਧਧ ਨਧਸੰਸੰ ਸੰਰੁੰਸੰਸੰ ਧੁਧੁਪਪ ਧੁਪਧੁਪ ਗਗਰੁਰੁ ਸ

2) ਸਰਗਪ ਗਪਧਪ ਨਧਪਧ ਸੰਸੰਰੁੰਸੰ ਗੰਗੰਰੁੰਸੰ ਧੁਪਧੁਪ ਗਗਰੁਰੁ ਸ

**ਤਿਹਾਈਆਂ:-**

1) ਪਹਿਲੀ ਮਾਤਰ ਤੇ ਜਪਿ ਮਨ ਲੈ ਕੇ ¼ ਮਾਤਰ ਦਾ ਬਿਸਰਾਮ ਦੇ ਕੇ ਧੁਪ ਗਗ ਤੇ ਹਰਿ ਹਰਿ 2 ਮਾਤਰਾਂ ਵਿੱਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।

2) ਚੌਥੀ-ਪੰਜਵੀਂ ਮਾਤਰ ਦੇ 'ਹਰਿ' ਨੂੰ ਚੌਥੀ ਮਾਤਰ ਤੇ ਨਧ ਤੇ ਲੈਣਾ ਹੈ। ਇਸ ਤਰ੍ਹਾਂ ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਲੈ ਕੇ ਫਿਰ

| ਧੁਪ ਗ ਰੁਰੁ ਸ |
| ਨਾS ਮੁ ਨਿਧਾ ਨ |

ਸਾਢੇ ਤਿੰਨ ਮਾਤਰਾਂ ਵਿੱਚ ਤਿੰਨ ਵਾਰ ਲੈ ਕੇ ਸੱਮ ਤੇ ਆਉਣਾ ਹੈ।

3) ਬੰਦਸ਼ ਅਨੁਸਾਰ ਪਹਿਲੀ ਤੋਂ ਪੰਜਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਫਿਰ

ਰਾਗੁ ਪ੍ਰਭਾਤੀ ਬਿਭਾਸ

| | | |
|---|---|---|
| ਧੁਪ | ਗਰੁ | ਸ |
| ਨਾਮੁ | ਨਿਧਾ | ਨ |

ਇਹ 2½ ਮਾਤਰਾਂ ਦਾ ਟੁਕੜਾ ਤੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਤੇ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।

**ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ ੧ੴ ਸਤਿਗੁਰ ਪ੍ਰਸਾਦਿ॥ (੧੩੪੧)**
**ਰਮ ਰਾਮ ਰਾਮ ਰਾਮ ਜਾਪ॥ ਕਲਿ ਕਲੇਸ ਲੋਭ ਮੋਹ ਬਿਨਸਿ ਜਾਇ ਅਹੰ ਤਾਪ॥੧॥ ਰਹਾਉ॥ ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ॥੧॥ ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ॥੨॥੧॥੧੪॥**

ਪਦ ਅਰਥ:-ਰਮ-ਸਰਬ-ਵਿਆਪਕ। ਕਲਿ-ਦੁੱਖ ਝਗੜੇ। ਬਿਨਸਿ ਜਾਇ-ਨਾਸ ਹੋ ਜਾਂਦਾ ਹੈ। ਅਹੰ-ਹਉਮੈ। ਆਪੁ-ਆਪਾ-ਭਾਵ। ਜਾਹਿ-ਦੂਰ ਹੋ ਜਾਂਦੇ ਹਨ। ਬਾਰਿਕੁ-ਅੰਞਾਣ ਬੱਚਾ। ਨ ਜਾਨੈ-ਨਹੀਂ ਜਾਣਦਾ। ਰਾਖਨ ਕਉ-ਰਖਿਆ ਕਰ ਸਕਣ ਵਾਲਾ। ਮਾਈ-ਮਾਂ।

## ਰਾਗੁ ਪ੍ਰਭਾਤੀ ਬਿਭਾਸ ਪੜਤਾਲ

### ਹਰ ਅੰਤਰੇ ਤੋਂ ਬਾਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਆਉਣਾ ਹੈ

### ਅਸਥਾਈ ਮੰਗਲ ਤਾਲ ਮਾਤਰਾਂ-6½ ਵਿਲੰਬਿਤ ਲੈਅ

| 1 | 2 | 3 | 4 | 5 | 6 | 6½ |
|---|---|---|---|---|---|---|
| ਗਪ | ਧਪ | ਨਧ | ਸੰ | ਧੁਪ | ਗਰੁ | ਸ |
| ਰਮ | ਰਾਮ | ਰਾਮ | ਰਾ | ਮS | ਜਾS | ਪ |
| ਸਰ | ਗਰ | ਗਗ | ਪ | ਧੁਪ | ਸੰਧੁ | ਪ |
| ਕS | ਲਿਕ | ਲੇਸ | ਲੋ | ਭS | ਮੋS | ਹ |
| ਗਪ | ਧ | ਨਧ | ਪ | ਧੁਪ | ਗਰੁ | ਸ |
| ਬਿਨ | ਸਿ | ਜਾਇ | ਅ | ਹੰS | ਤਾS | ਪ |
| x | | 2 | | | 3 | |

### ਅੰਤਰਾ ਪੰਚਮ ਸਵਾਰੀ ਤਾਲ ਮਾਤਰਾਂ-15 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|
| ਗ | -ਪ | - | ਧ | ਧ | ਨ | ਧ | ਸੰ | ਸੰ | ਰੁੰ | ਸੰਸੰ | ਗੰ | ਰੁੰ | ਸੰ | - |
| ਆ | Sਪੁ | S | ਤਿ | ਆ | ਗਿ | S | ਸੰ | ਤ | ਚ | ਰਨ | ਲਾ | S | ਗਿ | S |
| ਪ | -ਨ | -ਧ | ਸੰ | ਧ | ਸੰ | - | ਸੰ | ਧੁ | ਪ | ਗ | ਪ | ਗ | ਰੁ | ਸ |
| ਮ | Sਨੁ | SS | ਪ | ਵਿ | ਤੁ | S | ਜਾ | S | ਹਿ | S | ਪਾ | S | ਪ | S |
| x | | | 2 | | | | 3 | | | | 4 | | 5 | |

## ਦੂਜਾ ਅੰਤਰਾ ਤੀਨ ਤਾਲ ਮਾਤਰਾਂ - 16 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਪ | ਧ | ਗ | ਪ | ਧ | - | ਨ | ਧ | ਸਂ | ਸਂ | ਰੁਂ | ਸਂ | ਗਂ | ਰੁਂ | ਸਂ | - |
| ਨਾ | ਤ | ਨ | ਕੁ | ਬਾ | ਤ | ਰਿ | ਕੁ | ਕ | ਛੂ | ਨ | ਤ | ਜਾ | ਤ | ਨੈ | ਤ |
| ਪ | ਧ | ਗ | ਪ | ਨਨ | ਧ | ਨਨ | ਧ | ਸਂ | - | ਧੁ | ਪ | ਗ | ਰੁ | ਸ | - |
| ਰਾ | ਤ | ਖ | ਨ | ਕਉ | ਤ | ਪ੍ਰ | ਭੁ | ਮਾ | ਤ | ਈ | ਤ | ਬਾ | ਤ | ਪ | ਤ |
| x | | | | 2 | | | | 0 | | | | 3 | | | |

### ਤਾਨਾਂ ਅਸਥਾਈ ਦੀਆਂ:-

1) ਸਰਗਗ ਰਗਪਪ ਗਪਧਪ ਨਧਸਂਸਂ ਧੁਪਗਗ ਧੁਪਗਗ ਰੁਸ
2) ਸਰਗਪ ਧਪਨਧ ਸਂਸਂਧਸਂ ਸਂਰੁਂਗਂਰੁਂ ਸਂਸਂਧੁਪ ਧੁਪਗਗ ਰੁਸ
3) ਗਪਗਪ ਧਪਨਧ ਪਧਸਂਸਂ ਧਸਂਰੁਂਸਂ ਸਂਸਂਧੁਪ ਧੁਪਗਗ ਰੁਸ

### ਤਿਹਾਈਆਂ:-

1) ਪਹਿਲੀ-ਦੂਜੀ ਮਾਤਰ ਬੰਦਸ਼ ਅਨੁਸਾਰ ਲੈ ਕੇ ਫਿਰ 6ਵੀਂ ਤੋਂ 6½ਵੀਂ ਦੇ 1½ ਮਾਤਰਾਂ ਦੇ ਟੁਕੜੇ ਨੂੰ ਤੀਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) 6ਵੀਂ ਮਾਤਰ ਤੋਂ ਪਹਿਲੀ-ਦੂਜੀ ਮਾਤਰ ਦਾ ਟੁਕੜਾ ਤੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) ਪਹਿਲੀ ਤੋਂ ਪੰਜਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਫਿਰ ਦੂਜੀ ਤੋਂ ਪੰਜਵੀਂ ਮਾਤਰ ਦਾ ਟੁਕੜਾ ਦੋ ਵਾਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਪ੍ਰਭਾਤੀ ਮਹਲਾ ੫॥ (੧੩੪੧)

**ਚਰਨ ਕਮਲ ਸਰਨਿ ਟੇਕ॥ ਊਚ ਮੂਚ ਬੇਅੰਤੁ ਠਾਕੁਰੁ ਸਰਬ ਊਪਰਿ ਤੁਹੀ ਏਕ॥੧॥ ਰਹਾਉ॥ ਪ੍ਰਾਨ ਅਧਾਰ ਦੁਖ ਬਿਦਾਰ ਦੈਨਹਾਰ ਬੁਧਿ ਬਿਬੇਕ॥੧॥ ਨਮਸਕਾਰ ਰਖਨਹਾਰ ਮਨਿ ਅਰਾਧਿ ਪ੍ਰਭੂ ਮੇਕ॥ ਸੰਤ ਰੇਨੁ ਕਰਉ ਮਜਨੁ ਨਾਨਕ ਪਾਵੈ ਸੁਖ ਅਨੇਕ॥੨॥੨॥੧੫॥**

ਪਦ ਅਰਥ:-ਟੇਕ-ਆਸਰਾ। ਮੂਚ-ਵਡਾ। ਅਧਾਰ-ਆਸਰਾ। ਦੁਖ ਬਿਦਾਰ-ਦੁੱਖਾਂ ਦਾ ਨਾਸ ਕਰਨ ਵਾਲਾ। ਦੈਨਹਾਰ-ਦੇ ਸਕਣ ਵਾਲਾ। ਬਿਬੇਕ-ਪਰਖ। ਮਨਿ-ਮਨ ਵਿਚ। ਅਰਾਧਿ-ਆਰਾਧਨ ਕਰੋ। ਮੇਕ-ਇੱਕ, ਸਿਰਫ। ਰੇਨੁ-ਚਰਨ-ਧੂੜ। ਕਰਉ-ਮੈਂ ਕਰਦਾ ਹਾਂ। ਮਜਨੁ-ਇਸ਼ਨਾਨ। ਨਾਨਕ-ਹੇ ਨਾਨਕ! ਪਾਵੈ-ਹਾਸਲ ਕਰਦਾ ਹੈ।

## ਰਾਗੁ ਪ੍ਰਭਾਤੀ ਬਿਭਾਸ ਪੜਤਾਲ

**ਹਰ ਅੰਤਰੇ ਤੋਂ ਬਾਅਦ ਅਸਥਾਈ ਤੇ ਪਹਿਲੀ ਲੈਅ ਅਨੁਸਾਰ ਵਾਪਸ ਆਉਣਾ ਹੈ।**

### ਅਸਥਾਈ ਝਪ ਤਾਲ ਮਾਤਰਾਂ-10 ਵਿਲੰਬਿਤ ਲੈਅ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਪ | ਗਪ | ਧਪ | ਨ | ਧ | ਪ | ਧੁਪ | ਗ | ਰੁ | ਸ |
| ਚ | ਰਨ | ਕS | ਮ | ਲ | ਸ | ਰਨਿ | ਟੇ | S | ਕ |
| ਗ | ਰ | ਸਰ | ਗਪ | ਨਧ | ਸਂ | ਧੁਧੁ | ਪ | ਧੁ | ਪ |
| ਉ | ਚ | ਮੂS | SS | ਚS | ਥੇ | ਅੰਤੁ | ਠਾ | ਕੁ | ਰੁ |
| ਗਪ | ਧਪ | ਨ | ਧ | ਧ | ਪ | ਧੁਪ | ਗ | ਰੁ | ਸ |
| ਸਰ | ਬS | ਉ | ਪ | ਰਿ | ਤੁ | ਹੀS | ਏ | S | ਕ |
| x | | 2 | | | 0 | | 3 | | |

### ਅੰਤਰਾ ਜਗਪਾਲ ਤਾਲ ਮਾਤਰਾਂ - 11 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| ਪਧ | ਗ | ਪ | ਧ | ਧ | ਸਂ | ਰੁਂ | ਸਂ | ਰੁਂ | ਰੁਂ | ਸਂ |
| ਪ੍ਰਾ | ਨ | ਅ | ਧਾ | ਰ | ਦੁ | S | ਖ | ਬਿ | ਦਾ | ਰ |
| ਸਂ | ਸਂ | ਗਂ | ਰੁਂ | ਸਂ | ਧੁ | ਪ | ਗ | ਰੁ | ਰੁ | ਸ |
| ਦੈ | ਨ | ਹਾ | S | ਰ | ਬੁ | ਧਿ | S | ਬਿ | ਬੇ | ਕ |
| x | | | | | 2 | | 3 | | 4 | |

### ਦੂਜਾ ਅੰਤਰਾ ਏਕ ਤਾਲ ਮਾਤਰਾਂ-12 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਪ | ਗ | ਪ | ਧ | ਨ | ਧ | ਸਂ | ਰੁਂ | ਸਂ | ਗਂ | ਰੁਂ | ਸਂ |
| ਨ | ਮ | ਸ | ਕਾ | S | ਰ | ਰ | ਖ | ਨ | ਹਾ | S | ਰ |
| ਪ | ਧ | - | ਨ | ਧ | ਧ | ਸਂਸਂ | - | ਧੁ | ਧੁ | - | ਪ |
| ਮ | ਨਿ | S | ਅ | ਰਾ | ਧਿ | ਪ੍ਰ | S | ਭੂ | ਮੇ | S | ਕ |
| ਪ | ਧ | ਪ | ਸਂ | ਰੁਂ | ਸਂ | ਸਂ | ਧੁਧੁ | - | ਪ | ਧੁ | ਪ |
| ਸਂ | S | ਤ | ਰੇ | S | ਨੁ | ਕ | ਰਉ | S | ਮ | ਜ | ਨੁ |

| | | | | | | | | | | | |
|---|---|---|---|---|---|---|---|---|---|---|---|
| ਪ | ਧ | ਧ | ਨ | ਧ | ਧ | ਪ | ਧੁ | ਪ | ਗ | ਰੁ | ਸ |
| ਨਾ | ਨ | ਕ | ਪਾ | S | ਵੈ | ਸੁ | ਖ | ਅ | ਨੇ | S | ਕ |
| X | | 0 | | 2 | | 0 | | 3 | | 4 | |

**ਤਾਨਾਂ ਅਸਥਾਈ ਦੀਆਂ:-**

1) ਸਰਗਰ ਸਰਗ- ਗਪਧੁਪ ਗਗਰੁਸ ਗਪਧਪ ਧਸੰਰੁੰਸੰ ਸੰਰੁੰਸੰਸੰ ਧੁਧੁਪਪ ਧੁਪਗਰੁ ਗਰੁਸ-

2) ਗਪਧਗ ਪਧਗਪ ਧਪਨਧ ਸੰਰੁੰਸੰਸੰ ਪਧਸੰਸੰ ਸੰਰੁੰਸੰਸੰ ਗੰਗੰਰੁੰਸੰ ਧੁਧੁਪਗ ਪਪਗਰੁ ਗਗਰੁਸ

**ਤਿਹਾਈਆਂ:-**

1) ਪਹਿਲੀਆਂ ਦੋ ਮਾਤਰਾਂ ਦਾ ਟੁਕੜਾ ਦੁਗੁਨ ਵਿੱਚ ਪਹਿਲੀ ਮਾਤਰ ਤੇ ਲੈ ਕੇ ਫਿਰ ਤੀਜੀ ਤੋਂ 5ਵੀਂ ਮਾਤਰ ਦੇ 3 ਮਾਤਰਾਂ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) 5ਵੀਂ ਮਾਤਰ ਦੇ 'ਲ' ਨੂੰ ਚੌਥੀ ਮਾਤਰ ਨਾਲ ਜੋੜ ਕੇ ਇਸ ਤਰ੍ਹਾਂ ਪਹਿਲੀ ਤੋਂ ਚੌਥੀ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਫਿਰ 6ਵੀਂ-7ਵੀਂ ਮਾਤਰ ਦਾ ਟੁਕੜਾ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 6ਵੀਂ ਤੋਂ 10ਵੀਂ ਮਾਤਰ ਦਾ ਟੁਕੜਾ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

## ਪ੍ਰਭਾਤੀ ਮਹਲਾ ੫ ॥ (੧੩੪੦)

**ਸਤਿਗੁਰਿ ਪੂਰੈ ਨਾਮੁ ਦੀਆ॥ ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ॥੧॥ਰਹਾਉ॥ ਚਰਨ ਕਮਲ ਗੁਰ ਕੇ ਮਨਿ ਵੂਠੇ॥ ਦੂਖ ਦਰਦ ਭ੍ਰਮ ਬਿਨਸੇ ਝੂਠੇ॥੧॥ ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ॥੨॥ ਘਰਿ ਬਾਹਰਿ ਪ੍ਰਭੁ ਸਭਨੀ ਥਾਈ॥ ਸੰਗਿ ਸਹਾਈ ਜਹ ਹਉ ਜਾਈ॥੩॥ ਦੁਇ ਕਰ ਜੋੜਿ ਕਰੀ ਅਰਦਾਸਿ॥ ਸਦਾ ਜਪੇ ਨਾਨਕੁ ਗੁਣਤਾਸੁ॥੪॥੯॥**

ਪਦ ਅਰਥ:-ਮੰਗਲ-ਖੁਸ਼ੀ। ਕਲਿਆਣ-ਸੁਖਸਾਦ। ਵੂਠੇ-ਆ ਵੱਸੇ। ਭ੍ਰਮ ਝੂਠੇ-ਨਾਸਵੰਤ ਪਦਾਰਥਾਂ ਦੀ ਖਾਤਰ ਭਟਕਣ। ਦੁਇ ਕਰ-ਦੋਵੇਂ ਹੱਥ। ਕਰੀ-ਮੈਂ ਕਰਦਾ ਹਾਂ। ਗੁਣਤਾਸੁ-ਗੁਣਾਂ ਦਾ ਖ਼ਜ਼ਾਨਾ ਪ੍ਰਭੂ।

## ਰਾਗੁ ਪ੍ਰਭਾਤੀ ਬਿਭਾਸ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪਪ | ਧ | ਪ | ਨ | ਧ | ਨ | ਧ | ਸੰ | - | ਸੰ | ਧੁ | - | ਪ | - |
| ਸਤਿ | ਗੁ | ਰਿ | ਪੂ | S | ਰੈ | S | ਨਾ | S | ਮੁ | ਦੀ | S | ਆ | S |
| ਪ | ਧ | ਧ | ਗ | ਪ | ਧ | ਧ | ਪਪ | ਧੁ | ਪ | ਗ | ਗ | ਰੁ | ਸ |
| ਅ | ਨ | ਦ | ਮੰ | S | ਗ | ਲ | ਕਲਿ | ਆ | ਣ | ਸ | ਦਾ | ਸੁ | ਖੁ |
| ਸ | ਰ | ਗ | ਪ | ਧ | ਗ | ਪ | ਧੁ | - | ਪ | ਗ | - | ਰੁ | ਸ |
| ਕਾ | ਰ | ਜੁ | ਸ | ਗ | ਲਾ | S | ਰਾ | S | ਸਿ | ਥੀ | S | ਆ | S |
| x | | | 2 | | | | 0 | | | 3 | | | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਧ | ਧ | ਸੰ | ਸੰ | ਰੁੰ | ਸੰ | ਰੁੰ | ਗੰ | ਰੁੰ | ਸੰ | ਸੰ | ਧੁ | ਪ |
| ਚ | ਰ | ਨ | ਕ | ਮ | ਲ | S | ਗੁ | ਰ | ਕੇ | ਮ | ਨਿ | ਢੂ | ਠੇ |
| ਧ | ਪ | ਧ | ਸੰਸੰ | ਸੰ | ਧੁਧੁ | ਪ | ਧੁ | ਪ | ਗ | ਰੁ | - | ਸ | - |
| ਦੂ | S | ਖ | ਦਰ | ਦ | ਭ੍ਰ | ਮ | ਬਿ | ਨ | ਸੇ | ਝੂ | S | ਠੇ | S |
| x | | | 2 | | | | 0 | | | 3 | | | |

### ਪ੍ਰਭਾਤੀ ਮਹਲਾ ੧॥ (੧੩੨੯)

**ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ॥ ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ॥੧॥ ਤੂਹੈ ਹੈ ਵਾਹੁ ਤੇਰੀ ਰਜਾਇ॥ ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ॥੧॥ਰਹਾਉ॥ ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ॥ ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ॥੨॥ ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ॥ ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥੩॥ ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ॥ ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ॥੪॥੮॥**

ਪਦ ਅਰਥ:-ਆਵਤੁ-ਆਉਂਦਾ, ਜੰਮਦਾ। ਨ ਰਾਖਿਆ-ਨਹੀਂ ਰੋਕਿਆ। ਜਾਵਤੁ-ਜਗਤ ਤੋਂ ਜਾਂਦਾ, ਮਰਦਾ। ਜਿਸ ਤੇ-ਜਿਸ ਪ੍ਰਮਾਤਮਾ ਤੋਂ। ਹੋਆ-ਪੈਦਾ ਹੋਇਆ ਹੈ। ਸੋਈ-ਉਹੀ, ਉਹੀ ਪ੍ਰਮਾਤਮਾ। ਪਰੁ ਜਾਣੈ-ਚੰਗੀ ਤਰ੍ਹਾਂ ਜਾਣਦਾ ਹੈ। ਮਾਹਿ-ਵਿਚ। ਵਾਹੁ-ਅਚਰਜ। ਪਰੁ ਹੋਇਬਾ-ਜ਼ਰੂਰ ਹੋਵੇਗਾ। ਹਰਹਟ-ਹਰਟ। ਮਾਲਾ-ਮਾਹਲ। ਫੇਰ-ਮੁੜ। ਖੇਲੁ-ਜਗਤ-

ਰਚਨਾ ਦਾ ਤਮਾਸ਼ਾ। ਮਾਰਗਿ-ਰਸਤੇ ਤੇ। ਸੁਰਤੀ ਕੈ ਮਾਰਗਿ-ਪ੍ਰਮਾਤਮਾ ਦੇ ਚਰਨਾਂ ਵਿਚ ਸੁਰਤਿ ਜੋੜਨ ਦੇ ਰਸਤੇ ਤੇ। ਉਲਟੀ-ਪਰਤਾਈ। ਮਨਿ-ਮਨ ਵਿਚ। ਵਿਚਾਰਿ-ਵਿਚਾਰ ਕੇ। ਬ੍ਰਹਮ ਗਿਆਨੀ-ਹੇ ਬ੍ਰਹਮ ਗਿਆਨੀ! ਹੇ ਪ੍ਰਮਾਤਮਾ ਨਾਲ ਸਾਂਝ ਪਾਣ ਦਾ ਜਤਨ ਕਰਨ ਵਾਲੇ! ਗਿਰਹੀ-ਗ੍ਰਿਹਸਤੀ। ਨਿਰਬਾਣੁ-ਵਾਸਨਾ-ਰਹਿਤ। ਸੋਈ-ਉਸੇ ਪ੍ਰਭੂ ਨੂੰ। ਕਰਿ-ਕੇ, ਜਾਣ ਕੇ। ਮਾਨਿਆ-ਮੰਨਿਆ, ਆਪਣਾ ਮਨ ਜੋੜਿਆ। ਪਰਵਾਣੁ-ਕਬੂਲ।

## ਰਾਗੁ ਪ੍ਰਭਾਤੀ ਬਿਭਾਸ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਗ | ਪ | - | ਧ | ਪ | ਨ | ਧ | ਪ | ਧ | ਪ | ਧ | ਸੰ | ਸੰ | - |
| ਤੂ | ਹੈ | ऽ | ਹੈ | ऽ | ਵਾ | ਹੁ | ਆ | ਵ | ਤੁ | ਕਿ | ਨੈ | ਨ | ऽ |
| ਪ | ਧੁ | ਪ | ਗ | ਗ | ਰੁ | ਸ | ਸੰ | ਰੁੰ | ਸੰ | ਗੰ | ਰੁੰ | ਸੰ | - |
| ਤੇ | ऽ | ਰੀ | ਰ | ਜਾ | ਇ | ऽ | ਰਾ | ऽ | ਖਿ | ਆ | ऽ | ऽ | ऽ |
| ਸ | ਰ | ਗ | ਗ | ਪ | ਧ | ਪ | ਪ | ਧ | ਪ | ਨ | ਧ | ਨ | ਪ |
| ਜੋ | ਕਿ | ਛੁ | ਕ | ਰ | ਹਿ | ऽ | ਜਾ | ਵ | ਤੁ | ਕਿ | ऽ | ਉ | ऽ |
| ਧੁ | ਪ | ਗਗ | ਪ | ਗ | ਰੁ | ਸ | ਸੰ | ਧੁ | ਪ | ਗ | - | ਰੁ | ਸ |
| ਸੋ | ਈ | ਪਰੁ | ਹੋ | ਇ | ਬਾ | ऽ | ਰਾ | ਖਿ | ਆ | ਜਾ | ऽ | ਇ | ऽ |
| ਅਵ | ਰੁ | ਨ | ਕਰ | ਣਾ | ਜਾ | ਇ | | | | | | | |
| x | | | 2 | | 3 | | x | | | 2 | | 3 | |

# ੩੧ - ਰਾਗੁ ਪ੍ਰਭਾਤੀ ਦਖਣੀ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਛੇ ਦੱਖਣੀ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਗਉੜੀ ਦਖਣੀ, ਵਡਹੰਸੁ ਦਖਣੀ, ਬਿਲਾਵਲੁ ਦਖਣੀ, ਰਾਮਕਲੀ ਦਖਣੀ, ਮਾਰੂ ਦਖਣੀ ਤੇ ਛੇਵਾਂ ਇਹ ਰਾਗ ਪ੍ਰਭਾਤੀ ਦਖਣੀ ਹੈ। ਇਹਨਾਂ ਰਾਗਾਂ ਦੇ ਸਰੂਪਾਂ ਲਈ ਇਹਨਾਂ ਰਾਗਾਂ ਦੇ ਦਖਣੀ ਸਰੂਪਾਂ ਨੂੰ ਹੀ ਅਧਾਰ ਮੰਨਿਆ ਗਿਆ ਹੈ। ਗਉੜੀ ਦਖਣੀ ਦਾ ਸਰੂਪ ਦਖਣੀ ਪੱਧਤੀ ਦੇ ਗੌਰੀ ਰਾਗ ਦੇ ਸਰੂਪ ਨੂੰ ਮੰਨਿਆ ਹੈ। ਰਾਗ ਵਡਹੰਸੁ ਦਖਣੀ ਦਾ ਸਰੂਪ ਦਖਣੀ ਰਾਗ ਬਾਲਹੰਸ ਤੋਂ ਲਿਆ ਹੈ ਤੇ ਦਖਣੀ ਪੱਧਤੀ ਦੇ ਵੇਲਾਵਲੀ ਨੂੰ ਬਿਲਾਵਲ ਦਖਣੀ ਦਾ ਸਰੂਪ ਮੰਨਿਆ ਹੈ। ਰਾਮਕਲੀ ਦਖਣੀ ਲਈ ਦਖਣੀ ਪੱਧਤੀ ਦੇ ਰਾਮਕਰੀ ਰਾਗ ਦਾ ਤੇ ਮਾਰੂ ਦਖਣੀ ਲਈ ਦਖਣੀ ਰਾਗਾਂ ਦੇ ਮਾਰੂਵ ਦੇ ਸਰੂਪ ਨੂੰ ਅਧਾਰ ਬਣਾਇਆ ਹੈ। ਇਸ ਤਰ੍ਹਾਂ ਹੀ ਪ੍ਰਭਾਤੀ ਦਖਣੀ ਦਾ ਸਰੂਪ ਵੀ ਦਖਣੀ ਰਾਗ ਪ੍ਰਭਾਤਰੰਗਣੀ ਦਾ ਲਿਆ ਗਿਆ ਹੈ। ਭਾਵੇਂ ਇਹਨਾਂ ਦਖਣੀ ਰਾਗਾਂ ਦਾ ਗਾਇਨ ਸਾਡੇ ਉੱਤਰੀ ਸੰਗੀਤ ਵਿਚ ਪ੍ਰਚਾਰ ਵਿਚ ਨਹੀਂ ਹੈ, ਪਰ ਵਾਹ ਵਾਹ ਕਮਾਲ ਹੈ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਐਸੀ ਅਪਾਰ ਬਖਸ਼ਿਸ਼ ਕੀਤੀ ਹੈ ਕਿ ਉਹਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੯ ਮੁਖ ਰਾਗਾਂ ਵਿੱਚ ਬਾਣੀ ਦਾ ਉਚਾਰਨ ਕੀਤਾ ਹੈ ਤੇ ਇਹਨਾਂ ਮੁਖ ਰਾਗਾਂ ਵਿਚ ਛੇ ਦਖਣੀ ਰਾਗਾਂ ਵਿਚ ਵੀ ਬਾਣੀ ਦੀ ਰਚਨਾ ਕੀਤੀ ਹੈ। ਉਤਰੀ ਤੇ ਦਖਣੀ ਸੰਗੀਤ ਪੱਧਤੀ ਨੂੰ ਜੋੜਨ ਦਾ ਇਹ ਇਕ ਬਹੁਤ ਸਾਕਾਰ ਯਤਨ ਹੀ ਨਹੀਂ ਸਗੋਂ ਇਕ ਮਹਾਨ ਦੇਣ ਹੈ।

ਰਾਗੁ ਪ੍ਰਭਾਤੀ ਦਖਣੀ ਦਾ ਅਧਾਰ ਦਖਣੀ ਰਾਗ ਪ੍ਰਭਾਤਰੰਗਣੀ ਦੇ ਸਰੂਪ ਬਾਰੇ ਦਖਣੀ ਗ੍ਰੰਥਾਂ ਵਿਚ ਵਰਨਣ ਇਸ ਪ੍ਰਕਾਰ ਹੈ। ਸੰਗੀਤ ਕਾਰਯਾਲਯ ਤੋਂ ਪ੍ਰਕਾਸ਼ਿਤ 'ਰਾਗ ਕੋਸ਼' ਪੰਨਾ ੫੦ ਲੜੀ ਨੰ. ੨੪੦ ਤੇ ਰਾਗ ਪ੍ਰਭਾਤਰੰਗਣੀ ਝੰਕਾਰਧਵਨੀ ਮੇਲ ਜਨਯ ਰਾਗ ਹੈ। ਸਵਰ ਇਸ ਪ੍ਰਕਾਰ ਹਨ। ਸ ਮ ਰ ਗ ਮ ਪ ਸੰ - ਸੰ ਨ ਧ ਪ ਮ ਗ ਰ ਸ। ਕਰਨਾਟਕ ਸੰਗੀਤ ਅੰਕ ਜਨਵਰੀ ੧੯੬੩ ਦੇ ਪੰਨਾ ੧੭੫ ਲੜੀ ਨੰ. ੪੭੭ ਰਾਗ ਪ੍ਰਭਾਤਤਰੰਗਣੀ, ਮੇਲ-ਝੰਕਾਰਧਵਨੀ, ਆਰੋਹ- ਸ ਮ ਰ ਗ ਮ ਪ ਸੰ। ਅਵਰੋਹ- ਸੰ ਨ ਧ ਪ ਮ ਗ ਰ ਸ। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਦੇ 'ਰਾਗ ਵਿਯਾਕਰਣ' ਵਿਚ ਦਿੱਤੇ ਦਖਣੀ ਰਾਗਾਂ ਦੇ ਸਰੂਪਾਂ ਅਨੁਸਾਰ ਪੰਨਾ ੫੧, ਲੜੀ ਨੰ. ੪੭੭, ਰਾਗ-ਪ੍ਰਭਾਤਰੰਗਣੀ, ਮੇਲ-ਝੰਕਾਰਧਵਨੀ, ਆਰੋਹ- ਸ ਮ ਰ ਗੁ ਮ ਪ ਸੰ। ਅਵਰੋਹ-ਸੰ ਨੁ ਧੁ ਪ ਮ ਗੁ ਰ ਸ। ਝੰਕਾਰਧਵਨੀ ਮੇਲ ਦੇ ਸਵਰ ਉਤਰੀ ਸੰਗੀਤ ਪੱਧਤੀ ਅਨਸਾਰ ਪੰਨਾ ੨੩ ਲੜੀ ਨੰ. ੧੯ ਇਸ ਪ੍ਰਕਾਰ ਦਿੱਤੇ ਹਨ - ਸ ਰ ਗੁ ਮ ਪ ਧੁ ਨੁ ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਸੰਤ ਸਰਵਣ ਸਿੰਘ ਗੰਧਰਵ ਦੇ 'ਸੁਰ ਸਿਮਰਣ ਸੰਗੀਤ' ਭਾਗ-੭ ਪੰਨਾ ੧੮੭ ਅਨੁਸਾਰ ਰਾਗ-ਪ੍ਰਭਾਤ ਦਖਣੀ, ਥਾਟ-ਟੋਡੀ, ਸੁਰ-ਰੁ ਗੁ ਕੋਮਲ ਤੀਵਰ ਮ, ਵਾਦੀ-ਸ, ਸੰਵਾਦੀ-ਪ, ਵਰਜਿਤ ਸਵਰ-ਆਰੋਹ ਵਿਚ ਗ, ਜਾਤੀ ਸ਼ਾੜਵ-ਸੰਪੂਰਨ, ਗਾਉਣ ਦਾ ਸਮਾਂ-ਪ੍ਰਾਤਹ ਕਾਲ। ਆਰੋਹ- ਸ ਰੁ ਮ ਪ, ਧੁ ਨ, ਪ ਸਂ। ਅਵਰੋਹ-ਸਂ ਨ ਧ ਮ, ਪ ਮ, ਰੁ ਗੁ ਰੁ ਸ। ਪਕੜ- ਸ ਰੁ ਮ ਪ, ਧ ਮ, ਪ ਮ, ਰੁ ਗੁ ਰੁ ਸ। ਪ੍ਰੋਫ਼ੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਅਨੁਸਾਰ ਰਾਗੁ ਪ੍ਰਭਾਤੀ ਦਖਣੀ, ਦੀ ਰਚਨਾ ਉੱਤਰੀ ਸੰਗੀਤ ਪੱਧਤੀ ਅਨੁਸਾਰ ਇਸ ਪ੍ਰਕਾਰ ਹੈ। ਥਾਟ-ਆਸਾਵਰੀ, ਸਵਰ-ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਹੋਰ ਸਵਰ ਸ਼ੁਧ ਹਨ। ਜਾਤੀ-ਵਕਰ ਸੰਪੂਰਨ, ਵਾਦੀ-ਧੈਵਤ-ਸੰਵਾਦੀ-ਗੰਧਾਰ, ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ। ਆਰੋਹ- ਸ, ਮ ਰ, ਗੁ ਮ ਪ, ਨੁ ਧੁ ਪ, ਸਂ। ਅਵਰੋਹ- ਸਂ ਨੁ ਧੁ, ਪ ਮ ਗੁ, ਰ ਸ। ਮੁਖ ਅੰਗ- ਸ, ਮ ਰ, ਗੁ ਮ ਪ, ਨੁ ਧੁ ਪ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਪ੍ਰਭਾਤੀ ਦਖਣੀ ਦਾ ਸਰੂਪ ਲਗਭਗ ਪ੍ਰੋਫ਼ੈਸਰ ਤਾਰਾ ਸਿੰਘ ਦੇ ਦਿੱਤੇ ਸਰੂਪ ਜੈਸਾ ਹੀ ਹੈ।

ਸੋ ਦਖਣੀ ਰਾਗ ਪ੍ਰਭਾਤਰੰਗਣੀ ਹੀ ਪ੍ਰਭਾਤੀ ਦਖਣੀ ਦਾ ਸਰੂਪ ਮੰਨਿਆ ਗਿਆ ਹੈ। ਰਾਗ ਨਿਰਣਾਇਕ ਕਮੇਟੀ ਨੇ ਇਸ ਸਰੂਪ ਨੂੰ ਹੀ ਪ੍ਰਵਾਣਿਆ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿੱਚ ਪ੍ਰਭਾਤੀ ਦਖਣੀ ਦਾ ਇਹੀ ਸਰੂਪ ਦਿੱਤਾ ਗਿਆ ਹੈ ਤੇ ਇਥੇ ਵੀ ਇਹੀ ਪ੍ਰਵਾਣਿਤ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਤਤਕਰਾ ਅਨੁਸਾਰ ਰਾਗ ਪ੍ਰਭਾਤੀ ਨੂੰ ਤੀਹਵਾਂ ਅਸਥਾਨ ਪ੍ਰਾਪਤ ਹੈ। ਇਸ ਮੁਖ ਰਾਗ ਦੇ ਅੰਤਰਗਤ ਪਹਿਲਾ ਮਿਸ਼ਰਤ ਰਾਗ ਪ੍ਰਭਾਤੀ ਬਿਭਾਸ ਤੇ ਇਹ ਦੂਜਾ ਰਾਗ ਪ੍ਰਕਾਰ ਪ੍ਰਭਾਤੀ ਦਖਣੀ ਹੈ। ਸ਼ਬਦ ਤਰਤੀਬ ਪ੍ਰਭਾਤੀ ਮਹਲਾ ੧ ਦਖਣੀ ਦੇ ਸਿਰਲੇਖ ਹੇਠ ਪੰਨਾ ੧੩੪੪ ਤੋਂ ੧੩੪੬ ਤਕ ਸ਼ਬਦ ਅੰਕ ॥੮॥੪॥ ਤੋਂ ॥੮॥੭॥ ਤਕ ੪ ਸ਼ਬਦਾਂ ਦੀ ਰਚਨਾ ਹੈ।

**ਪਰੀਚੈ:-**

ਰਾਗੁ - ਪ੍ਰਭਾਤੀ ਦਖਣੀ          ਮੇਲ ਝੰਕਾਰਧਵਨੀ

ਸਵਰ - ਗੰਧਾਰ, ਧੈਵਤ ਨਿਸ਼ਾਦ ਕੋਮਲ ਹੋਰ ਸਭ ਸ਼ੁਧ

ਵਰਜਿਤ ਸਵਰ-ਆਰੋਹ ਵਿਚ ਧੈਵਤ ਤੇ ਨਿਸ਼ਾਦ

ਜਾਤੀ-ਔੜਵ-ਸੰਪੂਰਨ          ਵਾਦੀ-ਧੈਵਤ     ਸੰਵਾਦੀ-ਗੰਧਾਰ

ਸਮਾਂ - ਸਵੇਰ ਦਾ          ਆਰੋਹ- ਸ ਮ ਰ, ਗੁ ਮ ਪ ਸਂ

ਅਵਰੋਹ- ਸਂ ਨੁ ਧੁ, ਪ, ਮ ਪ ਗੁ, ਰ ਸ।

ਮੁਖ ਅੰਗ- (ਪਕੜ) ਸ ਮ ਰ ਗੁ, ਮ ਪ, ਧੁ, ਮ ਪ ਗੁ, ਰ ਸ

## ਰਾਗੁ ਪ੍ਰਭਾਤੀ ਦਖਣੀ

**ਸਵਰ ਵਿਸਥਾਰ:-**

1) ਸ, ਮ ਰ ਗੁ, ਮ ਪ ਗੁ, ਰ ਸ, ਨੁ਼ ਧੁ਼, ਪ਼ ਮ਼ ਪ਼ ਸ, ਮ ਰ ਗੁ, ਮ ਪ, ਨੁ ਧੁ, ਪ ਮ ਪ ਗੁ, ਰ ਸ, ਮ਼ ਪ਼ ਸ।

2) ਸ, ਮ ਰ ਗੁ, ਮ ਪ ਗੁ, ਮ ਪ ਨੁ ਧੁ, ਪ ਮ ਪ ਸੰ, ਨੁ ਧੁ ਪ, ਗੁ ਮ ਪ, ਨੁ ਧੁ ਪ, ਸੰ ਨੁ ਧੁ ਪ, ਮ ਪ ਨੁ ਧੁ, ਪ ਗੁ ਮ ਪ, ਧੁ ਪ ਮ ਪ ਗੁ, ਮ ਪ ਗੁ ਰ ਸ

3) ਪ, ਮ ਪ, ਨੁ ਧੁ ਪ, ਮ ਪ ਸੰ, ਨੁ ਧੁ, ਪ ਸੰ, ਸੰ ਮੰ ਰੰ, ਗੁੰ, ਮੰ ਪੰ ਗੁੰ, ਰੰ ਸੰ, ਸੰ ਨੁ ਧੁ, ਧੁ ਮ ਪ, ਮ ਪ ਨੁ ਧੁ, ਪ ਗੁ ਮ ਪ, ਪ ਮ ਪ ਗੁ, ਰ ਸ, ਨੁ਼ ਧੁ਼ ਪ਼ ਸ

### ਪ੍ਰਭਾਤੀ ਮਹਲਾ ੧ ਦਖਣੀ॥ (੧੩੪੪)

**ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥ ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥੧॥ ਕੋਈ ਜਾਣਿ ਨ ਭੂਲੈ ਭਾਈ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ਰਹਾਉ॥ ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥ ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥੨॥ ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥ ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥੩॥ ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ॥ ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥੪॥ ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ॥ ਜੋ ਕਿਛੁ ਵਰਤੈ ਤੁਧੈ ਸਲਾਹੀਂ ਸਭ ਤੇਰੀ ਵਡਿਆਈ॥੫॥ ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥ ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥੬॥ ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ॥ ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ॥੭॥ ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥ ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ॥੮॥੪॥**

ਪਦ ਅਰਥ:-ਗੋਤਮੁ-ਇਕ ਪ੍ਰਸਿੱਧ ਤਪੀ। ਅਹਿਲਿਆ-ਗੋਤਮ ਦੀ ਇਤਸਰੀ। ਲੁਭਾਇਆ-ਮਸਤ ਹੋ ਗਿਆ। ਸਹਸ-ਹਜ਼ਾਰ। ਚਿਹਨ-ਨਿਸ਼ਾਨ। ਮਨਿ-ਮਨ ਵਿਚ। ਜਾਣਿ-ਜਾਣ ਬੁੱਝ ਕੇ। ਭੂਲੈ-ਕੁਰਾਹੇ ਪੈਂਦਾ। ਤਿਨਿ ਹਰੀ ਚੰਦਿ ਰਾਜੈ-ਉਸ ਰਾਜੇ ਹਰੀਚੰਦ ਨੇ। ਕਾਗਦਿ-ਕਾਗਜ਼ ਉਤੇ। ਕੀਮ-ਕੀਮਤ। ਨੇਖਾਸਿ-ਨਿਖ਼ਾਸ ਵਿਚ, ਮੰਡੀ ਵਿਚ। ਕਰਉ ਅਢਾਈ-ਢਾਈ ਕਰਮ। ਬਾਵਨ ਰੂਪਿ-ਵਉਣੇ ਰੂਪ ਵਿਚ। ਬਹਾਨੈ-ਬਹਾਨੇ ਨਾਲ। ਪਇਆਲਿ-ਪਤਾਲ ਵਿਚ। ਛਲੀਐ-ਠਗਿਆ ਜਾਂਦਾ। ਰੂਪੁ-ਵਉਣੇ ਰੂਪ ਨੂੰ। ਦੇ-ਦੇ ਕੇ। ਮਤੀਂ-ਮੱਤਾਂ। ਬਰਜਿ-ਵਰਜ ਕੇ, ਰੋਕ ਕੇ। ਬਿਆਸਿ-ਬਿਆਸ ਨੇ। ਤਿਨਿ-ਉਸ ਨੇ। ਘਾਏ-ਮਾਰ ਦਿੱਤੇ। ਕਿਰਤੁ-ਕੀਤੇ ਕਰਮਾਂ ਦੇ ਸੰਸਕਾਰਾਂ ਦਾ ਸਮੂਹ। ਨ ਗਣੀ-ਮੈਂ ਨਹੀਂ ਗਿਣਦਾ। ਬੋਲੀ-ਮੈਂ ਬੋਲਦਾ ਹਾਂ। ਭਾਇ-ਪ੍ਰੇਮ ਵਿਚ। ਤੁਧੈ-ਤੈਨੂੰ ਹੀ, ਹੇ ਪ੍ਰਭੂ! ਸਲਾਹੀ-ਮੈਂ ਸਲਾਹੁੰਦਾ ਹਾਂ। ਅਲਿਪਤੁ-ਨਿਰਲੇਪ। ਲੇਪੁ-ਪ੍ਰਭਾਵ। ਮਨਮੁਖੁ-ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ। ਆਗੈ-ਪਹਿਲਾਂ, ਵੇਲੇ ਸਿਰ। ਦੁਖਿ ਲਾਗੈ-ਦੁੱਖ ਲੱਗਿਆ, ਜਦੋਂ ਦੁਖ ਵਿਚ ਫਸਦਾ ਹੈ। ਜਿਨਿ-ਜਿਸ ਨੇ। ਹਰਿ-ਹੇ ਹਰੀ! ਜੀਅਹੁ-ਦਿਲ ਵਿਚੋਂ। ਪੈ-ਪੈ ਕੇ। ਸਭੁ ਕੋਈ-ਹਰੇਕ ਜੀਵ। ਨਿਸਤਾਰਾ-ਵਿਕਾਰਾਂ ਤੋਂ ਖਲਾਸੀ। ਪਰਸਾਦਿ-ਕਿਰਪਾ ਨਾਲ। ਅਘੁਲੈ-ਖਲਾਸੀ ਪ੍ਰਾਪਤ ਕਰਦਾ ਹੈ।

## ਰਾਗੁ ਪ੍ਰਭਾਤੀ ਦਖਣੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਮ | ਰ | - | ਗੁ | - | ਮ | ਪ |
| | | | | | | | | ਕੋ | S | ਈ | S | ਜਾ | S | ਣਿ | ਨ |
| ਸਂ | ਨੁ | ਧੁ | ਪ | ਗੁ | - | ਰ | ਸ | ਮ | - | ਪ | - | ਧੁ | - | ਮ | ਪ |
| ਭੂ | S | ਲੇ | S | ਭਾ | S | ਈ | S | ਸੋ | S | ਭੂ | S | ਲੇ | S | ਜਿ | ਸੁ |
| ਸਂ | - | ਨੁ | ਧੁ | ਪ | ਮ | ਪ | - | ਗੁ | - | ਮ | ਪ | ਸਂ | ਨੁ | ਧੁ | ਪ |
| ਆ | S | ਪਿ | S | ਭੁ | ਲਾ | ਏ | S | ਬੂ | S | ਝੈ | S | ਜਿ | S | ਸੈ | S |
| ਪ | - | ਮ | ਪ | ਗੁ | - | ਰ | ਸ | | | | | | | | |
| ਬੁ | S | ਝਾ | S | ਈ | S | S | S | | | | | | | | |
| x | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | - | ਮ | ਪ | ਨੁ | ਧੁ | ਪ | - |
| | | | | | | | | ਗੋ | S | ਤ | ਮੁ | ਤ | S | ਪਾ | S |
| ਸਂ | ਸਂ | ਸਂ | ਸਂ | ਪ | ਪ | ਸਂਸਂ | - | ਸਂ | ਨੁ | ਧੁ | ਪ | ਗੁ | - | ਮ | ਪ |
| ਅ | ਹਿ | ਲਿ | ਆ | ਇ | ਸ | ਤ੍ਰੀ | S | ਤਿ | S | ਸੁ | S | ਦੇ | S | ਖਿ | S |
| ਨੁ | ਧੁਧੁ | ਪ | ਪ | ਗੁ | ਗੁ | ਰ | ਸ | | | | | | | | |
| ਇੰ | ਦ੍ਰ | S | ਲੁ | ਭਾ | ਇ | ਆ | S | | | | | | | | |
| x | | | | 2 | | | | 0 | | | | 3 | | | |

ਤਾਨਾਂ:-

1) ਸਸ ਮਰ ਗੁ- ਮਪ ਸਂਨੁ ਧੁਪ ਗੁ- ਰਸ
2) ਪਪ ਮਪ ਨੁਧੁ ਮਪ ਮਮ ਪਪ ਗੁਗੁ ਰਸ
3) ਮਪ ਸਂਸਂ ਨੁਨੁ ਧੁਪ ਧੁਧੁ ਮਪ ਗੁਗੁ ਰਸ
4) ਮਪ ਮਪ ਗੁਗੁ ਰਸ ਧੁਮ ਪਪ ਗੁਗੁ ਰਸ ਮਪ ਸਂਸਂ ਨੁਧੁ ਪਪ ਮਪ ਗੁਗੁ ਰਰ ਸਸ
5) ਮਪ ਧੁਧੁ ਮਪ ਨੁਧੁ ਮਪ ਗੁਗੁ ਰਰ ਸਸ ਮਪ ਸਂਸਂ ਮਂਪਂ ਗੁਂਰਂ ਸਂਨੁ ਧੁਪ ਗੁਗੁ ਰਸ

## ਰਾਗੁ ਪ੍ਰਭਾਤੀ ਦਖਣੀ

**ਤਿਹਾਈਆਂ:-**

1) 9ਵੀਂ ਤੋਂ 12ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ. ਤੋਂ 16ਵੀਂ ਮਾਤਰ ਨੂੰ ਜੋੜ ਕੇ ਸੱਮ ਤੇ ਆਉਣਾ ਹੈ।
2) ਬੰਦਸ਼ ਅਨੁਸਾਰ ਪਹਿਲੀ ਤੋਂ 8ਵੀਂ ਮਾਤਰ ਬਰਾਬਰ ਲੈ ਕੇ ਫਿਰ 5ਵੀਂ ਤੋਂ 8ਵੀਂ ਮਾਤਰ ਦੋ ਵਾਰ ਹੋਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਪਹਿਲੀ ਤੋਂ 8ਵੀਂ ਮਾਤਰ ਨੂੰ ਪਹਿਲੀ ਮਾਤਰ ਤੋਂ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਤਿੰਨ ਵਾਰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।
4) 9ਵੀਂ ਤੋਂ 16ਵੀਂ ਮਾਤਰ ਦੇ ਟੁਕੜੇ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਮ ਕਰਨਾ ਹੈ।

### ਪ੍ਰਭਾਤੀ ਮਹਲਾ ੧॥ (੧੩੪੫-੪੬)

**ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ॥ ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ॥੧॥ ਝੂਠੀ ਦੁਰਮਤਿ ਕੀ ਚਤੁਰਾਈ॥ ਬਿਨਸਤ ਬਾਰ ਨ ਲਾਗੈ ਕਾਈ॥੧॥ਰਹਾਉ॥ ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ॥ ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ॥੨॥ ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ॥ ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ॥੩॥ ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ॥ ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ॥੪॥ ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ॥ ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ॥੫॥ ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ॥ ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ॥੬॥ ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥ ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥੭॥ ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥ ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ॥੮॥੭॥**

ਪਦ ਅਰਥ:-ਇਕਿ-ਕਈ ਬੰਦੇ, ਜਿਹੜੇ ਬੰਦੇ। ਧੁਰਿ-ਧੁਰੋਂ ਪ੍ਰਭੂ ਦੀ ਰਜ਼ਾ ਅਨੁਸਾਰ। ਬਣਤ-ਬਨਾਵਟ, ਮਨ ਦੀ ਬਣਾਵਟ। ਝੂਠੀ-ਨਾਸਵੰਤ, ਨਾਸਵੰਤ ਪਦਾਰਥਾਂ ਵਲ ਪ੍ਰੇਰਨ ਵਾਲੀ। ਚਤੁਰਾਈ-ਸਿਆਣਪ। ਬਿਨਸਤ-ਨਾਸ ਹੁੰਦਿਆਂ, ਆਤਮਕ ਮੌਤ ਹੁੰਦਿਆਂ। ਬਾਰ-ਚਿਰ। ਵਿਆਪਸਿ-ਜੋਰ ਪਾਂਦਾ ਹੈ। ਤੇ-ਤੋਂ, ਪਾਸੋਂ। ਅਭ-ਹਿਰਦਾ। ਪਚਹਿ-ਖੁਆਰ ਹੁੰਦੇ ਹਨ। ਦਿਵਾਨੇ-ਪਾਗਲ। ਊਭਿ-ਅਕਾਸ਼ ਵਿਚ। ਪਇਆਲੀ-ਪਤਾਲ ਵਿਚ। ਜਬ ਲਗਿ-ਜਦੋਂ ਤਕ। ਤਿਪਤਿ-ਸੰਤੋਖ। ਸਹਜੁ-ਆਤਮਕ ਅਡੋਲਤਾ। ਪੈਧਾ-ਸਰੋਪਾ ਲੈ ਕੇ, ਇਜ਼ੱਤ ਨਾਲ। ਦਾਨਾ-ਸਭ ਦੇ ਦਿਲਾਂ ਦੀ ਜਾਨਣ ਵਾਲਾ। ਬੀਨਾ-ਸਭ ਦੇ ਕੰਮਾਂ ਨੂੰ ਵੇਖਣ ਵਾਲਾ। ਸੁਰਤਾ-ਸੁਰਤਿ ਜੋੜਨ ਵਾਲਾ। ਨਿਰਬਾਣੀ-ਵਾਸਨਾ-ਰਹਿਤ। ਤਰੰਗ-ਲਹਿਰ। ਪਵਨੈ-ਹਵਾ। ਹੁਕਮੀ-ਹੁਕਮ ਵਿਚ ਹੀ। ਠਾਕਿ-ਰੋਕ ਰਖਿਆ। ਖਜਾਨੈ-ਖਜ਼ਾਨੇ ਵਿਚ। ਅਤੀਤਾ-ਨਿਰਲੇਪ, ਵੱਖਰੇ। ਪਖਾਲੈ-ਧੋਂਦਾ ਹੈ। ਸਾਚਾ-ਸਦਾ-ਥਿਰ ਪ੍ਰਭੂ।

## ਰਾਗੁ ਪ੍ਰਭਾਤੀ ਦਖਣੀ ਏਕ ਤਾਲ ਮਾਤਰਾਂ-12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | ਰ | ਗੁ | ਗੁਗੁ | ਮ | ਪ | ਗੁ | – | ਰ | ਰ | ਸ | ਸ |
| ਝੂ | S | ਠੀ | ਦੂਰ | ਮ | ਤਿ | ਕੀ | S | ਚ | ਤੁ | ਰਾ | ਈ |
| ਨੁਨੁ | ਧੁ | ਪ਼ | ਸ | ਮ | ਰ | ਗੁ | ਮ | ਪ | ਨੁ | ਧੁ | ਪ |
| ਬਿਨ | ਸ | ਤ | ਬਾ | S | ਰ | ਨ | ਲਾ | ਗੈ | ਕਾ | S | ਈ |
| X | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪਪ | ਪ | ਮ | ਪ | ਨੁ | ਧੁ | ਪ | ਸਂ | ਸਂਸਂ | ਨੁਧੁ | ਪ | ਸਂ |
| ਇਕਿ | ਧੁ | ਰਿ | ਬ | ਖ | ਸਿ | ਲ | ਏ | ਗੁਰਿ | ਪੂS | S | ਰੈ |
| ਸਂ | ਮਂ | ਰਂ | ਗੁਂ | ਰਂ | ਸਂ | ਨੁ | ਧੁ | ਪ | ਗੁ | ਰ | ਸ |
| ਸ | ਚੀ | S | ਬ | ਣ | ਤ | ਬ | ਣਾ | S | ਈ | S | S |
| X | | 0 | | 2 | | 0 | | 3 | | 4 | |

**ਤਾਨਾਂ:-**

1) ਸਮ ਰਰ ਗੁਗੁ ਮਪ ਧੁਧੁ ਮਪ ਸਂਨੁ ਧੁਪ ਨੁਧੁ ਪਪ ਗੁਗੁ ਰਸ
2) ਧੁਪ ਮਪ ਗੁਗੁ ਰਸ ਨੁਧੁ ਪਪ ਸਂਨੁ ਧੁਪ ਧੁਪ ਮਪ ਗੁਗੁ ਰਸ
3) ਮਪ ਨੁਨੁ ਧੁਪ ਮਪ ਸਂਸਂ ਮਂਪਂ ਗੁਂਗੁਂ ਰਂਸਂ ਨੁਧੁ ਮਪ ਗੁਗੁ ਰਸ

**ਤਿਹਾਈਆਂ:-**

1) ਪਹਿਲੀ ਤੋਂ 6ਵੀਂ ਮਾਤਰ ਦਾ ਟੁਕੜਾ ਬਰਾਬਰ ਲੈ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਪਹਿਲੀ ਮਾਤਰ ਤੇ 'ਝੂਠੀ' ਦਾ ਉਚਾਰਨ ਫਿਰ ਚੌਥੀ ਤੋਂ 6ਵੀਂ ਮਾਤਰ ਨੂੰ ਦੂਜੀ ਮਾਤਰ ਤੋਂ ਲੈ ਕੇ ਇਕ ਮਾਤਰ ਬਿਸਰਾਮ ਫਿਰ ਇਹੀ ਟੁਕੜਾ ਤੇ ਬਿਸਰਾਮ ਫਿਰ ਇਹੀ ਟੁਕੜਾ ਲੈ ਕੇ ਸੱਮ ਤੇ ਆਉਣਾ ਹੈ।
3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

# ਰਾਗੁ ਪ੍ਰਭਾਤੀ ਦਖਣੀ

## ਪ੍ਰਭਾਤੀ ਮਹਲਾ ੧॥ (੧੩੪੫)

**ਰਾਮ ਨਾਮੁ ਜਪਿ ਅੰਤਰਿ ਪੂਜਾ॥ ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ॥੧॥ ਏਕੋ ਰਵਿ ਰਹਿਆ ਸਭ ਠਾਈ॥ ਅਵਰੁ ਨ ਦੀਸੈ ਕਿਸੁ ਪੂਜ ਚੜਾਈ॥੧॥ ਰਹਾਉ ॥ ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ॥ ਜਿਉ ਭਾਵੈ ਤਿਉ ਰਖਹੁ ਅਰਦਾਸਿ॥੨॥ ਸਚੁ ਜਿਹਵਾ ਹਰਿ ਰਸਨ ਰਸਾਈ॥ ਗੁਰਮਤਿ ਛੂਟਸਿ ਪ੍ਰਭ ਸਰਣਾਈ॥੩॥ ਕਰਮ ਧਰਮ ਪ੍ਰਭਿ ਮੇਰੈ ਕੀਏ॥ ਨਾਮੁ ਵਡਾਈ ਸਿਰਿ ਕਰਮਾਂ ਕੀਏ॥੪॥ ਸਤਿਗੁਰ ਕੈ ਵਸਿ ਚਾਰਿ ਪਦਾਰਥ॥ ਤੀਨਿ ਸਮਾਏ ਏਕ ਕ੍ਰਿਤਾਰਥ॥੫॥ ਸਤਿਗੁਰਿ ਦੀਏ ਮੁਕਤਿ ਧਿਆਨਾਂ॥ ਹਰਿ ਪਦੁ ਚੀਨ੍ਹਿ ਭਏ ਪਰਧਾਨਾ॥੬॥ ਮਨੁ ਤਨੁ ਸੀਤਲੁ ਗੁਰਿ ਬੂਝ ਬੁਝਾਈ॥ ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ॥੭॥ ਕਹੁ ਨਾਨਕ ਗੁਰਿ ਬੂਝ ਬੁਝਾਈ॥ ਨਾਮ ਬਿਨਾ ਗਤਿ ਕਿਨੈ ਨ ਪਾਈ॥੮॥੬॥**

ਪਦ ਅਰਥ:-ਅੰਤਰਿ-ਹਿਰਦੇ ਵਿਚ। ਵੀਚਾਰਿ-ਆਪਣੇ ਸੋਚ-ਮੰਡਲ ਵਿਚ ਰੱਖ। ਰਵਿ ਰਹਿਆ-ਵਿਆਪਕ ਹੈ। ਠਾਈ-ਥਾਂਈ। ਜੀਅੜਾ-ਨਿੱਕੀ ਜਿਹੀ ਜਿੰਦ। ਸਚੁ-ਸਦਾ-ਥਿਰ ਪ੍ਰਭੂ ਦਾ ਨਾਮ। ਰਸਨ-ਜੀਭ। ਰਸਾਈ-ਇਕ-ਸਾਰ ਕਰ ਲਿਆ। ਪ੍ਰਭਿ ਮੇਰੈ-ਮੇਰੇ ਪ੍ਰਭੂ ਨੇ। ਸਿਰਿ ਕਰਮਾਂ-ਕਰਮਾਂ ਦੇ ਸਿਰ ਉੱਤੇ। ਤੀਨਿ-ਤਿੰਨ ਪਦਾਰਥ, (ਧਰਮ, ਅਰਥ ਤੇ ਕਾਮ) ਕ੍ਰਿਤਾਰਥ-ਸਫਲ। ਮੁਕਤਿ-ਮਾਇਆ ਦੇ ਮੋਹ ਤੋਂ ਖਲਾਸੀ। ਚੀਨ੍ਹਿ-ਪਛਾਣ ਕੇ। ਨਿਵਾਜੇ-ਵਡਿਆਇਆ ਹੈ। ਕਿਨਿ-ਕਿਸ ਨੇ? ਗਤਿ-ਉੱਚੀ ਆਤਮਕ ਅਵਸਥਾ।

## ਰਾਗੁ ਪ੍ਰਭਾਤੀ ਦਖਣੀ ਝਪ ਤਾਲ ਮਾਤਰਾਂ-10 ਵਿਲੰਭਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸ | ਮਰ | ਗੁਗੁ | ਮਮ | ਪ | ਸੰ | ਨੁਧੁ | ਮਪ | ਗੁ | ਰਸ |
| ਏ | ਕੋS | ਰਵਿ | ਰਹਿ | ਆ | ਸ | ਭS | ਠਾS | S | ਈS |
| ਮਮ | ਰ | ਗੁ | ਮ | ਪ | ਧੁਧੁ | ਮਪ | ਗੁ | ਰ | ਸ |
| ਅਵ | ਰੁ | ਨ | ਦੀ | ਸੈ | ਕਿਸੁ | ਪੂਜ | ਚ | ੜਾ | ਈ |
| X | | 2 | | | 0 | | 3 | | |

### ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਮਪ | ਨੁਨੁ | ਧੁ | ਪ | ਸੰ | ਸੰਸੰ | ਮੰਪੰ | ਗੁੰ | ਰੰਸੰ |
| ਰਾ | ਮS | ਨਾਮੁ | ਜ | ਪਿ | ਅੰ | ਤਰਿ | ਪੂS | ਜਾ | SS |
| ਸੰ | ਨੁਧੁ | ਪਪ | ਮਮ | ਪਪ | ਧੁਧੁ | ਮਪ | ਗੁਗੁ | ਰ | ਸ |
| ਗੁ | ਰS | ਸਬ | ਦੁਵੀ | ਚਾਰਿ | ਅਵ | ਰੁS | ਨਹੀ | ਦੂ | ਜਾ |
| X | | 2 | | | 0 | | 3 | | |

**ਤਾਨਾਂ:-**

1) <u>ਸਸਮਰ</u> <u>ਗੁਗੁਮਪ</u> <u>ਗੁਗੁਰਸ</u> <u>ਮਰਗੁਗੁ</u> <u>ਮਪਮਪ</u> <u>ਸੰਨੁਧੁਪ</u> <u>ਪਧੁਨੁਧੁ</u> <u>ਪਧੁਮਪ</u> <u>ਮਪਗੁਗੁ</u> <u>ਰਰਸਸ</u>

2) <u>ਸਮਰਰ</u> <u>ਗੁਗੁਮਪ</u> <u>ਸੰਨੁਧੁਪ</u> <u>ਧੁਧੁਮਪ</u> <u>ਧੁਨੁਧੁਨੁ</u> <u>ਧੁਪਮਪ</u> <u>ਸੰਸੰਮੰਰੰ</u> <u>ਗੁੰਗੁੰਰੰਸੰ</u> <u>ਨੁਧੁਮਪ</u> <u>ਗੁਗੁਰਸ</u>

**ਤਿਹਾਈਆਂ:-**

1) ਪਹਿਲੀ-ਦੂਜੀ ਮਾਤਰ ਦਾ 'ਏਕੋ' ਪਹਿਲੀ ਮਾਤਰ ਤੇ ਲੈ ਕੇ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

2) ਬੰਦਸ਼ ਅਨੁਸਾਰ ਪਹਿਲੀ ਤੋਂ 5ਵੀਂ ਮਾਤਰ ਬਰਾਬਰ ਲੈ ਕੇ ਫਿਰ 6ਵੀਂ ਮਾਤਰ ਤੇ 'ਸਭ' ਦਾ ਉਚਾਰਨ ਤੇ ਇਕ ਮਾਤਰ ਬਿਸਰਾਮ ਫਿਰ ਅਠਵੀਂ ਮਾਤਰ ਤੇ 'ਸਭ' ਦਾ ਉਚਾਰਨ ਤੇ ਬਿਸਰਾਮ ਫਿਰ 10ਵੀਂ ਮਾਤਰ ਤੇ 'ਸਭ' ਦਾ ਉਚਾਰਨ ਲੈ ਕੇ ਸੱਮ ਤੇ ਆਉਣਾ ਹੈ।

3) 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

## ਪ੍ਰਭਾਤੀ ਮਹਲਾ ੧॥ (੧੩੪੪-੪੫)

**ਆਖਣਾ ਸੁਨਣਾ ਨਾਮੁ ਅਧਾਰੁ॥ ਧੰਧਾ ਛੁਟਕਿ ਗਇਆ ਵੇਕਾਰੁ॥ ਜਿਉ ਮਨਮੁਖਿ ਦੂਜੈ ਪਤਿ ਖੋਈ॥ ਬਿਨੁ ਨਾਵੈ ਮੈ ਅਵਰੁ ਨ ਕੋਈ॥੧॥ ਸੁਣਿ ਮਨ ਅੰਧੇ ਮੂਰਖ ਗਵਾਰ॥ ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ॥੧॥ਰਹਾਉ॥ ਇਸੁ ਮਨ ਮਾਇਆ ਮੋਹਿ ਬਿਨਾਸੁ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ॥ ਗੁਰਮੁਖਿ ਵਿਰਲਾ ਚੀਨ੍ਹੈ ਕੋਈ॥ ਨਾਮ ਬਿਹੂਨਾ ਮੁਕਤਿ ਨ ਹੋਈ॥੨॥ ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ॥ ਬਿਨੁ ਗੁਰ ਬੂਝੇ ਜਮ ਕੀ ਫਾਸੀ॥ ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ॥ ਗੁਰਮੁਖਿ ਛੂਟੈ ਨਾਮੁ ਸਮ੍ਾਲਿ॥੩॥ ਆਪੇ ਸਦੇ ਢਿਲ ਨ ਹੋਇ॥ ਸਬਦਿ ਮਰੈ ਸਹਿਲਾ ਜੀਵੈ ਸੋਇ॥ ਬਿਨੁ ਗੁਰ ਸੋਝੀ ਕਿਸੈ ਨ ਹੋਇ॥ ਆਪੇ ਕਰੈ ਕਰਾਵੈ ਸੋਇ॥੪॥ ਝਗੜੁ ਚੁਕਾਵੈ ਹਰਿ ਗੁਣ ਗਾਵੈ॥ ਪੂਰਾ ਸਤਿਗੁਰੁ ਸਹਜਿ ਸਮਾਵੈ॥ ਇਹੁ ਮਨੁ ਡੋਲਤ ਤਉ ਠਹਰਾਵੈ॥ ਸਚੁ ਕਰਣੀ ਕਰਿ ਕਾਰ ਕਮਾਵੈ॥੫॥ ਅੰਤਰਿ ਜੂਠਾ ਕਿਉ ਸੁਚਿ ਹੋਇ॥ ਸਬਦੀ ਧੋਵੈ ਵਿਰਲਾ ਕੋਇ॥ ਗੁਰਮੁਖਿ ਕੋਈ ਸਚੁ ਕਮਾਵੈ॥ ਆਵਣੁ ਜਾਣਾ ਠਾਕਿ ਰਹਾਵੈ॥੬॥ ਭਉ ਖਾਣਾ ਪੀਣਾ ਸੁਖੁ ਸਾਰੁ॥ ਹਰਿ ਜਨ**

## ਰਾਗੁ ਪ੍ਰਭਾਤੀ ਦਖਣੀ

**ਸੰਗਤਿ ਪਾਵੈ ਪਾਰੁ॥ ਸਚੁ ਬੋਲੈ ਬੋਲਾਵੈ ਪਿਆਰੁ॥ ਗੁਰ ਕਾ ਸਬਦੁ ਕਰਣੀ ਹੈ ਸਾਰੁ॥੭॥ ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ॥ ਹਰਿ ਰਸੁ ਚਾਖਿਆ ਤਉ ਮਨੁ ਭੀਜਾ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ॥੮॥੫॥**

ਪਦ ਅਰਥ:-ਅਧਾਰੁ-ਆਸਰਾ। ਵੇਕਾਰੁ-ਵਿਅਰਥ। ਮਨਮੁਖਿ-ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ। ਦੂਜੈ-ਪ੍ਰਭੂ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਵਿਚ। ਪਤਿ-ਇਜ਼ੱਤ। ਮਨ ਗਵਾਰ-ਹੇ ਅਮੋੜ ਮਨ! ਲਾਜ ਨਹੀਂ ਲਾਗੈ-ਸ਼ਰਮ ਨਹੀਂ ਆਉਂਦੀ। ਬਾਰੋ ਬਾਰ-ਮੁੜ ਮੁੜ। ਬਿਨਾਸੁ-ਆਤਮਕ ਮੌਤ। ਕਾਸੁ-ਕਿਸ ਨੂੰ? ਚੀਨੈ-ਪਛਾਣਦਾ ਹੈ। ਭ੍ਰਮਿ-ਭਟਕ ਕੇ। ਊਭਿ-ਉੱਚਾ, ਅਕਾਸ਼ ਵਿਚ। ਪਇਆਲਿ-ਪਤਾਲ ਵਿਚ। ਸਹਿਲਾ-ਸੌਖਾ। ਸਹਿਜ-ਆਤਮਕ ਅਡੋਲਤਾ ਵਿਚ। ਸਚੁ-ਸਦਾ-ਥਿਰ ਪ੍ਰਮਾਤਮਾ ਦੇ ਨਾਮ ਸਿਮਰਨ। ਸੁਚਿ-ਪਵਿੱਤ੍ਰਤਾ। ਕੋਇ-ਕੋਈ ਵਿਰਲਾ। ਠਾਕਿ-ਰੋਕ ਕੇ। ਭਉ-ਡਰ, ਅਦਬ। ਸਾਰੁ-ਸ੍ਰੇਸਟ। ਪਾਰੁ-ਪਾਰਲਾ ਬੰਨਾ। ਜਸੁ-ਸਿਫ਼ਤਿ ਸਾਲਾਹ। ਭੂੰਜਾ-ਭੁੰਨਿਆ ਹੈ, ਸਾੜ ਦਿੱਤਾ ਹੈ।

### ਰਾਗੁ ਪ੍ਰਭਾਤੀ ਦਖਣੀ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਮਮ | ਪ | ਪ | ਨੁ | ਧੁ | ਪ | – | ਪ | ਮ | ਪ | ਗੁ | ਗੁ | ਰ | ਸ |
| ਸੁਣਿ | ਮ | ਨ | ਅੰ | ऽ | ਧੇ | ऽ | ਮੂ | ਰ | ਖ | ਗ | ਵਾ | ਰ | ऽ |
| ਸ | ਮ | ਰ | ਗੁ | – | ਮ | ਪ | ਧੁ | ਮ | ਪਪ | ਸੰ | ਨੁ | ਧੁ | ਪ |
| ਆ | ਵ | ਤ | ਜਾ | ऽ | ਤ | ऽ | ਲਾ | ਜ | ਨਹੀ | ਲਾ | ऽ | ਗੈ | ऽ |
| ਪਪ | ਸੰ | ਸੰ | ਨੁ | ਧੁ | ਪ | – | ਮ | ਪ | – | ਗੁ | – | ਰ | ਸ |
| ਬਿਨੁ | ਗੁ | ਰ | ਬੂ | ऽ | ਡੈ | ऽ | ਬਾ | ਰੋ | ऽ | ਬਾ | ऽ | ਰ | ऽ |
| x | | | 2 | | | | 0 | | | 3 | | | |

#### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਮ | ਪ | ਨੁ | ਧੁ | ਪ | – | ਸੰ | ਸੰ | – | ਪ | ਪ | ਸੰ | – |
| ਆ | ਖ | ਣਾ | ਸੁ | ਨ | ਣਾ | ऽ | ਨਾ | ਮੁ | ऽ | ਅ | ਧਾ | ਰੁ | ऽ |
| ਸੰ | ਨੁ | ਧੁ | ਪ | ਪ | ਮ | ਪ | ਮਮ | ਪ | ਗੁ | ਰ | ਰ | ਸ | – |
| ਧੰ | ਧਾ | ऽ | ਛੁ | ਟ | ਕਿ | ऽ | ਗਇ | ਆ | ऽ | ਵੇ | ਕਾ | ਰੁ | ऽ |
| x | | | 2 | | | | 0 | | | 3 | | | |

# ੩੨ - ਰਾਗੁ ਬਿਭਾਸ ਪ੍ਰਭਾਤੀ

ਰਾਗੁ ਬਿਭਾਸ ਪ੍ਰਭਾਤੀ ਦਾ ਰਾਗ ਬਿਭਾਸ ਤੇ ਰਾਗ ਪ੍ਰਭਾਤੀ ਦੇ ਮਿਸ਼ਰਨ ਤੋਂ ਸਰੂਪ ਬਣਿਆ ਹੈ। ਭਾਰਤੀ ਸੰਗੀਤ ਦੇ ਗ੍ਰੰਥਕਾਰਾਂ ਇਸ ਮਿਸ਼ਰਤ ਰਾਗ ਬਾਰੇ ਕੋਈ ਵਰਨਣ ਨਹੀਂ ਦਿੱਤਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਵਿਚ ਬਾਣੀ ਦੀ ਰਚਨਾ ਉਪਲਬਧ ਹੈ। ਰਾਗ ਬਿਭਾਸ ਬਾਰੇ ਵਰਨਣ ਇਸ ਪੁਸਤਕ ਦੇ ਰਾਗ ਪ੍ਰਭਾਤੀ ਬਿਭਾਸ ਵਿਚ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਰਾਗ ਪ੍ਰਭਾਤੀ ਬਾਰੇ ਵਿਸ਼ੇਸ਼ ਜਾਣਕਾਰੀ 'ਗੁਰਮਤਿ ਸੰਗੀਤ ਦਰਪਣ' ਭਾਗ-ਦੂਜਾ ਪੰਨਾ ੪੩੧ ਤੋਂ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਗੁਰਮਤਿ ਸੰਗੀਤ ਦੇ ਕੁਝ ਗ੍ਰੰਥਕਾਰਾਂ ਨੇ ਇਸ ਕਠਿਨ ਮਿਸ਼ਰਤ ਰਾਗ ਬਿਭਾਸ ਪ੍ਰਭਾਤੀ ਬਾਰੇ ਚਰਚਾ ਕੀਤੀ ਹੈ। ਵੈਸੇ ਕ੍ਰਿਆਤਮਕ ਪੱਖ ਤੋਂ ਵੀ ਐਸੇ ਅਪ੍ਰਚਲਿਤ ਤੇ ਮਿਸ਼ਰਤ ਰਾਗਾਂ ਦਾ ਗਾਇਣ ਕਠਿਨ ਪੈਂਦਾ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿੱਚੋਂ ਪ੍ਰੋ. ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਹਿਬ ਰਾਗ ਰਤਨਾਵਲੀ' ਅਨੁਸਾਰ ਰਾਗ ਬਿਭਾਸ ਪ੍ਰਭਾਤੀ ਦੇ ਪੂਰਵਾਅਰਧ ਵਿਚ ਰਾਗ ਬਿਭਾਸ ਤੇ ਉਤਰਾਅਰਧ ਵਿਚ ਰਾਗ ਪ੍ਰਭਾਤੀ ਦੀਆਂ ਸੁਰਾਵਲੀਆਂ ਵਿਚਰਦੀਆਂ ਹਨ। ਇਸ ਰਾਗ ਦਾ ਥਾਟ-ਭੈਰਵ, ਰਿਸ਼ਭ ਧੈਵਤ ਕੋਮਲ ਦੋ ਮਧਿਅਮ ਹੋਰ ਸਵਰ ਸ਼ੁਧ ਹਨ। ਵਾਦੀ ਧੈਵਤ ਤੇ ਸੰਵਾਦੀ ਰਿਸ਼ਭ ਹੈ ਤੇ ਗਾਉਣ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ। ਇਸ ਦੇ ਆਰੋਹ ਅਵਰੋਹ ਵਿਚ ਵਕਰ ਰੂਪ ਵਿਚ ਸਤ ਸਵਰ ਲਗਦੇ ਹਨ, ਇਸ ਲਈ ਜਾਤੀ-ਵਕਰ ਸੰਪੂਰਨ ਹੈ। ਆਰੋਹ- ਸ ਰੁ ਗ ਪ, ਧੁ ਧੁ ਪ ਗ ਮ ਪ ਧੁ ਨ ਸੰ। ਅਵਰੋਹ- ਸੰ ਨ ਧੁਪ, ਮ ਮ̍ ਮ ਗ, ਪ ਗ ਰੁ ਸ। ਮੁਖ ਅੰਗ-ਗ ਪ ਧੁ ਧੁ ਪ, ਮ ਮ̍ ਮ ਗ, ਪ ਗ, ਰੁ ਸ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ-ਕੋਸ਼' ਅਨੁਸਾਰ ਥਾਟ - ਭੈਰਵ, ਜਾਤੀ-ਵਕਰ ਸੰਪੂਰਨ, ਸਮਾਂ-ਸਵੇਰ, ਵਾਦੀ-ਧੈਵਤ, ਸੰਵਾਦੀ-ਗੰਧਾਰ ਜਾਂ ਰਿਸ਼ਭ। ਆਰੋਹ- ਸ ਰੁ ਗ ਪ, ਗ ਮ ਪ ਧੁ ਨ ਸੰ। ਅਵਰੋਹ- ਸੰ ਨ ਧੁ ਪ, ਮ̍ ਮ ਗ, ਪ ਗ ਰੁ ਸ। ਪਕੜ- ਗ ਮ ਧੁ ਧੁ ਪ ਮ ਮ̍ ਗ, ਮ̍ ਗ ਰੁ ਸ।

ਗੁਰਮਤਿ ਸੰਗੀਤ ਦੇ ਇਨ੍ਹਾਂ ਵਿਦਵਾਨਾਂ ਨੇ ਰਾਗੁ ਬਿਭਾਸ ਪ੍ਰਭਾਤੀ ਦੇ ਸਰੂਪ ਲਈ ਰਾਗੁ ਬਿਭਾਸ ਭੈਰਵ ਥਾਟ ਨਾਲ ਰਾਗ ਪ੍ਰਭਾਤੀ ਭੈਰਵ ਥਾਟ ਨੂੰ ਜੋੜਿਆ ਹੈ। ਇਥੇ ਰਾਗ ਬਿਭਾਸ ਭੈਰਵ ਥਾਟ ਤੇ ਰਾਗ ਪ੍ਰਭਾਤੀ ਦੇ ਕਲਿਆਨ ਥਾਟ ਦੇ ਸੀਨਾ-ਬਾ-ਸੀਨਾ ਚਲੇ ਆ ਰਹੇ ਪ੍ਰੰਪਰਾਗਤ ਸਰੂਪ ਨੂੰ ਹੀ ਲਿਆ ਹੈ। ਮਿਸ਼ਰਤ ਰਾਗਾਂ ਦੇ ਸਰੂਪਾਂ ਲਈ ਆਰੋਹ ਪਹਿਲੇ ਰਾਗ ਦਾ ਤੇ ਅਵਰੋਹ ਦੂਜੇ ਰਾਗ ਦਾ ਜੋੜ ਕੇ ਰਾਗਾਂ ਦੇ ਸਰੂਪ ਦਿੱਤੇ ਗਏ

ਹਨ। ਇਸ ਤਰ੍ਹਾਂ ਹੀ ਇੱਥੇ ਰਾਗ ਬਿਭਾਸ ਪ੍ਰਭਾਤੀ ਦੇ ਸਰੂਪ ਲਈ ਆਰੋਹ ਰਾਗ ਬਿਭਾਸ ਦਾ ਤੇ ਅਵਰੋਹ ਰਾਗ ਪ੍ਰਭਾਤੀ ਦਾ ਦਿੱਤਾ ਗਿਆ ਹੈ। ਰਾਗ ਨਿਰਣਾਇਕ ਕਮੇਟੀ ਨੇ ਬਿਭਾਸ ਪ੍ਰਭਾਤੀ ਦੇ ਸਰੂਪ ਨੂੰ ਆਰੋਹ ਵਿਚ ਬਿਭਾਸ ਤੇ ਅਵਰੋਹ ਵਿਚ ਪ੍ਰਭਾਤੀ ਜੋੜ ਕੇ ਹੀ ਪ੍ਰਵਾਣਿਤ ਕੀਤਾ ਹੈ। ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਵਿਚ ਵੀ ਇਹੀ ਸਰੂਪ ਦਿੱਤਾ ਗਿਆ ਹੈ। ਰਾਗੁ ਬਿਭਾਸ ਪ੍ਰਭਾਤੀ ਦਾ ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗੁ ਪ੍ਰਭਾਤੀ ਮੁਖ ਰਾਗ ਨੂੰ ਤੀਹਵਾਂ ਅਸਥਾਨ ਪ੍ਰਾਪਤ ਹੈ। ਇਸ ਰਾਗ ਦੇ ਅੰਤਰਗਤ ਮਿਸ਼ਰਤ ਰਾਗਾਂ ਵਿਚੋਂ ਰਾਗੁ ਪ੍ਰਭਾਤੀ ਬਿਭਾਸ, ਰਾਗ ਪ੍ਰਕਾਰਾਂ ਵਿਚੋਂ ਪ੍ਰਭਾਤੀ ਦਖਣੀ ਤੇ ਇਥੇ ਮਿਸ਼ਰਤ ਰਾਗਾਂ ਵਿਚੋਂ ਰਾਗੁ ਬਿਭਾਸ ਪ੍ਰਭਾਤੀ ਵਿੱਚ ਬਾਣੀ ਦੀ ਰਚਨਾ ਇਸ ਪ੍ਰਕਾਰ ਹੈ। ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ ਦੇ ਸਿਰਲੇਖ ਹੇਠ ਪੰਨਾ ੧੩੪੭ ਤੋਂ ੧੩੪੯ ਸ਼ਬਦ ਅੰਕ ॥੮॥੧॥ ਤੋਂ ॥੮॥੩॥੨॥੭॥੧੨॥ ਤਿੰਨ ਸ਼ਬਦ ਹਨ। ਭਗਤ ਬਾਣੀ ਵਿਚ ਪੰਨਾ ੧੩੪੯ ਤੋਂ ੧੩੫੦ ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ ਸ਼ਬਦ ਅੰਕ ॥੪॥੧॥ ਤੋਂ ॥੩॥੫॥ ੫ ਸ਼ਬਦਾਂ ਦੀ ਰਚਨਾ ਹੈ।

**ਪਰੀਚੈ:-**

ਰਾਗੁ - ਬਿਭਾਸ ਪ੍ਰਭਾਤੀ — ਥਾਟ - ਉਪਥਾਟ-ਭੈਰਵ ਕਲਿਆਨ

ਸਵਰ - ਦੋਵੇਂ ਰਿਸ਼ਭ ਦੋਵੇਂ ਧੈਵਤ ਹੋਰ ਸ਼ੁਧ

ਵਰਜਿਤ ਸਵਰ-ਆਰੋਹ ਵਿਚ ਮਧਿਅਮ ਤੇ ਨਿਸ਼ਾਦ, ਅਵਰੋਹ ਵਿਚ ਮਧਿਅਮ

ਜਾਤੀ-ਔੜਵ-ਸ਼ਾੜਵ — ਵਾਦੀ-ਪੰਚਮ

ਸੰਵਾਦੀ-ਸ਼ੜਜ — ਸਮਾਂ - ਸਵੇਰ ਦਾ

ਆਰੋਹ- ਸ ਰੁ ਗ ਪ ਧੁ ਸੰ

ਅਵਰੋਹ- ਸੰ ਨ ਧ ਨ - ਪ, ਗ ਰ ਸ

ਮੁਖ ਅੰਗ- (ਪਕੜ) ਗ ਪ, ਧੁ ਪ, ਸੰ ਨਧ ਨ - ਪ, ਗ ਰ ਸ

**ਸਵਰ ਵਿਸਥਾਰ:-**

1) ਸ, ਧ਼ੁ - ਸ, ਨ਼ ਧ਼ ਨ਼ - ਪ਼, ਪ਼ ਧ਼ੁ - ਸ, ਸ ਰੁ , ਰੁ ਗ ਪ, ਗ ਪ ਧੁ ਗ ਪ, ਗ ਪ ਧ ਪ ਨ ਧ - ਪ, ਪ ਧੁ ਗ ਪ, ਧੁ ਗ ਪ, ਧ ਪ ਗ, ਧ ਪ ਗ ਰ ਸ

2) ਸ ਰੁ ਗ, ਗ ਪ, ਧੁ ਪ, ਗ ਪ ਧੁ ਗ ਪ, ਪ ਧ ਨ ਧ, ਧ ਪ ਗ, ਗ ਪ ਧੁ - ਸੰ, ਧੁ - ਸੰ, ਸੰ ਨ ਧ ਨ - ਪ, ਪ ਧ - ਪ, ਧ ਪ ਗ -, ਗ ਪ ਧੁ ਗ ਪ, ਧ - ਪ ਗ, ਧ ਪ ਗ ਰ, ਗ ਰ ਸ

3) ਪ ਧੁ - ਸੰ, ਗ ਪ ਧੁ - ਸੰ, ਸੰ ਨ ਧ ਨ - ਪ, ਧੁ - ਸੰ, ਸੰ ਰੁੰ - ਗੰ, ਗੰ ਪੰ, ਪੰ ਧੁੰ - ਗੰ ਪੰ, ਧੰ ਪੰ ਗੰ ਰੰ, ਗੰ ਰੰ ਸੰ, ਪ ਧੁ ਸੰ, ਨ ਧ ਨ - ਪ, ਪ ਧੁ ਗ ਪ, ਧ ਪ ਗ ਰ, ਗ ਰ ਸ, ਧ਼ੁ - ਸ।

**ਪ੍ਰਭਾਤੀ॥(ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ॥)(੧੩੪੯-੫੦)**

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥੨॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋੲੀ॥੩॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥ ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥੪॥੩॥**

ਪਦ ਅਰਥ:-ਅਵਲਿ-ਸਭ ਤੋਂ ਪਹਿਲਾਂ, ਸ਼ੁਰੂ ਵਿਚ, ਸਭ ਦਾ ਮੂਲ। ਅਲਹ ਨੂਰੁ-ਅੱਲਾਹ ਦਾ ਨੂਰ, ਪ੍ਰਮਾਤਮਾ ਦੀ ਜੋਤ। ਉਪਾਇਆ-ਪੈਦਾ ਕੀਤਾ।ਕੁਦਰਤਿ ਕੇ-ਖੁਦਾ ਦੀ ਕੁਦਰਤ ਦੇ। ਨੂਰ-ਜੋਤ।ਕੋ-ਕੌਣ। ਲੋਗਾ-ਹੇ ਲੋਕੋ! ਖਾਲਿਕੁ-ਪੈਦਾ ਕਰਨ ਵਾਲਾ ਪ੍ਰਭੂ। ਖਲਕ-ਖ਼ਲਕਤ। ਸ੍ਰਬ ਠਾਂਈ-ਸਭ ਥਾਂ। ਭਾਂਤਿ-ਕਿਸਮ। ਸਾਜੀ-ਪੈਦਾ ਕੀਤੀ, ਬਣਾਈ। ਪੋਚ-ਐਬ, ਊਣਤਾਈ। ਸੋਈ-ਉਹੀ ਪ੍ਰਭੂ। ਅਲਖੁ-ਜਿਸ ਦਾ ਮੁਕੰਮਲ ਸਰੂਪ ਬਿਆਨ ਨਹੀਂ ਹੋ ਸਕਦਾ। ਗੁੜੁ- (ਪ੍ਰਮਾਤਮਾ ਦੇ ਗੁਣਾਂ ਦੀ ਸੂਝ-ਰੂਪ) ਗੁੜ। ਗੁਰਿ-ਗੁਰੂ ਨੇ। ਸੰਕਾ-ਸ਼ੱਕ, ਭੁਲੇਖਾ। ਸਰਬ-ਸਾਰਿਆਂ ਵਿਚ। ਨਿਰੰਜਨੁ-ਮਾਇਆ-ਰਹਿਤ ਪ੍ਰਭੂ।

## ਰਾਗੁ ਬਿਭਾਸ ਪ੍ਰਭਾਤੀ ਤੀਨ ਤਾਲ ਮਾਤਰਾਂ-16 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸ | ਰੁ | ਗ | ਪ | ਧੁ | ਧੁ | ਗ | ਪ |
| | | | | | | | | ਲੋ | S | ਗਾ | S | ਭ | ਰ | ਮਿ | ਨ |
| ਪ | - | ਨ | ਧ | ਪ | ਗ | ਰ | ਸ | ਸ | ਰੁ | ਰੁ | ਗ | ਪ | ਧੁ | ਗ | ਪ |
| ਭੂ | S | ਲ | ਹੁ | ਭਾ | S | ਈ | S | ਖਾ | S | ਲਿ | ਕੁ | ਖ | ਲ | ਕ | S |
| ਧ | ਪ | ਨ | ਧਧ | ਸੰ | ਨ | ਧ | ਧ | ਪ | - | ਧੁ | - | ਸੰ | ਸੰ | ਧੁ | ਸੰ |
| ਖ | ਲ | ਕ | ਮਹਿ | ਖਾ | S | ਲਿ | ਕੁ | ਪੂ | S | ਰਿ | S | ਰ | ਹਿ | ਓ | S |
| ਸੰਸੰ | ਨਧ | ਨ | ਪ | ਗ | ਰ | ਗਰ | ਸ | | | | | | | | |
| ਸ੍ਰ | ਬS | ਠਾ | S | ਈ | S | SS | S | | | | | | | | |
| X | | | | 2 | | | | 0 | | | | 3 | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ | ਗ | ਪ | - | ਧੁ | ਗ | ਪ | ਧੁ |
| | | | | | | | | ਅ | ਵ | ਲਿ | S | ਅ | S | ਲ | ਹ |
| ਸੰ | - | ਨ | ਧ | ਨ | ਨ | ਧ | ਪ | ਪ | ਧੁ | ਗ | ਪ | ਧੁ | ਸੰ | ਧੁ | ਸੰ |
| ਨੂ | S | ਰੁ | S | ਉ | ਪਾ | ਇ | ਆ | ਕੁ | ਦ | ਰ | ਤਿ | ਕੇ | S | S | S |
| ਨ | ਧ | ਨ | ਪ | ਗ | ਰ | ਗਰ | ਸ | | | | | | | | |
| ਸ | S | ਭ | S | ਬੰ | S | ਦੇS | S | | | | | | | | |
| X | | | | 2 | | | | 0 | | | | 3 | | | |

ਰਾਗੁ ਬਿਭਾਸ ਪ੍ਰਭਾਤੀ

ਤਾਨਾਂ:-

1) ਸਰੁ ਗਾਪ ਗਾਪ ਧੁਧੁ ਸੰਸੰ ਨਧ ਨਨ ਧਪ

2) ਗਾਪ ਧੁਧੁ ਪਧੁ ਸੰਸੰ ਨਨ ਧਪ ਗਗ ਰਸ

3) ਗਾਪ ਗਾਪ ਧੁਧੁ ਪਧੁ ਸੰਨ ਧਪ ਗ- ਰਸ

4) ਸਰੁ ਗਾਪ ਗਾਪ ਧੁਧੁ ਪਪ ਧਪ ਗਗ ਰਸ ਗਾਪ ਧੁਧੁ ਸੰਸੰ ਨਧ
ਨਪ ਧਪ ਗਗ ਰਸ

5) ਸਰੁ ਗਾਪ ਰੁਗ ਪਧੁ ਗਾਪ ਧੁਧੁ ਪਧੁ ਸੰਸੰ ਸੰਸੰ ਨਧ ਨਨ ਧਪ
ਧਪ ਗਰ ਗਗ ਰਸ

ਤਿਹਾਈਆਂ:-

1) 9ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਫਿਰ 13ਵੀਂ ਤੋਂ 16ਵੀਂ ਮਾਤਰ ਨੂੰ ਨਾਲ ਬਰਾਬਰ ਜੋੜ ਕੇ ਸੱਮ ਤੇ ਆਉਣਾ ਹੈ।

2) 9ਵੀਂ ਤੋਂ 8ਵੀਂ ਮਾਤਰ ਦੇ ਇਕ ਚੱਕਰ ਦੀ 9ਵੀਂ ਤੋਂ 16ਵੀਂ ਮਾਤਰ ਤਕ ਦੁਗੁਨ ਲੈ ਕੇ ਫਿਰ 9ਵੀਂ ਤੋਂ ਚੌਥੀ ਮਾਤਰ ਦੇ 12 ਮਾਤਰਾਂ ਦੇ ਟੁਕੜੇ ਨੂੰ ਦੋ ਵਾਰ ਦੁਗੁਨ ਵਿੱਚ ਲੈ ਕੇ ਫਿਰ 9ਵੀਂ ਤੋਂ 16ਵੀਂ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਸੱਮ ਤੇ ਆਉਣਾ ਹੈ।

3) ਬੰਦਸ਼ ਅਨੁਸਾਰ 9ਵੀਂ ਤੋਂ 16ਵੀਂ ਮਾਤਰ ਨੂੰ 9ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਪ੍ਰਭਾਤੀ॥ (ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ॥) (੧੩੫੦)

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥੧॥ ਮੁਲਾਂ ਕਹਹੁ ਨਿਆਉ ਖੁਦਾਈ॥ ਤੇਰੇ ਮਨ ਕਾ ਭਰਮੁ ਨ ਜਾਈ॥੧॥ਰਹਾਉ॥ ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ॥ ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥੨॥ ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ॥ ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ॥੩॥ ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ॥ ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ॥੪॥੪॥

ਪਦ ਅਰਥ:-ਮੁਲਾਂ-ਹੇ ਮੁੱਲਾਂ! ਕਹਹੁ-ਸੁਣਾਉਂਦਾ ਹੈਂ। ਨਿਆਉ-ਇਨਸਾਫ। ਆਨਿਆ-ਲਿਆਂਦਾ। ਦੇਹ-ਸਰੀਰ। ਬਿਸਮਿਲਿ-ਖੁਦਾ ਵਾਸਤੇ ਜ਼ਬਹ ਕਰਨਾ। ਜੋਤਿ ਸਰੂਪ-ਉਹ ਪ੍ਰਭੂ ਜਿਸ ਦਾ ਸਰੂਪ ਜੋਤ ਹੀ ਜੋਤ ਹੈ, ਜੋ ਨਿਰਾ ਨੂਰ ਹੀ

ਨੂਰ ਹੈ, ਹਰ ਥਾਂ ਮੌਜੂਦ ਹੈ। ਅਨਾਹਤ-ਅਵਨਾਸੀ ਪ੍ਰਭੂ ਦੀ। ਹਲਾਲੁ-ਜਾਇਜ਼, ਭੇਟਾ ਕਰਨ-ਜੋਗ, ਰੱਬ ਦੇ ਨਾਮ ਤੇ ਕੁਰਬਾਨੀ ਦੇਣ ਦੇ ਲਾਇਕ। ਉਜ਼ੂ-ਉਜ਼ੂ, ਨਮਾਜ਼ ਪੜ੍ਹਨ ਤੋਂ ਪਹਿਲਾਂ ਹੱਥ ਪੈਰ ਮੂੰਹ ਧੋਣ ਦੀ ਕ੍ਰਿਆ। ਨਾਪਾਕੁ-ਪਲੀਤ, ਅਪਵਿੱਤਰ, ਮੈਲਾ, ਮਲੀਨ। ਪਾਕੁ-ਪਵਿੱਤਰ ਪ੍ਰਭੂ। ਮਰਮੁ-ਭੇਤ। ਭਿਸਤਿ-ਬਹਿੱਸ਼ਤ। ਚੂਕਾ-ਖੁੰਝ ਗਿਆ ਹੈਂ। ਸਿਉ-ਨਾਲ। ਮਾਨਿਆ-ਪਤੀਜ ਗਿਆ ਹੈ।

## ਰਾਗੁ ਬਿਭਾਸ ਪ੍ਰਭਾਤੀ ਏਕ ਤਾਲ ਮਾਤਰਾਂ–12 ਮੱਧ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਗ | ਪ | ਧੁ | ਧੁ | ਗਗ | ਪ | ਨਧ | ਪ | ਗ | ਰ | ਗਰ | ਸ |
| ਮੁ | ਲਾਂ | S | ਕ | ਹਹੁ | S | ਨਿS | ਆ | ਉ | ਖੁ | ਦਾS | ਈ |
| ਸਰੁ | ਗ | ਪ | ਗਪ | ਧੁ | ਸੰ | ਸੰ | ਨਧ | ਨ | ਧਪ | ਗਰ | ਸ |
| ਤੇS | S | ਰੇ | ਮS | ਨ | ਕਾ | ਭ | ਰS | ਮੁ | ਨS | ਜਾS | ਈ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਗ | ਪ | ਧੁ | ਪ | ਧੁ | ਧੁ | ਸੰ | ਸੰਸੰ | ਸੰਸੰ | ਨਧ | ਨ | ਧ |
| ਬੇ | S | ਦ | ਕ | ਤੇ | ਬ | ਕ | ਹਹੁ | ਮਤ | ਝੂS | S | ਠੇ |
| ਪ | ਧੁ | – | ਸੰ | ਧੁ | ਸੰ | ਸੰਨ | ਧ | ਪ | ਗਰ | ਗਰ | ਸ |
| ਝੂ | ਠਾ | S | ਜੋ | S | ਨ | ਬਿS | ਚਾ | S | ਰੈS | SS | S |
| x | | 0 | | 2 | | 0 | | 3 | | 4 | |

**ਤਾਨਾਂ:–**

1) ਸਰੁ ਗਪ ਧੁਧੁ ਪਧੁ ਸੰਸੰ ਨਧ ਨਨ ਧਪ ਧਪ ਗਰ ਗਰ ਸ–
2) ਗਪ ਧੁਗ ਪਧੁ ਗਪ ਧੁਧੁ ਸੰਸੰ ਰੰਸੰ ਨਧ ਨਪ ਧਪ ਗਗ ਰਸ
3) ਸਰੁ ਗਪ ਰੁਗ ਪਧੁ ਗਪ ਧੁਧੁ ਸੰਸੰ ਨਧ ਨਪ ਧਪ ਗਗ ਰਸ

**ਤਿਹਾਈਆਂ:–**

1) ਬੰਦਸ਼ ਅਨੁਸਾਰ ਪਹਿਲੀ ਤੋਂ ਛੇਵੀਂ ਮਾਤਰ ਬਰਾਬਰ ਲੈ ਕੇ ਫਿਰ ਚੌਥੀ ਤੋਂ ਛੇਵੀਂ ਮਾਤਰ ਦੇ ਟੁਕੜੇ ਨੂੰ ਦੋ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਤੀਜੀ ਮਾਤਰ ਤੇ 'ਕ' ਚੌਥੀ ਮਾਤਰ ਤੇ 'ਹਹੁ' ਦਾ ਲਗਾਉ ਦੇ ਕੇ ਪਹਿਲੀ ਤੋਂ ਚੌਥੀ ਮਾਤਰ ਦੇ ਟੁਕੜੇ ਨੂੰ ਪਹਿਲੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।

3) 7ਵੀਂ ਤੋਂ 12ਵੀਂ ਮਾਤਰ ਦੇ ਟੁਕੜੇ ਨੂੰ 7ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

**ਪ੍ਰਭਾਤੀ॥ (ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ॥) (੧੩੪੯)**

**ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥ ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥੧॥ ਅਲਹ ਰਾਮ ਜੀਵਉ ਤੇਰੇ ਨਾਈ॥ ਤੂ ਕਰਿ ਮਿਹਰਾਮਤਿ ਸਾਈ ॥੧॥ਰਹਾਉ॥ ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥ ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥ ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ॥ ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ॥੩॥ ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥ ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥੪॥ ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥ ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥ ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥**

ਪਦ ਅਰਥ:-ਕੇਰਾ-ਦਾ। ਦੁਹ ਮਹਿ-ਦੋਹਾਂ ਵਿਚੋਂ। ਹੇਰਾ-ਵੇਖਿਆ। ਜੀਵਉ-ਜੀਵਉਂ, ਮੈਂ ਜੀਵਾਂ। ਨਾਈ-ਨਾਮ ਦੀ ਬਰਕਤਿ ਨਾਲ, ਨਾਮ ਸਿਮਰ ਕੇ, ਨਾਮ ਦੀ ਰਾਹੀਂ। ਮਿਹਰਾਮਤਿ-ਮਿਹਰ ਕਰ। ਦਖਨ ਦੇਸਿ-ਜਗਨ ਨਾਥ ਪੁਰੀ ਜੋ ਕਬੀਰ ਜੀ ਦੇ ਵਤਨ ਬਨਾਰਸ ਤੋਂ ਦੱਖਣ ਵਲ ਹੈ। ਪਛਿਮਿ-ਪੱਛਮ ਵੱਲ। ਅਲਹ-ਅਲਾਹ ਦਾ, ਰੱਬ ਦਾ। ਦਿਲ-ਦਿਲ ਵਿਚ। ਦਿਲੈ ਦਿਲਿ-ਦਿਲ ਹੀ ਦਿਲ ਵਿਚ। ਠਉਰ-ਥਾਂ। ਗਿਆਸ-ਇਕਾਦਸ਼ੀ। ਚਉਬੀਸਾ-ਸਾਲ ਵਿਚ, ਹਰ ਮਹੀਨੇ ਦੋ ਇਕਾਦਸ਼ੀਆਂ। ਮਹ ਰਮਜਾਨਾ-ਰਮਜ਼ਾਨ ਦਾ ਮਹੀਨਾ। ਮਾਸ-ਮਹੀਨੇ। ਪਾਸ ਕੈ-ਲਾਂਭੇ ਕਰ ਕੇ। ਉਡੀਸੇ-ਉਡੀਸੇ ਪ੍ਰਾਂਤ ਦੇ ਤੀਰਥ ਜਗਨ ਨਾਥ ਪੁਰੀ। ਮਜਨੁ-ਤੀਰਥ-ਇਸ਼ਨਾਨ। ਨਾਂਏਂ-ਨਿਵਾਇਆ। ਅਉਰਤ-ਜ਼ਨਾਨੀਆਂ। ਮਰਦਾ-ਮਨੁੱਖ। ਪੂੰਗਰਾ-ਨਿੱਕਾ ਜਿਹਾ ਬਾਲ, ਅੰਞਾਣਾ ਬੱਚਾ। ਨਰਵੈ-ਹੇ ਨਾਰੀਓ! ਨਿਹਚੈ-ਜ਼ਰੂਰ, ਨਿਸ਼ਚੇ ਨਾਲ।

## ਰਾਗੁ ਬਿਭਾਸ ਪ੍ਰਭਾਤੀ ਝਪ ਤਾਲ ਮਾਤਰਾਂ-10 ਵਿਲੰਬਿਤ ਲੈਅ

### ਅਸਥਾਈ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਗ | ਪਪ | ਧੁ | - | ਪਧੁ | ਸਂ | ਨਧ | ਨਨ | ਧ | ਪਧ |
| ਅ | ਲਹ | ਰਾ | S | ਮS | ਜੀ | ਵਉ | ਤੇਰੇ | ਨਾ | ਈS |
| ਗਪ | ਧੁਧੁ | ਗਪ | ਧੁ | ਗਪ | ਧਪ | ਗ | ਰ | ਗਰ | ਸ |
| ਤੂS | ਕਰਿ | ਮਿਹ | ਰਾ | ਮਤਿ | ਸਾS | S | ਈ | SS | S |
| X | | 2 | | | 0 | | 3 | | |

**ਅੰਤਰਾ**

| | | | | | | | | | |
|---|---|---|---|---|---|---|---|---|---|
| ਗ | ਪਪ | ਧੁ | ਪ | ਧੁ | ਸੰਸੰ | ਸੰ | ਸੰ | ਨਧ | ਨਧ |
| ਅ | ਲਹੁ | ਏ | S | ਕੁ | ਮਸੀ | ਤਿ | ਬ | ਸਤੁ | ਹੈS |
| ਪ | ਧੁਧੁ | ਸੰ | ਧੁ | ਸੰ | ਨਧ | ਨਪ | ਧਪ | ਗਰ | ਸ |
| ਅ | ਵਰੁ | ਮੁ | ਲ | ਖੁ | ਕਿS | ਸੁS | ਕੇS | ਰਾS | S |
| x | | 2 | | | 0 | | 3 | | |

**ਤਾਨਾਂ:-**

1) ਸਰੁਗਗ ਰੁਗਪਪ ਗਪਧੁਧੁ ਸੰਸੰਧੁਸੰ ਗੰਗੰਰੰਸੰ ਸੰਸੰਨਧ ਨਨਧਪ ਧਪਗਗ ਪਪਗਰ ਗਗਰਸ
2) ਸਰੁਗਪ ਧਪਗਗ ਰਸਗਪ ਧੁਧੁਸੰਸੰ ਨਨਧਪ ਪਧੁਸੰਸੰ ਗੰਗੰਰੰਸੰ ਨਧਨਪ ਧਪਗਰ ਗਗਰਸ

**ਤਿਹਾਈਆਂ:-**

1) ਪਹਿਲੀ ਮਾਤਰ ਤੇ ਪਹਿਲੀ-ਦੂਜੀ ਮਾਤਰ ਨੂੰ ਦੁਗੁਨ ਵਿੱਚ ਲੈ ਕੇ ਫਿਰ ਤੀਜੀ ਤੋਂ ਪੰਜਵੀਂ ਮਾਤਰ ਦੇ ਟੁਕੜੇ ਨੂੰ ਦੂਜੀ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
2) ਚੌਥੀ ਮਾਤਰ ਤੇ ਪੰਜਵੀਂ ਮਾਤਰ ਦੇ 'ਮ' ਦਾ ਉਚਾਰਨ ਕਰਨਾ ਹੈ ਫਿਰ 6ਵੀਂ-7ਵੀਂ ਮਾਤਰ ਦੇ ਟੁਕੜੇ ਨੂੰ 5ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਆਉਣਾ ਹੈ।
3) ਬੰਦਸ਼ ਅਨੁਸਾਰ 6ਵੀਂ ਤੋਂ 10ਵੀਂ ਮਾਤਰ ਦੇ ਟੁਕੜੇ ਨੂੰ 6ਵੀਂ ਮਾਤਰ ਤੋਂ ਤਿੰਨ ਵਾਰ ਬਰਾਬਰ ਲੈ ਕੇ ਸੱਮ ਤੇ ਮੁਕਾਅ ਕਰਨਾ ਹੈ।

ਪ੍ਰਭਾਤੀ॥ (ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ॥) (੧੩੫੦)

ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ॥ ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ॥੧॥ ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ॥ ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ॥੧॥ ਰਹਾਉ ॥ ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯ੍ਯਾਰਾ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ॥੨॥ ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥੩॥੫॥

## ਰਾਗੁ ਬਿਭਾਸ ਪ੍ਰਭਾਤੀ

ਪਦ ਅਰਥ:-ਸੁੰਨ-ਸੁੰਞ, ਅਫੁਰ ਅਵਸਥਾ। ਦੇਵਾਕਰ-ਹੇ ਚਾਨਣ ਦੀ ਖਾਣ! ਅਧਪਤਿ-ਹੇ ਮਾਲਕ! ਆਦਿ-ਹੇ ਸਾਰੇ ਜਗਤ ਦੇ ਮੂਲ! ਸਮਾਈ-ਹੇ ਸਰਬ ਵਿਆਪਕ! ਸਿਧ-ਪੁੱਗੇ ਹੋਏ ਜੋਗੀ, ਜੋਗ-ਅਭਿਆਸ ਵਿਚ ਨਿਪੁੰਨ ਜੋਗੀ। ਪੁਰਖ ਨਿਰੰਜਨ ਆਰਤੀ-ਮਾਇਆ-ਰਹਿਤ ਸਰਬ ਵਿਆਪਕ ਪ੍ਰਭੂ ਦੀ ਆਰਤੀ। ਠਾਢਾ-ਖਲੋਤਾ ਹੋਇਆ। ਨਿਗਮ-ਵੇਦ। ਅਲਖੁ-ਜਿਸ ਦੇ ਕੋਈ ਖਾਸ ਚਿੰਨ ਚੂਕ ਨਹੀਂ। ਤਤੁ-ਗਿਆਨ। ਬਾਤੀ-ਵੱਟੀ। ਦੇਹ ਉਜ਼ਾਰਾ-ਸਰੀਰ ਵਿਚ ਚਾਨਣ। ਜਗਦੀਸ ਜੋਤਿ- ਜਗਦੀਸ ਦੇ ਨਾਮ ਦੀ ਜੋਤ। ਬੂਝਨਹਾਰਾ-ਗਿਆਨਵਾਨ। ਅਨਾਹਦ-ਇੱਕ-ਰਸ। ਸੰਗੇ-ਨਾਲ ਹੀ। ਸਾਰਿੰਗਪਾਨੀ-ਜਿਸ ਦੇ ਹੱਥ ਵਿਚ ਧਨੁਖ ਹੈ, ਜੋ ਸਾਰੇ ਜਗਤ ਦਾ ਨਾਸ ਕਰਨ ਵਾਲਾ ਭੀ ਹੈ।

### ਰਾਗੁ ਬਿਭਾਸ ਪ੍ਰਭਾਤੀ ਦੀਪਚੰਦੀ ਤਾਲ ਮਾਤਰਾਂ-14 ਮੱਧ ਲੈਅ

#### ਅਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਗ | ਪ | - | ਧੁ | ਧੁ | ਗ | ਪ | ਧਨ | ਧ | ਪ | ਗ | ਗ | ਰ | ਸ |
| ਲੇ | ਹੁ | S | ਆ | ਰ | ਤੀ | ਹੋ | ਪੁS | ਰ | ਖ | ਨਿ | ਰੰ | ਜ | ਨ |
| ਸਰੁ | ਗ | ਪ | ਧੁ | - | ਪ | ਧੁ | ਸਂ | ਨ | ਧ | ਨ | - | ਧ | - |
| ਸS | ਤਿ | S | ਗੁ | S | ਰ | S | ਪੂ | ਜ | ਹੁ | ਭਾ | S | ਈ | S |
| x | | | 2 | | | | 0 | | | 3 | | | |

#### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਪ | ਧੁ | - | ਸਂਸਂ | ਸਂ | ਧੁ | ਸਂ | ਗਂ | ਰਂ | ਸਂ | ਨ | ਧ | ਨ | ਧ |
| ਠਾ | ਢਾ | S | ਬ੍ਰ | ਹ | ਮਾ | S | ਨਿ | ਗ | ਮ | ਬੀ | ਚਾ | ਰੈ | S |
| ਪ | ਧੁ | ਧੁ | ਗ | ਪ | ਧੁ | - | ਸਂ | ਨ | ਧ | ਪ | ਧਪ | ਗ | ਰਸ |
| ਅ | ਲ | ਖੁ | ਨ | S | S | S | ਲ | ਖਿ | ਆ | ਜਾ | SS | ਈ | SS |
| x | | | 2 | | | | 0 | | | 3 | | | |

ਪ੍ਰਭਾਤੀ ਮਹਲਾ ੫ (ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ)(੧੩੪੮-੪੯)

ਸਿਮਰਤ ਨਾਮੁ ਕਿਲਬਿਖ ਸਭਿ ਕਾਟੇ॥ ਧਰਮ ਰਾਇ ਕੇ ਕਾਗਰ ਫਾਟੇ॥ ਸਾਧਸੰਗਤਿ ਮਿਲਿ ਹਰਿ ਰਸੁ ਪਾਇਆ॥ ਪਾਰਬ੍ਰਹਮੁ ਰਿਦ ਮਾਹਿ ਸਮਾਇਆ॥੧॥ ਰਾਮ ਰਮਤ ਹਰਿ ਹਰਿ ਸੁਖੁ ਪਾਇਆ॥ ਤੇਰੇ ਦਾਸ ਚਰਨ ਸਰਨਾਇਆ॥੧॥ਰਹਾਉ॥ ਚੂਕਾ ਗਉਣੁ ਮਿਟਿਆ ਅੰਧਿਆਰੁ॥ ਗੁਰਿ ਦਿਖਲਾਇਆ ਮੁਕਤਿ ਦੁਆਰੁ॥ ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ॥ ਪ੍ਰਭੂ ਜਨਾਇਆ ਤਬ ਹੀ ਜਾਤਾ॥੨॥ ਘਟਿ ਘਟਿ ਅੰਤਰਿ ਰਵਿਆ ਸੋਇ॥ ਤਿਸੁ ਬਿਨੁ ਬੀਜੋ ਨਾਹੀ ਕੋਇ॥ ਬੈਰ ਬਿਰੋਧ ਛੇਦੇ ਭੈ ਭਰਮਾਂ॥ ਪ੍ਰਭਿ ਪੁੰਨਿ ਆਤਮੈ ਕੀਨੇ ਧਰਮਾ॥੩॥ ਮਹਾ ਤਰੰਗ ਤੇ ਕਾਂਢੈ ਲਾਗਾ॥ ਜਨਮ ਜਨਮ ਕਾ ਟੂਟਾ ਗਾਂਢਾ॥ ਜਪੁ ਤਪੁ ਸੰਜਮੁ ਨਾਮੁ ਸਮ੍ਹਾਲਿਆ॥ ਅਪੁਨੈ ਠਾਕੁਰਿ ਨਦਰਿ ਨਿਹਾਲਿਆ॥੪॥ ਮੰਗਲ ਸੂਖ ਕਲਿਆਣ ਤਿਥਾਈਂ॥

**ਜਹ ਸੇਵਕ ਗੋਪਾਲ ਗੁਸਾਈ ॥ ਪ੍ਰਭ ਸੁਪ੍ਰਸੰਨ ਭਏ ਗੋਪਾਲ॥ ਜਨਮ ਜਨਮ ਕੇ ਮਿਟੇ ਬਿਤਾਲ॥੫॥ ਹੋਮ ਜਗ ਉਰਧ ਤਪ ਪੂਜਾ॥ ਕੋਟਿ ਤੀਰਥ ਇਸਨਾਨੁ ਕਰੀਜਾ॥ ਚਰਨ ਕਮਲ ਨਿਮਖ ਰਿਦੈ ਧਾਰੇ॥ ਗੋਬਿੰਦ ਜਪਤ ਸਭਿ ਕਾਰਜ ਸਾਰੇ॥੬॥ ਊਚੇ ਤੇ ਊਚਾ ਪ੍ਰਭ ਥਾਨੁ॥ ਹਰਿ ਜਨ ਲਾਵਹਿ ਸਹਜਿ ਧਿਆਨੁ॥ ਦਾਸ ਦਾਸਨ ਕੀ ਬਾਂਛਉ ਧੂਰਿ॥ ਸਰਬ ਕਲਾ ਪ੍ਰੀਤਮ ਭਰਪੂਰਿ॥੭॥ ਮਾਤ ਪਿਤਾ ਹਰਿ ਪ੍ਰੀਤਮੁ ਨੇਰਾ॥ ਮੀਤ ਸਾਜਨ ਭਰਵਾਸਾ ਤੇਰਾ॥ ਕਰੁ ਗਹਿ ਲੀਨੇ ਅਪੁਨੇ ਦਾਸ॥ ਜਪਿ ਜੀਵੈ ਨਾਨਕੁ ਗੁਣਤਾਸ॥੮॥੩॥੨॥੭॥੧੨॥**

ਪਦ ਅਰਥ:-ਸਿਮਰਤ-ਸਿਮਰਦਿਆਂ। ਕਿਲਬਿਖ ਸਭਿ-ਸਾਰੇ ਪਾਪ। ਕਾਗਰ-ਕਾਗਜ਼। ਫਾਟੇ-ਪਾਟ ਜਾਂਦੇ ਹਨ। ਮਿਲਿ-ਮਿਲ ਕੇ। ਰਸੁ-ਸੁਆਦ। ਰਿਦ ਮਾਹਿ-ਹਿਰਦੇ ਵਿਚ। ਰਮਤ-ਸਿਮਰਦਿਆਂ। ਤੇਰੇ ਦਾਸ ਚਰਨ-ਤੇਰੇ ਦਾਸਾਂ ਦੇ ਚਰਨਾਂ ਦੀ। ਚੂਕਾ-ਮੁੱਕ ਗਿਆ। ਗਉਣੁ-ਭਟਕਣਾ। ਅੰਧਿਆਰੁ-ਹਨੇਰਾ। ਗੁਰਿ-ਗੁਰੂ ਨੇ। ਮੁਕਤਿ ਦੁਆਰੁ-ਵਿਕਾਰਾਂ ਵਲੋਂ ਖਲਾਸੀ ਦਾ ਬੂਹਾ। ਰਾਤਾ-ਰੰਗਿਆ ਰਹਿੰਦਾ ਹੈ। ਜਨਾਇਆ-ਸਮਝ ਬਖਸ਼ੀ। ਜਾਤਾ-ਸਮਝਿਆ। ਘਟਿ ਘਟਿ-ਹਰੇਕ ਸਰੀਰ ਵਿਚ। ਅੰਤਰਿ-ਅੰਦਰ। ਰਵਿਆ-ਵਿਆਪਕ। ਬੀਜੋ-ਦੂਜਾ। ਛੇਦੇ-ਕੱਟੇ ਜਾਂਦੇ ਹਨ। ਭੈ-ਸਾਰੇ ਡਰ। ਪ੍ਰਭਿ-ਪ੍ਰਭੂ ਨੇ। ਪੁੰਨਿ ਆਤਮੈ-ਪਵਿੱਤਰ ਆਤਮਾ ਵਾਲੇ ਨੇ। ਧਰਮਾ-ਫਰਜ਼। ਤਰੰਗ-ਲਹਰਾਂ। ਤੇ-ਤੋਂ। ਕਾਂਢੇ-ਕੰਢੇ ਤੇ। ਗਾਂਢਾ-ਗੰਢ ਦਿੱਤਾ, ਜੋੜ ਦਿੱਤਾ। ਸਮ੍ਹਾਲਿਆ-ਹਿਰਦੇ ਵਿਚ ਵਸਾ ਲਿਆ। ਠਾਕੁਰਿ-ਠਾਕੁਰ ਨੇ। ਨਦਰਿ ਨਿਹਾਲਿਆ-ਮਿਹਰ ਦੀ ਨਿਗਾਹ ਨਾਲ ਵੇਖਿਆ। ਮੰਗਲ-ਖੁਸ਼ੀਆਂ। ਗੋਪਾਲ ਗੁਸਾਈ-ਸ੍ਰਿਸ਼ਟੀ ਪਾਲਣ ਵਾਲਾ ਪ੍ਰਭੂ। ਬਿਤਾਲ-ਜੀਵਨ-ਸਫਰ ਵਿਚ ਖੁੰਝੇ ਕਦਮ। ਉਰਧ ਤਪ-ਪੁੱਠੇ ਲਟਕ ਕੇ ਕੀਤੇ ਹੋਏ ਤਪ। ਕੋਟਿ-ਕ੍ਰੋੜਾਂ। ਸਾਰੇ-ਸਵਾਰ ਲੈਂਦਾ ਹੈ। ਕਲਾ-ਤਾਕਤ। ਨੇਰਾ-ਨੇੜੇ। ਕਰੁ-ਹੱਥ। ਗਹਿ-ਫੜ ਕੇ। ਗੁਣਤਾਸ-ਗੁਣਾਂ ਦਾ ਖ਼ਜ਼ਾਨਾ।

## ਰਾਗੁ ਬਿਭਾਸ ਪ੍ਰਭਾਤੀ ਰੂਪਕ ਤਾਲ ਮਾਤਰਾਂ-7 ਮੱਧ ਲੈਅ

| ਅਸਥਾਈ | | | | | | | ਅੰਤਰਾ | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਪ | ਧੁ | ਪ | ਗ | ਪ | ਧੁ | - | ਸੰਸੰ | ਪ | ਧੁ | ਸੰ | - | ਧੁ | ਸੰ |
| ਰਾ | S | ਮ | ਰ | ਮ | ਤ | S | ਸਿਮ | ਰ | ਤ | ਨਾ | S | ਮੁ | S |
| ਪਪ | ਧ | ਪ | ਗ | ਗ | ਰਰ | ਸ | ਸੰਸੰ | ਗੰ | ਰੰ | ਸੰ | ਨਧ | ਨ | ਧ |
| ਹਰਿ | ਹ | ਰਿ | ਸੁ | ਖੁ | ਪਾਇ | ਆ | ਕਿਲ | ਬਿ | ਖ | ਸ | ਭਿS | ਕਾ | ਟੇ |
| ਪ | ਧੁ | ਧੁ | ਪ | ਧੁ | ਸੰ | - | ਪ | ਗ | ਪ | ਧੁ | - | ਸੰ | ਸੰ |
| ਤੇ | S | ਰੇ | ਦਾ | S | ਸ | S | ਧ | ਰ | ਮ | ਰਾ | S | ਇ | ਕੇ |
| ਨ | ਧ | ਪ | ਧ | ਪ | ਨਨ | ਧ | ਸੰਨ | ਧ | ਪ | ਧਪ | ਗ | ਰ | ਸ |
| ਚ | ਰ | ਨ | ਸ | ਰ | ਨਾਇ | ਆ | ਕਾS | ਗ | ਰ | ਫਾS | S | ਟੇ | S |
| X | | | 2 | | 3 | | X | | | 2 | | 3 | |

# ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਦੇ ਸਰੂਪਾਂ ਬਾਰੇ

ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਦੀ ਆਰੰਭਤਾ ਸਮੇਂ ਬਾਬਾ ਸੁੱਚਾ ਸਿੰਘ ਜੀ ਮੁਖੀ ਜਵੱਦੀ ਟਕਸਾਲ, ਲੁਧਿਆਣਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁਖ ਰਾਗਾਂ ਦੇ ਸਰੂਪ ਨਿਸ਼ਚਤ ਕਰਨ ਲਈ ਮਹਿਤਾਬੇ-ਏ-ਮੌਸੀਕੀ ਪੰਡਿਤ ਦਲੀਪ ਚੰਦਰ ਜੀ ਬੇਦੀ ਦੀ ਸਰਪ੍ਰਸਤੀ ਹੇਠ ਉੱਘੇ ਸੰਗੀਤਕਾਰਾਂ, ਯੂਨੀਵਰਸਿਟੀ ਤੇ ਕਾਲਜ ਅਧਿਆਪਕਾਂ, ਤੇ ਕੀਰਤਨ ਮਾਹਿਰਾਂ ਦੀ ਇਕ ਰਾਗ ਨਿਰਣਾਇਕ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਵਿਚ ਡਾਕਟਰ ਅਜੀਤ ਸਿੰਘ ਪੇਂਤਲ, ਸ. ਤੇਜਪਾਲ ਸਿੰਘ, ਸ. ਸੁਰਿੰਦਰ ਸਿੰਘ (ਸਿੰਘ ਬੰਧੂ), ਪ੍ਰਿੰ. ਰਜਿੰਦਰ ਸਿੰਘ ਲਖਨਊ, ਪ੍ਰਿ. ਜੇ.ਐਸ. ਭੰਵਰਾ, ਭਾਈ ਬਲਬੀਰ ਸਿੰਘ, ਪ੍ਰਿ. ਬਲਦੇਵ ਸਿੰਘ, ਪ੍ਰਿ. ਚੰਨਣ ਸਿੰਘ ਮਜਬੂਰ, ਪ੍ਰੋ. ਪਰਮਜੋਤ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਪ੍ਰਿਥੀਪਾਲ ਸਿੰਘ ਤੇ ਪ੍ਰੋ. ਕਰਤਾਰ ਸਿੰਘ (ਦਾਸ) ਨੂੰ ਜੋੜਿਆ ਗਿਆ। ਗੁਰੂ ਕਿਰਪਾ ਦੁਆਰਾ ਇਸ ਕਮੇਟੀ ਨੇ ਕਈ ਇਕੱਤਰਤਾਵਾਂ ਕਰਕੇ ਰਾਗਾਂ ਦੇ ਸਰੂਪ ਨਿਸ਼ਚਿਤ ਕਰਨ ਦੇ ਕਾਰਜ ਨੂੰ ਸਿਰੇ ਚਾੜ੍ਹਿਆ। ਰਾਗਾਂ ਦੇ ਨਿਸ਼ਚਿਤ ਕੀਤੇ ਸਰੂਪਾਂ ਨੂੰ ਅਧਾਰ ਮੰਨ ਕੇ ਹੀ ੧੯੯੧ ਦਾ ਪਹਿਲਾ ਅਦੁੱਤੀ ਗੁਰਮਤਿ ਸੰਗੀਤ ਸੰਮਲੇਨ, ਜਵੱਦੀ ਕਲਾ, ਲੁਧਿਆਣਾ ਵਿਖੇ ਬਹੁਤ ਹੀ ਪ੍ਰੇਮ ਤੇ ਸ਼ਰਧਾ ਪੂਰਵਕ ਚੜ੍ਹਦੀਆਂ ਕਲਾ ਨਾਲ ਸੰਪੂਰਨ ਹੋਇਆ। ੧੯੯੨ ਦੇ ਅਗਲੇ ਸਮਾਗਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਤੇ ਅਧਾਰਿਤ ਸ਼ਬਦਾਂ ਦਾ ਗਾਇਨ ਕਰਨ ਦਾ ਫੈਸਲਾ ਹੋਇਆ। ਇਨ੍ਹਾਂ ਰਾਗਾਂ ਦੇ ਸਰੂਪ ਨਿਸ਼ਚਿਤ ਕਰਨ ਲਈ ਸੰਗੀਤ ਵਿਦਵਾਨ ਪ੍ਰਿ. ਸ਼ਮਸ਼ੇਰ ਸਿੰਘ ਕਰੀਰ, ਡਾ. ਗੁਰਨਾਮ ਸਿੰਘ, ਭਾਈ ਅਵਤਾਰ ਸਿੰਘ ਦਿਲੀ, ਡਾ. ਜਗੀਰ ਸਿੰਘ ਚੰਡੀਗੜ੍ਹ ਤੇ ਡਾ. ਦਰਸ਼ਨ ਸਿੰਘ ਨਰੂਲਾ ਨੂੰ ਰਾਗ ਨਿਰਣਾਇਕ ਕਮੇਟੀ ਨਾਲ ਜੋੜਿਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁਖ ਰਾਗਾਂ ਦੇ ਸਰੂਪਾਂ ਨੂੰ ਨਿਸ਼ਚਿਤ ਕਰਨ ਦਾ ਕਾਰਜ ਬਹੁਤ ਕਠਿਨ ਸੀ, ਪਰ ਮਿਸ਼ਰਤ ਰਾਗ ਤੇ ਰਾਗ ਪ੍ਰਕਾਰਾਂ ਦੇ ਸਰੂਪਾਂ ਦਾ ਨਿਰਣੈ ਲੈਣਾ ਅਤਿ ਕਠਿਨ ਸੀ। ਇਸ ਕਾਰਜ ਵਿਚ ਪ੍ਰਿ. ਸ਼ਮਸ਼ੇਰ ਸਿੰਘ ਕਰੀਰ, ਡਾ. ਗੁਰਨਾਮ ਸਿੰਘ ਤੇ ਦਾਸ ਅਸੀਂ ਇੱਕ ਟੀਮ ਦੇ ਰੂਪ ਵਿੱਚ ਉਪਲੱਭਦ ਸਮੱਗਰੀ ਨੂੰ ਘੋਖ ਕੇ ਇਹਨਾਂ ਰਾਗਾਂ ਦੇ ਸਰੂਪਾਂ ਨੂੰ ਨਿਸ਼ਚਿਤ ਕਰਨ ਦੇ ਕਾਰਜ ਨੂੰ ਸੀਮਤ ਸਮੇਂ ਅੰਦਰ ਸਿਰੇ ਚਾੜਿਆ।

ਭਾਰਤੀ ਸੰਗੀਤ ਵਿਚ ਮਿਸ਼ਰਤ ਰਾਗਾਂ ਦੇ ਸਰੂਪਾਂ ਲਈ ਕੁਝ ਐਸੇ ਨਿਯਮ ਅਪਣਾਏ ਜਾਂਦੇ ਹਨ। ਜਿਵੇਂ ਕੁਝ ਰਾਗਾਂ ਵਿਚ ਆਰੋਹ ਵਿੱਚ ਪਹਿਲਾ ਰਾਗ ਤੇ ਅਵਰੋਹ ਵਿਚ ਦੂਜਾ ਰਾਗ ਜੋੜਿਆ ਜਾਂਦਾ ਹੈ। ਕੁਝ ਰਾਗਾਂ ਵਿੱਚ ਪਹਿਲਾ ਰਾਗ ਪੂਰਵਾਂਗ ਵਿੱਚ

ਤੇ ਦੂਜਾ ਰਾਗ ਉਤਰਾਂਗ ਵਿਚ ਲਿਆ ਜਾਂਦਾ ਹੈ। ਕੁਝ ਮਿਸ਼ਰਤ ਰਾਗਾਂ ਦੇ ਸਰੂਪਾਂ ਵਿਚ ਇਕ ਰਾਗ ਦੇ ਗਾਇਨ ਕਰਦਿਆਂ ਦੂਜੇ ਰਾਗ ਨੂੰ ਵੀ ਜੋੜ ਲਿਆ ਜਾਂਦਾ ਹੈ ਜਾਂ ਅਸਥਾਈ ਇਕ ਰਾਗ ਵਿਚ ਤੇ ਅੰਤਰਾ ਦੂਜੇ ਰਾਗ ਵਿੱਚ ਗਾਇਨ ਕੀਤਾ ਜਾਂਦਾ ਹੈ। ਪਰ ਇਥੇ ਮਿਸ਼ਰਤ ਰਾਗਾਂ ਦੇ ਸਰੂਪਾਂ ਵਿਚ ਪਹਿਲੇ ਰਾਗ ਦਾ ਆਰੋਹ ਤੇ ਦੂਜੇ ਰਾਗ ਦਾ ਅਵਰੋਹ ਨੂੰ ਹੀ ਜੋੜਿਆ ਗਿਆ ਹੈ। ਤਿੰਨ ਰਾਗਾਂ ਦੇ ਮਿਸ਼ਰਨ ਵਿੱਚ ਤੀਜੇ ਰਾਗ ਨੂੰ ਵੀ ਨਾਲ ਜੋੜਿਆ ਗਿਆ ਹੈ। ਰਾਗ ਪ੍ਰਕਾਰਾਂ ਦੇ ਸਰੂਪਾਂ ਲਈ ਪੁਰਾਤਨ ਬੰਦਸ਼ਾਂ ਨੂੰ ਅਧਾਰ ਬਣਾਇਆ ਗਿਆ ਹੈ। ਦਖਣੀ ਰਾਗਾਂ ਦੇ ਸਰੂਪਾਂ ਲਈ ਉਹਨਾਂ ਰਾਗਾਂ ਦੇ ਦਖਣੀ ਸਰੂਪਾਂ ਨੂੰ ਅਧਾਰ ਮੰਨਿਆ ਗਿਆ ਹੈ।

**ਮਿਸ਼ਰਤ ਰਾਗ:-**

ਰਾਗੁ ਗਉੜੀ ਦੇ ਮਿਸ਼ਰਤ ਸਰੂਪਾਂ ਵਿੱਚ ਗਉੜੀ ਪੂਰਵੀ ਅੰਗ ਨੂੰ ਹੀ ਲਿਆ ਗਿਆ ਹੈ।

1. ਰਾਗੁ ਗਉੜੀ ਦੀਪਕੀ - ਸ, ਰੁ ਗ ਰੁ, ਮ ਪ, ਨ ਸੰ, ਸੰ ਨ ਧ ਪ, ਧ ਪ ਮ ਗ ਸ, ਰੁ ਗ ਰੁ ਸ ਨ਼ ਸ।
   ਮੁਖ ਅੰਗ - ਧ ਪ ਮ ਗ ਸ, ਰੁ ਗ ਰੁ ਸ ਨ਼ ਸ, ਵਾਦੀ-ਸ਼ੜਜ, ਸੰਵਾਦੀ ਪੰਚਮ, ਸਮਾਂ ਰਾਤ ਦਾ ਪਹਿਲਾ ਪਹਿਰ।
2. ਰਾਗੁ ਗਉੜੀ ਪੂਰਬੀ ਦੀਪਕੀ-ਸ ਰੁ ਗ ਰੁ, ਮ ਪ ਧੁ ਪ, ਮ ਧੁ ਨ ਸੰ, ਸੰ ਨ ਧ ਪ, ਮ ਗ - ਮ ਗ - ਮ ਗ ਸ, ਰੁ ਗ ਰੁ ਸ, ਨ਼ ਸ।
   ਮੁਖ ਅੰਗ - ਮ ਧੁ ਪ, ਨ ਧ ਪ ਮ ਗ - ਮ ਗ - ਮ ਗ ਸ, ਰੁ ਗ ਰੁ ਸ ਨ਼ ਸ। ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ - ਸ਼ਾਮ ਦਾ ਸੰਧੀ ਪ੍ਰਕਾਸ਼।
3. ਰਾਗੁ ਗਉੜੀ ਪੂਰਬੀ - ਸ ਰੁ ਗ ਰੁ, ਮ ਪ ਧੁ ਪ, ਨ ਸੰ, ਸੰ ਨ ਧੁ ਪ, ਮ ਗ - ਮ ਗ, ਮ ਗ ਰੁ ਸ, ਨ਼ ਰੁ ਸ।
   ਮੁਖ ਅੰਗ - ਰੁ ਗ ਰੁ, ਮ ਪ, ਪ ਮ ਗ, ਮ ਗ ਮ ਗ ਰੁ ਸ, ਨ਼ ਰੁ ਸ। ਵਾਦੀ-ਰਿਸ਼ਭ, ਸੰਵਾਦੀ- ਪੰਚਮ, ਸਮਾਂ - ਸ਼ਾਮ ਦਾ ਪਹਿਲਾ ਪਹਿਰ।
4. ਰਾਗੁ ਗਉੜੀ ਮਾਝ - ਸ ਰੁ ਗ ਰੁ, ਮ ਪ ਧੁ ਪ, ਨ ਸੰ, ਸੰ ਨੁ ਧ ਪ, ਧ ਮ ਗ ਮ, ਰ ਪ ਗੁ, ਰ ਗੁ ਸ ਰ ਨ਼ ਸ।
   ਮੁਖ ਅੰਗ - ਰੁ ਗ ਰੁ, ਮ ਪ ਧੁ ਪ, ਨੁ ਧ ਪ ਮ ਗ ਮ, ਰ ਪ ਗੁ ਰ ਸ ਰ ਨ਼ ਸ। ਵਾਦੀ ਪੰਚਮ, ਸੰਵਾਦੀ-ਸ਼ੜਜ, ਸਮਾਂ-ਸ਼ਾਮ।
5. ਗਉੜੀ ਭੀ ਸੋਰਠਿ ਭੀ- ਸ ਰੁ ਗ ਰੁ, ਮ ਪ ਧੁ ਪ, ਨ ਸੰ, ਸੰ ਨੁ ਧ ਪ, ਧ ਮ ਰੇ, ਨ਼ ਸ। ਮੁੱਖ ਅੰਗ - ਰੁ ਗ ਰੁ, ਮ ਪ, ਧ ਮ ਰੇ, ਨ਼ ਸ ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ- ਰਾਤ ਦਾ ਪਹਿਲਾ ਪਹਿਰ।

6. ਰਾਗੁ ਆਸਾ ਕਾਫੀ - ਸ, ਰ ਮ, ਪ ਧ, ਪ ਧ ਸੰ, ਸੰ ਨੁ ਧ ਪ, ਮ ਗੁ, ਰ, ਸ। ਮੁਖ ਅੰਗ - ਮ ਪ, ਧ ਸੰ, ਨੁ ਧ ਪ ਮ ਪ, ਮ ਗੁ ਰ, ਮ ਗੁ ਰ ਸ।
ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ-ਰਾਤ ਦਾ ਪਹਿਲਾ ਪਹਿਰ।

7. ਰਾਗੁ ਆਸਾ ਆਸਾਵਰੀ - ਸ, ਰ ਮ, ਪ ਧ, ਪ ਧ ਸੰ, ਸੰ ਨੁ ਧੁ ਪ, ਮ ਪ ਗੁ ਰ ਸ। ਮੁਖ ਅੰਗ- ਰ ਮ, ਪ ਧ ਸੰ, ਨੁ ਧੁ ਪ ਮ ਪ ਗੁ, ਰ ਸ।
ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ- ਦਿਨ ਦਾ ਦੂਜਾ ਪਹਿਰ।

8. ਰਾਗੁ ਤਿਲੰਗ ਕਾਫੀ - ਸ ਗ, ਮ ਪ, ਨ ਸੰ, ਸੰ ਨੁ ਧ ਪ, ਮ ਪ ਮ ਗੁ, ਰ ਸ। ਮੁਖ ਅੰਗ - ਸ ਗ ਮ ਪ, ਪ ਧ ਮ ਪ ਮ ਗੁ ਰ, ਸ।
ਵਾਦੀ-ਗੰਧਾਰ, ਸੰਵਾਦੀ-ਨਿਸ਼ਾਦ, ਸਮਾਂ-ਰਾਤ ਦਾ ਦੂਜਾ ਪਹਿਰ।

9. ਰਾਗੁ ਸੂਹੀ ਕਾਫੀ - ਸ ਰ ਗ ਮ ਪ, ਨ ਧ ਨ ਸੰ, ਸੰ ਨੁ ਧ ਪ, ਮ ਪ ਮ ਗੁ ਰ, ਸ। ਮੁਖ ਅੰਗ - ਸ ਰ ਗ ਮ ਪ, ਮ ਪ ਮ ਗੁ ਰ, ਸ।
ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ- ਦਿਨ ਦਾ ਦੂਜਾ ਪਹਿਰ।

10. ਰਾਗੁ ਸੂਹੀ ਲਲਿਤ- ਸ ਰ ਗ ਮ ਪ, ਨ ਧ ਨ ਸੰ, ਸੰ ਰੁੰ ਨ ਧੁ ਮ ਧੁ ਮ ਮ ਗ, ਮ ਗ ਰੁ ਸ, ਮੁਖ ਅੰਗ - ਪ ਨ ਧ ਨ ਸੰ, ਰੁੰ ਨ ਧੁ ਮ ਮ ਗ, ਮ ਗ ਰੁ ਸ। ਵਾਦੀ-ਮਧਿਅਮ, ਸੰਵਾਦੀ-ਸ਼ੜਜ, ਸਮਾਂ-ਦਿਨ ਦਾ ਦੂਜਾ ਪਹਿਰ।

11. ਰਾਗੁ ਬਿਲਾਵਲੁ ਗੋਂਡ - ਸ ਰ ਗ ਮ ਪ, ਧ ਨ ਸੰ, ਸੰ ਨ ਧ ਨ ਪ, ਮ ਗ ਰ ਮ ਗ, ਪ ਰ ਸ। ਮੁਖ ਅੰਗ - ਸ ਰ ਗ ਮ ਪ, ਗ ਰ ਮ ਗ, ਪ ਰ ਸ।
ਵਾਦੀ-ਗੰਧਾਰ, ਸੰਵਾਦੀ-ਧੈਵਤ, ਸਮਾਂ-ਦਿਨ ਦਾ ਤੀਜਾ ਪਹਿਰ।

12. ਰਾਗੁ ਮਾਰੂ ਕਾਫੀ - ਸ ਗ ਮ ਪ, ਪ ਧੁ ਮ ਪ, ਧੁ ਨ ਧੁ ਪ, ਧ ਨ ਸੰ, ਸੰ ਨੁ ਧ ਪ, ਧ ਪ ਮ ਗੁ ਰ, ਮ ਗੁ ਰ ਸ। ਮੁਖ ਅੰਗ- ਸ ਗ ਮ ਪ, ਪ ਧੁ ਮ ਪ, ਧੁ ਨ ਧੁ ਪ, ਧ ਪ, ਮ ਪ ਮ ਗੁ ਰ, ਮ ਗੁ ਰ ਸ। ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ - ਰਾਤ ਦਾ ਪਹਿਲਾ ਪਹਿਰ।

13. ਰਾਗੁ ਬਸੰਤੁ ਹਿੰਡੋਲ - ਸ ਗ ਮ, ਮ ਪ ਮ, ਗ ਮ ਧ ਨ ਸੰ, ਸੰ ਨ ਧ, ਮ ਗ ਸ। ਮੁਖ ਅੰਗ- ਸ ਗ ਮ, ਮ ਪ ਮ, ਸੰ ਨ ਧ ਮ ਗ, ਮ ਗ ਸ।
ਵਾਦੀ-ਮ, ਸੰਵਾਦੀ-ਸ, ਸਮਾਂ- ਸਵੇਰ ਤੇ ਬਸੰਤ ਰੁਤ ਵਿਚ ਹਰ ਸਮੇਂ।

14. ਰਾਗੁ ਕਲਿਆਨੁ ਭੋਪਾਲੀ- ਸ, ਨ਼ ਰ ਗ, ਮ ਪ, ਮ ਧ ਨ ਸੰ, ਸੰ ਧ ਪ, ਗ ਰ ਸ। ਮੁਖ ਅੰਗ - ਗ ਮ ਪ, ਮ ਧ ਨ ਸੰ, ਧ ਪ ਗ ਰ, ਗ ਰ ਸ।
ਵਾਦੀ-ਗੰਧਾਰ, ਸੰਵਾਦੀ-ਨਿਸ਼ਾਦ, ਸਮਾਂ- ਰਾਤ ਦਾ ਪਹਿਲਾ ਪਹਿਰ।

15. ਰਾਗੁ ਪਰਭਾਤੀ ਬਿਭਾਸ - ਸ ਰ ਗ, ਪ ਧ - ਨ ਧ ਸੰ, ਸੰ ਧੁ ਪ ਗ ਰੁ ਸ। ਮੁਖ ਅੰਗ- ਗ ਪ ਨ ਧ - ਪ, ਧੁ ਪ ਗ ਰੁ ਸ।

ਵਾਦੀ-ਪੰਚਮ, ਸੰਵਾਦੀ-ਸੰ, ਸਮਾਂ-ਸਵੇਰ ਦਾ।

16. ਰਾਗੁ ਬਿਭਾਸ ਪ੍ਰਭਾਤੀ- ਸ ਰੁ ਗ, ਪ ਧੁ, ਸੰ, ਸੰ ਨ ਧ ਨ - ਪ, ਗ ਰ, ਸ। ਮੁਖ ਅੰਗ - ਗ ਪ ਧੁ, ਸੰ, ਸੰ ਨ ਧ ਨ - ਪ, ਗ ਰ, ਸ। ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ-ਸਵੇਰ ਦਾ।

**ਰਾਗ ਪ੍ਰਕਾਰ:-**

ਰਾਗੁ ਗਉੜੀ ਮੁਖ ਰਾਗ ਦੇ ਅੰਤਰਗਤ ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗੌੜੀ ਮਾਲਵਾ, ਗਉੜੀ ਮਾਲਾ ਤੇ ਰਾਗੁ ਬਿਲਾਵਲੁ ਮੁਖ ਰਾਗ ਦੇ ਅੰਤਰਗਤ ਬਿਲਾਵਲੁ ਮੰਗਲ ਵਿਚ ਬਾਣੀ ਦੀ ਰਚਨਾ ਹੈ। ਗਉੜੀ ਦੇ ਸਰੂਪਾਂ ਵਿੱਚ ਰਾਗ ਗਉੜੀ ਤੇ ਰਾਗੁ ਬਿਲਾਵਲੁ ਮੰਗਲ ਵਿਚ ਰਾਗੁ ਬਿਲਾਵਲੁ ਦਾ ਅੰਗ ਨਜ਼ਰ ਆਉਂਦਾ ਹੈ।

1. ਰਾਗੁ ਗਉੜੀ ਗੁਆਰੇਰੀ- ਸ ਗ, ਮੰ ਧ, ਨ ਸੰ, ਸੰ ਨ ਧ, ਮੰ ਗ ਰੁ ਸ, ਰੁ ਗ ਰੁ ਸ ਨ਼। ਮੁਖ ਅੰਗ-ਸੰ ਨ ਧ, ਮੰ ਧ ਮੰ ਗ ਰੁ ਸ, ਰੁ ਗ ਰੁ ਸ ਨ਼। ਵਾਦੀ-ਗੰਧਾਰ, ਸੰਵਾਦੀ-ਧੈਵਤ, ਸਮਾਂ-ਦਿਨ ਦਾ ਚੌਥਾ ਪਹਿਰ।
2. ਰਾਗੁ ਗਉੜੀ ਚੇਤੀ- ਸ ਰੁ ਮੰ ਪ, ਮੰ ਧੁ ਨ ਸੰ, ਸੰ ਨ ਧੁ ਪ, ਧੁ ਮ, ਪ ਮੰ ਧੁ ਮੰ ਗ, ਰੁ ਗ ਰੁ ਸ। ਮੁਖ ਅੰਗ- ਨ ਧੁ ਪ ਧੁ ਮ, ਪ ਮੰ ਧੁ ਮੰ ਗ, ਰੁ ਗ ਰੁ ਸ। ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ-ਦਿਨ ਦਾ ਚੌਥਾ ਪਹਿਰ।
3. ਰਾਗੁ ਗਉੜੀ ਬੈਰਾਗਣਿ- ਸ ਰੁ, ਮ ਧੁ, ਨ ਸੰ, ਨ ਸੰ ਨ, ਸੰ ਨੁ ਧੁ, ਮ ਰੁ ਸ, ਨ਼ ਸ ਰੁ ਸ। ਮੁਖ ਅੰਗ- ਸੰ ਰੁੰ ਨ ਸੰ, ਨ ਧੁ ਨ, ਸੰ ਨੁ ਧੁ, ਮ ਧੁ ਮ ਰੁ, ਰੁ ਸ ਨ਼ ਸ। ਵਾਦੀ-ਧੁ, ਸੰਵਾਦੀ-ਰੁ, ਸਮਾਂ-ਸਵੇਰ ਦਾ ਪਹਿਲਾ ਪਹਿਰ।
4. ਰਾਗ ਗੌੜੀ ਮਾਲਵਾ- ਸ, ਰੁ ਗ ਰੁ ਸ, ਰੁ ਗ ਮੰ ਪ, ਧੁ ਸੰ, ਸੰ ਨ ਪ, ਮੰ ਗ, ਰੁ ਗ ਰੁ ਸ। ਮੁਖ ਅੰਗ- ਰੁ ਗ ਰੁ ਸ, ਨ ਪ ਮੰ ਗ ਰੁ ਸ। ਵਾਦੀ-ਰਿਸ਼ਭ, ਸੰਵਾਦੀ-ਪੰਚਮ, ਸਮਾਂ-ਦਿਨ ਦਾ ਚੌਥਾ ਪਹਿਰ।
5. ਰਾਗੁ ਗਉੜੀ ਮਾਲਾ- ਸ ਰੁ, ਗੁ ਮ ਧੁ, ਨ ਸੰ, ਸੰ ਨ ਧੁ ਨ, ਧੁ ਪ ਮ ਗੁ ਰੁ, ਸ। ਮੁਖ ਅੰਗ- ਰੁ, ਗੁ ਰੁ ਸ, ਨ਼ ਧ਼ੁ ਨ਼, ਨ਼ ਸ, ਧੁ ਪ ਮ ਗੁ ਰੁ, ਸ। ਵਾਦੀ-ਰਿਸ਼ਭ, ਸੰਵਾਦੀ-ਧੈਵਤ, ਸਮਾਂ-ਰਾਤ ਦਾ ਪਹਿਲਾ ਪਹਿਰ।
6. ਰਾਗੁ ਬਿਲਾਵਲੁ ਮੰਗਲ - ਸ, ਰ ਗ, ਮ ਪ, ਧ ਸੰ, ਸੰ ਧ ਪ, ਮ ਗ, ਰ ਸ। ਮੁਖ ਅੰਗ - ਰ ਗ ਮ ਗ, ਧ ਸੰ ਧ ਪ ਮ ਗ, ਰ, ਸ ਧ਼ ਸ। ਵਾਦੀ-ਧ, ਸੰਵਾਦੀ-ਗ, ਸਮਾਂ-ਦਿਨ ਦਾ ਦੂਜਾ ਪਹਿਰ।

**ਦਖਣੀ ਰਾਗ**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੰਨਾ ੧੯ ਮੁੱਖ ਰਾਗਾਂ ਵਿਚ ਬਾਣੀ ਉਚਾਰਨ ਕੀਤੀ, ਉਹਨਾਂ ਵਿਚ 6 ਦਖਣੀ ਰਾਗਾਂ ਵਿਚ ਵੀ ਬਾਣੀ ਦੀ ਰਚਨਾ ਕੀਤੀ ਹੈ। ਇਹਨਾਂ ਰਾਗਾਂ

ਦੇ ਸਰੂਪ ਇੰਨ੍ਹਾਂ ਦੇ ਦਖਣੀ ਸਰੂਪਾਂ ਨੂੰ ਅਧਾਰ ਮੰਨ ਕੇ ਨਿਸ਼ਚਿਤ ਕੀਤੇ ਗਏ ਹਨ।

1. ਰਾਗੁ ਗਉੜੀ ਦਖਣੀ - ਸ ਰੁ ਮ ਪ, ਨ ਸੰ, ਸੰ ਨ ਧੁ ਪ ਮ ਗ ਰੁ ਸ। ਮੁਖ ਅੰਗ- ਸ ਰੁ ਮ ਪ, ਧੁ ਮ ਪ, ਮ ਗ ਰੁ ਸ, ਨ੍ਹ ਰੁ ਸ ਮੇਲ-ਮਾਯਾਮਾਲਵ ਗੌੜ, ਰਾਗ-ਗੌਰੀ, ਵਾਦੀ-ਰਿਸ਼ਭ, ਸੰਵਾਦੀ-ਪੰਚਮ, ਸਮਾਂ-ਸਵੇਰ ਦਾ ਪਹਿਲਾ ਪਹਿਰ।

2. ਰਾਗੁ ਵਡਹੰਸੁ ਦਖਣੀ-ਸ, ਰ ਮ ਪ, ਧ ਸੰ, ਸੰ ਨੁ ਧ ਪ, ਮ ਰ ਮ ਗ ਸ। ਮੁਖ ਅੰਗ- ਸ ਰ ਮ ਪ, ਮ ਰ ਮ ਗ, ਸ ਨ੍ਹ ਧ਼ ਸ। ਮੇਲ- ਹਰੀਕਾਂਭੋਜੀ, ਰਾਗ-ਬਾਲਹੰਸ, ਵਾਦੀ-ਪੰਚਮ, ਸੰਵਾਦੀ-ਸ਼ੜਜ, ਸਮਾਂ-ਦਿਨ ਦਾ ਤੀਜਾ ਪਹਿਰ।

3. ਰਾਗੁ ਬਿਲਾਵਲੁ ਦਖਣੀ - ਸ ਰ ਮ ਪ ਧ ਸੰ - ਸੰ ਨ ਧ ਪ, ਮ ਗੁ ਰ ਸ। ਮੁਖ ਅੰਗ-ਸ ਰ, ਮ ਪ, ਧ ਪ ਮ ਗੁ ਰ ਸ। ਮੇਲ-ਗੌਰੀ ਮਨੋਹਰੀ, ਰਾਗ-ਵੇਲਾਵਲੀ, ਵਾਦੀ-ਰਿਸ਼ਭ, ਸੰਵਾਦੀ-ਪੰਚਮ, ਸਮਾਂ-ਦਿਨ ਦਾ ਤੀਜਾ ਪਹਿਰ।

4. ਰਾਗੁ ਰਾਮਕਲੀ ਦਖਣੀ- ਸ ਰੁ ਗ ਮੰ ਪ ਧੁ ਨ ਸੰ - ਸੰ ਨ ਧੁ ਪ ਮੰ ਗ ਰੁ ਸ। ਮੁਖ ਅੰਗ-ਸ ਰੁ, ਗ ਮੰ ਪ ਧੁ ਧੁ ਪ, ਮੰ ਗ ਰੁ ਰੁ ਸ। ਮੇਲ- ਕਾਮਵਰਧਨੀ, ਰਾਗ-ਰਾਮ ਕ੍ਰਿਆ, ਵਾਦੀ-ਧੈਵਤ, ਸੰਵਾਦੀ-ਰਿਸ਼ਭ, ਸਮਾਂ-ਸਵੇਰ ਦਾ।

5. ਰਾਗੁ ਮਾਰੂ ਦਖਣੀ - ਸ ਗ, ਮ ਪ, ਧੁ ਨ ਧੁ ਪ ਸੰ, ਸੰ ਨ ਧੁ ਪ, ਮ ਧੁ ਮ ਪ ਮ ਗ ਰੁ ਸ। ਮੁਖ ਅੰਗ- ਨ ਧੁ ਪ ਮ ਧੁ ਮ ਪ, ਮ ਗ ਰੁ ਸ। ਮੇਲ-ਮਾਯਾਮਾਲਵਗੌੜ, ਰਾਗ-ਮਾਰੂਵ, ਵਾਦੀ-ਧੈਵਤ, ਸੰਵਾਦੀ-ਰਿਸ਼ਭ, ਸਮਾਂ-ਦਿਨ ਦਾ ਪਹਿਲਾ ਪਹਿਰ।

6. ਰਾਗੁ ਪ੍ਰਭਾਤੀ ਦਖਣੀ-ਸ ਮ ਰ, ਗੁ ਮ ਪ ਸੰ, ਸੰ ਨੁ ਧੁ ਪ, ਮ ਪ ਗੁ ਰ ਸ। ਮੁਖ ਅੰਗ- ਸ ਮ ਰ ਗੁ, ਮ ਪ, ਧੁ ਮ ਪ ਗੁ, ਰ ਸ। ਮੇਲ-ਝੰਕਾਰਧਵਨੀ, ਰਾਗ-ਪ੍ਰਭਾਤਰੰਗਣੀ, ਵਾਦੀ-ਧੈਵਤ, ਸੰਵਾਦੀ-ਗੰਧਾਰ, ਸਮਾਂ-ਸਵੇਰ ਦਾ।

**ਸੁੰਤਤਰ ਰਾਗ:-**

1. ਰਾਗੁ ਆਸਾਵਰੀ ਸੁਧੰਗ- ਇਸ ਰਾਗ ਵਿਚ ਬਾਣੀ ਦੀ ਰਚਨਾ ਰਾਗ ਆਸਾ ਮੁਖ ਰਾਗ ਦੇ ਅੰਤਰਗਤ ਹੈ, ਪਰ ਇਸ ਰਾਗ ਦਾ ਇਕ ਸੁਤੰਤਰ ਰੂਪ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਨੂੰ ਕੋਮਲ ਰਿਸ਼ਭ ਆਸਾਵਰੀ ਦਾ ਨਾਮ ਦਿੱਤਾ ਗਿਆ ਹੈ। ਸ ਰੁ ਮ ਪ, ਧੁ, ਸੰ, ਸੰ ਨੁ ਧੁ, ਪ, ਮ ਪ, ਮ ਗੁ ਰੁ, ਸ। ਮੁਖ ਅੰਗ-ਮ ਪ ਧੁ ਮ ਪ, ਮ ਗੁ ਰੁ, ਸ। ਵਾਦੀ-ਧੁ, ਸੰਵਾਦੀ-ਗੁ, ਸਮਾਂ-ਦਿਨ ਦਾ ਦੂਜਾ ਪਹਿਰ।


2. ਰਾਗੁ ਆਸਾਵਰੀ-ਰਾਗੁ ਆਸਾਵਰੀ ਵਿਚ ਬਾਣੀ ਦੀ ਰਚਨਾ ਰਾਗੁ ਆਸਾ ਮੁਖ ਰਾਗ ਦੇ ਅੰਤਰਗਤ ਹੈ। ਵੈਸੇ ਇਹ ਇਕ ਸੁਤੰਤਰ ਰਾਗ ਹੈ ਤੇ ਭਾਰਤੀ ਸੰਗੀਤ ਵਿਚ ਆਸਾਵਰੀ ਥਾਟ ਦਾ ਆਸ਼੍ਰਯ ਰਾਗ ਹੈ। ਸ ਰ ਮ ਪ ਧੁ, ਸੰ, ਸੰ ਨੁ ਧੁ ਪ, ਮ ਪ ਗੁ ਰ ਸ। ਮੁੱਖ ਅੰਗ - ਮ ਪ ਧੁ, ਮ ਪ, ਗੁ ਰ ਸ, ਵਾਦੀ-ਧੁ, ਸੰਵਾਦੀ-ਗੁ, ਸਮਾਂ-ਦਿਨ ਦਾ ਦੂਜਾ ਪਹਿਰ।

3. ਰਾਗੁ ਦੇਵ ਗੰਧਾਰ - ਰਾਗੁ ਦੇਵਗੰਧਾਰੀ ਮੁਖ ਰਾਗ ਦੇ ਅੰਤਰਗਤ ਰਾਗੁ ਦੇਵਗੰਧਾਰ ਵਿਚ 'ਅਪੁਨੇ ਹਰਿ ਪਹਿ ਬਿਨਤੀ ਕਹੀਐ' ਇਕ ਸ਼ਬਦ ਦੀ ਰਚਨਾ ਹੈ। ਰਾਗੁ ਦੇਵਗੰਧਾਰੀ ਤੇ ਰਾਗ ਦੇਵਗੰਧਾਰ ਵਿੱਚ ਆਸਾਵਰੀ ਅੰਗ ਨਜ਼ਰ ਆਉਂਦਾ ਹੈ। ਵੈਸੇ ਭਾਰਤੀ ਸੰਗੀਤ ਵਿਚ ਆਸਾਵਰੀ ਥਾਟ ਦਾ ਇਹ ਇੱਕ ਸੁਤੰਤਰ ਰਾਗ ਹੀ ਮੰਨਿਆ ਜਾਂਦਾ ਹੈ। ਸ ਰ ਮ ਪ ਧੁ, ਮ ਪ, ਧੁ ਨੁ ਸੰ, ਸੰ ਨੁ ਧੁ ਪ, ਮ ਗੁ ਰ ਸ, ਰ ਨ਼ੁ ਸ ਰ ਗ ਮ - ਪ ਮ ਗੁ ਰ ਸ, ਮੁਖ ਅੰਗ- ਮ ਪ ਧੁ ਮ ਪ, ਗੁ ਰ ਸ, ਰ ਨ਼ੁ ਸ ਰ ਗ ਮ - ਪ ਮ ਗੁ ਰ ਸ। ਵਾਦੀ-ਧੁ, ਸੰਵਾਦੀ-ਗੁ, ਸਮਾਂ ਦਿਨ ਦਾ ਦੂਜਾ ਪਹਿਰ।

4. ਰਾਗੁ ਨਟ- ਰਾਗੁ ਨਟ ਨਾਰਾਇਨ ਮੁਖ ਰਾਗ ਦੇ ਅੰਤਰਗਤ ਰਾਗ ਨਟ ਵਿਚ ਬਾਣੀ ਦੀ ਰਚਨਾ ਹੈ। ਭਾਰਤੀ ਸੰਗੀਤ ਵਿਚ ਰਾਗ ਨਟ ਇਕ ਸੁਤੰਤਰ ਰਾਗ ਮੰਨਿਆ ਜਾਂਦਾ ਹੈ। ਸ ਗਮ, ਪ ਗ ਮ, ਰ ਗ ਮ ਪ, ਧ ਨ ਸੰ, ਸੰ ਧ, ਨ ਪ, ਮ ਗ, ਰ ਗ, ਮ ਪ, ਸ ਰ ਸ। ਮੁਖ ਅੰਗ - ਸ ਗ ਮ, ਮ ਪ ਮ, ਗ ਮ, ਰ ਗ ਮ ਪ, ਮ ਗ ਮ, ਸ ਰ ਸ। ਵਾਦੀ- ਮ, ਸੰਵਾਦੀ- ਸ, ਸਮਾਂ-ਰਾਤ ਦਾ ਦੂਜਾ ਪਹਿਰ।

## ਹਾਰਮੋਨੀਅਮ ਤੇ ਪੁਰਸ਼ਾਂ ਲਈ ਸ਼ੁੱਧ ਕੋਮਲ ਤੇ ਤੀਵਰ ਸਵਰ ਚਿੱਤਰ ਨੰ: 1

(ਚਿੱਟੇ ਸਵਰ 23 ਤੇ ਕਾਲੇ ਸਵਰ 16)




## ਇਸਤਰੀਆਂ ਤੇ ਬੱਚਿਆਂ ਲਈ ਸ਼ੁੱਧ ਕੋਮਲ ਤੇ ਤੀਵਰ ਸਵਰ ਚਿੱਤਰ ਨੰ: 2

(ਚਿੱਟੇ ਸਵਰ 23 ਤੇ ਕਾਲੇ ਸਵਰ 16)

